# ਆਗੈ ਗਮਨੁ ਸੁਹੇਲਾ



# ਆਗੈ ਬਸਨੁ ਸੁਹੇਲਾ


- : ਕਰਤਾ :-

**ਸੰਤ ਬਾਬਾ ਵਰਿਆਮ ਸਿੰਘ ਜੀ**

ਰਤਵਾੜਾ ਸਾਹਿਬ


ਇਸ ਕਿਤਾਬ ਨੂੰ ਸਿਰਫ ਪੀ.ਡੀ.ਐਫ. ਫਾਰਮੇਟ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ।

**ਹੇਠ ਲਿਖੀ ਵੈਬਸਾਇਟ ਤੇ ਡਾਊਨਲੋਡ ਕੀਤਾ ਜਾ ਸਕਦਾ ਹੈ।**

**www.ratwarasahib.com**

ਜੇ ਪਰਿੰਟ ਚਾਹੀਦਾ ਹੈ ਤਾਂ ਹੇਠ ਦਿਤੇ ਨੰਬਰਾਂ ਤੇ ਸੰਪਰਕ ਕੀਤਾ ਸਕਦਾ ਹੈ


ਸਭ ਹੱਕ ਪ੍ਰਕਾਸ਼ਕ ਦੇ ਰਾਖਵੇਂ ਹਨ।



**- ਪ੍ਰਕਾਸ਼ਕ -**

**ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ**

**ਗੁਰਦੁਆਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ** (ਨੇੜੇ ਚੰਡੀਗੜ੍ਹ)

ਸੰਪਰਕ ਨੰ: ਦਫਤਰ-94172-14391, 79

# ਦੋ ਸ਼ਬਦ

ਇਸ ਪੁਸਤਕ ਅੰਦਰ ਮਹਾਂਪੁਰਖ ਰਤਵਾੜਾ ਸਾਹਿਬ ਵਾਲਿਆਂ ਦੇ 8 ਦੀਵਾਨ ਪ੍ਰਿੰਟ ਕੀਤੇ ਜਾ ਰਹੇ ਹਨ। ਜੋ ਵੀ ਇਨ੍ਹਾਂ ਨੂੰ ਇਕਾਂਤ ਅਸਥਾਨ ਤੇ ਬੈਠ ਕੇ ਪੜ੍ਹੇਗਾ ਵੀਚਾਰੇਗਾ ਆਪਣੇ ਜੀਵਨ ਦੇ ਅਸਲੀ ਨਿਸ਼ਾਨੇ ਵੱਲ ਨੂੰ ਤੁਰਨ ਲਈ ਆਤੁਰ ਹੋ ਜਾਵੇਗਾ। ਮਹਾਂਪੁਰਖਾਂ ਦਾ ਇੱਕ-ਇੱਕ ਲੇਖ ਮਾਨਸ ਜਨਮ ਦੇ ਉਧਾਰ ਵਾਸਤੇ ਹੈ। ਆਪ ਜੀ ਨੇ ਗੁਰਮਤਿ ਦੇ ਰੂਹਾਨੀ ਭੇਦ ਇਨ੍ਹਾਂ ਦੀਵਾਨਾਂ ਅੰਦਰ ਖੋਲ੍ਹੇ ਹਨ। ਸੇਵਾ ਸਿਮਰਨ ਆਪਾਂ ਸਾਰੇ ਕਰਦੇ ਹਾਂ। ਪਰ ਜਦੋਂ ਆਪਣੇ ਗੁਰੂਆਂ ਪੀਰਾਂ ਮੁਰਸ਼ਦਾਂ ਦੇ ਹੋ ਚੁੱਕੇ ਸਮੇਂ ਅਤੀਤ ਵੱਲ ਨਿਗਹਾ ਮਾਰਦੇ ਹਾਂ ਫੇਰ ਪਤਾ ਲਗਦਾ ਹੈ ਕਿ ਸਾਡੀ ਸੇਵਾ ਵਿਚ, ਸਾਡੇ ਸਿਮਰਨ ਵਿੱਚ ਕਿਹੜਿਆਂ ਕਮੀਆਂ ਹਨ ਜਿਨ੍ਹਾਂ ਕਰਕੇ ਅਸੀਂ ਰੂਹਾਨੀ ਤਰੱਕੀ ਨਹੀਂ ਕਰ ਸਕਦੇ। ਮਹਾਂਪੁਰਖਾਂ ਦੇ ਇਨ੍ਹਾਂ ਲੇਖਾ ਨੂੰ ਵੀਚਾਰਨ ਨਾਲ ਸਾਡੇ ਅੰਦਰ ਗੁਰੂ ਪ੍ਰਤੀ ਪਿਆਰ, ਵਿਵੇਕ, ਭਗਤੀ, ਨਿਸ਼ਕਾਮ ਸੇਵਾ, ਨਿਰਮਲ ਕਰਮ, ਮਨ ਨੂੰ ਕਿਵੇਂ ਸ਼ੁੱਧ ਕਰਕੇ ਵਾਹਿਗੁਰੂ ਜੀ ਦੇ ਦਰ ਤੇ ਪਹੁੰਚਿਆ ਜਾ ਸਕਦਾ ਹੈ ਆਦਿ ਗੁਣ ਸਾਡੇ ਅੰਦਰ ਕਿਵੇਂ ਪੈਦਾ ਹੋਣਗੇ ਮਹਾਂਪੁਰਖਾਂ ਨੇ ਭਰਭੂਰ ਵਿਆਖਿਆ ਕੀਤੀ ਹੈ। ਆਸ ਹੈ ਆਪ ਜੀ ਤਾਂ ਪੜ੍ਹੋਗੇ ਹੀ ਅਤੇ ਹੋਰਨਾਂ ਆਪਣੇ ਮਿਤਰਾਂ ਸਕੇ ਸਨਬੰਧੀਆਂ ਨੂੰ ਪੜ੍ਹਾ ਕੇ ਗੁਰਮਤਿ ਦੇ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਝੇ ਸਿਧਾਂਤਾਂ ਦੀ ਜਾਣਕਾਰੀ ਅਗੇ ਪਹੁੰਚਾਵੋਗੇ।

ਇਸ ਕਿਤਾਬ ਵਿੱਚ ਪਹਿਲੇ ਦੀਵਾਨ ਵਿੱਚ ਮਹਾਂਪੁਰਖਾਂ ਵੱਲੋਂ ਧਰਮ ਦੀ ਕਮਾਈ ਕਿਵੇਂ ਕੀਤੀ ਜਾ ਸਕਦੀ ਹੈ? ਸੇਵਾ ਕਰਨ ਦਾ ਫਲ? ਭਾਵਨਾਂ ਕਿਹੜਾ ਕੰਮ ਕਰਦੀ ਹੈ? ਗੁਰੂ ਤੇ ਕਿਹੋ ਜਿਹੀ ਭਾਵਨਾਂ ਚਾਹੀਦੀ ਹੈ? ਕਬੀਰ ਸਾਹਿਬ ਨਾਲ ਰੱਬ ਦੀ ਕਿਉਂ ਲੜਾਈ ਹੋਈ? ਭਰੋਸਾ ਵੱਡਾ ਹੈ ਕਿ ਪੀਰ? ਧੰਨੇ ਨੇ ਕਿਵੇਂ ਪ੍ਰਮੇਸ਼ਰ ਨੂੰ ਮਨਾਇਆ? ਚੌਧਰੀ ਮਲੂਕਾ ਅਤੇ ਗੁਰੂ ਅੰਗਦ ਸਾਹਿਬ? ਮਾਣਾ ਸਿੰਘ ਸੀਗਾ ਗੁਰੂ ਦਾ ਗੋਤੀ, ਗੁਰੂ ਦੀ ਸਪੁੱਤਰੀ ਬੀਬੀ ਭਾਨੀ ਦੀ ਅਣਥਕ ਘਾਲਣਾ ਕਮਾਈ ਦੇਖਕੇ ਧੰਨ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਦੀ ਪ੍ਰਸੰਨਤਾ ਦੀ ਹੱਦ ਨਾ ਰਹੀ ਬਰਾਂ ਦੀ ਝੜੀ ਲਾ ਦਿਤੀ।

ਦੂਸਰੇ ਦੀਵਾਨ ਵਿੱਚ ਮਹਾਂਪੁਰਖਾਂ ਨੇ ਦੱਸਿਆ ਕਿ ਕਿਸ ਥਾਂ ਜਾ ਕੇ

ਸਾਰੀਆਂ ਭੁੱਖਾਂ ਦੂਰ ਹੋ ਜਾਂਦੀਆਂ ਹਨ, ਮਨ ਦੀ ਨਮਾਜ਼, ਮਨ ਦੇ ਰਸ, ਨਾਮ ਦਾ ਧੰਨ, ਬਾਬਾ ਰਾਮ ਸਿੰਘ ਜੀ, ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ, ਵਾਹਿਗੁਰੂ ਸ਼ਬਦ ਮਨ ਕਿਵੇਂ ਵਸਦਾ ਹੈ?

ਤੀਸਰੇ ਦੀਵਾਨ ਵਿੱਚ ਮਹਾਂਪੁਰਖ - ਗੁਰਮੰਤਰ ਤੋਂ ਬਿਨਾਂ ਮਨੁੱਖ ਦੀ ਹਾਲਤ ਕਿਹੋ ਜਿਹੀ ਹੈ? ਬ੍ਰਹਮ ਗਿਆਨੀ ਕੌਣ ਹੈ? ਸੰਤਾਂ, ਸਾਧੂਆਂ ਗੁਰੂਆਂ ਨਾਲ ਈਰਖਾ ਦਵੈਸ਼ ਪਾਲਣ ਵਾਲੇ ਦਾ ਕੀ ਹਾਲ ਹੁੰਦਾ ਹੈ? ਸਾਧੂ ਸੰਤ ਨਿਰਵੈਰ ਹੋ ਕੇ ਕਿਵੇ ਭਲਾ ਕਰਦੇ ਹਨ। ਬਾਬਾ ਕਰਮ ਸਿੰਘ ਹੋਤੀ ਮਰਦਾਨ।

ਚੌਥੇ ਦੀਵਾਨ ਵਿੱਚ ਭਾਈ ਆਕਲ ਜੀ, ਗੁਰੂ ਗੋਬਿੰਦ ਸਿੰਘ ਜੀ ਭਾਈ ਡੱਲਾ, ਭਾਵੀ ਦਾ ਵਰਤਾਰਾ।

ਪੰਜਵੇਂ ਦੀਵਾਨ ਵਿੱਚ ਅਮ੍ਰਿੰਤ ਸ਼ਕ ਕੇ ਕੀ ਕਰਨਾ ਹੁੰਦਾ ਹੈ, ਬ੍ਰਹਮਗਿਆਨੀ ਨੂੰ ਦੇਵਤੇ ਕਿਉਂ ਖੋਜਦੇ ਫਿਰਦੇ ਹਨ, ਵਾਹਿਗੁਰੂ ਜੀ ਦਾ ਅਸਲੀ ਸਰੂਪ ਕਿਹੜਾ ਹੈ, ਕਿਹੜਾ ਨਾਮ ਹੈ ਜੋ ਦਰਗਾਹ ਵਿੱਚ ਵੀ ਚਲਦਾ ਰਹਿੰਦਾ ਹੈ, ਸੱਚੀ ਨਵਾਜ ਕਿਵੇਂ ਪੜ੍ਹੀ ਜਾਂਦੀ ਹੈ, ਪੁਰਾਣੇ ਸਿੰਘਾਂ ਦਾ ਉਚਾ ਸੁੱਚਾ ਜੀਵਨ, ਭਾਈ ਘਨਈਆ ਜੀ, ਭਗਤ ਨਾਮਦੇਵ ਜੀ,

ਛੇਵੇਂ ਦੀਵਾਨ ਵਿੱਚ ਕ੍ਰਿਸ਼ਨ ਮਹਾਰਾਜ, ਨਾਮ ਦੀ ਕਰੰਟ, ਅਸਲੀ ਜੀਵਨ ਕੀ ਹੈ, ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ, ਕਰਮਾਂ ਦੀ ਗਤੀ

ਸੱਤਵੇਂ ਦੀਵਾਨ ਵਿੱਚ ਮਨ ਨੂੰ ਰੋਕਣ ਦਾ ਸਾਧਨ, ਅਨਹਦ ਸ਼ਬਦ ਕਿਵੇਂ ਸੁਣ ਸਕਦਾ ਹੈ, ਸ਼ਬਦ ਦੀ ਕਮਾਈ ਕੀ ਹੈ, ਬਾਬਾ ਫਰੀਦ ਜੀ ਦਾ ਤਪ, ਪ੍ਰਾਣਾਯਾਮ, ਤ੍ਰਿਕੁਟੀ,

ਅੱਠਵੇਂ ਦੀਵਾਨ ਵਿੱਚ ਝੰਡਾ ਬਾਢੀ ਇੰਦਰਸੈਨ ਦਾ ਪਰਸਪਰ ਮਿਲਾਪ ਸ੍ਰੀ ਨਾਨਕ ਦੇਵ ਜੀ ਨਾਲ, ਦਰਸ਼ਨਾ ਦੀ ਪਿਆਸ, ਅਨਹਤ ਸੁੰਨ, ਸੁਆਸ ਨਾਲ ਨਾਮ ਕਿਵੇਂ ਜਪਿਆ ਜਾਂਦਾ ਹੈ, ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲੇ।

ਆਸ ਕਰਦੇ ਹਾਂ, ਮਹਾਂਪੁਰਖਾਂ ਦੀ ਇਹ ਕਿਤਾਬ ਆਤਮ ਮਾਰਗ ਦੇ ਜਗਿਆਸੂਆਂ ਲਈ ਬਹੁਤ ਹੀ ਫਾਇਦੇਮੰਦ ਸਾਬਿਤ ਹੋਵੇਗੀ।

ਇਸ ਕਿਤਾਬ ਨੂੰ ਭਾਈ ਮਨਜੀਤ ਸਿੰਘ ਅਮਰੀਕਾ ਵੱਲੋਂ ਚਲਾਈ ਗਈ ਵੈਬਸਾਇਟ www.ratwarasahib.com ਤੇ, ਪਰਮ ਪੂਜਯ ਬੀਜੀ ਦੇ 103ਵੇਂ ਜਨਮ ਦਿਹਾੜੇ ਤੇ ਰਿਲੀਜ਼ ਕੀਤਾ ਜਾ ਰਿਹਾ ਹੈ।

ਮਿਤੀ 29.07.2021

ਗੁਰਿੰਦਰ ਸਿੰਘ
ਅਦਾਰਾ 'ਆਤਮ ਮਾਰਗ'
ਰਤਵਾੜਾ ਸਾਹਿਬ

# ਤੱਤਕਰਾ


| ਲੜੀ ਨੰਬਰ | ਸਿਰਲੇਖ | ਪੰਨਾ ਨੰਬਰ |
|---|---|---|
| 1. | ਜੁਗਤੀ ਸੇਵਾ ਸਿਮਰਨ | 7 |
| 2. | ਗੁਰੂ ਨਾਨਕ ਪਾਤਸ਼ਾਹ, ਬੀਬੀ ਦੋਦੋ ਰਾਣੀ ਤੇ ਭਾਈ ਦੋਦਾ ਜੀ ਭਾਗ - 1 | 48 |
| 3. | ਗੁਰੂ ਨਾਨਕ ਪਾਤਸ਼ਾਹ, ਬੀਬੀ ਦੋਦੋ ਰਾਣੀ ਤੇ ਭਾਈ ਦੋਦਾ ਜੀ ਭਾਗ - 2 | 84 |
| 4. | ਆਗੈ ਬਸਨੁ ਸੁਹੇਲਾ ਭਾਗ - 1 | 123 |
| 5. | ਆਗੈ ਬਸਨੁ ਸੁਹੇਲਾ ਭਾਗ - 2 | 173 |
| 6. | ਆਗੈ ਬਸਨੁ ਸੁਹੇਲਾ ਭਾਗ - 3 | 221 |
| 7. | ਨਾਮ ਜਪਣ ਦੀ ਵਿਧੀ | 268 |
| 8. | ਨਾਮ ਜੁਗਤਿ | 301 |

# 1

# ਜੁਗਤੀ ਸੇਵਾ ਸਿਮਰਨ

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*
*ਧਾਰਨਾ - ਮੀਠੇ ਹਰਿ ਗੁਣ ਗਾਓ*
*ਜਿੰਦੇ ਤੂੰ ਮੀਠੇ ਹਰਿ ਗੁਣ ਗਾਓ।*
*ਮੀਠੇ ਹਰਿ ਗੁਣ ਗਾਉ ਜਿੰਦੂ ਤੂੰ ਮੀਠੇ ਹਰਿ ਗੁਣ ਗਾਉ ॥*
*ਸਚੇ ਸੇਤੀ ਰਤਿਆ ਮਿਲਿਆ ਨਿਥਾਵੇ ਥਾਉ ॥ 1 ॥ ਰਹਾਉ ॥*
*ਹੋਰਿ ਸਾਦ ਸਭਿ ਫਿਕਿਆ ਤਨੁ ਮਨੁ ਫਿਕਾ ਹੋਇ ॥*
*ਵਿਣੁ ਪਰਮੇਸਰ ਜੋ ਕਰੇ ਫਿਟੁ ਸੁ ਜੀਵਣੁ ਸੋਇ ॥ 1 ॥*
*ਅੰਚਲੁ ਗਹਿ ਕੈ ਸਾਧ ਕਾ ਤਰਣਾ ਇਹੁ ਸੰਸਾਰੁ ॥*
*ਪਾਰਬ੍ਰਹਮੁ ਆਰਾਧੀਐ ਉਧਰੈ ਸਭ ਪਰਵਾਰੁ ॥ 2 ॥*
*ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥*
*ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ॥ 3 ॥*
*ਮਾਲੁ ਖਜਾਨਾ ਥੇਹੁ ਘਰੁ ਹਰਿ ਕੇ ਚਰਣ ਨਿਧਾਨ ॥*
*ਨਾਨਕ ਜਾਚਕੁ ਦਰਿ ਤੇਰੈ ਪ੍ਰਭ ਤੁਧਨੋ ਮੰਗੈ ਦਾਨੁ॥*
*ਅੰਗ - 218*
*ਧਾਰਨਾ - ਕੰਨੀਂ ਸੁਣੀਏ ਗੁਰਾਂ ਦੀ ਬਾਣੀ,*
*ਜਿਹਭਾ ਨਾਲ ਨਾਮ ਜਪੀਏ।*
*ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥ ਸ੍ਰਵਨ ਗੋਬਿੰਦ ਗੁਨੁ ਸੁਨਉ*
*ਅਰੁ ਗਾਉ ਰਸਨਾ ਗੀਤਿ ॥ 1 ॥ ਰਹਾਉ ॥*
*ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥*
*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ ॥ 1 ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ ॥*
*ਕਹੈ ਨਾਨਕੁ ਰਾਮੁ ਭਜਿ ਲੈ ਜਾਤੁ ਅਉਸਰੁ ਬੀਤ ॥ ਅੰਗ - 631*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਜੇਠ ਦੇ ਮਹੀਨੇ ਦੀ ਸੰਗਰਾਂਦ ਮਨਾਉਣ ਵਾਸਤੇ ਦੂਰ-ਦਰਾਜ ਤੋਂ ਸੰਗਤਾਂ ਗਰਮੀ ਦੇ ਅੰਦਰ ਇੱਥੇ ਪਹੁੰਚੀਆਂ ਨੇ। ਇਹ ਤਪ ਕਿੱਡਾ ਵੱਡਾ ਹੈ, ਇਸ ਦਾ ਕੋਈ ਅੰਦਾਜ਼ਾ ਨਹੀਂ ਲਾ ਸਕਦਾ। ਜੇ ਆਪ

ਨੇ ਮਨ ਚਿੱਤ ਇਕਾਗਰ ਕਰਕੇ, ਹਰੀ ਦਾ ਜਸ ਸਰਵਣ ਕੀਤਾ ਤੇ ਵਿਚਾਰ ਕੇ ਬਾਣੀ ਨੂੰ ਹਿਰਦੇ ਵਿਚ ਧਾਰਨ ਕਰ ਲਿਆ, ਧਾਰਨ ਕਰਕੇ ਆਪਣੇ ਜੀਵਨ ਨੂੰ ਸੋਧ ਦੇ ਦਿਤੀ, ਮਹਾਰਾਜ ਕਹਿੰਦੇ ਤੁਹਾਨੂੰ ਫਲ ਮਿਲੇਗਾ ਕਰੋੜਾਂ ਯੱਗਾਂ ਦਾ –

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ ਅੰਗ – 546***

ਤਪ ਤਾਂ ਤੁਸੀਂ ਕਰ ਲਿਆ, ਧੁੱਪ 'ਚ ਆ ਗਏ। ਗਰਮੀ ਦੇ ਵਿਚ ਬੈਠੇ ਓਂ। ਥੋੜ੍ਹੀ ਜਿਹੀ ਸਾਵਧਾਨੀ ਵਰਤੋਂਗੇ, ਬੇਅੰਤ ਫਲ ਪ੍ਰਾਪਤ ਹੋ ਜਾਏਗਾ। ਬਹੁਤ ਸਾਰੇ ਪ੍ਰੇਮੀ ਮੈਨੂੰ ਕਹਿੰਦੇ ਰਹੇ ਨੇ, ਆਹ ਨੁਕਸ ਹੈ ਜੀ, ਆਹ ਘੱਟ ਹੈ ਜੀ। ਆਹ ਵਿਘਨ ਪੈ ਗਿਆ, ਵਿਘਨ ਤਾਂ ਸਾਰੇ ਹੀ ਦੂਰ ਹੋ ਜਾਣਗੇ। ਗੁਰੂ ਮਹਾਰਾਜ ਜਿਸ ਤਰ੍ਹਾਂ ਫੁਰਮਾਨ ਕਰਦੇ ਨੇ ਉਸ ਤਰ੍ਹਾਂ ਦੇ ਨਾਲ ਚਿੱਤ ਨੂੰ ਇਕਾਗਰ ਕਰਕੇ, ਬਾਣੀ ਸਰਵਣ ਕਰੋ, ਫੇਰ ਬੁੱਧੀ ਦੇ ਨਾਲ ਵਿਚਾਰੋ, ਵਿਚਾਰ ਕੇ ਹਿਰਦੇ 'ਚ ਧਾਰਨ ਕਰੋ, ਧਾਰਨ ਕਰਨ ਤੋਂ ਬਾਅਦ ਫੇਰ ਛੱਡੋ ਨਾ, ਉਹਦੇ ਉੱਤੇ ਪਹਿਰਾ ਦੇਵੋ, ਕਮਾਈ ਕਰਨ ਦਾ ਯਤਨ ਕਰੋ। ਕਮਾਈ ਕਿਵੇਂ ਹੁੰਦੀ ਹੈ, ਇਕ ਗੱਲ ਨਾਲ ਸਮਝ ਵਿੱਚ ਆ ਜਾਵੇਗੀ। ਬੜੀ ਮਸ਼ਹੂਰ ਸਾਖੀ ਹੈ ਜੋ ਸਾਡੇ ਵਾਸਤੇ ਪੱਥ ਪ੍ਰਦਰਸ਼ਨ ਕਰਦੀ ਹੈ, ਰਾਹ ਦਿਖਾਉਂਦੀ ਹੈ, ਗੱਲ ਨਿੱਕੀ ਜਿਹੀ ਹੈ, ਪਰ ਉਹਦੇ ਵਿਚ ਬਹੁਤ ਵੱਡਾ ਭੇਤ ਹੈ। ਸਮਝਣ ਦਾ ਯਤਨ ਕਰਿਓ। ਪੰਜੇ ਪਾਂਡਵ ਤੇ 100 ਪੁੱਤਰ ਧ੍ਰਿਤਰਾਸ਼ਟਰ ਦਾ, ਜਿਨ੍ਹਾਂ ਨੂੰ ਕੌਰਵ ਕਹਿੰਦੇ ਸੀ, ਇਹ ਪੜ੍ਹਨ ਵਾਸਤੇ ਪਾ ਦਿੱਤੇ। ਸਾਰੇ ਪੜ੍ਹੀ ਜਾਂਦੇ ਨੇ ਜਿਹੜਾ ਏਧਰਲੇ ਪਾਸੇ ਪਾਡਵਾਂ ਦਾ ਵੱਡਾ ਲੜਕਾ ਸੀ, ਜਿਸਦਾ ਨਾਉਂ ਯੁਧਿਸ਼ਟਰ ਸੀ, ਉਹਨੇ ਪੈਂਤੀ ਤਾਂ ਪੜ੍ਹ ਲਈ, ਭੁਲਾਵੇਂ ਅੱਖਰ ਵੀ ਪੜ੍ਹ ਲਏ ਤੇ ਜਦੋਂ ਜੋੜ ਵਾਲੇ ਅੱਖਰ ਆਏ ਨਾ, ਪਹਿਲੇ ਦੂਜੇ ਵਰਕੇ 'ਤੇ ਹੀ ਹੁੰਦੇ ਨੇ। ਉਥੇ ਪਹਿਲਾ ਹੀ ਆ ਗਿਆ, ਕ੍ਰੋਧ ਮੱਤ ਕਰੋ। ਪੜ੍ਹਾਈ ਹੋ ਰਹੀ ਹੈ, ਬਾਕੀ ਕੈਅਦਾ ਮੁਕਾ ਲਿਆ, ਪਹਿਲੀ ਵਿੱਚ ਲੱਗ ਗਏ, ਪੋਥੀ ਪੜ੍ਹ ਲਈ, ਇਹ ਉਥੇ ਹੀ ਖੜ੍ਹੇ ਨੇ। ਇਨ੍ਹਾਂ ਦੇ ਪਿਤਾ ਨੇ ਪੁੱਛਿਆ, ਟੀਚਰਾਂ ਦੇ ਕੋਲੋਂ ਕਿ ਕੀ ਹਾਲ ਹੈ ਬੱਚਿਆਂ ਦੀ ਪੜ੍ਹਾਈ ਦਾ। ਕਹਿੰਦੇ ਜੀ ਹੋਰ ਤਾਂ ਸਭ ਚੱਲ ਰਹੇ ਨੇ। ਪਰ ਇੱਕ ਵੱਡਾ ਜੋ ਰਾਜਕੁਮਾਰ ਹੈ, ਉਸਨੇ ਦੋ ਅੱਖਰ ਪੜ੍ਹੇ ਨੇ, ਉਹ ਉਸ ਤੋਂ ਅੱਗੇ ਨਹੀਂ ਚੱਲ ਰਿਹਾ। ਕਹਿੰਦੇ ਕੀ ਉਹਦੇ ਯਾਦ ਨਹੀਂ ਹੋਇਆ? ਕਹਿੰਦੇ, ਯਾਦ ਹੈ, ਪੜ੍ਹ ਕੇ ਸੁਣਾ ਦਿੰਦਾ ਹੈ, ਨਾਲ ਕਹਿ ਦਿੰਦਾ ਹੈ ਕਿ ਮੇਰੇ ਤਾਂ ਯਾਦ ਨਹੀਂ ਹੋਇਆ। ਜਦ ਕਈ ਦਿਨ ਲੰਘ ਗਏ ਉਸ ਤੋਂ ਬਾਅਦ ਇਨ੍ਹਾਂ ਦਾ ਪਿਤਾ ਸਕੂਲ ਵਿੱਚ ਆਇਆ, ਬੱਚਿਆਂ ਤੋਂ ਪੁੱਛਿਆ ਕਿ ਕਿੰਨਾ-ਕਿੰਨਾ ਪੜ੍ਹਿਆ ਹੈ? ਜਦੋਂ ਇਹਦੀ ਵਾਰੀ ਆਈ ਤਾਂ ਕਹਿਣ ਲੱਗੇ, ਤੂੰ ਸੁਣਾ। ਪੈਂਤੀ ਵੀ ਸੁਣਾ ਦਿੱਤੀ, ਭੁਲਾਵੇਂ ਅੱਖਰ ਵੀ ਸੁਣਾ ਦਿੱਤੇ, ਜਦੋਂ ਜੋੜ ਵਾਲੇ ਅੱਖਰ ਆਏ ਉਨ੍ਹਾਂ ਵਿੱਚ ਜਦੋਂ ਇਹ ਲਾਈਨ ਆਈ ਕਿ 'ਕ੍ਰੋਧ ਮੱਤ ਕਰੋ' ਇਹ ਪੜ੍ਹ ਦਿੱਤੀ।

ਕਹਿੰਦੇ ਅੱਗੇ ਪੜ੍ਹ?

ਕਹਿੰਦੇ ਮੇਰੇ ਯਾਦ ਨਹੀਂ ਹੋਈ ਇਹ ਗੱਲ।

ਕਹਿੰਦੇ, ਤੂੰ ਪੜ੍ਹ ਕੇ ਤਾਂ ਸੁਣਾ ਦਿੱਤੀ ਫੇਰ ਤੇਰੇ ਯਾਦ ਕਿਵੇਂ ਨਹੀਂ ਹੋਈ?

ਕਹਿੰਦਾ, ਮੇਰੇ ਯਾਦ ਨਹੀਂ ਹੋਈ।

ਪੰਜ ਸੱਤ ਵਾਰੀ ਪਿਤਾ ਨੇ ਕਿਹਾ, ਪਰ ਇਹਨੇ ਇਹੀ ਕਿਹਾ। ਪਿਤਾ ਨਰਾਜ਼ ਹੋ ਗਿਆ। ਨਰਾਜ਼ ਹੋ ਕੇ ਮੂੰਹ 'ਤੇ ਥੱਪੜ ਮਾਰਿਆ, ਕਹਿੰਦੇ ਤੂੰ ਪੜ੍ਹਦਾ ਹੈ ਅੱਗੇ ਕਿ ਨਹੀਂ ਪੜ੍ਹਦਾ? ਥੋੜ੍ਹੀ ਦੇਰ ਰੁਕਿਆ ਕਹਿੰਦਾ ਹਾਂ ਹੁਣ ਮੈਨੂੰ ਸੰਥਿਆ ਦਿਓ। ਕਿਉਂਕਿ ਮੇਰੇ ਸਬਕ ਯਾਦ ਹੋ ਗਿਆ ਤੇ ਹੁਣ ਮੈਨੂੰ ਪੜ੍ਹਾਓ ਅੱਗੇ। ਨਿੱਕੀ ਜਿਹੀ ਗੱਲ ਹੈ ਛੋਟੀ ਜਿਹੀ ਕਹਾਣੀ। ਕਿਸੇ ਨੇ ਵਿਚਾਰਿਆ ਨਹੀਂ ਏਸਨੂੰ ਕਿ ਇਹ ਕੀ ਗੱਲ ਕਹਿ ਗਿਆ। ਖੜ੍ਹ ਕੇ ਨਹੀਂ ਗੱਲ ਵਿਚਾਰੀ, ਜਿੰਨਾਂ ਚਿਰ ਅਸੀਂ ਠਹਿਰ ਕੇ ਨਾ ਗੱਲ ਵਿਚਾਰੀਏ, ਓਨਾਂ ਚਿਰ ਸਾਨੂੰ ਗੱਲ ਸਮਝ 'ਚ ਨਹੀਂ ਆਇਆ ਕਰਦੀ। ਨਿੱਕੀ ਜਿਹੀ ਗੱਲ ਹੈ ਕਿ 'ਕ੍ਰੋਧ ਮੱਤ ਕਰੋ।' ਸਭ ਜਾਣਦੇ ਹਾਂ। ਫੇਰ ਸਬਕ ਯਾਦ ਕਿਉਂ ਨਹੀਂ ਹੋਇਆ? ਉਹ ਕਹਿੰਦਾ, ਮੈਂ ਮਨ 'ਚ ਵਸਾਇਆ ਹੈ ਪਰ ਮੈਂ ਅਜੇ ਤਜਰਬਾ ਕਰਕੇ ਨਹੀਂ ਦੇਖਿਆ ਕਿ ਮੈਨੂੰ ਕ੍ਰੋਧ ਆਉਂਦਾ ਹੈ ਕਿ ਨਹੀਂ ਆਉਂਦਾ, ਜਿਹੜਾ ਕੁਛ ਮੈਂ ਪੜ੍ਹਨਾ ਹੈ ਉਹ ਮੈਂ ਹਿਰਦੇ 'ਚ ਵਸਾਉਣਾ ਹੈ, ਐਵੇਂ ਨਹੀਂ ਮੈਂ ਵਕਤ ਜ਼ਾਇਆ ਕਰਨਾ। ਹਿਰਦੇ 'ਚ ਮੈਂ ਧਾਰਨ ਕਰਨਾ ਹੈ ਤੇ ਫੇਰ ਮੈਂ ਜੀਵਨ 'ਚ ਕਮਾ ਕੇ ਵਰਤਣਾ ਹੈ। ਏਸੇ ਕਰਕੇ ਜੇ ਉਥੇ ਆ ਗਿਆ 'ਝੂਠ ਮੱਤ ਬੋਲੋ।' ਇਹ ਸਾਰੀ ਜ਼ਿੰਦਗੀ ਝੂਠ ਨਹੀਂ ਬੋਲਿਆ। ਸਿਰਫ ਇੱਕ ਵਾਰੀ ਜ਼ਿੰਦਗੀ ਦੇ ਅੰਦਰ ਸਾਰਿਆਂ ਨੇ ਇਸਨੂੰ ਕਿਹਾ ਕਿ ਇੱਕ ਗੱਲ ਕਹਿ ਦੇ, ਝੂਠ ਨਹੀਂ ਅਸੀਂ ਹੋਣ ਦਿੰਦੇ। ਉਹ ਕਹਿੰਦੇ ਕਿਹੜੀ ਗੱਲ ਕਹਾਂ? ਕਿਉਂਕਿ ਮੈਂ ਪ੍ਰਤੱਗਿਆ ਕਰੀ ਹੋਈ ਹੈ ਕਿ ਮੈਂ ਕ੍ਰੋਧ ਨਹੀਂ ਕਰਨਾ, ਝੂਠ ਨਹੀਂ ਬੋਲਣਾ। ਜੇ ਲੋਭ ਆ ਗਿਆ, ਲੋਭ ਨਹੀਂ ਕਰਨਾ। ਜਿੰਨਾ ਪੜ੍ਹਿਆ ਹੈ ਕਮਾਇਆ ਹੈ ਸਾਰਾ। ਕਹਿਣ ਲੱਗੇ, ਗੱਲ ਤਾਂ ਕੁਛ ਨਹੀਂ ਕਹਿਣੀ। ਆਹ ਅਸੀਂ ਹਾਥੀ ਮਾਰਨਾ ਹੈ ਇਸ ਦਾ ਨਾਂ ਅਸਸਥਾਮਾ ਹੈ, ਜਿਹੜਾ ਦਰੋਣਾਚਾਰੀਆ ਹੈ ਉਹਦੇ ਲੜਕੇ ਦਾ ਨਾਮ ਵੀ ਅਸਸਥਾਮਾ ਹੈ। ਦਰੋਣਾਚਾਰੀਆ ਜਿਹੜਾ ਹੈ, ਜਿੰਨਾਂ ਚਿਰ ਉਹ ਜੀਉਂਦਾ ਹੈ, ਉਹਦੇ ਕੋਲ ਐਸੇ ਅਸਤਰ ਤੇ ਸਸ਼ਤਰ ਨੇ ਕਿ ਦੁਨੀਆਂ 'ਚ ਕੋਈ ਆਦਮੀ ਨਹੀਂ ਜਿਹੜਾ ਉਹਦਾ ਮੁਕਾਬਲਾ ਕਰ ਲਵੇ, ਸਿਵਾਏ ਕ੍ਰਿਸ਼ਨ ਮਹਾਰਾਜ ਤੋਂ। ਇਨ੍ਹਾਂ ਨੇ ਪ੍ਰਣ ਕਰਿਆ ਹੋਇਆ ਹੈ ਕਿ ਮੈਂ ਸ਼ਸਤਰ ਨਹੀਂ ਚੁੱਕਣਾ ਇਸ ਕਰਕੇ, ਹੁਣ ਜੇ ਬਚਾ ਸਕਦੇ ਹੋਂ, ਸਾਰਿਆਂ ਨੂੰ ਬਚਾ ਲਓ। ਨਹੀਂ ਤਾਂ ਹਾਰ ਦਿਸ ਹੀ ਰਹੀ ਹੈ, ਕਿੰਨੇ

ਲੱਖਾਂ ਦੀ ਤਾਦਾਦ 'ਚ ਸੂਰਮੇ ਇਸਨੇ ਮਾਰ ਦਿੱਤੇ ਅਸਤਰ-ਸ਼ਸਤਰ ਚਲਾ ਕੇ। ਕ੍ਰਿਸ਼ਨ ਮਹਾਰਾਜ ਨੇ ਵੀ ਕਿਹਾ ਕਿ ਹਾਥੀ ਮਾਰ ਦਿੰਦੇ ਹਾਂ ਕਿ ਤੂੰ ਕਹਿ ਦੇ ਕਿ 'ਅਸਸਥਾਮਾ ਹਤੋ'। ਐਨਾ ਹੀ ਕਹਿੰਦਾ ਹੈ। ਕਹਿੰਦਾ, ਇਹ ਮੈਂ ਕਹਿ ਦੇਵਾਂਗਾ ਪਰ ਇੱਕ ਨਾਲ ਗੱਲ ਕਹਿ ਦੇਈਂ 'ਨਰੋ ਵ ਕੁੰਚਰੋ'। ਮਨਾ ਲਿਆ, ਜਦੋਂ ਉਸਨੇ ਕਿਹਾ ਕਿ ਅਸਸਥਾਮਾ ਹਤੋ, ਕਹਿ ਦਿੱਤਾ ਗਿਆ ਕਿ ਅਸਸਥਾਮਾ ਮਰ ਗਿਆ, ਜਦੋਂ ਇਹਨੇ ਕਿਹਾ ਕਿ 'ਨਰੋ ਵ ਕੁੰਚਰੋ' ਆਦਮੀ ਮਰਿਆ ਹੈ ਜਾਂ ਹਾਥੀ ਮਰਿਆ ਹੈ ਇਹ ਮੈਨੂੰ ਪਤਾ ਨਹੀਂ ਹੈ। ਉਨ੍ਹਾਂ ਨੇ ਉਸੇ ਵੇਲੇ ਵੱਡੀਆਂ ਘੜਿਆਲਾਂ ਸੰਖ ਵਜਾ ਦਿੱਤੇ ਤੇ ਗੱਲ ਸੁਣਨ ਨਾ ਦਿੱਤੀ ਤੇ ਦਰੋਣਾਚਾਰੀਆਂ ਨੇ ਸ਼ਸਤਰ ਰੱਖ ਦਿੱਤੇ ਤੇ ਉਹਦੇ ਵਿੱਚ ਉਹ ਮਾਰਿਆ ਗਿਆ। ਯਾਨਿ ਜ਼ਿੰਦਗੀ ਚ' ਝੂਠ ਨਹੀਂ ਬੋਲਿਆ। ਉਹਨੇ ਪੜ੍ਹਾਈ ਕਰੀ ਕਿ ਕ੍ਰੋਧ ਮਤ ਕਰੋ। ਐਸੇ ਤਰ੍ਹਾਂ ਗੁਰੂ ਮਹਾਰਾਜ ਕਹਿੰਦੇ ਨੇ ਕਿ -

***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ***
***ਕੀ ਆਗਿਆ ਸਤਿ ਸਤਿ ਕਰਿ ਮਾਨੀ ॥ ਅੰਗ - 669***

ਜਿਹਨੇ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਜੀਵਨ ਵਿੱਚ ਢਾਲਿਆ ਹੈ, ਉਹਦਾ ਗਾਉਣਾ ਥਾਉਂ ਪੈਂਦਾ ਹੈ, ਉਹਦਾ ਪੜ੍ਹਨਾ ਥਾਉਂ ਪੈਂਦਾ ਹੈ ਤੇ ਉਸ ਬੰਦੇ ਵਾਸਤੇ ਲਿਖਿਆ ਹੈ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥ ਅੰਗ - 546***

ਜਿਹੜਾ ਇਸ ਬਿਰਤੀ ਦਾ ਬੰਦਾ ਹੈ ਉਹਨੂੰ ਸਤਿਸੰਗ ਦੇ ਵਿੱਚ ਆ ਕੇ ਕਰੋੜਾਂ ਯੱਗਾਂ ਦਾ ਫਲ ਸਹਿਜ-ਸੁਭਾਅ ਪ੍ਰਾਪਤ ਹੋ ਜਾਂਦਾ ਹੈ। ਜਦੋਂ ਇਹ ਬੇਨਤੀ ਕੀਤੀ ਜਾਂਦੀ ਹੈ ਕਿ ਬਾਣੀ ਨੂੰ ਕਮਾਓ, ਹਿਰਦੇ 'ਚ ਧਾਰਨ ਕਰੋ ਤੇ ਜੀਵਨ ਵਿੱਚ ਲਿਆਓ, ਫੇਰ ਇਹ ਕੋਈ ਫਲ ਹੋ ਸਕਦਾ ਹੈ, ਜੋ ਕੁਛ ਬਾਣੀ ਕਹਿੰਦੀ ਹੈ ਉਹਦਾ ਫਲ ਪ੍ਰਾਪਤ ਹੋ ਜਾਂਦਾ ਹੈ, ਗੁਰੂ ਘਰ ਦੇ ਅੰਦਰ ਸਿਮਰਨ ਤੇ ਸੇਵਾ ਜਿਸਦੇ ਬਾਰੇ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਬਹੁਤ ਬਾਰ-ਬਾਰ ਜ਼ਿਕਰ ਆਉਂਦਾ ਹੈ। ਸਿਮਰਨ ਕਰੀਏ ਤੇ ਸੇਵਾ ਕਰੀਏ। ਦੋਹਾਂ ਦੇ ਨਾਲ ਜਿਹੜਾ ਸਾਡਾ ਜੀਵਨ ਹੈ, ਉਹਦਾ ਮਨੋਰਥ ਪੂਰਾ ਹੁੰਦਾ ਹੈ-

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਅੰਗ - 1159***

ਗੁਰੂ ਦੀ ਸੇਵਾ ਕਰਨ ਵਾਸਤੇ ਤੇ ਭਗਤੀ ਕਰਨ ਵਾਸਤੇ ਇਹ ਮਾਨਸ ਦੇਹੀ ਸਾਨੂੰ ਪ੍ਰਾਪਤ ਹੋਈ ਹੈ -

***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥ ਅੰਗ-1159***

ਇਸ ਦੇਹੀ ਨੂੰ ਦੇਵਤਾ ਲੋਕ ਯਾਦ ਕਰ ਰਹੇ ਨੇ। ਜੋ ਸੇਵਾ ਹੈ, ਗੁਰੂ

ਘਰ ਦੇ ਅੰਦਰ ਇਸਦੀ ਬੜੀ ਮਹਾਨਤਾ ਹੈ ਲੇਕਿਨ ਸੇਵਾ ਕਿਵੇਂ ਕਰਨੀ ਚਾਹੀਦੀ ਹੈ, ਕਿਹਦੀ ਸੇਵਾ ਕਰਨੀ ਚਾਹੀਦੀ ਹੈ, ਇਨ੍ਹਾਂ ਗੱਲਾਂ 'ਚ ਭੇਤ ਹੈ, ਜਿੰਨਾਂ ਚਿਰ ਇਹ ਬਾਤਾਂ ਨਹੀਂ ਸਮਝ 'ਚ ਆਉਂਦੀਆਂ, ਓਨਾਂ ਚਿਰ ਮਹਾਰਾਜ ਨੇ ਜੋ ਫਲ ਲਿਖੇ ਨੇ, ਉਹ ਪ੍ਰਾਪਤ ਨਹੀਂ ਹੁੰਦੇ। ਕਿਉਂਕਿ tune ਟਿਊਨ ਗਲਤ ਹੋ ਗਈ, ਤਾਰ ਨਹੀਂ ਜੁੜ ਸਕੀ, ਸਹੀ ਤਰੀਕੇ ਨਾਲ ਚੱਲ ਨਹੀਂ ਸਕਿਆ। ਮਹਾਰਾਜ ਤਾਂ ਬਹੁਤ ਵੱਡੇ-ਵੱਡੇ ਫਲ ਸੇਵਾ ਦੇ ਤੇ ਸਿਮਰਨ ਦੇ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ -

***ਧਾਰਨਾ - ਮਨ ਮੰਗੀਆਂ ਮੁਰਾਦਾਂ ਪਾਵੇ,***
***ਸੇਵਾ ਕਰ ਲੈ ਸਤਿਗੁਰ ਦੀ।***

***ਸਤਿਗੁਰ ਕੀ ਸੇਵਾ ਸਫਲੁ ਹੈ***
***ਜੇ ਕੋ ਕਰੇ ਚਿਤੁ ਲਾਇ ॥ ਅੰਗ - 644***

ਚਿੱਤ ਲਾ ਕੇ ਦਿਲ ਤੋਂ ਉਤਸ਼ਾਹ ਦੇ ਨਾਲ, ਦੌੜ-ਦੌੜ ਕੇ, ਭੱਜ-ਭੱਜ ਕੇ ਜਿਹੜਾ ਸੇਵਾ ਕਰਦਾ ਹੈ -

***ਮਨਿ ਚਿੰਦਿਆ ਫਲੁ ਪਾਵਣਾ***
***ਹਉਮੈ ਵਿਚਹੁ ਜਾਇ ॥ ਅੰਗ - 644***

ਦੇਖੋ ਕਿੱਡਾ ਵੱਡਾ ਫਲ ਹੈ, ਇੱਕ ਤਾਂ ਕਹਿੰਦੇ ਜਿਹੜੀ ਮਨ ਦੇ ਵਿੱਚ ਇੱਛਿਆ ਹੋਏਗੀ, ਉਹਦਾ ਫਲ ਉਹਨੂੰ ਮਿਲ ਜਾਏਗਾ। ਇੱਕ ਵਿੱਚੋਂ ਹਉਮੈ ਚਲੀ ਜਾਏਗੀ। ਜਦੋਂ ਹਉਮੈ ਚਲੀ ਗਈ ਫੇਰ ਇਹ ਪ੍ਰਮੇਸ਼ਰ ਦੀ ਦਰਗਾਹ 'ਚ ਦਾਖਲ ਹੋ ਜਾਇਆ ਕਰਦਾ ਹੈ।

***ਜੋ ਇਛਹੁ ਸੋਈ ਫਲੁ ਪਾਵਹੁ***
***ਫਿਰਿ ਦੂਖੁ ਨ ਵਿਆਪੈ ਕੋਈ ॥ ਅੰਗ- 882***

ਜੋ ਵੀ ਇਛਿਆ ਹੈ ਉਹ ਫਲ ਮਿਲ ਜਾਏਗਾ ਤੇ ਫੇਰ ਦੁਬਾਰਾ ਦੁੱਖਾਂ ਦੇ ਵਿੱਚ ਨਹੀਂ ਜ਼ਿੰਦਗੀ ਜਾਏਗੀ। ਐਡਾ ਵੱਡਾ ਜੋ ਫਲ ਪ੍ਰਾਪਤ ਹੁੰਦਾ ਹੈ, ਜਿਹੜਾ ਇਸ ਫਲ ਤੋਂ ਵਾਂਝਾ ਰਹਿ ਜਾਵੇ, ਹਉਮੈ ਦਾ ਵੀ ਨਾਸ਼ ਹੁੰਦਾ ਹੈ ਸੇਵਾ 'ਚ, ਮਨ ਚਾਹਿਆ ਫਲ ਵੀ ਮਿਲਦਾ ਹੈ, ਦੁਖਾਂ ਦਾ ਵੀ ਖਾਤਮਾ ਹੁੰਦਾ ਹੈ। ਜਿਹਨੇ ਵੀ ਸੇਵਾ ਕਰੀ ਹੈ ਚਾਹੇ ਦੁਨੀਆਂ ਮੰਗੀ ਹੈ, ਚਾਹੇ ਦੀਨ ਮੰਗਿਆ ਹੈ, ਉਹ ਦੋਵੇਂ ਚੀਜ਼ਾਂ ਸੇਵਾ 'ਚੋਂ ਪ੍ਰਾਪਤ ਹੋ ਜਾਂਦੀਆਂ ਨੇ, ਚਾਹੇ ਆਪਣਾ ਜਨਮ ਮਰਨ ਸਫਲ ਕਰਿਆ ਹੈ, ਵੱਡੀ ਤੋਂ ਵੱਡੀ ਪਦਵੀ ਸੇਵਾ ਵਿੱਚ ਮਿਲ ਜਾਂਦੀ ਹੈ ਤੇ ਮਹਾਰਾਜ ਕਹਿੰਦੇ ਸੇਵਾਦਾਰ ਜਿਹੜਾ ਹੈ -

***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***
***ਜਿਉ ਜਲ ਤਰੰਗ ਉਠਹਿ ਬਹੁ ਭਾਤੀ***
***ਫਿਰਿ ਸਲਲੈ ਸਲਲ ਸਮਾਇਦਾ ॥***

***ਅੰਗ - 1076***

ਕਹਿੰਦੇ ਜਿਹੜਾ ਸੇਵਾ ਕਰਦਾ ਹੈ ਮਨ ਚਿਤ ਲਾ ਕੇ, ਗੁਰੂ ਦਾ ਹੋ ਜਾਂਦਾ ਹੈ।

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ,***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨਾ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦੁ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ।***

*ਭਾਈ ਗੁਰਦਾਸ ਜੀ, ਵਾਰ ੩/੧੮*

ਜੇ ਗੁਰੂ ਦੇ ਗ੍ਰਹਿ ਵਿਚ ਰਹਿਣਾ ਸ਼ੁਰੂ ਕਰਿਆ ਹੈ –

***ਗੁਰ ਕੀ ਆਗਿਆ ਮਨ ਮਹਿ ਸਹੈ ॥***
***ਆਪਸ ਕਉ ਕਰਿ ਕਛੁ ਨ ਜਨਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥***
***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥***
***ਸੇਵਾ ਕਰਤ ਹੋਇ ਨਿਹਕਾਮੀ ॥ ਅੰਗ - 286***

ਸ਼ਰਤਾਂ ਦਸ ਦਿੱਤੀਆਂ ਸਾਰੀਆਂ। ਜੇ ਕਾਮਨਾ ਕੋਈ ਨਹੀਂ ਕਰਦਾ, ਸੇਵਾ ਦਾ ਫਲ ਤਾਂ ਮਿਲਣਾ ਹੀ ਮਿਲਣਾ ਹੈ, ਫੇਰ ਫਲ ਕੀ ਮਿਲਦਾ ਹੈ –

***ਤਿਸ ਕਉ ਹੋਤ ਪਰਾਪਤਿ ਸੁਆਮੀ ॥ ਅੰਗ - 286***

ਉਹਨੂੰ ਵਾਹਿਗੁਰੂ ਮਿਲ ਜਾਂਦਾ ਹੈ ਜਿਹੜਾ ਨਿਸ਼ਕਾਮ ਹੋ ਕੇ ਸੇਵਾ ਕਰਦਾ ਹੈ। ਜਿਹੜਾ ਕਾਮਨਾ ਨਾਲ ਸੇਵਾ ਕਰਦਾ ਹੈ, ਉਹਦੀ ਕਾਮਨਾ ਪੂਰੀ ਹੋ ਜਾਂਦੀ ਹੈ। ਬਹੁਤ ਵਾਰੀ ਆਪ ਨੇ ਸੁਣਿਆ ਹੈ ਕਿ ਭਾਈ ਆਦਮ ਬਰਾੜ, ਗੁਰੂ ਚੌਥੇ ਪਾਤਸ਼ਾਹ ਦੇ ਦਰ 'ਤੇ ਆਇਆ। ਉਹਨੇ ਸੇਵਾ ਕਰੀ, ਮਹਾਰਾਜ ਪ੍ਰਸੰਨ ਹੋਏ। ਕਹਿੰਦੇ ਮੰਗ ਕੀ ਮੰਗਦਾ ਹੈਂ? ਪੁੱਤਰ ਦੀ ਦਾਤ ਮੰਗੀ, ਸੱਤਰ ਸਾਲ ਦੀ ਉਮਰ ਹੋ ਚੁੱਕੀ ਹੈ। ਮਹਾਰਾਜ ਕਹਿੰਦੇ, ਤੇਰੀ ਕਿਸਮਤ 'ਚ ਤਾਂ ਲਿਖਿਆ ਨਹੀਂ ਹੈ ਤੇ ਅਸੀਂ ਆਪਣਾ ਪੁੱਤਰ ਜਿਹੜਾ ਸਾਡੇ ਚੌਥਾ ਪੁੱਤਰ ਹੋਣਾ ਹੈ, ਉਹ ਤੇਰੇ ਘਰ ਭੇਜ ਦਿੰਦੇ ਹਾਂ ਤੇ ਉਹ ਜਮਾਂਦਰੂ ਸਿੱਧ ਹੋਏਗਾ। ਉਹਦਾ ਨਾਉਂ ਭਗਤੂ ਰੱਖੀਂ ਤੇ ਭਾਈ ਭਗਤੂ ਦੀ ਓਲਾਦ, ਕੈਂਥਲ ਵਾਲੇ ਰਾਜੇ ਜਿਨ੍ਹਾਂ ਨੇ ਸੂਰਜ ਪ੍ਰਕਾਸ਼ ਲਿਖਾਇਆ ਹੈ, ਉਹ ਓਲਾਦ ਸੀ ਉਹਦੀ। ਸੇਵਾ ਦੇ ਨਾਲ ਐਨਾ ਹੀ ਨਹੀਂ ਕਿ ਪੁੱਤਰ ਦੀ ਪ੍ਰਾਪਤੀ ਹੋਈ, ਨਾਲ ਰਾਜ ਭਾਗ ਵੀ ਮਿਲਿਆ ਤੇ ਅਮਰ ਹੋ ਗਏ ਹਮੇਸ਼ਾ ਵਾਸਤੇ। ਸੇਵਾ ਹੋਰ ਕੀਤੀ, ਸੂਰਜ ਪ੍ਰਕਾਸ਼ ਦੀ ਛਪਾਈ ਕਰਾਈ। ਭਾਈ

ਸੰਤੋਖ ਸਿੰਘ ਜੀ ਨੂੰ ਰੱਖਿਆ ਤੇ ਜਦੋਂ ਸੂਰਜ ਪ੍ਰਕਾਸ਼ ਦੀ ਗੱਲ ਆਏਗੀ ਤੇ ਉਨ੍ਹਾਂ ਦੀ ਬਾਤ ਵੀ ਨਾਲ ਆਏਗੀ। ਸੋ ਕਿੱਡਾ ਵੱਡਾ ਫਲ ਪ੍ਰਾਪਤ ਹੋਇਆ।

ਜਿਹੜੇ ਸੇਵਾ ਨਹੀਂ ਕਰਦੇ, ਮਹਾਰਾਜ ਕਹਿੰਦੇ, ਸੇਵਾ ਤੋਂ ਹੀਣੇ ਬੰਦੇ ਨੂੰ -

***ਵਿਣੁ ਸੇਵਾ ਧ੍ਰਿਗੁ ਹਥ ਪੈਰੁ ਹੋਰ ਨਿਹਫਲ ਕਰਣੀ।***

ਧਿਰਕਾਰ ਹੈ ਤੇਰੇ ਹੱਥਾਂ ਨੂੰ, ਧਿਰਕਾਰ ਹੈ ਤੇਰੇ ਪੈਰਾਂ ਨੂੰ। ਧਿਰਕਾਰ ਹੈ ਤੇਰੇ ਸਰੀਰ ਨੂੰ ਜਿਹੜਾ ਸੇਵਾ ਵਿਚ ਨਹੀਂ ਲਗਦਾ। ਉਹਦਾ ਜੀਉਣਾ ਹੀ ਧਿਰਕਾਰ ਹੈ, ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਕਾਹੇ ਜਗ ਆਏ ਨੇ, ਸੇਵਾ ਤੋਂ ਹੀਣੇ ਬੰਦੇ।***

ਇੱਕ ਪਾਸੇ ਤਾਂ ਮਹਾਰਾਜ ਫੁਰਮਾਨ ਕਰਦੇ ਨੇ ਕਿ ਸੇਵਾ ਕਰਕੇ ਪ੍ਰਮੇਸ਼ਰ ਨੂੰ ਮਿਲ ਸਕਦਾ ਹੈ, ਇੱਕ ਪਾਸੇ ਫੁਰਮਾਨ ਕਰਦੇ ਨੇ ਕਿ ਜਿਹੜੇ ਬੰਦੇ ਸੇਵਾ ਨਹੀਂ ਕਰਦੇ, ਉਹ ਇਹ ਦੱਸਣ ਕਿ ਸੰਸਾਰ 'ਚ ਕੀ ਕਰਨ ਆਏ ਨੇ? ਕਿਉਂਕਿ ਸੇਵਾ ਅਨਿਕ ਭਾਂਤ ਹੈ, ਗੁਰੂ ਦੀ ਸੇਵਾ, ਵਾਹਿਗੁਰੂ ਦੀ ਸੇਵਾ, ਦੁਨੀਆਂ ਦੀ ਸੇਵਾ, ਮਾਂ-ਬਾਪ ਦੀ ਸੇਵਾ, ਬੱਚਿਆ ਦੀ ਸੇਵਾ, ਪਸ਼ੂਆਂ ਦੀ ਸੇਵਾ, ਦਰਖਤਾਂ ਦੀ ਸੇਵਾ, ਸੇਵਾ ਦਾ ਕੋਈ ਥੋੜ੍ਹਾ ਜਿਹਾ ਥਾਉਂ ਤਾਂ ਨਹੀਂ ਹੈ। ਲੇਕਿਨ ਸਾਰਿਆਂ ਨਾਲੋਂ ਜੋ ਸਫਲ ਸੇਵਾ ਹੈ, ਉਹ ਗੁਰੂ ਦੀ ਤੇ ਪ੍ਰਮੇਸ਼ਰ ਦੀ ਸੇਵਾ ਸਫਲ ਹੋਇਆ ਕਰਦੀ ਹੈ। ਬਾਕੀ ਸੇਵਾ ਵਿਚ ਹਿਤ ਹੋਇਆ, ਹਿਤ ਪੂਰਾ ਨਾ ਹੋਵੇ ਗੁੱਸਾ ਆਇਆ ਕਰਦਾ ਹੈ। ਗੁਰਦੁਆਰਾ ਬਣਾ ਲਓ, ਲੋਕ ਪ੍ਰਸੰਸਾ ਕਰਦੇ ਨੇ, ਹਿਤ ਬੰਨ੍ਹ ਲਿਆ ਕਿ ਮੈਨੂੰ ਲੋਕ ਚੰਗਾ ਕਹਿਣ। ਚੋਣਾਂ ਹੋ ਗਈਆਂ, ਬਦਲ ਗਿਆ, ਮੁੜ ਕੇ ਗੁਰਦੁਆਰੇ ਹੀ ਨਹੀਂ ਜਾਦਾ। ਉਹ ਸੇਵਾ ਹਉਮੈ ਦੀ ਕਰ ਰਿਹਾ ਸੀ, ਮਹਾਰਾਜ ਕਹਿੰਦੇ, ਹਉਮੈ ਵਾਲੀ ਸੇਵਾ ਥਾਂ ਨਹੀਂ ਪਿਆ ਕਰਦੀ। ਨਾ ਸੁਖ ਆਉਂਦਾ ਹੈ, ਨਾ ਸੇਵਾ ਮਿਲਦੀ ਹੈ। ਜਿਹੜਾ ਹਉਮੈ ਵਿੱਚ ਸੇਵਾ ਕਰਦਾ ਹੈ ਉਹਦੀ ਸੇਵਾ ਥਾਂ ਨਹੀਂ ਪੈਂਦੀ ਤੇ ਜਿਹੜਾ ਸੇਵਾ ਨਹੀਂ ਕਰਦਾ, ਉਹਦਾ ਸੰਸਾਰ 'ਤੇ ਆਉਣਾ ਨਿਹਫਲ ਹੈ -

***ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ॥***

***ਅੰਗ - 1414***

ਸਤਿਗੁਰੂ ਦੀ ਤਾਂ ਸੇਵਾ ਨਹੀਂ ਕਰੀ ਤੇ ਸ਼ਬਦ ਜਿਹੜਾ ਹੈ ਗੁਰੂ ਦਾ, ਉਹਨੂੰ ਹਿਰਦੇ 'ਚ ਧਾਰਨ ਨਹੀਂ ਕਰਿਆ -

***ਧਿਗੁ ਤਿਨਾ ਕਾ ਜੀਵਿਆ***
***ਕਿਤੁ ਆਏ ਸੰਸਾਰਿ ॥*** ***ਅੰਗ- 1414***

ਕਹਿੰਦੇ ਧਿਰਕਾਰ ਹੈ ਉਨ੍ਹਾਂ ਦਾ ਜੀਉਣਾ ਤੇ ਦੱਸੋ ਕਾਹਦੇ ਵਾਸਤੇ

ਸੰਸਾਰ 'ਤੇ ਆਏ ਨੇ।

***ਜਿਨਾ ਸਤਿਗੁਰੁ ਪੁਰਖੁ ਨ***
***ਸੇਵਿਓ ਸਬਦਿ ਨ ਕੀਤੋ ਵੀਚਾਰੁ ॥***

*ਅੰਗ - ੧੪੧੮*

ਜਿਨ੍ਹਾਂ ਨੇ ਸਤਿਗੁਰੂ ਦੀ ਸੇਵਾ ਨਹੀਂ ਕਰੀ ਤੇ ਉਹਦੇ ਸ਼ਬਦ ਦੀ ਵਿਚਾਰ ਨਹੀਂ ਕਰੀ -

ਉਨ੍ਹਾਂ ਨੂੰ ਮਨੁੱਖ ਨਾ ਕਹੋ ਉਹ ਤਾਂ ਪਸ਼ੂ ਨੇ -

***ਜਿਨਾ ਸਤਿਗੁਰੁ ਪੁਰਖੁ ਨ ਸੇਵਿਓ***
***ਸਬਦਿ ਨ ਕੀਤੋ ਵੀਚਾਰੁ ॥***
***ਓਇ ਮਾਣਸ ਜੂਨਿ ਨ ਆਖੀਅਨਿ***
***ਪਸੂ ਢੋਰ ਗਾਵਾਰ ॥ ਅੰਗ - 1418***

ਉਨ੍ਹਾਂ ਨੂੰ ਮਨੁੱਖ ਨਾ ਕਹੋ ਉਹ ਤਾਂ ਪਸ਼ੂ ਨੇ -

***ਸਤਿਗੁਰ ਸੇਵਾ ਨਾ ਕਰਹਿ***
***ਫਿਰਿ ਫਿਰਿ ਪਛੁਤਾਣੇ ॥ ਅੰਗ - 163***

ਸਤਿਗੁਰ ਦੀ ਸੇਵਾ ਤਾਂ ਕਰਦੇ ਨਹੀਂ ਫੇਰ ਉਨ੍ਹਾਂ ਨੂੰ ਪਛਤਾਉਣਾ ਪੈਂਦਾ ਹੈ, ਕਿਉਂ ਪਛਤਾਉਣਾ ਪੈਂਦਾ ਹੈ? ਕਹਿੰਦੇ -

***ਗਰਭ ਜੋਨੀ ਵਾਸੁ ਪਾਇਦੇ***
***ਗਰਭੇ ਗਲਿ ਜਾਣੇ ॥ ਅੰਗ - 163***

ਗਰਭ ਦੇ ਵਿਚ ਬਾਰ-ਬਾਰ ਆਉਣਗੇ, ਵਿਚੇ ਹੀ ਗਲ ਜਾਣਗੇ। ਹੁਣ ਸੇਵਾ ਤੇ ਨਾਮ ਦੋਹਾਂ ਦੀ ਵਿਚਾਰ ਕਰੀ ਚਲੋ ਤੇ ਸੇਵਾ ਕਰਨ ਵਾਲੇ ਨੂੰ ਵੱਡੀ ਤੋਂ ਵੱਡੀ ਪ੍ਰਾਪਤ ਹੁੰਦੀ ਹੈ, ਐਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਵਾਹਵਾ ਵਾਹਵਾ ਬਈ***
***ਉਤਮ ਪਦਵੀ ਮਿਲਦੀ,***
***ਪਿਆਰੇ ਸੇਵਾ ਗੁਰਾਂ ਦੀ ਕਰਕੇ।***

ਵੱਡੀ ਤੋਂ ਵੱਡੀ ਪਦਵੀ, ਗੁਰੂ ਨਾਨਕ ਪਾਤਸ਼ਾਹ ਦੀ ਸੇਵਾ, ਗੁਰੂ ਅੰਗਦ ਸਾਹਿਬ ਮਹਾਰਾਜ ਨੇ ਕੀਤੀ, ਬੜਾ ਲੰਮਾ ਪ੍ਰਸੰਗ ਹੈ, 51 ਘੰਟੇ ਆਪਾਂ ਇਸ ਗੱਲ 'ਤੇ ਵਿਚਾਰ ਕੀਤੀ ਸੀ ਕਿ ਗੁਰੂ ਅੰਗਦ ਸਾਹਿਬ ਨੇ ਗੁਰੂ ਨਾਨਕ ਸਾਹਿਬ ਨੂੰ ਕਿਵੇਂ ਰਿਝਾ ਲਿਆ। ਗੁਰੂ ਨਾਨਕ ਜੀ ਨੂੰ ਅਕਾਲ ਪੁਰਖ ਜੀ ਨੇ ਪੁਛਿਆ ਕਿ ਹੇ ਨਾਨਕ! ਤੂੰ ਗੁਰੂ ਨਹੀਂ ਧਾਰਿਆ ਸੰਸਾਰ ਦੇ ਅੰਦਰ, ਕੋਈ ਮਿਲਿਆ ਨਹੀਂ ਤੈਨੂੰ? ਮਹਾਰਾਜ ਕਹਿੰਦੇ ਨਾ ਮਹਾਰਾਜ! -

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥***

***ਅੰਗ - 936***

ਆਹ ਤੇਰੇ ਸੰਸਾਰ ਦੇ ਅੰਦਰ ਤਾਂ ਕੋਈ ਹੈ ਨਹੀਂ, ਜਿਹੜਾ ਸਾਮ੍ਹਣੇ ਬੈਠ ਸਕੇ। ਜਿਹਨੂੰ ਅਸੀਂ ਨਿਵ ਸਕੀਏ, ਕੋਈ ਐਸਾ ਨਹੀਂ। ਇਸ ਕਰਕੇ

ਮੈਂ ਤੇਰੇ ਦਰ 'ਤੇ ਹਾਜ਼ਰ ਹੋਇਆ ਹਾਂ। ਓਹੀ ਗੁਰੂ ਨਾਨਕ ਪਾਤਸ਼ਾਹ, ਜਦੋਂ ਗੁਰੂ ਅੰਗਦ ਸਾਹਿਬ ਮਹਾਰਾਜ ਆਏ, ਸਿਰਫ ਸਾਢੇ ਤਿੰਨ ਸਾਲ ਸੇਵਾ ਕਰੀ ਆਪ ਨੇ ਉਨ੍ਹਾਂ ਦੀ, ਸਾਢੇ ਤਿੰਨ ਸਾਲ ਦੀ ਸੇਵਾ ਕਰਕੇ ਅਖੀਰ ਗੁਰੂ ਨਾਨਕ ਪਾਤਸ਼ਾਹ ਨੂੰ ਪੰਜ ਪੈਸੇ ਨਾਰੀਅਲ ਲੈ ਕੇ ਪੰਜ ਪ੍ਰਕਰਮਾ ਕਰਨੀਆਂ ਪਈਆਂ, ਤੇ ਮੱਥਾ ਟੇਕ ਦਿਤਾ। ਚਰਨਾਂ ਦੇ ਉੱਤੇ ਮਸਤਕ ਲਾ ਦਿੱਤਾ ਗੁਰੂ ਨਾਨਕ ਪਾਤਸ਼ਾਹ ਨੇ। ਕਿੱਡੀ ਵੱਡੀ ਪਦਵੀ ਪ੍ਰਾਪਤ ਹੋ ਗਈ, ਇਕ ਜਗਿਆਸੂ ਦੇਵੀ ਨੂੰ ਮੰਨਣ ਵਾਲਾ, ਗੁਰੂ ਨਾਨਕ ਪਾਤਸ਼ਾਹ ਦੇ ਪਾਸ ਆਉਂਦਾ ਹੈ, ਉਸ ਵੇਲੇ ਵੱਡੇ-ਵੱਡੇ ਸਿੱਖ ਸੀ ਗੁਰੂ ਨਾਨਕ ਪਾਤਸ਼ਾਹ ਪਾਸ ਜਿਨ੍ਹਾਂ ਨੂੰ ਸਾਰੀ-ਸਾਰੀ ਜ਼ਿੰਦਗੀ ਲੰਘ ਗਈ ਸੀ ਸੇਵਾ ਕਰਦਿਆਂ ਨੂੰ। ਭਾਈ ਮਨਸੁਖ ਵਰਗੇ, ਭਾਈ ਭਗੀਰਥ ਵਰਗੇ, ਭਾਈ ਸਧਾਰਨ ਵਰਗੇ, ਭਾਈ ਬਾਲੇ ਵਰਗੇ, ਬਾਬਾ ਬੁੱਢਾ ਜੀ ਵਰਗੇ, ਲੇਕਿਨ ਉਨ੍ਹਾਂ ਨੂੰ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ, ਸਿਰਫ ਸੇਵਾ ਕਰਕੇ। ਮਹਾਰਾਜ ਫੁਰਮਾਨ ਕਰਦੇ ਨੇ ਕਿ-

***ਸਤਿਗੁਰ ਕੀ ਸੇਵਾ ਸਫਲ ਹੈ***
***ਜੇ ਕੋ ਕਰੇ ਚਿਤੁ ਲਾਇ ॥ ਅੰਗ - 552***

ਚਿੱਤ ਲਾਉਣ ਦੀ ਗੱਲ ਬਾਰ-ਬਾਰ ਆਉਂਦੀ ਹੈ, ਇਹ ਗੱਲ ਸਮਝਣੀ ਚਾਹੀਦੀ ਹੈ। ਜੇ ਬੱਧਾ-ਰੱਧੀ ਦੀ ਗੱਲ ਕਰੇ, ਮਹਾਰਾਜ ਕਹਿੰਦੇ -

***ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥***

*ਅੰਗ - ੭੮੭*

ਇਹ ਭੇਤ ਹੈ ਥੋੜ੍ਹਾ ਜਿਹਾ ਜਿਹੜਾ ਚਿੱਤ ਲਾ ਕੇ ਕਰਦਾ ਹੈ ਸੇਵਾ, ਉਹਨੂੰ ਨਾ ਅਕੇਵਾਂ ਨਾ ਉਹਨੂੰ ਥਕੇਵਾਂ। ਨਾ ਉਹਨੂੰ ਘਬਰਾਹਟ ਹੈ, ਕੁਛ ਨਹੀਂ ਹੈ। ਕਿਉਂਕਿ ਚਿੱਤ ਲਾ ਕੇ ਕਰਦਾ ਹੈ, ਕਿਉਂਕਿ ਹਰੀ ਦਾ ਜਸ ਵੀ ਕਰਦਾ ਹੈ, ਕੀਰਤਨ ਵੀ ਸੁਣਾ ਰਿਹਾ ਹੈ। ਦੋ ਤਰ੍ਹਾਂ ਦੇ ਲੋਕ ਸੁਣਾਉਂਦੇ ਨੇ ਕੀਰਤਨ, ਇੱਕ ਸੇਵਾ ਦੇ ਵਿਚ ਸੁਣਾਉਂਦੇ ਨੇ, ਇੱਕ ਉਹਦਾ ਮੁੱਲ ਲੈਂਦੇ ਨੇ। ਉਹਦਾ ਮੁੱਲ ਕੌਡੀਆਂ ਲੈਂਦੇ ਨੇ, ਲਾਲਾਂ ਦੇ ਬਦਲੇ। ਜਿਹੜੇ ਸੇਵਾ ਕਰਦੇ ਨੇ ਉਨ੍ਹਾਂ ਦਾ ਮਾਣ ਵਧਦਾ ਹੈ ਦਿਨ-ਬ-ਦਿਨ। ਮਹਾਰਾਜ ਕਹਿੰਦੇ ਚਿੱਤ ਲਾ ਕੇ ਕਰੇ। ਫੇਰ ਕੀ ਹੁੰਦਾ ਹੈ? ਜੋ ਅੰਮ੍ਰਿਤ ਨਾਮ ਕਿਸੇ ਨੂੰ ਮਿਲਦਾ ਹੀ ਨਹੀਂ ਹੈ, ਉਸ ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਹੜੀ ਦੇਵਤਿਆਂ ਨੂੰ ਪ੍ਰਾਪਤ ਨਹੀਂ ਹੋਈ। ਵਾਹਿਗੁਰੂ ਮਨ 'ਚ ਆ ਕੇ ਪ੍ਰਗਟ ਹੋ ਗਿਆ -

***ਸਤਿਗੁਰ ਕੀ ਸੇਵਾ ਸਫਲ ਹੈ***
***ਜੇ ਕੋ ਕਰੇ ਚਿਤੁ ਲਾਇ ॥***
***ਨਾਮੁ ਪਦਾਰਥੁ ਪਾਈਐ ਅਚਿੰਤੁ ਵਸੈ ਮਨਿ ਆਇ ॥***
***ਜਨਮ ਮਰਨ ਦੁਖੁ ਕਟੀਐ***
***ਹਉਮੈ ਮਮਤਾ ਜਾਇ ॥ ਅੰਗ - 552***

ਹਉਮੈ ਵੀ ਖਤਮ ਹੋ ਗਈ, ਹੰਗਤਾ ਤੇ ਮਮਤਾ; ਜਿਹੜਾ ਮੋਹ ਸੀ, ਮੋਹ ਦੀ ਫੌਜ ਕਾਮ, ਕ੍ਰੋਧ, ਲੋਭ, ਮੋਹ ਅਹੰਕਾਰ, ਉਹ ਵੀ ਮਰ ਗਏ। ਫੇਰ -

***ਉਤਮ ਪਦਵੀ ਪਾਈਐ ਸਚੇ ਰਹੈ ਸਮਾਇ ॥***

***ਅੰਗ - 552***

ਵੱਡੀ ਤੋਂ ਵੱਡੀ ਪਦਵੀ 'ਚ ਸਮਾਅ ਕੇ, ਵਾਹਿਗੁਰੂ ਦੇ ਵਿਚ ਲੀਨ ਹੋ ਕੇ ਰਹਿੰਦਾ ਹੈ। ਸੋ ਇਹ ਸੇਵਾ -

***ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥***

***ਅੰਗ - 586***

ਸਾਰੇ ਸੁੱਖਾਂ ਦਾ ਜੋ ਸ਼੍ਰੋਮਣੀ ਫਲ ਹੈ ਉਹ ਗੁਰੂ ਦੀ ਸੇਵਾ 'ਚ ਹੈ।

***ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥***

***ਅੰਗ - 586***

**ਇੱਥੇ ਵਡਿਆਈਆਂ ਹੁੰਦੀਆਂ ਨੇ, ਕੌਣ ਪੁੱਛਦਾ ਹੈ ਸਾਡੇ ਲੋਕਾਂ ਨੂੰ ਜੇ ਹਰੀ ਦਾ ਜਸ ਨਾ ਕਰਦੇ ਹੁੰਦੇ। ਜੋ ਵੀ ਕਰਦਾ ਹੈ, ਨਮਸ਼ਕਾਰਾਂ ਕਰਦੇ ਹਾਂ, ਆਦਰ ਕਰਦੇ ਹਾਂ, ਉੱਚੇ ਥਾਉਂ ਬਿਠਾ ਕੇ ਆਪ ਹੇਠਾਂ ਬੈਠਦੇ ਹਾਂ, ਕਿਉਂ ਬੈਠਦੇ ਹਾਂ, ਕਿਉਂਕਿ ਉਹ ਸੇਵਾ ਕਰ ਰਿਹਾ ਹੈ ਗੁਰੂ ਦੀ। ਚਾਕਰੀ ਕਰ ਰਿਹਾ ਹੈ ਗੁਰੂ ਦੀ, ਚਾਕਰੀ ਕਰ ਰਿਹਾ ਹੈ ਗੁਰੂ ਦੀ ਬਗੈਰ ਕਿਸੇ ਭਾਵਨਾ ਤੋਂ, ਕਿਸੇ ਕਾਮਨਾ ਤੋਂ ਬਗੈਰ। ਸੋ ਇਸ ਤਰ੍ਹਾਂ ਗੁਰੂ ਇਤਿਹਾਸ ਦੇ ਅੰਦਰ ਬਹੁਤ ਜ਼ਿਕਰ ਆਉਂਦਾ ਹੈ।**

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ, ਆਪ ਦੇ ਦੋ ਲੜਕੀਆਂ ਸੀ, ਵੱਡੀ ਦਾ ਨਾਮ ਦਾਨੀ ਸੀ ਤੇ ਛੋਟੀ ਦਾ ਨਾਮ ਬੀਬੀ ਭਾਨੀ ਸੀ। ਸੀਗੀਆਂ ਦੋਵੇਂ ਲੜਕੀਆਂ ਪਰ ਦੋਹਾਂ ਦੀਆਂ ਭਾਵਨਾ ਵਿੱਚ ਫਰਕ ਸੀ, ਦੋਵੇਂ ਦਮਾਦ ਸੀ, ਦੋਵੇਂ ਦਮਾਦਾਂ ਦੀ ਭਾਵਨਾ 'ਚ ਫਰਕ ਸੀ। ਸਿਰਫ ਭਾਵਨਾ ਕੰਮ ਕਰਦੀ ਹੈ ਆਪਣੀ। ਚਾਹੇ ਗੁਰੂ ਨੂੰ ਮਨੁੱਖ ਸਮਝ ਲਓ, ਚਾਹੇ ਗੁਰੂ ਨੂੰ ਪ੍ਰਮੇਸ਼ਰ ਸਮਝ ਲਓ। ਭਾਵਨਾ ਦਾ ਕੰਮ ਹੈ। ਆਮ ਤੌਰ 'ਤੇ ਬੱਚੇ ਪਿਤਾ ਨੂੰ ਕਦੇ ਵੀ ਮਾਣ ਨਹੀਂ ਦਿਆ ਕਰਦੇ ਜੋ ਉਨ੍ਹਾਂ ਦਾ ਮਾਣ ਸੰਸਾਰ 'ਚ ਹੁੰਦਾ ਹੈ। ਬੱਚੇ ਨੁਕਸ ਕੱਢਣਗੇ। ਬੱਚੇ ਗੱਲਾਂ ਕਰਨਗੇ ਕਿ ਇਹ ਤਾਂ ਐਵੇਂ ਹੈ ਜੀ। ਕਿਉਂਕਿ ਬੱਚਿਆਂ ਨੂੰ ਪੈਸਾ ਚਾਹੀਦਾ ਹੈ, ਬੱਚਿਆਂ ਦਾ ਹੋਰ ਤਰ੍ਹਾਂ ਦਾ ਸੋਚਣਾ ਹੈ। ਕੋਈ ਬੱਚਾ ਹੈ ਭਾਗਾਂ ਵਾਲਾ ਜਿਹੜਾ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰੇ, ਕੋਈ-ਕੋਈ ਹੈ, ਹੁਣ ਤਾਂ ਕੋਈ ਰਿਹਾ ਹੀ ਨਹੀਂ, ਬਹੁਤ ਘੱਟ ਨੇ। ਪਹਿਲਾਂ ਹੁੰਦੇ ਸੀ, ਲੇਕਿਨ ਕੋਈਓ ਬੱਚਾ ਹੋਏਗਾ, ਜਿਹੜਾ ਆਪਣੇ ਮਾਂ-ਬਾਪ ਨੂੰ ਪ੍ਰਮੇਸ਼ਰ ਦਾ ਸਰੂਪ ਸਮਝੇ। ਇਹ ਬੀਬੀ ਭਾਨੀ, ਗੁਰੂ ਅਮਰਦਾਸ ਜੀ ਨੂੰ ਕੇਵਲ ਪਿਤਾ ਨਹੀਂ ਸੀ ਸਮਝਦੀ। ਉਨ੍ਹਾਂ

ਨੂੰ ਪਾਰਬ੍ਰਹਮ ਪ੍ਰਮੇਸ਼ਰ ਸਮਝ ਕੇ ਦਿਨ ਰਾਤ ਸੇਵਾ 'ਚ ਲੱਗੀ ਰਹਿੰਦੀ ਸੀ। ਜੇ ਕਹਿਣਾ ਕਿ ਬੀਬੀ ਤੁਸੀਂ ਕਪੜੇ ਧੋ ਲਓ, ਤੁਹਾਡੇ ਕੱਪੜਿਆਂ 'ਚ ਵਲ ਪਏ ਹੋਏ ਨੇ, ਕੇਸ ਤੁਹਾਡੇ ਤੋਂ ਵਾਹੇ ਨਹੀਂ ਗਏ। ਉਹ ਕਹਿੰਦੀ ਨਾ, ਇਹੀ ਸਮਾਂ ਮੈਂ ਪ੍ਰਭੂ ਦੀ ਸੇਵਾ ਵਿਚ ਲਾਉਣਾ ਚਾਹੁੰਦੀ ਹਾਂ, ਮੈਨੂੰ ਫੁਰਸਤ ਨਹੀਂ ਹੈ, ਵਿਹਲ ਨਹੀਂ ਹੈ ਮੈਨੂੰ ਇਨ੍ਹਾਂ ਚੀਜ਼ਾਂ ਵਾਸਤੇ। ਸੋ ਵਿਦੇਹ ਹੋ ਕੇ ਸੇਵਾ ਕਰਿਆ ਕਰਦੀ ਸੀ ਤੇ ਉਨ੍ਹਾਂ ਨੂੰ ਪ੍ਰਮੇਸ਼ਰ ਦਾ ਸਰੂਪ ਸਮਝਦੀ ਹੈ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਗੁਰ ਗੋਬਿੰਦ-ਗੋਬਿੰਦ ਗੁਰੂ ਹੈ,***
***ਨਾਨਕ ਭੇਦ ਨ ਭਾਈ।***

***ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ***
***ਇਕ ਵਸਤੁ ਅਨੂਪ ਦਿਖਾਈ ॥***
***ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ***
***ਨਾਨਕ ਭੇਦੁ ਨ ਭਾਈ ॥ ਅੰਗ - 442***

ਗੁਰੂ ਜੋ ਹੋਇਆ ਕਰਦਾ ਹੈ ਉਹ ਪ੍ਰਮੇਸ਼ਰ ਦਾ ਸਰਗੁਨ ਸਰੂਪ ਹੋਇਆ ਕਰਦਾ ਹੈ, ਪ੍ਰਮੇਸ਼ਰ ਆਪ ਨਿਰਗੁਨ ਸਰੂਪ ਹੈ, ਗੁਰੂ ਉਹਦਾ ਸਰਗੁਨ ਸਰੂਪ ਹੈ ਤੇ ਗੁਰੂ ਪ੍ਰਮੇਸ਼ਰ. ਦੇ ਨਿਰਗੁਨ ਸਰੂਪ ਦੇ ਨਾਲ ਜਗਿਆਸੂ ਨੂੰ ਮਿਲਾ ਕੇ ਉਹਦਾ ਜਨਮ ਮਰਨ ਕੱਟ ਦਿੰਦਾ ਹੈ। ਇਹ ਭਾਵਨਾ ਜਿੰਨਾਂ ਚਿਰ ਹਿਰਦੇ 'ਚ ਨਹੀਂ ਆਉਂਦੀ ਓਨੀਂ ਦੇਰ ਤਕ ਰੂਹਾਨੀ ਤਰੱਕੀ ਨਹੀਂ ਹੋਇਆ ਕਰਦੀ। ਗੁਰੂ ਨੂੰ ਹੋਰ ਸਮਝਣਾ ਤੇ ਪ੍ਰਮੇਸ਼ਰ ਨੂੰ ਹੋਰ ਸਮਝਣਾ। ਮਹਾਰਾਜ ਕਹਿੰਦੇ ਕਿ ਗੁਰੂ ਤਾਂ ਹੁੰਦਾ ਹੀ ਪ੍ਰਮੇਸ਼ਰ ਹੈ।

***ਗੁਰ ਗੋਬਿੰਦ ਗੋਪਾਲ ਗੁਰ***
***ਗੁਰ ਪੂਰਨ ਨਾਰਾਇਣਹ ॥***
***ਗੁਰ ਦਇਆਲ ਸਮਰਥ ਗੁਰ***
***ਗੁਰ ਨਾਨਕ ਪਤਿਤ ਉਧਾਰਣਹ ॥***

***ਅੰਗ - 710***

***ਨਾਨਕ ਸੋਧੇ ਸਿੰਮ੍ਰਿਤਿ ਬੇਦ ॥***
***ਪਾਰਬ੍ਰਹਮ ਗੁਰ ਨਾਹੀ ਭੇਦ ॥ ਅੰਗ- 1142***

ਉਹ ਤਾਂ ਹੁੰਦਾ ਹੀ ਪੂਰਾ ਪਰਮੇਸ਼ਰ ਹੈ, ਮਾੜਾ ਮੋਟਾ ਫਰਕ ਨਹੀਂ ਹੈ ਮਹਾਰਾਜ ਜੀ ਕਹਿੰਦੇ। ਗੁਰੂ ਅੰਗਦ ਸਾਹਿਬ ਮਹਾਰਾਜ ਨੇ, ਆਪ ਦੀ ਹਜ਼ੂਰੀ ਦੇ ਅੰਦਰ ਕੁਛ ਬਹੁਤ ਉੱਚ ਕੋਟੀ ਦੇ ਸਿੱਖ ਬੈਠੇ ਨੇ। ਜਿਹੜੇ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਬਚਪਨ ਤੋਂ ਲੈ ਕੇ ਅਖੀਰ ਤੱਕ ਨਾਲ ਰਹੇ। ਆਪ ਨੇ ਭਾਈ ਬਾਲਾ ਜੀ ਨੂੰ ਪੁੱਛਿਆ, ਜਿਸਨੇ ਜਨਮ ਸਾਖੀ ਲਿਖਾਈ, ਕਹਿਣ ਲੱਗੇ, ਕਿਉਂ ਭਾਈ ਬਾਲਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਦੇ ਅਨੇਕਾਂ ਕੌਤਕ ਦੇਖੇ ਤੇ ਨਾਲ ਰਹੇ ਤੇ ਬਚਨ ਸਰਵਣ ਕਰੇ। ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਸਾਰੀ ਜ਼ਿੰਦਗੀ ਸਮਝਦੇ ਕੀ ਰਹੇ? ਦੋਵੇਂ ਹੱਥ ਜੋੜ ਲਏ ਭਾਈ ਬਾਲੇ ਨੇ, ਕਹਿਣ ਲੱਗੇ, ਮਹਾਰਾਜ! ਗੁਰੂ ਨਾਨਕ ਸਾਹਿਬ

ਤਾਂ ਪੂਰਨ ਸੰਤ ਸੀਗੇ। ਅੱਛਾ ਭਾਈ ਤੂੰ ਸੰਤ ਹੋਇਆ। ਬਾਬਾ ਬੁੱਢਾ ਜੀ ਨੂੰ ਪੁੱਛਿਆ ਕਿ ਤੁਸੀਂ ਦੱਸੋ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਉਸ ਵੇਲੇ ਆਪ ਨੇ ਦੋਵੇਂ ਹੱਥ ਜੋੜ ਕੇ ਕਹਿਣ ਲੱਗੇ ਕਿ ਪਾਤਸ਼ਾਹ! ਉਹ ਤਾਂ ਪੂਰਨ ਬ੍ਰਹਮਗਿਆਨੀ ਸੀ। ਕਹਿੰਦੇ ਅੱਛਾ ਭਾਈ ਤੂੰ ਬ੍ਰਹਮਗਿਆਨੀ ਹੋਇਆ। ਭਾਈ ਮਨਸੁਖ ਨੂੰ ਪੁਛਿਆ ਕਿ ਭਾਈ ਮਨਸੁਖ ਜੀ ਤੁਸੀਂ ਗੁਰੂ ਪਾਤਸ਼ਾਹ ਨੂੰ ਕੀ ਸਮਝਦੇ ਰਹੇ, ਭਾਈ ਭਗੀਰਥ ਜੀ ਤੁਸੀਂ ਕੀ ਸਮਝਦੇ ਰਹੇ? ਕਹਿੰਦੇ, ਪਾਤਸ਼ਾਹ! ਸਾਨੂੰ ਤਾਂ ਉਹ ਰੱਬ ਵਰਗੇ ਲਗਦੇ ਸੀ। ਕਹਿੰਦੇ ਅੱਛਾ ਭਾਈ! ਵਰਗੇ ਲਗਦੇ ਸੀ? ਕਹਿੰਦੇ, ਹਾਂ ਜੀ। ਫੇਰ ਸਾਰਿਆਂ ਨੇ ਗੁਰੂ ਅੰਗਦ ਸਾਹਿਬ ਨੂੰ ਪੁੱਛਿਆ ਕਿ ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਓਸ ਵੇਲੇ ਗੁਰੂ ਅੰਗਦ ਸਾਹਿਬ ਨੇ ਨੇਤਰ ਬੰਦ ਕਰ ਲਏ, ਗਹਿਰੇ ਚਲੇ ਗਏ ਅੰਦਰ, ਕਾਫੀ ਦੇਰ ਚੁੱਪ ਰਹੇ। ਉਸ ਤੋਂ ਬਾਅਦ ਨੇਤਰ ਖੋਲ੍ਹੇ, ਨੇਤਰਾਂ ਦੇ ਵਿਚ ਲਾਲੀ ਸੀ। ਕੋਇਆਂ ਦੇ ਵਿਚ ਦੋ ਜਲ ਦੇ ਟੇਪੇ ਸੀ, ਆਪ ਕਹਿਣ ਲੱਗੇ, ਪੇਮੀਓ! ਗੁਰੂ ਨਾਨਕ ਪਾਤਸ਼ਾਹ ਕਰੋੜਾਂ ਬ੍ਰਹਿਮੰਡਾਂ ਦੇ ਮਾਲਕ, ਗੁਰੂ ਪ੍ਰਮੇਸ਼ਰ ਸੰਸਾਰ ਦੇ ਉਪਰ ਸਾਕਾਰ ਰੂਪ ਧਾਰ ਕੇ ਗੁਰੂ ਸਰੂਪ ਵਿੱਚ ਪ੍ਰਗਟ ਹੋਏ, ਉਹ ਤਾਂ ਆਪ ਹੀ ਪ੍ਰਮੇਸ਼ਰ ਸੀਗੇ। ਵਰਗੇ ਨਹੀਂ, ਉਹ ਤਾਂ ਸੀਗੇ ਹੀ ਪ੍ਰਮੇਸ਼ਰ। ਵਰਗੇ ਦਾ ਤੇ ਸੀਗੇ ਦਾ ਤਾਂ ਫਰਕ ਹੁੰਦਾ ਹੈ। ਵਰਗਾ ਤਾਂ ਹੋ ਗਿਆ ਕਿ ਫਲਾਣੇ ਵਰਗਾ ਹੈ ਇਹ, ਉਹ ਤਾਂ ਨਾ ਹੋਇਆ ਫੇਰ। ਇੱਥੇ ਭੇਤ ਰਹਿ ਗਿਆ, ਚਾਰ ਨਿਸ਼ਚੇ ਹੁੰਦੇ ਨੇ, ਪਹਿਲਾ ਹੁੰਦਾ ਹੈ ਕਿ ਮੇਰਾ ਗੁਰੂ ਜੋ ਹੈ ਉਹ ਚੰਗਾ ਸੰਤ ਹੈ। ਦੂਸਰਾ ਹੁੰਦਾ ਹੈ ਕਿ ਮੇਰਾ ਗੁਰੂ ਸਾਰੇ ਸੰਤਾਂ ਨਾਲੋਂ ਚੰਗਾ ਸੰਤ ਹੈ। ਤੀਸਰਾ ਹੁੰਦਾ ਹੈ ਕਿ ਮੇਰਾ ਗੁਰੂ ਰੱਬ ਵਰਗਾ ਹੈ, ਚੌਥਾ ਹੁੰਦਾ ਹੈ ਕਿ ਇਹ ਤਾਂ ਹੈ ਹੀ ਰੱਬ। ਜਿਹੜੇ ਚੌਥੇ ਨਿਸ਼ਚੇ ਵਾਲੇ ਨੇ ਉਹ ਤਰ ਜਾਇਆ ਕਰਦੇ ਨੇ। ਸਾਰਿਆਂ ਨੇ ਨਮਸ਼ਕਾਰ ਕਰ ਦਿੱਤੀ ਕਹਿੰਦੇ ਪਾਤਸ਼ਾਹ! ਤਾਂ ਹੀ ਤੁਸੀਂ ਆਪ ਪ੍ਰਮੇਸ਼ਰ ਬਣ ਗਏ ਨਾ, ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਸਮਝ ਕੇ। ਐਨੀ ਉੱਚੀ ਆਪ ਦੀ ਭਾਵਨਾ ਸੀ, ਤਾਂ ਹੀ ਗੁਰੂ ਨਾਨਕ ਪਾਤਸ਼ਾਹ ਨੇ ਸਾਢੇ ਤਿੰਨ ਸਾਲ ਦੇ ਅੰਦਰ ਆਪ ਨੂੰ ਪ੍ਰਵਾਨ ਕਰ ਦਿੱਤਾ, ਹੁਣ ਸਾਡੇ ਸਮਝ ਵਿੱਚ ਆਈ ਹੈ ਇਹ ਗੱਲ ਕਿ ਅਸੀਂ ਗੁਰੂ ਨਾਨਕ ਨੂੰ ਉਹ ਕੁਛ ਨਾ ਸਮਝੇ, ਜੋ ਕੁਛ ਉਹ ਸੀਗੇ। ਕਹਿੰਦੇ –

*ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤ ਸਰੁ ॥*
*ਓਹੁ ਆਦਿ ਜੁਗਾਦੀ ਜੁਗਹ ਜੁਗੁ ਪੂਰਾ ਪਰਮੇਸਰੁ ॥*

*ਅੰਗ – 397*

ਕਹਿੰਦੇ ਉਹ ਤਾਂ ਆਦਿ ਤੋਂ ਹੀ ਪ੍ਰਮੇਸ਼ਰ ਸੀ ਇੱਥੇ ਆ ਕੇ ਤਪ ਤਾਂ ਨਹੀਂ ਨਾ ਕਰਿਆ। ਇੱਥੇ ਆ ਕੇ ਸਾਧਨਾ ਨਹੀਂ ਕਰੀਆਂ। ਇੱਥੇ ਆ ਕੇ ਗੁਰਿਆਈ ਨਹੀਂ ਮਿਲੀ ਉਹ ਤਾਂ ਆਦਿ ਤੋਂ ਜਦੋਂ ਤੋਂ ਸੰਸਾਰ ਰਚਿਆ ਹੈ ਉਹ ਤਾਂ ਜੁਗਾਂ ਜੁਗਾਂਤਰਾਂ ਤੋਂ ਪੂਰਨ ਪ੍ਰਮੇਸ਼ਰ ਸੀ।

*ਸਫਲ ਮੂਰਤਿ ਗੁਰਦੇਉ ਸੁਆਮੀ*
*ਸਰਬ ਕਲਾ ਭਰਪੂਰੇ ॥*
*ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ*
*ਸਦਾ ਸਦਾ ਹਜੂਰੇ ॥ ਅੰਗ - 802*

**ਆਹ ਗੱਲ ਫੇਰ ਨੋਟ ਕਰਨ ਵਾਲੀ ਹੈ ਕਿ ਗੁਰੂ ਨਾਨਕ ਪਾਰਬ੍ਰਹਮ ਪ੍ਰਮੇਸ਼ਰ ਨੇ ਤੇ ਸਾਡੇ ਨਾਲ ਰਹਿੰਦੇ ਨੇ, ਭਟਕਣ ਦੀ ਲੋੜ ਨਹੀਂ ਹੈ ਕਿ ਓਸ ਤੀਰਥ 'ਤੇ ਜਾਵਾਂਗੇ ਓਥੇ ਗੁਰੂ ਦਸਵੇਂ ਪਾਤਸ਼ਾਹ ਮਿਲਣਗੇ। ਕਿੰਨਿਆਂ ਦੇ ਵਿਚਾਰ ਨੇ ਇਹ। ਤੀਰਥ ਆਪਣੇ ਥਾਉਂ ਹੁੰਦਾ ਹੈ, ਮਹੱਤਤਾ ਰਖਦੇ ਨੇ। ਓਥੇ ਗੁਰੂਆਂ ਨੇ ਕੌਤਕ ਕੀਤੇ ਹੁੰਦੇ ਨੇ, ਉਹ ਧਰਤੀ ਪਵਿੱਤਰ ਹੁੰਦੀ ਹੈ। ਜੇ ਕਿਸੇ ਦੇ ਇਹ ਖਿਆਲ ਵਿਚ ਹੋਵੇ ਕਿ ਓਥੇ ਗੁਰੂ ਮਹਾਰਾਜ, ਗੁਰੂ ਦਸਵੇਂ ਪਾਤਸ਼ਾਹ ਰਹਿੰਦੇ ਨੇ। ਕਿੰਨੇ ਹੀ ਖਿਆਲ ਨੇ, ਮੈਂ ਸੁਣਦਾ ਰਹਿੰਦਾ ਹਾਂ। ਕਹਿੰਦੇ ਜੀ, ਗੁਰੂ ਸਾਹਿਬ ਹਜ਼ੂਰ ਸਾਹਿਬ ਰਹਿੰਦੇ ਨੇ। ਚੁੱਪ ਕਰ ਜਾਈਦਾ ਹੈ। ਕਈ ਕਹਿੰਦੇ ਨੇ ਜੀ ਗੁਰੂ ਸਾਹਿਬ ਹੇਮਕੁੰਟ ਬਰਫਾਂ 'ਤੇ ਰਹਿੰਦੇ ਨੇ। ਗੁਰੂ ਗ੍ਰੰਥ ਸਾਹਿਬ ਨੂੰ ਪੁੱਛੋ ਕਿ ਗੁਰੂ ਕਿੱਥੇ ਰਹਿੰਦਾ ਹੈ? ਕਬੀਰ ਸਾਹਿਬ ਕਹਿੰਦੇ ਕਿ ਮੈਨੂੰ ਵੀ ਇਸੇ ਤਰ੍ਹਾਂ ਭੁਲੇਖਾ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ। ਕਹਿੰਦੇ ਮੈਂ ਹੱਜ ਕਰਨ ਵਾਸਤੇ ਤਿਆਰੀ ਕਰ ਲਈ, ਕਿ ਜੇ ਉਥੇ ਰਹਿੰਦਾ ਹੈ ਚਲੋ ਚੱਲ ਕੇ ਮਿਲਦੇ ਹਾਂ। ਕਬੀਰ ਸਾਹਿਬ ਨੂੰ ਤਾਂ ਕੋਈ ਹਿੰਦੂ ਕਹਿੰਦਾ ਸੀ, ਨਾ ਮੁਸਲਮਾਨ ਕਹਿੰਦਾ ਸੀ, ਉਹ ਕਹਿੰਦੇ ਸੀ ਕਿ ਅਸੀਂ ਦੋਵੇਂ ਨਹੀਂ ਹੈਗੇ ਅਸੀਂ ਤਾਂ ਮਨੁੱਖ ਹਾਂ। ਤਿਆਰੀ ਕਰ ਲਈ ਤੇ ਜਿਸ ਵਕਤ ਤੁਰ ਕੇ ਸ਼ਹਿਰ ਤੋਂ ਬਾਹਰ ਨੂੰ ਗਏ। ਕਬੀਰ ਸਾਹਿਬ ਕਹਿੰਦੇ ਅੱਗੇ ਮੈਂ ਕੀ ਦੇਖਦਾ ਹਾਂ ਕਿ ਮੈਨੂੰ ਰੱਬ ਮਿਲ ਗਿਆ ਤਾਂ ਮੇਰੇ ਨਾਲ ਅੱਗੇ ਤਾਂ ਪਿਆਰ ਨਾਲ ਗੱਲ ਕਰਦਾ ਹੁੰਦਾ ਸੀ, ਅੱਜ ਮੇਰੇ ਬਹੁਤ ਨਰਾਜ਼ ਹੋ ਗਿਆ, ਮੈਨੂੰ ਬੁਰੀਆਂ ਭਲੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿਤੀਆਂ ਤੇ ਮੇਰੇ ਨਾਲ ਲੜਾਈ ਕਰ ਲਈ। ਕਹਿੰਦੇ ਕਿਹੜੀ ਗੱਲ ਦੀ ਲੜਾਈ ਕਰ ਲਈ ਕਿ ਤੂੰ ਮੱਕੇ ਨੂੰ ਜਾ ਰਿਹਾ ਹੈਂ। ਕਹਿੰਦੇ ਨਹੀਂ ਉਨ੍ਹਾਂ ਨੇ ਮੇਰੇ ਨਾਲ ਇੱਕ ਲੜਾਈ ਕਰੀ -**

*ਕਬੀਰ ਹਜ ਕਾਬੇ ਹਉ ਜਾਇ ਥਾ*
*ਆਗੈ ਮਿਲਿਆ ਖੁਦਾਇ ॥*
*ਸਾਂਈ ਮੁਝ ਸਿਉ ਲਰਿ ਪਰਿਆ*
*ਤੁਝੈ ਕਿਨ੍ਹਿ ਫੁਰਮਾਈ ਗਾਇ ॥ ਅੰਗ-1375*

ਮੇਰੇ ਨਾਲ ਲੜ ਪਿਆ, ਤੈਨੂੰ ਆਹ ਗੱਲ ਦੱਸੀ ਕੀਹਨੇ ਹੈ ਕਿ ਮੈਂ ਮੱਕੇ 'ਚ ਰਹਿੰਦਾ ਹਾਂ? ਮਹਾਰਾਜ ਕਹਿੰਦੇ, ਅਕੀਦੇ ਨੇ ਲੋਕਾਂ ਦੇ ਕਿ ਦੱਖਣ

ਦੇ ਵਿਚ ਰੱਬ ਰਹਿੰਦਾ ਹੈ, ਸ਼ਾਸਤਰਾਂ ਵਾਲੇ, ਹਿੰਦੂ ਧਰਮ ਦਾ ਨਿਹਚਾ ਹੈ ਕਿ ਦੱਖਣ ਦੇ ਵਿਚ ਰੱਬ ਰਹਿੰਦਾ ਹੈ। ਮੁਸਲਮਾਨਾਂ ਦਾ ਅਕੀਦਾ ਹੈ ਕਿ ਰੱਬ ਪੱਛਮ 'ਚ ਰਹਿੰਦਾ ਹੈ। ਹੁਣ ਦੱਸੋ ਦੋਹਾਂ ਨੂੰ ਕਿਵੇਂ ਮਿਲਾ ਦਿਓਂਗੇ ਤੁਸੀਂ। ਉਹ ਕਹਿੰਦੇ ਦੱਖਣ 'ਚ ਰੱਬ ਹੈ। ਉਹ ਕਹਿੰਦੇ ਪੱਛਮ 'ਚ ਰੱਬ ਹੈ। ਸੰਤ ਕਹਿੰਦੇ ਕਿ ਫੇਰ ਬਾਕੀ ਦੇਸ਼ ਕੀਹਦਾ ਰਹਿ ਗਿਆ। ਰੱਬ ਦੋ ਨੇ ਕਿ ਇੱਕ ਹੈ। ਇਹ ਭੁਲੇਖੇ ਨੇ ਸਾਧਸੰਗਤ ਜੀ! ਸਾਡੇ ਮਨਾਂ 'ਚ ਪੈਂਦੇ। ਮਹਾਰਾਜ ਕਹਿੰਦੇ ਤੁਸੀਂ ਯਾਦ ਰੱਖੋ -

***ਸਫਲ ਮੂਰਤਿ ਗੁਰਦੇਉ ਸੁਆਮੀ ਸਰਬ ਕਲਾ ਭਰਪੂਰੇ॥***
***ਨਾਨਕ ਗੁਰੁ ਪਾਰਬ੍ਰਹਮੁ ਪਰਮੇਸਰੁ ਸਦਾ ਸਦਾ ਹਜੂਰੇ ॥***

***ਅੰਗ - 802***

ਉਹ ਤਾਂ ਜਾਂਦੇ ਹੀ ਨਹੀਂ ਸਿੱਖ ਨੂੰ ਛੱਡ ਕੇ, ਨਾਲ ਰਹਿੰਦੇ ਨੇ।

***ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥***
***ਸਿਮਰਿ ਸਿਮਰਿ ਤਿਸੁ ਸਦਾ ਸਮ੍ਹਾਲੇ ॥***

***ਅੰਗ - 394***

ਤੂੰ ਨਹੀਂ ਯਾਦ ਰਖਦਾ। ਤੂੰ ਹਰ ਵਕਤ ਭੁੱਲਿਆ ਰਹਿੰਦਾ ਹੈਂ, ਗੁਰੂ ਤਾਂ ਐਨਾ ਸਮਰੱਥ ਹੈ ਘਟ-ਘਟ 'ਚ ਵਿਆਪਕ ਹੈ। ਇਹਦੇ ਵਾਸਤੇ ਇਸ ਤਰ੍ਹਾਂ ਦਾ ਨਿਹਚਾ, ਬੀਬੀ ਭਾਨੀ ਦਾ ਸੀ, ਕਦੇ ਵੀ ਪਿਤਾ ਕਰਕੇ ਨਹੀਂ ਸੀ ਦੇਖਦੀ ਉਹ ਭੁੱਲ ਕੇ ਵੀ। ਬੀਬੀ ਦਾਨੀ ਦਾ ਹੋਰ ਤਰ੍ਹਾਂ ਸੀ ਜਿਵੇਂ ਸੰਸਾਰ 'ਚ ਹੁੰਦਾ ਹੈ ਕਿ ਮੇਰੇ ਪਿਤਾ ਜੀ ਬਹੁਤ ਚੰਗੇ ਨੇ, ਲੋਕ ਇਨ੍ਹਾਂ ਦੀ ਬੜੀ ਮਾਨਤਾ ਕਰਦੇ ਨੇ, ਗੁਰੂ ਨੇ। ਨਮਸ਼ਕਾਰ ਵੀ ਕਰਦੇ ਸੀ, ਸੇਵਾ ਵੀ ਕਰਦੇ ਸੀ, ਪਰ ਨਿਹਚੇ 'ਚ ਫਰਕ ਸੀ ਦੋਹਾਂ ਦੇ। ਇਵੇਂ ਜਿਵੇਂ ਦੋਹਾਂ ਦਾਮਾਦਾਂ ਦੇ ਨਿਹਚੇ 'ਚ ਫਰਕ ਸੀ। ਭਾਈ ਜੇਠਾ ਜੀ ਦਾ, ਗੁਰੂ ਰਾਮਦਾਸ ਮਹਾਰਾਜ ਜੀ ਦਾ ਹੋਰ ਸੀ ਨਿਹਚਾ। ਭਾਈ ਰਾਮੇ ਦਾ ਨਿਹਚਾ ਹੋਰ ਸੀ। ਉਹ ਗੁਰੂ ਮਹਾਰਾਜ ਨੂੰ ਇੱਕ ਚੰਗੇ ਸਾਧੂ ਸਮਝਦੇ ਸੀ। ਇਹ ਪਾਰਬ੍ਰਹਮ ਪ੍ਰਮੇਸ਼ਰ ਸਮਝਦੇ ਸੀ। ਜਿੰਨੀ ਦੇਰ ਤੱਕ ਪ੍ਰਤੀਤ ਨਹੀਂ ਨਾ ਆਉਂਦੀ, ਓਨੀਂ ਦੇਰ ਤਕ ਗੱਲ ਨਹੀਂ ਬਣਦੀ। ਸਾਰਿਆਂ ਤੋਂ ਵੱਡੀ ਚੀਜ਼ ਰੂਹਾਨੀ ਮੰਜ਼ਲ ਦੇ ਅੰਦਰ ਭਰੋਸਾ ਯਕੀਨ, ਪ੍ਰਤੀਤ ਹੈ। ਜੇ ਪ੍ਰਤੀਤ ਨਹੀਂ ਆਉਂਦੀ ਤਾਂ ਅੱਗੇ ਗੱਲ ਨਹੀਂ ਚਲਦੀ -

***ਧਾਰਨਾ - ਗੁਰ ਕੀ ਪਰਤੀਤ ਜੀ,***
***ਜਿਸਦੇ ਮਨ ਵਿਚ ਹੈ ਭਾਈ।***
***ਜਾ ਕੈ ਮਨਿ ਗੁਰ ਕੀ ਪਰਤੀਤਿ ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥***

***ਅੰਗ - 283***

ਜੇ ਪ੍ਰਤੀਤ ਹੀ ਨਹੀਂ, ਭਰੋਸਾ ਨਹੀਂ ਹੈ। ਫੇਰ ਤਾਂ ਗੱਲ ਕੋਈ ਨਹੀਂ ਬਣਿਆ ਕਰਦੀ। ਇੱਕ ਰਾਜਾ ਸੀ ਉਹਨੇ ਆਪਣੇ ਵਜ਼ੀਰ ਨੂੰ ਪੁੱਛਿਆ

ਕਿ ਇੱਕ ਗੱਲ ਦੀ ਮੈਨੂੰ ਸਮਝ ਨਹੀਂ ਆਉਂਦੀ ਕਿ ਪੀਰ ਵੱਡਾ ਹੈ ਕਿ ਭਰੋਸਾ ਵੱਡਾ ਹੈ। ਸਾਡੇ ਕੰਮ ਆਉਣ ਵਾਲੀ ਗੱਲ ਹੈ, ਧਿਆਨ ਨਾਲ ਅਪਣਾਓ ਇਸ ਚੀਜ਼ ਨੂੰ। ਕਿਉਂਕਿ ਮੇਰੇ ਕੋਲ ਜਦੋਂ ਆਉਂਦੇ ਨੇ, ਕੋਈ ਕਹਿੰਦਾ ਹੈ ਕਿ ਮੇਰਾ ਆਹ ਨਹੀਂ ਹੁੰਦਾ ਜੀ, ਮੇਰਾ ਆਹ ਨਹੀਂ ਹੁੰਦਾ। ਮੇਰਾ ਪਤੀ ਸ਼ਰਾਬ ਪੀਂਦਾ ਹੈ, ਮੇਰਾ ਪੁੱਤਰ ਪੀਂਦਾ ਹੈ ਜੀ। ਸਾਨੂੰ ਆਹ ਔਕੜ ਹੈ, ਮੈਂ ਕਹਿੰਦਾ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਕੋਲ ਜਾ ਕੇ ਕਹਿ ਦਿਓ। ਮਹਾਰਾਜ ਜੀ ਤਾਂ ਕੋਲ ਹੀ ਨੇ, ਮੈਂ ਤਾਂ ਉਨ੍ਹਾਂ ਦਾ ਇਕ ਨਿੱਕਾ ਜਿਹਾ ਏਜੰਟ ਬੈਠਾ ਹਾਂ ਇੱਥੇ, ਮਾਲਕ ਬੈਠੇ ਨੇ ਜਾ ਕੇ ਉਨ੍ਹਾਂ ਨੂੰ ਕਹੋ। ਮੈਂ ਕਿਉਂ ਕਹਿੰਦਾ ਹਾਂ, ਮੈਂ ਕਹਿੰਦਾ ਕਿ ਤੂੰ ਜਾ ਕੇ ਨਿਹਚੇ ਨਾਲ ਕਹਿ ਦੇ, ਉਹ ਉਦੋਂ ਹੀ ਸੁਣ ਲੈਣਗੇ, ਐਸੀ ਗੱਲ ਨਹੀਂ ਸੁਣਨੀ, ਨਿਹਚੇ ਦੀ ਤਾਰ ਜੋੜ ਲੈ, ਹੁਣੇ ਆਪਣਾ ਨੰਬਰ ਘੁੰਮਾ ਦੇ, ਓਸੇ ਵੇਲੇ ਘੰਟੀ ਵੱਜਣ ਲੱਗ ਜਾਏਗੀ ਓਧਰਲੇ ਪਾਸੇ। ਜੇ ਤਾਰ ਹੀ ਨਹੀਂ ਜੁੜੀ ਹੋਈ ਫੇਰ ਨੰਬਰ ਘੁੰਮਾਈ ਜਾਹ ਜਿੰਨਾ ਚਿਰ ਜੀਅ ਕਰਦਾ ਹੈ। ਘੰਟੀ ਤਾਂ ਫੇਰ ਵੱਜਣੀ ਨਹੀਂ ਨਾ। ਇਹਨੂੰ ਪ੍ਰਤੀਤ ਕਹਿੰਦੇ ਨੇ, ਪਰਤੀਤ ਤੋਂ ਬਗੈਰ ਗੱਲ ਨਹੀਂ ਬਣਿਆ ਕਰਦੀ। ਭਰੋਸਾ, ਯਕੀਨ, faith; ਮੈਂ ਕਹਿ ਦਿੱਤਾ ਕਿ ਜਾਹ, ਪਹਿਲਾਂ ਤਾਂ ਮੇਰੀ ਗੱਲ 'ਤੇ ਭਰੋਸਾ ਹੋਣਾ ਚਾਹੀਦਾ ਹੈ ਕਿ ਬਾਬਾ ਜੀ ਨੇ ਕਹਿ ਦਿਤਾ ਹੁਣ ਗੁਰੂ ਸਾਹਿਬ ਗੱਲ ਸੁਣ ਲੈਣਗੇ। ਫੇਰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਮੈਂ ਜੀਹਦੇ ਅੱਗੇ ਹੱਥ ਜੋੜੀਂ ਖੜ੍ਹਾ ਹਾਂ ਉਹਨੇ ਤਾਂ ਮੇਰੀ ਗੱਲ ਹੁਣੇ ਸੁਣ ਲੈਣੀ ਹੈ। ਢੀਠ ਹੋ ਕੇ ਮੰਗੋ, ਫੇਰ ਦੇ ਦਿੰਦਾ ਹੈ, ਇਨ੍ਹਾਂ ਕੋਲ ਕੀ ਘਾਟਾ ਹੈ।

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥***
***ਘਰਿ ਤ ਤੇਰੈ ਸਭੁ ਕਿਛੁ ਹੈ***
***ਜਿਸੁ ਦੇਹਿ ਸੁ ਪਾਵਏ ॥ ਅੰਗ - 917***

ਦਿੰਦਾ ਕੀਹਨੂੰ ਹੈ, ਜਿਹੜਾ ਪਿਆਰ ਤੇ ਪਰਤੀਤ ਨਾਲ ਮੰਗਦਾ ਹੈ, ਉਹਨੂੰ ਮਿਲ ਜਾਂਦਾ ਹੈ। ਕੁਛ ਮੰਗ ਲਓ ਇਨ੍ਹਾਂ ਤੋਂ -

***ਜੋ ਮਾਗਹਿ ਠਾਕੁਰ ਅਪੁਨੇ ਤੇ***
***ਸੋਈ ਸੋਈ ਦੇਵੈ ॥***
***ਨਾਨਕ ਦਾਸੁ ਮੁਖ ਤੇ ਜੋ ਬੋਲੈ***
***ਈਹਾ ਊਹਾ ਸਚੁ ਹੋਵੈ ॥ ਅੰਗ - 681***
***ਜੋ ਮਾਗਹਿ ਸੋਈ ਸੋਈ ਪਾਵਹਿ***
***ਸੇਵਿ ਹਰਿ ਕੇ ਚਰਣ ਰਸਾਇਣ ॥ ਅੰਗ-714***

ਭਰੋਸਾ ਲਿਆਓ ਮਿਲ ਜਾਂਦਾ ਹੈ। ਵਜ਼ੀਰ ਕਹਿਣ ਲੱਗਿਆ ਮਹਾਰਾਜ! ਪੀਰ ਵੱਡਾ ਹੁੰਦਾ ਹੈ ਭਰੋਸਾ ਵੀ ਵੱਡਾ ਹੁੰਦਾ ਹੈ। ਕਹਿਣ ਲੱਗੇ, ਨਹੀਂ ਮੈਨੂੰ ਇੱਕ ਗੱਲ ਦੱਸੋ, ਜਦੋਂ ਬਾਰ-ਬਾਰ ਕਹੀ ਗਏ, ਉਹ ਕਹਿਣ ਲੱਗੇ ਮਹਾਰਾਜ ਭਰੋਸਾ ਵੱਡਾ ਹੁੰਦਾ ਹੈ। ਹੁਣ ਅਸੀਂ ਕਹਾਂਗੇ ਕਿ ਪੀਰ ਵੱਡਾ

ਹੋਵੇ। ਪੀਰ ਪੂਰਾ ਹੋਵੇ। ਫੇਰ ਉਹ ਭਰੋਸਾ ਆਪੇ ਕਰਾ ਲੈਂਦਾ ਹੈ। ਬਿਲਕੁਲ ਨਹੀਂ ਹੁੰਦਾ। ਹੁਣ ਗੁਰੂ ਦਸਵੇਂ ਪਾਤਸ਼ਾਹ ਕਿਹੜੀ ਗੱਲ 'ਚ ਘੱਟ ਸੀਗੇ। ਵਿਚਾਰ ਕਰਕੇ ਦੇਖ ਲਓ, ਗੰਗੂ ਨੂੰ ਭਰੋਸਾ ਆਇਆ ਸਤਾਈ ਸਾਲ ਨਾਲ ਰਹਿ ਕੇ? ਦੁਲੱਚਾ ਮਸੰਦ ਗੁਰੂ ਨੌਵੇਂ ਪਾਤਸ਼ਾਹ ਨਾਲ ਵੀ ਰਿਹਾ, ਅੱਠਵੇਂ ਪਾਤਸ਼ਾਹ ਨਾਲ ਵੀ ਰਿਹਾ, ਗੁਰੂ ਦਸਵੇਂ ਪਾਤਸ਼ਾਹ ਨਾਲ ਵੀ ਰਿਹਾ, ਕਿਸੇ ਪ੍ਰੇਮੀ ਨੇ ਬੰਦ ਭੇਜ ਦਿੱਤੇ ਹੀਰੇ ਜੁੜਾ ਕੇ, ਮਾਤਾ ਜੀ ਵਾਸਤੇ। ਇਹਨੂੰ ਭਰੋਸਾ ਨਹੀਂ ਸੀ, ਇਹਨੇ ਬੰਦ ਆਪਣੀ ਘਰਵਾਲੀ ਨੂੰ ਦੇ ਦਿੱਤੇ। ਉਹ ਪ੍ਰੇਮੀ ਜਦੋਂ ਆਇਆ ਉਹਨੇ ਸਹਿਜ ਸੁਭਾਅ ਮਹਾਰਾਜ ਕੋਲ ਬੇਨਤੀ ਕਰੀ ਕਿ ਪਾਤਸ਼ਾਹ! ਮੈਂ ਦੇਸਾਂ ਪ੍ਰਦੇਸਾਂ ਤੋਂ ਲਿਆਇਆ ਸੀ, ਇਕ ਬੰਦ ਸੀਗੇ, ਉਨ੍ਹਾਂ 'ਚ ਹੀਰੇ ਬੜੇ ਕੀਮਤੀ ਜੜੇ ਹੋਏ ਸੀ, ਪਹੁੰਚ ਗਏ ਹੋਣੇ ਆਪ ਦੇ ਪਾਸ। ਮਹਾਰਾਜ ਕਹਿੰਦੇ, ਦੇਖੋ ਭਾਈ ਤੋਸ਼ੇਖਾਨੇ। ਇੰਚਾਰਜ ਨੇ ਦੱਸਿਆ ਕਿ ਮਹਾਰਾਜ ਐਸੀ ਤਾਂ ਕੋਈ ਚੀਜ਼ ਨਹੀਂ ਇੱਥੇ ਆਈ, ਕੋਈ ਨਹੀਂ ਆਇਆ ਲੈ ਕੇ। ਕਹਿੰਦਾ, ਸੱਚੇ ਪਾਤਸ਼ਾਹ! ਮੈਂ ਭੇਜੇ ਸੀ। ਕਹਿੰਦੇ, ਕੀਹਦੇ ਕੋਲ ਭੇਜੇ ਸੀ? ਕਹਿੰਦੇ, ਦੁਲੱਚੇ ਮਸੰਦ ਦੇ ਕੋਲ। ਦੁਲੱਚੇ ਨੂੰ ਬੁਲਾ ਲਿਆ। ਜਦੋਂ ਮਹਾਰਾਜ ਨੇ ਸਾਰਿਆਂ ਦੇ ਸਾਮ੍ਹਣੇ ਪੁੱਛਿਆ, ਕਹਿੰਦਾ ਤੁਸੀਂ ਤਾਂ ਨਿਆਣੇ ਓਂ, ਨੌਂ ਸਾਲ ਦੀ ਤੁਹਾਡੀ ਉਮਰ ਹੈ, ਬੱਚਿਆਂ ਵਾਲੀਆਂ ਗੱਲਾਂ ਕਰਦੇ ਓਂ। ਸਿੱਖੀ ਤਾਂ ਚਲਾ ਹੀ ਅਸੀਂ ਰਹੇ ਹਾਂ। ਕਿੱਡੇ-ਕਿੱਡੇ ਪਰਗਣੇ ਸਾਡੇ ਹੱਥ ਵਿਚ ਨੇ, ਜੇ ਅਸੀਂ ਚਾਹੀਏ ਤਾਂ ਤੁਹਾਡੇ ਤਕ ਸੰਗਤ ਲਿਆਉਂਦੇ ਹਾਂ, ਜੇ ਅਸੀਂ ਨਾ ਚਾਹੀਏ ਤਾਂ ਇੱਥੇ ਆਏਗਾ ਕਿਹੜਾ। ਗੁਰੂ ਤਾਂ ਅਸੀਂ ਬਣਾਉਂਦੇ ਹਾਂ ਮਹਾਰਾਜ। ਤੁਸੀਂ ਜ਼ਰਾ ਮਸੰਦਾਂ ਦੇ ਨਾਲ ਬਣਾ ਕੇ ਰੱਖਿਆ ਕਰੋ। ਉਹਨੂੰ ਸਹਿਜ ਸੁਭਾਅ ਸਮਝਦਾ ਹੈ ਕਿ ਸਾਡਾ ਬਣਾਇਆ ਹੋਇਆ ਹੈ, ਕਿੱਡਾ ਨਿਹਚਾ ਪਤਲਾ ਹੈ। ਜਦੋਂ ਉਹ ਨਾ ਹੀ ਮੰਨਿਆ, ਗੁਰੂ ਮਹਾਰਾਜ ਕਹਿੰਦੇ ਜਾਓ ਭਾਈ, ਇਹਦੀ ਘਰਵਾਲੀ ਦੇ ਪਾਏ ਹੋਏ ਨੇ, ਉਥੋਂ ਲਿਆਓ। ਦੋ ਸਿੰਘ ਚਲੇ ਗਏ, ਜਾ ਕੇ ਲੈ ਆਏ। ਕਹਿੰਦੇ, ਆਹ ਕਿੱਥੋਂ ਆ ਗਏ? ਸ਼ਰਮਿੰਦਾ ਹੋ ਜਾਂਦਾ ਹੈ, ਨੀਵੀਂ ਪਾ ਲੈਂਦਾ ਹੈ। ਕਿਉਂਕਿ ਭਰੋਸਾ ਨਹੀਂ ਸੀ, ਤਿੰਨ ਗੁਰੂਆਂ ਨਾਲ ਰਿਹਾ, ਫੇਰ ਵੀ ਭਰੋਸਾ ਨਾ ਆਇਆ। ਬੇਅੰਤ ਹੀ ਸੀ ਸਿੱਖ। ਜਿਹੜਾ ਦੁਨੀਚੰਦ ਮਸੰਦ ਸੀ, ਜਦੋਂ ਮਹਾਰਾਜ ਜੀ ਨੇ ਕਿਹਾ ਕਿ ਕੱਲ੍ਹ ਨੂੰ ਜਦੋਂ ਹਾਥੀ ਆ ਕੇ ਦਰਵਾਜ਼ੇ ਨਾਲ ਟੱਕਰ ਮਾਰੇਗਾ, ਸਾਡਾ ਸ਼ੇਰ ਜਾਏਗਾ ਲੜਨ ਵਾਸਤੇ ਦੁਨੀਚੰਦ। ਕੱਦਕਾਠ 'ਚ ਬਹੁਤ ਵੱਡਾ ਸੀ, ਸਾਢੇ ਛੇ ਫੁੱਟ ਕੱਦ ਸੀ। ਪੰਜਾਹ ਇੰਚ ਚੌੜੀ ਛਾਤੀ ਸੀ। ਕਹਿੰਦੇ ਸਾਡੇ ਕੋਲ ਵੀ ਸ਼ੇਰ ਹੈਗਾ। ਉਹ ਨਾਲੇ ਆਪ ਨੱਠ ਗਿਆ, ਨਾਲੇ ਡੇਢ ਸੌ ਸਿੰਘ ਹੋਰ ਨਾਲ ਨਠਾ ਲਿਆ, ਪਿੱਛੇ ਕਿਲੇ ਦੀ ਕੰਧ ਨਾਲ ਰੱਸਾ ਪਾ ਕੇ ਫਟਾ-ਫਟ ਉਤਰੀ ਗਏ। ਗੁਰੂ ਤਾਂ ਪੂਰਾ ਸੀ, ਪਰ ਭਰੋਸਾ ਘੱਟ ਸੀਗਾ। ਮਹਾਰਾਜ ਕਹਿੰਦੇ, ਗੁਰੂ ਤਾਂ ਪੂਰਾ ਹੁੰਦਾ ਹੈ -

***ਕਬੀਰ ਸਾਚਾ ਸਤਿਗੁਰੁ ਕਿਆ ਕਰੈ***

***ਜਉ ਸਿਖਾ ਮਹਿ ਚੂਕ ॥
ਅੰਧੇ ਏਕ ਨ ਲਾਗਈ
ਜਿਉ ਬਾਂਸੁ ਬਜਾਈਐ ਫੂਕ ॥ ਅੰਗ- 1372***

ਹੁਣ ਅੰਨ੍ਹੇ ਨੂੰ ਕਿਉਂ ਨਹੀਂ ਲਗਦੀ, ਬਾਂਸ ਚੋਂ ਕਿਉਂ ਨਹੀਂ ਆਵਾਜ਼ ਆਉਂਦੀ, ਕਿਉਂਕਿ ਹੇਠਾਂ ਹਵਾ ਨੂੰ ਸਾਂਭਣ ਵਾਲਾ ਲੱਗਿਆ ਨਹੀਂ ਹੋਇਆ, ਬੰਸਰੀ 'ਚੋਂ ਕਿਉਂ ਆਵਾਜ਼ ਆਉਂਦੀ ਹੈ, ਉਹ ਹਵਾ ਹੇਠਾਂ ਤੋਂ ਗੇੜਾ ਖਾ ਕੇ ਮੋਰੀਆਂ 'ਚੋਂ ਨਿਕਲਦੀ ਹੈ, ਉਹਦੇ ਉੱਤੇ ਉਂਗਲੀਆਂ ਰੱਖ-ਰੱਖ ਕੇ ਰਾਗ ਕੱਢੀ ਜਾਂਦੇ ਨੇ। ਭਰੋਸਾ ਵੱਡੀ ਚੀਜ਼ ਹੈ, ਕਹਿੰਦਾ, ਸਬੂਤ? ਕਹਿੰਦਾ, ਜੇ ਸਬੂਤ ਲੈਣਾ ਹੈ ਤਾਂ ਮੈਨੂੰ ਛੇ ਮਹੀਨੇ ਦਿਓ। ਸਮਾਂ ਮਿਲ ਗਿਆ ਤੇ ਓਸਨੇ ਜੰਗਲ ਵਿੱਚ ਜਾ ਕੇ ਇੱਕ ਮਜ਼ਾਰ ਬਣਾ ਦਿੱਤਾ ਤੇ ਆਪਣੇ ਇੱਕ ਪੈਰ ਦੀ ਜੁੱਤੀ ਉਹਦੇ 'ਚ ਰੱਖ ਦਿੱਤੀ ਤੇ ਨਾਉਂ ਰੱਖ ਦਿੱਤਾ ਕਿ ਪੀਰ ਜੁੱਤੇ ਸ਼ਾਹ ਦਾ ਮਜ਼ਾਰ। ਮਸ਼ਹੂਰ ਕਰ ਦਿੱਤਾ ਕਿ ਇੱਥੇ ਸਭ ਸੁੱਖਾਂ ਵਰ ਆਉਂਦੀਆਂ ਨੇ। ਭਰੋਸੇ ਵਾਲੇ ਆਉਣ ਲਗ ਗਏ, ਰੌਲਾ ਪੈਣ ਲਗ ਗਿਆ। ਬੇਅੰਤ ਮੇਲਾ ਲੱਗਣ ਲਗ ਗਿਆ, ਛੇ ਮਹੀਨੇ ਬਾਅਦ ਰਾਜੇ ਦਾ ਲੜਕਾ ਬਿਮਾਰ ਹੋ ਗਿਆ। ਕਹਿੰਦਾ, ਵਜ਼ੀਰ ਸਾਹਿਬ ਦਵਾਈ ਨਹੀਂ ਲਗ ਰਹੀ? ਕਹਿੰਦਾ, ਮਹਾਰਾਜ ਤੁਸੀਂ ਮੰਨਤ ਮੰਨ ਲਓ, ਪੀਰ ਜੁੱਤੇਸ਼ਾਹ ਦੀ, ਆਹ ਜੰਗਲ ਵਿੱਚ ਹੈਗਾ। ਰਾਜੇ ਨੇ ਨੰਗੇ ਪੈਰੀਂ ਜਾ ਕੇ ਮੰਨਤ ਮੰਨ ਲਈ, ਲੜਕਾ ਰਾਜ਼ੀ ਹੋ ਗਿਆ। ਰਾਜ਼ੀ ਹੋਣ ਤੇ ਜਿਸ ਵਕਤ ਇਹ ਬੇਅੰਤ ਭੇਟਾਵਾਂ ਲੈ ਕੇ ਤੁਰਿਆ, ਨਾਲੇ ਮਨ 'ਚ ਖਿਆਲ ਕਰਿਆ ਕਿ ਮੈਂ ਇਹ ਵੱਡਾ ਬਣਾ ਦੇਣਾ ਹੈ। ਇਹ ਤਾਂ ਬੜੀ ਵੱਡੀ ਜਗ੍ਹਾ ਹੈ। ਓਨੇ ਨੂੰ ਵਜ਼ੀਰ ਪਹਿਲਾਂ ਲੈ ਕੇ ਚਲਿਆ ਗਿਆ, ਰਾਜਾਂ ਨੂੰ ਤੇ ਮਜ਼ਦੂਰਾਂ ਨੂੰ, ਉਹਨੇ ਉਹ ਮਜ਼ਾਰ ਢਾਹੁੰਣਾ ਸ਼ੁਰੂ ਕਰ ਦਿਤਾ। ਰਾਜਾ ਕਹਿਣ ਲੱਗਿਆ, ਵਜ਼ੀਰ ਸਾਹਿਬ ਇਹ ਕੀ ਤੁਸੀਂ ਕਰ ਰਹੇ ਓਂ। ਰਾਜਾ ਪਹੁੰਚਦਾ ਹੈ, ਰਾਣੀਆਂ ਪਹੁੰਚਦੀਆਂ ਨੇ, ਬੈਂਡ ਵਾਜੇ ਵੱਜ ਰਹੇ ਨੇ। ਕਹਿਣ ਲੱਗਿਆ, ਮਹਾਰਾਜ! ਮੈਂ ਕੁਛ ਨਹੀਂ ਕਰ ਰਿਹਾ, ਮੈਂ ਤੁਹਾਡੇ ਸਵਾਲ ਦਾ ਜਵਾਬ ਦੇਣਾ ਹੈ।

ਕਹਿੰਦੇ, ਕੀ ਜਵਾਬ?

ਕਹਿੰਦਾ, ਤੁਸੀਂ ਮੇਰੇ ਤੋਂ ਪੁੱਛਿਆ ਸੀ ਕਿ ਪੀਰ ਵੱਡਾ ਹੁੰਦਾ ਹੈ ਕਿ ਯਕੀਨ ਵੱਡਾ ਹੁੰਦਾ ਹੈ?

ਕਹਿੰਦੇ ਆਹ ਕੋਈ ਪੀਰ ਨਹੀਂ ਹੈ, ਇਹ ਤਾਂ ਮੈਂ ਆਪਣੇ ਪੈਰ ਦਾ ਇੱਕ ਜੁੱਤਾ ਇਹਦੇ ਵਿੱਚ ਦੱਬ ਕੇ ਨੀਂਹ ਦੇ ਵਿੱਚ ਇਹਦਾ ਨਾਉਂ ਪੀਰ ਜੁੱਤੇਸ਼ਾਹ ਦਾ ਮਜਾਰ ਕਰ ਦਿੱਤਾ। ਦੇਖਦੇ-ਦੇਖਦੇ ਉਹ ਪੁੱਟ ਲਿਆ, ਕਹਿੰਦਾ ਲਓ ਮਹਾਰਾਜ! ਆਹ ਜੁੱਤੀ ਮੇਰੀ ਹੈ ਤੇ ਆਹ ਮੈਂ ਵਿੱਚ ਦੱਬੀ ਸੀ। ਇਹ ਤੁਹਾਡੇ ਸਵਾਲ ਦਾ ਜਵਾਬ ਦੇਣਾ ਸੀ। ਜੇ ਭਲਾ ਪੀਰ ਵੀ ਪੂਰਾ ਹੋਵੇ, ਮੁਰੀਦ ਵੀ ਪੂਰਾ ਹੋਵੇ, ਫੇਰ ਤਾਂ ਕੋਈ ਘਾਟਾ ਨਹੀਂ ਹੁੰਦਾ। ਜੇ ਭਲਾ

ਪੀਰ ਮਾੜਾ ਵੀ ਹੋਵੇ, ਮੁਰੀਦ ਭਰੋਸੇ ਵਾਲਾ ਹੋਵੇ, ਉਹ ਲੰਘ ਜਾਇਆ ਕਰਦਾ ਹੈ।

ਇਕ ਮਿਸਾਲ ਆਉਂਦੀ ਹੈ ਬੜੀ ਵੱਡੀ। ਇੱਕ ਸਾਧਾਰਣ ਮੁੰਡਾ ਜੱਟਾਂ ਦਾ, ਜਿਸਨੂੰ ਸਤਿਸੰਗ ਦਾ ਸ਼ੌਂਕ ਸੀ, ਸਤਿਸੰਗ 'ਚ ਜਾਇਆ ਕਰਦਾ ਸੀ, ਨਾਮਦੇਵ ਬਾਰੇ ਸੁਣਿਆ, ਕਬੀਰ ਜੀ ਬਾਰੇ, ਰਵਿਦਾਸ ਜੀ, ਸੈਣ ਨਾਈ ਜੀ ਬਾਰੇ ਸੁਣਿਆ। ਇਹ ਸੁਣ ਕੇ ਮਨ 'ਚ ਖਿਆਲ ਆ ਗਿਆ –

***ਇਹ ਬਿਧਿ ਸੁਨਿ ਕੈ ਜਾਟਰੋ***
***ਉਠਿ ਭਗਤੀ ਲਾਗਾ ॥*** ***ਅੰਗ – 488***

ਭਗਤੀ ਕਰਨ ਲਗ ਗਿਆ, ਲੱਗਿਆ ਕਿਵੇਂ, ਭਾਈ ਗੁਰਦਾਸ ਜੀ ਦਸਦੇ ਨੇ ਖੋਲ੍ਹ ਕੇ ਕਿ ਧੰਨਾ ਹਰ ਵਕਤ ਸੋਚਦਾ ਸੀ ਕਿ ਮੈਨੂੰ ਕੋਈ ਪੂਰਾ ਮਿਲ ਜਾਵੇ ਤੇ ਮੈਂ ਪ੍ਰਮੇਸ਼ਰ ਦੇ ਦਰਸ਼ਨ ਕਰ ਲਵਾਂ। ਜੇ ਕਬੀਰ ਜੁਲਾਹਾ ਕਰ ਸਕਦਾ ਹੈ, ਨਾਮਦੇਵ ਕਰ ਸਕਦਾ ਹੈ ਛੀਂਬਾ, ਤੇ ਨਾਈ ਕਰ ਸਕਦਾ ਹੈ, ਰਵਿਦਾਸ ਚਮਾਰ ਕਰ ਸਕਦਾ ਹੈ, ਫੇਰ ਮੈਨੂੰ ਕਿਹੜਾ ਪ੍ਰਮੇਸ਼ਰ ਵਲੋਂ ਬੰਧੀ ਹੈ, ਮੈਂ ਵੀ ਕਰ ਸਕਦਾ ਹਾਂ। ਕੋਈ ਰਾਹ ਦੱਸਣ ਵਾਲਾ ਲੱਭ ਜਾਵੇ, ਉਨ੍ਹਾਂ ਦੇ ਪਿੰਡ ਦਾ ਇੱਕ ਬ੍ਰਾਹਮਣ ਸੀ, ਉਹ ਬਾਹਰ ਸੁਥਰਾ ਟੋਭਾ ਸੀ ਉਥੇ ਆ ਕੇ ਉਹਦੇ ਕੰਢੇ 'ਤੇ ਬੈਠ ਕੇ ਉਪਾਸਨਾ ਕਰਿਆ ਕਰਦਾ ਸੀ, ਠਾਕਰਾਂ ਨੂੰ ਭੋਗ ਲਵਾਉਣਾ। ਆ ਕੇ ਲੱਕੜੀਆਂ ਗੱਡ ਲੈਣੀਆਂ ਦੋ ਤਿੰਨ ਉਪਰ ਕਪੜਾ ਪਾ ਲੈਣਾ ਤੇ ਵਿੱਚ ਮੂਰਤੀਆਂ ਰੱਖ ਲੈਣੀਆਂ, ਆਪ ਦਰਵਾਜ਼ੇ ਮੂਹਰੇ ਬਹਿ ਜਾਂਦਾ ਸੀ, ਬੜੀ ਦੇਰ ਤੱਕ ਬੈਠਾ ਰਹਿੰਦਾ ਸੀ। ਇਹ ਧੰਨਾ ਦੇਖਦਾ ਰਹਿੰਦਾ ਸੀ ਹਮੇਸ਼ਾਂ ਤੇ ਇਹਨੇ ਕਿਹਾ ਕਿ ਇਹ ਜ਼ਰੂਰ ਰੱਬ ਨੂੰ ਮਿਲਾ ਦਏਗਾ, ਇਹਦੇ ਨਾਲ ਗੱਲ ਤਾਂ ਕਰੀਏ, ਰੱਬ ਨੂੰ ਹੋਰ ਕਿੱਥੋਂ ਭਾਲਾਂਗੇ। ਪੂਰਾ ਤਾਂ ਹੈ ਨਹੀਂ ਸੀ ਉਹ, ਧੰਨਾ ਇੱਕ ਦਿਨ ਉਹਦੇ ਕੋਲ ਚਲਿਆ ਗਿਆ। ਭਾਈ ਗੁਰਦਾਸ ਜੀ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ –

***ਧਾਰਨਾ – ਧੰਨਾ ਗਊ ਚਰਾਵਣ ਆਵੇ,***

***ਬਾਮ੍ਹਣ ਪੂਜੇ ਦੇਵਤੇ।***
***ਬਾਮ੍ਹਣ ਪੂਜੈ ਦੇਵਤੇ ਧੰਨਾ ਗਊ ਚਰਾਵਣ ਆਵੈ॥***
***ਭਾਈ ਗੁਰਦਾਸ ਜੀ ਵਾਰ, 10/13***

ਉਹ ਰੋਜ਼ ਗਊਆਂ ਚਰਾਵਣ ਆਉਂਦਾ ਹੈ ਤੇ ਉਹ ਰੋਜ਼ ਦੇਵਤਿਆਂ ਦੀ ਪੂਜਾ ਕਰਨ ਆਉਂਦਾ ਹੈ, ਝੁੰਘੜਮਾਟਾ ਕਰ ਲੈਂਦਾ ਹੈ ਤੇ ਉਹਦੇ ਵਿੱਚ ਬੜੀ ਦੇਰ ਤਕ ਬੈਠਾ ਰਹਿੰਦਾ ਹੈ ਤੇ ਇੱਕ ਦਿਨ ਧੰਨਾ ਇੱਕ ਪਾਸਿਓਂ ਛੁਪ ਕੇ ਦੇਖਦਾ ਰਿਹਾ ਕਿ ਇਹ ਕਰਦਾ ਕੀ ਹੈ? ਬੜਾ ਕੁਛ ਉਹਨੇ ਦੇਖਿਆ ਪੂਜਾ ਕਰਦੇ ਨੂੰ –

***ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ॥***

***ਭਾਈ ਗੁਰਦਾਸ ਜੀ ਵਾਰ, 10/13***

ਪੰਡਤ ਜੀ ਦੇ ਕੋਲ ਆ ਗਿਆ, ਜਦੋਂ ਉਹਨੇ ਸਾਰਾ ਕੁਛ ਬੰਦ ਕਰ ਲਿਆ, ਟਰੰਕੀ ਦੇ ਅੰਦਰ, ਕਹਿਣ ਲੱਗਿਆ, ਦਾਦਾ ਜੀ! ਤੁਸੀਂ ਇਹ ਕੀ ਕਰਦੇ ਹੁੰਦੇ ਓਂ? ਕਹਿੰਦਾ, ਧੰਨਿਆਂ! ਤੂੰ ਕੀ ਲੈਣਾ ਹੈ ਇਸ ਗੱਲ ਤੋਂ? ਕਹਿੰਦਾ, ਮੈਂ ਦਾਦਾ ਜੀ! ਪੁੱਛਣਾ ਹੈ ਕਿ ਇਹ ਤੁਸੀਂ ਕਰ ਕਰਦੇ ਓਂ?

ਕਹਿਣ ਲੱਗੇ, ਮੈਂ ਠਾਕੁਰ ਦੀ ਪੂਜਾ ਕਰਦਾ ਹਾਂ।

ਕਹਿਣ ਲੱਗਿਆ, ਇਹਦੇ ਨਾਲ ਕੀ ਮਿਲਦਾ ਹੁੰਦਾ ਹੈ?

ਉਹ ਕਹਿੰਦਾ, ਇਹਦੇ ਮਿਲਣ ਦੀ ਗੱਲ ਕਰਦਾ ਹੈਂ ਇਹਦੇ ਤੋਂ ਤਾਂ ਜੋ ਇੱਛਾ ਕਰੋ, ਓਹੀ ਮਿਲ ਜਾਂਦਾ ਹੈ।

***ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।***

***ਭਾਈ ਗੁਰਦਾਸ ਜੀ ਵਾਰ, 10/13***

ਸੇਵਾ ਤਾਂ ਆਲ੍ਹੀ ਨਹੀਂ ਜਾਂਦੀ ਕਿਸੇ ਦੀ। ਜਾਨਵਰਾਂ ਦੀ ਸੇਵਾ ਨਹੀਂ ਆਲ੍ਹੀ ਜਾਂਦੀ। ਇੱਕ ਕੋਈ ਪ੍ਰੇਮੀ ਸੀ, ਮਹਾਤਮਾ ਦੇ ਪਾਸ ਆਇਆ, ਕਹਿਣ ਲੱਗਿਆ, ਮਹਾਰਾਜ! ਮੈਨੂੰ ਕੋਈ ਜੁਗਤ ਦੱਸੋ। ਗਰੀਬੀ ਹੈ ਮੇਰੇ ਘਰ 'ਚ। ਕਹਿੰਦੇ ਤੂੰ ਸੇਵਾ ਕਰਿਆ ਕਰ। ਕਹਿੰਦਾ, ਕਾਹਦੀ ਕਰਿਆ ਕਰਾਂ ਮਹਾਰਾਜ? ਕਹਿੰਦੇ ਕਾਸੇ ਦੀ ਕਰ ਲੈ, ਪੰਛੀਆਂ ਦੀ ਚਾਹੇ ਕਰਨ ਲਗ ਜਾ। ਉਹ ਪੰਛੀਆਂ ਦੀ ਸੇਵਾ ਕਰਨ ਲਗ ਗਿਆ, ਪੰਛੀ ਆਉਣੇ ਸ਼ੁਰੂ ਹੋ ਗਏ, ਦਾਣਾ ਪਾਉਂਦਾ ਹੈ, ਬੇਅੰਤ ਪੰਛੀ ਆਉਣੇ ਸ਼ੁਰੂ ਹੋ ਗਏ। ਪੰਛੀਆਂ ਨੂੰ ਪਤਾ ਹੁੰਦਾ ਹੈ, ਇਹ ਟੈਲੀਪੈਥੀ ਜਾਣਦੇ ਨੇ; ਜੇ ਸਾਡੇ ਦਿਲ 'ਚ ਬੇਈਮਾਨੀ ਹੋਵੇ ਤੇ ਅਸੀਂ ਕੁਛ ਕਰ ਦੇਈਏ, ਫੇਰ ਬੜੇ ਔਖੇ ਆਉਂਦੇ ਨੇ। ਲੇਕਿਨ ਸੱਚਾ ਹੋਵੇ ਆਦਮੀ ਫੇਰ ਬੇਅੰਤ ਆ ਜਾਂਦੇ ਨੇ। ਆਉਂਦੇ-ਆਉਂਦੇ ਕੋਈ ਮਹਾਤਮਾ ਆਏ ਕਹਿੰਦੇ ਪ੍ਰੇਮੀਆਂ! ਤੂੰ ਪੰਛੀਆਂ ਦੀ ਸੇਵਾ ਤਾਂ ਕਰਦਾ ਹੈਂ, ਪਰ ਤੂੰ ਇੱਕ ਪੰਛੀ ਹੈ ਜਿਹੜਾ ਮੋਤੀ ਖਾਂਦਾ ਹੈ। ਉਹਦਾ ਚੋਗ ਮੋਤੀ ਹੈ, ਤੂੰ ਦੋ ਚਾਰ ਮੋਤੀ ਵੀ ਰੱਖ ਦਿਆ ਕਰ, ਕਿਤੇ ਉਹ ਆ ਜਾਏਗਾ, ਉਹ ਬੜਾ ਭਾਰਾ ਫਲ ਤੈਨੂੰ ਦੇ ਜਾਏਗਾ। ਮੋਤੀ ਰੱਖਣੇ ਸ਼ੁਰੂ ਕਰ ਦਿੱਤੇ, ਹੌਲੀ-ਹੌਲੀ ਹੰਸ ਉਡਦੇ-ਉਡਦੇ ਆਏ, ਨਿਗ੍ਹਾ ਪਏ ਮੋਤੀ, ਉਥੇ ਉਤਰ ਆਏ। ਇਹਨੇ ਦੁੱਧ ਰੱਖਿਆ ਹੋਇਆ ਸੀ, ਮੋਤੀ ਰੱਖੇ ਹੋਏ ਸੀ। ਹੰਸਾਂ ਨੇ ਚੁੰਝ ਮਾਰੀ, ਚੁੰਝ ਮਾਰ ਕੇ ਦੁੱਧ ਫਟ ਗਿਆ, ਪਾਣੀ ਅੱਡ ਹੋ ਗਿਆ, ਫੁੱਟੀਆਂ ਖਾ ਲਈਆਂ। ਜਿਹੜਾ ਚੋਗ ਪਾਇਆ ਸੀ ਚੁਗ ਲਿਆ, ਚੁਗਣ ਤੋਂ ਬਾਅਦ ਜਦੋਂ ਪ੍ਰਸੰਨ ਹੋਏ ਤਾਂ ਉਨ੍ਹਾਂ ਨੇ ਉਗਲ ਦਿੱਤਾ ਇੱਕ ਲਾਲ, ਲਾਲ ਜਦੋਂ ਬਜ਼ਾਰ 'ਚ ਜਾ ਕੇ ਦਿਖਾਇਆ ਉਹ ਕਹਿੰਦੇ ਇਹ ਤਾਂ ਹਜ਼ਾਰਾਂ ਰੁਪਏ ਦਾ ਹੈ, ਬਹੁਤ ਕੀਮਤੀ ਚੀਜ਼ ਹੈ। ਰੋਜ਼ ਹੀ ਕਰਨ ਲਗ ਗਿਆ, ਜਦੋਂ ਹੰਸ ਆਉਣ ਤੇ ਲਾਲ ਦੇ ਜਾਣ। ਅਮੀਰ ਹੋ ਗਿਆ। ਗੁਰੂ

ਚੌਥੇ ਪਾਤਸ਼ਾਹ ਨੇ ਗੁਰਸਿੱਖਾਂ ਨੂੰ ਇਹ ਸਾਖੀ ਸੁਣਾਈ ਸੀ ਕਿ ਸਿੰਘੋ! ਸੇਵਾ ਕੀਤੀ ਹੋਈ ਬਿਰਥਾ ਨਹੀਂ ਜਾਇਆ ਕਰਦੀ। ਸੇਵਾ ਫਲ ਦੇ ਹੀ ਜਾਂਦੀ ਹੈ, ਚਾਹੇ ਕਿਸੇ ਦੀ ਕਰ ਲਓ ਸੇਵਾ। ਕਹਿੰਦੇ, ਧੰਨਿਆਂ ਪੰਛੀਆਂ ਦੀ ਸੇਵਾ ਨਹੀਂ ਬਿਰਥੀ ਜਾਂਦੀ ਇਹ ਤਾਂ ਤੂੰ ਠਾਕੁਰ ਦੀ ਸੇਵਾ ਕਰਦਾ ਹੈਂ ਇਹਦਾ ਫਲ ਤਾਂ ਬਹੁਤ ਵੱਡਾ ਹੈ -

***ਧਾਰਨਾ - ਜੋ ਇਛੇ ਸੋ ਪਾਵੇ ਜੀ,***
***ਸੇਵਾ ਕਰਕੇ ਠਾਕਰ ਜੀ ਦੀ।***
***ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।***

***ਭਾਈ ਗੁਰਦਾਸ ਜੀ ਵਾਰ, 10/13***

ਕੋਈ ਚੀਜ਼ ਮੰਗ ਲਈਂ ਜਿਹੜੀ ਤੇਰਾ ਜੀਅ ਕਰਦਾ ਹੈ, ਸਾਰੀਆਂ ਮੰਗਾਂ, ਸਾਰੀਆਂ ਇੱਛਾ ਪੂਰੀਆਂ ਹੋ ਜਾਦੀਆਂ ਨੇ।

***ਧੰਨਾ ਕਰਦਾ ਜੋਦੜੀ ਮੈ ਭਿ ਦੇਹ ਇਕ ਜੇ ਤੁਧੁ ਭਾਵੈ॥***

***ਭਾਈ ਗੁਰਦਾਸ ਜੀ ਵਾਰ, 10/13***

ਦਾਦਾ ਜੀ! ਤਾਂ ਮੈਨੂੰ ਵੀ ਇੱਕ ਠਾਕੁਰ ਦੇ ਦਿਓ। ਮੈਂ ਵੀ ਸੇਵਾ ਕਰਿਆ ਕਰਾਂਗਾ। ਬਾਰ-ਬਾਰ ਕਹਿਣ ਲੱਗਿਆ ਕਿ ਧੰਨਿਆਂ! ਤੂੰ ਜੱਟਾਂ ਦਾ ਮੁੰਡਾ, ਨਾ ਤੈਨੂੰ ਨਾਹੁਣ ਦੀ ਜਾਂਚ, ਨਾ ਤੈਨੂੰ ਸੁਥਰਾ ਰਹਿਣ ਦੀ ਜਾਂਚ, ਤੈਨੂੰ ਮੈਂ ਕਿਵੇਂ ਸਮਝਾਵਾਂ, ਤੇਰੇ ਕੋਲ ਨਹੀਂ ਠਾਕੁਰਾਂ ਨੇ ਰਹਿਣਾ; ਨਾ ਤੂੰ ਸੇਵਾ ਕਰ ਸਕੇਂ। ਜਵਾਬ ਦੇ ਦਿੱਤਾ, ਕਹਿੰਦਾ ਫੇਰ ਐਵੇਂ ਹੀ ਮੰਗਦਾ ਹੈਂ? ਮਿਲਦਾ ਹੈ ਕਿਤੇ? -

***ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ਹ ॥***
***ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥***

***ਅੰਗ - 1365***

ਜਿੱਥੇ ਜਗਿਆਸੂ ਹੀ ਨਾ ਹੋਵੇ, ਉਥੇ ਤਾਂ ਕਹਿੰਦੇ ਬੋਲਣਾ ਹੀ ਨਹੀਂ ਚਾਹੀਦਾ। ਧੰਨੇ ਨੇ ਗੱਲ ਸਮਝ ਲਈ ਆਪਣੀ। ਕਹਿੰਦਾ, ਦਾਦਾ ਜੀ! ਬੈਠੋ, ਮੈਂ ਆਇਆ ਹੁਣੇ। ਸਾਰਿਆਂ ਨਾਲੋਂ ਜਿਹੜੀ ਚੰਗੀ ਗਊ ਸੀ, ਕਪਲ ਗਊ, ਉਹ ਇਹਦੇ ਘਰ ਲਿਜਾ ਕੇ ਕਿੱਲ੍ਹੇ 'ਤੇ ਬੰਨ੍ਹ ਆਇਆ। ਅਰਦਾਸ ਕਰ ਦਿੱਤੀ। ਗਊ ਦੇ ਦਿੱਤੀ ਤੇ ਵਾਪਸ ਆ ਗਿਆ। ਕਹਿੰਦਾ, ਦਾਦਾ ਜੀ! ਜਿਹੜੀ ਸਾਰਿਆਂ ਨਾਲੋਂ ਵੱਧ ਮੇਰੀ ਗਊ ਦੁੱਧ ਦਿੰਦੀ ਹੈ ਉਹ ਮੈਂ ਤੁਹਾਡੇ ਕੀਲੇ 'ਤੇ ਬੰਨ੍ਹ ਆਇਆ ਤੇ ਹੁਣ ਤਾਂ ਦੇ ਦਿਓ, ਕਹਿੰਦੇ ਧੰਨਿਆਂ! ਪੱਠੇ ਕੌਣ ਪਾਉ? ਮੈਂ ਤਾਂ ਜਾਣਾ ਨਹੀਂ ਕਿਤੇ ਖੁਰਪਾ ਲੈ ਕੇ। ਕਹਿੰਦਾ, ਦਾਦਾ ਜੀ! ਪੱਠੇ ਵੀ ਮੈਂ ਹੀ ਪਾਇਆ ਕਰਾਂਗਾ। ਕ੍ਰਿਪਾ ਕਰੋ, ਮੈਨੂੰ ਦੇ ਦਿਓ। ਉਹਨੇ ਕਿਹਾ ਕਿ ਅਣਜਾਣ ਮੁੰਡਾ ਹੈ, ਚਲੋ ਠੀਕ ਹੈ। ਇੱਕ ਪੱਥਰ ਸੀ ਉਸ ਕੋਲ ਲਪੇਟ ਕੇ ਦੇ ਦਿਤਾ -

***ਪਥਰੁ ਇਕ ਲਪੇਟਿ ਕਰਿ ਦੇ ਧੰਨੈ ਨੋ ਗੈਲ ਛੁਡਾਵੈ॥***

***ਭਾਈ ਗੁਰਦਾਸ ਜੀ ਵਾਰ, 10/13***

ਕਹਿੰਦਾ ਹੁਣ ਐਉਂ ਕਰੀਂ ਇਹਦਾ ਇਸ਼ਨਾਨ ਕਰਾਈਂ, ਫੇਰ ਇਹਨੂੰ ਭੋਗ ਲਵਾਈਂ।

ਕਹਿੰਦਾ, ਕੀ ਹੁੰਦਾ ਹੈ ਭੋਗ?

ਕਹਿੰਦਾ, ਰੋਟੀ ਖਲਾਈਦੀ ਹੈ ਨਾ ਜਿਵੇਂ ਤੂੰ ਖਾਂਦਾ ਹੈ, ਐਉਂ ਖਲਾਈਂ। ਪ੍ਰਸ਼ਾਦਾ ਛਕਾਈਂ।

100% ਵਿਸ਼ਵਾਸ਼ ਕਰ ਲਿਆ, ਪਰਤੀਤ ਦੀ ਗੱਲ ਮੈਂ ਦਸਦਾ ਹਾਂ, ਭਰੋਸਾ ਕਰ ਲਿਆ 100%, ਚਲਾਕ ਬੰਦੇ ਨੂੰ ਤਾਂ ਭਰੋਸਾ ਨਹੀਂ ਹੁੰਦਾ, ਉਹ ਕਹਿੰਦਾ ਹੈ ਇਕ ਏਸ ਤਰ੍ਹਾਂ ਕਿਵੇਂ ਹੋ ਜਾਏਗਾ? ਉਹ ਤਾਂ ਤਰਕ ਦੇ ਵਿਚ ਰਹਿੰਦਾ ਹੈ। ਤਰਕ ਮਾੜੀ ਨਹੀਂ ਹੁੰਦੀ, ਲੇਕਿਨ ਬਹੁਤ ਜ਼ਿਆਦਾ ਤਰਕ ਜੋ ਹੈ ਉਹ ਖਰਾਬ ਵੀ ਕਰ ਦਿੰਦੀ ਹੈ। ਕਿਉਂਕਿ ਭੋਲਾ ਭਾਅ ਨਹੀਂ ਰਹਿੰਦਾ, ਭੋਲੇਭਾਅ 'ਚ ਤਾਂ ਰੱਬ ਮਿਲਦਾ ਹੈ, ਤਰਕ ਦੇ ਵਿੱਚ ਨਹੀਂ ਕਿਸੇ ਨੂੰ ਕਦੇ ਮਿਲਿਆ।

***ਭੋਲੇ ਭਾਇ ਮਿਲੇ ਰਘੁਰਾਇਆ ॥ ਅੰਗ-324***

ਚਤੁਰਾਈ ਨਾਲ ਤਾਂ ਅੱਜ ਤੱਕ ਨਹੀਂ ਕਿਸੇ ਨੂੰ ਮਿਲਿਆ, ਭੋਲਾਪਨ ਪ੍ਰਮੇਸ਼ਰ ਨੂੰ ਮਿਲਾਉਂਦਾ ਹੈ। ਲੈ ਕੇ ਚਲਿਆ ਗਿਆ, ਇਸ਼ਨਾਨ ਕਰਾਇਆ, ਆਪ ਇਸ਼ਨਾਨ ਕਰਿਆ, ਇਕੱਲਾ ਸੀਗਾ ਉਸ ਤੋਂ ਬਾਅਦ ਉਹਨੇ ਪ੍ਰਸ਼ਾਦਾ ਤਿਆਰ ਕਰਿਆ, ਦੁੱਧ ਰਿੜਕਿਆ, ਦਹੀਂ ਕੱਢਿਆ, ਮੱਖਣ ਅੱਡ ਕੱਢਿਆ ਤੇ ਲੱਸੀ ਬਣਾਈ ਤੇ ਉਸ ਤੋਂ ਬਾਅਦ ਮਿੱਸੇ ਪ੍ਰਸ਼ਾਦੇ ਲਾਹੇ। ਆਪਣੀ ਜਾਣ 'ਚ ਚੰਗੇ ਤੋਂ ਚੰਗਾ ਪ੍ਰਸ਼ਾਦਾ ਜਿਹੜਾ ਮਿੱਸਾ ਹੁੰਦਾ ਹੈ; ਇਹ ਪਤਾ ਹੈ ਪਿੰਡਾਂ ਵਾਲਿਆਂ ਨੂੰ ਪਿਆਜ ਨਾਲ ਸਵੇਰੇ-ਸਵੇਰੇ ਦਹੀਂ ਹੋਵੇ, ਲੱਸੀ ਹੋਵੇ ਖੇਤ 'ਚ ਬੈਠਾ ਖਾਂਦਾ ਹੋਵੇ, ਉਹਦੇ ਨਾਲ ਛੱਤੀ ਪ੍ਰਕਾਰ ਦੇ ਅੰਮ੍ਰਿਤ ਨਹੀਂ ਪਹੁੰਚਦੇ, ਇਹ ਤਾਂ ਟੇਬਲਾਂ ਵਗੈਰਾਂ ਦੀਆਂ ਗੱਲਾਂ ਨੇ। ਆਹ ਹੋਰ ਰਸ ਦਿੰਦਾ ਹੈ, ਉਹ ਹੋਰ ਰਸ ਦਿੰਦੇ ਨੇ। ਇਸਨੇ ਪ੍ਰਸ਼ਾਦਾ ਤਿਆਰ ਕਰਿਆ ਤੇ ਲਿਆ ਕੇ ਅੱਗੇ ਰੱਖ ਦਿੱਤਾ। ਹੁਣ ਬੇਨਤੀ ਕਰਨੀ ਨਹੀਂ ਜਾਣਦਾ, ਕੋਈ ਤਰੀਕਾ ਨਹੀਂ ਆਉਂਦਾ, ਕਹਿੰਦਾ ਲਓ ਮਹਾਰਾਜ ਤੁਸੀਂ ਛਕੋ ਹੁਣ। ਉਹ ਜਦੋਂ ਕਿਸੇ ਨੇ ਵੀ ਨਹੀਂ ਛਕਿਆ, ਕਹਿੰਦਾ ਇਹ ਗੁਪਤ ਛਕਦੇ ਹੋਣੇ ਨੇ, ਉਹ ਵੀ ਝੁੰਗਣਮਾਟਾ ਕਰਦਾ ਹੈ, ਓਹਲਾ ਜਿਹਾ ਕਰਦਾ ਹੈ ਇਹਨੇ ਵੀ ਕੱਪੜਾ ਰੱਸੀ ਬੰਨ੍ਹ ਕੇ ਮੂਹਰੇ ਤਾਣ ਦਿੱਤਾ। ਥੋੜ੍ਹੀ ਜਿਹੀ ਦੇਰ ਬਾਅਦ ਦੇਖਦਾ ਹੈ ਕੁਛ ਵੀ ਨਹੀਂ ਖਾਧਾ। ਫੇਰ ਦੇਖਦਾ ਹੈ ਕੁਛ ਨਹੀਂ ਖਾਧਾ, ਘੜੀਆਂ ਬੀਤ ਗਈਆਂ, ਘੰਟੇ ਬੀਤ ਗਏ, ਸਮਾਂ ਲੰਘਦਾ ਜਾਂਦਾ ਹੈ, ਦਿਨ ਚੜ੍ਹ ਗਿਆ, ਫੇਰ ਦੇਖਦਾ ਹੈ ਕਿ ਇਹ ਠੰਢਾ ਹੋ ਗਿਆ, ਹੁਣ ਤਾਂ ਇਨ੍ਹਾਂ ਨੇ ਖਾਣਾ ਹੀ ਨਹੀਂ। ਦੁਬਾਰਾ ਫੇਰ ਲਾਹ ਕੇ ਲਿਆਉਂਦੇ ਨੇ। ਦੋ ਤਿੰਨ ਵਾਰੀ ਇਸ ਤਰ੍ਹਾਂ ਲਿਆਇਆ, ਦੁਪਹਿਰਾ ਹੋ ਗਿਆ, ਓਧਰ ਡੰਗਰ ਜਿਹੜੇ ਨੇ ਕਿੱਲ੍ਹਿਆਂ 'ਤੇ ਖੜ੍ਹੇ ਗੇੜੇ ਦਿੰਦੇ ਨੇ, ਏਧਰ ਇਹਨੂੰ ਹੋ ਗਿਆ

ਕਿ ਜੇ ਨਾ ਮੈਂ ਛਕਾਇਆ ਤਾਂ ਮੇਰੀ ਭਗਤੀ 'ਚ ਵਿਘਨ ਪੈ ਜਾਏਗਾ। ਭਾਈ ਸਾਹਿਬ ਲਿਖਦੇ ਨੇ ਕਿ –

*ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।*

***ਭਾਈ ਗੁਰਦਾਸ ਜੀ ਵਾਰ, 10/13***

ਜਦੋਂ ਬੇਬੱਸੀ ਹੋ ਗਈ ਉਹ ਕਹਿਣ ਲੱਗਿਆ ਠਾਕੁਰ ਜੀ, ਮੈਨੂੰ ਭੁੱਲ ਗਿਆ, ਮੈਂ ਪੰਡਤ ਜੀ ਨੂੰ ਪੁੱਛਣਾ ਸੀ ਕਿ ਤੁਸੀਂ ਕੀ ਖਾਂਦੇ ਹੁੰਦੇ ਓਂ, ਅੱਜ ਤਾਂ ਤੁਸੀਂ ਮਿੱਸੀਆਂ ਰੋਟੀਆਂ ਖਾ ਲਓ। ਕੱਲ੍ਹ ਤੋਂ ਮੈਂ ਸਿਖ ਕੇ ਆਵਾਂਗਾ, ਜਿਹੜਾ ਕੁਛ ਤੁਸੀਂ ਖਾਂਦੇ ਓਂ, ਓਹੀ ਤੁਹਾਨੂੰ ਖਲਾ ਦਿਆ ਕਰਾਂਗਾ। ਅੱਜ ਤਾਂ ਪ੍ਰਸ਼ਾਦੇ ਤੁਸੀਂ ਛਕ ਲਓ, ਇਹਦੇ 'ਚ ਭੋਰਾ ਜਿੰਨਾਂ ਵੀ ਨਹੀਂ ਉਹਦੇ ਮਨ 'ਚ ਆਇਆ ਕਿ ਆਹ ਪੱਥਰ ਨੇ ਕਿਤੇ ਰੋਟੀਆਂ ਖਾਣੀਆਂ ਨੇ। ਪੂਰਾ ਭਰੋਸਾ ਹੈ, ਭੋਰਾ ਸ਼ੱਕ ਨਹੀਂ ਆ ਰਿਹਾ। ਸਮਾਂ ਲੰਘਦਾ ਜਾਂਦਾ ਹੈ, ਓਸ ਵੇਲੇ, ਫੇਰ ਹੱਥ ਜੋੜ ਲਏ, ਲੰਮਾ ਪੈ ਗਿਆ, ਬਹੁਤ ਬੇਨਤੀਆਂ ਕਰਦਾ ਹੈ ਏਸ ਤਰ੍ਹਾਂ ਦੇ ਨਾਲ –

*ਧਾਰਨਾ – ਪੈਰੀਂ ਪੈ ਪੈ ਕੇ ਬਹੁਤ ਮਨਾਵੇ,*
*ਹੱਥ ਜੋੜ ਕਰੇ ਮਿੰਨਤਾਂ।*
*ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।*
*ਹਥਿ ਜੋੜਿ ਮਿੰਨਤਾਂ ਕਰੈ ਪੈਰੀਂ ਪੈ ਪੈ ਬਹੁਤੁ ਮਨਾਵੈ।*
*ਹਉਂ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।*

***ਭਾਈ ਗੁਰਦਾਸ ਜੀ ਵਾਰ, 10/13***

ਬਾਰ-ਬਾਰ ਬੇਨਤੀਆਂ ਕਰਦਾ ਹੈ, ਰੋਂਦਾ ਹੈ, ਲੰਮਾ ਪੈਂਦਾ ਹੈ ਪਾਤਸ਼ਾਹ! ਅੱਜ ਖਾ ਲਓ, ਜੇ ਤੂੰ ਨਹੀਂ ਖਾਣੀ, ਤੂੰ ਨਹੀਂ ਖਾਂਦਾ ਫੇਰ ਮੈਂ ਵੀ ਨਹੀਂ ਖਾਣੀ। ਮੈਂ ਵੀ ਮੂੰਹ ਜੂਠਾ ਨਹੀਂ ਕਰਨਾ, ਅੰਨ੍ਹ ਦਾ ਇੱਕ ਦਾਣਾ ਨਹੀਂ ਖਾਣਾ। ਜਦੋਂ ਪ੍ਰਮੇਸ਼ਰ ਨੇ ਦੇਖਿਆ ਕਿ ਦ੍ਰਿੜ੍ਹ ਇਰਾਦਾ ਹੈ, 100% ਪ੍ਰਤੀਤ ਹੈ, ਸਵੇਰੇ ਦੋ ਵਜੇ ਤੋਂ ਲੈ ਕੇ ਦਿਨ ਦੇ ਦੋ ਵੱਜ ਗਏ, ਅਜੇ ਤਕ ਇੱਕ ਫੁਰਨਾ ਵੀ ਨਹੀਂ ਇਹਦੇ ਮਨ 'ਚ ਆਇਆ ਕਿ ਮੈਂ ਰੋਟੀ ਨਹੀਂ ਖਾਣੀ। ਫੇਰ ਪ੍ਰਮੇਸ਼ਰ ਕੀ ਕਰਦਾ ਹੈ, ਪਿਆਰ ਦੇ ਵਸ ਵਿੱਚ ਆ ਜਾਂਦਾ ਹੈ। ਪਿਆਰ ਦੇ ਵਸੀਭੂਤ ਹੋ ਕੇ ਜਿਹੋ ਜਿਹੀ ਸ਼ਕਲ ਕਹੋ ਓਹੀ ਜਿਹੀ ਧਾਰ ਲੈਂਦਾ ਹੈ। ਜਦੋਂ ਰੋਂਦੇ-ਰੋਂਦੇ ਨੂੰ ਉੱਤੇ ਨੂੰ ਗਰਦਨ ਚੁੱਕੀ, ਕੀ ਦੇਖਦਾ ਹੈ ਉਹ ਪੱਥਰ ਤਾਂ ਹੈ ਹੀ ਨਹੀਂ, ਉਹਦੇ ਥਾਂ ਦੇ ਉੱਤੇ ਪ੍ਰਮੇਸ਼ਰ ਬੈਠੇ ਨੇ, ਰੋਸ਼ਨੀ ਹੀ ਰੋਸ਼ਨੀ ਹੋਈ ਪਈ ਹੈ, ਝਿਲਮਿਲ-ਝਿਲਮਿਲ ਹੋ ਰਿਹਾ ਹੈ। ਮੁਸਕਰਾ ਰਹੇ ਨੇ, ਧੰਨੇ ਦੀ ਜਾਨ 'ਚ ਜਾਨ ਆਈ, ਹਉਕੇ ਲੈਂਦਾ ਹੈ, ਬੇਨਤੀਆਂ ਕਰਦਾ ਹੈ ਕਿ ਤੁਸੀਂ ਅੱਜ ਛਕ ਲਓ ਤੇ ਮੈਂ ਕੱਲ੍ਹ ਤੋਂ ਜੋ ਕੁਛ ਛਕੋਂਗੇ, ਉਸ ਤਰ੍ਹਾਂ ਦਾ ਬਣਾ ਲਿਆ ਕਰੂੰ। ਕਹਿੰਦੇ ਧੰਨਿਆਂ! ਮੈਂ ਰੋਟੀਆਂ ਦਾ ਭੁੱਖਾ ਨਹੀਂ ਹੈਗਾ, ਮੈਂ ਤਾਂ ਜੇ ਭੁੱਖਾ ਹਾਂ, ਮੈਂ ਕੇਵਲ ਪਿਆਰ ਦਾ ਭੁੱਖਾ ਹਾਂ। ਪ੍ਰਤੱਖ ਹੋ ਗਿਆ, ਕਹਿੰਦਾ ਲਿਆ ਰੋਟੀ। ਹੁਣ

ਮਿੱਸੀਆਂ ਰੋਟੀਆਂ ਗੰਢੇ (ਪਿਆਜ) ਨਾਲ ਖਾ ਰਿਹਾ ਹੈ ਰੱਬ। ਦਹੀਂ ਖਾ ਲਿਆ ਲੱਸੀ ਪੀ ਲਈ, ਪ੍ਰਤੱਖ ਹੋ ਗਿਆ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

***ਧਾਰਨਾ - ਰੋਟੀ ਖਾ ਲਈ ਹੈ ਧੰਨੇ ਦੀ ਆ ਕੇ,***
***ਰੱਬ ਪ੍ਰਤੱਖ ਹੋ ਗਿਆ।***
***ਗੋਸਾਈ ਪਰਤਖਿ ਹੋਇ ਰੋਟੀ ਖਾਇ ਛਾਹਿ ਮੁਹਿ ਲਾਵੈ।***
***ਭੋਲਾ ਭਾਉ ਗੋਬਿੰਦੁ ਮਿਲਾਵੈ॥ ਭਾਈ ਗੁਰਦਾਸ ਜੀ ਵਾਰ, 10/13***

ਪ੍ਰਤੱਖ ਹੋ ਗਿਆ, ਪ੍ਰਸ਼ਾਦੇ ਛਕਣ ਲਗ ਗਿਆ। ਧੰਨਾ ਦੇਖਦਾ ਹੈ ਕਿ ਰੋਟੀਆਂ ਤਾਂ ਉਡ-ਉਡ ਕੇ ਜਾ ਰਹੀਆਂ ਨੇ ਇਹਦੇ ਵਲ ਨੂੰ, ਮਾੜਾ ਜਿਹਾ ਦੇਖਦਾ ਹੈ ਤੇ ਰੋਟੀ ਉਡ ਕੇ ਚਲੀ ਜਾਂਦੀ ਹੈ, ਜਦੋਂ ਚਾਰ ਕੁ ਰਹਿ ਗਈਆਂ ਤਾਂ ਇਹਨੇ ਉੱਤੇ ਹੱਥ ਰੱਖ ਲਿਆ। ਕਹਿੰਦੇ ਕੀ ਗੱਲ ਧੰਨਿਆਂ! ਕਹਿੰਦਾ ਮਹਾਰਾਜ ਮੈਂ ਵੀ ਸਵੇਰ ਦਾ ਹੀ ਭੁੱਖਾ ਹਾਂ। ਮੇਰੇ ਜੋਗੀਆਂ ਛੱਡ ਦਿਓ। ਡੰਗਰ ਸਾਰੇ ਖੜ੍ਹੇ ਨੇ, ਪੱਠੇ ਵੱਢਣੇ ਨੇ, ਬਾਹਰ ਲੈ ਕੇ ਜਾਣੇ ਨੇ। ਕਹਿੰਦੇ, ਧੰਨਿਆਂ! ਤੂੰ ਇਸ ਗੱਲ ਦਾ ਫਿਕਰ ਨਾ ਕਰ। ਮੈਂ ਤੇਰੇ ਪਿਆਰ ਦੇ ਵਸ ਵਿੱਚ ਆ ਗਿਆ। ਸਭ ਦੁਨੀਆਂ ਮੇਰੇ ਵਸ ਵਿੱਚ ਹੈ, ਕਰੋੜਾਂ ਬ੍ਰਹਿਮੰਡ ਮੇਰੇ ਅੱਖ ਦੇ ਇਸ਼ਾਰੇ 'ਚ ਨੇ। ਜੇ ਮੈਂ ਇੱਕ ਫੁਰਨਾ ਕਰ ਦੇਵਾਂ ਸਾਰੇ ਖਤਮ ਹੋ ਜਾਣ, ਇੱਕ ਫੁਰਨਾ ਕਰ ਦੇਵਾਂ ਕਰੋੜਾਂ ਬ੍ਰਹਿਮੰਡ ਬਣ ਜਾਣ। ਪਰ ਮੈਨੂੰ ਕੋਈ ਪਿਆਰ ਨਹੀਂ ਕਰਦਾ, ਮੈਂ ਸਭ ਕੁਛ ਬਣਾਉਂਦਾ ਹਾਂ ਦੁਨੀਆਂ ਵਾਸਤੇ, ਪੁੱਤਰ ਧੀਆਂ ਸਿਹਤ, ਖਾਣਾ-ਪੀਣਾ ਠੰਢਾ ਪਾਣੀ, ਹਰੇਕ ਚੀਜ਼ ਹਵਾ ਦਿੰਦਾ ਹਾਂ। ਬਿਰਧ ਹੋ ਜਾਂਦਾ ਹੈ, ਪੁੱਤਰ ਦਿੰਦਾ ਹਾਂ ਸਾਂਭਣ ਵਾਸਤੇ। ਜੇ ਬੱਚਾ ਛੋਟਾ ਜਿਹਾ ਹੈ ਉਹਨੂੰ ਮਾਂ-ਬਾਪ ਦਿੰਦਾ ਹਾਂ, ਪਰ ਮੈਨੂੰ ਤਾਂ ਕੋਈ ਯਾਦ ਹੀ ਨਹੀਂ ਕਰਦਾ। ਮੇਰੀਆਂ ਦਿੱਤੀਆਂ ਹੋਈਆਂ ਚੀਜ਼ਾਂ ਦੇ ਨਾਲ ਪਰਚਿਆ ਰਹਿੰਦਾ ਹੈ। ਧੰਨਿਆਂ! ਮੈਂ ਵੀ ਪਿਆਰ ਦਾ ਭੁੱਖਾ ਹਾਂ, ਰੋਟੀ ਦਾ ਨਹੀਂ ਮੈਂ ਭੁੱਖਾ, ਰੋਟੀ ਦੇ ਇਕੱਲੇ-ਇਕੱਲੇ ਦਾਣੇ 'ਚ ਮੈਂ ਹੀ ਸਮਾਇਆ ਹੋਇਆ ਹਾਂ। ਹਰ ਥਾਂ ਦੇ ਵਿਚ ਮੈਂ ਹੀ ਹਾਂ, ਮੇਰੇ ਤੋਂ ਬਿਨਾਂ ਹੋਰ ਕੋਈ ਹੈ ਨਹੀਂ। ਪਰ ਮੈਂ ਪਿਆਰ ਭਾਲਦਾ ਫਿਰਦਾ ਹਾਂ, ਆਪਣੀ ਸ੍ਰਿਸ਼ਟੀ ਦੇ ਵਿਚੋਂ। ਤੂੰ ਮੈਨੂੰ ਪਿਆਰ ਕੀਤਾ ਹੈ। ਇਹ ਪ੍ਰਤੀਤ ਦੀ ਗੱਲ ਹੈ ਸਾਧਸੰਗਤ ਜੀ, ਭਰੋਸੇ ਦੀ। ਜੇ ਭਰੋਸਾ ਨਾ ਹੋਵੇ, ਫੇਰ ਸਿੱਖੀ ਧਾਰਨ ਕਰੀ ਹੋਈ ਹੈ। ਮਹਾਰਾਜ ਕਹਿੰਦੇ, ਉਹ ਜਿਹੜੀ ਸਿੱਖੀ ਹੈ ਨਾ, ਭਰੋਸੇ ਤੋਂ ਬਗੈਰ, ਉਹ ਸਫਲ ਨਹੀਂ ਹੋਇਆ ਕਰਦੀ, ਜੇ ਪਰਤੀਤ ਨਹੀਂ ਹੈ, ਮਹਾਰਾਜ ਕਹਿੰਦੇ ਫੇਰ ਸੁਖ ਦੀ ਪ੍ਰਾਪਤੀ ਨਹੀਂ ਹੋ ਸਕਦੀ। ਭਾਵੇਂ ਸੌ ਵਾਰੀ ਆਵੇ, ਸੌ ਵਾਰੀ ਆ ਕੇ ਮੱਥੇ ਟੇਕੀ ਜਾਵੇ, ਜਦ ਪ੍ਰਤੀਤ ਹੀ ਨਹੀਂ -

***ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ***
***ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ਅੰਗ - 734***

ਗੁਰੂ ਮਹਾਰਾਜ, ਗੁਰੂ ਅੰਗਦ ਸਾਹਿਬ ਮਹਾਰਾਜ, ਆਪ ਆਪਣੇ ਪਿਛਲੇ ਨਗਰ ਨਾਂਗੇ ਦੀ ਸਰਾਏਂ ਜੋ ਹਰੀ ਕੇ ਦੇ ਨਾਲ ਸੀ, ਉਥੇ ਆਉਂਦੇ ਨੇ ਤੇ ਜਦੋਂ ਉਨ੍ਹਾਂ ਪਿੰਡ ਵਾਸੀਆਂ ਨੂੰ ਪਤਾ ਲੱਗਿਆ ਕਿ ਲਹਿਣਾ ਜੀ ਆਏ, ਨਾਲ ਇਹ ਵੀ ਪਤਾ ਲੱਗਿਆ ਕਿ ਗੁਰੂ ਨਾਨਕ ਪਾਤਸ਼ਾਹ ਦੀ ਕ੍ਰਿਪਾ ਇਹਨਾਂ 'ਤੇ ਹੋ ਗਈ ਹੈ ਤੇ ਬਹੁਤ ਵੱਡੀ ਪਦਵੀ ਪ੍ਰਾਪਤ ਇਨ੍ਹਾਂ ਨੇ ਕੀਤੀ ਹੋਈ ਹੈ, ਓਸ ਵੇਲੇ ਪਿੰਡ ਦੇ ਲੋਕ, ਬੀਬੀਆਂ ਬੱਚੇ ਇਕ ਦਮ ਧਾਈ ਕਰਕੇ ਦਰਸ਼ਨਾਂ ਨੂੰ ਚੱਲ ਪਏ, ਭੇਟਾ ਲਿਆ-ਲਿਆ ਰੱਖੀ ਜਾਂਦੇ ਨੇ। ਦੀਵਾਨ ਲਗ ਗਿਆ, ਸੰਗਤ ਬੈਠੀ ਹੈ, ਫਰਸ਼ ਵਿਛ ਗਏ, ਮਹਾਰਾਜ ਵਾਸਤੇ ਇੱਕ ਪਲੰਘ ਵਿਛਿਆ ਹੋਇਆ ਹੈ ਤੇ ਉਥੇ ਦੇ ਚੌਧਰੀ ਨੇ ਗੱਲ ਜਦੋਂ ਸੁਣੀ, ਕਹਿਣ ਲੱਗਿਆ ਕਿ ਠੀਕ ਹੈ, ਫੇਰ ਸਾਨੂੰ ਵੀ ਦਰਸ਼ਨ ਕਰਨ ਜਾਣਾ ਚਾਹੀਦਾ ਹੈ ਤੇ ਐਡੇ ਵੱਡੇ ਮਹਾਂਪੁਰਸ਼ ਨੇ ਤਾਂ ਦਰਸ਼ਨ ਤਾਂ ਜ਼ਰੂਰ ਕਰਨੇ ਚਾਹੀਦੇ ਨੇ, ਫੇਰ ਮੇਰੇ ਪਿੰਡ ਵਿਚੋਂ ਨੇ, ਇਨ੍ਹਾਂ ਦਾ ਪਿਤਾ ਮੇਰੇ ਕੋਲ ਮੈਨੇਜਰ ਲੱਗਿਆ ਹੋਇਆ ਸੀ। ਦਰਸ਼ਨ ਕਰਨ ਆਉਂਦਾ ਹੈ, ਪਹਿਲਾਂ ਸੁਨੇਹਾ ਭੇਜ ਦਿੱਤਾ। ਕਹਿੰਦਾ ਕਹਿ ਦਿਓ ਲਹਿਣਾ ਜੀ ਨੂੰ ਕਿ ਚੌਧਰੀ ਆ ਰਿਹਾ ਹੈ ਅੱਜ, ਆਪ ਆ ਰਿਹਾ ਹੈ, ਬੁਲਾਉਣਾ ਤਾਂ ਤੁਹਾਨੂੰ ਸੀ ਉਥੇ। ਲੇਕਿਨ ਆਪ ਆ ਰਿਹਾ, ਮਹਾਰਾਜ ਨੇ ਦੇਖ ਲਿਆ ਕਿ ਮਾਣ ਦਾ ਭਰਿਆ ਹੋਇਆ ਸੁਨੇਹਾ ਦਿੱਤਾ ਹੈ। ਇਹ ਜਗਿਆਸੂ ਹੋ ਕੇ ਨਹੀਂ ਆ ਰਿਹਾ, ਪਰਤੀਤ ਨਹੀਂ ਇਹਦੇ ਹਿਰਦੇ ਦੇ ਅੰਦਰ, ਮਾਣ ਲੈ ਕੇ ਨਾਲ ਆ ਰਿਹਾ ਹੈ। ਮਹਾਰਾਜ ਕਹਿੰਦੇ ਐਉਂ ਕਰੋ ਪ੍ਰੇਮੀਓ! ਇਹਨੇ ਭੁੰਜੇ ਤਾਂ ਬੈਠਣਾ ਨਹੀਂ ਹੈ। ਆਹ ਇੱਕ ਪਗੂੰੜਾ ਡਾਹ ਦਿਓ ਇਥੇ, ਉਹਦੇ ਉੱਤੇ ਬਹਿ ਜਾਏਗਾ। ਉੱਤੇ ਕਪੜਾ ਵਿਛਾ ਦਿਓ, ਚੌਧਰੀ ਹੈਂਕੜਬਾਜ਼ ਹੈ, ਘਰੋੜੇ 'ਤੇ ਨਹੀਂ ਬੈਠਣਾ ਇਸਨੇ। ਬਿਸਤਰਾ ਵਿਛਾ ਦਿੱਤਾ, ਮਹਾਰਾਜ ਦਾ ਪਲੰਘ ਲੱਗਿਆ ਹੋਇਆ ਹੈ, ਇਹ ਜਿਸ ਵਕਤ ਗਿਆ, ਨਾ ਤਾਂ ਇਹਨੇ ਨਮਸ਼ਕਾਰ ਕਰੀ, ਦੱਸ ਵੀਹ ਬੰਦੇ ਨਾਲ ਲਏ ਹੋਏ ਨੇ ਤੇ ਗਰਦਨ ਉਪਰ ਨੂੰ ਚੁੱਕੀ ਹੋਈ ਹੈ। ਆਕੜਿਆ ਹੋਇਆ ਤੁਰਿਆ ਆਉਂਦਾ ਹੈ ਤੇ ਸੇਵਾਦਾਰ ਨੇ ਕਿਹਾ ਕਿ ਚੌਧਰੀ ਜੀ! ਇੱਥੇ ਬਹਿ ਜਾਓ ਤੁਸੀਂ। ਪੰਗੂੜੇ ਵਲ ਦੇਖਿਆ, ਝਾਕਿਆ ਹੀ ਨਾ, ਕਹਿੰਦਾ ਇਸ 'ਤੇ ਮੈਂ ਬਹਿ ਜਾ? ਇਹ ਲਹਿਣਾ ਉਪਰ ਬੈਠਾ ਹੈ ਤੇ ਮੈਂ ਥੱਲੇ ਬਹਿ ਜਾਵਾ? ਜਾ ਕੇ ਸਿੱਧਾ ਹੀ ਗੁਰੂ ਮਹਾਰਾਜ ਦੇ ਸਰ੍ਹਾਣੇ ਵਲ ਬਹਿ ਗਿਆ। ਹੇਠਾਂ ਨਹੀਂ ਬੈਠਿਆ, ਮਹਾਰਾਜ ਚੁੱਪ ਰਹੇ।

***ਜਾਇ ਸਿਰ੍ਹਾਨੇ ਕੀ ਦਿਸ਼ ਬੈਠਾ। ਸਰਦਾਰੀ ਕੇ ਮਾਨ ਅਮੈਠਾ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1363***

ਮਾਣ ਦਾ ਮੱਤਿਆ ਹੋਇਆ ਜਾ ਕੇ ਸਰ੍ਹਾਣੇ ਵਲ ਬਹਿ ਗਿਆ।

***ਮੂਰਖ ਨਹਿਂ ਜਾਨੀ ਬਡਿਆਈ। ਮੈਂ ਸਰਦਾਰ-ਲਖਹਿ ਗਰਬਾਈ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1363***

ਮੈਂ ਐਨੇ ਪਿੰਡਾਂ ਦਾ ਮਾਲਕ ਹਾਂ, ਪਰ ਗੁਰੂ ਦੀ ਵਡਿਆਈ ਨੂੰ ਨਹੀਂ ਸੀ ਜਾਣਦਾ। ਭਰੋਸਾ ਨਹੀਂ ਸੀ, ਪਰਤੀਤ ਨਹੀਂ ਸੀ ਕੋਈ ਵੀ, ਸਰ੍ਹਾਣੇ ਵਲ ਜਾ ਕੇ ਬਹਿ ਗਿਆ, ਮਹਾਰਾਜ ਚੁੱਪ ਰਹੇ, ਕੋਈ ਬਚਨ ਨਹੀਂ ਕਰਿਆ ਆਪ ਨੇ, ਅਭਿਮਾਨ ਦੇ ਨਾਲ ਬੈਠਾ ਰਿਹਾ। ਬੜਾ ਹੋਰ ਹੀ ਤਰ੍ਹਾਂ ਦਾ ਚਿਹਰਾ ਹੋਇਆ ਪਿਆ ਹੈ, ਕਿ ਮੈਨੂੰ ਕਹਿਣ। ਲੇਕਿਨ ਥੋੜ੍ਹੀ ਦੇਰ ਤੋਂ ਬਾਅਦ ਮਹਾਰਾਜ ਨੇ ਸੁਖ-ਸਾਂਦ ਪੁੱਛੀ ਉਸ ਤੋਂ ਬਾਅਦ ਤੁਰ ਆਇਆ ਤੇ ਪਿੱਛੋਂ ਜਿਸ ਵਕਤ ਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਦੇਖੋ ਸਾਰਾ ਸੰਸਾਰ ਤੁਹਾਡੀ ਵਡਿਆਈ ਕਰਦਾ ਹੈ। ਗੁਰੂ ਨਾਨਕ ਤਾਂ ਆਪ ਪ੍ਰਮੇਸ਼ਰ ਸੀ, ਪ੍ਰਮੇਸ਼ਰ ਦੀ ਥਾਂ 'ਤੇ ਹੁਣ ਤੁਸੀਂ ਪ੍ਰਮੇਸ਼ਰ ਬਣੇ ਓਂ ਤੇ ਆਹ ਚੌਧਰੀ ਕਿਹੋ ਜਿਹਾ ਸੀ। ਆਇਆ ਸੀ ਦਰਸ਼ਨ ਕਰਨ ਵਾਸਤੇ, ਪਰ ਦੇਖੋ ਕਿੰਨਾ ਅਭਿਮਾਨ ਹੈ। ਮਹਾਰਾਜ ਕਹਿੰਦੇ, ਪ੍ਰੇਮੀਓਂ! ਇੱਕ ਦਰਖਤ ਹੁੰਦਾ ਹੈ ਸਿੰਮਲ, ਇੱਕ ਹੁੰਦਾ ਹੈ ਮਨ ਦੇ ਪਿੱਛੇ ਲਗਣ ਵਾਲਾ ਉਹਨੂੰ ਮਨਮੁਖ ਕਹਿੰਦੇ ਨੇ। ਇਹ ਦੋਵੇਂ ਜਿਹੜੇ ਨੇ ਇਨ੍ਹਾਂ ਨੂੰ ਫਲ ਨਹੀਂ ਪਿਆ ਕਰਦਾ -

*ਧਾਰਨਾ - ਖਾਲੀ ਰਹਿ ਜਾਂਦੇ ਨੇ,*
*ਮਨਮੁਖ ਤੇ ਸਿੰਮਲ ਭਾਈ।*

*ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ॥*
*ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥*
*ਫਲ ਫਿਕੇ ਫੁਲ ਬਕਬਕੇ ਕੰਮਿ ਨ ਆਵਹਿ ਪਤ ॥*
*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥*
*ਸਭੁ ਕੋ ਨਿਵੈ ਆਪ ਕਉ ਪਰ ਕਉ ਨਿਵੈ ਨ ਕੋਇ ॥*
*ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ ਹੋਇ ॥*
*ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥*
*ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥*

*ਅੰਗ - 470*

*ਸੁਨਿ ਸ਼੍ਰੀ ਅੰਗਦ ਸਹਿਜ ਸੁਭਾਇ।*
*ਬਾਕ ਬਖਾਨਯੋ ਸਭਿਨਿ ਸੁਨਾਇ।*
*ਪਲੰਘ ਪੰਘੂਰਾ ਕਛੂ ਨ ਰਹਯੋ।*
*ਅਬਿ ਤੇ ਇਨ ਕੋ ਸਭਿ ਕਿਛੇ ਦਹਯੋ।*
*ਕਰਨਿ ਬਿਅਦਬੀ ਬਡਿਅਨਿ ਕੇਰੀ।*
*ਨਾਸ਼ ਦੇਤਿ ਕਰਿ ਬਡਿਹੁੰ ਬਡੇਰੀ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1362*

ਮਹਾਰਾਜ ਕਹਿੰਦੇ ਪ੍ਰੇਮੀਓ! ਸਿੰਮਲ ਰੁੱਖ ਫਲਿਆ ਹੋਇਆ ਬਹੁਤ ਹੁੰਦਾ ਹੈ, ਪਰ ਉਹਦੇ ਵਿੱਚ ਕੁਛ ਨਹੀਂ, ਖਾਲੀ ਹੋਇਆ ਕਰਦਾ ਹੈ। ਏਸੇ ਤਰ੍ਹਾਂ ਜਿਹੜਾ ਵੱਡਿਆਂ ਦੀ ਬੇਅਦਬੀ ਕਰਦਾ ਹੈ, ਪਲੰਘ ਪਗੂੰੜਾ ਇਹਦਾ ਕੁਛ ਵੀ ਨਹੀਂ ਰਹਿਣਾ। ਬਚਨ ਕਰ ਦਿੱਤਾ ਮਹਾਰਾਜ ਨੇ ਸਹਿਜ ਸੁਭਾਅ ਕਿ ਨਾ ਪਲੰਘ ਰਹਿਣਾ ਹੈ ਨਾ ਪਘੂੰੜਾ ਰਹਿਣਾ ਹੈ, ਕਿਉਂਕਿ ਵੱਡਿਆਂ

ਦੀ ਜੋ ਬੇਅਦਬੀ ਕਰਦਾ ਹੈ, ਉਹਦੀ ਸੰਪੱਤੀ ਨਾਸ ਹੋ ਜਾਇਆ ਕਰਦੀ ਹੈ। ਚਲਿਆ ਗਿਆ, ਏਸੇ ਤਰ੍ਹਾਂ ਦੇ ਨਾਲ ਖਤਮ ਹੋ ਗਿਆ ਥੋੜ੍ਹੀ ਦੇਰ ਤੋਂ ਬਾਅਦ।

ਗੁਰੂ ਅੰਗਦ ਸਾਹਿਬ ਜਿਸ ਥਾਂ 'ਤੇ ਰਹਿੰਦੇ ਸੀ, ਖਡੂਰ ਸਾਹਿਬ ਉਥੇ ਵੀ ਇੱਕ ਚੌਧਰੀ ਸੀ ਬੇਪਰਤੀਤਾ, ਉਹਦਾ ਨਾਉਂ ਸੀ ਮਲੂਕਾ ਚੌਧਰੀ, ਗੁਰੂ ਮਹਾਰਾਜ ਦੀ ਮਹਿਮਾ ਸੁਣੀ ਕਿ ਬੇਅੰਤ ਸੰਗਤ ਇੱਥੇ ਆਉਂਦੀ ਹੈ ਤੇ ਵੱਡੇ ਬੀਮਾਰ ਰਾਜ਼ੀ ਹੋ ਕੇ ਜਾਂਦੇ ਨੇ, ਆ ਕੇ ਚਰਨੀਂ ਢਹਿ ਪਿਆ, ਪਾਤਸ਼ਾਹ! ਮੈਨੂੰ ਬਚਾਓ, ਤੁਹਾਡੀ ਮਹਿਮਾ ਬਹੁਤ ਵੱਡੀ ਹੈ ਤੇ ਮੈਨੂੰ ਮਿਰਗੀ ਨੇ ਬਹੁਤ ਤੰਗ ਕਰਿਆ ਹੋਇਆ ਹੈ, ਮਹਾਰਾਜ ਕਹਿੰਦੇ ਚੌਧਰੀ ਸ਼ਰਾਬ ਪੀਣੀ ਤੂੰ ਛੱਡ ਦੇ, ਮਿਰਗੀ ਹਟ ਜਾਏਗੀ। ਬਚਨ ਮੰਨ ਲਿਆ, ਅੱਠ ਸਾਲ ਲੰਘ ਗਏ, ਮਿਰਗੀ ਹਟ ਗਈ, ਸ਼ਰਧਾ ਅੰਦਰ ਆਈ ਨਹੀਂ ਭਰੋਸਾ ਹੈ ਨਹੀਂ। ਕਹਿਣ ਲੱਗਿਆ, ਮਿਰਗੀ ਕਿਤੇ ਇਨ੍ਹਾਂ ਨੇ ਹਟਾਈ ਹੈ, ਮੇਰੀ ਆਪੇ ਹੀ ਹਟ ਗਈ ਸੀ। ਇਨ੍ਹਾਂ ਨੇ ਥੋੜ੍ਹਾ ਹਟਾਈ ਹੈ, ਇਨ੍ਹਾਂ ਨੇ ਦਵਾਈ ਹੀ ਨਹੀਂ ਮੈਨੂੰ ਦਿੱਤੀ ਕੋਈ। ਦੱਸੋ, ਸਿਆਣੇ ਬੰਦੇ ਓਂ ਤੁਸੀਂ ਕਿ ਬਿਨਾਂ ਦਵਾਈ ਤੋਂ ਵੀ ਕਦੇ ਕੋਈ ਬਿਮਾਰੀ ਹਟਦੀ ਹੈ। ਦਲੀਲਾਂ ਦੇਣ ਲਗ ਗਿਆ, ਅੱਜ ਗੁਰੂ ਅੰਗਦ ਸਾਹਿਬ ਹੇਠਾਂ ਬੈਠੇ ਨੇ, ਵਿਹੜੇ 'ਚ। ਸੰਗਤਾਂ ਆਈਆਂ ਹੋਈਆਂ ਨੇ, ਬਚਨ ਬਿਲਾਸ ਚੱਲ ਰਹੇ ਨੇ। ਉਸ ਵੇਲੇ ਚੁਬਾਰੇ 'ਤੇ ਬੈਠਾ ਹੈ, ਬੱਦਲ ਹੋਏ-ਹੋਏ ਨੇ, ਸਾਉਣ ਦਾ ਮਹੀਨਾ ਹੈ, ਮਾੜੀ-ਮਾੜੀ ਕਣੀ ਪੈ ਰਹੀ ਹੈ। ਨੌਕਰ ਨੂੰ ਕਹਿੰਦਾ ਜਾਹ, ਸ਼ਰਾਬ ਲੈ ਆ, ਕਹਿੰਦਾ ਤੁਹਾਨੂੰ ਤਾਂ ਮਨ੍ਹਾਂ ਕਰੀ ਹੋਈ ਸੀ। ਕਹਿੰਦਾ ਛੱਡ ਪਰ੍ਹੇ, ਆਹ ਕੋਈ ਗੱਲ ਹੁੰਦੀ ਹੈ? ਸ਼ਰਾਬ ਦੀ ਬੋਤਲ ਆ ਗਈ ਤੇ ਪੀਣੀ ਸ਼ੁਰੂ ਕਰ ਦਿੱਤੀ। ਗੁਰੂ ਅੰਗਦ ਸਾਹਿਬ ਵਲ ਨੂੰ, ਜਿਧਰ ਬੈਠੇ ਸੀ ਉਸ ਬਨ੍ਹੇਰੇ ਵਲ ਨੂੰ ਆ ਗਿਆ, ਉੱਚੀ-ਉੱਚੀ ਹਾਕਾਂ ਮਾਰਨ ਲਗ ਗਿਆ, ਕਹਿੰਦਾ ਓ ਤਪੇ! ਓ ਤਪੇ! ਕਹਿੰਦਾ -

***ਤਪਾ! ਹਟਾਯੋ ਹੁਕਮ ਤੁਮਾਰਾ। ਬੂੰਦੈਂ ਬਰਖਤਿ, ਬਡੀ ਬਹਾਰਾ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1364***

ਕਹਿੰਦਾ, ਦੇਖ ਕਿੰਨਾ ਵਧੀਆ ਮੀਂਹ ਪੈ ਰਿਹਾ ਹੈ, ਮਾੜੀਆਂ-ਮਾੜੀਆਂ ਕਣੀਆਂ ਪੈ ਰਹੀਆਂ ਨੇ ਤੇ ਦੇਖ ਉਹ ਕਿੰਨੀ ਵੱਡੀ ਬਹਾਰ ਹੈ, ਅੱਜ ਕਹਿੰਦੇ -

***ਰਹਯੋ ਨ ਜਾਹਿ ਮੋਹਿ ਤੇ ਕੈਸੇ। ਪਾਵਤਿ ਅਤਿ ਪ੍ਰਮੋਦ ਮੈਂ ਐਸੇ।***
***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1363***

ਮਹਾਰਾਜ ਜੀ ਉਪਰ ਨੂੰ ਦੇਖੇ, ਕਹਿੰਦਾ ਮੈਂ ਪੀ ਲਈ ਫੇਰ। ਮਹਾਰਾਜ ਜੀ ਨੇ ਹੱਥ ਉਪਰ ਨੂੰ ਕਰ ਦਿੱਤਾ ਕਿ ਲੈ ਫੇਰ ਮਿਰਗੀ ਵੀ ਆਈ। ਉਥੇ ਹੀ ਮਿਰਗੀ ਪੈ ਗਈ, ਗਰਦਨ ਭਰਨੇ ਥੱਲੇ ਆਇਆ। ਪੈ ਗਈ

ਨਾ ਮਹਿੰਗੀ ਸਿੱਖੀ, ਬਿਨਾਂ ਪਰਤੀਤ ਤੋਂ। ਇੱਕ ਹੋਰ ਮਿਸਾਲ ਹੈ, ਮਾਣਾ ਸਿੰਘ ਸੀਗਾ, ਗੁਰੂ ਅੰਗਦ ਸਾਹਿਬ ਦੇ ਦਰਬਾਰ 'ਚ, ਮਹਾਰਾਜ ਜੀ ਦਾ ਗੋਤੀ ਸੀ। ਆਹ ਗੋਤ ਵੀ ਬੜੀ ਬੀਮਾਰੀ ਹੁੰਦੀ ਹੈ। ਭਾਈਚਾਰਾ ਵੀ ਬੜੀ ਬੀਮਾਰੀ ਹੁੰਦੀ ਹੈ, ਇਨ੍ਹਾਂ ਨੂੰ ਕਦੇ ਨਹੀਂ ਸ਼ਰਧਾ ਆਉਂਦੀ। ਐਸੀਆਂ ਗੁਰੂ ਘਰ 'ਚ ਬੇਅੰਤ ਮਿਸਾਲਾਂ ਨੇ। ਜਿੱਥੇ ਭਾਈਚਾਰੇ ਨੇ, ਉੱਥੇ ਗੁਰੂਆਂ ਨੂੰ ਵੀ ਆ ਕੇ ਉਨ੍ਹਾਂ ਨੇ ਤੰਗ ਕਰਿਆ ਹੈ। ਸਮਝਦੇ ਹੀ ਨਹੀਂ, ਕਹਿੰਦੇ ਸਾਡੇ ਪਿੰਡ ਦਾ ਹੈ ਇਹ ਤਾਂ। ਦੂਜਾ ਕਹਿੰਦਾ ਹੈ ਕਿ ਇਹ ਤਾਂ ਮੇਰਾ ਹੀ ਭਾਈਚਾਰਾ ਹੈ। ਇੱਕ ਜਿਹੜੇ ਮਿੱਤਰ ਹੁੰਦੇ ਨੇ ਬਚਪਨ ਦੇ, ਉਹ ਕਹਿੰਦੇ ਨੇ ਕਿ ਇਹ ਤਾਂ ਸਾਡੇ ਨਾਲ ਹੀ ਫਿਰਦਾ ਹੁੰਦਾ ਸੀ। ਇੱਕ ਮਾਂ-ਬਾਪ ਨੂੰ ਸ਼ਰਧਾ ਨਹੀਂ ਆਉਂਦੀ, ਇੱਕ ਭਰਾਵਾਂ ਨੂੰ ਨਹੀਂ ਆਉਂਦੀ, ਇੱਕ ਪੁੱਤਰਾਂ ਨੂੰ ਨਹੀਂ ਆਉਂਦੀ, ਇਨ੍ਹਾਂ ਨੂੰ ਸ਼ਰਧਾ ਨਹੀਂ ਆਇਆ ਕਰਦੀ ਕਦੇ ਵੀ ਕਿੱਡਾ ਹੀ ਵੱਡਾ ਕਿਉਂ ਨਾ ਹੋ ਜਾਵੇ, ਪਿੱਛੋਂ ਤਾਂ ਲੋਕਾਂ ਤੋਂ ਸੁਣ-ਸੁਣ ਕੇ ਗੱਲਾਂ ਕਰੀ ਜਾਣਗੇ, ਅੰਦਰ ਨਹੀਂ ਆਏਗਾ ਕਦੇ। ਕੋਈ ਵਿਰਲਾ ਹੈ ਜਿਸਦੇ ਅੰਦਰ ਸ਼ਰਧਾ ਆ ਜਾਏ।

ਇਹ ਆ ਗਿਆ, ਆ ਕੇ ਰਹਿਣ ਲੱਗ ਗਿਆ ਮਹਾਰਾਜ ਕੋਲ ਖਡੂਰ ਸਾਹਿਬ; ਸੇਵਾ ਕੋਈ ਨਾ ਕਰਿਆ ਕਰੇ। ਜੇ ਕੋਈ ਪੁੱਛੇ ਤਾਂ ਕਹਿ ਦਿਆ ਕਰੇ ਕਿ ਮੇਰਾ ਗੋਤੀ ਹੈ ਗੁਰੂ ਸਾਹਿਬ। ਸਾਡਾ ਦੋਹਾਂ ਦਾ ਇੱਕੋ ਹੀ ਗੋਤ ਹੈ, ਭਾਈਚਾਰਾ ਹੈ, ਮੇਰੇ ਤਾਂ ਇਹ ਭਰਾ ਲਗਦੇ ਨੇ। ਚੁੱਪ ਕਰ ਰਿਹਾ ਕਰਨ ਸਿੱਖ।

ਇੱਕ ਦਿਨ ਬਾਬਾ ਬੁੱਢਾ ਜੀ ਨੂੰ ਕਿਹਾ ਕਿ ਮਹਾਰਾਜ! ਆਹ ਜਿਹੜਾ ਭਾਈ ਮ੍ਹਾਣਾ ਹੈ ਨਾ ਇਹ ਸੇਵਾ ਨਹੀਂ ਕਰਦਾ। ਕੁਛ ਨਹੀਂ ਕਰਦਾ। ਉਨ੍ਹਾਂ ਨੇ ਕਿਹਾ ਕਿ ਦੇਖ ਭਾਈ ਮ੍ਹਾਣਾ! ਗੁਰੂ ਘਰ ਹੈ ਇਹ, ਇੱਥੇ ਥਾਂ-ਥਾਂ ਤੋਂ ਦਾਣਾ-ਦਾਣਾ ਇਕੱਠਾ ਹੁੰਦਾ ਹੈ, ਪੈਸਾ-ਪੈਸਾ ਇਕੱਠਾ ਹੁੰਦਾ ਹੈ ਭਾਵਨਾ ਦੇ ਨਾਲ, ਸ਼ਰਧਾ ਦੇ ਨਾਲ ਆਉਂਦਾ ਹੈ ਇਹ ਤਾਂ ਸਫਲ ਹੁੰਦਾ ਹੈ ਜੇ ਖਾਣ ਵਾਲੇ ਬੰਦਗੀ ਕਰਨ, ਸੇਵਾ ਕਰਨ, ਤਾਂ ਉਹਦਾ ਫਲ ਉਨ੍ਹਾਂ ਵੀ ਮਿਲਦਾ ਹੈ ਤੇ ਜੇ ਨਾ ਕਰਨ ਉਨ੍ਹਾਂ ਨੂੰ ਤਾਂ ਫਲ ਮਿਲ ਹੀ ਜਾਏਗਾ। ਪਰ ਖਾਣ ਵਾਲਿਆਂ ਨੂੰ ਜਿਹੜਾ ਹੈ ਉਹਨੂੰ ਜ਼ਹਿਰ ਹੋ ਕੇ ਲੱਗੇਗਾ। ਜਿਹੋ ਜਿਹੀ ਜ਼ਹਿਰ ਖਾ ਲਈ, ਉਹੋ ਜਿਹਾ ਪੂਜਾ ਦਾ ਧਾਨ ਖਾ ਲਿਆ।

***ਧਰਮਾਸਾਲਾ ਦੀਆਂ ਰੋਟੀਆ ਤਿੰਨ ਕੰਮ ਕਰੇਨਿ,***
***ਮਤ ਮਾਰਨ, ਹੱਡ ਗਾਲਨ,***
***ਭਜਨ ਕਰਨ ਨ ਦੇਨਿ।***

ਜੇ ਸੇਵਾ ਨਹੀ ਕਰੇਗਾ, ਨਾਮ ਨਹੀਂ ਜਪੇਗਾ, ਫੇਰ ਨਹੀਂ ਕੱਖ ਵੀ ਬਣਦਾ, ਨਾਲੇ ਤਾਂ ਬੀਮਾਰ ਰਹੇਗਾ, ਰੋਜ਼ ਡਾਕਟਰਾਂ ਕੋਲ ਜਾਏਗਾ। ਮੱਤ ਮਾਰੀ ਜਾਏਗੀ, ਉਲਟੀਆਂ ਗੱਲਾਂ ਸੋਚੇਗਾ। ਬੇਅਦਬੀਆਂ ਕਰੇਗਾ, ਬੇਅੰਤ ਕਿਸਮ ਦੇ ਔਗੁਣ ਉਸ ਵਿੱਚ ਪੈਦਾ ਹੋ ਜਾਣਗੇ। ਕਿਰਮ ਬਣ ਕੇ ਉਸ

ਅੰਦਰ ਪੈ ਜਾਣਗੇ। ਫੇਰ ਭਜਨ 'ਚ ਉਹਦਾ ਚਿੱਤ ਲੱਗਣਾ ਹੀ ਨਹੀਂ ਜਾਂ ਸੌਂ ਜਾਏਗਾ, ਜਾਂ ਲੱਗਣਾ ਹੀ ਨਹੀਂ ਹੈ, ਔਖਾ ਹੋ ਜਾਏਗਾ। ਉਹ ਕਹਿੰਦੇ ਦੇਖ ਤੂੰ ਸੇਵਾ ਕਰਿਆ ਕਰ। ਕਹਿੰਦਾ ਬਾਬਾ! ਤੈਨੂੰ ਪਤਾ ਹੈ ਗੁਰੂ ਸਾਹਿਬ ਮੇਰਾ ਭਾਈਚਾਰਾ ਹੈ, ਤੂੰ ਮੈਨੂੰ ਕੀ ਕਹਿ ਸਕਦਾ ਹੈਂ, ਮੈਨੂੰ ਉਹ ਕਹਿਣ। ਇੱਕ ਗੁਰੂ ਮਹਾਰਾਜ ਕੋਲ ਕਹਿਣ ਲੱਗਿਆ, ਕਹਿੰਦਾ, ਮਹਾਰਾਜ ਮੈਨੂੰ ਇਹ ਸੇਵਾ ਨੂੰ ਕਹੀ ਜਾਂਦੇ ਨੇ, ਤੁਸੀਂ ਕਹੋ ਮੈਨੂੰ ਕਿ ਕੀ ਸੇਵਾ ਕਰਾਂ। ਮਹਾਰਾਜ ਕਹਿੰਦੇ, ਕਰੇਂਗਾ? ਕਹਿੰਦਾ ਹਾਂ। ਕਹਿੰਦੇ, ਜੰਗਲ 'ਚ ਚਲਿਆ ਜਾਹ, ਉਥੇ ਚਿਖਾ ਜਾਲ ਕੇ ਵਿੱਚ ਮਾਰ ਛਾਲ। ਹੁਕਮ ਮੰਨ ਕੇ ਚਲਿਆ ਗਿਆ ਤੇ ਜਦੋਂ ਅੱਗ ਜਾਲ ਲਈ, ਚਿਖਾ ਜਲਣ ਲੱਗੀ, ਆਲੇ-ਦੁਆਲੇ ਗੇੜੇ ਕੱਢੀ ਜਾਂਦਾ ਹੈ। ਇੰਨੇ ਨੂੰ ਇੱਕ ਚੋਰ ਰਾਜੇ ਦੀ ਚੋਰੀ ਕਰਕੇ ਆ ਰਿਹਾ ਸੀ, ਥੈਲਾ ਭਰਿਆ ਪਿਆ ਸੀ ਗਹਿਣਿਆਂ ਦਾ।

ਉਹ ਕਹਿੰਦਾ ਕੋਈ ਮਰ ਗਿਆ ਇਥੇ?

ਕਹਿੰਦਾ, ਨਾ।

ਕਹਿੰਦੇ, ਫੇਰ ਤੂੰ ਅੱਗ ਕਿਉਂ ਲਾਈ ਹੈ ਚਿਖਾ ਨੂੰ? ਤੂੰ ਗੇੜੇ ਕਿਉਂ ਕੱਢਦਾ ਹੈਂ?

ਉਹ ਕਹਿੰਦਾ ਮੈਂ ਕਾਹਦਾ ਦੱਸਾਂ? ਕਹਿੰਦਾ, ਚਾਰ ਕੁ ਦਿਨ ਰੋਟੀਆਂ ਤਾਂ ਖਾ ਲਈਆਂ ਗੁਰੂ ਕੋਲ ਜਾ ਕੇ ਤੇ ਮੈਂ ਪੁੱਛਿਆ ਕਿ ਕੋਈ ਸੇਵਾ ਦੱਸੋ। ਮੈਨੂੰ ਕਹਿੰਦੇ ਕਿ ਉਥੇ ਚਿਖਾ ਜਾਲ ਕੇ ਮਰ ਜਾ। ਕਹਿੰਦਾ, ਦੋ ਦਿਨ ਰੋਟੀਆਂ ਖਾਣ ਦੀ ਸਜ਼ਾ ਦੇ ਦਿੱਤੀ ਗੁਰੂ ਨੇ।

ਉਹ ਕਹਿੰਦਾ, ਨਾ ਓਏ, ਭੋਲਿਆ! ਅਸੀਂ ਚੋਰੀਆਂ ਕਰਨ ਵਾਲੇ ਹਾਂ, ਗੁਰੂ ਤਾਂ ਸਮਰੱਥ ਪੁਰਸ਼ ਹੋਇਆ ਕਰਦੇ ਨੇ, ਅਸੀਂ ਵੀ ਇਨ੍ਹਾਂ ਦੀ ਸੁਖਣਾ ਸੁੱਖ ਕੇ ਹੀ ਜਾਂਦੇ ਹਾਂ।

ਕਹਿੰਦਾ, ਵੇਚ ਦੇ ਫੇਰ ਮੈਨੂੰ ਜਿਹੜਾ ਤੇਰਾ ਆਹ ਬਚਨ ਹੈ?

ਕਹਿੰਦਾ ਕੀ ਦੇ ਦਏਂਗਾ ਇਹਦੇ ਬਦਲੇ?

ਕਹਿੰਦਾ, ਆਹ ਦੇਖ ਥੈਲਾ ਗਹਿਣਿਆਂ ਨਾਲ ਭਰਿਆ ਪਿਆ ਹੈ, ਪੂਰੀ ਉਮਰ ਜੋਗਾ ਬਹੁਤ ਹੈ। ਕਹਿੰਦਾ ਲਿਆ ਫੇਰ।

ਉਹਨੇ ਥੈਲਾ ਲੈ ਲਿਆ ਤੇ ਇਹਨੇ ਉਹਦੇ ਸਾਮ੍ਹਣੇ ਹੀ ਛਾਲ ਮਾਰੀ। ਛਾਲ ਮਾਰੀ ਤਾਂ ਕੀ ਦੇਖਦਾ ਹੈ, ਵਿਮਾਨ ਆ ਗਏ, ਦੇਵਤੇ ਆ ਗਏ ਤੇ ਜੈ-ਜੈਕਾਰ ਹੋਣ ਲੱਗ ਗਈ ਕਿ ਇਹਨੇ ਗੁਰੂ ਦਾ ਬਚਨ ਖਰੀਦ ਲਿਆ। ਗੁਰੂ ਦੇ ਬਚਨ ਦੇ ਉੱਤੇ ਜਾਨ ਦਿੱਤੀ ਹੈ ਇਹਨੇ। ਵਿਮਾਨਾਂ 'ਚ ਚੜ੍ਹ ਕੇ ਚਲਿਆ ਗਿਆ।

ਜਦੋਂ ਇਹ ਪਿੰਡ ਚਲਿਆ ਗਿਆ ਮ੍ਰਾਣਾ, ਉਥੇ ਇਹਦੇ 'ਤੇ ਪੈ ਗਿਆ ਸ਼ੱਕ, ਰਾਜੇ ਨੇ ਫੜ ਲਿਆ, ਫੜ ਕੇ ਜਦੋਂ ਸਜ਼ਾ ਦੇਣ ਲੱਗਿਆ, ਕਹਿੰਦਾ ਮੈਂ ਤਾਂ ਨਹੀਂ ਚੋਰੀ ਕਰੀ, ਮੈਂ ਤਾਂ ਬਚਨ ਵੇਚਿਆ ਹੈ। ਉਹ ਕਹਿੰਦਾ ਫੇਰ ਤਾਂ ਤੈਨੂੰ ਬਹੁਤ ਜ਼ਿਆਦਾ ਸਜ਼ਾ ਦੇਣੀ ਚਾਹੀਦੀ ਹੈ। ਉਹਨੇ ਫਾਂਸੀ 'ਤੇ ਚਾੜ੍ਹ ਦਿੱਤਾ। ਕਹਿੰਦੇ, ਜਿਹੜੀ ਪਰਤੀਤ ਤੋਂ ਬਗੈਰ ਸਿੱਖੀ ਹੈ ਨਾ, ਕਹਿੰਦੇ ਉਹ ਮਹਿੰਗੀ ਪੈਂਦੀ ਹੈ।

***ਗੁਰੂ ਸੰਤ ਤੇ ਲਾਭ ਤਿਹ ਗੁਰਮੁਖ ਦ੍ਰਿੜ ਮਤਿ ਜੋਇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1366***

ਜਿਹਦੀ ਮਤ ਦ੍ਰਿੜ੍ਹ ਹੋਵੇ ਉਹ ਸੰਤ ਤੋਂ ਲਾਭ ਲੈ ਸਕਦਾ ਹੈ, ਉਹ ਗੁਰੂ ਤੋਂ ਲਾਭ ਲੈ ਸਕਦਾ ਹੈ –

***ਮਨਮੁਖ ਚੰਚਲ ਸਿੱਖ ਕੋ ਸਿੱਖੀ ਉਲਟੀ ਹੋਇ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1366***

ਜਿਹੜਾ ਚੰਚਲ ਬੁੱਧੀ ਵਾਲਾ ਹੈ, ਚਲਾਕੀਆਂ ਕਰਦਾ ਹੈ, ਕਹਿੰਦੇ ਉਹਨੂੰ ਸਿੱਖੀ ਉਲਟੀ ਹੋ ਜਾਂਦੀ ਹੈ।

***ਮਹਿਮਾ ਸਤਿਗੁਰ ਬਚਨ ਕੀ ਦੇਖਹੁ ਪੁੰਨ ਪ੍ਰਮਾਨ।***
***ਬਿਮੁਖ ਭਯੋ ਸਿਖ ਫਾਂਸ ਤਿਸ ਤਸਕਰ ਸ੍ਵਰਗ ਮਹਾਨ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1366***

ਕਹਿੰਦੇ ਉਹ ਬੇਮੁਖ ਹੋ ਗਿਆ, ਉਹਨੂੰ ਤਾਂ ਫਾਂਸੀ ਮਿਲੀ, ਉਹਨੇ ਸਤਿਗੁਰੂ ਦੇ ਬਚਨ ਨੂੰ ਮੰਨਿਆਂ ਤੇ ਉਹ ਕਹਿੰਦੇ ਦੇਖੋ ਵਿਮਾਨਾਂ 'ਚ ਚੜ੍ਹ ਕੇ ਸਵਰਗਾਂ ਨੂੰ ਚਲਿਆ ਗਿਆ। ਪਰਤੀਤ ਹੋਣੀ ਚਾਹੀਦੀ ਹੈ, ਬੀਬੀ ਭਾਨੀ ਦੀ 100% ਗੁਰੂ ਮਹਾਰਾਜ ਦੇ ਉੱਤੇ ਪਰਤੀਤ ਸੀ, ਮੈਂ ਦੋ ਗੱਲਾਂ ਦੱਸੀਆਂ ਨੇ ਇੱਕ ਪਰਤੀਤ ਤੇ ਇੱਕ ਐਵੇਂ ਹੀ ਜਿਹੜਾ ਹੁੰਦਾ ਹੈ, ਦੋਹਾਂ ਦੇ ਵਿੱਚ ਫਰਕ ਹੈ। ਭਰੋਸੇ ਤੋਂ ਹੀਣ ਜਿਹੜੇ ਨੇ –

***ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ***
***ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥ ਅੰਗ – 734***

ਉਨ੍ਹਾਂ ਨੂੰ ਕਦੇ ਸੁੱਖ ਨਹੀਂ ਹੋ ਸਕਦਾ ਕਿਉਂਕਿ ਭਰੋਸਾ ਹੀ ਨਹੀਂ ਹੈ, ਗੁਰੂ ਮਹਾਰਾਜ ਦੀ ਹਰ ਵਕਤ ਸੇਵਾ ਕਰਦੀ ਹੈ, ਸਾਰਾ ਦਿਨ ਲੰਗਰ ਵਿੱਚ ਰਹਿੰਦੀ ਹੈ, ਬੇਅੰਤ ਸੰਗਤਾਂ ਆਉਂਦੀਆਂ ਨੇ, ਅੰਮ੍ਰਿਤ ਵੇਲੇ ਇਸ਼ਨਾਨ ਕਰਦੀ ਹੈ, ਪਿਤਾ ਜੀ ਦਾ ਇਸ਼ਨਾਨ ਕਰਾਉਂਦੀ ਹੈ। ਉਸ ਤੋਂ ਬਾਅਦ ਧਿਆਨ ਰੱਖਦੀ ਹੈ ਕਿ ਕੋਈ ਚੀਜ਼ ਤਾਂ ਨਹੀਂ ਮੰਗ ਰਹੇ। ਤੁਰਦੀ ਫਿਰਦੀ ਸੇਵਾ ਕਰਦੀ, ਨਿਗ੍ਹਾ ਰਖਦੀ ਹੈ ਗੁਰੂ ਮਹਾਰਾਜ 'ਚ। ਵਸਤਰ ਧੋਂਦੀ ਹੈ, ਬਰਤਨ ਮਾਂਜਦੀ ਹੈ, ਗੁਰਸਿੱਖਾਂ ਨੂੰ ਆਇਆਂ ਨੂੰ ਸੰਭਾਲਦੀ ਹੈ, ਠੰਢਾ ਜਲ ਛਕਾਉਂਦੀ ਹੈ। ਸਵੇਰ ਤੋਂ ਲੈ ਕੇ ਸ਼ਾਮ ਤਕ ਜਦੋਂ ਤਕ ਮਹਾਰਾਜ ਫੁਰਮਾਉਂਦੇ ਨਹੀਂ ਕਿ ਬੇਟੀ ਜਾਹ ਆਰਾਮ ਵੀ ਕਰ ਲੈ। ਨਾ ਬੱਚਿਆਂ ਨੂੰ ਸੰਭਾਲਣ ਦਾ ਪਤਾ ਹੈ, ਨਾ ਕਿਸੇ ਹੋਰ ਗੱਲ ਦਾ ਪਤਾ ਹੈ। ਹਰ ਵਕਤ ਸੇਵਾ

ਕਰਦੀ ਹੈ। ਗੁਰੂ ਅਮਰਦਾਸ ਜੀ ਮਹਾਰਾਜ ਦੀ ਜੋ ਕਿਰਿਆ ਸੀ, ਆਪ ਡੇਢ ਵਜੇ ਉਠਦੇ ਸੀ। ਉਸ ਤੋਂ ਬਾਅਦ ਭਾਈ ਬੱਲੂ ਰਾਤ ਨੂੰ ਬਿਆਸਾ ਤੋਂ ਲਿਆ ਕੇ ਜਲ ਭਰ ਦਿੰਦਾ ਸੀ ਤੇ ਮੌਸਮ ਦੇ ਹਿਸਾਬ ਨਾਲ ਬੀਬੀ, ਜੇ ਗਰਮੀਆਂ ਨੇ ਤਾਂ ਉਸੇ ਤਰ੍ਹਾਂ ਇਸ਼ਨਾਨ ਕਰਵਾਉਂਦੀ ਸੀ, ਜੇ ਸਰਦੀਆਂ ਨੇ ਤਾਂ ਪਾਣੀ ਗਰਮ ਕਰਕੇ ਆਪਣੇ ਪਿਤਾ ਜੀ ਨੂੰ ਲਿਆ ਦੇਣਾ, ਵੱਡੀ ਉਨ੍ਹਾਂ ਦੀ ਉਮਰ ਸੀ ਉਸ ਵੇਲੇ, ਅੰਮ੍ਰਿਤ ਵੇਲੇ ਆਪ ਖੁਦ ਜਾਗੇ, ਵੱਡੀ ਉਮਰ 'ਚ ਹੋ ਕੇ ਤੇ ਸਾਨੂੰ ਜਾਗਣ ਦਾ ਉਪਦੇਸ਼ ਦੇ ਕੇ ਨਾਲ ਫੁਰਮਾਨ ਕੀਤਾ ਕਿ ਅੰਮ੍ਰਿਤ ਵੇਲੇ ਨੂੰ ਸੰਭਾਲਣ ਵਾਲੇ ਕੌਣ ਹੁੰਦੇ ਨੇ, ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਅੰਮ੍ਰਿਤ ਵੇਲੇ ਓ ਕੌਣ ਜਾਗਦੇ।*
*ਕੋਈ ਜਾਗਦੇ ਨੇ ਰਾਮ ਪਿਆਰੇ।*

*ਭਿੰਨੀ ਰੈਨੜੀਐ ਚਾਮਕਨਿ ਤਾਰੇ ॥*
*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥*
*ਰਾਮ ਪਿਆਰੇ ਸਦਾ ਜਾਗਹਿ*
*ਨਾਮੁ ਸਿਮਰਹਿ ਅਨਦਿਨੋ ॥*
*ਚਰਣ ਕਮਲ ਧਿਆਨੁ ਹਿਰਦੈ*
*ਪ੍ਰਭ ਬਿਸਰੁ ਨਾਹੀ ਇਕੁ ਖਿਨੋ ॥*
*ਤਜਿ ਮਾਨੁ ਮੋਹੁ ਬਿਕਾਰੁ ਮਨ ਕਾ*
*ਕਲਮਲਾ ਦੁਖ ਜਾਰੇ ॥*
*ਬਿਨਵੰਤਿ ਨਾਨਕ ਸਦਾ ਜਾਗਹਿ*
*ਹਰਿ ਦਾਸ ਸੰਤ ਪਿਆਰੇ ॥ ਅੰਗ - 459*

ਜਿਨ੍ਹਾਂ ਦੇ ਸੀਨੇ 'ਚ ਖਿੱਚ ਹੈ ਪ੍ਰਮੇਸ਼ਰ ਨੂੰ ਮਿਲਣ ਦੀ। ਉਹ ਨੀਂਦ ਨੂੰ ਛੱਡਦੇ, ਤਿਆਗਦੇ ਹੋਏ, ਜਾ ਕੇ ਅੰਮ੍ਰਿਤ ਵੇਲਾ ਸੰਭਾਲਦੇ ਨੇ, ਫੇਰ ਕੀ ਕਰਦੇ ਨੇ ਕਹਿੰਦੇ ਪ੍ਰਭੂ ਦਾ ਨਾਮ ਜਪਦੇ ਨੇ। ਨਾਮ ਸਿਮਰਦੇ ਨੇ। ਗੁਰੂਆਂ ਦੇ ਚਰਨਾਂ ਦਾ ਧਿਆਨ ਹਿਰਦੇ 'ਚ ਧਾਰਨ ਕਰ ਲੈਂਦੇ ਨੇ, ਅੱਖ ਦੇ ਝਮਕਣ ਜਿੰਨਾਂ ਚਿਰ ਵੀ ਉਹਨੂੰ ਭੁਲਾਉਣਾ ਨਹੀਂ ਚਾਹੁੰਦੇ। ਸਾਰੇ ਪਾਪਾਂ ਦਾ ਖਾਤਮਾ ਕਰ ਦਿੰਦੇ ਨੇ। ਜਾਗਦੇ ਕੌਣ ਨਹੀ? ਕਹਿੰਦੇ ਜਾਗਦੇ ਨਹੀਂ, ਮਨਮੁਖ। ਮਨਮੁਖਾਂ ਨੂੰ ਦੋ ਨੀਂਦਾ ਚੜ੍ਹੀਆਂ ਹੋਈਆਂ ਨੇ। ਹੈਰਾਨੀ ਹੁੰਦੀ ਹੈ ਕਿ ਦੋ ਨੀਂਦਾਂ ਵੀ ਹੁੰਦੀਆਂ ਨੇ? ਇੱਕ ਦੇ ਵਿਚੋਂ ਤਾਂ ਜਗਾਏ ਹੋਏ ਜਾਗ ਪੈਂਦੇ ਨੇ, ਇੱਕ ਦੇ ਵਿਚੋਂ ਜਗਾਏ ਹੋਏ ਨਹੀਂ ਜਾਗਦੇ। ਉਹ ਸਾਰੀ ਜ਼ਿੰਦਗੀ ਰਾਤਾਂ ਵੀ ਸੌਂ ਕੇ ਲੰਘਾ ਦਿੰਦੇ ਨੇ ਤੇ ਸਾਰੀ ਜ਼ਿੰਦਗੀ ਵੀ ਸੌਂ ਕੇ ਲੰਘਾ ਦਿੰਦੇ ਨੇ -

*ਧਾਰਨਾ - ਲੁੱਟ ਲਏ ਮਨਮੁੱਖ ਜੀ, ਜਿਨ੍ਹਾਂ ਸੌਂ ਕੇ ਰਾਤ ਲੰਘਾਈ।*

ਰਾਤਾਂ ਵੀ ਸੌਂ ਕੇ ਲੰਘਾ ਦਿੱਤੀਆਂ ਤੇ ਸਾਰੀ ਜ਼ਿੰਦਗੀ ਸੌਂ ਕੇ ਲੰਘਾ ਦਿੱਤੀ, ਇੱਕ ਨੀਂਦ ਤਾਂ ਸਰੀਰ ਦੀ ਹੈ ਉਹ ਤਾਂ ਰਾਤ ਲੰਘਾ ਦਿੰਦੀ ਹੈ,

ਇੱਕ ਨੀਂਦ ਮਨ ਦੀ ਹੈ ਜਿਹਨੇ ਸਾਰੀ ਜ਼ਿੰਦਗੀ ਦੀ ਰਾਤ ਲੰਘਾ ਦਿੱਤੀ ਸੁੱਤਿਆਂ ਦੀ। ਉਹਦੇ 'ਚ ਸੌਂ ਗਏ -

*ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥*
*ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥*
*ਰਸਨਾ ਸੋਈ ਲੋਭਿ ਮੀਠੈ ਸਾਦਿ ॥*
*ਮਨੁ ਸੋਇਆ ਮਾਇਆ ਬਿਸਮਾਦਿ ॥ 1 ॥*
*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥ ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ- 182*

ਲੇਕਿਨ ਦੂਜੇ ਪਾਸੇ -

*ਗੁਰਮੁਖਿ ਜਾਗਿ ਰਹੇ ਦਿਨ ਰਾਤੀ ॥ ਅੰਗ - 1024*

ਦਿਨ ਨੂੰ ਵੀ ਜਾਗਦੇ ਤੇ ਰਾਤ ਨੂੰ ਵੀ ਜਾਗਦੇ ਨੇ। ਅਗਿਆਨ ਦੀ ਨੀਂਦ ਨਹੀਂ ਉਨ੍ਹਾਂ ਨੂੰ ਚੜ੍ਹਿਆ ਕਰਦੀ। ਕਾਹਦੇ ਵਿੱਚ ਸੁੱਤੇ ਪਏ ਨੇ ਮਨਮੁਖ, ਮਹਾਰਾਜ ਕਹਿੰਦੇ ਮਾਇਆ ਦੇ ਪਿਆਰ ਵਿੱਚ ਮੋਹ ਦੇ ਵਿੱਚ, ਕ੍ਰੋਧ ਦੇ ਵਿੱਚ, ਲੋਭ ਵਿਚ -

*ਮਨਮੁਖਿ ਸੂਤਾ ਮਾਇਆ ਮੋਹਿ ਪਿਆਰਿ ॥*
*ਗੁਰਮੁਖਿ ਜਾਗੇ ਗੁਣ ਗਿਆਨ ਬੀਚਾਰਿ ॥*
*ਸੇ ਜਨ ਜਾਗੇ ਜਿਨ ਨਾਮ ਪਿਆਰਿ ॥ ਅੰਗ - 160*

ਕਹਿੰਦੇ ਜਾਗਦੇ ਉਹ ਨੇ ਜਿਨ੍ਹਾਂ ਦੇ ਹਿਰਦੇ ਵਿੱਚ ਨਾਮ ਨਾਲ ਪਿਆਰ ਲੱਗ ਗਿਆ। ਬਾਕੀ ਸੰਸਾਰ ਲੁੱਟਿਆ ਜਾ ਰਿਹਾ ਹੈ। ਕਹਿੰਦੇ ਪੜ੍ਹੇ ਲਿਖੇ ਵੀ ਲੁੱਟੇ ਜਾ ਰਹੇ ਨੇ। ਵੱਡੇ-ਵੱਡੇ ਸਾਧਨ ਕਰਨ ਵਾਲੇ ਵੀ ਲੁੱਟੇ ਜਾ ਰਹੇ ਨੇ, ਮਹਾਰਾਜ ਕਹਿੰਦੇ -

*ਜੋਗੀ ਗ੍ਰਿਹੀ ਪੰਡਿਤ ਭੇਖਧਾਰੀ ॥*
*ਏ ਸੂਤੇ ਅਪਣੈ ਅਹੰਕਾਰੀ ॥ ਅੰਗ - 1128*

ਇਹ ਸੁੱਤੇ ਪਏ ਨੇ ਆਪਣੇ ਅਹੰਕਾਰ 'ਚ ਕਿ ਮੇਰਾ ਭੇਖ ਵਧੀਆ ਹੈ, ਮੇਰਾ ਵਧੀਆ ਹੈ। ਭੇਖ ਦੇ ਵਿੱਚ ਸੌਂ ਗਏ।

*ਮਾਇਆ ਮਦਿ ਮਾਤਾ ਰਹਿਆ ਸੋਇ ॥*
*ਜਾਗਤੁ ਰਹੈ ਨ ਮੂਸੈ ਕੋਇ ॥ ਅੰਗ - 1128*

ਮਾਇਆ ਦੇ ਨਸ਼ੇ ਵਿੱਚ ਸੁੱਤਾ ਪਿਆ, ਜੇ ਜਾਗਦਾ ਰਹੇ ਤਾਂ ਕੌਣ ਲੁੱਟ ਲਏਗਾ। ਜਾਗਦਾ ਉਹ ਹੈ ਜਿਹਨੂੰ ਪੂਰਾ ਸਤਿਗੁਰੂ ਮਿਲ ਗਿਆ। ਪੂਰਾ ਸਤਿਗੁਰੂ ਕੀ ਕਰਦਾ ਹੈ? ਕਹਿੰਦੇ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ-1291*

ਆਹ ਜਿਹੜਾ ਸਰੀਰ ਹੈ ਨਾ ਇਹ ਘਰ ਹੈਗਾ ਆਤਮਾ ਦਾ। ਇਹਦੇ ਅੰਦਰ ਇੱਕ ਘਰ ਹੋਰ ਹੈ ਉਹ ਹੈ ਪ੍ਰਮਾਤਮਾ ਦਾ। ਦੋਵੇਂ ਇਕੱਠੇ ਹੀ ਰਹਿੰਦੇ ਨੇ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ*
*ਜਨ ਨਾਨਕ ਮਿਲੇ ਬਨਵਾਰੀ ॥ ਅੰਗ- 1263*

ਹਉਮੈ ਦੀ ਕੰਧ ਪਈ ਹੋਈ ਹੈ, ਆਤਮਾ ਵੀ ਇਹਦੇ ਵਿੱਚ ਹੀ ਰਹਿੰਦੀ ਹੈ, ਪ੍ਰਮਾਤਮਾ ਵੀ ਇਹਦੇ 'ਚ ਹੀ ਰਹਿੰਦਾ ਹੈ। ਉਹ ਕਹਿੰਦੇ ਜੇ ਗੁਰੂ ਮਿਲ ਜਾਵੇ, ਉਹ ਕਹਿੰਦੇ ਆਤਮਾ ਆਹ ਘਰ ਦੇ ਵਿਚ ਪ੍ਰਮਾਤਮਾ ਦਾ ਘਰ ਦਿਖਾ ਦਿੰਦਾ ਹੈ? ਕਹਿੰਦੇ ਕੋਈ ਨਿਸ਼ਾਨੀ ਵੀ ਹੁੰਦੀ ਹੈ ਕੋਈ ਉਥੇ? ਕਹਿੰਦੇ ਹਾਂ ਉਥੇ ਨਿਸ਼ਾਨੀ ਹੈ -

*ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥*
*ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥*
*ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥*
*ਅੰਗ - 1291*

ਸੱਚੇ ਤਖਤ ਦੇ ਉਤੇ, ਆਹ ਸਰੀਰ ਦੇ ਵਿੱਚ ਵਾਹਿਗੁਰੂ ਬੈਠਾ ਹੈ, ਉਹ ਦਿਖਾ ਦਿੰਦਾ ਹੈ। ਜਦੋਂ ਉਹ ਜਾਗ ਆ ਜਾਂਦੀ ਹੈ ਫੇਰ ਮਾਇਆ ਦੀ ਨੀਂਦ ਨਹੀਂ ਆਉਂਦੀ। ਨਹੀਂ ਤਾਂ ਮਾਇਆ ਦੀ ਨੀਂਦ ਵਿੱਚ ਬੈਠੇ ਨੇ ਪੰਡਤ ਵੀ, ਜੋਗੀ ਵੀ, ਭੇਖਧਾਰੀ ਵੀ, ਸਭ ਸੁੱਤੇ ਪਏ ਨੇ।

*ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥*
*ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥*
*ਉਲਟਿ ਕਮਲੁ ਅੰਮ੍ਰਿਤਿ ਭਰਿਆ ਇਹੁ ਮਨੁ ਕਤਹੁ ਨ ਜਾਇ ॥*
*ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥*
*ਅੰਗ - 1291*

ਜਿੱਥੋਂ ਵਾਹਿਗੁਰੂ 'ਚੋਂ ਆਇਆ ਸੀ ਉਹਦੇ 'ਚ ਹੀ ਸਮਾਅ ਜਾਂਦਾ ਹੈ। ਇਹ ਤਾਂ ਹੈਗੀ ਜਾਗ। ਉਹ ਜਾਗ ਕਦੋਂ ਆਉਂਦੀ। ਹੈ? ਉਹ ਜਾਗਦਾ ਹੈ ਜਿਹਨੂੰ ਗੁਰੂ ਮਿਲ ਜਾਵੇ। ਫੇਰ ਉਹ ਕੀ ਕਰਦਾ ਹੈ? ਕਹਿੰਦੇ -

*ਸੋ ਜਾਗੈ ਜਿਸੁ ਸਤਿਗੁਰੁ ਮਿਲੈ ॥*
*ਪੰਚ ਦੂਤ ਓਹੁ ਵਸਗਤਿ ਕਰੈ ॥ ਅੰਗ- 1128*

ਪੰਜੇ ਦੂਤਾਂ ਨੂੰ ਵਸ ਕਰ ਦਿੰਦਾ ਹੈ, ਫੇਰ ਨੀਂਦ ਨਹੀਂ ਚੜ੍ਹਨ ਦਿੰਦਾ।

*ਸੋ ਜਾਗੈ ਜੋ ਤਤੁ ਬੀਚਾਰੈ ॥ ਆਪਿ ਮਰੈ ਅਵਰਾ ਨਹ ਮਾਰੈ ॥*
*ਸੋ ਜਾਗੈ ਜੋ ਏਕੋ ਜਾਣੈ ॥ ਪਰਕਿਰਤਿ ਛੋਡੈ ਤਤੁ ਪਛਾਣੈ ॥*
*ਅੰਗ-1128*

ਜਿਹਦੀਆਂ ਅੱਖਾਂ ਖੁੱਲ੍ਹ ਗਈਆਂ ਉਹ ਸਾਰੀ ਸ੍ਰਿਸ਼ਟੀ 'ਚ ਕੀ ਦੇਖਦਾ ਹੈ ਕਿ ਇਹ ਤਾਂ ਵਾਹਿਗੁਰੂ ਹੀ ਸਾਰੇ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਮਾਇਆ ਨੂੰ ਛੱਡ ਦਿੰਦਾ ਹੈ ਤੱਤ ਨੂੰ ਪਛਾਣ ਲੈਂਦਾ ਹੈ ਵਾਹਿਗੁਰੂ ਨੂੰ।

***ਚਹੁ ਵਰਨਾ ਵਿਚਿ ਜਾਗੈ ਕੋਇ ॥ ਅੰਗ-128***

ਚਾਹੇ ਉਹ ਸ਼ੂਦਰ ਹੈ, ਚਾਹੇ ਉਹ ਵੈਸ਼ ਹੈ, ਚਾਹੇ ਉਹ ਖੱਤਰੀ ਹੈ, ਚਾਹੇ ਬਾਮ੍ਹਣ ਹੈ। ਮਹਾਰਾਜ ਕਹਿੰਦੇ ਜਿਹੜਾ ਜਾਗ ਪਿਆ, ਉਹ ਜਮਾਂ ਦੇ ਫੰਧੇ ਤੋਂ ਛੁਟ ਜਾਂਦਾ ਹੈ -

***ਜਮੈ ਕਾਲੈ ਤੇ ਛੂਟੈ ਸੋਇ ॥ 5 ॥***
***ਕਹਤ ਨਾਨਕ ਜਨੁ ਜਾਗੈ ਸੋਇ ॥***
***ਗਿਆਨ ਅੰਜਨੁ ਜਾ ਕੀ ਨੇਤ੍ਰੀ ਹੋਇ ॥ ਅੰਗ - 1128***

ਜਿਹਦੀਆਂ ਅੱਖਾਂ 'ਚ ਗਿਆਨ ਦਾ ਸੁਰਮਾ ਪੈ ਗਿਆ ਉਹ ਜਾਗਦਾ ਹੈ। ਸੋ ਮਨਮੁਖ ਜਿਹੜਾ ਹੈ ਉਹ ਲੁੱਟਿਆ ਜਾਂਦਾ ਹੈ। 24 ਹਜ਼ਾਰ ਸਵਾਸ ਉਹਦਾ ਰੋਜ਼ ਲੁੱਟ ਹੁੰਦਾ ਹੈ। ਗੁਰਮੁਖ ਜਿਹੜਾ ਹੈ ਉਹਦੇ ਕੋਲ ਸਾਬਤ ਰਹਿੰਦੀ ਹੈ -

***ਮਨਮੁਖ ਸੋਇ ਰਹੇ ਸੇ ਲੂਟੇ***
***ਗੁਰਮੁਖਿ ਸਾਬਤੁ ਭਾਈ ਹੇ ॥ ਅੰਗ- 1024***

ਇਸ ਤਰ੍ਹਾਂ ਦੇ ਨਾਲ ਮਹਾਰਾਜ ਦਾ ਹੁਕਮ ਸੀ ਕਿ ਪ੍ਰੇਮੀਓ! ਅੰਮ੍ਰਿਤ ਵੇਲੇ ਇਸ਼ਨਾਨ ਕਰਨਾ ਹੈ। ਉਸ ਤੋਂ ਬਾਅਦ ਗੁਰੂ ਦੇ ਸ਼ਬਦ ਦਾ ਧਿਆਨ ਕਰਨਾ ਹੈ। ਧਿਆਨ ਕਰਕੇ ਪੜ੍ਹੋ ਪਾਠ। ਅਰਥਾਂ ਦੀ ਵਿਚਾਰ ਕਰੋ, ਬਾਣੀ ਨੂੰ ਸ਼ੁੱਧ ਉਚਾਰਨ ਕਰੋ। ਜੇ ਆਪ ਨਹੀਂ ਆਉਂਦਾ ਫੇਰ ਕਿਸੇ ਸੋਝੀ ਵਾਲੇ ਤੋਂ ਸੁਣ ਕੇ, ਨਿਰਣਾ ਕਰਕੇ ਹਿਰਦੇ 'ਚ ਧਾਰਨ ਕਰੋ। ਕਿੰਨਾ ਥੋੜ੍ਹਾ ਸਮਾਂ ਕਹਿੰਦੇ ਨੇ, ਸਿਰਫ ਚਾਰ ਘੜੀਆਂ। ਕਹਿੰਦੇ 100 ਮਿੰਟ, ਫੁਰਨੇ ਸਾਰੇ ਛੱਡ ਦਿਓ, ਕੰਮ ਸਾਰੇ ਛੱਡ ਦਿਓ। ਸਤਿਸੰਗ ਕਰੋ। ਚਾਹੇ ਆਪ ਉਚਾਰਨ ਕਰੋ ਅਰਥ, ਚਾਹੇ ਕਿਸੇ ਤੋਂ ਸੁਣੋ। ਸਮੁੰਦਰ ਦੇ ਵਿੱਚ ਜੇ ਕਿਸ਼ਤੀ ਬਹੁਤ ਭਰੀ ਹੋਈ ਹੋਵੇ ਨਾ, ਤਾਂ ਕਹਿੰਦੇ ਜੇ ਚਾਰ ਉਂਗਲ ਬਾਹਰ ਰਹਿ ਜਾਵੇ ਕਿਸ਼ਤੀ ਪਾਣੀ ਤੋਂ ਉੱਥੇ ਉਹ ਪਾਰ ਲੰਘ ਜਾਂਦੀ ਹੈ।

ਇਵੇਂ ਜਿਵੇਂ ਸੰਸਾਰ ਦੇ ਕਾਰਜ ਭਰੇ ਪਏ ਨੇ, ਕਿਤੇ ਮੱਝਾਂ ਦਾ ਦੁੱਧ ਕੱਢਣਾ ਹੈ, ਕਿਤੇ ਖੇਤੀ ਕਰਨੀ ਹੈ, ਕਿਤੇ ਬੱਚੇ ਸੰਭਾਲਣੇ ਨੇ, ਕਹਿੰਦੇ ਕਰੋ ਸਭ ਕੁਛ ਪਰ ਚਾਰ ਘੜੀਆਂ ਕੱਢ ਲਓ। ਕਹਿੰਦੇ, ਜਿਵੇਂ ਕਿਸ਼ਤੀ ਲੰਘ ਜਾਂਦੀ ਹੈ ਨਾ ਬੋਝ ਦੀ ਭਰੀ ਹੋਈ, ਜੇ ਚਾਰ ਉਂਗਲ ਪਾਣੀ ਤੋਂ ਉਤੇ ਤਾਂ ਐਸ ਤਰ੍ਹਾਂ ਅਸੀਂ ਤਰ ਜਾਵਾਂਗੇ।

ਚਾਰ ਘੜੀਆਂ ਗੁਰੂ ਵਲ ਲਾਓ। ਇਸ ਤਰ੍ਹਾਂ ਦੇ ਨਾਲ ਗੁਰੂ ਅਮਰਦਾਸ ਜੀ ਮਹਾਰਾਜ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਸੀ, ਉਸ ਤੋਂ ਬਾਅਦ ਚੌਂਕੀ 'ਤੇ ਬੈਠ ਕੇ ਦਿਨ ਚੜ੍ਹੇ ਤਕ ਅੰਤਰ ਆਤਮੇ ਸਮਾਧ ਦੇ ਵਿੱਚ ਲੀਨ ਹੋ ਜਾਂਦੇ ਸੀ ਤੇ ਸਮਾਧ ਮਹਾਰਾਜ ਨੂੰ ਕਿੰਨੀ ਪਿਆਰੀ ਸੀ ਉਹ ਟੁੱਟੇ ਨਾ ਕਿਸੇ ਤਰ੍ਹਾਂ ਦੇ ਨਾਲ। ਉਹਨੂੰ ਸਹਿਜ ਸਮਾਧ ਕਹਿੰਦੇ ਨੇ। ਸਹਿਜ ਸਮਾਧ ਨੂੰ ਸਿਰਫ ਓਹੀ ਜਾਣਦਾ ਹੈ ਜਿਹਨੂੰ ਲਗਦੀ ਹੈ, ਦੂਜੇ ਨੂੰ ਇਸ ਗੱਲ ਨੂੰ ਸਮਝਾਇਆ ਨਹੀਂ ਜਾ ਸਕਦਾ।

***ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ ॥***
***ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ ॥***

***ਅੰਗ - 1370***

ਗੱਲ ਕੀ ਕਹੇ, ਉਹਦੇ ਬਾਰੇ ਮਹਾਰਾਜ ਸਿਰਫ ਐਨਾ ਫੁਰਮਾਨ ਕਰਦੇ ਨੇ -

***ਧਾਰਨਾ - ਸਹਜਿ ਸਮਾਧ ਲਗੀ ਲਿਵ ਅੰਤਰ***
*ਸੋ ਰਸ ਸੋਈ ਜਾਨੈ।*

***ਸਭੇ ਸੁਖ ਭਏ ਪ੍ਰਭ ਤੁਠੇ ॥ ਗੁਰ ਪੂਰੇ ਕੇ ਚਰਣ ਮਨਿ ਵੁਠੇ ॥***
***ਸਹਜ ਸਮਾਧਿ ਲਗੀ ਲਿਵ ਅੰਤਰਿ ਸੋ ਰਸੁ ਸੋਈ ਜਾਣੈ ਜੀਉ ॥***

***ਅੰਗ - 106***

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥***
***ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥***
***ਨਾਨਕ ਤਿਸੁ ਜਨ ਸੋਝੀ ਪਾਏ ॥***

***ਅੰਗ - 293***

ਮਹਾਰਾਜ ਕਹਿੰਦੇ ਦੱਸੀ ਨਹੀਂ ਜਾਂਦੀ।

***ਸਹਜ ਸਮਾਧਿ ਉਪਾਧਿ ਰਹਤ ਫੁਨਿ ਬਡੈ ਭਾਗਿ ਲਿਵ ਲਾਗੀ ॥***
***ਕਹਿ ਰਵਿਦਾਸ ਪ੍ਰਗਾਸੁ ਰਿਦੈ ਧਰਿ ਜਨਮ ਮਰਨ ਭੈ ਭਾਗੀ ॥***

***ਅੰਗ - 658***

ਗੁਰੂ ਮਹਾਰਾਜ ਸੱਚੇ ਪਾਤਸ਼ਾਹ ਇਸ਼ਨਾਨ ਕਰਕੇ ਚੌਂਕੀ 'ਤੇ ਬੈਠ ਗਏ। ਸੁਰਤੀ ਖਿੱਚ ਲਈ ਤੇ ਆਪਣੇ ਸਵੈ ਸਰੂਪ ਤੋਂ ਹੁੰਦੇ ਹੋਏ, ਪ੍ਰਮਾਤਮ ਸਰੂਪ ਵਿੱਚ ਲੀਨ ਹੋ ਗਏ। ਪ੍ਰਮਾਤਮ ਸਰੂਪ ਦੇ ਵਿੱਚ ਲੀਨ ਹੋਇਆਂ ਨੂੰ ਗੁਰੂ ਮਹਾਰਾਜ ਦੇ ਅੰਦਰ ਅਨਹਤ ਸੁੰਨ ਦੇ ਅੰਦਰ ਲੀਨ ਹੋਣਾ ਵੀ ਆਖਿਆ ਹੈ ਤੇ ਅਨਹਤ ਸੁੰਨ ਦੇ ਵਿੱਚ ਜੋ ਲੀਨ ਹੁੰਦੇ ਨੇ, ਉਨ੍ਹਾਂ ਦੀ ਪਦਵੀ ਇਸ ਤਰ੍ਹਾਂ ਫੁਰਮਾਨ ਕੀਤੀ ਹੈ -

***ਧਾਰਨਾ - ਅਨਹਤ ਸੁੰਨ ਰਤੇ ਸੇ ਕੈਸੇ,***
***ਜਿਸ 'ਤੇ ਉਪਜੇ ਤਿਸ ਹੀ ਜੈਸੇ।***

*ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ ॥*
*ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥*
*ਘਟਿ ਘਟਿ ਸੁੰਨ ਕਾ ਜਾਣੈ ਭੇਉ ॥*
*ਆਦਿ ਪੁਰਖੁ ਨਿਰੰਜਨ ਦੇਉ ॥*
*ਜੋ ਜਨੁ ਨਾਮ ਨਿਰੰਜਨ ਰਾਤਾ ॥*
*ਨਾਨਕ ਸੋਈ ਪੁਰਖੁ ਬਿਧਾਤਾ ॥ 51 ॥*
*ਸੁੰਨੋ ਸੁੰਨੁ ਕਹੈ ਸਭੁ ਕੋਈ ॥*
*ਅਨਹਤ ਸੁੰਨੁ ਕਹਾ ਤੇ ਹੋਈ ॥*
*ਅਨਹਤ ਸੁੰਨਿ ਰਤੇ ਸੇ ਕੈਸੇ ॥*
*ਜਿਸ ਤੇ ਉਪਜੇ ਤਿਸ ਹੀ ਜੈਸੇ ॥* *ਅੰਗ - 943*

ਪੰਜ ਕਿਸਮ ਦੀ ਸਮਾਧੀ ਹੁੰਦੀ ਹੈ, ਪਹਿਲੇ ਨੂੰ ਕਹਿੰਦੇ ਨੇ ਸਾ-ਵਿਕਲਪ ਸਮਾਧ, ਇਹ ਦੋ ਕਿਸਮ ਦੀ ਹੁੰਦੀ, ਨਿਰ-ਵਿਕਲਪ ਸਮਾਧ, ਇਹ ਵੀ ਦੋ ਕਿਸਮ ਦੀ ਹੁੰਦੀ ਹੈ। ਇਨ੍ਹਾਂ ਚੌਹਾਂ ਦੇ ਉਪਰ ਸਹਿਜ ਸਮਾਧ ਹੁੰਦੀ ਹੈ। ਖੁਲ੍ਹੀਆਂ ਅੱਖਾਂ ਨਾਲ ਵੀ ਲਗਦੀ ਹੈ, ਅੱਖਾਂ ਮੀਚ ਕੇ ਵੀ ਲਗਦੀ ਹੈ। ਜੋ ਸਹਿਜ ਸਮਾਧ ਹੈ ਉਹਦਾ ਰਸ ਕਿੰਨਾਂ ਹੈ, ਉਹ ਦੱਸਿਆ ਨਹੀਂ ਜਾ ਸਕਦਾ। ਗੁਰੂ ਮਹਾਰਾਜ ਜੀ ਇਸ਼ਨਾਨ ਕਰਨ ਤੋਂ ਬਾਅਦ ਚੌਂਕੀ 'ਤੇ ਬੈਠ ਗਏ ਤੇ ਉਸ ਤੋਂ ਬਾਅਦ ਸੁਰਤੀ ਖਿੱਚ ਲਈ ਤੇ ਸਮਾਧ ਲਗ ਗਈ। ਉਸ ਵੇਲੇ ਬੀਬੀ ਭਾਨੀ ਜੋ ਨੇੜੇ ਹੀ ਫਿਰਦੀ ਸੀ, ਦੇਖਣ ਆਈ ਕਿ ਮਹਾਰਾਜ ਜੀ ਠੀਕ ਤਰ੍ਹਾਂ ਨਾਲ ਚੌਂਕੀ 'ਤੇ ਬੈਠ ਗਏ ਨੇ, ਕੋਈ ਐਸੀ ਚੀਜ਼ ਤਾਂ ਨਹੀਂ ਨੇੜੇ ਪਈ ਜਦੋਂ ਉਠਣ 'ਤੇ ਪੈਰਾਂ 'ਚ ਲੱਗੇ, ਜਾਂ ਕੋਈ ਐਵੇਂ ਕੋਈ ਖੰਡਾਰ ਪਿਆ ਹੋਵੇ ਕੋਲ। ਹੌਲੀ-ਹੌਲੀ ਸਾਂਭਦੀ ਫਿਰਦੀ ਹੈ ਤੇ ਨਿਗ੍ਹਾ ਗਈ ਉਨ੍ਹਾਂ ਦੀ, ਕੀ ਦੇਖਦੇ ਨੇ ਕਿ ਪਾਵਾ ਹੇਠੋਂ ਟੁੱਟ ਗਿਆ। ਪਾਵੇ ਦਾ ਹੇਠਲਾ ਹਿੱਸਾ ਭੁਰ ਗਿਆ ਤੇ ਜੇ ਮਹਾਰਾਜ ਜ਼ਰਾ ਕੁ ਪਿੱਛੇ ਨੂੰ ਹੋਏ ਤਾਂ ਇਹਨੇ ਝਟਕਾ ਮਾਰਨਾ ਹੈ, ਕਿਉਂਕਿ Balance ਬਰਾਬਰ ਨਹੀਂ ਹੈ, ਇਨ੍ਹਾਂ ਦੀ ਸਮਾਧੀ ਖੁੱਲ੍ਹ ਜਾਏਗੀ ਤੇ ਮਹਾਰਾਜ ਜੀ ਦੀ ਸਮਾਧੀ ਬਾਰੇ ਬੀਬੀ ਚੰਗੀ ਤਰ੍ਹਾਂ ਜਾਣਦੀ ਹੈ ਕਿ ਉਹ ਵੱਡੀ ਤੋਂ ਵੱਡੀ ਕੀਮਤ ਦੇਣ ਨੂੰ ਤਿਆਰ ਨੇ ਮਹਾਰਾਜ ਸਮਾਧੀ ਵਾਸਤੇ।

ਇੱਕ ਵਾਰੀ ਗੁਰੂ ਮਹਾਰਾਜ ਸਹਜਿ ਸਮਾਧ 'ਚ ਬੈਠੇ ਨੇ, ਤੇ ਇੱਕ ਕੋਈ ਦੋ ਵਜੇ ਦੇ ਕਰੀਬ, ਇੱਕ ਬੀਬੀ ਨੇ ਚੀਕ ਮਾਰੀ, ਬਹੁਤ ਜ਼ੋਰ ਦੀ ਚੀਕ ਮਾਰੀ, ਗੋਇੰਦਵਾਲ ਸਾਹਿਬ, ਮਹਾਰਾਜ ਜੀ ਦੀ ਸਮਾਧੀ ਖੁੱਲ੍ਹ ਗਈ। ਭਾਈ ਬੱਲੂ ਨੇੜੇ ਸੀ, ਕਹਿਣ ਲੱਗੇ ਭਾਈ ਬੱਲੂ ਦੇਖ ਕੌਣ ਦੁਖੀ ਹੈ ਐਸ ਵੇਲੇ ਜੋ ਐਨਾ ਦੁਖੀ ਹੋ ਕੇ ਰੋ ਰਿਹਾ ਹੈ। ਜਾਹ ਪਤਾ ਲੈ ਕੇ ਆ। ਆ ਕੇ ਕਹਿਣ ਲੱਗਿਆ ਕਿ ਮਹਾਰਾਜ! ਇਸ ਗੋਇੰਦਵਾਲ ਸਾਹਿਬ ਦੇ ਅੰਦਰ ਇੱਕ ਗਰੀਬ ਬ੍ਰਾਹਮਣੀ ਰਹਿੰਦੀ ਹੈ। ਵਿਧਵਾ ਹੈ ਉਹ, ਉਸ ਦਾ ਇੱਕੋ ਇੱਕ ਪੁੱਤਰ ਸੀ, ਉਹਨੇ ਪਾਲਿਆ, ਤੇ ਸੱਚੇ ਪਾਤਸ਼ਾਹ ਕੋਈ ਕਾਰਨ ਹੋ ਗਿਆ ਤੇ ਚੜ੍ਹਾਈ ਕਰ ਗਿਆ ਹੁਣੇ ਹੀ। ਮਹਾਰਾਜ ਜੀ ਨੂੰ ਚੀਕਾਂ

ਸੁਣਦੀਆਂ ਨੇ ਉਸ ਦੀਆਂ। ਦਰਦ ਵਾਲੇ ਸੀ ਬਹੁਤ ਜ਼ਿਆਦਾ, ਕਿਸੇ ਦਾ ਦੁਖ ਨਹੀਂ ਸੀ ਸਹਿ ਸਕਦੇ। ਤਾਂ ਹੀ ਨਿਓਟਿਆਂ ਦੀ ਓਟ, ਨਿਧਰਿਆਂ ਦੀ ਧਿਰ, ਨਿਮਾਣਿਆਂ ਦਾ ਮਾਣ, ਨਿਆਸਰਿਆਂ ਦਾ ਆਸਰਾ, ਨਿਥਾਵਿਆਂ ਦਾ ਥਾਂ; ਸਾਰੀਆਂ ਬਖਸ਼ਿਸ਼ਾਂ ਆਪ ਦੇ ਕੋਲ ਸੀ। ਜਨਮ ਮਰਨ ਦੀ ਕੁੰਜੀ, ਕਾਲ ਦੀ ਕੁੰਜੀ ਆਪ ਦੇ ਹੱਥ ਵਿੱਚ ਸੀ। ਕਹਿੰਦੇ, ਭਾਈ ਬੱਲੂ! ਜਾਹ, ਜਾ ਕੇ ਉਸ ਬੀਬੀ ਨੂੰ ਕਹਿ ਦੇ ਕਿ ਰੋਵੇ ਨਾ, ਅੰਮ੍ਰਿਤ ਵੇਲੇ ਜਦੋਂ ਅਸੀਂ ਭਜਨ ਤੋਂ ਉਠਾਂਗੇ, ਇੱਥੇ ਲੈ ਆਵੇ। ਫਿਕਰ ਨਾ ਕਰੇ ਉਹ। ਮਹਾਰਾਜ ਜੀ ਸਮਾਧ 'ਚ ਬੈਠ ਗਏ, ਅੰਮ੍ਰਿਤ ਵੇਲਾ ਹੋਇਆ ਬੀਬੀ ਲੈ ਆਈ। ਮਹਾਰਾਜ ਜੀ ਨੇ ਚਰਨ ਛੁਹਾ ਦਿੱਤਾ, ਬੱਚਾ ਉਠ ਕੇ ਬੈਠ ਗਿਆ। ਕਹਿੰਦੇ ਭਾਈ ਬੱਲੂ! ਇਹ ਤਾਂ ਰੋਜ਼ ਹੀ ਕਾਲ ਨੇ ਕੋਈ ਨਾ ਕੋਈ ਮਾਰਨਾ ਹੈ। ਧਰਮਰਾਜ ਨੂੰ ਬੁਲਾ ਲਿਆ, ਕਹਿੰਦੇ ਜਿੰਨਾਂ ਚਿਰ ਸਾਡਾ ਸਰੀਰ ਹੈ ਨਾ ਗੋਇੰਦਵਾਲ ਸਾਹਿਬ ਦੇ ਵਿਚ ਜਮ ਨਾ ਭੇਜੀ, ਇਥੇ ਕਾਲ ਨਾ ਆਵੇ। ਸਾਡੇ ਹੁੰਦਿਆਂ-ਹੁੰਦਿਆਂ ਕੋਈ ਨਾ ਮਰੇ ਇੱਥੇ। ਐਨਾ ਆਪ ਦਾ ਦਿਲ ਨਰਮ ਸੀ।

ਸੋ ਬੀਬੀ ਭਾਨੀ ਨੇ ਆਲਾ-ਦੁਆਲਾ ਦੇਖਿਆਂ ਕੋਈ ਚੀਜ਼ ਨਜ਼ਰ ਨਾ ਆਈ, ਉਸ ਵੇਲੇ ਕਾਹਲੀ ਦੇ ਨਾਲ ਆਪਣਾ ਹੱਥ ਪਾਵੇ ਦੇ ਥੱਲੇ ਦੇ ਦਿਤਾ। ਉਹ ਪਾਵਾ ਹੇਠੋਂ ਤਿੱਖਾ ਹੋਇਆ ਹੋਇਆ ਸੀ, ਇੱਕ ਪਾਸਾ ਟੁੱਟਿਆ ਹੋਇਆ ਸੀ, ਉਹ ਹੱਥ ਦੇ ਵਿੱਚ ਖੁਭ ਗਿਆ। ਓਸ ਵੇਲੇ ਬੀਬੀ ਦਾ ਹੱਥ ਚੰਗੀ ਤਰ੍ਹਾਂ ਦੇ ਨਾਲ ਚੌਂਕੀ ਦੇ ਥੱਲੇ ਆ ਗਿਆ। ਨਾ ਤਾਂ ਹੁਣ ਕੱਢ ਸਕਦੀ ਹੈ, ਨਾ ਕੋਈ ਚੀਜ਼ ਨੇੜੇ ਹੈ ਕਿ ਮੈਂ ਕੋਈ ਚੀਜ਼ ਲਿਆ ਕੇ ਦੇਵਾਂ। ਓਸ ਵੇਲੇ ਵਜ਼ਨ ਪੈ ਗਿਆ ਹੱਥ ਦੇ ਵਿਚ। ਨਰਮ ਹੱਥ ਸੀ ਉਹਦੇ ਵਿੱਚ ਖੁੱਭਣਾ ਸ਼ੁਰੂ ਹੋ ਗਿਆ। ਹੇਠਾਂ ਹਥੇਲੀ ਦੇ ਵਿੱਚ ਬੋਝ ਪਈ ਜਾਂਦਾ ਹੈ, ਖੂਨ ਬੰਦ ਹੋ ਗਿਆ ਨਾੜਾਂ ਦਾ। ਓਸ ਵੇਲੇ ਬੀਬੀ ਦੇ ਮਨ 'ਚ ਕੀ ਆਉਂਦਾ ਹੈ ਕਿ ਹੇ ਪ੍ਰਭੂ! ਤੂੰ ਮੇਰੇ ਉੱਤੇ ਕ੍ਰਿਪਾ ਕੀਤੀ ਹੈ, ਕਿਉਂਕਿ ਤੇਰੀ ਸੇਵਾ ਮਿਲਦੀ ਨਹੀਂ ਹੈ। ਇਹ ਤਾਂ ਕੋਈ ਬਹੁਤ ਉੱਤਮ ਕਰਮ ਹੋਣ ਤਾਂ ਗੁਰੂਆਂ ਦੀ ਸੇਵਾ ਮਿਲਦੀ ਹੈ -

***ਧਾਰਨਾ - ਭਾਗਾਂ ਨਾਲ ਮਿਲਦੀ ਹੈ, ਸਤਿਗੁਰ ਦੀ ਸੇਵਾ ਸਫਲੀ।***

***ਗੁਰ ਸੇਵਾ ਤੇ ਨਾਮੇ ਲਾਗਾ ॥***
***ਤਿਸ ਕਉ ਮਿਲਿਆ ਜਿਸੁ ਮਸਤਕਿ ਭਾਗਾ ॥ ਅੰਗ - 236***

ਜਿਹਦੇ ਮੱਥੇ 'ਚ ਭਾਗ ਹੋਵੇ, ਉਹਨੂੰ ਸੇਵਾ ਮਿਲਦੀ ਹੈ ਗੁਰੂ ਦੀ।

***ਬਿਨੁ ਭਾਗਾ ਗੁਰੁ ਸੇਵਿਆ ਨ ਜਾਇ ॥***
***ਮਨਮੁਖ ਭੂਲੇ ਮੁਏ ਬਿਲਲਾਇ ॥ ਅੰਗ-1065***

ਮਨਮੁਖ ਜਿਹੜਾ ਹੈ ਉਹ ਭੁੱਲਿਆ ਹੋਇਆ ਵਿਰਲਾਪ ਕਰਦਾ ਹੈ -

***ਨਾਨਕ ਸਤਿਗੁਰ ਕੀ ਸੇਵਾ ਸੋ ਕਰੈ***

*ਜਿਸ ਨੋ ਨਦਰਿ ਕਰੈ ਕਰਤਾਰੁ ॥* *ਅੰਗ- 586*

ਕਹਿੰਦੇ ਜਿਹਦੇ ਉਤੇ ਵਾਹਿਗੁਰੂ ਨੇ ਨਿਗ੍ਹਾ ਕਰ ਦਿਤੀ, ਉਹ ਗੁਰੂ ਦੀ ਸੇਵਾ ਵਿੱਚ ਹਾਜ਼ਰ ਹੁੰਦਾ ਹੈ, ਦੂਜਾ ਨਹੀਂ ਹੋ ਸਕਿਆ ਕਰਦਾ।

*ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥*
*ਤਾ ਕੀ ਪੂਰਨ ਆਸ ਜਿਨ੍ ਸਾਧਸੰਗੁ ਪਾਇਆ ॥ ਅੰਗ - 457*

ਬੀਬੀ ਦੇ ਮਨ ਵਿੱਚ ਚਾਉ ਜਾਗਿਆ ਕਿ ਇਹ ਤਾਂ ਮੇਰੇ ਭਾਗ ਜਾਗ ਪਏ। ਸੇਵਾ ਤਾਂ ਰੋਜ਼ ਕਰਦੀ ਸੀ ਹੁਣ ਜਾਣ ਕੇ ਨਹੀਂ ਸੀ ਹੱਥ ਦਿਤਾ। ਜੇ ਆਪਾਂ ਕਹੀਏ ਕਿ ਜਾਣ ਕੇ ਦੇ ਦਿੱਤਾ। ਕੋਈ ਚੀਜ਼ ਨਹੀਂ ਸੀ ਆਲੇ-ਦੁਆਲੇ, ਪਹਿਲਾਂ ਨਿਗ੍ਹਾ ਮਾਰੀ, ਲੇਕਿਨ ਐਨਾ ਸਮਾਂ ਨਹੀਂ ਸੀ ਕਿ ਹੋਰ ਕਮਰੇ 'ਚ ਜਾ ਕੇ ਲਿਆਵੇ, ਜਦ ਨੂੰ ਚੌਂਕੀ ਦਾ ਪਾਵਾ ਪਿਛੇ ਨੂੰ ਹੋ ਜਾਂਦਾ, ਫੇਰ ਕੀ ਹੁੰਦਾ। ਉਸੇ ਵੇਲੇ ਆਪਣਾ ਹੱਥ ਦੇ ਦਿੱਤਾ। ਹੁਣ ਇਹ ਸੇਵਾ ਕੋਈ ਸੁਖਾਲੀ ਨਹੀਂ ਹੈ। ਮਹਾਰਾਜ ਜੀ ਕਹਿੰਦੇ, ਔਖੀ ਹੈ ਸੇਵਾ ਗੁਰੂ ਪੀਰਾਂ ਦੀ।

*ਧਾਰਨਾ - ਮਹਾਂ ਕਰੜੀ ਤੇ ਸੁੱਖਾਂ ਨੂੰ ਦੇਣ ਵਾਲੀ ਹੈ,*
*ਸੇਵਾ ਪੂਰੇ ਸਤਿਗੁਰ ਦੀ।*

*ਪੈਰੀ ਪੈ ਪਾਖਾਕ ਹੋਇ ਛਡਿ ਮਣੀ ਮਨੂਰੀ।*
*ਪਾਣੀ ਪਖਾ ਪੀਹਣਾ ਨਿਤ ਕਰੈ ਮਜੂਰੀ।*
*ਤੂਪੜ ਝਾੜਿ ਵਿਛਾਇਦਾ ਚੁਲਿ ਝੋਕਿ ਨ ਝੂਰੀ।*
*ਮੁਰਦੇ ਵਾਂਗਿ ਮੁਰੀਦੁ ਹੋਇ ਕਰਿ ਸਿਦਕ ਸਬੂਰੀ।*
*ਚੰਦਨੁ ਹੋਵੈ ਸਿੰਮਲਹੁ ਫਲੁ ਵਾਸੁ ਹਜੂਰੀ।*
*ਪੀਰ ਮੁਰੀਦਾ ਪਿਰਹੜੀ ਗੁਰਮੁਖਿ ਮਤਿ ਪੂਰੀ॥*
*ਭਾਈ ਗੁਰਦਾਸ ਜੀ ਵਾਰ 27/19*

ਸਿਦਕ ਵੀ ਹੋਵੇ ਤੇ ਸਬੂਰ ਵੀ ਹੋਵੇ, ਆਹ ਗੱਲ ਸਮਝਣੀ ਔਖੀ ਹੈ। ਸਬਰ ਵੀ ਹੋਵੇ ਹੱਦ ਦਰਜੇ ਦਾ, ਸਭ ਤਾਕਤਾਂ ਰਖਦਾ ਹੋਇਆ, ਫੇਰ ਕੋਈ ਨਾ ਦਿਖਾਵੇ। ਕਹਿਣ ਲੱਗੇ -

*ਸਤਿਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ ॥*
*ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ ॥*
*ਅੰਗ - 27*

ਆਪਣਾ ਆਪ ਗਵਾਉਣਾ ਪੈਂਦਾ ਹੈ -

*ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ ॥*
*ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ ॥*
*ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ ॥*
*ਨਾਨਕ ਗੁਰਮੁਖਿ ਬੁਝੀਐ ਜਾ ਆਪੇ ਨਦਰਿ ਕਰੇਇ ॥*
*ਅੰਗ - 648*

ਜਿਹਨੇ ਇਹ ਸੇਵਾ ਕਰ ਲਈ, ਮਹਾਰਾਜ ਕਹਿੰਦੇ -

*ਜਿਨਿ ਜਨਿ ਗੁਰਮੁਖਿ ਸੇਵਿਆ ਤਿਨਿ ਸਭਿ ਸੁਖ ਪਾਈ ॥*
*ਓਹੁ ਆਪਿ ਤਰਿਆ ਕੁਟੰਬ ਸਿਉ ਸਭਿ ਜਗਤੁ ਤਰਾਈ ॥*

*ਅੰਗ - 1100*

ਆਪ ਵੀ ਤਰਨਾ ਸੀ, ਕੁਟੰਬ ਵੀ ਤਾਰ ਲਿਆ। ਗੁਰੂ ਅੰਗਦ ਸਾਹਿਬ ਨੇ ਫੇਰ ਸਾਰਾ ਜਗਤ ਛੁਡਾ ਲਿਆ, ਗੁਰੂ ਅਮਰਦਾਸ ਜੀ ਨੇ ਸੇਵਾ ਕਰਕੇ ਸਾਰਾ ਸੰਸਾਰ ਛੁਡਾ ਦਿਤਾ।

*ਓਨਿ ਹਰਿ ਨਾਮਾ ਧਨੁ ਸੰਚਿਆ ਸਭ ਤਿਖਾ ਬੁਝਾਈ ॥*
*ਓਨਿ ਛਡੇ ਲਾਲਚ ਦੁਨੀ ਕੇ ਅੰਤਰਿ ਲਿਵ ਲਾਈ ॥*
*ਓਸੁ ਸਦਾ ਸਦਾ ਘਰਿ ਅਨਦੁ ਹੈ ਹਰਿ ਸਖਾ ਸਹਾਈ ॥*
*ਓਨਿ ਵੈਰੀ ਮਿਤ੍ਰ ਸਮ ਕੀਤਿਆ ਸਭ ਨਾਲਿ ਸੁਭਾਈ ॥*

*ਅੰਗ - 1100*

ਵੈਰੀ ਨਹੀਂ ਕੋਈ ਰਿਹਾ, ਸਭ ਸਮ ਕਰ ਲਏ, ਮਿੱਤਰ ਤੇ ਵੈਰੀ ਬਰਾਬਰ ਕਰ ਲਏ। ਪ੍ਰਗਟ ਹੋ ਗਿਆ ਸਾਰੇ ਸੰਸਾਰ 'ਚ।

*ਹੋਆ ਓਹੀ ਅਲੁ ਜਗ ਮਹਿ ਗੁਰ ਗਿਆਨੁ ਜਪਾਈ ॥*
*ਪੂਰਬਿ ਲਿਖਿਆ ਪਾਇਆ ਹਰਿ ਸਿਉ ਬਣਿ ਆਈ ॥*

*ਅੰਗ - 1100*

ਸਮਾਂ ਲੰਘ ਗਿਆ, ਮਹਾਰਾਜ ਜੀ ਦੀ ਸਮਾਧੀ ਲੰਮੀ ਸੀ, ਬੀਬੀ ਦੇ ਹੱਥ ਦੀਆਂ ਨਾੜਾਂ ਦਾ ਖ਼ੂਨ ਰੁਕ ਗਿਆ, ਸੁੰਨ ਹੋ ਗਈ ਬਾਂਹ, ਮੋਢੇ ਤੱਕ ਸੁੰਨ ਹੋ ਗਈ, ਖ਼ੂਨ ਭਰ ਗਿਆ ਮੋਢੇ ਤਕ, ਚਿਹਰੇ ਦੇ ਉੱਤੇ ਲਾਲੀ ਆ ਗਈ। ਨਾ ਉੱਚਾ ਸਾਹ ਲੈਂਦੀ ਹੈ, ਨਾ ਸੀ ਕਹਿੰਦੀ ਹੈ, ਕੁਛ ਨਹੀਂ ਕਹਿੰਦੀ। ਉਸੇ ਤਰ੍ਹਾਂ ਕਿੰਨੇ ਘੰਟੇ ਪਾਵੇ ਥੱਲੇ ਹੱਥ ਦਿੱਤਾ ਹੋਇਆ ਹੈ ਤੇ ਪਾਵਾ ਹੱਥ ਦੇ ਵਿੱਚ ਖੁਭ ਗਿਆ। ਲੇਕਿਨ ਆਪ ਨਾ ਕੋਈ ਆਵਾਜ਼ ਕੱਢਦੇ ਨੇ, ਕੁਛ ਨਹੀਂ ਕਰਦੀ, ਉਸੇ ਤਰ੍ਹਾਂ ਚੁੱਪ ਚਾਪ ਬੈਠੀ ਹੈ। ਗੁਰੂ ਅਮਰਦਾਸ ਮਹਾਰਾਜ ਜੀ ਦੀ ਸਮਾਧੀ ਖੁਲ੍ਹੀ ਆਪ ਨੇ ਆਪਣੇ ਨੇਤਰ ਖੋਲ੍ਹੇ। ਨੇਤਰਾਂ 'ਚੋਂ ਅੰਮ੍ਰਿਤ ਦੀ ਵਰਖਾ ਹੋ ਰਹੀ ਹੈ। ਜਿਧਰ ਦੇਖਦੇ ਨੇ, ਸ਼ਾਂਤੀ ਹੀ ਸ਼ਾਂਤੀ ਪੈਦਾ ਹੁੰਦੀ ਹੈ, ਜਦੋਂ ਪਿੱਛੇ ਨੂੰ ਮੁੜ ਕੇ ਦੇਖਿਆ, ਕੀ ਦੇਖਦੇ ਨੇ ਕਿ ਬੀਬੀ ਬੈਠੀ ਹੈ। ਹੈਂ! ਇਹਦਾ ਤਾਂ ਮੋਢਾ ਸੁੱਜਿਆ ਪਿਆ ਹੈ, ਚਿਹਰਾ ਲਾਲ ਹੋਇਆ ਪਿਆ ਹੈ। ਉਸ ਵੇਲੇ ਆਪ ਕਹਿਣ ਲੱਗੇ, ਬੇਟਾ! ਕੀ ਗੱਲ ਹੈ? ਕਹਿਣ ਲੱਗੀ, ਪਿਤਾ ਜੀ! ਅਸੀਂ ਅਣਜਾਣ ਬੰਦੇ ਹਾਂ। ਸਾਡੀ ਮੱਤ ਥੋੜ੍ਹੀ ਹੈ, ਪਾਤਸ਼ਾਹ! ਪਤਾ ਨਹੀਂ ਕਿਸ ਤਰ੍ਹਾਂ ਦੇ ਨਾਲ ਚੌਂਕੀ ਦਾ ਪਾਵਾ ਟੁੱਟ ਗਿਆ ਤੇ ਆਪ ਸਮਾਧੀ ਸਥਿਤ ਹੋ ਗਏ, ਮੈਂ ਆਈ ਇੱਥੇ ਦੇਖ ਕੇ ਆਲੇ-ਦੁਆਲੇ ਕੋਈ ਚੀਜ਼ ਨਾ ਹੋਣ ਕਰਕੇ, ਮੈਨੂੰ ਇਹ ਡਰ ਭਾਸਿਆ ਕਿ ਜੇ ਇਹ ਚੌਂਕੀ ਹਿੱਲ ਗਈ ਤਾਂ ਆਪ ਸਮਾਧੀ ਤੋਂ ਉਥਾਨ ਹੋ ਜਾਓਂਗੇ ਤੇ ਆਪ ਸਮਾਧੀ ਤੋਂ ਉਥਾਨ ਹੋਣ ਦੀ ਥਾਂ ਮੁਰਦਿਆਂ ਨੂੰ ਜੀਵਨ ਦਿੰਦੇ ਓਂ ਤੇ ਪਾਤਸ਼ਾਹ! ਕੋਈ ਚੀਜ਼ ਉਸ ਵੇਲੇ ਮੈਨੂੰ

ਨਾ ਮਿਲਣ ਕਰਕੇ, ਮੈਂ ਆਪਣਾ ਹੱਥ ਪਾਵੇ ਥੱਲੇ ਦੇ ਦਿਤਾ। ਮਹਾਰਾਜ ਜੀ ਉਤਰ ਆਏ ਥੱਲੇ, ਚੌਂਕੀ ਚੁੱਕਦੇ ਨੇ, ਪਾਵਾ ਹਥੇਲੀ 'ਚ ਫਸਿਆ ਪਿਆ ਹੈ। ਮਹਾਰਾਜ ਜੀ ਨੇ ਕੱਢਿਆ, ਉਸ ਵੇਲੇ ਦਇਆਲੂ ਹੋ ਗਏ, ਦਿਆਲੂ ਹੋ ਕੇ ਵਰ ਦੇਣੇ ਸ਼ੁਰੂ ਕਰ ਦਿੱਤੇ -

*ਸੁਨਿ ਤਨੁਜਾ ਕੇ ਬਚਨ ਸੁਹਾਏ।*
*ਪਿਖਿ ਦੁਸ਼ ਕਰਮ ਕੀਨਿ ਜਿਸੁ ਭਾਏ।*
*ਹੁਇ ਪ੍ਰਸੰਨ ਬਰ ਦਯੋ ਸੁਜਾਨਾ। ਸੰਤਤਿ ਤੇਰੀ ਬਧੈ ਮਹਾਂਨਾ।*
*ਸਕਲ ਜਗਤ ਕੀ ਹੋਵਹਿਂ ਪੂਜ। ਜੈਸੋ ਚਢਹਿ 'ਚੰਦ੍ਰਮਾ ਦੂਜ॥*
*ਬਡ ਐਸ਼੍ਵਰਜ ਬਧਹਿ ਤਿਮ ਆਗੇ। ਜੋ ਤਿਨ ਸੇਵਹਿ ਸੋ ਵਡਭਾਗੇ।*
*ਆਗੇ ਬੰਸ ਬਿਖੈ ਨਿਪਜੈਹੈਂ। ਮਹਾਂਬਲੀ ਸੇ ਜਗ ਮਹਿਂ ਹ੍ਵੈ ਹੈਂ।*
*ਸ਼ਸਤ੍ਰ ਗਹੈਂ ਦੁਸ਼ਟਨ ਕੋ ਘਾਵਹਿ।*
*ਅਪਨੋ ਅਧਿਕ ਪ੍ਰਤਾਪ ਬਧਾਵਹਿਂ।*
*ਪਰਮ ਧਰਮ ਪੀਰੀ ਅਰੁ ਮੀਰੀ।*
*ਧਰਹਿਂ ਆਪ ਦੇ ਅਪਰ ਤਗੀਰੀ।*
*ਕਲਜੁਗ ਮਹਿਂ ਜਹਿਂ ਕਹਿਂ ਜੈਕਾਰੋ।*
*ਕਰਹਿਂ ਉਧਾਰਨ ਨਰਨ ਹਜ਼ਾਰੋ।*
*ਸੋਢਿਬੰਸ ਕਹੁ ਬਡਿ ਬਡਿਆਈ।*
*ਤੈਂ ਕਰਿ ਭਗਤਿ ਭਲੇ ਅਬਿ ਪਾਈ।*
*ਤੀਨੌਂ ਕਾਲ ਬਿਖੈ ਤੁਝ ਜੈਸੀ।*
*ਹੁਈ, ਨ ਹੈ, ਹੋਵਹਿਗੀ ਐਸੀ।*

*(ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1613)*

ਆਪਣੀ ਲੜਕੀ ਦੇ ਬਚਨ ਸੁਣ ਕੇ ਮਹਾਰਾਜ ਜੀ ਨੇ, ਦੇਖਿਆ ਕਿ ਕਿੰਨੀ ਔਖੀ ਹੋ ਕੇ ਇਹਨੇ ਸੇਵਾ ਕਰੀ ਹੈ, ਉਸ ਵੇਲੇ ਪ੍ਰਸੰਨ ਹੋ ਕੇ ਵਰ ਦੇਣੇ ਸ਼ੁਰੂ ਕਰ ਦਿਤੇ। ਬੀਬਾ! ਤੇਰੀ ਓਲਾਦ ਬਹੁਤ ਵਧੇਗੀ। ਸਾਰੇ ਜਗਤ ਦੇ ਉਹ ਪੂਜ ਬਣਨਗੇ, ਸਦੀਆਂ ਤਕ, ਜਦੋਂ ਤਕ ਜੁਗਾਂ-ਜੁਗਾਂਤਰ ਰਹਿਣਗੇ, ਉਸ ਵੇਲੇ ਤੇਰੀ ਓਲਾਦ ਨੂੰ ਪੂਜਿਆ ਜਾਇਆ ਕਰੇਗਾ। ਤੇਰੇ ਵੰਸ ਵਿਚ ਵੱਡੇ-ਵੱਡੇ ਜੋਧੇ ਪੈਦਾ ਹੋਣੇ ਨੇ। ਜਿਨ੍ਹਾਂ ਦੇ ਮੁਕਾਬਲੇ 'ਤੇ ਪਹਿਲਾਂ ਜਗ ਤੇ ਆਇਆ ਨਹੀਂ ਉਹ ਤੇਰੇ ਵੰਸ ਵਿੱਚ ਪੈਦਾ ਹੋਣਗੇ। ਬੇਟਾ! ਤਿੰਨ ਕਾਲਾਂ 'ਚ ਨਾ ਪਹਿਲਾਂ, ਨਾ ਹੁਣ, ਨਾ ਅੱਗੇ ਵਾਸਤੇ; ਤੇਰੇ ਜੈਸੀ ਨਾ ਕੋਈ ਹੈ, ਨਾ ਕੋਈ ਹੋਈ ਅੱਜ ਤਕ, ਨਾ ਹੋਵੇਗੀ; ਕਿੰਨਾ ਪ੍ਰਸੰਨ ਹੋ ਗਏ।

*ਪਿਤਾ ਗੁਰੂ, ਜਗ ਗੁਰ ਹੁਇ ਕੰਤ। ਪੁੱਤ੍ਰ ਗੁਰੂ, ਹੁਇ ਪੌਤ੍ਰ ਮਹੰਤ॥*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1613*

ਕਹਿੰਦੇ, ਤੇਰਾ ਪਿਤਾ ਵੀ ਗੁਰੂ ਹੈ, ਤੇਰਾ ਪਤੀ ਵੀ ਗੁਰੂ ਹੋਏਗਾ, ਪੁੱਤਰ ਵੀ ਗੁਰੂ ਹੋਏਗਾ, (ਗੁਰੂ ਅਰਜਨ ਦੇਵ ਜੀ), ਤੇ ਤੇਰਾ ਪੋਤਾ (ਗੁਰੂ ਹਰਿਗੋਬਿੰਦ ਸਿੰਘ ਮਹਾਰਾਜ) ਵੀ ਗੁਰੂ ਹੋਏਗਾ, ਉਸ ਤੋਂ ਵੀ ਅੱਗੇ ਤੇਰਾ ਪੜਪੋਤਾ (ਗੁਰੂ ਹਰਿਰਾਇ ਜੀ) ਗੁਰੂ ਹੋਏਗਾ। ਤੇਰਾ ਪੜੋਤਾ (ਗੁਰੂ ਤੇਗ

ਬਹਾਦਰ ਸਾਹਿਬ) ਗੁਰੂ ਹੋਏਗਾ, ਪੰਜਵੀਂ ਪੁਸ਼ਤ ਦੇ ਗੁਰੂ ਹਰਿਕ੍ਰਿਸ਼ਨ ਜੀ ਵੀ ਗੁਰੂ ਹੋਣਗੇ। ਤੇਰਾ ਪੜਪੋਤਾ ਬਹੁਤ ਵੱਡਾ ਗੁਰੂ, ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਹੋਏਗਾ, ਸੋ ਤੂੰ ਤਾਂ ਐਡੀ ਤਪਸਿਆ ਕੀਤੀ ਹੈ –

*ਕਯਾ ਅਬਿ ਕਹੈਂ ਤੋਰ ਬਡਿਆਈ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1613*

ਹੁਣ ਬੇਟੀ! ਤੇਰੀ ਮੈਂ ਵਡਿਆਈ ਕੀ ਕਰਾਂ –

*ਜਿਸਕੀ ਸਮ ਕੋ ਹ੍ਵੈ ਨ ਸਕਾਈ॥*
*ਅਤਿ ਪ੍ਰਸੰਨ ਸ੍ਰੀ ਅਮਰ ਕ੍ਰਿਪਾਲ।*
*ਇੱਤਯਾਦਿਕ ਬਰ ਦਿਯੇ ਬਿਸਾਲ।*

*ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 1613*

ਸੋ ਸੇਵਾ ਦਾ ਫਲ ਕਿੱਡਾ ਮਹਾਨ ਹੈ, ਪੜ੍ਹੋ ਪਿਆਰ ਨਾਲ–

*ਧਾਰਨਾ – ਕਰਕੇ ਕੋਈ ਵੇਖ ਲਓ, ਸੇਵਾ ਤੋਂ ਮਿਲਦਾ ਮੇਵਾ।*

ਸੇਵਾ ਕੀਤੀ ਹੋਈ ਸਫਲ ਹੁੰਦੀ ਹੈ, ਸਾਧਸੰਗਤ ਜੀ! ਕਿਉਂ ਸਫਲ ਹੋਈ ਕਿਉਂਕਿ ਬੀਬੀ ਦੇ ਮਨ ਵਿਚ ਗੁਰੂ ਅਮਰਦਾਸ ਜੀ ਬਾਰੇ ਪਿਤਾ ਭਾਵਨਾ ਨਹੀਂ ਸੀ, ਲੜਕੀ ਹੁੰਦੀ ਹੋਈ ਉਨ੍ਹਾਂ ਨੂੰ ਪ੍ਰਮੇਸ਼ਰ ਰੂਪ ਸਮਝਦੀ ਸੀ। ਜੇ ਪ੍ਰਮੇਸ਼ਰ ਭਾਵਨਾ ਨਾ ਹੁੰਦੀ, ਪਿਤਾ ਭਾਵਨਾ ਹੁੰਦੀ ਤਾਂ ਹਾਕ ਮਾਰਨੀ ਸੀ ਕਿ ਪਿਤਾ ਜੀ ਤੁਹਾਡੀ ਤਾਂ ਚੌਂਕੀ ਟੁੱਟੀ ਹੋਈ ਹੈ। ਭਰੋਸੇ ਦੇ ਨਾਲ ਸੇਵਾ ਕਰੀ ਤੇ ਪਦਵੀ ਕਿੱਡੀ ਬਣ ਗਈ, ਸਾਰਾ ਸ੍ਰਿਸ਼ਟੀ ਦਾ ਰਾਜ, ਦਰਗਾਹਾਂ ਦਾ ਰਾਜ, ਸਾਰੇ ਬ੍ਰਹਿਮੰਡਾਂ ਦਾ ਰਾਜ ਘਰ ਵਿੱਚ ਪ੍ਰਾਪਤ ਹੋ ਗਿਆ। ਬੀਬੀ ਨੂੰ ਕਿੱਡੀ ਵੱਡੀ ਪਦਵੀ ਪ੍ਰਾਪਤ ਹੋਈ।

*ਧਾਰਨਾ – ਵਾਹਵਾ–ਵਾਹਵਾ*
*ਬਈ ਉਤਮ ਪਦਵੀ ਮਿਲਦੀ,*
*ਪਿਆਰੇ ਕਰਕੇ ਗੁਰਾਂ ਦੀ ਸੇਵਾ,*
*ਬਈ ਉਤਮ ਪਦਵੀ ਮਿਲਦੀ।*

ਸੇਵਾ ਕਰਨ ਦੇ ਨਾਲ ਕਿੱਡੀਆਂ–ਕਿੱਡੀਆਂ ਪਦਵੀਆਂ ਪ੍ਰਾਪਤ ਹੁੰਦੀਆਂ ਨੇ। ਸੇਵਾਦਾਰ ਨੂੰ ਇਸੇ ਕਰਕੇ ਵਡਿਆਈ ਮਿਲੀ ਹੈ –

*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ – 1076*

ਜਿਵੇਂ ਜਲ ਦੇ ਵਿਚੋਂ ਲਹਿਰਾਂ ਉਠਦੀਆਂ ਨੇ ਤੇ ਲਹਿਰਾਂ ਫੇਰ ਪਾਣੀ 'ਚ ਸਮਾਅ ਜਾਂਦੀਆਂ ਨੇ। ਐਸ ਤਰ੍ਹਾਂ ਸੇਵਾ ਕਰਨ ਵਾਲਾ ਪ੍ਰਮੇਸ਼ਰ ਦੇ ਦੁਆਰੇ, ਗੁਰੂ ਦੇ ਦੁਆਰੇ ਪ੍ਰਵਾਨ ਹੋ ਜਾਇਆ ਕਰਦਾ ਹੈ। ਹੁਣ ਸਮਾਂ

ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਮੈਂ ਸਮਾਪਤ ਕਰਦਾ ਹਾਂ, ਸਾਰੇ ਪ੍ਰੇਮੀ ਜਿਹੜੇ ਹਾਲੇ ਤਕ ਨਹੀਂ ਬੋਲੇ, ਉਹ ਅਨੰਦ ਸਾਹਿਬ, ਗੁਰ ਸਤੋਤਰ 'ਚ ਬੋਲ ਕੇ ਆਪਣੀ ਰਸਨਾ ਪਵਿੱਤਰ ਕਰ ਲਓ।

# 2

# ਗੁਰੂ ਨਾਨਕ ਪਾਤਸ਼ਾਹ, ਬੀਬੀ ਦੋਦੋ ਰਾਣੀ ਤੇ ਭਾਈ ਦੋਦਾ ਜੀ

## ਭਾਗ - 1

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਮੇਰੀ ਨਮਸ਼ਕਾਰ ਗੁਰਦੇਵ ਕੋ।*
*ਸਤਿਨਾਮ ਜਿਨ ਮੰਤ੍ਰ ਦ੍ਰਿੜਾਇਆ।*

*ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ।*
*ਭਵਜਲ ਵਿਚੋਂ ਕਢਿਕੇ ਮੁਕਤਿ ਪਦਾਰਥ ਮਾਹਿ ਸਮਾਇਆ।*
*ਜਨਮ ਮਰਣ ਭਉ ਕਟਿਆ ਸੰਸਾ ਰੋਗ ਵਿਜੋਗ ਮਿਟਾਇਆ।*
*ਸੰਸਾ ਇਹੁ ਸੰਸਾਰੁ ਹੈ ਜਨਮ ਮਰਣ ਵਿਚਿ ਦੁਖ ਸਬਾਇਆ।*
*ਜਮਦੰਡ ਸਿਰੋਂ ਨਾ ਉਤਰੈ ਸਾਕਤ ਦੁਰਜਨ ਜਨਮੁ ਗਵਾਇਆ।*
*ਚਰਨ ਗਹੇ ਗੁਰਦੇਵ ਦੇ ਸਤਿ ਸਬਦ ਦੇ ਮੁਕਤ ਕਰਾਇਆ।*
*ਭਾਉ ਭਗਤਿ ਗੁਰਪੁਰਬ ਕਰਿ ਨਾਮ ਦਾਨ ਇਸਨਾਨ ਦ੍ਰਿੜ੍ਹਾਇਆ।*
*ਜੇਹਾ ਬੀਉ ਤੇਹਾ ਫਲੁ ਪਾਇਆ।*
*ਭਾਈ ਗੁਰਦਾਸ ਜੀ, ਵਾਰ 1/1*

*ਧਾਰਨਾ - ਫਲ ਕਰਮ ਸਮਾਲਾ ਜੀ,*
*ਜੇਹਾ ਬੀਜੈ ਸੁ ਲੁਣੈ।*

*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ।*
*ਭਾਈ ਗੁਰਦਾਸ ਜੀ, ਵਾਰ 34/1*

*ਸਤਿਗੁਰੁ ਸਦਾ ਦਇਆਲੁ ਹੈ ਭਾਈ*
*ਵਿਣੁ ਭਾਗਾ ਕਿਆ ਪਾਈਐ ॥*
*ਏਕ ਨਦਰਿ ਕਰਿ ਵੇਖੈ ਸਭ ਊਪਰਿ*
*ਜੇਹਾ ਭਾਉ ਤੇਹਾ ਫਲੁ ਪਾਈਐ ॥*
*ਨਾਨਕ ਨਾਮੁ ਵਸੈ ਮਨ ਅੰਤਰਿ ਵਿਚਹੁ ਆਪੁ ਗਵਾਈਐ ॥*

*ਅੰਗ - 602*

*ਸਤਿਗੁਰੁ ਪੁਰਖੁ ਦਇਆਲੁ ਹੈ ਜਿਸ ਨੋ ਸਮਤੁ ਸਭੁ ਕੋਇ ॥*
*ਏਕ ਦ੍ਰਿਸਟਿ ਕਰਿ ਦੇਖਦਾ ਮਨ ਭਾਵਨੀ ਤੇ ਸਿਧਿ ਹੋਇ ॥*
*ਸਤਿਗੁਰ ਵਿਚਿ ਅੰਮ੍ਰਿਤੁ ਹੈ ਹਰਿ ਉਤਮੁ ਹਰਿ ਪਦੁ ਸੋਇ ॥*
*ਨਾਨਕ ਕਿਰਪਾ ਤੇ ਹਰਿ ਧਿਆਈਐ ਗੁਰਮੁਖਿ ਪਾਵੈ ਕੋਇ ॥*

*ਅੰਗ - 302*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਫੁਰਮਾਨ ਹੈ ਮਹਾਰਾਜ ਦਾ ਕਿ ਜੋ ਗੁਰੂ ਹੋਇਆ ਕਰਦਾ ਹੈ - 'ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।

**ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।' ਜੇ ਤਾਂ ਉਹਦੇ ਵਿੱਚ ਪਾ ਦਿਓ, ਤਰਕ ਪਾ ਦਿਓ। ਤਰਕ ਵਾਲਾ ਨਜ਼ਰ ਆਏਗਾ। ਜੇ ਪ੍ਰੇਮ ਕਰੋ, ਪਿਆਰ ਕਰੋ, ਪਿਆਰ ਵਾਲਾ ਨਜ਼ਰ ਆਏਗਾ -** *'ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ। ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।'* **ਜਿਹੋ ਜਿਹਾ ਮੂੰਹ ਕਰਕੇ ਦੇਖੋ ਓਹੋ ਜਿਹਾ ਨਜ਼ਰ ਆਉਂਦਾ ਹੈ। ਜੋ ਕੁਝ ਮੰਗੋ ਉਸ ਤੋਂ ਪ੍ਰਾਪਤ ਹੋ ਜਾਇਆ ਕਰਦਾ ਹੈ। ਕਿਸੇ ਨਾਲ ਨਰਾਜ਼ ਨਹੀਂ ਹੋਇਆ ਕਰਦਾ ਸਤਿਗੁਰੂ, ਸਦਾ-ਸਦਾ ਦਇਆਲ ਹੈ, ਪਰ ਭਾਗ ਬਣਨ ਤਾਂ ਕੁਛ ਪ੍ਰਾਪਤ ਹੁੰਦਾ ਹੈ। ਜਿਹੋ ਜਿਹੀ ਭਾਵਨਾ ਲੈ ਕੇ ਆਓਂਗੇ, ਬੁਰੀ ਭਾਵਨਾ ਲੈ ਕੇ ਆਓਂਗੇ ਬੁਰਾ ਫਲ ਪ੍ਰਾਪਤ ਹੋਏਗਾ। ਦੁਸ਼ਟ ਭਾਵਨਾ ਹੋਏਗੀ, ਤਰਕ ਵਾਲੀ ਭਾਵਨਾ ਹੋਏਗੀ, ਗਣਤੀ ਵਾਲੀ ਭਾਵਨਾ ਹੋਏਗੀ ਵੈਸਾ ਹੀ ਫਲ ਮਿਲੇਗਾ। ਪਿਆਰ ਨਾਲ ਆਓਂਗੇ, ਨਿਮਰਤਾ ਨਾਲ ਆਓਂਗੇ, ਓਹੋ ਜਿਹਾ ਫਲ ਪ੍ਰਾਪਤ ਹੋ ਜਾਏਗਾ। ਕਿਉਂਕਿ ਗੁਰੂ ਤਾਂ ਸ਼ੀਸ਼ੇ ਵਰਗਾ ਹੁੰਦਾ ਹੈ ਉਹ ਸਭ ਦੇ ਉਪਰ ਇੱਕੋ ਨਦਰਿ ਕਰਦਾ ਹੈ, ਜਿਹੋ ਜਿਹਾ ਭਾਉ ਹੋਏਗਾ ਓਹੋ ਜਿਹਾ ਫਲ ਪ੍ਰਾਪਤ ਹੋ ਜਾਂਦਾ ਹੈ। ਇੱਕੋ ਜਿਹੀ ਦ੍ਰਿਸ਼ਟੀ ਕਰਕੇ ਸਭ ਦੇ ਉਤੇ ਦੇਖਦਾ ਹੈ ਜਿਹੋ ਜਿਹੀ ਮਨ ਵਿੱਚ ਭਾਵਨੀ ਲੈ ਕੇ ਆਏ ਓਂ, ਓਹੋ ਜਿਹੀ ਸਿੱਧੀ ਪ੍ਰਾਪਤ ਹੋ ਜਾਏਗੀ।**

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਸੰਸਾਰ ਦਾ ਉਧਾਰ ਕਰਦੇ-ਕਰਦੇ ਅੱਜ ਰਾਵੀ ਦੇ ਕੰਢੇ ਉਪਰ ਵ'ਲ ਨੂੰ ਤੁਰੇ ਜਾ ਰਹੇ ਨੇ।

ਜਿਧਰੋਂ ਰਾਵੀ ਨਿਕਲਦੀ ਹੈ ਉਸ ਪਾਸੇ ਨੂੰ ਤੁਰੇ ਜਾਂਦੇ-ਜਾਂਦੇ ਅਖੀਰ ਇ'ਕ ਐਸਾ ਅਸਥਾਨ ਆਇਆ, ਜਿਸ ਥਾਂ ਦੇ ਉਤੇ ਬਹੁਤ ਹਰਿਆਵਲ ਸੀ। ਦਰਿਆ ਬੜਾ ਸ਼ਾਂਤ ਚ'ਲ ਰਿਹਾ ਸੀ, ਪਾਣੀ ਬੜਾ ਨਿਰਮਲ ਸੀ। ਕੰਢਾ ਬੜਾ ਪਵਿੱਤਰ ਸੀ। ਉਥੇ ਦੇਖ ਕੇ ਉਸ ਜਗ੍ਹਾ ਦੇ ਉਤੇ ਗੁਰੂ ਨਾਨਕ ਪਾਤਸ਼ਾਹ, ਭਾਈ ਮਰਦਾਨਾ ਤੇ ਭਾਈ ਬਾਲਾ ਰੁਕ ਜਾਂਦੇ ਨੇ ਤੇ ਗੁਰੂ ਨਾਨਕ ਪਾਤਸ਼ਾਹ ਲੀਨ ਹੋ ਜਾਂਦੇ ਨੇ ਨਿਰੰਕਾਰ ਦੇ ਅੰਦਰ। ਮਰਦਾਨਾ ਕੀਰਤਨ ਕਰ ਰਿਹਾ, ਸਵੇਰ ਦਾ ਕੀਰਤਨ ਕਰ ਰਿਹਾ ਹੈ, ਦਿਨ ਚੜ੍ਹ ਗਿਆ, ਸੁਣਨ ਵਾਲਾ ਕੋਈ ਨਹੀਂ ਆਇਆ। ਦੂਸਰਾ ਦਿਨ ਫੇਰ ਲੰਘ ਜਾਂਦਾ ਹੈ, ਉਸੇ ਤਰ੍ਹਾਂ ਕੀਰਤਨ ਕਰਦੇ ਤੇ ਅੱਜ ਤੀਸਰਾ ਦਿਨ ਲੰਘ ਰਿਹਾ ਹੈ ਤੇ ਨਾ ਕਿਸੇ ਨੇ ਕੋਈ ਪ੍ਰਸ਼ਾਦਾ ਪਾਣੀ ਪੁੱਛਿਆ ਤੇ ਨਾ ਹੀ ਉਹ ਕਿਸੇ ਥਾਂ ਦੇ ਉਤੇ ਪ੍ਰਸ਼ਾਦਾ ਲੈਣ ਵਾਸਤੇ ਗਏ ਤੇ ਆਪਣੇ ਅਨੰਦ ਦੇ ਵਿੱਚ ਬੈਠੇ ਨੇ, ਕਿਸੇ ਮਹਾਨ ਰਸ ਦੇ ਵਿੱਚ ਬੈਠੇ ਨੇ। ਇੱਕ ਕੋਈ ਬੀਬੀ ਵੀਹ ਪੱਚੀ ਸਾਲ ਦੀ, ਆਪਣੇ ਘਰਵਾਲੇ ਵਾਸਤੇ ਪ੍ਰਸ਼ਾਦਾ ਲੈ ਕੇ ਜਾਂਦੀ ਹੈ ਰੋਜ਼ ਤੇ ਰਸਤਾ ਉਸਦਾ, ਡੰਡੀ ਓਥੋਂ ਦੀ ਹੋਣ ਕਰਕੇ ਰੋਜ਼ ਦੇਖਦੀ ਹੈ ਕਿ ਆਹ ਤਿੰਨ ਸਾਧੂ ਬੈਠੇ ਨੇ, ਇਹ ਕੱਲ੍ਹ ਵੀ ਬੈਠੇ ਸੀ, ਪਰਸੋਂ ਵੀ ਬੈਠੇ ਸੀ, ਗਾਈ ਜਾਂਦੇ ਨੇ ਕੁਛ ਖਾਣ ਪੀਣ ਦਾ ਬੰਦੋਬਸਤ ਨਹੀਂ ਕਰਦੇ ਤੇ ਅੱਜ ਇਹਦੇ ਮਨ ਵਿੱਚ ਆਇਆ ਕਿ ਮੈਂ ਸਮਝਣ ਦਾ ਯਤਨ ਤਾਂ ਕਰਾਂ ਕਿਉਂਕਿ ਟੱਪੇ ਬਹੁਤ ਮੇਰੇ ਸੁਣੇ ਹੋਏ ਨੇ, ਦੋਹੇ ਸੁਣੇ ਹੋਏ, ਹੋਰ ਅਨੇਕ ਤਰ੍ਹਾਂ ਦੇ ਗੀਤ ਸੁਣੇ ਹੋਏ ਨੇ, ਇਨ੍ਹਾਂ ਦਾ ਜੋ ਗੀਤ ਹੈ ਉਨ੍ਹਾਂ ਗੀਤਾਂ ਵਰਗਾ ਤਾਂ ਹੈ ਨਹੀਂ। ਕੁਛ ਹੋਰ ਤਰ੍ਹਾਂ ਦਾ ਨਿਵੇਕਲਾ ਗੀਤ ਹੈ। ਜਦੋਂ ਧਿਆਨ ਦੇ ਨਾਲ ਉਸਨੇ ਸੁਣਨਾ ਸ਼ੁਰੂ ਕੀਤਾ ਤਾਂ ਉਹਦੇ ਕੰਨਾਂ ਦੇ ਵਿੱਚ ਇਸ ਤਰ੍ਹਾਂ ਦੀ ਆਵਾਜ਼ ਆਉਂਦੀ ਹੈ -

***ਧਾਰਨਾ - ਦਾਨਾ ਬੀਨਾ, ਦਾਨਾ ਬੀਨਾ, ਦਾਨਾ ਬੀਨਾ ਜੀ,***
***ਸਾਹਿਬ ਮੇਰਾ ਦਾਨਾ ਬੀਨਾ ਜੀ।***

***ਤੂ ਦਰੀਆਉ ਦਾਨਾ ਬੀਨਾ ਮੈ ਮਛੁਲੀ ਕੈਸੇ ਅੰਤੁ ਲਹਾ ॥***
***ਜਹ ਜਹ ਦੇਖਾ ਤਹ ਤਹ ਤੂ ਹੈ***
***ਤੁਝ ਤੇ ਨਿਕਸੀ ਫੂਟਿ ਮਰਾ ॥ 1 ॥***
***ਨ ਜਾਣਾ ਮੇਉ ਨ ਜਾਣਾ ਜਾਲੀ ॥***
***ਜਾ ਦੁਖੁ ਲਾਗੈ ਤਾ ਤੁਝੈ ਸਮਾਲੀ ॥ 1 ॥ ਰਹਾਉ ॥***
***ਤੂ ਭਰਪੂਰਿ ਜਾਨਿਆ ਮੈ ਦੂਰਿ ॥***
***ਜੋ ਕਛੁ ਕਰੀ ਸੁ ਤੇਰੈ ਹਦੂਰਿ ॥***
***ਤੂ ਦੇਖਹਿ ਹਉ ਮੁਕਰਿ ਪਾਉ ॥***
***ਤੇਰੈ ਕੰਮਿ ਨ ਤੇਰੈ ਨਾਇ ॥ 2 ॥***
***ਜੇਤਾ ਦੇਹਿ ਤੇਤਾ ਹਉ ਖਾਉ ॥***
***ਬਿਆ ਦਰੁ ਨਾਹੀ ਕੈ ਦਰਿ ਜਾਉ ॥***
***ਨਾਨਕੁ ਏਕ ਕਹੈ ਅਰਦਾਸਿ ॥***

*ਜੀਉ ਪਿੰਡੁ ਸਭੁ ਤੇਰੈ ਪਾਸਿ ॥ 3 ॥*
*ਆਪੇ ਨੇੜੈ ਦੂਰਿ ਆਪੇ ਹੀ ਆਪੇ ਮੰਝਿ ਮਿਆਨੁੋ ॥*
*ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁੋ ॥*
*ਜੋ ਤਿਸੁ ਭਾਵੈ ਨਾਨਕਾ ਹੁਕਮੁ ਸੋਈ ਪਰਵਾਨੁੋ ॥*

*ਅੰਗ - 25*

*ਧਾਰਨਾ - ਮੈਂ ਮਛਲੀ ਅੰਤ ਨਾ ਜਾਣਾ,*
*ਤੂੰ ਹੈਂ ਦਰਿਆਓ ਮਾਲਕਾ।*

ਸ਼ਬਦ ਦਾ ਅਲਾਪ, ਦੂਰ-ਦਰਾਜ਼ ਤੱਕ ਪਹੁੰਚਦਾ ਹੈ, ਜਿਸ-ਜਿਸ ਥਾਂ ਤੱਕ ਆਵਾਜ਼ ਪਹੁੰਚਦੀ ਹੈ, ਜਲ ਵੀ ਪਵਿੱਤਰ ਹੋ ਜਾਂਦਾ ਹੈ, ਦਰਖਤ ਵੀ ਪਵਿੱਤਰ ਹੋ ਜਾਂਦੇ ਨੇ ਜਿਨ੍ਹਾਂ ਪੰਛੀਆਂ ਦੇ ਕੰਨਾਂ 'ਚ ਆਵਾਜ਼ ਪਹੁੰਚਦੀ ਹੈ, ਉਹ ਵੀ ਕਿਸੇ ਰਸ ਵਿੱਚ ਟਿਕ ਜਾਂਦੇ ਨੇ, ਜੰਗਲੀ ਜਾਨਵਰ ਕੋਈ ਰਸ ਮਹਿਸੂਸ ਕਰ ਰਹੇ ਨੇ। ਇਸੇ ਤਰ੍ਹਾਂ ਦੇ ਨਾਲ ਇਹ ਬੀਬੀ, ਸਮਝ ਤਾਂ ਇਸਨੂੰ ਬਹੁਤਾ ਨਹੀਂ ਆਇਆ, ਲੇਕਿਨ ਇਹ ਗੱਲ ਸਮਝੀ ਕਿ ਜੋ ਗਾਉਣੇ ਮੈਂ ਅੱਜ ਤੱਕ ਸੁਣੇ ਨੇ, ਕਾਫੀ ਮੈਂ ਜਾ ਕੇ ਦੂਰ-ਦੂਰ ਤੱਕ ਸੁਣਦੀ ਰਹੀ ਹਾਂ, ਪਰ ਉਸ ਤਰ੍ਹਾਂ ਦਾ ਨਹੀਂ ਹੈ, ਇਹ ਤਾਂ ਕੋਈ ਅੰਦਰ ਵੜਦਾ ਜਾਂਦਾ ਹੈ, ਕੋਈ ਅੰਦਰ ਹਲੂਣਾ ਦਿੰਦਾ ਜਾਂਦਾ ਹੈ, ਝਰਨਾਟਾਂ ਦਿੰਦਾ ਜਾਂਦਾ ਹੈ। ਕੁਛ ਬੋਲ ਦੇ ਵਿੱਚ ਤਾਸੀਰ ਹੈ ਜ਼ਬਰਦਸਤ। ਸਮਝ 'ਚ ਨਹੀਂ ਆਇਆ ਲੇਕਿਨ ਰਸ ਵਿੱਚ ਆ ਗਈ।

ਗੁਰੂ ਨਾਨਕ ਪਾਤਸ਼ਾਹ ਸ਼ਬਦ ਦੀ ਸਮਾਪਤੀ ਹੋਣ ਤੋਂ ਬਾਅਦ ਨਿਰੰਕਾਰ ਨਾਲ ਇੱਕ ਸਰੂਪ ਹੋ ਕੇ ਬੈਠੇ ਨੇ। ਭਾਈ ਮਰਦਾਨਾ ਦੇਖਦਾ ਹੈ ਕਿ ਸਾਮ੍ਹਣੇ ਇੱਕ ਬੀਬੀ ਬੈਠੀ ਹੈ। ਹੱਥ ਜੋੜੇ ਹੋਏ ਨੇ ਤੇ ਕੁਛ ਹੈਰਾਨ ਹੋ ਰਹੀ ਹੈ ਤੇ ਕੋਈ ਗੱਲ ਕਰਨੀ ਚਾਹੁੰਦੀ ਹੈ। ਥੋੜ੍ਹਾ ਲਾਂਭੇ ਹੋਏ, ਭਾਈ ਮਰਦਾਨਾ ਬੀਬੀ ਕੋਲ ਆ ਕੇ ਕਹਿਣ ਲੱਗੇ ਕਿ ਕਿੱਥੇ ਰਹਿੰਦੇ ਓਂ ਤੁਸੀਂ? ਕਹਿਣ ਲੱਗੀ, ਸਾਡਾ ਤਾਂ ਪਿੰਡ ਨੇੜੇ ਹੀ ਹੈ, ਪਰ ਮੈਂ ਕੁਛ ਹੈਰਾਨ ਹੋ ਰਹੀ ਹਾਂ, ਤੁਹਾਨੂੰ ਦੇਖ-ਦੇਖ ਕੇ, ਮੇਰਾ ਇੱਕ ਭਰਮ ਕੱਢ ਦਿਓ? ਉਹ ਇਹ ਹੈ ਕਿ ਮੈਨੂੰ ਐਸ ਤਰ੍ਹਾਂ ਦੱਸੋ ਕਿ ਤੁਸੀਂ ਏਸੇ ਦੁਨੀਆਂ ਦੇ ਓਂ ਜਾਂ ਕਿਸੇ ਹੋਰ ਦੁਨੀਆਂ 'ਚ ਰਹਿਣ ਵਾਲੇ ਇੱਥੇ ਆ ਕੇ ਟਿਕ ਗਏ ਓਂ। ਕਹਿਣ ਲੱਗਿਆ, ਬੀਬਾ! ਇਹ ਗੱਲ ਤੇਰੇ ਮਨ ਵਿੱਚ ਕਿਉਂ ਆਈ? ਕਹਿਣ ਲੱਗੀ, ਹੋਰ ਵੀ ਸਾਧੂ ਸੰਤ ਬਹੁਤ ਆਉਂਦੇ ਹਨ, ਲੇਕਿਨ ਸਾਡੇ ਪਿੰਡ ਦੀਆਂ ਗਲੀਆਂ 'ਚ ਆ ਕੇ ਪ੍ਰਸ਼ਾਦਾ ਮੰਗਦੇ ਨੇ, ਭੁੱਖ ਤਾਂ ਸਭ ਨੂੰ ਲਗਦੀ ਹੀ ਹੈ, ਜੇ ਖਾਈਏ ਨਾ ਤਾਂ ਸਰੀਰ ਨਹੀਂ ਚਲਦਾ ਤੇ ਮੈਂ ਤਿੰਨ ਦਿਨਾਂ ਦੀ ਦੇਖ ਰਹੀ ਹਾਂ ਤੁਸੀਂ ਇੱਥੇ ਹੀ ਬੈਠੇ ਓਂ, ਨਾ ਕਿਸੇ ਪਿੰਡ ਵੱਲ ਨੂੰ ਗਏ ਓਂ। ਇਹ ਰਸਤਾ ਸਾਡੇ ਪਿੰਡ ਵਿਚੀਂ ਹੋ ਕੇ ਅਗਾਹਾਂ ਨੂੰ ਜਾਂਦਾ ਹੈ। ਉਥੇ ਵੀ ਮੈਂ ਗਹੁ ਰੱਖਦੀ ਹਾਂ ਕਿ ਉਹ ਸਾਧੂ ਇੱਥੇ ਆਉਣ। ਪਰ ਤੁਸੀਂ ਤਾਂ ਕਿਤੇ ਵੀ ਨਹੀਂ ਜਾਂਦੇ, ਤਿੰਨ ਦਿਨ ਹੋ ਗਏ, ਤੁਹਾਨੂੰ ਇੱਥੇ

ਬੈਠਿਆਂ ਨੂੰ ਤੇ ਮੈਂ ਹੈਰਾਨ ਹੁੰਦੀ ਹਾਂ ਕਿ ਜੇ ਅਸੀਂ ਦੋ ਘੜੀ ਪ੍ਰਸ਼ਾਦਾ ਨਾ ਛਕੀਏ, ਕੁਛ ਮੂੰਹ 'ਚ ਨਾ ਪਾਈਏ ਤਾਂ ਸਾਨੂੰ ਟੋਟ ਲੱਗ ਜਾਂਦੀ ਹੈ, ਬਹੁਤ ਔਖੇ ਹੋਈਦਾ ਹੈ ਤੇ ਮੈਨੂੰ ਵੀਰਾ! ਇਹ ਦੱਸ ਕਿ ਤੁਹਾਨੂੰ ਭੁੱਖ ਨਹੀਂ ਲੱਗਿਆ ਕਰਦੀ। ਰੋਟੀ ਖਾਂਦੇ ਹੁੰਦੇ ਓਂ ਕਿ ਨਹੀਂ ਖਾਂਦੇ। ਮਰਦਾਨਾ ਸੁਣ ਕੇ ਮੁਸਕਰਾਇਆ, ਕਹਿਣ ਲੱਗਿਆ ਬੀਬਾ! ਅਸੀਂ ਵੀ ਇਸੇ ਦੇਸ਼ ਦੇ ਬੰਦੇ ਹਾਂ, ਅਸੀਂ ਕੋਈ ਉਤੋਂ ਨਹੀਂ ਆ ਕੇ ਉਤਰੇ। ਇਹ ਮੇਰੇ ਨਾਲ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਨੇ, ਮੈਂ ਇਨ੍ਹਾਂ ਦਾ ਢਾਡੀ ਹਾਂ ਤੇ ਇਹ ਭਾਈ ਬਾਲਾ ਨੇ। ਜੋ ਭੁੱਖ ਦੀ ਬਾਤ ਦੀ ਕਰੀ ਹੈ, ਇਹ ਇੱਕ ਕਿਸਮ ਦੀ ਭੁੱਖ ਨਹੀਂ ਹੋਇਆ ਕਰਦੀ, ਆਦਮੀ ਦੇ ਅੰਦਰ ਬੇਅੰਤ ਕਿਸਮ ਦੀਆਂ ਭੁੱਖਾਂ ਲੱਗੀਆਂ ਹੋਈਆਂ ਨੇ। ਆਦਮੀ ਭੁੱਖਾ ਮਰ ਰਿਹਾ ਹੈ, ਇਹਦੀ ਭੁੱਖ ਨੂੰ ਕੋਈ ਵੀ ਉਤਾਰਨ ਦੇ ਸਮਰੱਥ ਨਹੀਂ ਹੈ। ਰੋਟੀ ਤਾਂ ਇੱਕ ਛੋਟੀ ਜਿਹੀ ਚੀਜ਼ ਹੈ ਇਹਦੇ ਮਨ ਦੇ ਅੰਦਰ ਤਾਂ ਭੁੱਖ ਹੀ ਭੁੱਖ ਪਈ ਹੈ, ਕਿਸੇ ਨੂੰ ਪੁੱਤਰਾਂ ਦੀ ਭੁੱਖ ਹੈ ਕਿਸੇ ਨੂੰ ਮਾਇਆ ਦੀ ਭੁੱਖ ਹੈ। ਕਿਸੇ ਨੂੰ ਨੌਕਰੀ ਦੀ ਭੁੱਖ ਹੈ, ਕਿਸੇ ਨੂੰ ਪ੍ਰਭਤਾ ਦੀ ਭੁੱਖ ਹੈ, ਕਿਸੇ ਨੂੰ ਆਪਣੀ ਬੀਮਾਰੀ ਦੂਰ ਕਰਨ ਦੀ ਭੁੱਖ ਹੈ। ਭੁੱਖਾਂ ਤਾਂ ਮਿਟਦੀਆਂ ਹੀ ਨਹੀਂ ਹਨ, ਕਿੰਨਾਂ ਹੀ ਹੋਵੇ -

***ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥ ਅੰਗ - 1***

ਇਹ ਆਦਮੀ ਭੁੱਖਾ ਹੀ ਆਇਆ ਹੈ, ਭੁੱਖਾ ਰੱਜਦਾ ਨਹੀਂ ਹੈ। ਬੀਬੀ ਸਾਨੂੰ ਏਸ ਕਿਸਮ ਦੀ ਕੋਈ ਭੁੱਖ ਨਹੀਂ ਹੈ। ਬਾਕੀ ਜਿਹੜੀ ਰੋਟੀ ਪਾਣੀ ਦੀ ਭੁੱਖ ਹੈ ਉਹ ਵੀ ਇਕ ਖਾਸ ਹੱਦ ਤੱਕ ਲਗਦੀ ਹੈ, ਮੈਨੂੰ ਲੱਗਦੀ ਹੁੰਦੀ ਭੁੱਖ। ਪਰ ਮੇਰੇ 'ਤੇ ਕ੍ਰਿਪਾ ਕਰ ਦਿਤੀ ਗੁਰੂ ਨਾਨਕ ਪਾਤਸ਼ਾਹ ਨੇ, ਹੁਣ ਮੈਨੂੰ ਵੀ ਭੁਖ ਘਟ ਲਗਦੀ ਹੈ। ਕਹਿਣ ਲੱਗੀ, ਕੀ ਗੱਲ ਤੁਸੀਂ ਬਿਨਾਂ ਖਾਧੇ ਦੇ ਵੀ ਜਿਉਂ ਲੈਂਦੇ ਓਂ? ਕਹਿੰਦੇ ਹਾਂ। ਸਾਨੂੰ ਇੱਕ ਰਸ ਪ੍ਰਾਪਤ ਹੁੰਦਾ ਹੈ ਜਿਹਨੂੰ ਨਾਮ ਰਸ ਕਹਿੰਦੇ ਨੇ, ਤੇਰੀ ਸਮਝ 'ਚ ਨਹੀਂ ਆਉਣਾ ਤੇ ਉਹ ਨਾਮ ਦਾ ਰਸ ਜਿਹਨੂੰ ਪ੍ਰਾਪਤ ਹੋ ਜਾਵੇ ਉਹਦੀਆਂ ਸਾਰੀਆਂ ਭੁੱਖਾਂ ਮਿਟ ਜਾਂਦੀਆਂ ਨੇ। ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਭੁੱਖ ਮਿਟ ਜਾਂਦੀ ਹੈ, ਨਾਮ ਦਾ ਰਸ ਜਿਸ ਚੇਤੇ।***

ਕਹਿਣ ਲੱਗੇ, ਬੀਬਾ! ਏਸ ਗੱਲ ਦਾ ਸੰਸਾਰ ਨੂੰ ਗਿਆਨ ਨਹੀਂ ਹੈ। ਭੁੱਖ ਮਨ ਨੂੰ ਲਗਦੀ ਹੈ, ਵਾਸ਼ਨਾ ਨੂੰ ਲਗਦੀ ਹੈ, ਬਾਰ-ਬਾਰ ਖਿਆਲ ਆਈ ਜਾਏ, ਉਹ ਚੀਜ਼ ਫੇਰ ਸਰੀਰ ਦੇ ਵਿੱਚ ਅਸਰ ਕਰਦੀ ਹੈ। ਸੋ ਜਦੋਂ ਨਾਮ ਦਾ ਰਸ ਪ੍ਰਾਪਤ ਹੋ ਜਾਵੇ, ਜਿਸਨੂੰ ਤੂੰ ਅਜੇ ਸਮਝ ਨਹੀਂ ਸਕਦੀ, ਜੇ ਗੁਰੂ ਨੇ ਕ੍ਰਿਪਾ ਕੀਤੀ ਤਾਂ ਤੈਨੂੰ ਇਹ ਦਾਤ ਪ੍ਰਾਪਤ ਹੋ ਕੇ ਤੈਨੂੰ ਆਪੇ ਹੀ ਪਤਾ ਲੱਗ ਜਾਏਗਾ।

ਕਹਿੰਦੇ ਨੇ ਕਿ ਆਦਮੀ ਦੇ ਅੰਦਰ ਇੱਕ ਅਵਸਥਾ ਹੈ, ਜਿਸ

ਅਵਸਥਾ 'ਤੇ ਜਾ ਕੇ ਏਸ ਦੀ ਭੁੱਖ ਮਿਟ ਜਾਇਆ ਕਰਦੀ ਹੈ। ਮਹਾਰਾਜ ਕਹਿੰਦੇ ਨੇ ਕਿ –

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਅੰਗ – 1414***

ਆਤਮਾ ਦੇ ਰਸ ਵਿੱਚ ਸੁੱਖ ਦਾ ਵਾਸਾ ਮਿਲਣ ਦੇ ਨਾਲ ਕਿੰਨੇ-ਕਿੰਨੇ ਦਿਨ ਬਿਰਤੀ ਬਾਹਰ ਨਹੀਂ ਨਿਕਲਦੀ –

***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥***
***ਅੰਗ – 1414***

ਕਹਿਣ ਲੱਗੇ ਬੀਬਾ! ਨਾਮ ਐਸਾ ਹੈ ਇਸ ਦੀ ਖੁਮਾਰੀ ਚੜ੍ਹ ਜਾਂਦੀ ਹੈ। ਹੋਰ ਕੋਈ ਫੁਰਨਾ ਨਹੀਂ ਰਿਹਾ ਕਰਦਾ –

***ਧਾਰਨਾ – ਚੜ੍ਹੀ ਰਹੇ ਦਿਨ ਰਾਤ ਨਾਮ ਖੁਮਾਰੀ-ਨਾਮ ਖੁਮਾਰੀ।***

***ਪੋਸਤ ਮਧੁ ਅਫੀਮ ਭੰਗ ਉਤਰ ਜਾਇ ਪਰਭਾਸਿ।***
***ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤਿ। ਜਨਮਸਾਖੀ***

ਕਹਿਣ ਲੱਗੇ, ਬੀਬੀ! ਇਹ ਤੈਨੂੰ ਪਤਾ ਨਹੀਂ ਹੈ, ਤੂੰ ਭੋਲੀ-ਭਾਲੀ, ਸਿੱਧੀ-ਸਾਧੀ ਬੀਬੀ ਹੈਂ, ਭੁੱਖ ਦਾ ਤੂੰ ਸਵਾਲ ਛੇੜਿਆ ਹੈ, ਸੋ ਕਹਿਣ ਲੱਗੇ, ਜਦੋਂ ਨਾਮ ਦਾ ਰਸ ਆ ਜਾਂਦਾ ਹੈ। ਫੇਰ ਭੁੱਖ ਐਸੀ ਹੀ ਹੁੰਦੀ ਹੈ ਕਿ ਮਿਲ ਗਿਆ ਤਾਂ ਛਕ ਲਿਆ, ਨਾ ਮਿਲਿਆ ਤਾਂ ਨਾ ਛਕਿਆ ਕਿਉਂਕਿ ਉਹ ਰਸ ਐਨਾ ਜ਼ਬਰਦਸਤ ਹੁੰਦਾ ਹੈ, ਕੋਈ ਹੋਰ ਚੀਜ਼ ਖਾਣ ਨੂੰ ਜੀਅ ਹੀ ਨਹੀਂ ਕਰਦਾ।

ਕਈ ਪ੍ਰੇਮੀਆਂ ਦੇ ਮਨ ਵਿੱਚ ਖਿਆਲ ਹੁੰਦਾ ਹੈ ਕਿ ਇਹ ਵੀ ਗੱਲ ਪੋਸਸਬਿਲ ਹੋ ਸਕਦੀ ਹੈ। ਦੋ ਗੱਲਾਂ ਨੇ, ਇੱਕ ਤਾਂ ਨੀਂਦ ਡਾਕਟਰ ਕਹਿੰਦੇ ਨੇ ਕਿ ਜੇ ਨਾ ਸੌਵੇਂ ਆਦਮੀ ਤਾਂ ਪਾਗਲ ਹੋ ਜਾਂਦਾ ਹੈ। ਲੇਕਿਨ ਇੱਕ ਅਵਸਥਾ ਐਸੀ ਹੈ ਕਿ ਬਿਲਕੁਲ ਨੀਂਦ ਦੀ ਲੋੜ ਨਹੀਂ ਹੈ ਪਰ ਇਹ ਬਹੁਤ ਔਖੀ ਪ੍ਰਾਪਤ ਹੁੰਦੀ ਹੈ। ਹਰ ਵਕਤ ਆਦਮੀ ਅੰਦਰ ਜਾਗ ਰਹਿੰਦੀ ਹੈ ਪਰ ਉਹਦੀ ਜਾਗ ਸੰਸਾਰਕ ਜਾਗ ਨਹੀਂ ਹੋਇਆ ਕਰਦੀ। ਰੂਹਾਨੀਅਤ ਦੀ ਜਾਗ ਹੋਇਆ ਕਰਦੀ ਹੈ। ਬੰਦਗੀ ਦੇ ਰਸ ਵਿੱਚ ਰਹਿੰਦਾ ਹੈ, ਕਿਸੇ ਉੱਚੇ ਰਸਾਂ ਵਿੱਚ ਖੇਡਦਾ ਹੈ ਤੇ ਨੀਂਦ ਸਰੀਰ ਦੀ ਪੂਰੀ ਹੋ ਜਾਂਦੀ ਹੈ ਅਤੇ ਅੰਦਰ ਜਾਗਰਤ ਰਹਿੰਦੀ ਹੈ। ਇਸੇ ਤਰ੍ਹਾਂ ਜੋ ਭੁੱਖ ਹੈ, ਇੱਕ ਐਸੀ ਅਵਸਥਾ ਆ ਜਾਂਦੀ ਹੈ ਜਿੱਥੇ ਬਗੈਰ ਖਾਧੇ ਤੋਂ ਆਦਮੀ ਓਵੇਂ ਜਿਵੇਂ ਰਹਿ ਸਕਦਾ ਹੈ। ਇੱਕ ਵਾਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਆਪ ਨੇ ਅੰਨਸ਼ੰਨ ਕਰ ਦਿੱਤਾ। ਪ੍ਰਸ਼ਾਦਾ ਛਕਣਾ ਬੰਦ ਕਰ ਦਿੱਤਾ, ਕੋਈ ਅਸੂਲ ਸਾਮ੍ਹਣੇ ਆ ਗਿਆ। ਅੰਗਰੇਜ਼ ਦਾ ਰਾਜ ਸੀ, ਉਸ ਵੇਲੇ ਇਹ ਹੋਇਆ ਨਾ ਦਿਓ, ਨਹੀਂ ਖਾਂਦਾ ਨਾ ਦਿਓ। ਦਿਨ ਲੰਘਦੇ ਜਾਂਦੇ ਨੇ ਵਜ਼ਨ ਤੋਲੀ

ਜਾਂਦੇ ਨੇ ਡਾਕਟਰ। ਨੱਬੇ ਦਿਨ ਤੋਂ ਬਾਅਦ ਜਦੋਂ ਸਮਝੌਤਾ ਹੋਇਆ, ਉਸ ਵੇਲੇ ਡਾਕਟਰਾਂ ਨੇ ਵਜ਼ਨ ਤੋਲਿਆ, ਵਜ਼ਨ ਤੋਲਣ ਤੋਂ ਬਾਅਦ ਸਰਟੀਫਿਕੇਟ ਦਿੱਤਾ ਕਿ ਇਹਦਾ ਤਾਂ ਨਾ ਛਟਾਂਕ ਵਧਿਆ ਹੈ ਤੇ ਨਾ ਛਟਾਂਕ ਘਟਿਆ ਹੈ, ਨੱਬੇ ਦਿਨ ਨਾ ਖਾਣ ਤੋਂ ਬਾਅਦ ਓਹੋ ਜਿਹੀ ਹਾਲਤ ਸੀ। ਕੋਈ ਅਵਸਥਾ ਹੈ ਐਸੀ ਸਾਧਸੰਗਤ ਜੀ। ਸੋ ਮਰਦਾਨਾ ਉਸਨੂੰ ਸਮਝਾਉਂਦਾ ਹੈ ਕਿ ਬੀਬੀ ਨਾਮ ਦਾ ਰਸ ਹੈ, ਅਸੀਂ ਉਸ ਰਸ ਵਿੱਚ ਜੀਉਂਦੇ ਹਾਂ। ਸਾਨੂੰ ਇਸ ਤਰ੍ਹਾਂ ਨਹੀਂ ਹੈ ਕਿ ਰੋਟੀਆਂ ਵਗੈਰਾ ਖਾਣ ਵਾਸਤੇ ਅਸੀਂ ਨੱਠੇ ਫਿਰੀਏ ਤੇ ਮੈਨੂੰ ਤਾਂ ਭੁੱਖ ਲਗਦੀ ਹੁੰਦੀ ਹੈ ਤੇ ਮਹਾਰਾਜ ਤਾਂ ਮਹੀਨਿਆਂ ਬੱਧੀ ਏਸ ਤਰ੍ਹਾਂ ਬੈਠੇ ਰਹਿੰਦੇ ਨੇ।

ਗੁਰੂ ਅੰਗਦ ਸਾਹਿਬ ਮਹਾਰਾਜ, ਜਦੋਂ ਗੁਰੂ ਨਾਨਕ ਪਾਤਸ਼ਾਹ ਦੇ ਪਾਸੋਂ ਆਏ ਤਾਂ ਆਪ ਨੇ ਖਡੂਰ ਸਾਹਿਬ ਆ ਕੇ ਦਰਵਾਜ਼ਾ ਬੰਦ ਕਰ ਲਿਆ। ਕਿੰਨੇ ਮਹੀਨੇ ਆਪ ਅੰਦਰ ਬੈਠੇ ਰਹੇ। ਗੁਰੂ ਮਹਾਰਾਜ ਸਰੀਰ ਛੱਡ ਕੇ ਸੰਗਤਾਂ ਭਾਲਦੀਆਂ ਫਿਰਦੀਆਂ ਨੇ ਤੇ ਜਦੋਂ ਆ ਕੇ ਦੇਖਿਆ, ਚਿਹਰੇ ਦੇ ਉਤੇ ਉਸੇ ਤਰ੍ਹਾਂ ਜੋਤ ਹੈ। ਲਟ-ਲਟ ਕਰ ਰਿਹਾ ਹੈ ਚਿਹਰਾ। ਕੋਈ ਕਮਜ਼ੋਰੀ ਨਹੀਂ ਆਈ ਹੈ, ਸੋ ਇਸ ਤਰ੍ਹਾਂ ਦੇ ਜਦੋਂ ਬਚਨ ਹੁੰਦੇ ਨੇ ਕਹਿਣ ਲੱਗੀ, ਵੀਰਾ! ਇੱਕ ਗੱਲ ਮੇਰੀ ਸਮਝ 'ਚ ਨਹੀਂ ਆਈ ਕਿ ਤੁਸੀਂ ਕੋਈ ਖੁਮਾਰੀ ਚੜ੍ਹ ਗਈ ਹੈ ਤੁਹਾਨੂੰ। ਕਹਿੰਦੀ, ਖੁਮਾਰੀ ਤਾਂ ਸਾਡੇ ਬੰਦਿਆਂ ਨੂੰ ਚੜ੍ਹਦੀ ਹੈ। ਉਹ ਵੀ ਜਦੋਂ ਸ਼ਰਾਬ ਪੀ ਲੈਂਦੇ ਨੇ, ਕੋਈ ਨਸ਼ਾ ਖਾ ਲੈਂਦੇ ਨੇ ਜੇ ਪੀਈ ਜਾਣ ਤਾਂ ਦੋ-ਦੋ ਦਿਨ ਰੋਟੀ ਤੋਂ ਬਗੈਰ ਕੱਢ ਦਿੰਦੇ ਨੇ ਤੇ ਬੇਹੋਸ਼ ਹੋ ਕੇ ਪਏ ਰਹਿੰਦੇ ਨੇ ਕੋਈ ਨਸ਼ਾ ਜਿਹਾ ਉਨ੍ਹਾਂ ਨੂੰ ਚੜ੍ਹ ਜਾਂਦਾ ਹੈ। ਉਹ ਕਹਿਣ ਲੱਗੇ, ਬੀਬਾ! ਇਸ ਤਰ੍ਹਾਂ ਦਾ ਨਸ਼ਾ ਨਹੀਂ ਹੈ। ਇਹ ਜਿਹੜਾ ਰਸ ਹੈ ਇਹਨੂੰ ਤੂੰ ਨਹੀਂ ਸਮਝ ਸਕਦੀ। ਇਹ ਸਾਰੇ ਰਸ ਜਿੰਨੇ ਵੀ ਦੁਨੀਆਂ ਦੇ ਵਿੱਚ ਨੇ ਇਹਦਾ ਕੋਈ ਵੀ ਮੁਕਾਬਲਾ ਨਹੀਂ ਕਰ ਸਕਦਾ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਨਾਮ ਦੀ ਮਿਠਾਸ ਨੂੰ, ਬੁੱਝਦਾ ਨਾ ਕੋਈ ਬੰਦਾ।***

***ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥***
***ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥ ਅੰਗ - 1379***

ਕਹਿਣ ਲੱਗੇ, ਜੋ ਸੰਸਾਰ ਦੇ ਅੰਦਰ ਮਿੱਠੀਆਂ ਵਸਤਾਂ ਨੇ, ਉਹ ਨਾਮ ਦੇ ਰਸ ਦਾ ਮੁਕਾਬਲਾ ਨਹੀਂ ਕਰ ਸਕਦੀਆਂ। ਇਹ ਓਹੀ ਜਾਣਦਾ ਹੈ ਜਿਹਨੂੰ ਇਹ ਰਸ ਆ ਗਿਆ ਹੋਵੇ। ਇਸ ਰਸ ਨੂੰ ਪ੍ਰਾਪਤ ਕਰਨ ਵਾਸਤੇ ਵੱਡੇ-ਵੱਡੇ ਦੇਵੀ ਦੇਵਤਾ, ਸਿੱਧ ਸਾਧਕ, ਤਪ ਤਪੀਸਰ ਸਾਰੇ ਤਰਸਦੇ ਨੇ। ਇਹ ਨਾਮ ਦਾ ਰਸ ਨਹੀਂ ਪ੍ਰਾਪਤ ਹੁੰਦਾ -

***ਹਰਿ ਬਿਨੁ ਕਛੂ ਨ ਲਾਗਈ ਭਗਤਨ ਕਉ ਮੀਠਾ ॥***

*ਆਨ ਸੁਆਦ ਸਭਿ ਫੀਕਿਆ ਕਰਿ ਨਿਰਨਉ ਡੀਠਾ ॥*

*ਅੰਗ - 708*

ਬਾਕੀ ਜਿਹੜੇ ਸੰਸਾਰ ਦੇ ਰਸ ਨੇ, ਸੰਸਾਰ ਦੇ ਮਿ'ਠੇ ਨੇ, ਮਾਇਆ ਦੇ ਸੁਆਦ ਨੇ ਉਹ ਰਸਦਾਇਕ ਨਹੀਂ ਹੈਗੇ ਉਨ੍ਹਾਂ ਦੇ ਵਿ'ਚ ਬੜਾ ਭਾਰਾ ਫਿ'ਕਾਪਨ ਹੈ। ਫਿਕਾ ਹੀ ਨਹੀਂ ਹੈ, ਕਮਲਾਪਣ ਹੈ -

*ਮਾਇਆ ਸੁਆਦ ਸਭਿ ਫਿਕਿਆ ਹਰਿ ਮਨਿ ਭਾਵੰਦੁ ॥*
*ਧਿਆਇ ਨਾਨਕ ਪਰਮੇਸਰੈ ਜਿਨਿ ਦਿਤੀ ਜਿੰਦੁ ॥*

*ਅੰਗ - 321*

*ਸਭੇ ਵਸਤੂ ਕਉੜੀਆ ਸਚੇ ਨਾਉ ਮਿਠਾ ॥* *ਅੰਗ - 321*

ਬਾਕੀ ਸਾਰੀਆਂ ਚੀਜ਼ਾਂ ਨਾਮ ਤੋਂ ਬਿਨਾਂ ਕੌੜੀਆਂ ਨੇ -

*ਸਾਦੁ ਆਇਆ ਤਿਨ ਹਰਿ ਜਨਾਂ ਚਖਿ ਸਾਧੀ ਡਿਠਾ ॥*

*ਅੰਗ - 321*

ਸੰਤਾਂ ਨੇ ਚੁੱਕ ਕੇ, ਦੇਖ ਕੇ ਇਹ ਗੱਲ ਕਹੀ ਹੈ ਕਿ ਇਹ ਜਿਹੜੀਆਂ ਸੰਸਾਰ ਦੀਆਂ ਚੀਜ਼ਾਂ ਨੇ ਇਹ ਸਾਰੀਆਂ ਕੌੜੀਆਂ ਚੀਜ਼ਾਂ ਨੇ। ਇਹ ਮਿਠੀਆਂ ਚੀਜ਼ਾਂ ਨਹੀਂ ਹਨ। ਲੇਕਿਨ ਇਹ ਰਸ ਵੱਡੇ ਭਾਗਾਂ ਵਾਲਾ ਕੋਈ ਹੋਵੇ, ਉਸਨੂੰ ਪ੍ਰਾਪਤ ਹੁੰਦਾ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਰਸ ਨਾਮ ਦਾ ਜਿਨ੍ਹਾਂ ਨੂੰ ਆਇਆ,*
*ਜਗਤ ਉਤੇ ਆਉਣਾ ਧੰਨ ਹੈ।*

ਜਿਸਨੂੰ ਪ੍ਰਮੇਸ਼ਰ ਦੇ ਨਾਮ ਦਾ ਰਸ ਆਇਆ, ਜੋ ਰਸ ਦੇ ਵਿ'ਚ ਪ੍ਰਵੇਸ਼ ਕਰ ਗਿਆ ਮਹਾਰਾਜ ਕਹਿੰਦੇ ਉਹਦਾ ਸੰਸਾਰ 'ਤੇ ਆਉਣਾ ਸਫਲਾ ਹੈ ਭਾਈ। ਬਾਕੀ ਜਿਹੜਾ ਹੈ ਉਨ੍ਹਾਂ ਨੇ ਆਪਣਾ ਜਨਮ ਬਿਰਥਾ ਗੁਆ ਦਿ'ਤਾ, ਸੰਸਾਰ ਦੇ ਉਤੇ।

*ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥*
*ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥*

*ਅੰਗ - 252*

ਤਿੰਨ ਵਾਰੀ ਕਿਹਾ ਹੈ ਮਹਾਰਾਜ ਨੇ। ਕਹਿੰਦੇ, ਉਹ ਧੰਨ ਨੇ, ਧੰਨ ਨੇ, ਧੰਨ ਨੇ ਉਹ; ਜਿਨ੍ਹਾਂ ਨੂੰ ਨਾਮ ਦਾ ਰਸ ਆ ਗਿਆ। ਸੰਸਾਰ 'ਚ ਆਉਣਾ ਹੀ ਉਨ੍ਹਾਂ ਦਾ ਪ੍ਰਵਾਨ ਹੈ ਬਾਕੀ ਜਿਨ੍ਹਾਂ ਨੂੰ ਰਸ ਨਹੀਂ ਆਇਆ, ਕੁ-ਰਸ ਵਿੱਚ ਜ਼ਿੰਦਗੀ ਗੁਜ਼ਾਰ ਰਹੇ ਨੇ। ਉਨ੍ਹਾਂ ਦਾ ਆਉਣਾ ਕੁਛ ਨਹੀਂ, ਉਨ੍ਹਾਂ ਦੀ ਪਦਵੀ ਕਿੱਡੀ ਵੱਡੀ ਮਹਾਰਾਜ ਨੇ ਫੁਰਮਾਨ ਕੀਤੀ ਹੈ ਕਿ ਜਿਹੜੇ ਇਸ ਰਸ ਵਿੱਚ ਜੀਉਂਦੇ ਨੇ, ਜਿਹੜੇ ਮਖਮੂਰ ਰਹਿੰਦੇ ਨੇ, ਮਸਤ ਰਹਿੰਦੇ ਨੇ ਨਾਮ ਦੇ ਰਸ ਵਿੱਚ, ਆਤਮਾ ਦੇ ਰਸ ਵਿੱਚ। ਆਤਮ ਮੰਡਲ ਦੇ ਵਿੱਚ ਜਿਹੜੇ ਪ੍ਰਵੇਸ਼ ਕਰ ਜਾਂਦੇ ਨੇ, ਗਗਨ ਮੰਡਲ, ਸੁੰਨ ਮੰਡਲ ਦੇ ਵਿੱਚ ਜਿਨ੍ਹਾਂ ਦੀ ਪਹੁੰਚ ਹੋ ਜਾਂਦੀ ਹੈ। ਉਨ੍ਹਾਂ ਦੀ ਜੋ ਪਦਵੀ ਹੈ ਉਹ ਸੰਸਾਰ ਦੇ ਸਾਰੇ ਬੰਦਿਆਂ ਤੋਂ ਉੱਚੀ ਇਸ ਤਰ੍ਹਾਂ ਦੀ ਹੈ -

***ਧਾਰਨਾ - ਸਾਂਈਂ ਹੀ ਵਰਗੇ ਨੇ, ਰਸੀਏ ਜੋ ਆਤਮ ਰਸ ਦੇ।***

ਨਾਮ ਜਪ-ਜਪ ਕੇ, ਚੜ੍ਹਦੇ-ਚੜ੍ਹਦੇ ਅਵਸਥਾ ਦੇ ਵਿ'ਚ, ਆਤਮ ਮੰਡਲ ਵਿ'ਚ ਪ੍ਰਵੇਸ਼ ਕਰ ਜਾਂਦਾ ਹੈ। ਜਿਹਨੂੰ ਉਨਮਨੀ ਅਵਸਥਾ ਕਹਿੰਦੇ ਨੇ, ਉਸ ਰਸਤੇ ਵਿੱਚ ਜੋ ਮਖਮੂਰ ਹੋ ਜਾਂਦਾ ਹੈ।

ਗੁਰੂ ਦਸਵੇਂ ਪਾਤਸ਼ਾਹ ਜੀ ਦੇ ਕੋਲ ਗੁਰਸਿ'ਖਾਂ ਨੇ ਸਵਾਲ ਕਰਿਆ ਕਿ ਪਾਤਸ਼ਾਹ! ਐਸੇ ਜੋ ਉੱਚ ਅਵਸਥਾ ਦੇ ਗੁਰਸਿੱਖ ਨੇ, ਉਨ੍ਹਾਂ ਦੀ ਕਿੰਨੀ ਕੁ ਉੱਚਤਾ ਹੋਵੇ ਸਾਨੂੰ ਸਮਝਾਓ। ਮਹਾਰਾਜ ਕਹਿਣ ਲੱਗੇ ਜੋ ਐਸੇ ਗੁਰਸਿੱਖ ਨੇ -

***ਆਤਮ ਰਸ ਜਾਨਹੀ ਸੋ ਹੈ ਖਾਲਸ ਦੇਵ।***

ਜੋ ਅਸੀਂ ਖਾਲਸ ਆਦਰਸ਼ ਲਿਆਂਦਾ ਹੈ, ਉਹ ਆਤਮ ਰਸੀਆਂ ਦਾ ਹੈ। ਕਿਸੇ ਭੇਖ ਦਾ ਨਾਮ ਖਾਲਸਾ ਨਹੀਂ ਹੈ -

***ਜਾਗਤ ਜੋਤਿ ਜਪੈ ਨਿਸ ਬਾਸੁਰ,***
***ਏਕ ਬਿਨਾਂ ਮਨ ਨੈਕ ਨ ਆਨੈ॥***
***ਪੂਰਨ ਪ੍ਰੇਮ ਪ੍ਰਤੀਤ ਸਜੈ***
***ਬ੍ਰਤ ਗੋਰ ਮੜ੍ਹੀ ਮਟ ਭੂਲ ਨ ਮਾਨੈ॥***
***ਤੀਰਥ ਦਾਨ ਦਇਆ ਤਪ ਸੰਜਮ,***
***ਏਕ ਬਿਨਾ ਨਹਿ ਏਕ ਪਛਾਨੈ॥***
***ਪੂਰਨ ਜੋਤ ਜਗੈ ਘਟ ਮੈ,***
***ਤਬ ਖਾਲਸ ਤਾਹਿ ਨਖਾਲਸ ਜਾਨੈ॥***

ਕਹਿੰਦੇ ਜਦੋਂ ਪੂਰਨ ਜੋਤ ਜਗ ਜਾਂਦੀ ਹੈ ਤੇ ਹਰ ਪਾਸੇ ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਨੇ। ਕਹਿੰਦੇ, ਉਸ ਵੇਲੇ ਉਹ ਜਿਹੜਾ ਵਜੂਦ ਹੈ, ਕਹਿੰਦੇ ਉਹ ਖਾਲਸਾ ਹੋਇਆ ਕਰਦਾ ਹੈ। ਸੋ ਉਹ ਆਤਮ ਰਸ ਦੇ ਵਿੱਚ ਰਹਿੰਦਾ ਹੈ ਹਰ ਵਕਤ। ਆਤਮਾ ਦੇ ਰਸ ਨੂੰ ਮਾਣਦਾ ਹੈ, ਉਹਦੀ ਪਦਵੀ -

***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥***
***ਸਰਬ ਲੋਹ ਗ੍ਰੰਥ 'ਚੋਂ***

***ਯਾ ਮੈ ਰੰਚ ਨ ਮਿਥਿਆ ਭਾਖੀ॥***
***ਪਾਰਬ੍ਰਹਮ ਗੁਰ ਨਾਨਕ ਸਾਖੀ॥*** ***ਸਰਬ ਲੋਹ ਗ੍ਰੰਥ 'ਚੋਂ***

ਕਹਿੰਦੇ, ਅਸੀਂ ਕੋਈ ਵਡਿਆਈ ਦੀ ਬਾਤ ਨਹੀਂ ਕਰ ਰਹੇ, ਸਾਖੀ ਗਵਾਹੀ ਦੇ ਕੇ ਗੁਰੂ ਨਾਨਕ ਪਾਤਸ਼ਾਹ ਦੀ ਕਿ ਤੁਹਾਨੂੰ ਇਹ ਬਚਨ ਕਹਿ ਰਹੇ ਹਾਂ ਕਿ ਉਨ੍ਹਾਂ 'ਚ ਫਰਕ ਨਹੀਂ ਹੋਇਆ ਕਰਦਾ -

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥*** ***ਅੰਗ - 397***
***ਹਰਿ ਕਾ ਸੇਵਕੁ ਸੋ ਹਰਿ ਜੇਹਾ ॥***
***ਭੇਦੁ ਨ ਜਾਣਹੁ ਮਾਣਸ ਦੇਹਾ ॥***

*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥* *ਅੰਗ - 1076*

ਸੋ ਇਸ ਤਰ੍ਹਾਂ ਦੇ ਨਾਲ ਜਿਹੜੇ ਆਤਮ ਰਸੀਏ ਪੁਰਸ਼ ਨੇ ਉਨ੍ਹਾਂ ਦੀ ਪਦਵੀ ਬਹੁਤ ਉੱਚੀ ਹੋਇਆ ਕਰਦੀ ਹੈ ਲੇਕਿਨ ਇਹ ਰਸ ਦੀ ਪ੍ਰਾਪਤੀ ਵਾਸਤੇ ਬਾਕੀ ਦੇ ਸਾਰੇ ਰਸ ਛੱਡਣੇ ਪੈਂਦੇ ਨੇ, ਸੰਸਾਰ ਦਾ ਕੋਈ ਰਸ ਵੀ ਰਹਿ ਜਾਵੇ ਤਾਂ ਇਹ ਰਸ ਨਹੀਂ ਆਇਆ ਕਰਦਾ। ਐਸਾ ਫੁਰਮਾਨ ਹੈ -

*ਧਾਰਨਾ - ਪਿਆਰੇ ਜੀ, ਦੁਨੀਆਂ ਦੇ ਰਸ ਛੱਡ ਕੇ,*
*ਰਸ ਹਰੀ ਦੇ ਨਾਮ ਦਾ ਆਵੇ।*

ਜਿੰਨੀ ਦੇਰ ਤੱਕ ਦੁਨੀਆਂ ਦੇ ਰਸ ਆਦਮੀ ਦੇ ਮਨ ਵਿੱਚ ਨੇ, ਜਗਿਆਸੂ ਕਹਿੰਦਾ ਹੈ ਕਿ ਮੈਂ ਅੰਮ੍ਰਿਤ ਵੇਲੇ ਉੱਠਦਾ ਹਾਂ, ਇਸ਼ਨਾਨ ਕਰਦਾ ਹਾਂ, ਬੰਦਗੀ ਕਰਦਾ ਹਾਂ, ਨਾਮ ਜਪਦਾ ਹਾਂ, ਲੇਕਿਨ ਮੇਰਾ ਮਨ ਨਹੀਂ ਲੱਗ ਰਿਹਾ। ਮਨ ਮੇਰਾ ਦੌੜਿਆ ਫਿਰਦਾ ਹੈ, ਕਿਸੇ ਥਾਂ ਟਿਕਦਾ ਨਹੀਂ ਹੈ। ਕੀ ਕਰਾਂ ਬੇਬਸੀ ਹੈ ਬਹੁਤ ਜ਼ਬਰਦਸਤ। ਅਰਦਾਸ ਵੀ ਮੈਂ ਕਰਦਾ ਹਾਂ ਪਰ ਮੇਰਾ ਮਨ ਕਿਉਂ ਨਹੀਂ ਟਿਕਦਾ। ਕਿਉਂਕਿ ਮਨ ਦਾ ਸੁਭਾਅ ਹੈ ਸਾਧਸੰਗਤ ਜੀ! ਜਿੰਨੀ ਦੇਰ ਤੱਕ ਮਨ ਦੇ ਨਾਲ ਸਮਝੌਤਾ ਨਹੀਂ ਹੁੰਦਾ, ਮਨ ਮੰਨਦਾ ਨਹੀਂ, ਓਨੀਂ ਦੇਰ ਤੱਕ ਤਰੱਕੀ ਨਹੀ ਹੋਇਆ ਕਰਦੀ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ ॥*
*ਅੰਗ - 342*

ਮਨ ਦੇ ਅੰਦਰ ਵਿਸ਼ਵਾਸ਼ ਨਹੀਂ ਐਨਾ ਹੋਇਆ ਕਰਦਾ। ਵਿਸ਼ਵਾਸ਼ ਦੀ ਘਾਟ ਹੋਇਆ ਕਰਦੀ ਹੈ, ਆਪਣੇ ਜੀਵਨ ਵਿੱਚ ਕਮਜ਼ੋਰੀਆਂ ਹੁੰਦੀਆਂ ਨੇ, ਮਨ ਦੇ ਵਿੱਚ ਕੋਹਝ ਭਰਿਆ ਹੁੰਦਾ ਹੈ। ਕਿਸੇ ਵਾਸਤੇ ਨਫਰਤ ਹੈ, ਆਪਣੇ ਆਪ ਨੂੰ ਸੁੱਚਾ-ਉੱਚਾ ਜਾਣਦਾ ਹੈ ਕਿ ਮੈਂ ਵੱਡਾ ਹਾਂ, ਹੋਰ ਸਭ ਗਲਤੀਆਂ ਕਰਨ ਵਾਲੇ ਨੇ, ਮੈਂ ਨਹੀਂ ਗਲਤੀ ਕਰਦਾ। ਇਸ ਤਰ੍ਹਾਂ ਤਾਂ ਨਾਮ ਆਉਂਦਾ ਨਹੀਂ, ਨਾਮ ਤਾਂ ਆਉਣ ਦੀਆਂ ਗੱਲਾਂ ਹੀ ਹੋਰ ਨੇ। ਸੋ ਇਹ ਚੀਜ਼ਾਂ ਹੋਣ ਕਰਕੇ, ਪ੍ਰਮੇਸ਼ਰ ਦੇ ਨਾਮ ਨਾਲ ਮੰਨ ਨਹੀਂ ਲਗਦਾ।

ਗੁਰੂ ਨਾਨਕ ਪਾਤਸ਼ਾਹ ਜਿਸ ਵਕਤ ਵੇਈਂ ਨਦੀ 'ਚੋਂ ਬਾਹਰ ਆਏ। ਉਸ ਵੇਲੇ ਨਵਾਬ ਦੌਲਤ ਖਾਨ ਨਾਲ ਬਚਨ ਹੋਏ। ਉਸ ਨੇ ਪੁੱਛਿਆ ਕਿ ਹੇ ਨਾਨਕ! ਤੂੰ ਕਹਿੰਦਾ ਹੈਂ ਕਿ ਕੋਈ ਹਿੰਦੂ ਨਹੀਂ, ਕੋਈ ਮੁਸਲਮਾਨ ਨਹੀਂ। ਇਹ ਹਿੰਦੂ ਤੇ ਮੁਸਲਮਾਨ ਤਾਂ ਹੈਗੇ, ਤੂੰ ਕਿਸ ਤਰ੍ਹਾਂ ਕਹੀ ਜਾਂਦਾ ਹੈਂ ਕਿ ਹੈ ਨਹੀਂ।

*ਨਾ ਹਮ ਹਿੰਦੂ ਨ ਮੁਸਲਮਾਨ ॥*

ਕਹਿਣ ਲੱਗੇ, ਨਵਾਬ ਸਾਹਿਬ! ਹਰ ਧਰਮ ਦੇ ਕੁਛ ਅਸੂਲ ਹੋਇਆ ਕਰਦੇ ਨੇ। ਮੁਸਲਮਾਨ ਧਰਮ ਦੇ ਅਸੂਲ ਨੇ, ਜਿੰਨਾਂ ਚਿਰ ਉਨ੍ਹਾਂ ਅਸੂਲਾਂ 'ਤੇ ਨਹੀਂ ਚਲਦਾ। ਸ਼ਕਲ ਦੇ ਨਾਲ ਤਾਂ ਮੋਮਨ ਨਹੀਂ ਬਣ ਸਕਦਾ। ਬਹੁਤ ਵਿਸਥਾਰ ਦੇ ਨਾਲ ਕਈ ਵਾਰੀ ਵਿਚਾਰ ਕਰਕੇ ਇਹ ਬਚਨ ਆਪਾਂ ਸਮਝਣ ਦਾ ਯਤਨ ਕੀਤਾ ਹੈ ਤੇ ਉਹਨੇ ਜਾਣਿਆ ਕਿ ਗੁਰੂ ਨਾਨਕ ਗੱਲ ਤਾਂ ਸਹੀ ਕਹਿੰਦਾ ਹੈ ਪਰ ਕਿਸੇ ਤਰੀਕੇ ਨਾਲ ਇਸਨੂੰ ਇਸਲਾਮ 'ਚ ਲਿਆਂਦਾ ਜਾਵੇ, ਉਨ੍ਹਾਂ ਦਿਨਾਂ 'ਚ ਇਹ ਬੜੀ ਵੱਡੀ ਗੱਲ ਹੁੰਦੀ ਸੀ। ਕੋਈ ਚੰਗਾ ਬੰਦਾ ਹੋਵੇ, ਕੋਈ ਚੰਗਾ ਵਿਦਵਾਨ ਹੋਵੇ, ਕੋਈ ਬਹੁਤ ਵੱਡਾ ਯੋਧਾ ਹੋਵੇ ਤੇ ਉਹਨੂੰ ਇਹ ਕੋਸ਼ਿਸ਼ ਕਰਦੇ ਸੀ ਕਿ ਇਹ ਸਾਡੇ ਧਰਮ 'ਚ ਆ ਜਾਵੇ। ਧਰਮ ਕੋਈ ਵੀ ਦੁਨੀਆਂ 'ਚ ਮਾੜਾ ਨਹੀਂ ਹੁੰਦਾ। ਸਭ ਠੀਕ ਹੁੰਦੇ ਨੇ ਪਰ ਜਿੱਥੇ ਕੋਈ ਆਦਮੀ ਖੜ੍ਹਾ ਹੈ, ਜੋ ਉਸਦੀ ਨੇਸ਼ਟਾ ਹੈ ਉਸ ਨੇਸ਼ਟਾ 'ਤੇ ਜਿਸ ਕਿਸ਼ਤੀ 'ਤੇ ਸਵਾਰ ਹੈ ਉਹ ਕਿਸ਼ਤੀ ਉਸਨੂੰ ਪਾਰ ਕਰ ਹੀ ਦਿਆ ਕਰਦੀ ਹੈ। ਗੁਰੂ ਨਾਨਕ ਨੂੰ ਕਹਿਣ ਲੱਗੇ ਕਿ ਹੇ ਗੁਰੂ ਨਾਨਕ! ਤੇਰੀ ਨਿਗ੍ਹਾ ਦੇ ਵਿੱਚ ਤਾਂ ਦੋਵੇਂ ਇਕ ਨੇ ਫੇਰ ਸਾਡੇ ਨਾਲ ਨਮਾਜ਼ ਪੜ੍ਹੋ ਚੱਲ ਕੇ। ਮਹਾਰਾਜ ਕਹਿੰਦੇ ਚਲੋ, ਨਮਾਜ਼ ਹੋਈ ਪੂਜਾ ਹੋਈ ਇਹ ਤਾਂ ਸਭ ਇੱਕੋ ਹੀ ਚੀਜ਼ ਨੇ। ਪ੍ਰਮੇਸ਼ਰ ਦਾ ਪਿਆਰ ਹਾਸਲ ਕਰਨਾ ਹੈ, ਬੇਨਤੀ ਕਰਨੀ ਹੈ, ਬੋਲੀ ਜ਼ਰੂਰ ਅੱਡ-ਅੱਡ ਹੈ, ਉਹ ਅਰਬੀ 'ਚ ਹੈ ਤੇ ਇਹ ਸਾਡੀ local ਜ਼ੁਬਾਨ ਹੈ ਜਾਂ ਸੰਸਕ੍ਰਿਤ ਹੈ, ਜਾਂ ਹੋਰ ਹੈ। ਜਿਸ ਤਰ੍ਹਾਂ ਦੀ ਵੀ ਜ਼ੁਬਾਨ ਹੈ ਉਸੇ ਤਰ੍ਹਾਂ ਰੱਬ ਦੇ ਨਾਲ ਆਦਮੀ contact ਕਰਦਾ ਹੈ ਬੋਲ ਕੇ। ਲੇਕਿਨ ਅਸਲ contact ਜੋ ਹੋਇਆ ਕਰਦਾ ਹੈ ਉਹ ਅੰਦਰਲੇ ਭਾਵਾਂ ਦਾ ਹੋਇਆ ਕਰਦਾ ਹੈ, ਬੋਲੀ ਨਹੀਂ ਉਥੇ ਹੋਇਆ ਕਰਦੀ। ਸੋ ਗੁਰੂ ਨਾਨਕ ਜਦੋਂ ਮਸਜਿਦ 'ਚ ਜਾਂਦੇ ਨੇ ਤੇ ਆਪ ਇੱਕ ਪਾਸੇ ਹੋ ਕੇ ਖੜ੍ਹੇ ਹੋ ਗਏ, ਨਮਾਜ਼ ਪੜ੍ਹੀ ਨਾ, ਤਾਂ ਉਸ ਵੇਲੇ ਨਵਾਬ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ, ਕਹਿਣ ਲੱਗੇ, ਨਾਨਕ! ਤੁਸੀਂ ਨਮਾਜ਼ ਨਹੀਂ ਪੜ੍ਹੀ, ਮਹਾਰਾਜ ਕਹਿੰਦੇ ਕੀਹਦੇ ਨਾਲ ਪੜ੍ਹਦਾ? ਤੂੰ ਤਾਂ ਕਾਬਲ ਕੰਧਾਰ ਦੇ ਅੰਦਰ ਘੋੜੇ ਖਰੀਦਣ ਗਿਆ ਹੋਇਆ ਸੀ, ਹੁਣੇ ਵਾਪਸ ਆਇਆ ਹੈਂ। ਸੱਚਾ ਸੀਗਾ, ਗੁੱਸਾ ਨਹੀਂ ਕਰਿਆ ਕਿ ਸਾਰਿਆਂ ਦੇ ਸਾਮ੍ਹਣੇ ਮੈਨੂੰ ਕਹਿ ਦਿੱਤਾ ਹੈ, ਗੱਲ ਸਹੀ ਸੀ। ਕਾਜ਼ੀ ਕਹਿਣ ਲੱਗਿਆ ਕਿ ਨਵਾਬ ਸਾਹਿਬ ਇਹ ਕੀ ਕਹਿ ਰਹੇ ਨੇ। ਕਹਿੰਦੇ ਕਿ ਠੀਕ ਹੈ ਇਹ ਵਾਕਏ ਹੀ ਮੈਂ ਘੋੜੇ ਖਰੀਦਦਾ ਸੀ। ਮੈਂ ਇੱਥੇ ਨਹੀਂ ਸੀ। ਕਹਿੰਦੇ, ਫੇਰ ਨਾਨਕ ਜੀ! ਮੇਰੇ ਨਾਲ ਪੜ੍ਹ ਲੈਣੀ ਸੀ। ਮਹਾਰਾਜ ਕਹਿੰਦੇ, ਤੂੰ ਘਰ ਵਿੱਚ ਵਛੇਰੀ ਮੋੜੀ ਜਾਂਦਾ ਸੀ। ਤੂੰ ਵੀ ਇੱਥੇ ਨਹੀਂ ਸੀ, ਸੋ ਉਸ ਵੇਲੇ ਨਵਾਬ ਨੇ ਤੇ ਹੋਰ ਸਾਰਿਆਂ ਨੇ ਇਕੱਠੇ ਹੋ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਕਿ ਹੇ ਨਾਨਕ! ਆਪ ਕ੍ਰਿਪਾ ਕਰਕੇ ਇਹ ਤਾਂ ਦੱਸੋ ਕਿ ਇਹ ਮਨ ਕਿਵੇਂ ਹਾਜ਼ਰ

ਰਹਿ ਸਕਦਾ ਹੈ। ਮਹਾਰਾਜ ਕਹਿੰਦੇ ਇਹਦੇ ਤਾਂ ਬਹੁਤ ਸਾਰੇ ਅੰਸ ਨੇ। ਪਹਿਲੀ ਗੱਲ ਤਾਂ ਇਹ ਹੈ ਕਿ ਆਦਮੀ ਦੇ ਅੰਦਰ ਦ੍ਰਿੜ੍ਹ ਵਿਸ਼ਵਾਸ਼ ਹੋਣਾ ਚਾਹੀਦਾ ਹੈ। ਜਿਹਦੇ ਨਾਲ ਪਿਆਰ ਹੁੰਦਾ ਹੈ ਮਨ ਉਸ ਤੋਂ ਦੂਰ ਹੋਇਆ ਹੀ ਨਹੀਂ ਕਰਦਾ। ਉਹਦੀ ਖਿੱਚ ਪਈ ਰਹਿੰਦੀ ਹੈ। ਰੱਬ ਦੇ ਨਾਲ ਪਿਆਰ ਨਹੀਂ ਹੈ ਤੇ ਅਸੀਂ ਐਵੇਂ ਹੀ ਸੁਣਿਆ ਸੁਣਾਇਆ ਆਪਣਾ ਫਰਜ਼ ਪੂਰਾ ਕਰਦੇ ਹਾਂ। ਗੱਲ ਕੋਈ ਬਣਦੀ ਨਹੀਂ ਹੈ ਤੇ ਇੱਕ ਰਸਮ ਵਿੱਚ ਫਸ ਜਾਂਦੇ ਹਾਂ। ਉਹਦੇ ਨਾਲ ਹੀ ਅਸੀਂ ਜਪੁਜੀ ਸਾਹਿਬ ਪੜ੍ਹਦੇ ਹਾਂ, ਉਹਦੇ ਨਾਲ ਹੀ ਗਾਇਤ੍ਰੀ ਪੜ੍ਹਦੇ ਹਾਂ, ਉਹਦੇ ਨਾਲ ਹੀ ਸੰਧਿਆ ਕਰਦੇ ਹਾਂ, ਉਹਦੇ ਨਾਲ ਹੀ ਨਮਾਜ਼ਾਂ ਪੜ੍ਹਦੇ ਹਾਂ ਤੇ ਮਨ ਨਹੀਂ ਨਮਾਜ਼ੀ ਬਣਦਾ। ਸਰੀਰ ਜ਼ਰੂਰ ਬਣਦਾ ਹੈ। ਮਨ ਤਾਂ ਨਹੀਂ ਬਣਦਾ, ਮਨ ਦੇ ਅੰਦਰ ਬੇਅੰਤ ਚੀਜ਼ਾਂ ਭਰੀਆਂ ਹੋਈਆਂ ਨੇ ਜਿੰਨੀ ਦੇਰ ਤ'ਕ ਉਹ ਖਾਲੀ ਨਹੀਂ ਹੁੰਦਾ। ਓਨੀ ਦੇਰ ਤੱਕ ਨਾਮ ਦਾ ਵਾਸਾ ਨਹੀਂ ਹੋਇਆ ਕਰਦਾ ਸਾਡੇ ਅੰਦਰ। ਕਿਉਂਕਿ ਬੇਅੰਤ ਵਾਸ਼ਨਾ ਨੇ ਇੱਕ ਹੋਣ ਦੋ ਹੋਣ, ਤਾਂ ਵੀ ਹੈ ਤੇ ਉਨ੍ਹਾਂ ਵਾਸ਼ਨਾਵਾਂ ਦੇ ਫੇਰ ਰਸ ਨੇ। ਇਸ ਤਰ੍ਹਾਂ ਦੇ ਨਾਲ ਗੁਰੂ ਮਹਾਰਾਜ ਫੁਰਮਾਨ ਕਰਦੇ ਨੇ -

***ਧਾਰਨਾ - ਮਨ ਮਾਇਆ ਦੇ ਰਸਾਂ ਨਾਲ ਲੱਗਿਆ,***
***ਵਾਸਾ ਕਿੱਥੇ ਹੋਵੇ ਨਾਮ ਦਾ।***

ਜਦ ਪਹਿਲਾਂ ਹੀ ਭਰਿਆ ਪਿਆ ਹੈ, ਬੇਅੰਤ ਰਸ ਨੇ ਇਹਦੇ ਅੰਦਰ -

***ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥***
***ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥***
***ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ ਅੰਗ - 15***

ਸੋਨੇ ਦਾ ਰਸ, ਪੈਸਾ ਮੇਰੇ ਕੋਲ ਬਹੁਤਾ ਹੋ ਜਾਵੇ, ਮੈਂ ਸੋਨਾ ਪਹਿਨਾਂ, ਸੋਨਾ ਮੈਂ ਬੈਂਕ ਵਿੱਚ ਰੱਖ ਦੇਵਾਂ। ਰਸ ਹੈ ਕਿ ਮੇਰੇ ਕੋਲ ਐਨਾ ਸੋਨਾ ਹੈ, ਮੇਰੇ ਕੋਲ ਦਸ ਕਿਲੋ ਹੈ, ਪੰਜਾਹ ਕਿਲੋ ਹੈ। ਉਸ ਦੇ ਵਿੱਚ ਮਸਤੀ ਹੈ, ਆਦਮੀ ਮਸਤ ਰਹਿੰਦਾ ਹੈ। ਰੁਪਈਆਂ ਦਾ ਰਸ ਹੈ, ਇਸਤ੍ਰੀ ਦਾ ਰਸ ਹੈ, ਸਵਾਰੀਆਂ ਦਾ ਰਸ ਹੈ, ਕੋਠੀਆਂ ਦਾ, ਸੋਹਣੀਆਂ ਸੇਜਾਂ ਦਾ ਰਸ ਹੈ, ਮਿੱਠਿਆਂ ਦਾ ਰਸ, ਮਾਸ ਆਦਿ ਚੀਜ਼ਾਂ ਦਾ ਰਸ, ਸ਼ਰਾਬ-ਕਬਾਬਾਂ ਦਾ ਰਸ, ਨਿੰਦਿਆ ਦਾ ਰਸ, ਈਰਖਾ ਦਾ ਰਸ, ਕੁ-ਰਸ ਨੇ ਸਾਰੇ, ਰਸ ਨਹੀਂ। ਇਹ ਸਾਰਿਆਂ ਦੇ ਨਾਲ ਜਦੋ ਭਰਿਆ ਪਿਆ ਹੈ ਕਰੂਰਤਾ ਭਰੀ ਪਈ ਹੈ ਅੰਦਰ। ਮਹਾਰਾਜ ਕਹਿੰਦੇ, ਫੇਰ ਜੇ ਐਨੇ ਰਸ ਨੇ ਫੇਰ ਨਾਮ ਨੇ ਕਿੱਥੇ ਆਉਣਾ ਹੈ ਭਾਈ ਪ੍ਰੇਮੀਆਂ। ਆਪਣੇ ਆਪ ਨੂੰ ਸਾਫ ਕਰ ਜੇ ਚਾਹੁੰਦਾ ਹੈਂ ਕਿ ਮੇਰੀ ਬਿਰਤੀ ਟਿਕ ਜਾਵੇ। ਮੇਰਾ ਮਨ ਨੱਠੇ ਨਾ। ਗੱਲ ਸਮਝ, ਜਿੰਨੀ ਦੇਰ ਤੱਕ ਇਹ ਗੱਲ ਨਹੀਂ ਸਮਝ 'ਚ ਆਉਂਦੀ ਓਨੀ ਦੇਰ ਤੱਕ ਗੱਲ ਨਹੀਂ ਕੋਈ ਬਣਦੀ। ਸੋ ਮਹਾਰਾਜ ਕਹਿਣ ਲੱਗੇ, ਨਵਾਬ ਸਾਹਿਬ! ਆਦਮੀ ਦਾ ਮਨ ਜਿਹੜਾ ਹੈ ਉਹ ਬੇਅੰਤ ਖਿੱਚਾਂ ਨੇ ਇਹਦੇ ਅੰਦਰ।

ਕੋਈ ਹਿਸਾਬ ਕਿਤਾਬ ਤੋਂ ਬਾਹਰ ਹੈ। ਜਦੋਂ ਤੋਂ ਪੈਦਾ ਹੋਇਆ ਹੈ, ਤਦ ਤੋਂ ਸੰਸਕਾਰ ਬਣਦੇ ਤੁਰੇ ਜਾ ਰਹੇ ਨੇ। ਜੇ ਮਾਇਆ ਦੀ ਖਿੱਚ ਨਹੀਂ ਹੈ, ਤਾਂ ਮਾਣ ਦੀ ਖਿੱਚ ਹੈ, ਜੇ ਮਾਣ ਦੀ ਨਹੀਂ ਤਾਂ ਕਿਸੇ ਨਾਲ ਵੈਰ ਹੈ, ਕਿਸੇ ਨਾਲ ਝਗੜਾ ਹੈ, ਕਿਸੇ ਨੂੰ ਮਾੜਾ ਕਹਿੰਦਾ ਹੈ। ਕਿਸੇ ਨਾਲ ਈਰਖਾ ਕਰਦਾ ਹੈ, ਬੇਅੰਤ ਚੀਜ਼ਾਂ ਨੇ ਜਦੋਂ ਤੱਕ ਇਹ ਸਾਰੀਆਂ ਸਾਫ ਨਹੀਂ ਹੁੰਦੀਆਂ, ਓਨੀਂ ਦੇਰ ਤੱਕ ਆਉਂਦਾ ਨਹੀਂ, ਬਾਕੀ ਆਦਮੀ ਇਹਦੇ ਅੰਦਰ ਵਾਸ਼ਨਾਵਾਂ ਨੇ। ਵਾਸ਼ਨਾ ਇਹਦੇ ਅੰਦਰੋਂ ਨਿਕਲਦੀ ਨਹੀਂ, ਹਰ ਵਕਤ ਸੋਚਦਾ ਹੈ।

***ਚਿੰਤਤ ਹੀ ਦੀਸੈ ਸਭੁ ਕੋਇ ॥ ਚੇਤਹਿ ਏਕੁ ਤਹੀ ਸੁਖੁ ਹੋਇ ॥***

***ਅੰਗ – 932***

ਹਰ ਵਕਤ ਸੋਚਦਾ ਹੀ ਰਹਿੰਦਾ ਹੈ, ਸੋਚਦਾ ਹੀ ਰਹਿੰਦਾ। ਮਹਾਰਾਜ ਕਹਿੰਦੇ ਜੇ ਇੱਕ ਨੂੰ ਸੋਚੇ ਤਾਂ ਸੁੱਖ ਹੋਵੇ। ਇਹ ਤਾਂ ਹਰ ਵਕਤ ਸੋਚਦਾ ਹੈ ਮਧਾਣੀ ਫਿਰਦੀ ਰਹਿੰਦੀ ਹੈ ਇਹਦੇ ਅੰਦਰ। ਕਦੇ ਤਾਂ ਟਿਕ ਕੇ ਬੈਠ ਜਾਵੇ। ਕਦੇ ਤਾਂ ਦੇਖੇ ਅੰਦਰਲੇ ਪਾਸੇ ਕੀ ਹਾਲ ਚਾਲ ਚੱਲ ਰਿਹਾ ਹੈ। ਜਦੋਂ ਟਿਕ ਜਾਏਗਾ, ਜਦੋਂ ਮੋਨ ਹੋ ਜਾਏਗਾ ਮਨ, ਉਸ ਵੇਲੇ ਸਾਧਸੰਗਤ ਜੀ! ਰਸ ਵਿੱਚ ਬਿਰਤੀ ਪਹੁੰਚ ਜਾਂਦੀ ਹੈ ਉਸੇ ਵੇਲੇ, ਦੇਰ ਨਹੀਂ ਲੱਗਿਆ ਕਰਦੀ। ਕੋਈ ਔਖਾ ਨਹੀਂ ਹੈ ਕਿ ਬਹੁਤ ਔਖੀ ਥਾਂ ‘ਤੇ ਜਾਵਾਂਗੇ। ਸਿਰਫ ਮਨ ਨੂੰ ਲੰਘਣਾ ਹੈ ਮਨ ਲੰਘਦੀ ਸਾਰ ਰਸ ਦੇ ਵਿੱਚ ਪ੍ਰਵੇਸ਼ ਹੋ ਜਾਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ ਵਾਸ਼ਨਾਵਾਂ ਨੇ। ਵਾਸ਼ਨਾਵਾਂ ਦਾ ਬੰਨ੍ਹਿਆ ਹੋਇਆ ਇੱਕ ਤਾਂ ਜੰਮਦਾ ਰਹਿੰਦਾ ਹੈ ਮਰਦਾ ਰਹਿੰਦਾ ਇੱਕ ਇਹ ਪ੍ਰਮੇਸ਼ਰ ਦਾ ਭਜਨ ਨਹੀਂ ਕਰ ਸਕਦਾ। ਹਰ ਵਕਤ ਇਹਦੇ ਮਨ ‘ਚ ਵਾਸ਼ਨਾਵਾਂ ਉੱਠਦੀਆਂ ਰਹਿੰਦੀਆਂ ਨੇ। ਵੱਡੀਆਂ-ਵੱਡੀਆਂ ਵਾਸ਼ਨਾਵਾਂ। ਧਨ ਦੀ ਵਾਸ਼ਨਾ ਹੈ। ਜਦੋਂ ਤੋਂ ਆਦਮੀ ਸੁਰਤ ਸੰਭਾਲਦਾ ਹੈ ਉਸ ਵੇਲੇ ਤੋਂ ਹੀ ਧਨ ਦੀ ਲਾਲਸਾ ਲੱਗ ਜਾਂਦੀ ਹੈ। ਦਿਨ ਰਾਤ ਕੰਮ ਕਰਦਾ ਹੈ। ਦੌੜਿਆ ਫਿਰਦਾ ਹੈ, ਵਕਤ-ਬੇਵਕਤ ਦੌੜਿਆ ਫਿਰਦਾ ਹੈ। ਮੇਰੇ ਕੋਲ ਹੋਰ ਧਨ ਹੋ ਜਾਵੇ, ਹੋਰ ਹੋ ਜਾਵੇ। ਇਹਦੇ ਵਿੱਚ ਹੀ ਸਾਰੀ ਜ਼ਿੰਦਗੀ ਬਰਬਾਦ ਕਰ ਲੈਂਦਾ ਹੈ। ਜਦੋਂ ਧਨ ਦੇ ਵਾਸਤੇ ਦੌੜੇਗਾ, ਫੇਰ ਇਹਦੇ ਅੰਦਰ ਵਾਸ਼ਨਾਵਾਂ ਦਾ ਬੇਅੰਤ ਜਵਾਰਭਾਟਾ ਆਇਆ ਰਹੇਗਾ। ਕਿਸੇ ਦੇ ਔਲਾਦ ਨਹੀਂ ਹੁੰਦੀ, ਉਹਦੇ ਮਨ ਵਿੱਚ ਹਮੇਸ਼ਾ ਹੀ ਪੁੱਤਰ ਵਾਸ਼ਨਾ ਰਹੇਗੀ। ਜਦੋਂ ਦੂਜੇ ਦੇ ਬੱਚਿਆਂ ਨੂੰ ਦੇਖੇਗਾ, ਉਸੇ ਵੇਲੇ ਵਾਸ਼ਨਾ ਆਏਗੀ, ਉਹ ਵਾਸ਼ਨਾ ਉਹਨੂੰ ਭਜਨ ਨਹੀਂ ਕਰਨ ਦਿੰਦੀ, ਜੁੜਨ ਨਹੀਂ ਦਿੰਦੀ ਬਿਲਕੁਲ ਹੀ। ਕੋਈ ਵਿਰਲਾ ਹੈ ਜਿਹੜਾ ਇਹਦੇ ਉਤੋਂ ਦੀ ਲੰਘ ਜਾਵੇ ਕਿ ਇਹ ਤਾਂ ਸਾਰਾ ਸੰਸਾਰ ਨਾਸ਼ਵਾਨ ਹੈ।

***ਇਕੁ ਲਖੁ ਪੂਤ ਸਵਾ ਲਖੁ ਨਾਤੀ ॥***
***ਤਿਹ ਰਾਵਨ ਘਰ ਦੀਆ ਨ ਬਾਤੀ ॥*** ***ਅੰਗ – 481***

ਉਹ ਕਿੱਥੇ ਨੇ? ਜਿਹੜੀ ਯਾਦਵਾਂ ਦੀ ਕੌਮ ਸੀ ਐਡੀ ਵੱਡੀ ਉਹ ਕਿੱਥੇ ਚਲੀ ਗਈ। ਉਹ ਤਾਂ ਬੇਅੰਤ ਸੀਗੇ ਬਈ ਜੇ ਇੱਕ ਮੇਰੇ ਨਹੀਂ ਹੋਏਗਾ ਤਾਂ ਕੀ ਹੈ, ਭਜਨ ਕਰੀਏ ਸਗੋਂ ਵਿਹਲ ਦਿੱਤਾ ਹੋਇਆ ਹੈ ਪ੍ਰਮੇਸ਼ਰ ਨੇ ਇਹ ਗੱਲ ਤਾਂ ਨਹੀਂ ਮੰਨਦਾ। ਹਰ ਵਕਤ ਇਹ ਵਾਸ਼ਨਾ ਰਹਿੰਦੀ ਹੈ, ਦੌੜਿਆ ਫਿਰਦਾ ਹੈ ਭੱਜਿਆ ਫਿਰਦਾ ਹੈ, ਬੇਅੰਤ ਯਤਨ ਕਰਦਾ ਹੈ ਉਹਦੇ ਵਾਸਤੇ, ਭਜਨ ਕਿਹੜੇ ਵੇਲੇ ਕਰ ਲਏਗਾ। ਭੁੱਖਾ ਹੈ ਬੰਦਾ, ਭਜਨ ਕਰੇਗਾ ਬੰਦਾ, ਰੋਟੀ ‘ਚ ਧਿਆਨ ਰਹੇਗਾ। ਮੁਕੱਦਮਾ ਚਲਦਾ ਹੈ, ਭਜਨ ਕਰੇਗਾ ਮੁੱਕਦਮੇ ‘ਚ, ਵਕੀਲਾਂ ਦੇ ਪਿੱਛੇ ਤੁਰਿਆ ਫਿਰੇਗਾ। ਨੌਕਰੀ ਨਹੀਂ ਮਿਲਦੀ, ਥਾਂ-ਥਾਂ ‘ਤੇ ਅਰਜ਼ੀਆਂ ਦਿੰਦਾ ਫਿਰਦਾ ਹੈ। ਬੈਠਾ ਭਜਨ ਕਰਦਾ ਹੈ ਲੇਕਿਨ ਫਿਰਦਾ ਦਫਤਰਾਂ ‘ਚ ਹੈ, ਆਹ ਕਰ ਲਵਾਂ ਮੈਂ ਔਹ ਕਰ ਲਵਾਂ। ਕਾਰੋਬਾਰ ਨਹੀਂ ਚਲਦਾ, ਕਾਰੋਬਾਰ ਚਲਾਉਣਾ ਚਾਹੁੰਦਾ ਹੈ, ਬੇਅੰਤ ਮਨਸੂਬੇ ਬੰਨ੍ਹੀ ਜਾਂਦਾ ਹੈ, ਭਜਨ ਨਹੀਂ ਹੋ ਸਕਦਾ ਸਾਧਸੰਗਤ। ਮਹਾਰਾਜ ਕਹਿੰਦੇ, ਇਹ ਧਨ ਵਾਸ਼ਨਾ, ਪੁੱਤਰ ਵਾਸ਼ਨਾ ਹੈ। ਤੀਸਰੀ ਵਾਸ਼ਨਾ ਹੋਇਆ ਕਰਦੀ ਹੈ ਲੋਕ ਵਾਸ਼ਨਾ, ਮੈਨੂੰ ਲੋਕ ਨਾ ਮਾੜਾ ਕਹਿਣ ਸਾਰੇ ਲੋਕ ਚੰਗਾ ਕਹਿਣ। ਕਿੰਨਾ ਨੁਕਸਾਨ ਉਠਾਉਂਦਾ ਹੈ ਆਦਮੀ। ਕਿੰਨੀਆਂ ਗਲਤੀਆਂ ਕਰਦਾ ਹੈ, ਲੜਕੀ ਦੀ ਸ਼ਾਦੀ ਕਰਨੀ ਹੈ, ਜਦੋਂ ਲੜਕੀ ਪੈਦਾ ਹੁੰਦੀ ਹੈ। ਉਸ ਵੇਲੇ ਉਹਦੇ ਮਨ ਵਿੱਚ ਪਿਆਰ ਨਹੀਂ ਉਹਦਾ ਪਰਿਵਾਰ ਦੇ, ਕੋਈ ਵਿਰਲਾ ਪਰਿਵਾਰ ਹੈ ਜਿਹੜਾ ਲੜਕੀ ਨੂੰ ਪਿਆਰ ਕਰਦਾ ਹੈ। ਉਸੇ ਵੇਲੇ ਹਾਹਾਕਾਰ ਮਚ ਜਾਂਦੀ ਹੈ। ਕੋਈ ਕਹਿੰਦਾ ਹੈ ਪੱਥਰ ਆ ਗਿਆ ਜੀ ਸਾਡੇ ਤਾਂ। ਇੱਕ ਥਾਂ ਮੈਂ ਗਿਆ, ਚਰਨ ਪਾ ਦਿਓ ਜੀ। ਉਹ ਰੋਣ ਲੱਗ ਗਈ ਮਾਈ। ਮੈਂ ਕਿਹਾ, ਤੂੰ ਕਿਉਂ ਰੋਂਦੀ ਹੈਂ ਮਾਈ, ਕੋਈ ਦੁੱਖ ਹੈ ਤੈਨੂੰ, ਕਹਿੰਦੀ ਆਹ ਨੂੰਹ ਆਈ ਹੈ ਸਾਡੀ, ਪਤਾ ਨਹੀਂ ਕਿਹੋ ਜਿਹੀ ਹੈ, ਖੁਰਾਂ ਧੋਤਿਆਂ ਵਾਲੀ, ਸਾਡੇ ਆ ਗਈ, ਕੁੜੀਆਂ ਹੀ ਹੁੰਦੀਆਂ ਨੇ ਇਹਦੇ। ਮੁੰਡਾ ਹੁੰਦਾ ਹੀ ਨਹੀਂ। ਮੈਂ ਕਿਹਾ ਤੂੰ ਇਹਨੂੰ ਮਾਰ ਦਏਂਗੀ। ਇਹਦਾ ਦਿਲ ਖੁਸ਼ ਕਰ ਜੇ ਤੈਨੂੰ ਪੋਤਾ ਚਾਹੀਦਾ ਹੈ, ਗਾਲ੍ਹਾਂ ਕੱਢਣ ‘ਤੇ ਤਾਂ ਪੋਤਾ ਨਹੀਂ ਇਸ ਤੋਂ ਮਿਲਣਾ। ਬਹੁਤ ਗਲਤ ਕੰਮ ਕਰਦੀ ਹੈਂ ਤੂੰ। ਕਹਿੰਦੀ, ਮੇਰਾ ਪੁੱਤ ਸ਼ਰਾਬ ਪੀਣ ਲੱਗ ਗਿਆ, ਕਿ ਮੁੰਡਾ ਤਾਂ ਹੋਣਾ ਹੀ ਨਹੀਂ।

ਇਹੋ ਜਿਹੇ ਕਮਲ ਕੁੱਟਦੇ ਨੇ, ਹੱਦ ਤੋਂ ਜ਼ਿਆਦਾ। ਇਸ ਤੋਂ ਵੀ ਜ਼ਿਆਦਾ ਦੂਜਿਆਂ ਦੇ ਬੱਚਿਆਂ ਨੂੰ ਮਾਰ ਕੇ ਆਪਣਾ ਬੱਚਾ ਪਾਲਦੇ ਨੇ। ਸੋ ਇਹ ਪੁਤਰ ਵਾਸ਼ਨਾ ਹੋਇਆ ਕਰਦੀ ਹੈ। ਲੋਕ ਵਾਸ਼ਨਾ ਹੈ ਕਿ ਲੋਕਾਂ ‘ਚ ਮੈਂ ਚੰਗਾ ਹੋਵਾਂ। ਲੋਕ ਨਾ ਮੈਨੂੰ ਕੋਈ ਮਾੜਾ ਕਹੇ। ਲੋਕ ਤਾਂ ਸਾਰੇ ਨਾ ਕਿਸੇ ਨੂੰ ਚੰਗਾ ਕਹਿੰਦੇ ਨੇ, ਨਾ ਮਾੜਾ ਕਹਿੰਦੇ ਨੇ। ਚੰਗਾ ਕਹਿਣ ਵਾਲੀ ਵੀ ਦੁਨੀਆਂ ਤੇ ਮਾੜਾ ਕਹਿਣ ਵਾਲੀ ਵੀ ਦੁਨੀਆਂ ਹੈ। ਆਪਣੇ ਆਪ ਆਦਮੀ ਸਹੀ ਹੋਣਾ ਚਾਹੀਦਾ ਹੈ, ਕੋਈ ਬੁਰਾ ਕਹੋ ਭਲਾ ਕਹੋ। ਇਹ ਸੰਸਾਰ ਦੀ judgement ਹੈ ਜਿਹੜਾ ਕੁਛ ਕਹਿਣਾ ਹੈ ਕਹੋ ਲੇਕਿਨ

ਆਪ ਨਾ ਗਲਤ ਹੋਵੇ। ਸਗੋਂ ਬੁਰਾ ਕਹਿਣ ਵਾਲੇ ਜਿਹੜੇ ਨਿੰਦਿਆ ਕਰਦੇ ਨੇ ਉਹ ਤਾਂ ਪਹਿਰੇਦਾਰ ਹੁੰਦੇ ਨੇ ਜੇ ਨਿੰਦਿਆ ਕਰਨ ਵਾਲੇ ਨਾ ਹੋਣ ਤਾਂ ਆਦਮੀ ਬਹੁਤ ਵੱਡੀਆਂ-ਵੱਡੀਆਂ ਗਲਤੀਆਂ ਕਰ ਸਕਦਾ ਹੈ। ਉਹ ਖਬਰਦਾਰ ਰਹਿੰਦਾ ਹੈ ਕਿ ਮੇਰੀ ਤਾਂ ਗੱਲ ਚੱਲ ਪਏਗੀ ਫੇਰ ਮੈਨੂੰ ਲੋਕਾਂ ਵਿੱਚ ਜਾ ਕੇ ਖੜ੍ਹਨਾ ਔਖਾ ਹੋ ਜਾਏਗਾ। ਗੱਲਾਂ face ਕਰਨੀਆਂ ਔਖੀਆਂ ਹੋ ਜਾਣਗੀਆਂ। ਸੋ ਲੋਕ ਲਾਜ ਦੇ ਵਿੱਚ ਤੁਰਿਆ ਫਿਰਦਾ ਹੈ ਦਿਨ ਰਾਤ। ਬੜੀ ਭਾਰੀ ਮਸ਼ਹੂਰ ਇਤਿਹਾਸਕ ਸਾਖੀ ਹੈ ਕਿ ਜਦੋਂ ਸ੍ਰੀ ਰਾਮ ਚੰਦਰ ਜੀ ਮਹਾਰਾਜ ਸੀਤਾ ਜੀ ਨੂੰ ਵਾਪਸ ਲੈ ਆਏ। ਉਸ ਵੇਲੇ ਉਨ੍ਹਾਂ ਦੀ ਅਗਨੀ ਪਰੀਕਸ਼ਾ ਲਈ ਗਈ। ਉਨ੍ਹਾਂ ਦਿਨਾਂ 'ਚ ਆਹੀ ਰਿਵਾਜ਼ ਸੀ, ਹੁਣ ਤੱਕ ਰਹੇ ਨੇ ਗੁਰੂ ਮਹਾਰਾਜ ਵੇਲੇ ਤੱਕ ਰਹੇ ਨੇ, ਉਨ੍ਹਾਂ ਤੋਂ ਬਾਅਦ ਵੀ ਰਹੇ ਨੇ। ਜਦੋਂ ਕੋਈ ਗੱਲ ਇਨਸਾਫ ਹੁੰਦਾ ਨਹੀਂ ਸੀਗਾ, ਉਸ ਵੇਲੇ ਇਹ ਕਰਿਆ ਜਾਂਦਾ ਸੀ ਕੜਾਹੀ ਤੇਲ ਦੀ ਗਰਮ ਕਰ ਲੈਂਦੇ ਸੀ ਜਾਂ ਅੱਗ ਜਾਲ ਲੈਣੀ ਕਿ ਇਹਦੇ ਵਿਚੀਂ ਲੰਘ। ਜੇ ਜਲ ਗਿਆ ਤਾਂ ਝੂਠਾ, ਜੇ ਨਾ ਜਲਿਆ ਤਾਂ ਸੱਚਾ। ਕੜਾਹੀ ਦੇ ਵਿੱਚ ਉਬਲਦੇ ਤੇਲ ਵਿੱਚ ਹੱਥ ਪਾ ਲਿਆ। ਜੇ ਤੇਰਾ ਹੱਥ ਜਲ ਗਿਆ ਤਾਂ ਤੂੰ ਝੂਠਾ। ਐਸਾ ਹੁੰਦਾ ਆਇਆ ਤਾਂ ਹੀ ਇਹ ਹਿਸਾਬ ਚਲਦੇ ਸੀ। ਸੋ ਸੀਤਾ ਜੀ ਨੂੰ ਅੱਗ ਜਾਲ ਲਈ ਗਈ। ਕਹਿੰਦੇ, ਜੇ ਤੂੰ ਸੱਚੀਂ ਹੈ ਤਾਂ ਅੱਗ ਦੇ ਵਿਚੀਂ ਲੰਘ। ਅੱਗ ਦੇ ਵਿਚੀਂ ਲੰਘ ਗਈ ਬਿਲਕੁਲ ਉਸੇ ਤਰ੍ਹਾਂ ਦੇ ਨਾਲ। ਪਰੀਕਸ਼ਾ ਹੋ ਗਈ ਲੇਕਿਨ ਬਹੁਤ ਦੁਨੀਆਂ ਦਾ ਮਨ ਸਾਫ ਨਾ ਹੋਇਆ।

ਇੱਕ ਧੋਬੀ ਸੀ ਉਹਦੀ ਘਰਵਾਲੀ ਆਪਣੇ ਪੇਕਿਆਂ ਨੂੰ ਗਈ, ਥੋੜ੍ਹੀ ਦੇਰ ਲੱਗ ਗਈ ਉਹਨੂੰ, ਸਵੇਰੇ ਗਈ, ਆਥਣੇ ਨੂੰ ਮੁੜ ਆ ਆਈ ਤੇ ਇਹ ਪਹਿਲਾਂ ਘਰ ਆ ਗਿਆ ਧੋਬਘਾਟ ਤੋਂ। ਉਹਦੇ ਨਾਲ ਲੜਨ ਲੱਗ ਗਿਆ ਕਿ ਤੂੰ ਕਿਉਂ ਗਈ ਮੇਰੇ ਪੁੱਛੇ ਬਗੈਰ। ਉਹ ਕਹਿੰਦੀ ਕਿ ਦੇਖ! ਆਪਣੀ ਜੂਹ ਦੇ ਨਾਲ ਜੂਹ ਲਗਦੀ ਹੈ, ਮੈਨੂੰ ਖਬਰ ਆਈ ਸੀ ਕਿ ਮੇਰਾ ਪਿਤਾ ਬਹੁਤ ਬੀਮਾਰ ਹੈ ਤੇ ਮੈਂ ਧੋਬਘਾਟ ਵੀ ਓਨੀਓਂ ਦੂਰ ਹੈ ਤੇ ਮੇਰੇ ਪੇਕੇ ਵੀ ਓਨੀ ਦੂਰ ਨੇ। ਪਤਾ ਨਹੀਂ ਉਹਦਾ ਕੀ ਹਾਲ ਹੁੰਦਾ, ਕੀ ਨਾ ਹੁੰਦਾ, ਮੈਂ ਕਿਹਾ ਕਿ ਮੈਂ ਜਾ ਆਉਂਦੀ ਹਾਂ, ਹੁਣੇ ਮੁੜ ਆਵਾਂਗੀ। ਜਾਂਦੀ-ਜਾਂਦੀ ਮੈਂ ਵਾਪਸ ਆ ਗਈ ਹਾਂ।

ਉਹ ਕਹਿੰਦਾ ਕਿ ਤੂੰ ਮੇਰੇ ਘਰ ਨਹੀਂ ਹੁਣ ਵੜ ਸਕਦੀ। ਹਨ੍ਹੇਰਾ ਹੋ ਗਿਆ, ਉਹ ਝਗੜਾ ਪਾਈਂ ਬੈਠਾ ਹੈ ਉਹ ਮਿੰਨਤਾਂ ਕਰਦੀ ਹੈ ਉਹ ਅੰਦਰ ਨਹੀਂ ਵੜਨ ਨਹੀਂ ਦਿੰਦਾ। ਸ੍ਰੀ ਰਾਮ ਚੰਦਰ ਜੀ ਬੀਰ ਯਾਤਰਾ ਕਰਦੇ ਫਿਰਦੇ ਨੇ। ਕਹਿਣ ਲੱਗੇ, ਪੁਰਖਾ ਕੀ ਗੱਲ ਤੂੰ ਇਹਦੇ ਨਾਲ ਐਨਾ ਝਗੜਾ ਪਾਇਆ ਹੈ, ਕਹਿਣ ਲੱਗਿਆ ਮੈਂ ਤੈਨੂੰ ਕੀ ਦੱਸਾਂ। ਕਹਿੰਦਾ, ਐਸ ਤਰ੍ਹਾਂ ਹੋਈ ਹੈ ਗੱਲ। ਉਹ ਕਹਿੰਦਾ ਫੇਰ ਕਿਹੜੀ ਗੱਲ ਹੋਈ। ਥੋੜ੍ਹਾ

ਜਿਹਾ ਚਿਰ ਇਹ ਉਥੇ ਗਈ ਹੈ, ਪੇਕੀਂ ਹੋ ਕੇ ਆਪਣੇ ਪਿਤਾ ਦੀ ਖਬਰ ਲੈ ਕੇ ਆਈ ਹੈ ਤੇ ਤੂੰ ਹੁਣ ਵੜਨ ਨਹੀਂ ਦਿੰਦਾ? ਘਰ ਵਾੜ ਲੈ ਏਸਨੂੰ। ਕਹਿੰਦਾ, ਤੂੰ ਮੈਨੂੰ ਰਾਮ ਚੰਦਰ ਹੀ ਸਮਝ ਛੱਡਿਆ ਕਿ ਉਹਨੇ ਨੌਂ ਮਹੀਨੇ ਬਾਅਦ ਸੀਤਾ ਘਰ ਵਾੜ ਲਈ। ਆਹ ਗੱਲ ਰਾਮ ਚੰਦਰ ਜੀ ਦੇ ਮਨ 'ਚ ਬਹਿ ਗਈ। ਉਨ੍ਹਾਂ ਨੇ ਸਭਾ ਬੁਲਾਈ ਸਾਰੀ, ਸਾਰੇ ਨੀਵੀਆਂ ਪਾ ਗਏ, ਗੱਲ ਸਾਰਿਆਂ ਦੇ ਮਨ 'ਚ ਸੀ ਇਹ ਤੇ ਸੀਤਾ ਜੀ ਨੂੰ ਬਨਵਾਸ ਦੇ ਦਿੱਤਾ।

ਉਸ ਤੋਂ ਕੁਛ ਸਾਲਾਂ ਬਾਅਦ ਰਾਮ ਚੰਦਰ ਜੀ, ਲਛਮਣ ਇਹ ਦੌਰਾ ਕਰਦੇ-ਕਰਦੇ ਐਸੇ ਪਾਸੇ ਗਏ ਕਿ ਉਥੇ ਕੀ ਦੇਖਿਆ ਕਿ ਇਕ ਕਿਸਾਨ ਹੱਲ ਚਲਾਉਂਦਾ ਹੈ। ਉਹਦੇ ਟੋਪ ਪਾਇਆ ਹੋਇਆ ਹੈ ਤਾਰਾਂ ਦਾ ਤੇ ਪੈਰਾਂ ਦੇ ਵਿੱਚ ਗੋਡਿਆਂ ਤੱਕ ਚਮੜੇ ਦੀ ਜੁੱਤੀ ਪਾਈ ਹੋਈ ਹੈ ਤੇ ਸਰੀਰ ਦੇ ਉਤੇ ਇੱਕ ਕੋਟ ਪਹਿਨਿਆ ਹੋਇਆ ਹੈ ਤਾਰਾਂ ਦਾ। ਬਲਦਾਂ ਦੇ ਉਤੇ ਝੁੱਲ ਦਿੱਤੇ ਹੋਏ ਨੇ ਤਾਰਾਂ ਦੇ। ਹੇਠਾਂ ਚਮੜਾ ਬੰਨ੍ਹਿਆ ਹੋਇਆ ਬਲਦਾਂ ਦੇ ਗੋਡਿਆਂ 'ਤੇ। ਪਾਣੀ ਮੰਗਿਆ, ਪਾਣੀ ਪੀ ਲਿਆ, ਕਿਸਾਨ ਨੇ ਕੱਢ ਕੇ ਪਿਲਾਇਆ। ਉਸ ਤੋਂ ਬਾਅਦ ਇਹ ਕਹਿਣ ਲੱਗੇ ਕਿ ਕਿਸਾਨ! ਆਹ ਕੀ ਗੱਲ ਕਿ ਤੁਸੀਂ ਇਹੋ ਜਿਹੀ ਵਰਦੀ ਪਹਿਨੀ ਹੈ। ਕਹਿਣ ਲੱਗੇ, ਮਹਾਰਾਜ! ਇਥੇ ਇਕ ਬਿਛੂ ਹੈ ਜੇ ਲੜ ਜਾਵੇ ਆਦਮੀ ਬਚਦਾ ਨਹੀਂ। ਉਸ ਤੋਂ ਬਚਣ ਵਾਸਤੇ ਅਸੀਂ ਇਹ ਚਮੜਾ ਬੰਨ੍ਹ ਲੈਂਦੇ ਹਾਂ। ਪੈਰਾਂ 'ਚ ਚਮੜੇ ਦੀ ਜੁੱਤੀ ਗੋਡਿਆਂ ਤੱਕ ਪਾ ਲੈਂਦੇ ਹਾਂ। ਇਹ ਫੇਰ ਉਤੇ ਤੂੰ ਜਾਲੀ ਦਾ ਕੋਟ ਲਿਆ ਹੋਇਆ ਹੈ, ਬਲਦਾਂ 'ਤੇ ਜਾਲੀ ਪਾਈ ਹੋਈ ਹੈ। ਕਹਿਣ ਲੱਗੇ, ਮਹਾਰਾਜ! ਇੱਕ ਇੱਥੇ ਪਰਿੰਦਾ ਹੈ ਉਹਦੀ ਚੁੰਝ ਐਨੀ ਤਿੱਖੀ ਹੈ ਉਹ ਜਦੋਂ ਉੱਡ ਕੇ ਮਾਰਦਾ ਹੈ ਚੁੰਝ ਤੇ ਮਾਸ ਕੱਢ ਕੇ ਲੈ ਜਾਂਦਾ ਹੈ, ਬਲਦਾਂ ਦਾ ਵੀ ਤੇ ਆਦਮੀ ਦਾ ਵੀ। ਇਸ ਕਰਕੇ ਅਸੀਂ ਲਾਈ। ਉਹ ਕਹਿੰਦੇ, ਫੇਰ ਤੁਸੀਂ ਇਸ ਦੇਸ਼ ਵਿੱਚ ਕਿਉਂ ਰਹਿੰਦੇ ਓਂ। ਬੇਅੰਤ ਜ਼ਮੀਨ ਪਈ ਹੈ ਤੁਸੀਂ ਜ਼ਮੀਨ ਹੀ ਵਾਹੁਣੀ ਹੈ, ਹੋਰ ਕਿਸੇ ਥਾਂ ਦੇ ਉਤੇ ਆ ਕੇ ਜ਼ਮੀਨ ਵਾਹੋ। ਚਲੋ ਅਸੀਂ ਤੁਹਾਨੂੰ ਜ਼ਮੀਨ ਦੁਆ ਦਿੰਦੇ ਹਾਂ ਜਿੰਨੀ ਕਹੋ, ਜਿਥੇ ਪਸੰਦ ਕਰੋ ਉਥੇ ਹੀ ਦਿਵਾ ਦੇਵਾਂਗੇ। ਦੇਖਣ ਲਗ ਗਿਆ, ਘੂਰਨ ਲਗ ਗਿਆ। ਕਹਿੰਦਾ ਤੁਸੀਂ ਮੈਨੂੰ ਪੁੱਠੀ ਮੱਤ ਦਿੰਦੇ ਓਂ। ਨਾਲੇ ਮੇਰੇ ਤੋਂ ਪਾਣੀ ਪੀਤਾ ਹੈ ਨਾਲੇ ਮੈਨੂੰ ਪੁੱਠੀ ਮੱਤ ਦਿੰਦੇ ਓਂ। ਕਹਿੰਦੇ ਕੀ ਗੱਲ?

ਕਹਿੰਦਾ, ਤੁਸੀਂ ਮੈਨੂੰ ਰਾਮ ਚੰਦਰ ਸਮਝ ਛਡਿਆ। ਕੋਈ ਬੰਦਾ ਵੀ ਆਪਣੀ ਜ਼ਨਾਨੀ ਨੂੰ ਤੇ ਆਪਣੀ ਜਿਹੜੀ home land ਹੈ, ਘਰ ਹੈ ਜਿਥੇ ਉਹਨੂੰ ਕਦੇ ਵੀ ਕੋਈ ਆਦਮੀ ਨਹੀਂ ਛਡਿਆ ਕਰਦਾ। ਰਾਮਚੰਦਰ ਜੀ ਲਛਮਣ ਜੀ ਨੂੰ ਕਹਿਣ ਲਗੇ, ਲਛਮਣ ਜੀ! ਹੁਣ ਦਸ ਕੀ ਕਰੀਏ। ਜਦੋਂ ਤਾਂ ਕਹਿੰਦੇ ਸੀ ਕਿ ਸੀਤਾ ਨੂੰ ਘਰ ਲੈ ਆਂਦਾ ਤੇ ਹੁਣ ਕਹਿੰਦੇ ਨੇ

ਕਿ ਸੀਤਾ ਨੂੰ ਛੱਡ ਦਿੱਤਾ। ਸੋ ਇਹ ਲੋਕ ਵਾਸ਼ਨਾ ਹੁੰਦੀ ਹੈ, ਲੋਕਾਂ ਨੂੰ ਕੋਈ ਖੁਸ਼ ਨਹੀਂ ਕਰ ਸਕਿਆ ਕਰਦਾ। ਇਸੇ ਤਰ੍ਹਾਂ ਸ਼ਾਸਤਰ ਵਾਸ਼ਨਾ ਹੁੰਦੀ ਹੈ, ਕਿਤਾਬਾਂ ਪੜ੍ਹੀ ਜਾਣੀਆਂ, ਨੋਟਸ ਲਈ ਜਾਣੇ ਪੜ੍ਹੀ ਜਾਣੀਆਂ, ਨੋਟਸ ਲਈ ਜਾਣੇ। ਦੋ ਤਰ੍ਹਾਂ ਨਾਲ ਕਿਤਾਬਾਂ ਪੜ੍ਹੀਦੀਆਂ ਨੇ। ਇੱਕ ਤਾਂ ਪੜ੍ਹੀਦੀ ਹੈ ਆਪਣੇ ਆਪ ਨੂੰ ਸੁਧਾਰਨ ਵਾਸਤੇ, ਨਾਲ ਦੀ ਨਾਲ ਵਿਚਾਰ ਕਰੀ ਜਾਈਦੀ ਹੈ ਕਿ ਐਸ ਤਰ੍ਹਾਂ ਕਹਿੰਦੇ ਨੇ, ਇਹਦੇ 'ਚ ਲਿਖਿਆ ਹੋਇਆ ਹੈ, ਗੱਲ ਤਾਂ ਬੜੇ ਕੰਮ ਦੀ ਲਿਖੀ ਹੋਈ ਹੈ ਕਿ ਇਹ ਗ'ਲ ਸਮਝਣੀ ਚਾਹੀਦੀ ਹੈ। ਛੋਟੇ ਤੋਂ ਛੋਟਾ ਬੰਦਾ ਵੀ ਵੱਡੇ ਤੋਂ ਵੱਡਾ ਉਪਦੇਸ਼ ਦੇ ਦਿੰਦਾ ਹੈ। ਦੂਸਰੇ ਪੜ੍ਹਦੇ ਨੇ, ਆਪਣੇ ਵਾਸਤੇ ਕੁਛ ਨਹੀਂ ਜਿਵੇਂ ਕੜਛੀ ਫਿਰਦੀ ਹੈ ਪਤੀਲੇ ਦੇ ਵਿੱਚ, ਚਾਹੇ ਕਿੰਨਾ ਹੀ ਸਵਾਦੂ ਭੋਜਨ ਹੋਵੇ ਕੜਛੀ ਨੂੰ ਨਹੀਂ ਪਤਾ ਲਗਦਾ। ਫਿਰਦੀ ਹੈ ਪਤੀਲੇ ਵਿੱਚ ਹੀ ਉਹ ਕੜਛੀ ਵਿਦਿਆ ਹੁੰਦੀ ਹੈ। ਉਹ ਪੜ੍ਹਨੀਆਂ ਕਿਤਾਬਾਂ ਲੇਕਿਨ ਅਸਰ ਨਹੀਂ ਹੋਣ ਦੇਣਾ ਆਪਣੇ 'ਤੇ। ਉਹਦੀਆਂ ਕੁਟੇਸ਼ਨਾਂ ਨੋਟ ਕਰੀ ਜਾਣੀਆਂ ਦੂਜਿਆਂ ਨੂੰ ਸੁਣਾਉਣੀਆਂ। ਦੂਜਿਆਂ ਦੇ ਵਿੱਚ ਵਾਹਵਾ-ਵਾਹਵਾ ਕਰੀ ਜਾਣੀ। ਉਹ ਜਿਹੜੇ ਆਮ ਵਿਦਵਾਨ ਨੇ ਉਹ ਬਹੁਤ ਸਾਰੀਆਂ ਕਿਤਾਬਾਂ ਇਕੱਠੀਆਂ ਕਰਕੇ, ਉਹਦੇ ਵਿੱਚੋਂ ਇਕੱਠਾ ਕਰਕੇ ਆਪਣੀ ਬਣਾ ਕੇ ਦੇ ਦਿੰਦੇ ਨੇ। ਉਨ੍ਹਾਂ ਦਾ ਜੀਵਨ ਉਹੋ ਜਿਹਾ ਹੀ ਰਹਿੰਦਾ ਹੈ ਜਿਹੋ ਜਿਹਾ ਹੁੰਦਾ ਹੈ। ਮਹਾਰਾਜ ਏਸ ਵਿਦਿਆ ਨੂੰ ਪਸੰਦ ਨਹੀਂ ਕਰਦੇ ਕਿ ਇਹ ਫਜ਼ੂਲ ਹੈ ਵਿਦਿਆ। ਐਵੇਂ ਬੋਝ ਚੁੱਕੀਂ ਖੋਤਾ ਬਣਿਆ ਫਿਰਦਾ ਹੈ। ਇਸ ਤਰ੍ਹਾਂ ਦੇ ਨਾਲ ਅਨਸ਼ਠਾਨ ਵਾਸ਼ਨਾ ਹੈ ਕਿ ਮੇਰੇ ਕੋਲ ਲੋਕ ਬਹੁਤੇ ਆਉਣ ਮੈਂ ਚਿਲੇ ਕੱਟਾਂ ਤੇ ਬੀਮਾਰਾਂ ਨੂੰ ਰਾਜ਼ੀ ਕਰ ਦੇਵਾਂ, ਲੋਕਾਂ ਦੇ ਕੰਮ ਬਣ ਜਾਣ ਮੇਰੇ ਕੋਲ ਆ ਕੇ। ਇਹ ਵੀ ਵਾਸ਼ਨਾ ਹੁੰਦੀ ਹੈ, ਸੋ ਐਨੀਆਂ ਵਾਸ਼ਨਾ ਦੇ ਹੁੰਦੇ ਹੋਏ ਮਹਾਰਾਜ ਕਹਿੰਦੇ, ਭਾਈ! ਫੇਰ ਤੁਸੀਂ ਨਾਮ ਦਾ ਰਸ ਕਿ'ਥੋਂ ਭਾਲਦੇ ਓਂ, ਨਵਾਬ ਸਾਹਿਬ। ਇਹ ਤਾਂ ਭਰਿਆ ਪਿਆ ਹੈ।

***ਰਸੁ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥***
***ਰਸੁ ਘੋੜੇ ਰਸੁ ਸੇਜਾ ਮੰਦਰ ਰਸੁ ਮੀਠਾ ਰਸੁ ਮਾਸੁ ॥***
***ਏਤੇ ਰਸ ਸਰੀਰ ਕੇ ਕੈ ਘਟਿ ਨਾਮ ਨਿਵਾਸੁ ॥ ਅੰਗ - 15***

ਜੇ ਉਹ ਰਸ ਲੈਣਾ ਹੈ -

***ਰਾਰਾ ਰਸੁ ਨਿਰਸ ਕਰਿ ਜਾਨਿਆ ॥***
***ਹੋਇ ਨਿਰਸ ਸੁ ਰਸੁ ਪਹਿਚਾਨਿਆ ॥ ਅੰਗ - 342***

ਇਹ ਜਿਹੜੇ ਰਸ ਨੇ ਇਨ੍ਹਾਂ ਨੂੰ ਨਿਰਸ ਕਰ ਦੇ। ਜਦੋਂ ਇਨ੍ਹਾਂ ਨੂੰ ਨਿਰਸ ਕਰ ਦਏਂਗਾ ਫੇਰ ਨਾਮ ਦੇ ਰਸ ਦੀ ਪਹਿਚਾਣ ਕਰ ਲਏਂਗਾ। ਜਦੋਂ ਨਾਮ ਦਾ ਰਸ ਆ ਗਿਆ -

***ਇਹ ਰਸ ਛਾਡੇ ਉਹ ਰਸੁ ਆਵਾ ॥ ਅੰਗ - 342***

ਜਦੋਂ ਇਹ ਰਸ ਛੱਡ ਦੇਵਾਂਗੇ ਸਾਰੇ ਫੇਰ ਨਾਮ ਦਾ ਰਸ ਆਏਗਾ।

*ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ ਅੰਗ - 342*

ਜਦੋਂ ਉਹ ਰਸ ਆ ਗਿਆ ਫੇਰ ਬਾਕੀ ਨਹੀਂ ਚੰਗੇ ਲਗਦੇ। ਬਾਕੀ ਜੋ ਦੁਨੀਆਂ ਦੇ ਰਸ ਨੇ ਇਹ ਆਦਮੀ ਨੂੰ ਨਰਕਾਂ 'ਚ ਲੈ ਜਾਂਦੇ ਨੇ, ਅੱਖਾਂ ਦਾ ਰਸ ਹੈ, ਕੰਨਾਂ ਦਾ ਰਸ ਹੈ, ਇੰਦਰੀਆਂ ਦਾ ਰਸ ਹੈ, ਜ਼ੁਬਾਨ ਦਾ ਰਸ ਹੈ, ਬੇਅੰਤ ਰਸ ਨੇ ਤੇ ਇੱਕ-ਇੱਕ ਰਸ ਜਿਹੜਾ ਹੈ ਇਸਨੂੰ ਕਿੱਥੇ ਲੈ ਜਾਂਦਾ ਹੈ, ਮਹਾਰਾਜ ਦਸਦੇ ਨੇ ਕਿ ਕਾਮ ਦਾ ਰਸ ਹੈ, ਦੌੜਿਆ ਫਿਰਦਾ ਹੈ ਬੰਦਾ ਕਹਿੰਦੇ ਕਰੋੜਾਂ ਦਿਨ ਦੁੱਖਾਂ ਦੇ ਵਿੱਚ ਪੈਂਦਾ ਹੈ।

*ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥*
*ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥*
*ਅੰਗ - 403*

ਥੋੜ੍ਹਾ ਜਿਹਾ ਰਸ ਮਾਣਦਾ ਹੈ ਫੇਰ ਪਛਤਾਉਂਦਾ ਹੈ, ਜਦੋਂ ਨਰਕਾਂ 'ਚ ਜਾਂਦਾ ਹੈ ਤੇ ਜਦੋਂ ਸਜ਼ਾਵਾਂ ਮਿਲਦੀਆਂ ਨੇ ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਘਾਣੀ ਪੀੜਨੀ ਨਿਮਾਣੀ ਤੇਰੀ ਜ਼ਿੰਦੜੀ,*
*ਤੱਕਦੈਂ ਪਰਾਈਆਂ ਨਾਰੀਆਂ।*
*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - 315*

ਕਿੱਡੀ ਮਹਾਰਾਜ ਨੇ ਸਖਤ ਵਾਰਨਿੰਗ ਦਿੱਤੀ ਹੈ ਏਸ ਨੂੰ। ਇੱਕ ਭੋਗ ਨੇ ਖਾਣ ਦੇ ਪੀਣ ਦੇ, ਮੋਹ ਦੇ, ਗੁੱਸੇ ਦੇ, ਅਨੇਕਾਂ ਹੀ ਭੋਗ ਨੇ ਆਦਮੀ ਦੇ ਅੰਦਰ -

*ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ ॥*
*ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ ॥ ਅੰਗ - 398*

ਮਰ-ਮਰ ਰੋਏਂਗਾ ਕਹਿੰਦੇ -

*ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ ॥ ਅੰਗ - 398*

ਨਾਮ ਤੋਂ ਬਗੈਰ ਸੁੰਨਾ ਹੋ ਕੇ ਵਧੀਆ ਤੋਂ ਵਧੀਆ ਪਾਉਂਦਾ ਹੈਂ, ਤਨ ਦੇ ਉਤੇ ਵਧੀਆ ਤੋਂ ਵਧੀਆ ਖੁਸ਼ਬੂਆਂ ਲਾਉਂਦਾ ਹੈਂ-

*ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ ॥ ਅੰਗ - 398*

ਸਿਮਰਨ ਤੋਂ ਬਗੈਰ ਤਨ ਤਾਂ ਸੁਆਹ ਬਣ ਜਾਏਗੀ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿਣ ਲੱਗੇ, ਨਵਾਬ ਸਾਹਿਬ! ਮਨ ਨਾਮ ਦੇ ਵਿੱਚ ਕਿਵੇਂ ਲਗ ਜਾਵੇ। ਜਿੰਨੀ ਦੇਰ ਤੱਕ ਆਦਮੀ ਦੇ ਅੰਦਰ ਵਾਸ਼ਨਾਵਾਂ ਨੇ, ਕੁ-ਰਸ ਨੇ। ਇਹ ਜੋ ਨਾਮ ਦਾ ਰਸ ਹੈ, ਇਹ ਸਾਰਿਆਂ ਦੇ ਨਹੀਂ ਲਿਖਿਆ ਹੁੰਦਾ ਲੇਖ। ਇਹ ਤਾਂ ਪੂਰਬਲੇ ਭਾਗ ਹੋਣ, ਪੂਰੇ ਗੁਰੂ ਦੀ ਮਿਹਰ ਹੋਵੇ। ਐਸਾ ਫੁਰਮਾਨ ਹੈ ਮਹਾਰਾਜ ਦਾ ਕਿ ਪੂਰਾ ਗੁਰੂ ਮਿਲੇ,

ਨਾਮ ਦਾ ਰਸ ਤਾਂ ਪ੍ਰਾਪਤ ਹੁੰਦਾ ਹੈ। ਜਿੰਨਾਂ ਚਿਰ ਸਮਰੱਥ ਗੁਰੂ ਨਹੀਂ ਮਿਲਦਾ। ਨਾਮ ਦਾ ਰਸ ਨਹੀਂ ਮਿਲਿਆ ਕਰਦਾ, ਨਾਮ ਦੇ ਰਸ ਵਾਲੇ ਭਾਗਾਂ ਵਾਲੇ ਨੇ ਜਿਹੜੇ ਦੂਜੇ ਨੇ ਉਹ ਨਾਮ ਤੋਂ ਟੁੱਟ ਗਏ, ਸੰਸਾਰ ਸਾਰਾ ਰੋਂਦਾ ਹੀ ਰੋਂਦਾ ਹੈ ਐਸਾ ਫੁਰਮਾਨ ਹੈ -

***ਧਾਰਨਾ - ਬਿਨਾਂ ਗੁਰਾਂ ਤੋਂ ਮਿਲੇ ਨਾ ਰਸ ਨਾਮ ਦਾ,***
***ਭਾਗਹੀਣ ਰੋਵੇ ਦੁਨੀਆਂ।***

ਨਾਮ ਰਸ ਕੋਈ ਛੋਟੀ ਜਿਹੀ ਚੀਜ਼ ਨਹੀਂ ਹੈ ਸਾਧਸੰਗਤ ਜੀ। ਵਾਹਿਗੁਰੂ ਦਾ ਜਦੋਂ ਸਰੀਰ ਦੇ ਅੰਦਰ ਝਲਕਾਰਾ ਵੱਜਦਾ ਹੈ ਇਹ ਤਿੰਨ ਚਾਰ ਚੀਜ਼ਾਂ ਤੋਂ ਜਾਣਿਆ ਜਾਂਦਾ ਹੈ, ਬਈ ਵਾਹਿਗੁਰੂ ਕੋਈ ਸੁੰਨ ਮੁੰਨ ਚੀਜ਼ ਨਹੀਂ ਹੈ। ਸੁਣਦਾ ਨਹੀਂ ਸਾਡੀ ਗੱਲ। ਸਿਰਫ ਸਾਡੇ ਵਾਲਾ ਜਿਹੜਾ ਸਬੰਧ ਹੈ ਉਹ ਟੁੱਟਿਆ ਹੋਇਆ ਹੈ। ਜਦੋਂ ਸਬੰਧ ਜੁੜਦਾ ਹੈ ਜਿਵੇਂ ਬਿਜਲੀ ਨਾਲ ਸਬੰਧ ਜੁੜ ਜਾਏ ਤੇ ਤਾਰ ਨੂੰ ਹੱਥ ਲਾ ਕੇ ਦੇਖੋ ਕਿੰਨੀ ਝਰਨਾਹਟ ਵਜੂ, ਕਿੰਨਾ ਜ਼ਬਰਦਸਤ ਝਟਕਾ ਮਾਰੂ। ਇਸੇ ਤਰ੍ਹਾਂ ਨਾਲ ਜਦੋਂ ਵਾਹਿਗੁਰੂ ਜੀ ਦੇ ਨਾਲ ਮਨ ਜੁੜਦਾ ਹੈ। ਉਸ ਵੇਲੇ ਅੰਦਰ ਕੋਈ ਰਸ ਦੀ ਫੁਹਾਰ ਚਲਦੀ ਹੈ। ਦੋ ਤਰ੍ਹਾਂ ਦਾ ਰਸ ਹੈ ਇਹ ਅੰਦਰ ਵੀ, ਪਹਿਲਾਂ ਹੈ ਇਕਾਗਰਤਾ ਦਾ ਰਸ, ਇਕਾਗਰਤਾ, ਮਨ ਟਿਕ ਜਾਵੇ, ਫੁਰਨੇ ਹਟ ਜਾਣ। ਚਿੱਤ ਇਕਾਗਰ ਹੋ ਜਾਵੇ ਉਸ ਵੇਲੇ ਆਦਮੀ ਦੇ ਅੰਦਰ ਇੱਕ ਮਿੱਠਾ-ਮਿੱਠਾ ਰਸ ਸ਼ੁਰੂ ਹੋ ਜਾਇਆ ਕਰਦਾ ਹੈ। ਇਸ ਤੋਂ ਅੱਗੇ ਇੱਕ ਰਸ ਹੋਰ ਹੈ ਜਿਹਨੂੰ ਨਿਰੁੱਧ ਦਾ ਰਸ ਕਹਿੰਦੇ ਨੇ। ਸਾਰੀਆਂ ਚਿੱਤ ਬਿਰਤੀਆਂ ਕਾਬੂ ਕਰ ਲੈਣੀਆਂ ਅਤੇ ਇੱਕ ਧਿਆਨ ਦੇ ਉਤੇ ਜੋੜ ਲੈਣੀਆਂ। ਜੇ ਕੋਈ ਗੁਰੂ ਨਾਨਕ ਪਾਤਸ਼ਾਹ ਦਾ ਧਿਆਨ ਧਰਦਾ ਹੈ ਜਾਂ ਸ਼ਬਦ ਦਾ ਧਿਆਨ ਧਰਦਾ ਹੈ, ਜਾਂ ਪ੍ਰਕਾਸ਼ ਦਾ ਧਿਆਨ ਧਰਦਾ ਹੈ, ਜਾਂ ਸਾਕਾਰ ਦਾ; ਜਿਸ ਤਰ੍ਹਾਂ ਦਾ ਵੀ ਹੈ ਉਹ ਜਿਸ ਵਕਤ ਆਪਣਾ ਆਪ ਭੁੱਲ ਜਾਂਦਾ ਹੈ, ਤ੍ਰਿਕੁਟੀ ਟੁੱਟ ਜਾਂਦੀ ਹੈ ਧਿਆਤਾ ਧਿਆਨ ਧੇਅ ਦੀ ਉਸ ਵੇਲੇ ਇੱਕ ਰਸ ਆਉਂਦਾ ਹੈ, ਸਰੀਰ ਝਰਨਾਟਾਂ ਮਾਰਦਾ ਹੈ। ਉਹ ਜਿਹੜਾ ਰਸ ਹੈ ਜੇ ਇੱਕ ਵਾਰੀ ਆ ਜਾਏ ਮਹੀਨਿਆਂ ਬੱਧੀ ਨਹੀਂ ਉਤਰਦਾ। ਇੱਕ ਉਸ ਤੋਂ ਅੱਗੇ ਰਸ ਹੈ, ਉਸ ਰਸ ਨੂੰ ਪ੍ਰੇਮ ਰਸ ਕਹਿੰਦੇ ਨੇ ਉਹ ਸ਼ੁੱਧ ਪਿਆਰ ਦਾ ਰਸ ਹੁੰਦਾ ਹੈ, ਉਹਦੇ ਵਿੱਚ ਗਰਜ ਨਹੀਂ ਹੁੰਦੀ ਕੋਈ ਵੀ। ਕੇਵਲ ਕੁਰਬਾਨ ਹੋਣ ਦੀ ਹੁੰਦੀ ਹੈ ਕਿ ਮੈਂ ਮਿਟ ਜਾਵਾਂ। ਪਕੜ ਨਹੀਂ ਹੋਇਆ ਕਰਦੀ ਕਿਸੇ ਕਿਸਮ ਦੀ। ਕੋਈ ਆਪਣੀ ਮਰਜ਼ੀ ਨਹੀਂ ਹੋਇਆ ਕਰਦੀ। ਪੂਰਾ ਆਪਣਾ ਆਪ ਸਮਰਪਣ ਹੁੰਦਾ ਹੈ ਉਥੇ। ਜਦੋਂ ਇਹ ਪਿਆਰ ਦੇ ਨਾਲ ਪ੍ਰਮੇਸ਼ਰ ਦੇ ਨਾਲ ਜੁੜਦਾ ਹੈ, ਉਸ ਵੇਲੇ ਜੋ ਰਸ ਆਉਂਦਾ ਹੈ ਮਹਾਨ ਰਸ ਹੋਇਆ ਕਰਦਾ ਹੈ ਉਹ। ਉਹ ਜੋ ਸੋਝੀ ਪੈਦਾ ਹੁੰਦੀ ਹੈ ਘਟ-ਘਟ 'ਚ ਵਿਆਪਕ ਦੀ ਉਹ ਨਾਮ ਰਸ ਹੋਇਆ ਕਰਦਾ ਹੈ। ਗਿਆਨ ਦਾ ਰਸ ਹੈ। ਸੋ ਇਹ ਰਸ ਜਿਹੜਾ ਹੈ ਜਿੰਨਾਂ ਚਿਰ ਗੁਰੂ

ਦਇਆਲ ਨਹੀਂ ਹੁੰਦਾ, ਮਹਾਰਾਜ ਕਹਿੰਦੇ ਨੇ ਇਹ ਜਿਹੜਾ ਹਰਿ ਰਸ ਹੈ ਇਹ ਵਣਾਂ ਵਿੱਚ, ਦਰਖਤਾਂ ਵਿੱਚ, ਘਾਹ ਵਿੱਚ, ਹਰ ਪਾਸੇ ਇਹ ਰਸ ਹੈ ਲੇਕਿਨ ਭਾਗਹੀਣ ਨਹੀਂ ਖਾਇ –

*ਇਹੁ ਹਰਿ ਰਸੁ ਵਣਿ ਤਿਣਿ ਸਭਤੁ ਹੈ ਭਾਗਹੀਣ ਨਹੀ ਖਾਇ ॥*
*ਬਿਨੁ ਸਤਿਗੁਰ ਪਲੈ ਨਾ ਪਵੈ ਮਨਮੁਖ ਰਹੇ ਬਿਲਲਾਇ ॥*

***ਅੰਗ – 41***

ਜਿਹੜੇ ਮਨ ਦੇ ਪਿੱਛੇ ਚੱਲਣ ਵਾਲੇ ਨੇ, ਮਨਮੁੱਖ ਇਹ ਨਹੀਂ ਹੁੰਦਾ ਕਿ ਅਸੀਂ ਗੁਰੂ ਕੋਲ ਆਉਂਦੇ ਹਾਂ ਮੱਥੇ ਟੇਕਦੇ ਹਾਂ, ਬਣ ਗਏ ਗੁਰਮੁਖ। ਜਿੰਨਾਂ ਚਿਰ ਅਸੀਂ ਮਨ ਦੀ ਮੱਤ ਦੇ ਪਿੱਛੇ ਚੱਲ ਰਹੇ ਹਾਂ, ਓਨਾਂ ਚਿਰ ਅਸੀਂ ਮਨ ਦੇ ਸਿੱਖ ਹਾਂ। ਜਦੋਂ ਅਸੀਂ ਗੁਰੂ ਦੇ ਪਿੱਛੇ ਚੱਲ ਪਵਾਂਗੇ ਫੇਰ ਮਨ ਦੀ ਗੱਲ ਕੋਈ ਨਹੀਂ ਚੱਲਿਆ ਕਰਦੀ। ਉਸ ਵੇਲੇ ਫੇਰ ਗੁਰੂ ਦਾ ਬਚਨ ਚਲਦਾ ਹੈ। ਮਨਮੁਖ ਉਸ ਵੇਲੇ ਬਿਰਲਾਹ ਕਰਦੇ ਨੇ –

*ਓਇ ਸਤਿਗੁਰ ਆਗੈ ਨਾ ਨਿਵਹਿ ਓਨਾ ਅੰਤਰਿ ਕ੍ਰੋਧੁ ਬਲਾਇ॥*
*ਹਰਿ ਹਰਿ ਹਰਿ ਰਸੁ ਆਪਿ ਹੈ ਆਪੇ ਹਰਿ ਰਸੁ ਹੋਇ ॥*
*ਆਪਿ ਦਇਆ ਕਰਿ ਦੇਵਸੀ ਗੁਰਮੁਖਿ ਅੰਮ੍ਰਿਤੁ ਚੋਇ ॥*

***ਅੰਗ – 41***

ਅੰਦਰੋਂ ਨਹੀਂ ਨਿਵਦੇ, ਆਪਣੀ ਆਕੜ ਵਿੱਚ ਰੱਖਦੇ ਨੇ। ਪੂਰੀ ਤਰ੍ਹਾਂ ਨਹੀਂ ਸਮਰਪਣ ਕਰਦੇ ਆਪਣੇ ਆਪ ਨੂੰ ਵਿੱਚ ਰੱਖਣਗੇ ਆਪਣੇ ਆਪ ਨੂੰ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਜਿਹੜਾ ਹਰਿ ਰਸ ਹੈ ਉਹ ਹਰ ਥਾਂ ਦੇ ਉਤੇ ਪਰੀਪੂਰਨ ਹੈ। ਹੁਣ ਫੇਰ ਰਸ ਕੀ ਹੋਇਆ?

ਮੈਂ ਬੇਨਤੀ ਕਰੀ ਸੀ ਕਿ ਵਾਹਿਗੁਰੂ ਜਦੋਂ ਸਰੀਰ ਦੇ ਅੰਦਰ; ਉਹਦਾ ਰੂਪ, ਰੰਗ, ਰੇਖ, ਭੇਖ ਤਾਂ ਨਹੀਂ ਹੈ ਕੋਈ, ਲੇਕਿਨ ਕਈ ਤਰ੍ਹਾਂ ਦੇ ਨਾਲ ਉਹਦੇ ਦਰਸ਼ਨ ਹੁੰਦੇ ਨੇ। ਇੱਕ ਤਾਂ ਹੁੰਦੇ ਨੇ ਸ਼ਬਦ ਰੂਪ ਦੇ ਅੰਦਰ। ਇੱਕ ਹੋਇਆ ਕਰਦੇ ਨੇ ਉਹ ਪ੍ਰਕਾਸ਼ ਰੂਪ ਦੇ ਅੰਦਰ, ਜੇ ਕੋਈ ਸਾਕਾਰ ਦਾ ਧਿਆਨ ਧਰਦਾ ਹੈ, ਉਹ ਉਸ ਰੂਪ 'ਚ ਹੋਇਆ ਕਰਦੇ ਨੇ। ਚੌਥੇ ਹੋਇਆ ਕਰਦੇ ਨੇ ਰਸ ਦੇ ਰੂਪ ਦੇ ਅੰਦਰ। ਕਿਉਂਕਿ ਰਸ ਵਾਹਿਗੁਰੂ ਆਪ ਹੀ ਹੈ, ਆਪੇ ਹੀ ਰਸ ਬਣਿਆ ਹੋਇਆ ਹੈ। ਜਦੋਂ ਕਿਸੇ ਜਗਿਆਸੂ ਦੇ ਉਤੇ ਪ੍ਰਸੰਨ ਹੁੰਦਾ ਹੈ ਤਾਂ ਉਹਨੂੰ ਪਹਿਲਾਂ ਰਸ ਦੇ ਰੂਪ ਵਿੱਚ ਦਰਸ਼ਨ ਦਿੰਦਾ ਹੈ। ਉਹ ਸਮਝ ਜਾਂਦੇ ਨੇ, ਮਹਾਂਪੁਰਸ਼ ਦਸ ਦਿੰਦੇ ਨੇ ਕਿ ਹੁਣ ਤੇਰੇ ਅੰਦਰ ਪ੍ਰਮੇਸ਼ਰ ਰਸ ਰੂਪ ਹੋ ਵਿਚਰ ਰਿਹਾ ਹੈ। ਪਿਆਰ ਦਾ ਰੂਪ ਹੋ ਕੇ ਵਿਚਰ ਰਿਹਾ ਹੈ। ਇਸ ਤਰ੍ਹਾਂ ਦੇ ਨਾਲ ਇਹ ਬੀਬੀ ਨੇ ਕੁਛ-ਕੁਛ ਸਮਝਣ ਦਾ ਯਤਨ ਕਰਿਆ। ਭਾਈ ਮਰਦਾਨੇ ਨੇ ਜਿਹੋ ਜਿਹੇ ਅੱਖਰਾਂ 'ਚ ਉਹਨੂੰ ਆਉਂਦਾ ਸੀ ਸਮਝਾਇਆ। ਬਹੁਤ ਬਚਨ ਹੋਏ। ਉਸ ਤੋਂ ਬਾਅਦ

ਇਹਨੂੰ ਕੁਛ-ਕੁਛ ਸਮਝ ਲੱਗ ਗਈ ਕਿ ਕੋਈ ਗੱਲ ਹੋਰ ਤਰ੍ਹਾਂ ਦੀ ਹੈ ਜਿਹੜੀ ਅਸੀਂ ਅੱਜ ਤੱਕ ਨਹੀਂ ਦੇਖੀ। ਪਰ ਅੰਦਰ ਜਦ ਝਾਤੀ ਮਾਰੀ ਕਹਿਣ ਲੱਗੀ, ਆਹ ਸੁਆਦ ਤਾਂ ਮੈਨੂੰ ਅੱਜ ਤੱਕ ਨਹੀਂ ਆਇਆ। ਜਿਹੜਾ ਆਹ ਮੈਂ ਇਨ੍ਹਾਂ ਦਾ ਕੀਰਤਨ ਸੁਣਿਆ ਹੈ, ਦਰਸ਼ਨ ਕਰੇ ਨੇ। ਗੁਰੂ ਨਾਨਕ ਪਾਤਸ਼ਾਹ ਨੂੰ ਅਜੇ ਜਾਣਦੀ ਨਹੀਂ ਲੇਕਿਨ ਕੇਵਲ ਦਰਸ਼ਨ ਕੀਤੇ ਸੀ। ਚਿਹਰੇ ਦਾ ਪ੍ਰਭਾਵ ਤੱਕਿਆ ਸੀ। ਅੰਦਰ ਲਹਿ ਗਿਆ। ਜਦੋਂ ਅੱਖਾਂ ਮੀਟਦੀ ਹੈ ਅੰਦਰ ਨਜ਼ਰ ਆਉਂਦੇ ਨੇ। ਜਿੱਥੇ ਗੁਰੂ ਨਾਨਕ ਪਾਤਸ਼ਾਹ ਦਾ ਨਿਵਾਸ ਹੋ ਜਾਵੇ ਉਥੇ ਤਾਂ ਰਸ ਦੇ ਭੰਡਾਰੇ ਹੀ ਖੁੱਲ੍ਹ ਜਾਂਦੇ ਨੇ ਸਾਧਸੰਗਤ ਜੀ। ਕਰਕੇ ਦੇਖ ਲਓ। ਗੁਰੂ ਨਾਨਕ ਜਿਸ ਮਸਤਕ 'ਚ ਆ ਕੇ ਬਿਰਾਜਮਾਨ ਹੋ ਗਏ, ਉਥੇ ਬੇਰੁਖੀ ਨਹੀਂ ਹੁੰਦੀ, ਉਥੇ ਫੇਰ ਸ਼ਿਕਾਇਤ ਨਹੀਂ ਹੁੰਦੀ ਕਿ ਮੇਰਾ ਮਨ ਨਹੀਂ ਲਗਦਾ ਜੀ, ਮੈਨੂੰ ਰਸ ਨਹੀਂ ਜੀ ਆਉਂਦਾ, ਬੇਰਸ ਰਹਿੰਦਾ ਹੈ ਬੰਦਾ। ਆਪਣਾ ਆਲਾ-ਦੁਆਲਾ ਠੀਕ ਕਰੋ।

ਸੋ ਉਹ ਰਸ ਹੁਣ ਦੱਸਿਆ ਨਹੀਂ ਜਾਂਦਾ ਤੇ ਮਨ 'ਚ ਖਿਆਲ ਆਇਆ ਕਿ ਮਨਾਂ! ਤੂੰ ਗੱਲਾਂ ਕਰੀ ਜਾਂਦਾ ਹੈਂ ਬਈ ਤਿੰਨ ਦਿਨ ਦਾ ਇਨ੍ਹਾਂ ਨੇ ਖਾਧਾ ਪੀਤਾ ਕੁਛ ਨਹੀਂ ਹੈ ਤੇ ਕਿਉਂ ਨਾ ਮੈਂ ਜਾ ਕੇ ਕੁਛ ਛਕਣ ਲਈ ਲਿਆਵਾਂ। ਨਮਸ਼ਕਾਰ ਕਰਦੀ ਹੈ ਤੇ ਗੁਰੂ ਨਾਨਕ ਪਾਤਸ਼ਾਹ ਉਸੇ ਤਰ੍ਹਾਂ ਅਜੇ ਸਮਾਧੀ ਸਥਿਤ ਨੇ। ਘਰ ਆ ਜਾਂਦੀ ਹੈ ਆ ਕੇ ਕਾਹਲੀ ਦੇ ਨਾਲ ਕਾੜਨੀ ਦੇ ਵਿਚੋਂ ਮਲਾਈ ਸਮੇਤ ਦੁੱਧ ਕੱਢਦੀ ਹੈ ਤੇ ਗੜਵੇ 'ਚ ਪਾ ਲੈਂਦੀ ਹੈ ਤੇ ਛੰਨਾ ਉਤੇ ਧਰ ਲੈਂਦੀ ਹੈ। ਛੰਨੇ ਵਿੱਚ ਸ਼ੱਕਰ ਪਾ ਲੈਂਦੀ ਹੈ, ਦੋ ਤਿੰਨ ਬਰਤਨ ਨਾਲ ਲੈ ਲਏ ਤੇ ਮੁੜ ਕੇ ਉਥੇ ਹੀ ਫੇਰ ਚਲੀ ਜਾਂਦੀ ਹੈ। ਜਾ ਕੇ ਮਸਤਕ ਨਿਵਾਇਆ ਤੇ ਐਨੀ ਦੇਰ ਨੂੰ ਗੁਰੂ ਮਹਾਰਾਜ ਸਮਾਧੀ ਤੋਂ ਉਥਾਨ ਹੋਏ ਤੇ ਆਪ ਨੇ ਜਦ ਨੈਣਾਂ ਦੀ ਝਾਤ ਦੇਖੀ, ਅੰਦਰ ਹੀ ਬਹਿ ਗਏ ਉਹ ਤਾਂ ਜਾ ਕੇ। ਸਮਝ ਹੀ ਨਹੀਂ ਆਉਂਦੀ। ਐਸੀ ਅਵਸਥਾ ਹੋ ਗਈ ਜਿਹੜੀ ਮਸਤਾਨਿਆਂ ਦੀ ਹੋ ਜਾਇਆ ਕਰਦੀ ਹੈ। ਸੁੱਧ-ਬੁੱਧ ਭੁੱਲ ਗਏ ਉਸ ਵੇਲੇ, ਕਾਫੀ ਦੇਰ ਦੋਵੇਂ ਹੱਥ ਜੋੜ ਕੇ ਬੈਠੀ ਰਹੀ। ਅਖੀਰ ਉਸਨੇ ਬੇਨਤੀ ਕੀਤੀ ਕਿ ਮਹਾਰਾਜ! ਮੈਂ ਦੁੱਧ ਲਿਆਈਂ ਹਾਂ ਆਪ ਦੇ ਵਾਸਤੇ। ਮਹਾਰਾਜ ਕਹਿੰਦੇ, ਕਾਕੋ! ਇਹ ਕੀ ਹੈ ਭਾਈ ਗੜਵੇ ਵਿ'ਚ?

ਕਹਿੰਦੀ, ਸੱਚੇ ਪਾਤਸ਼ਾਹ! ਤੁਸੀਂ ਤਿੰਨਾਂ ਦਿਨਾਂ ਦੇ ਭੁੱਖੇ ਬੈਠੇ ਓਂ ਤੇ ਮੈਂ ਤੁਹਾਡੇ ਵਾਸਤੇ ਦੁੱਧ ਲਿਆਈ ਹਾਂ ਤੁਸੀਂ ਪੀਓ। ਮਹਾਰਾਜ ਕਹਿੰਦੇ ਕਾਕੋ ਇਹ ਤੁਸੀਂ ਹੀ ਪੀਓ, ਤੁਸੀਂ ਹੀ ਪੀਓ। ਕਿਉਂਕਿ ਭੁੱਖ ਤੁਹਾਨੂੰ ਹੀ ਲ'ਗੀ ਹੋਈ ਹੈ, ਕਿਸੇ ਨੂੰ ਜ਼ਮੀਨ ਦੀ ਲੱਗੀ ਹੋਈ ਹੈ, ਕਿਸੇ ਨੂੰ ਜ਼ਮੀਨ ਦੀ, ਕਿਸੇ ਨੂੰ ਮਾਣ ਦੀ ਭੁੱਖ ਲੱਗੀ ਹੈ, ਤੁਹਾਨੂੰ ਬਹੁਤੀ ਭੁੱਖ ਲੱਗੀ ਹੋਈ ਹੈ। ਤੁਸੀਂ ਹੀ ਪੀਓ, ਸਾਨੂੰ ਤਾਂ ਥੋੜ੍ਹੀ ਭੁੱਖ ਹੈ। ਅੰਦਰ ਝਰਨਾਹਟ ਚਲੀ

ਗਈ ਕਿ ਮੇਰਾ ਆਦਮੀ ਰੋਜ਼ ਕਹਿੰਦਾ ਹੈ ਜ਼ਮੀਨ ਹੋਰ ਚਾਹੀਦੀ ਹੈ, ਪੈਸੇ ਆਪਣੇ ਕੋਲ ਥੋੜ੍ਹੇ ਨੇ ਹੋਰ ਚਾਹੀਦੇ ਨੇ ਤੇ ਇੱਜ਼ਤ ਨਹੀਂ ਹੋਣੀ ਆਪਣੀ ਜੇ ਵੱਡੇ ਜ਼ਿਮੀਦਾਰ ਨਹੀਂ ਬਣਦੇ। ਇਹ ਤਾਂ ਤਿੰਨੋ ਹੀ ਗੱਲਾਂ ਕਹਿ ਦਿੱਤੀਆਂ। ਉਸ ਵੇਲੇ ਬੇਨਤੀ ਕਰਨ ਲੱਗ ਗਈ ਤੇ ਕਹਿਣ ਲੱਗੀ, ਸੱਚੇ ਪਾਤਸ਼ਾਹ! ਮੇਰੇ 'ਤੇ ਕ੍ਰਿਪਾ ਕਰੋ। ਜੇ ਮੈਨੂੰ ਤੁਸੀਂ ਪਿਲਾਉਣਾ ਹੈ ਤਾਂ ਇਹ ਦੁੱਧ ਨਾ ਮੈਨੂੰ ਪਿਲਾਓ। ਮੈਨੂੰ ਤੁਸੀਂ ਪਿਲਾਓ। ਉਹ ਅਣਡਿੱਠਾ ਰਸ ਹੈ ਜੋ ਮੈਨੂੰ ਸ਼ਬਦ ਵਿੱਚੋਂ ਆਇਆ ਸੀ। ਮੈਂ ਇਹ ਮੰਗਦੀ ਹਾਂ, ਮੇਰੇ 'ਚੋਂ ਇਹ ਨਿਕਲ ਨਾ ਜਾਵੇ।

ਕਿਉਂਕਿ ਰਸ ਬੜੀ ਚੀਜ਼ ਹੈ ਸਾਧਸੰਗਤ ਜੀ! ਇੱਕ ਵਾਰੀ ਬਾਪੂ ਜੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਦੇ ਨੇ 'ਰੰਗਲੇ ਸੱਜਣ' 'ਚ, ਉਹ ਬੈਠੇ ਭਜਨ ਕਰ ਰਹੇ ਸੀ। ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਦੇ ਪਿਤਾ ਜੀ ਦੇ ਸਾਮ੍ਹਣੇ ਇੱਕ ਪਿੰਡ ਦਾ ਮਸ਼ਕਰੀਆਂ ਕਰਿਆ ਕਰਦਾ ਸੀ ਉਹ ਬੰਦਾ। ਨਾਮ ਸੀ ਗੰਗਾ ਸਿੰਘ। ਬਜ਼ੁਰਗ ਸੀ, ਮੈਂ ਉਹਨੂੰ ਮਿਲਿਆ। ਸਾਰੀ ਗੱਲ ਉਸ ਤੋਂ ਪੁੱਛੀ। ਉਹਨੇ ਕੀ ਕਰਿਆ ਸਾਂਗ ਲਾਹੁੰਣੀ ਸ਼ੁਰੂ ਕਰ ਦਿੱਤੀ, ਸਭ ਦੀ ਸਾਂਗ ਲਾਹੁੰਦਾ ਹੁੰਦਾ। ਇਨ੍ਹਾਂ ਦੇ ਹੱਥਾਂ 'ਚ ਜਿਹੜੇ ਨਾਲ ਸਿੰਘ ਬੈਠੇ ਸੀ ਉਨ੍ਹਾਂ ਕੋਲ ਮਾਲਾ ਸੀ, ਪੰਜ ਸੱਤ ਸਿੰਘ ਬੈਠੇ ਸੀ ਤੇ ਬਾਪੂ ਜੀ ਬੈਠੇ ਸੀ ਇੱਕ ਪਾਸੇ ਤੇ ਇਹ ਵੀ ਆ ਗਿਆ। ਦਰਵਾਜ਼ੇ ਦੇ ਮੂਹਰੇ ਆ ਕੇ ਲੱਜ ਨੂੰ ਜਿਵੇਂ ਮਾਲਾ ਫੇਰੀਦੀ ਹੈ ਐਸ ਤਰ੍ਹਾਂ ਲੱਜ ਲੈ ਆਇਆ ਖੂਹ ਵਾਲੀ ਵੱਡੀ ਤੇ ਉਹਦੇ ਉਤੇ ਹੱਥ ਜਿਹਾ ਮਾਰੀ ਜਾਵੇ। ਜਿਵੇਂ ਉਹ ਮਾਰਨ ਉਸੇ ਤਰ੍ਹਾਂ ਉਹ ਮਾਰੇ। ਮਸ਼ਕਰੀ ਕਰੇ। ਐਨੇ ਨੂੰ ਬਾਪੂ ਜੀ ਦੇ ਨੇਤਰ ਖੁੱਲ੍ਹ ਗਏ। ਨੇਤਰ ਖੁਲ੍ਹਣ ਦੀ ਦੇਰ ਸੀ ਕੋਈ ਐਸੀ ਦ੍ਰਿਸ਼ਟੀ ਪਈ ਦੜੰਮ ਕਰਕੇ ਧਰਤੀ 'ਤੇ ਗਿਰ ਗਿਆ। ਗਿਰਦਾ ਹੀ ਮੱਥਾ ਮਾਰੀ ਜਾਂਦਾ ਹੈ ਧਰਤੀ ਨਾਲ, ਤੇ ਬਾਪੂ ਜੀ ਨੇ ਦੇਖਿਆ ਕਿ ਇਹ ਤਾਂ ਥੱਲੇ ਗਿਰ ਗਿਆ। ਉਸ ਵੇਲੇ ਬਾਪੂ ਜੀ ਨੇ ਦੇਖਿਆ ਕਿ ਇਹ ਤਾਂ ਥੱਲੇ ਗਿਆ, ਉਸ ਵੇਲੇ ਆਪ ਨੇ ਕਿਹਾ ਕਿ ਗੰਗਾ ਸਿੰਘਾ! ਸਾਵਧਾਨ ਹੋ ਸਾਵਧਾਨ ਉਹ ਕਹਿੰਦਾ, ਹੀਰਾ ਸਿੰਆਂ! ਹੋਰ ਕੁਛ ਕਰ ਲਈਂ, ਆਹ ਜਿਹੜਾ ਮੈਨੂੰ ਸਵਾਦ ਜਿਹਾ ਆਇਆ ਹੈ, ਥੱਲੇ ਗਿਰ ਕੇ, ਤੂੰ ਮੇਰੇ ਵਲ ਦੇਖਿਆ ਹੈ ਤੇ ਪਤਾ ਨਹੀਂ ਤੂੰ ਮੇਰੇ ਅੰਦਰ ਕੀ ਭਰ ਦਿੱਤਾ ਤੇ ਮੈਨੂੰ ਤਾਂ ਇਹੋ ਜਿਹਾ ਅੱਜ ਤੱਕ ਨਹੀਂ ਆਇਆ।

ਇਸ ਤਰ੍ਹਾਂ ਸੰਤਾਂ ਨੇ ਨਾਮ ਦੇ ਧਨ ਨੂੰ ਅੰਦਰ ਜਮ੍ਹਾਂ ਕੀਤਾ ਹੁੰਦਾ, ਉਹ ਨਾਮ ਨੂੰ ਕੋਈ ਸਹਿ ਨਹੀਂ ਸੀ ਸਕਿਆ ਕਰਦਾ।

ਇੱਕ ਵਾਰੀ ਬਾਬਾ ਰਾਮ ਸਿੰਘ ਜੀ ਨੂੰ ਕਿਹਾ ਕਿ ਤੁਸੀਂ ਉੱਚੀ ਵਾਹਿਗੁਰੂ ਕਿਉਂ ਨਹੀਂ ਕਹਿੰਦੇ? ਸਤਿਨਾਮ ਕਿਉਂ ਕਹਿੰਦੇ ਓਂ, ਵਾਹਿਗੁਰੂ ਨਹੀਂ ਕਹਿੰਦੇ। ਉਹ ਕਹਿਣ ਲੱਗੇ, ਪ੍ਰੇਮੀਓਂ! ਇਹਨੂੰ ਸਹਿ ਨਹੀਂ ਸਕਦਾ

ਕੋਈ। ਫੋਕੇ ਫਾਇਰ ਤਾਂ ਸਹਿ ਜਾਂਦਾ ਹੈ ਜਦੋਂ ਭਰਿਆ ਹੋਇਆ ਚੱਲ ਗਿਆ ਧਮਾਕਾ ਨਹੀਂ ਸਹਿ ਹੋਣਾ ਕਿਸੇ ਤੋਂ ਵੀ। ਉਹਨੇ ਤਰਕ ਕਰੀ ਕਹਿੰਦਾ ਇਹ ਕਿਹੜੀ ਗੱਲ ਹੈ? ਕਹਿੰਦੇ ਕੱਲ੍ਹ ਨੂੰ ਆ ਜਾਇਓ। ਨਵੀਂ ਸੰਗਤ ਸੀ ਅਜੇ ਪ੍ਰਭਾਵ 'ਚ ਆਈ ਨਹੀਂ ਸੀ। ਉਸ ਵੇਲੇ ਬਾਬਾ ਜੀ! ਕਹਿਣ ਲੱਗੇ, ਇੱਕ ਬਾਣ ਦੀ ਰੱਸੀ ਲੈ ਆਓ। ਜਿੰਨੀ ਸੰਗਤ ਬੈਠੀ ਹੈ ਸਾਰੀ ਫੜ ਲਓ। ਪਿੰਨਾ ਖੋਲ੍ਹਦੇ ਗਏ ਸਾਰੇ ਰੱਸੀ ਫੜਦੇ ਗਏ। ਕਹਿੰਦੇ, ਸਾਰਿਆਂ ਨੇ ਫੜ ਲਈ। ਇੱਕ ਪਾਸਾ ਆਪ ਫੜ ਲਿਆ। ਕਹਿੰਦੇ ਲਓ, ਸਟੇਜ 'ਤੇ ਖੜ੍ਹੇ ਹੋ ਗਏ। ਕਹਿੰਦੇ ਲਓ ਪ੍ਰੇਮੀਓਂ! ਛੱਤੀ ਜੁੱਗ ਕਮਾਇਆ ਹੋਇਆ ਨਾਮ ਮੈਂ ਉੱਚੀ ਬੋਲਣ ਲੱਗਿਆ ਹਾਂ। ਇਹ ਨਾਮ ਓਹੀ ਹੈ ਜਿਹੜਾ ਬਗਦਾਦ ਦੇ ਵਿੱਚ ਗੁਰੂ ਨਾਨਕ ਪਾਤਸ਼ਾਹ ਨੇ ਬਾਂਗ ਦਿੱਤੀ ਸੀ ਤੇ ਸਾਰੀ ਬਗਦਾਦ ਦੀ ਨਗਰੀ ਸੁੰਨ ਮੁੰਨ ਹੋ ਗਈ ਸੀ। ਪੀਰ ਹੈਰਾਨ ਹੋ ਗਿਆ ਕਿ ਐਨੀ ਆਵਾਜ਼, ਐਨੀ force ਏਸ ਆਵਾਜ਼ 'ਚ ਕਿ ਸਾਰਾ ਨਗਰ ਹੀ ਸੁੰਨ-ਮੁੰਨ ਕਰ ਦਿਤਾ। ਕਹਿੰਦੇ ਲਓ ਮੈਂ ਨਾਮ ਉਹ ਨਾਮ ਮੈਂ ਉੱਚੀ ਬੋਲਣ ਲੱਗਿਆ ਹਾਂ। ਜਿਸ ਵਕਤ ਬਾਬਾ ਜੀ ਨੇ ਵਾਹਿਗੁਰੂ ਮੰਤ੍ਰ ਉੱਚੀ ਬੋਲਿਆ, ਐਸਾ ਇਤਿਹਾਸ 'ਚ ਲਿਖਿਆ ਹੋਇਆ ਹੈ ਕਿ ਸਾਰੇ ਜਿੰਨੇ ਪ੍ਰੇਮੀ ਬੈਠੇ ਸੀ ਬੇਸੁਧ ਹੋ ਗਏ, ਹੋਸ਼ ਹੀ ਨਾ ਰਹੀ, ਸਾਰਿਆਂ ਦੇ ਅੰਦਰ ਨਾਮ ਦੀ ਧੁਨ ਚੱਲ ਰਹੀ ਹੈ।

ਇਹ ਗੱਲਾਂ ਹੁਣ ਨਹੀਂ ਹੁੰਦੀਆਂ। ਕਿਉਂਕਿ ਉਹ ਕਮਾਈ ਨਹੀਂ ਰਹੀ ਸਾਧਸੰਗਤ ਜੀ। ਸਾਡੇ ਵਿਚੋਂ ਨਾਮ ਨਿਕਲ ਗਿਆ। ਮਹਾਰਾਜ ਕਹਿੰਦੇ ਸੀ ਜਦੋਂ ਸਾਡੇ ਵਿਚੋਂ ਨਾਮ ਨਿਕਲ ਜਾਏਗਾ, ਉਸ ਵੇਲੇ ਗਧੇ 'ਤੇ ਖੱਲ ਪਾ ਕੇ ਸ਼ੇਰ ਦੀ ਉਹ ਦ੍ਰਿਸ਼ਟਾਂਤ ਦਿਖਾਇਆ ਸੀ ਕਿ ਫੇਰ ਤੁਹਾਡੀ ਆਹ ਸ਼ਕਲ ਤਾਂ ਸ਼ੇਰ ਦੀ ਰਹਿ ਜਾਏਗੀ। ਲੇਕਿਨ ਜਿਹੜੀ ਆਹ ਤਾਕਤ ਮੈਂ ਦਿੱਤੀ ਹੈ ਤੁਹਾਨੂੰ -

***ਜਬ ਲਗ ਖਾਲਸਾ ਰਹੇ ਨਿਆਰਾ।***
***ਤਬ ਲਗ ਤੇਜ ਦੀਓ ਮੈ ਸਾਰਾ।***
***ਜਬ ਇਹ ਗਏ ਬਿਪਰਨ ਕੀ ਰੀਤ।***
***ਮੈਂ ਨਾ ਕਰੌਂ ਇਨ ਕੀ ਪਰਤੀਤ।***

ਅਸੀਂ ਹੋਰ ਪਾਸੇ ਗੱਲ ਲੈ ਗਏ। ਮਹਾਰਾਜ ਨੇ ਹੋਰ ਗੱਲ ਕਹੀ ਸੀ ਉਹ ਅੰਦਰੋਂ ਨਾਮ ਦੀ ਸ਼ਕਤੀ ਨਿਕਲਣ ਦੇ ਨਾਲ ਮਹਾਰਾਜ ਕਹਿੰਦੇ ਤੁਸੀਂ ਫੇਰ ਖੁਆਰ ਹੋਵੋਂਗੇ। ਬੁਰੀ ਤਰ੍ਹਾਂ ਖੁਆਰ ਹੋਵੋਂਗੇ। ਤੁਹਾਡੀ ਇੱਜ਼ਤ, ਤੁਹਾਡਾ ਮਾਣ ਸਭ ਮਿਟ ਜਾਏਗਾ। ਜਿਸ ਤਰ੍ਹਾਂ ਇੱਕ ਗਧੇ ਨੂੰ ਘੁਮਾਰ ਨੇ ਫੜ ਲਿਆ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਦੇ ਮੁੱਖ ਤੋਂ ਜਦੋਂ ਵਾਹਿਗੁਰੂ ਨਿਕਲਦਾ ਹੈ ਉਹ ਰੋਮ-ਰੋਮ ਦੇ ਵਿੱਚ ਪ੍ਰਵੇਸ਼ ਕਰ ਗਿਆ।

ਜਦੋਂ ਬੀਬੀ ਨੇ, ਧਿਆਨ ਦੇ ਕੇ ਦੇਖਿਆ, ਪਹਿਲਾਂ ਪੰਛੀਆਂ ਦੀ ਬੋਲੀ ਸੁਣਦੀ ਸੀ। ਲੇਕਿਨ ਹੁਣ ਨਹੀਂ ਸੁਣਦੀ, ਹੁਣ ਪੰਛੀਆਂ ਦੇ ਮੁੱਖ ਤੋਂ ਵੀ ਓਹੀ ਨਾਮ ਦੀ ਧੁਨ ਆ ਰਹੀ ਹੈ –

*ਧਾਰਨਾ – ਨਾਮ ਹਰੀ ਦਾ ਜਪਦੇ ਸਾਰੇ ਵਣਾਂ ਦੇ ਪੰਖੇਰੂ।*
*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ – 1265*
*ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥*
*ਅੰਗ – 1420*

ਬੰਦਗੀ ਕਰਨ ਵਾਲੇ ਨੂੰ ਹਲਟ ਦੀ ਘੂੰ-ਘੂੰ ਨਹੀਂ ਸੁਣਦੀ, ਤੂੰ-ਤੂੰ ਸੁਣਦੀ ਹੈ। ਇਸ ਤਰ੍ਹਾਂ ਦੇ ਨਾਲ ਪੰਛੀਆਂ ਵੱਲ ਦੇਖਦੀ ਹੈ, ਪੰਛੀ ਬੋਲ ਰਹੇ ਨੇ ਤੇ ਅੰਦਰੋਂ ਇਹਦੇ ਆਵਾਜ਼ ਆ ਰਹੀ ਹੈ ਬਗੈਰ ਬੋਲਣ ਤੋਂ। ਲੇਕਿਨ ਸੁਣ ਰਹੀ ਹੈ। ਪੰਛੀਆਂ ਦੀ ਆਵਾਜ਼ ਨਾਲ ਵਾਹਿਗੁਰੂ-ਵਾਹਿਗੁਰੂ ਦੀ ਧੁਨੀ ਆ ਰਹੀ ਹੈ ਚਾਰੋਂ ਪਾਸੇ। ਦਰਖਤਾਂ ਵਲ ਦੇਖਣ ਲੱਗ ਗਈ। ਦਰਖਤਾਂ ਨੂੰ ਜੀਭਾਂ ਲੱਗੀਆਂ ਹੋਈਆਂ ਨੇ ਤੇ ਉਹ ਵੀ ਪਰਤੀਤ ਦਿੰਦਾ ਹੈ ਕਿ ਨਾਮ ਜਪਦੇ ਨੇ ਤੇ ਘਾਹ ਨੂੰ ਦੇਖਣ ਲੱਗ ਗਈ ਉਹ ਵੀ ਨਾਮ ਜਪਦਾ ਹੈ, ਫਸਲ ਨੂੰ ਦੇਖਣ ਲੱਗ ਗਈ, ਫਸਲ ਨਾਮ ਜਪ ਰਹੀ ਹੈ। ਸਾਮ੍ਹਣੇ ਦਰਿਆ ਨੂੰ ਦੇਖਣ ਲੱਗ ਗਈ ਦਰਿਆ ਨਾਮ ਜਪ ਰਿਹਾ ਹੈ। ਧਰਤੀ ਨੂੰ ਦੇਖਣ ਲੱਗ ਗਈ, ਧਰਤੀ ਨਾਮ ਜਪਦੀ ਹੈ। ਪ੍ਰਤੱਖ ਦੇਖ ਲਿਆ ਜਿਸ ਤਰ੍ਹਾਂ ਮਹਾਰਾਜ ਦਾ ਫੁਰਮਾਨ ਹੈ –

*ਧਾਰਨਾ – ਧਰਤ ਪਾਤਾਲ ਤੇ ਕੁਦਰਤ ਸਾਰੀ,*
*ਨਾਮ ਧਿਆਵੇ ਹਰੀ ਦਾ।*

ਜਿਧਰ ਦੇਖਦੀ ਹੈ, ਜਿਧਰ ਨਿਗ੍ਹਾ ਜਾਂਦੀ ਹੈ ਜੋ ਕੁਛ ਸੁਣਦੀ ਹੈ ਹੈਰਾਨ ਹੋ ਗਈ ਕਿ ਇਹ ਸਭ ਨੂੰ ਜੀਭਾਂ ਲੱਗ ਗਈਆਂ ਤੇ ਮੇਰੇ ਨਾਲ ਹੀ ਨਾਮ ਜਪ ਰਹੇ ਨੇ ਸਾਰੇ ਇਕੱਠੇ ਹੋ ਕੇ। ਇਹ ਇੱਕ ਅਵਸਥਾ ਹੈ ਸਾਧਸੰਗਤ ਜੀ। ਮਹਾਰਾਜ ਫੁਰਮਾਨ ਕਰਦੇ ਨੇ ਕਿ –

*ਧਰਤਿ ਪਾਤਾਲੁ ਆਕਾਸੁ ਹੈ ਮੇਰੀ ਜਿੰਦੁੜੀਏ*
*ਸਭ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਪਉਣੁ ਪਾਣੀ ਬੈਸੰਤਰੋ ਮੇਰੀ ਜਿੰਦੁੜੀਏ*
*ਨਿਤ ਹਰਿ ਹਰਿ ਹਰਿ ਜਸੁ ਗਾਵੈ ਰਾਮ ॥*
*ਵਣੁ ਤ੍ਰਿਣੁ ਸਭੁ ਆਕਾਰੁ ਹੈ ਮੇਰੀ ਜਿੰਦੁੜੀਏ*
*ਮੁਖਿ ਹਰਿ ਹਰਿ ਨਾਮੁ ਧਿਆਵੈ ਰਾਮ ॥*
*ਨਾਨਕ ਤੇ ਹਰਿ ਦਰਿ ਪੈਨ੍ਹਾਇਆ ਮੇਰੀ ਜਿੰਦੁੜੀਏ*
*ਜੋ ਗੁਰਮੁਖਿ ਭਗਤਿ ਮਨੁ ਲਾਵੈ ਰਾਮ ॥ ਅੰਗ – 540*

ਇੱਕ ਵਾਰੀ ਸੰਤ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ, ਆਪ ਬਾਬਾ ਸੁੰਦਰ ਸਿੰਘ ਜੀ ਦੀ ਸੇਵਾ 'ਚ ਨੇ, ਬੋਪਾਰਾਏ ਵਾਲਿਆਂ ਦੀ। ਆਪ ਨੇ

ਇੱਕ ਦਿਨ ਬੇਨਤੀ ਕੀਤੀ, ਸਰੀਰ ਆਪ ਦਾ ਥੋੜ੍ਹਾ ਸਵੱਸਥ ਨਹੀਂ ਸੀ, ਬਾਬਾ ਸੁੰਦਰ ਸਿੰਘ ਜੀ ਦਾ। ਇੱਕ ਡਾਕਟਰ ਦੀਵਾਨ ਸਿੰਘ ਨਾਮ ਦਾ ਦੇਖਣ ਵਾਸਤੇ ਆਇਆ, ਜਦੋਂ ਟੂਟੀਆ ਲਾ ਕੇ ਦੇਖਣ ਲੱਗਿਆ ਤਾਂ ਬੀਮਾਰੀ ਦੀ ਕੋਈ ਆਵਾਜ਼ ਨਹੀਂ ਆ ਰਹੀ ਸਰੀਰ 'ਚੋਂ। ਹੈਰਾਨ ਹੋ ਗਿਆ, ਬਾਰ-ਬਾਰ ਲਾਉਂਦਾ ਹੈ, ਕਦੇ ਕਿਤੇ, ਕਦੇ ਕਿਤੇ। ਬਾਬਾ ਜੀ ਕਹਿਣ ਲੱਗੇ, ਡਾਕਟਰ ਜੀ! ਇਹ ਪਹਿਲਾਂ ਤਾਂ ਛਾਤੀ 'ਤੇ ਲਾਉਂਦੇ ਹੁੰਦੇ। ਤੁਸੀਂ ਤਾਂ ਕਦੇ ਕਿਤੇ ਲਾਉਂਦੇ ਓਂ ਕਦੇ ਕਿਤੇ, ਲੱਤਾਂ 'ਤੇ ਵੀ ਲਾਉਂਦੇ ਓਂ, ਪੈਰਾਂ 'ਤੇ ਵੀ ਲਾਉਂਦੇ ਓਂ। ਮੱਥਾ ਟੇਕ ਦਿੱਤਾ, ਕਹਿੰਦਾ ਮਹਾਰਾਜ! ਤੁਹਾਡੀਆਂ ਤੁਸੀਂ ਜਾਣੋ। ਕਹਿੰਦੇ ਕੀ ਗੱਲ? ਕਹਿੰਦੇ ਕੋਈ ਥਾਂ ਨਹੀਂ ਹੈ ਜਿੱਥੋਂ ਵਾਹਿਗੁਰੂ ਦੀ ਆਵਾਜ਼ ਨਹੀਂ ਆ ਰਹੀ। ਸਾਰੇ ਸਰੀਰ 'ਚੋਂ ਵਾਹਿਗੁਰੂ-ਵਾਹਿਗੁਰੂ ਦੀ ਧੁਨ ਉੱਠ ਰਹੀ ਹੈ। ਐਨਾ ਨਾਮ 'ਚ ਲੀਨ ਹੋਏ-ਹੋਏ ਮਹਾਂਪੁਰਸ਼ ਕਿ ਸਾਰਾ ਸਰੀਰ ਹੀ ਨਾਮ ਰੂਪ ਬਣ ਗਿਆ। ਸੰਤ ਗੁਰਬਚਨ ਸਿੰਘ ਜੀ ਕਹਿਣ ਲੱਗੇ ਮਹਾਰਾਜ! ਐਸਾ ਫੁਰਮਾਨ ਆਉਂਦਾ ਹੈ ਕਿ ਸਾਰੀ ਕੁਦਰਤ ਨਾਮ ਜਪਦੀ ਹੈ। ਕਹਿੰਦੇ, ਕੰਨ ਲਾ ਤਾਂ ਦਰਵਾਜ਼ੇ ਨੂੰ। ਦਰਵਾਜ਼ੇ ਨੂੰ ਕੰਨ ਲਾਇਆ। ਕਹਿੰਦੇ ਕੀ ਸੁਣਦਾ ਹੈ? ਕਹਿੰਦੇ, ਵਾਹਿਗੁਰੂ-ਵਾਹਿਗੁਰੂ। ਕੰਧ ਨੂੰ ਲਾ। ਜਦੋਂ ਕੰਧ ਨੂੰ ਲਾਇਆ ਤਾਂ ਕੰਧ ਵਿਚੋਂ ਵੀ ਓਹੀ ਆਵਾਜ਼ ਆਉਂਦੀ ਹੈ। ਕਹਿੰਦੇ ਸਾਰੀ ਕੁਦਰਤ ਨਾਮ ਦੇ ਸਹਾਰੇ ਖੜ੍ਹੀ ਹੈ -

***ਨਾਮ ਕੇ ਧਾਰੇ ਸਗਲੇ ਜੰਤ ॥***
***ਨਾਮ ਕੇ ਧਾਰੇ ਖੰਡ ਬ੍ਰਹਮੰਡ ॥***
***ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥***
***ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥*** ***ਅੰਗ - 284***

ਇਹ ਸਾਰੀ ਚੀਜ਼ ਨਾਮ ਦੇ ਆਸਰੇ ਖੜ੍ਹੀ ਹੈ, ਨਾਮ ਦੀ ਧੁਨ ਹੋ ਰਹੀ ਹੈ ਸਾਰਿਆਂ ਦੇ ਅੰਦਰ। ਉਹ ਧੁਨ ਸਮਾਈ ਹੋਈ ਹੈ -

***ਪ੍ਰਿਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋ ਰਹਾ।***

ਮਹਾਰਾਜ ਕਹਿੰਦੇ ਕੋਈ ਥਾਂ ਨਹੀਂ ਜਿੱਥੇ ਨਾਮ ਦੀ ਧੁਨ ਨਹੀਂ। ਸੋ ਇਸ ਤਰ੍ਹਾਂ ਦੇ ਨਾਲ ਬੀਬੀ ਵੱਡੇ ਭਾਗਾਂ ਵਾਲੀ ਹੋ ਗਈ। ਜਿਹਨੂੰ ਕਹਿੰਦੇ ਨੇ ਧੰਨੀ ਹੋ ਗਈ, ਅਸੀਂ ਤਾਂ ਐਵੇਂ ਹੀ ਨਾਉਂ ਰੱਖ ਲੈਂਦੇ ਹਾਂ ਧੰਨੀ। ਧੰਨੀ ਉਹਨੂੰ ਕਹਿੰਦੇ ਨੇ ਜਿਹਨੂੰ ਸਭ ਤੋਂ ਉੱਚੀ ਚੀਜ਼ ਮਿਲ ਜਾਵੇ ਤੇ ਇਹ ਬੀਬੀ ਨੂੰ ਮਿਲ ਗਿਆ ਨਾਮ ਤੇ ਗੁਰੂ ਨਾਨਕ ਪਾਤਸ਼ਾਹ ਦੇ ਮੁਖਾਰਬਿੰਦ ਤੋਂ, ਕਿੰਨੀ ਭਾਗਾਂ ਵਾਲੀ ਹੋਈ। ਕਿੰਨੀ ਉਹਦੀ ਘਾਲ-ਕਮਾਈ ਹੋਏਗੀ ਕਿਸੇ ਜਨਮ ਦੀ ਦੁੱਧ ਲੈ ਕੇ ਆਈ ਹੈ, ਦੁੱਧ ਪਿਲਾਇਆ ਨਹੀਂ ਹੈ ਲੇਕਿਨ ਬੇਨਤੀ ਕਰ ਦਿੱਤੀ। ਮਹਾਰਾਜ ਕਹਿੰਦੇ, ਤੂੰ ਪੀ ਲੈ ਬੀਬਾ! ਤੁਹਾਡੇ ਲੋਕਾਂ ਨੂੰ ਭੁੱਖ ਹੁੰਦੀ ਹੈ ਕਹਿੰਦੀ ਨਾ ਬਾਬਾ ਜੀ! ਮਹਾਰਾਜ! ਜੇ ਮੈਨੂੰ ਪਿਲਾਉਣਾ ਹੈ ਤਾਂ ਜਿਹੜਾ ਰਸ ਜਿਹਾ ਆਇਆ ਹੈ ਆਹ ਪਿਲਾ ਦਿਓ

ਮੈਨੂੰ। ਵਾਹਿਗੁਰੂ ਉਚਾਰਨ ਦੀ ਦੇਰ ਸੀ ਤੇ ਨਾਮ ਹੀ ਸੁਣਦਾ ਹੈ। ਹੁਣ ਚਾਰੇ ਪਾਸੇ ਧਿਆਨ ਦਿੰਦੀ ਹੈ ਤੇ ਸੁਣਾਈ ਕੀ ਦੇ ਰਿਹਾ ਹੈ, ਪੜ੍ਹੋ ਪਿਆਰ ਨਾਲ –

***ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-***
***ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-***
***........................।***

ਇੱਕ ਧੁਨ ਲੱਗ ਗਈ, ਇੱਕ ਟਕ ਲੱਗ ਗਈ, ਹੁਣ ਭੁੱਲ ਨਹੀਂ ਰਹੀ। ਧਿਆਨ ਆਇਆ ਕਿ ਮੈਂ ਦੁੱਧ ਤਾਂ ਅਜੇ ਪਿਲਾਇਆ ਹੀ ਨਹੀਂ ਮੈਂ ਤਾਂ ਕਿਸੇ ਹੋਰ ਹੀ ਗੱਲ 'ਚ ਪੈ ਗਈ। ਨਮਸ਼ਕਾਰ ਕਰੀ, ਪਾਤਸ਼ਾਹ! ਮੈਂ ਦੁੱਧ ਪਿਲਾਉਣ ਵਾਸਤੇ ਲਿਆਈ ਸੀ। ਕਹਿੰਦੇ, ਲਿਆ ਬੇਟਾ! ਲਿਆ ਕਾਕੋ! ਹੁਣ ਤੇਰਾ ਦੁੱਧ ਪੀਈਏ। ਕਿਉਂਕਿ ਨਾਮ ਜਿਹੜਾ ਵਾਹਿਗੁਰੂ ਹੈ ਸਾਧਸੰਗਤ ਜੀ! ਵਾਹਿਗੁਰੂ ਐਵੇਂ ਅੱਖਰ ਨਹੀਂ ਹੈ। ਇਹ ਚਾਰ ਅੱਖਰਾਂ ਦੇ ਵਿੱਚ ਰੱਬ ਵਸਦਾ ਹੈ। ਇਹਦੇ ਉਤੇ ਵਿਸ਼ਵਾਸ਼ ਲਿਆਓ। ਜੇ ਵਿਸ਼ਵਾਸ਼ ਇਹ ਹੋਵੇ ਕਿ ਵਾਹਿਗੁਰੂ ਕਹਿੰਦੇ ਸਾਰ ਮੇਰੀ ਸੁਰਤ ਵਾਹਿਗੁਰੂ ਨਾਲ ਲ'ਗਣੀ ਹੈ, ਫੇਰ ਤਾਂ ਮਨ ਦੌੜਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿਉਂਕਿ ਵਿਸ਼ਵਾਸ਼ ਨਹੀਂ ਅਸੀਂ ਬਹੁਤ ਨੀਵੇਂ ਰਹਿ ਰਹੇ ਹਾਂ, ਬਹੁਤ ਹੇਠਾਂ ਪਏ ਹਾਂ। ਗਲਤ ਥਾਂ ਦੇ ਉਤੇ ਪਏ ਹਾਂ, ਗੰਦ ਮੰਦ ਦੇ ਵਿੱਚ ਜੀਉਂਦੇ ਹਾਂ ਅਸੀਂ। ਗੰਦ ਮੰਦ ਦੇ ਰਸ ਭੋਗ ਰਹੇ ਹਾਂ, ਨਾਮ ਦਾ ਰਸ ਸਾਨੂੰ ਪਤਾ ਨਹੀਂ ਲੱਗ ਸਕਿਆ। ਮਾਇਆ ਦੇ ਰਸ ਨੇ ਕਠੋਰ ਬਣਾ ਦਿੱਤਾ ਸਾਨੂੰ, ਕੋਰੜੂ ਮੋਠ ਬਣਾ ਦਿੱਤਾ ਤੇ ਇਹ ਸਾਨੂੰ ਸਮਝ 'ਚ ਹੀ ਨਹੀਂ ਆ ਰਹੀ ਕਿ ਗੱਲ ਕੀ ਹੋ ਰਹੀ ਹੈ। ਵਾਹਿਗੁਰੂ ਜੀ ਕਹਿੰਦੇ ਨੇ ਕਿ –

***ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥***

***ਅੰਗ – 55***

ਆਹ ਜਿਹੜਾ ਵਾਹਿਗੁਰੂ ਸ਼ਬਦ ਹੈ ਇਹਦੇ 'ਚ ਮੈਂ ਵਸਦਾ ਹਾਂ। ਹਰ ਸ਼ਬਦ ਦੇ ਵਿੱਚ ਦੋ ਚੀਜ਼ਾਂ ਹੁੰਦੀਆਂ ਨੇ। ਇੱਕ ਤਾਂ ਉਹਦੀ ਸ਼ਕਲ ਹੋਇਆ ਕਰਦੀ ਹੈ। ਇੱਕ ਉਹਦੀ ਸ਼ਕਤੀ ਹੋਇਆ ਕਰਦੀ ਹੈ। ਵਾਹਿਗੁਰੂ ਹੈ ਇੱਕ ਧੁਨ, ਇਹਦੀ ਸ਼ਕਤੀ ਕੀ ਹੈ ਵਾਹਿਗੁਰੂ। ਜੋ ਅਸਲੀ ਵਾਹਿਗੁਰੂ ਹੈ, ਜਿਹਦਾ ਨਾਮ ਨਹੀਂ ਕੋਈ ਵੀ ਹੈ। ਸੋ ਨਾਉਂ ਦੇ ਅੰਦਰ ਉਹ ਵਸਦਾ ਹੈ, ਜਿਹੜਾ ਨਾਮ ਹੈ ਜਦੋਂ ਮਨ ਵਿੱਚ ਵਸ ਜਾਂਦਾ ਹੈ, ਸਮਝ ਲਓ ਵਾਹਿਗੁਰੂ ਮਨ 'ਚ ਵਸ ਗਿਆ। ਫੇਰ ਨਹੀਂ ਇਹ ਭੁੱਲਦਾ। ਸੋ ਜੋ ਵਾਹਿਗੁਰੂ ਦੇ ਨਾਮ ਵਿੱਚ ਰਸ ਹੈ, ਪ੍ਰਕਾਸ਼ ਹੈ, ਸ਼ਬਦ ਦੀ ਧੁਨ ਹੈ ਤੇ ਜਾਂ ਸਾਕਾਰ ਹੈ ਇਹ ਚਾਰੋਂ ਚੀਜ਼ਾਂ ਦੇ ਵਿੱਚ ਵਾਹਿਗੁਰੂ ਦੇ ਦਰਸ਼ਨ ਹੋਇਆ ਕਰਦੇ ਨੇ। ਜਦੋਂ ਇਹ ਆ ਜਾਣ ਸਮਝ ਲਓ ਵਾਹਿਗੁਰੂ ਜੀ ਦੇ ਦਰਸ਼ਨ ਰਸ ਰੂਪ 'ਚ ਹੋਣੇ ਸ਼ੁਰੂ ਹੋ ਗਏ। ਹੁਣ ਪ੍ਰਕਾਸ਼ ਰੂਪ 'ਚ ਸ਼ੁਰੂ ਹੋ ਗਏ।

ਹੁਣ ਅਨਹਦ ਦੇ ਵਿੱਚ ਸ਼ੁਰੂ ਹੋ ਗਏ ਤੇ ਹੁਣ ਸਾਕਾਰ ਦੇ ਵਿੱਚ ਸ਼ੁਰੂ ਹੋ ਗਏ।

ਸੋ ਉਸ ਵੇਲੇ ਮਹਾਰਾਜ ਜੀ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ! ਆਪ ਕ੍ਰਿਪਾ ਕਰੋ, ਦੁੱਧ ਪੀ ਲਓ। ਮਹਾਰਾਜ ਜੀ ਕਹਿਣ ਲੱਗੇ ਕਿ ਚਾਰ ਹਿੱਸੇ ਕਰ ਲੈ ਭਾਈ। ਬੜੇ ਪਿਆਰ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਦੁੱਧ ਛਕਿਆ, ਮਰਦਾਨੇ ਨੇ, ਭਾਈ ਬਾਲੇ ਨੇ ਤੇ ਇੱਕ ਛਾਂਦਾ ਬੀਬੀ ਨੂੰ ਦਿੱਤਾ। ਰਸ ਦੇ ਵਿੱਚ ਮਖਮੂਰ ਹੋਈ-ਹੋਈ ਮੱਥਾ ਟੇਕਿਆ, ਉਸ ਤੋਂ ਬਾਅਦ ਘਰ ਚਲੀ ਜਾਂਦੀ ਹੈ। ਘਰ ਗਈ ਪੈਰ ਨਹੀਂ ਲਗਦੇ ਧਰਤੀ 'ਤੇ। ਕੋਈ ਅਜੀਬ ਖੁਸ਼ੀ ਚੜ੍ਹ ਗਈ। ਸਰੀਰ 'ਚ ਝਰਨ੍ਹਾਟਾਂ ਆਈ ਜਾਂਦੀਆਂ ਨੇ। ਕੋਈ ਫਿਕਰ ਨਹੀਂ ਹੈ, ਮੂੰਹ ਤੋਂ ਕੁਛ ਗਾਉਂਦੀ ਫਿਰਦੀ ਹੈ ਜੋ ਸੁਣਿਆ ਹੋਇਆ ਸੀ। ਓਹੀ ਗਾਈ ਜਾਂਦੀ ਹੈ ਸ਼ਬਦ। ਹੈਰਾਨ ਹੁੰਦੀ ਹੈ ਆਪਣੇ ਆਪ ਤੋਂ। ਗੁਆਂਢਣਾਂ ਆ ਗਈਆਂ, ਦੇਖਿਆ ਕਿ ਇਹ ਤਾਂ ਕੁਛ ਹੋਰ ਹੀ ਤਰ੍ਹਾਂ ਦੀ ਹੋਈ ਪਈ ਹੈ। ਬੜੀ ਮਿੱਠੀ ਹੋ ਗਈ, ਪਿਆਰ ਨਾਲ ਬੁਲਾਉਂਦੀ ਹੈ, ਬਚਨ ਐਨੇ ਮਿੱਠੇ ਕਰਦੀ ਹੈ ਹੈਰਾਨ ਰਹਿ ਗਈਆਂ ਸਾਰੀਆਂ ਕਿ ਇਹ ਤੈਨੂੰ ਕਿੱਥੋਂ ਆ ਗਈਆ ਗੱਲਾਂ। ਐਨੀ ਮਿਠਾਸ ਤੇਰੇ ਮਨ 'ਚ ਆ ਗਈ ਸਾਧਸੰਗਤ ਜੀ! ਜੇ ਨਾਮ ਅੰਦਰ ਹੋਵੇ, ਕੁੜੱਤਣ ਨਹੀਂ ਰਿਹਾ ਕਰਦੀ। ਫਿੱਕਾਪਣ ਨਹੀਂ ਰਹਿੰਦਾ, ਜਿਹੜਾ ਫਿੱਕਾ ਬੋਲਦਾ ਹੈ ਮਹਾਰਾਜ ਕਹਿੰਦੇ -

***ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ ॥***

***ਅੰਗ - 473***

ਫਿੱਕਾ ਬੋਲਣ ਵਾਲੇ ਦੇ ਮੂੰਹ 'ਤੇ ਥੁੱਕਾਂ ਪੈਂਦੀਆਂ ਨੇ, ਦਰਗਾਹ 'ਚੋਂ ਸੁੱਟਿਆ ਜਾਂਦਾ ਹੈ। ਨਾਮ ਰਸੀਆ ਫਿੱਕਾ ਨਹੀਂ ਬੋਲਦਾ। ਨਾਮ ਦੇ ਵਿੱਚ ਮਿਠਾਸ ਹੈ, ਉਸ ਮਿਠਾਸ ਦੇ ਵਿੱਚੋਂ ਸ਼ਬਦ ਬੋਲਦਾ ਹੈ ਤੇ ਮੋਂਹਦਾ ਚਲਿਆ ਜਾਂਦਾ ਹੈ। ਸੋ ਜਦੋਂ ਗੱਲਬਾਤ ਕਰਦੀ ਹੈ, ਉਸ ਵੇਲੇ ਸਾਰੇ ਹੈਰਾਨ ਹੁੰਦੇ ਨੇ। ਹੁਣ ਰੋਜ਼ ਜਾਂਦੀ ਹੈ, ਦਰਸ਼ਨ ਕਰਨ ਜਾਂਦੀ ਹੈ, ਪਹਿਲਾਂ ਆਪਣੇ ਘਰਵਾਲੇ ਨੂੰ ਉਥੇ ਹਲ ਚਲਾਉਂਦਾ ਹੈ, ਉਥੇ ਪ੍ਰਸ਼ਾਦਾ ਦੇ ਆਉਂਦੀ ਹੈ, ਉਸ ਤੋਂ ਬਾਅਦ ਆਉਂਦੀ ਹੈ ਥੋੜ੍ਹੀ ਦੇਰ ਬੈਠ ਕੇ ਫੇਰ ਵਾਪਸ ਆ ਜਾਂਦੀ ਹੈ। ਫੇਰ ਚਲੀ ਜਾਂਦੀ ਹੈ ਤੀਜੇ ਪਹਿਰ, ਦੁੱਧ ਲੈ ਕੇ, ਦੁੱਧ ਪਿਲਾ ਕੇ ਆਉਂਦੀ ਹੈ। ਜਦੋਂ ਪੰਜ ਸੱਤ ਦਿਨ ਲੰਘ ਗਏ ਤੇ ਉਹਦੀ ਖੁਸ਼ੀ ਤੇ ਨੁਹਾਰ ਬਦਲਦੀ ਤੁਰੀ ਜਾ ਰਹੀ ਹੈ ਰੋਜ਼ ਦੀ ਰੋਜ਼। ਗੁਆਂਢਣਾਂ ਜਿਹੜੀਆਂ ਰੋਜ਼ ਕੋਲ ਆ ਕੇ ਗੱਪਾਂ ਮਾਰਿਆ ਕਰਦੀਆਂ ਸੀ, ਹੁਣ ਉਹ ਇਸ ਗੱਲ ਦੇ ਵਿੱਚ ਆਉਂਦੀ ਨਹੀਂ। ਉਹ ਪਹਿਲਾਂ ਹੀ ਚਲੀ ਜਾਂਦੀ ਹੈ, ਉਨ੍ਹਾਂ ਨੂੰ ਬੜਾ ਮਹਿਸੂਸ ਹੋਇਆ ਕਿ ਇਹ ਜਾਂਦੀ ਕਿੱਥੇ ਹੈ? ਰੋਜ਼ ਤੁਰ ਜਾਂਦੀ ਹੈ ਗੜਵਾ ਚੁਕ ਕੇ, ਕੀਹਨੂੰ ਦੁੱਧ ਪਿਲਾਉਂਦੀ ਹੈ। ਕਿਸੇ ਨੇ ਦੇਖ ਲਿਆ ਕਿ ਉਥੇ ਇੱਕ ਸੰਤ ਆਏ ਹੋਏ ਨੇ, ਉਨ੍ਹਾਂ ਨੂੰ ਦੁੱਧ ਪਿਲਾਉਂਦੀ ਹੈ। ਕਹਿੰਦੇ ਇਕੱਲੀ

ਜਾਂਦੀ ਹੈ, ਜੁਆਨ ਹੈ 25-26 ਸਾਲ ਦੀ, ਤੇ ਉਥੇ ਜਾਂਦੀ ਹੈ ਜੰਗਲ ਦੇ ਵਿੱਚ ਜਾ ਕੇ ਉਥੇ ਦੁੱਧ ਪਿਲਾਉਂਦੀ ਹੈ। ਬੇਅੰਤ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਗੱਲਾਂ ਕਰਦੇ-ਕਰਦੇ ਇਹਦੇ ਘਰਵਾਲੇ ਨੂੰ ਵੀ ਗੱਲਾਂ ਕਿਸੇ ਨੇ ਹੌਲੀ-ਹੌਲੀ ਕਿਸੇ ਢੰਗ ਨਾਲ ਦੱਸ ਦਿੱਤੀਆਂ ਕਿ ਇਹ ਐਸ ਤਰ੍ਹਾਂ ਜਾਂਦੀ ਹੈ। ਲੇਕਿਨ ਇਹਨੂੰ ਰਸ ਚੜ੍ਹਿਆ ਹੋਇਆ ਨਾਮ ਦਾ। ਮਹਾਰਾਜ ਕਹਿੰਦੇ, ਜਿਹਨੂੰ ਇਹਦਾ ਪਿਆਰ ਲੱਗ ਜਾਵੇ ਨਾਮ ਦਾ, ਉਹ ਜਾਣਦਾ ਹੈ ਸੰਸਾਰ ਨੂੰ ਨਹੀਂ ਪਤਾ ਲੱਗਿਆ ਕਰਦਾ। ਉਹ ਐਨੀ ਅਮੋਲਕ ਚੀਜ਼ ਹੈ ਕਿ ਦੱਸੀ ਨਹੀਂ ਜਾ ਸਕਦੀ ਤੇ ਜਿਹੜਾ ਇਸ ਨਾਮ ਦੇ ਸੁਆਦ ਨੂੰ ਮਾਣਦਾ ਹੈ, ਸਿਰਫ ਉਸੇ ਨੂੰ ਪਤਾ ਹੈ। ਇਸ ਤਰ੍ਹਾਂ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਹਰਿ ਨਾਮ ਅਮੋਲਾ ਜੀ,*
*ਸੋ ਜਾਨੈ ਜਿਨ ਚਾਖਿਆ।*

*ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ ॥*
*ਮੈਲਾ ਕਦੇ ਨ ਹੋਵਈ ਨਹ ਲਾਗੈ ਦਾਗਾ ॥ 1 ॥*
*ਪ੍ਰਭੁ ਪਾਇਆ ਸੁਖਦਾਈਆ ਮਿਲਿਆ ਸੁਖ ਭਾਇ ॥*
*ਸਹਜਿ ਸਮਾਨਾ ਭੀਤਰੇ ਛੋਡਿਆ ਨਹ ਜਾਇ ॥ 1 ॥ ਰਹਾਉ ॥*
*ਜਰਾ ਮਰਾ ਨਹ ਵਿਆਪਈ ਫਿਰਿ ਦੂਖੁ ਨ ਪਾਇਆ ॥*
*ਪੀ ਅੰਮ੍ਰਿਤੁ ਆਘਾਨਿਆ ਗੁਰਿ ਅਮਰੁ ਕਰਾਇਆ ॥ 2 ॥*
*ਸੋ ਜਾਨੈ ਜਿਨਿ ਚਾਖਿਆ ਹਰਿ ਨਾਮੁ ਅਮੋਲਾ ॥*
*ਕੀਮਤਿ ਕਹੀ ਨ ਜਾਈਐ ਕਿਆ ਕਹਿ ਮੁਖਿ ਬੋਲਾ ॥ 3 ॥*
*ਸਫਲ ਦਰਸੁ ਤੇਰਾ ਪਾਰਬ੍ਰਹਮ ਗੁਣ ਨਿਧਿ ਤੇਰੀ ਬਾਣੀ ॥*
*ਪਾਵਉ ਧੂਰਿ ਤੇਰੇ ਦਾਸ ਕੀ ਨਾਨਕ ਕੁਰਬਾਣੀ ॥*

*ਅੰਗ - 808-809*

ਵੱਡੇ ਭਾਗਾਂ ਵਾਲੀ, ਪਿਆਰ ਪੈ ਗਿਆ ਨਾਮ ਦੇ ਨਾਲ। ਪਿਆਰ ਪੈ ਗਿਆ ਗੁਰੂ ਦੇ ਨਾਲ। ਰੋਮ-ਰੋਮ ਦੇ ਵਿੱਚੋਂ ਨਾਮ ਦੀ ਧੁਨ ਆ ਰਹੀ ਹੈ, ਜਿਧਰ ਸੁਣ ਰਹੀ ਹੈ ਨਾਮ ਦੀ ਧੁਨ ਆ ਰਹੀ ਹੈ। ਬਦਲ ਗਈ ਬੀਬੀ, ਪਹਿਲੇ ਵਾਲੀ ਨਹੀਂ ਰਹੀ। ਯੋਗੀਆਂ ਤੋਂ ਵੀ ਵੱਡੀ ਉੱਚੀ, ਮਹਾਂ-ਰਿਸ਼ੀਆਂ ਤੋਂ ਵੀ ਉੱਚੀ ਵੱਡੀ ਬਿਰਤੀ ਪ੍ਰਾਪਤ ਹੋ ਗਈ। ਸੋ ਐਸਾ ਜੋ ਨਾਮ ਦਾ ਰਸ ਹੈ, ਮਹਾਰਾਜ ਕਹਿੰਦੇ ਮਨੁੱਖਾ ਜਨਮ ਇਸੇ ਵਾਸਤੇ ਪ੍ਰਾਪਤ ਹੋਇਆ ਹੈ, ਉੱਚੇ ਰਸਾਂ 'ਚ ਰਹਿ ਕੇ ਦੁੱਖਾਂ ਦਾ ਖਾਤਮਾ ਹੋਵੇ। ਮਾਇਆ ਦੁੱਖਾਂ ਨੂੰ ਦੂਰ ਨਹੀਂ ਕਰ ਸਕਦੀ। ਜੋ ਵੀ ਮਾਇਆ 'ਚ ਪਿਆ ਹੈ -

*ਸਹੰਸਰ ਦਾਨ ਦੇ ਇੰਦ੍ਰ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥*
*ਰੋਵੈ ਰਾਮੁ ਨਿਕਾਲਾ ਭਇਆ ॥*

***ਸੀਤਾ ਲਖਮਣੁ ਵਿਛੁੜਿ ਗਇਆ ॥ ਅੰਗ - 954***

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਮਾਇਆ ਦੇ ਵਿੱਚ ਸੁੱਖ-ਸ਼ਾਂਤੀ ਨਹੀਂ ਹੈ। ਇਹ ਤਾਂ ਰੋਣਾ-ਧੋਣਾ ਪਿਆ ਹੋਇਆ ਹੈ, ਦੁੱਖ ਹੀ ਦੁੱਖ ਨੇ। ਸਿਰਫ -

***ਮੰਨੇ ਨਾਉ ਸੋਈ ਜਿਣਿ ਜਾਇ ॥ ਅਉਰੀ ਕਰਮ ਨ ਲੇਖੈ ਲਾਇ ॥***
***ਅੰਗ - 954***

ਸਿਰਫ ਜਿਨ੍ਹਾਂ ਨੂੰ ਨਾਮ ਦਾ ਰਸ ਆ ਗਿਆ, ਉਹ ਸੁੱਖਾਂ 'ਚ ਪਹੁੰਚ ਜਾਂਦੇ। ਕਹਿੰਦੇ, ਜੇ ਪਿਆਰ ਨਹੀਂ ਲੱਗਿਆ ਨ ਪ੍ਰਮੇਸ਼ਰ ਦੇ ਨਾਲ, ਨਾਸ਼ਵਾਨ ਚੀਜ਼ਾਂ ਦੇ ਨਾਲ ਪਿਆਰ ਪਾ ਕੇ ਜ਼ਿੰਦਗੀ ਬਤੀਤ ਕਰ ਲਈ ਕਹਿੰਦੇ ਉਹਦਾ ਤਾਂ ਸੰਸਾਰ 'ਤੇ ਆਉਣਾ ਬੇਅਰਥ ਹੀ ਨਹੀਂ ਹੈ, ਇਸ ਤੋਂ ਅਗਾਂਹਾਂ ਜੇ ਸੌ ਵਾਰੀ ਫਿੱਟੇਮੂੰਹ ਕਹੀਏ, ਤੇ ਇੱਕ ਵਾਰੀ ਧ੍ਰਿਗ ਕਹਿ ਦੇਈਏ, ਧਿਰਕਾਰ ਕਹਿ ਦੇਈਏ ਉਹ ਬਰਾਬਰ ਹੋ ਜਾਂਦਾ ਹੈ। ਐਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਜੇ ਨਾ ਲੱਗਿਆ ਪਿਆਰ ਸੱਚੇ ਸਾਂਈ ਦਾ,***
***ਧ੍ਰਿਗ ਤੇਰਾ ਜਨਮ ਬੰਦਿਆ।***

ਧਿਰਕਾਰ ਹੈ, ਫਿੱਟੇਮੂੰਹ ਉਸਦੇ। ਸੌ ਵਾਰੀ ਕਹੋ ਉਹਦੇ ਜਨਮ ਨੂੰ ਜਿਹਦਾ ਪਿਆਰ ਪ੍ਰਮੇਸ਼ਰ ਨਾਲ ਨਹੀਂ ਲ'ਗਿਆ। ਮਹਾਰਾਜ ਫੁਰਮਾਨ ਕਰਦੇ ਨੇ ਕਿ -

***ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥***
***ਅੰਗ - 523***

ਮੂੰਹ ਘਸ ਗਿਆ, ਦੰਦ ਘਸ ਗਏ ਖਾਂਦੇ-ਖਾਂਦੇ ਦੇ। ਪਹਿਨਦੇ-ਪਹਿਨਦੇ ਅੰਗ ਵੀ ਕਮਜ਼ੋਰ ਹੋ ਗਏ ਸਾਰੇ। ਹੱਥ ਕੰਬਣ ਲੱਗ ਗਏ, ਸਰੀਰ ਦਾ ਬੋਝ ਪੈਰ ਚੁੱਕਦੇ ਨਹੀਂ, ਉੱਠ ਨਹੀਂ ਹੁੰਦਾ, ਹੱਥ ਲਾ ਕੇ ਉੱਠਦਾ ਹੈ। ਪਰ ਕਹਿੰਦੇ -

***ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥***
***ਅੰਗ - 523***

ਧਿਰਕਾਰ ਹੈ ਉਨ੍ਹਾਂ ਨੂੰ, ਐਸੇ ਪ੍ਰਮੇਸ਼ਰ ਦੇ ਨਾਲ ਜਿਨ੍ਹਾਂ ਦਾ ਪਿਆਰ ਨਹੀਂ ਪਿਆ।

ਸੋ ਇਸ ਤਰ੍ਹਾਂ ਦੇ ਨਾਲ ਬੀਬੀ ਦੀ ਜੋ ਹਾਲਤ ਹੈ ਉਹ ਕਹੀ ਨਹੀਂ ਜਾ ਸਕਦੀ। ਕਿਉਂਕਿ ਅਮੁੱਲ ਨਾਮ ਦਾ ਉਹਦੇ ਵਿੱਚ ਵਾਸਾ ਹੋ ਗਿਆ, ਪ੍ਰਗਟ ਹੋ ਗਿਆ ਨਾਮ। ਆਉਂਦੀ ਹੈ ਰੋਜ਼ ਸੇਵਾ ਕਰਦੀ ਹੈ ਤੇ ਉਧਰਲੇ ਪਾਸੇ ਸੰਸਾਰ ਦਾ ਸੁਭਾਅ ਹੈ ਨਿੰਦਿਆਂ ਕਰਨੀ, ਚੰਗੇ ਬੰਦਿਆਂ ਦੇ ਕੰਮਾਂ ਦੇ ਉਤੇ ਕਿੰਤੂ ਕਰਨਾ।

ਸੋ ਗੱਲ ਚੱਲ ਪਈ ਪਿੰਡ ਦੇ ਅੰਦਰ ਕਿ ਦੁਪਹਿਰੇ ਰੋਟੀ ਦੇ ਕੇ

ਆਦਮੀ ਇਹਦਾ ਬਾਹਰ ਹੁੰਦਾ ਹੈ ਪਤਾ ਨਹੀਂ ਕੀਹਨੂੰ ਲਿਜਾ ਕੇ ਦੁੱਧ ਪਿਲਾਉਂਦੀ ਹੈ। ਕੰਨ ਭਰ ਦਿੱਤੇ ਉਸਦੇ ਆਦਮੀ ਦੇ ਜਿਸਦਾ ਨਾਮ ਦੋਦੇ ਪਿੰਡ ਦੇ ਰਹਿਣ ਵਾਲਾ ਦੋਦਾ ਸੀ। ਹੈਰਾਨ ਹੋ ਗਿਆ ਕਿ ਮੇਰੇ ਘਰਵਾਲੀ ਇਹ ਤਾਂ ਮੈਨੂੰ ਪਿਆਰ ਬਹੁਤ ਕਰਦੀ ਹੈ। ਸਾਡੀ ਤਾਂ ਕਦੇ ਲੜਾਈ ਨਹੀਂ ਹੋਈ, ਵਿਆਹ ਹੋਏ ਨੂੰ ਕਿੰਨੇ ਸਾਲ ਹੋ ਗਈ, ਕਦੇ ਵੀ ਅਸੀਂ ਉੱਚਾ ਨਹੀਂ ਬੋਲੇ, ਬੜੇ ਪਿਆਰ ਨਾਲ ਅਸੀਂ ਗੱਲਬਾਤ ਕਰਦੇ ਹਾਂ। ਕੋਈ ਗੱਲ ਹੋਵੇ ਇਹ ਮੈਨੂੰ ਕਹਿ ਦਿੰਦੀ ਹੈ ਮੈਂ ਇਹਨੂੰ ਕਹਿ ਦਿੰਦਾ ਹਾਂ। ਐਸੀ ਤਾਂ ਕੋਈ ਬਾਤ ਨਹੀਂ ਤੇ ਮੈਂ ਇਹਦੇ ਉਤੇ ਸ਼ੱਕ ਤਾਂ ਕੋਈ ਕਰ ਨਹੀਂ ਸਕਦਾ। ਸੋ ਉਸ ਵੇਲੇ ਗੱਲ ਨਹੀਂ ਕੱਢੀ, ਪਿੱਛਾ ਕਰਿਆ ਰਾਜੇ ਹਰੀ ਚੰਦ ਵਾਂਗ। ਉਹ ਦੁੱਧ ਲੈ ਕੇ ਅੱਗੇ-ਅੱਗੇ ਜਾਂਦੀ ਹੈ, ਇਹ ਛੁਪ ਕੇ ਦੂਰ ਤੋਂ ਦੇਖਦਾ ਹੈ। ਦੇਖ ਲਿਆ ਕਿ ਉਥੇ ਚਲੀ ਓਹ ਸੰਤ ਬੈਠੇ ਨੇ ਤੇ ਕਾਹਲੀ-ਕਾਹਲੀ ਚੱਲ ਕੇ ਦਰਖਤਾਂ ਦੇ ਓਹਲੇ ਆ ਕੇ ਬੈਠ ਗਿਆ। ਦੁੱਧ ਪਿਲਾਇਆ ਤੇ ਜਦੋਂ ਇਹ ਗੜਵਾ ਚੁੱਕਣ ਲੱਗੀ ਤਾਂ ਉਸ ਵੇਲੇ ਪਹਿਲਾਂ ਹੀ ਤੁਰ ਗਿਆ, ਪਾਸੇ ਹੱਟ ਗਿਆ। ਮਨ 'ਚ ਆਇਆ ਕਿ ਜਾਂਦੀ ਤਾਂ ਚੰਗੇ ਥਾਂ ਦੇ ਉਤੇ ਹੈ, ਮਾੜਾ ਥਾਉਂ ਨਹੀਂ। ਸਾਧੂ ਨੇ, ਦੇਖ ਕੇ ਮੇਰੇ ਵੀ ਮਨ ਦੀ ਭੁੱਖ ਲਹਿੰਦੀ ਜਾਂਦੀ ਸੀ ਉਨ੍ਹਾਂ ਨੂੰ। ਚਲੋ ਨਿਰਨਾ ਕਰੀਏ ਹੋਰ। ਦੂਸਰੇ ਦਿਨ ਫੇਰ ਚਲਦਾ ਹੈ, ਫੇਰ ਮਨ ਦੇ ਅੰਦਰ ਹੋਰ ਖਿਆਲ ਆਏ। ਸ਼ੁਭ ਖਿਆਲ ਆਏ ਕਿ ਸੇਵਾ ਕਰਦੀ ਹੈ ਇਹ। ਪਰ ਇਹਨੇ ਮੈਨੂੰ ਪੁੱਛਣਾ ਸੀਗਾ ਤੇ ਸਲਾਹ ਕਰਕੇ ਦੋਵੇ ਜਿਹੇ ਗੱਲ ਕਰਦੇ। ਅਜੇ ਵੀ ਮਨ ਪੂਰੀ ਤਰ੍ਹਾਂ ਨਹੀਂ ਮੰਨਿਆ। ਤੀਸਰੇ ਦਿਨ ਫੇਰ ਚਲਿਆ ਗਿਆ ਪਿੱਛੇ। ਜਾ ਕੇ ਦਰਖਤ ਦੇ ਓਹਲੇ ਬੈਠ ਗਿਆ ਤੇ ਜਦੋਂ ਬੀਬੀ ਨੇ ਦੁੱਧ ਪਾਇਆ, ਉਸ ਵੇਲੇ ਮਹਾਰਾਜ ਕਹਿਣ ਲੱਗੇ, ਬੀਬਾ! ਔਹ ਜਿਹੜਾ ਦਰਖਤ ਦੇ ਓਹਲੇ ਬੈਠਾ ਹੈ ਉਹਨੂੰ ਬੁਲਾ ਕੇ ਲਿਆ। ਉੱਠ ਕੇ ਚਲੀ ਗਈ, ਜਾ ਕੇ ਦੇਖਦੀ ਹੈ, ਦੇਖ ਕੇ ਕਹਿੰਦੀ ਹੈਂ! ਤੂੰ ਦਰਖਤ ਦੇ ਉਹਲੇ? ਇਹ ਤਾਂ ਵਾਹਿਗੁਰੂ ਆਏ ਹੋਏ ਨੇ, ਜਿਹੜਾ ਆਪਾਂ ਸੁਣਦੇ ਸੀ ਕਿ ਰੱਬ ਹੁੰਦਾ ਹੈ, ਅੱਖਾਂ ਨਾਲ ਤਾਂ ਕਿਸੇ ਨੇ ਦੇਖਿਆ ਨਹੀਂ ਤੇ ਮੈਨੂੰ ਤਾਂ ਪੱਕਾ ਭਰੋਸਾ ਹੋ ਗਿਆ ਕਿ ਰੱਬ ਆਹੀ ਹੈ ਹੋਰ ਕੋਈ ਨਹੀਂ। ਤੂੰ ਕਹਿੰਦੀ, ਲੁੱਕ-ਲੁੱਕ ਕੇ ਦੇਖਦਾ ਹੈਂ? ਸੰਗ ਲਗਦੀ ਹੈ ਤੈਨੂੰ, ਕਹਿੰਦੀ ਚੱਲ ਤੈਨੂੰ ਬੁਲਾਉਂਦੇ ਨੇ। ਥੋੜ੍ਹਾ ਸੰਗਦਾ ਹੈ, ਜਕਦਾ ਹੈ ਕਿ ਮੈਂ ਲੁੱਕ ਕੇ ਦੇਖਿਆ। ਕਹਿੰਦੀ, ਚੱਲ ਉਹ ਤਾਂ ਬਹੁਤ ਚੰਗੇ ਨੇ। ਤੂੰ ਦੇਖੇਂਗਾ ਤੈਨੂੰ ਹੈਰਾਨੀ ਹੋਏਗੀ ਕਿ ਐਨੇ ਚੰਗੇ ਤਾਂ ਅੱਜ ਤੱਕ ਅਸੀਂ ਦੁਨੀਆਂ 'ਚ ਦੇਖੇ ਨਹੀਂ। ਜਾਂਦਾ ਹੈ, ਜਾ ਕੇ ਨਮਸ਼ਕਾਰ ਕਰਦਾ ਹੈ। ਮਹਾਰਾਜ ਕਹਿੰਦੇ, ਦੋਦਿਆ! ਲੋਕਾਂ ਦੇ ਅੱਖਾਂ ਨਹੀਂ ਹੁੰਦੀਆਂ, ਕੰਨ ਹੁੰਦੇ ਨੇ। ਪਰ ਤੈਨੂੰ ਵਾਹਿਗੁਰੂ ਨੇ ਅੱਖਾਂ ਵੀ ਦਿੱਤੀਆਂ ਨੇ, ਕੰਨ ਹੁੰਦੇ ਨੇ ਤਾਂ ਅੱਖਾਂ ਵਰਤਦੀਆਂ ਨੇ। ਨਹੀਂ ਤਾਂ ਕੰਨ ਵਰਤਦੇ ਨੇ, ਅੱਖਾਂ ਵਰਤਿਆ ਨਹੀਂ ਕਰਦੇ। ਕੋਈ ਆਦਮੀ ਕਹਿ ਦੇਵੇ ਕਿ ਫਲਾਣਾ ਮਾੜਾ ਹੈ, ਜਦੇ ਅਸੀਂ

ਮੰਨ ਜਾਂਦੇ ਹਾਂ ਕਿ ਹਾਂ ਮਾੜਾ ਹੈ। ਕੋਈ-ਕੋਈ ਵਿਰਲਾ ਬੰਦਾ ਹੈ ਜਿਹੜਾ ਕਹਿੰਦਾ ਹੈ ਕਿ ਮੈਂ ਤਾਂ ਨਿਰਣਾ ਕਰਾਂਗਾ। ਅੱਖਾਂ ਨਾਲ ਦੇਖਾਂਗਾ ਫੇਰ ਗੱਲ ਮੰਨਾਂਗਾ।

ਮਹਾਰਾਜ ਕਹਿੰਦੇ, ਦੋਦਿਆ! ਮੰਗ ਜੋ ਕੁਛ ਤੂੰ ਮੰਗਦਾ ਹੈਂ?

ਕਹਿਣ ਲੱਗਿਆ, ਪਾਤਸ਼ਾਹ! ਸਾਡੇ ਗਰੀਬਾਂ ਦੀ ਕੀ ਹੁੰਦੀ ਹੈ ਮੰਗ।

ਕਹਿਣ ਲੱਗੇ, ਨਾ ਤੁਹਾਨੂੰ ਬੜੀਆਂ ਭੁੱਖਾਂ ਨੇ। ਜ਼ਮੀਨ ਦੀਆਂ ਭੁੱਖਾਂ ਨੇ, ਦੁੱਧ ਦੀਆਂ ਭੁੱਖਾਂ ਨੇ, ਚੌਧਰ ਦੀਆਂ ਭੁੱਖਾਂ ਨੇ, ਮੰਗ ਲੈ ਜੋ ਕੁਛ ਤੈਨੂੰ ਚਾਹੀਦਾ ਹੈ। ਘਰਵਾਲੀ ਹੌਲੀ ਦੇ ਕੇ ਕਹਿੰਦੀ ਹੈ ਕਿ ਤੂੰ ਇਹ ਨਾ ਮੰਗ, ਤੂੰ ਹੋਰ ਚੀਜ਼ ਮੰਗ ਲੈ।

ਕਹਿੰਦਾ ਇਹਦੀ ਆਪਾਂ ਨੂੰ ਕੀ ਲੋੜ ਨਹੀਂ ਹੈ?

ਰੋਜ਼ ਤਾਂ ਆਪਾਂ ਘਰ 'ਚ ਗੱਲਾਂ ਕਰਦੇ ਹਾਂ। ਫਲਾਣੇ ਕੋਲ ਬਹੁਤੀ ਜ਼ਮੀਨ ਹੈ, ਫਲਾਣੇ ਦੇ ਬਹੁਤੇ ਪਸ਼ੂ ਨੇ, ਆਪਣੇ ਤਾਂ ਚਾਰ ਕੁ ਮੱਝਾਂ ਨੇ, 40-50 ਮੱਝਾਂ ਖੜ੍ਹੀਆਂ ਹੋਣ ਕਿੱਲੇ 'ਤੇ ਭੌਂ ਹੋਵੇ ਕਈ ਸੌ ਏਕੜ ਫੇਰ ਤਾਂ ਗੱਲ ਬਣਦੀ ਹੈ ਭਾਈਚਾਰੇ 'ਚ ਰਹਿਣ ਦੀ। ਹੁਣ ਜਦ ਮਹਾਤਮਾ ਕਹਿੰਦੇ ਨੇ ਮੰਗ ਲੈ। ਹੁਣ ਤੂੰ ਮੈਨੂੰ ਰੋਕਦੀ ਹੈ। ਉਹ ਕਹਿੰਦੀ ਨਹੀਂ ਤੂੰ ਕੁਛ ਹੋਰ ਮੰਗ ਲੈ। ਕਹਿੰਦਾ, ਤੂੰ ਦੱਸ ਦੇ ਕਿ ਮੈਂ ਮੰਗਾਂ ਕੀ। ਉਹ ਕਹਿੰਦੀ, ਜਿਹੜਾ ਕੁਛ ਮੈਂ ਮੰਗਿਆ ਹੈ, ਉਹ ਮੰਗ ਲੈ। ਕਹਿੰਦਾ, ਤੂੰ ਕੀ ਮੰਗਿਆ ਹੈ? ਕਹਿੰਦੀ, ਮੇਰੀਆਂ ਸਾਰੀਆਂ ਭੁੱਖਾਂ ਉਤਰ ਗਈਆਂ, ਜਦੋਂ ਮੈਂ ਇਹ ਚੀਜ਼ ਮੰਗੀ, ਕਹਿੰਦਾ ਔਹ ਕਿਹੜੀ ਹੈ? ਐਸ ਤਰ੍ਹਾਂ ਪੜ੍ਹੋ ਪਿਆਰ ਨਾਲ-

***ਧਾਰਨਾ - ਉਤਰੇ ਮਨ ਕੀ ਭੁੱਖ, ਦੇ ਦੇ ਨਾਮ ਸੰਤੋਖੀਆ।***

***ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥***
***ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥ ਅੰਗ - 958***

ਕਹਿਣ ਲੱਗੀ, ਤੂੰ ਨਾਮ ਲੈ ਲੈ। ਸਲਾਹ ਕਰਦਾ ਹੈ ਕਿ ਮਹਾਂਪੁਰਸ਼ਾਂ ਨੇ ਕਹਿ ਦਿੱਤਾ ਕਿ ਮੰਗ ਲੈ, ਨਾਮ ਤਾਂ ਇਨ੍ਹਾਂ ਨੇ ਮੈਨੂੰ ਆਪੇ ਹੀ ਦੇ ਦੇਣਾ ਹੈ ਤੇ ਜਿਹੜੀਆਂ ਚੀਜ਼ਾਂ ਆਪਾਂ ਰੋਜ਼ ਗੱਲਾਂ ਕਰਦੇ ਹਾਂ, ਦੁੱਧ ਦੀਆਂ ਗੱਲਾਂ ਕਰਦੇ ਹਾਂ, ਜ਼ਮੀਨ ਦੀਆਂ ਗੱਲਾਂ ਕਰਦੇ ਹਾਂ, ਮਾਣ ਦੀਆਂ ਗੱਲਾਂ ਕਰਦੇ ਹਾਂ, ਉਹ ਮੰਗ ਲਈਏ, ਨਾਮ ਫੇਰ ਮੰਗ ਹੀ ਲਵਾਂਗੇ। ਇਨ੍ਹਾਂ ਨੇ ਕਿਹੜਾ ਹਾਲੇ ਜਾਣਾ ਹੈ ਇੱਥੋਂ। ਕੱਲ੍ਹ ਨੂੰ ਮੰਗ ਲਵਾਂਗੇ ਨਾਮ। ਗੁਰੂ ਮਹਾਰਾਜ ਕਹਿੰਦੇ, ਆ ਜਾਓ, ਆ ਜਾਓ। ਕੀ ਚਾਹੀਦਾ ਹੈ, ਦੋਦਿਆ! ਦੁੱਧ ਪੁੱਤ ਦੀ ਭੁੱਖ ਲੱਗੀ ਹੋਈ ਹੈ, ਕਹਿੰਦੇ ਕੋਈ ਨਾਹੀਂ, ਇਹ ਸਾਰੀਆਂ ਚੀਜ਼ਾਂ ਦੀ ਜਿੰਨੀ ਭੁੱਖ ਹੈ ਤੁਹਾਨੂੰ, ਇਹ ਬੀਬੀ ਠੀਕ ਕਹਿੰਦੀ ਹੈ ਇਹ ਤੇਰੀ ਅਜੇ ਸਮਝ 'ਚ ਨਹੀਂ ਆਈ -

*ਧਾਰਨਾ - ਇੱਛਾ ਹੋਣ ਸਭੇ ਤੇਰੀਆਂ ਪੂਰੀਆਂ,*
*ਸਤਿਨਾਮ ਜਪ ਕੇ ਵਾਹਿਗੁਰੂ।*

*ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥*
*ਪ੍ਰਭ ਕੈ ਸਿਮਰਨਿ ਪੂਰਨ ਆਸਾ ॥* *ਅੰਗ - 263*
*ਪ੍ਰਭ ਕੈ ਸਿਮਰਨਿ ਕਾਰਜ ਪੂਰੇ ॥*
*ਪ੍ਰਭ ਕੈ ਸਿਮਰਨਿ ਕਬਹੁ ਨ ਝੂਰੇ ॥* *ਅੰਗ - 263*

ਮਰਦਾਨਾ ਵੀ ਕਹਿੰਦਾ ਹੈ ਕਿ ਦੋਦੇ ਚੌਧਰੀ, ਬਹੁਤ ਵੱਡਾ ਭੰਡਾਰਾ ਤੇਰੇ 'ਤੇ ਖੁਲ੍ਹਿਆ ਹੈ, 'ਨਾਮ' ਮੰਗ ਲੈ। ਕਹਿੰਦਾ, ਭਾਈ ਮਰਦਾਨਾ! ਆਹ ਕਿੱਥੋਂ ਲਵਾਂਗੇ ਫੇਰ ਜ਼ਮੀਨ ਜਾਇਦਾਦ, ਪੁੱਤ ਤੇ ਦੁੱਧ। ਇਹ ਵੀ ਸਾਨੂੰ ਚਾਹੀਦੇ ਨੇ। ਮਹਾਰਾਜ ਕਹਿਣ ਲੱਗੇ, ਮਰਦਾਨਿਆ! ਕਈਆ ਨੂੰ ਤਾਂ ਬੈਰਾਗ ਹੁੰਦਾ ਹੈ ਮਾਇਆ ਤੋਂ। ਇਕਨਾ ਨੂੰ ਬੈਰਾਗ ਹੋਇਆ ਕਰਦਾ ਹੈ ਮਾਇਆ ਪ੍ਰਾਪਤ ਕਰਨ ਤੋਂ। ਜਦੋਂ ਉਹ ਦੇਖਦੇ ਨੇ ਕਿ ਇਹ ਸੁਆਦ ਫਿੱਕਾ ਹੈ ਫੇਰ ਬੈਰਾਗ ਹੋ ਜਾਇਆ ਕਰਦਾ ਹੈ। ਪੁੱਤਰਾਂ ਨੂੰ, ਧੀਆਂ ਨੂੰ ਦੇਖਦੇ ਨੇ ਕਿ ਐਵੇਂ ਹੀ ਜ਼ਿੰਦਗੀ ਗੁਆ ਲਈ ਇਹ ਤਾਂ ਕੋਈ ਕੰਮ ਹੀ ਨਹੀਂ ਆਉਂਦਾ। ਆਖੇ ਹੀ ਕੋਈ ਨਹੀਂ ਲਗਦਾ, ਪਿਆਰ ਹੀ ਕੋਈ ਨਹੀਂ ਕਰਦਾ। ਇਹ ਤਾਂ ਉਡੀਕਦੇ ਨੇ ਕਿ ਆਹ ਬੁੜ੍ਹਾ ਕਦੋਂ ਮਰੇ ਤੇ ਇਹਦੀ ਜਾਇਦਾਦ ਸਾਡੇ ਹੱਥ ਕਦ ਆਵੇ। ਖਾਂਦੇ-ਖਾਂਦੇ, ਪਹਿਨਦੇ-ਪਹਿਨਦੇ ਆਦਮੀ ਦਾ ਮਨ ਭਰ ਜਾਂਦਾ ਹੈ ਕਹਿੰਦੇ, ਮਰਦਾਨਿਆਂ! ਇਕਨਾ ਨੂੰ ਮਾਇਆ ਪ੍ਰਾਪਤ ਕਰਨ ਤੋਂ ਬਾਅਦ ਬੈਰਾਗ ਹੋਇਆ ਕਰਦਾ ਹੈ, ਇਕਨਾ ਨੂੰ ਪਹਿਲਾਂ ਹੋਇਆ ਕਰਦਾ ਹੈ। ਸੋ ਇਹਨੂੰ ਹਾਲੇ ਨਾਮ ਦੀਆਂ ਬਰਕਤਾਂ ਦਾ ਪਤਾ ਨਹੀਂ। ਕਹਿੰਦੇ, ਜਾ ਬਈ ਦੋਦਿਆ! ਬੜਾ ਕੁਛ ਮਿਲ ਜਾਏਗਾ, ਤੈਨੂੰ ਨਾਮ ਵੀ ਮਿਲ ਜਾਏਗਾ। ਕਿਉਂਕਿ ਬੀਬੀ ਦੀ ਕਮਾਈ ਬਹੁਤ ਜ਼ਬਰਦਸਤ ਹੈ।

ਘਰ ਜਾਂਦਾ ਹੈ, ਖੁਸ਼ ਹੋ ਜਾਂਦਾ ਹੈ। ਕਹਿੰਦਾ, ਤੂੰ ਤਾਂ ਨਾਮ ਦੀ ਮੰਗ ਕਰੀ ਜਾਂਦੀ ਹੈਂ। ਨਾਮ ਕਦੇ ਹੱਥ 'ਚ ਆਉਂਦਾ ਹੈ।

ਉਹ ਕਹਿੰਦੀ, ਤੈਨੂੰ ਪਤਾ ਹੀ ਨਹੀਂ ਕਿ ਨਾਮ ਦਾ ਕੀ ਸੁਆਦ ਹੈ, ਤੂੰ ਕੀ ਜਾਣੇਂ।

ਉਹ ਕਹਿੰਦਾ, ਹੁਣ ਜਦੋਂ ਜ਼ਮੀਨ ਵਧੇਗੀ, ਪਸ਼ੂ ਵਧਣਗੇ, ਪੁੱਤਰ ਹੋਣਗੇ ਫੇਰ ਗੱਲ ਬਣੂੰ ਕਿ ਇਕੱਲੇ ਨਾਮ ਨਾਲ?

ਚਾਉ ਆ ਗਿਆ ਅੰਦਰ ਕਿ ਸੇਵਾ ਕਰੀਏ, ਕਿਉਂਕਿ ਅਸਰ ਤਾਂ ਹੋ ਗਿਆ ਉਹਦੇ ਉਤੇ, 'ਨਾਮ' ਤੋਂ ਅਣਜਾਣ ਸੀ। ਹੁਣ ਦੋਵੇਂ ਜਣੇ ਕੰਮ ਕਰਦੇ ਨੇ ਸਾਂਝਾ। ਉਹ ਪੱਠੇ ਕੱਟਦੀ ਹੈ, ਹੱਥ ਵਟਾਉਂਦੀ ਹੈ ਉਹਦੇ ਕੰਮ ਵਿੱਚ, ਛੇਤੀ ਤੋਂ ਛੇਤੀ ਵਿਹਲਾ ਕਰਦੀ ਹੈ ਉਹਨੂੰ। ਬਲਦਾਂ ਨੂੰ ਹਲ ਵਾਸਤੇ ਤਿਆਰ ਕਰਕੇ ਭੇਜਦੀ ਹੈ। ਕੰਮ ਮੁਕਾਉਂਦੇ ਨੇ, ਮੁਕਾਉਣ ਤੋਂ ਬਾਅਦ ਗੁਰੂ ਮਹਾਰਾਜ ਕੋਲ ਆ ਜਾਂਦੇ ਨੇ। ਲੰਗਰ ਤਿਆਰ ਕਰਦੇ ਨੇ। ਐਨੇ ਨੂੰ ਜਦੋਂ

ਪਤਾ ਲੱਗਿਆ ਸੰਗਤਾਂ ਨੂੰ ਕਿ ਗੁਰੂ ਨਾਨਕ ਪਾਤਸ਼ਾਹ ਰਾਵੀ ਦੇ ਕੰਢੇ ਅਟਕੇ ਹੋਏ ਨੇ ਤਾਂ ਉਸ ਵੇਲੇ ਦੂਰ-ਦੂਰ ਤੱਕ ਖਬਰ ਲੱਗੀ, ਜਗਿਆਸੂ ਆਉਣੇ ਸ਼ੁਰੂ ਹੋਏ। ਬਹੁਤ ਸਾਰੇ ਸੰਨਿਆਸੀ ਆ ਰਹੇ ਨੇ, ਯੋਗੀ ਆ ਰਹੇ ਨੇ, ਵੈਰਾਗੀ ਆ ਰਹੇ ਨੇ, ਹੋਰ ਦੁਨੀਆਂਦਾਰ ਆ ਰਹੇ ਨੇ, ਗਰਜਾਂ ਵਾਲੇ ਆ ਰਹੇ ਨੇ। ਉਸ ਵੇਲੇ ਦੋਦੇ ਨੇ ਸੋਚਿਆ ਕਿ ਰਹਿਣ ਨੂੰ ਕੋਈ ਬੰਦੋਬਸਤ ਨਹੀਂ ਹੈ। ਮੀਂਹ ਪੈਣ ਲੱਗ ਗਿਆ, ਸਰਦੀ ਹੈ। ਉਸ ਵੇਲੇ ਇੱਕ ਦਿਨ ਛੱਪਰ ਪਾਉਣ ਲੱਗ ਗਿਆ, ਸਰਕੜਾ ਵੱਢਦਾ ਰਿਹਾ ਨਾਲ ਲਾ ਕੇ ਬੰਦਿਆਂ ਨੂੰ। ਬੱਲੀਆਂ ਵੱਢ ਲਈਆਂ ਤੇ ਛੱਪਰ ਖੜ੍ਹੇ ਕਰਨ ਲੱਗ ਗਏ ਤੇ ਮਹਾਰਾਜ! ਆ ਗਏ। ਮਹਾਰਾਜ ਕਹਿੰਦੇ, ਦੋਦਿਆ! ਇਹ ਕੀ ਕੰਮ ਕਰਨ ਲੱਗਿਆ ਹੈਂ ਤੂੰ?

ਕਹਿਣ ਲੱਗਿਆ, ਮਹਾਰਾਜ! ਦੇਖੋ ਨਾ ਕਿੰਨੀ ਸੰਗਤ ਆਉਂਦੀ ਹੈ ਆਪ ਦੇ ਪਾਸ ਤੇ ਰਾਤ ਜਿਹੜੀ ਸੰਗਤ ਰਹੀ ਸੀ ਉਨ੍ਹਾਂ ਨੂੰ ਤਾਂ ਕੋਈ ਥਾਂ ਨਹੀਂ ਸੀ, ਸਿਰ ਢਕਣ ਵਾਸਤੇ ਠੰਢ ਪੈਂਦੀ ਹੈ। ਸੋ ਮਹਾਰਾਜ ਮੈਂ ਸਿਰ ਢਕਣ ਵਾਸਤੇ ਕਰਦਾ ਹਾਂ। ਇੱਕ ਆਪ ਦੇ ਵਾਸਤੇ ਬਣਾਉਂਦਾ ਹਾਂ, ਜਿੱਥੇ ਆਪ ਆਰਾਮ ਕਰ ਲਓਂ। ਇੱਕ ਲੰਗਰ ਵਾਸਤੇ ਬਣਾਉਂਦਾ ਹਾਂ। ਜਿੱਥੇ ਪ੍ਰਸ਼ਾਦ ਪਾਣੀ ਛਕ ਲਿਆ ਕਰਨ ਬੈਠ ਕੇ। ਸੋ ਤਿੰਨ ਚਾਰ ਛੱਪਰ ਬਣਾ ਦਿੱਤੇ। ਆਲਾ-ਦੁਆਲਾ ਸਾਫ ਕਰਨਾ ਸ਼ੁਰੂ ਕਰ ਦਿੱਤਾ, ਸੰਗਤਾਂ ਆਉਂਦੀਆਂ ਨੇ, ਥਾਉਂ ਲਿਪਣੇ ਸ਼ੁਰੂ ਕਰ ਦਿੱਤੇ। ਦਰਖਤਾਂ ਦੇ ਥੱਲੇ ਥੜ੍ਹੇ ਬਣਾਉਣੇ ਸ਼ੁਰੂ ਕਰ ਦਿੱਤੇ ਕਿ ਸਾਧੂ ਮਹਾਤਮਾ ਇੱਥੇ ਬੈਠਣਗੇ ਆ ਕੇ। ਮਹਾਰਾਜ ਬੜੇ ਪ੍ਰਸੰਨ ਹੋਏ ਇੱਕ ਦਿਨ ਜਦੋਂ ਥੋੜ੍ਹੇ ਦਿਨ ਲੰਘੇ, ਉਸ ਤੋਂ ਬਾਅਦ ਦੋਦੇ ਦਾ ਚਾਚਾ ਦੋਦੇ ਕੋਲ ਆਇਆ, ਕਹਿਣ ਲੱਗਿਆ, ਦੋਦਿਆ! ਬਈ ਮੈਨੂੰ ਤਾਂ ਹੋ ਗਿਆ ਦੁਨੀਆਂ ਤੋਂ ਬੈਰਾਗ! ਮੇਰੀਆਂ ਦੇਖ ਕਿੰਨੀਆਂ ਮੱਝਾਂ ਨੇ, ਕਿੰਨੀਆਂ ਗਊਆਂ ਨੇ, ਇਹ ਮੈਂ ਤੈਨੂੰ ਦਿੰਦਾ ਹਾਂ ਸਾਰੀਆਂ। ਤੇ ਸੌ ਏਕੜ ਮੇਰੀ ਜ਼ਮੀਨ ਹੈ ਇਹ ਤੂੰ ਲੈ ਲੈ। ਦੋਦਾ ਪ੍ਰਸੰਨ ਹੋ ਗਿਆ ਕਿ ਥੋੜ੍ਹੀ ਜਿਹੀ ਸੇਵਾ ਕਰੀ ਹੈ, ਸੌ ਏਕੜ ਜ਼ਮੀਨ ਵੀ ਆ ਗਈ ਤੇ 30-40 ਮੱਝਾਂ, ਗਾਈਆਂ ਵੀ ਆ ਗਈਆਂ। ਖੁਸ਼ ਹੋਇਆ ਫਿਰਦਾ ਹੈ।

ਬੀਬੀ ਕਹਿਣ ਲੱਗੀ, ਤੂੰ ਮਹਾਰਾਜ ਤੋਂ ਮੰਗ ਲੈ ਨਾਮ ਵਾਲੀ ਦੂਜੀ ਚੀਜ਼।

ਉਹ ਦਾਤੇ ਨੇ, ਤੈਨੂੰ ਪਤਾ ਨਹੀਂ ਉਹਦੀ ਕੀਮਤ ਕਿੰਨੀ ਹੈ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥***
***ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥ ਅੰਗ - 81***

ਇਰਾਦਾ ਕਰ ਲਿਆ ਕਿ ਮੈਂ ਅੱਜ ਨਾਮ ਮੰਗ ਲੈਣਾ ਹੈ। ਜਿਹੜਾ ਤੈਨੂੰ ਰਸ ਆ ਰਿਹਾ ਹੈ, ਤੇਰੀ ਜ਼ਿੰਦਗੀ 'ਚ ਪਰਿਵਰਤਨ ਆਇਆ ਹੈ। ਹਰ ਵਕਤ ਤੂੰ ਐਸ ਤਰ੍ਹਾਂ ਰਹਿੰਦੀ ਹੈਂ ਜਿਵੇਂ ਫੁੱਲ ਖਿੜਿਆ ਹੁੰਦਾ ਹੈ।

ਤੇਰੇ ਮੂੰਹ ਤੋਂ ਬੋਲ ਜਦੋਂ ਨਿਕਲਦੇ ਨੇ ਐਸ ਤਰ੍ਹਾਂ ਲਗਦਾ ਹੈ ਜਿਵੇਂ ਫੁੱਲ ਖਿੜੇ ਹੁੰਦੇ ਨੇ। ਮੈਂ ਤਾਂ ਤੈਨੂੰ ਦੇਖ-ਦੇਖ ਕੇ ਹੈਰਾਨ ਹੋਈ ਜਾਂਦਾ ਹਾਂ। ਇਹ ਜੇ ਕਿਤੇ ਮੈਨੂੰ ਵੀ ਇਹ ਚੀਜ਼ ਮਿਲ ਜਾਵੇ ਤਾਂ ਜੀਉਂਦਿਆਂ 'ਚ ਹੋ ਜਾਵਾਂ। ਕਹਿੰਦੀ ਅੱਜ ਜਦੋਂ ਮਹਾਰਾਜ ਕੋਲ ਚੱਲਾਂਗੇ ਤੂੰ ਜਾ ਕੇ ਇਹ ਮੰਗ ਲਈਂ।

ਅੱਜ ਜਦ ਮਹਾਰਾਜ ਜੀ ਦੇ ਪਾਸ ਜਦੋਂ ਪਹੁੰਚੇ, ਉਸ ਵੇਲੇ ਗਲ 'ਚ ਪੱਲਾ ਪਾਇਆ, ਹੱਥ ਬੰਨ੍ਹ ਕੇ ਸਾਮ੍ਹਣੇ ਖੜ੍ਹ ਗਿਆ ਤੇ ਸੇਵਾ ਕਰਨ ਲ'ਗਿਆ।

ਮਹਾਰਾਜ ਕਹਿੰਦੇ, ਦੋਦਿਆ! ਮੰਗ ਰਹਿ ਗਈ ਤੇਰੀ?

ਕਹਿੰਦਾ, ਹਾਂ ਪਾਤਸ਼ਾਹ!

ਇੱਕ ਰਹਿ ਗਈ।

ਮੈਨੂੰ ਜਦ ਪਤਾ ਨਹੀਂ ਸੀਗਾ, ਜਿਹੜੀ ਚੀਜ਼ ਤੁਸੀਂ ਕਹਿੰਦੇ ਸੀ, ਮੈਂ ਉਹ ਮੰਗ ਲਵਾਂ। ਮੈਂ ਉਸ ਵੇਲੇ ਦੁਨੀਆਂ ਮੰਗ ਲਈ।

ਕਹਿੰਦੇ, ਹੁਣ ਕੀ ਮੰਗਦਾ ਹੈਂ?

ਕਹਿੰਦੇ, ਪਾਤਸ਼ਾਹ! ਆਹ ਮੇਰਾ ਜਿਹੜਾ ਸਰੀਰ ਹੈ ਇਹ ਸਾਰਾ ਸਰੀਰ ਪਿਆਰ ਵਿੱਚ ਆ ਜਾਵੇ, ਇਹ ਮੇਰਾ ਚੋਲਾ ਰੰਗ ਦਿਓ, ਐਸ ਤਰ੍ਹਾਂ ਨਾਲ ਕਹਿੰਦਾ ਹੈ ਪੜ੍ਹੋ ਪਿਆਰ ਨਾਲ –

***ਧਾਰਨਾ – ਮੇਰਾ ਰੰਗ ਦੇ ਮਜੀਠੀ ਚੋਲਾ, ਮੇਰਾ ਰੰਗ ਦੇ।***
***ਨਾਮ ਰੰਗ ਦੇਣ ਵਾਲਿਆਂ, ਸਾਹਿਬਾ।***

ਪਾਤਸ਼ਾਹ! ਮੈਨੂੰ ਵੀ ਰੰਗ ਦੇ ਨਾਮ ਦੇ ਲਾਲ ਰੰਗ ਵਿ'ਚ। ਕ੍ਰਿਪਾ ਕਰ ਮੇਰੇ 'ਤੇ।

***ਸਜਣੁ ਮੈਡਾ ਰੰਗੁਲਾ ਰੰਗੁ ਲਾਏ ਮਨੁ ਲੇਇ ॥***
***ਜਿਉ ਮਾਜੀਠੈ ਕਪੜੇ ਰੰਗੇ ਭੀ ਪਾਹੇਹਿ ॥***
***ਨਾਨਕ ਰੰਗੁ ਨ ਉਤਰੈ ਬਿਆ ਨ ਲਗੈ ਕੇਹ ॥ ਅੰਗ - 644***

ਨਾਮ ਰੰਗ ਕਦੇ ਉਤਰ ਨਾ ਜਾਏ।

***ਕਾਇਆ ਕਾਪਰੁ ਚੀਰ ਬਹੁ ਫਾਰੇ ਹਰਿ ਰੰਗੁ ਨ ਲਹੈ ਸਭਾਗਾ ॥***
***ਅੰਗ - 985***

ਚਾਹੇ ਆਰਿਆਂ ਨਾਲ ਚੀਰ ਦਿੱਤੇ ਗਏ, ਚਾਹੇ ਬੰਦ-ਬੰਦ ਕੱਟ ਦਿੱਤੇ ਗਏ, ਦੇਗਾਂ 'ਚ ਉਬਾਲ ਦਿੱਤੇ ਗਏ। ਟੁਕੜੇ-ਟੁਕੜੇ ਕਰ ਦਿੱਤੇ ਗਏ ਪਰ ਉਹ ਨਾਮ ਦਾ ਰੰਗ ਨਹੀਂ ਉਤਰਿਆ।

ਮਹਾਰਾਜ ਨੇ ਦ੍ਰਿਸ਼ਟੀ ਕਰੀ, ਨੇੜੇ ਬੁਲਾਇਆ ਕਹਿੰਦੇ, ਦੋਦਿਆ

'ਕਹੁ ਵਾਹਿਗੁਰੂ' 'ਕਹੁ ਵਾਹਿਗੁਰੂ'; ਵਾਹਿਗੁਰੂ ਕਹਿਣ ਦੀ ਦੇਰ ਸੀ, ਮਸਤੀ ਚੜ੍ਹ ਗਈ, ਝੂੰਮਣੀਆਂ ਆਉਣੀਆਂ ਸ਼ੁਰੂ ਹੋ ਗਈਆਂ। ਬੋਲਦਾ ਨਹੀਂ ਬੁਲਾਇਆ ਹੋਇਆ। ਚੁੱਪ ਕਰਿਆ ਬੈਠਾ ਹੈ, ਪਤਾ ਲੱਗ ਗਿਆ ਬੀਬੀ ਨੂੰ। ਕਹਿੰਦੇ, ਦੋਦਿਆ! ਇਹ ਦੋਦੋ ਰਾਣੀ ਦਾ ਸਦਕਾ ਹੈ ਤੁਹਾਡੇ ਸਾਰਿਆਂ ਦੇ ਉਤੇ। ਇਹ ਅੱਖਾਂ ਖੁਲ੍ਹੀਆਂ ਵਾਲੀ ਬੀਬੀ ਇੱਕੋ ਇੱਕ ਆਈ ਹੈ ਸਾਡੇ ਕੋਲ। ਜਾਹ, ਤੇਰੇ ਪਿੰਡ ਵਸਣਗੇ, ਤੇਰੇ ਨਾਉਂ 'ਤੇ ਪਿੰਡ ਵਸੇਗਾ, ਬੜਾ ਉਲਾਦ ਹੋਏਗਾ, ਬੜਾ ਸਭ ਕੁਛ ਹੋਏਗਾ। ਜੋ ਮੰਗਿਆ ਹੈ ਉਹ ਮਿਲੇਗਾ, ਨਾਮ ਵੀ ਮਿਲੇਗਾ ਇਹ ਵੀ ਮਿਲੇਗਾ। ਦੀਨ ਤੇ ਦੁਨੀਆਂ ਦੋਵੇਂ ਚੀਜ਼ਾਂ ਤੈਨੂੰ ਮਿਲਣਗੀਆਂ।

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਕ੍ਰਿਪਾ ਕੀਤੀ। ਇੱਕ ਸਾਧਾਰਣ ਸਿੱਧੇ-ਸਾਦੇ ਗ੍ਰਿਹਸਤੀਆਂ 'ਤੇ। ਸੋ ਐਸੇ ਗੁਰੂ ਨਾਨਕ ਪਾਤਸ਼ਾਹ! ਸਾਧਸੰਗਤ ਜੀ! ਕਿਤੇ ਨਹੀਂ ਗਏ ਹੋਏ ਹਰੇਕ ਦੇ ਅੰਦਰ ਰਹਿੰਦੇ ਨੇ। ਧਿਆਨ ਦਿਓ ਅੰਦਰ ਦੇਖਣ ਦੀ ਕੋਸ਼ਿਸ਼ ਕਰੋ। ਉਹ 'ਨਾਮ' ਦੇ ਰੂਪ ਵਿੱਚ ਦਿਸਦੇ ਨੇ, ਰਸ ਦੇ ਰੂਪ ਵਿੱਚ ਦਿਸਦੇ ਨੇ। ਪ੍ਰਕਾਸ਼ ਦੇ ਰੂਪ ਵਿੱਚ ਦਿਸਦੇ ਨੇ, ਸ਼ਬਦ ਦੇ ਰੂਪ ਵਿੱਚ ਦਿਸਦੇ ਨੇ। ਕਿਸੇ ਰੂਪ 'ਚ ਦੇਖ ਲਓ, ਪਰ ਆਪਣਾ ਇਰਾਦਾ ਬਣਾਓ, ਕੱਚੀ ਫਿੱਕੀ ਜ਼ਿੰਦਗੀ ਅਸੀਂ ਗੁਜ਼ਾਰ ਰਹੇ ਹਾਂ। ਕਚ-ਪਿਚ ਵਿੱਚ ਸਾਰਾ ਸਮਾਂ ਬਰਬਾਦ ਹੁੰਦਾ ਤੁਰਿਆ ਜਾ ਰਿਹਾ ਹੈ। ਬਹੁਤ ਬੰਦੇ ਆਉਂਦੇ ਨੇ ਕਿ ਬਾਬਾ ਜੀ! ਬੀਮਾਰ ਹਾਂ। ਮੈਂ ਕਹਿੰਦਾ ਹਾਂ ਕਿ ਨਾਮ ਜਪੋ, ਨਾਮ ਤਾਂ ਜਪਦੇ ਨਹੀਂ ਤੁਸੀਂ। ਜਪ ਕੇ ਦੇਖ ਲਓ ਜੇ ਦੇਖਣਾ ਹੈ। ਜਿਹੜਾ ਵੀ ਰਾਜ਼ੀ ਹੁੰਦਾ ਹੈ, ਉਹ ਨਾਮ ਜਪ ਕੇ ਹੋਇਆ ਹੈ। ਜੇ ਨਾਮ ਨਹੀਂ ਘਰ ਵਿੱਚ ਫੇਰ ਸਾਰੇ ਵਿਘਨ ਨੇ। ਜਿੱਥੇ ਨਾਮ ਚਿੱਤ ਨਹੀਂ ਆਉਂਦਾ ਉੱਥੇ ਭੂਤ-ਪ੍ਰੇਤ ਰਹਿਣ ਲੱਗ ਜਾਂਦੇ ਨੇ।

ਆਹ ਬੀਬੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਇੱਕ ਗੱਲ ਕਹਿੰਦੇ ਹੁੰਦੇ ਨੇ, ਆਮ ਹੀ ਕਹਿੰਦੇ ਹੁੰਦੇ ਪਿੰਡਾਂ 'ਚ ਕਿ ਜਦੋਂ ਤੁਸੀਂ ਰੋਟੀ ਪਕਾਉਂਦੇ ਓਂ, ਆਟਾ ਕੱਢਦੇ ਓਂ, ਵਾਹਿਗੁਰੂ ਕਹਿ ਕੇ ਕੱਢੋ। ਜਦੋਂ ਤਵੇ 'ਤੇ ਪਾਉਂਦੇ ਓਂ, ਵਾਹਿਗੁਰੂ ਕਹਿ ਕੇ ਪਾਓ ਤੇ ਜਦੋਂ ਖਾਣ ਲਗਦੇ ਓਂ, ਵਾਹਿਗੁਰੂ ਕਹਿ ਕੇ ਖਾਓ। ਸੁਣਿਆ ਹੋਇਆ ਸੀ ਇਨ੍ਹਾਂ ਨੇ ਬਜ਼ੁਰਗਾਂ ਤੋਂ ਕਿ ਜੇ ਨਾ ਕਹੋ ਤਾਂ ਭੂਤ ਆ ਜਾਂਦੇ ਨੇ। ਭੂਤ ਖਾਣ ਲਗ ਜਾਂਦੇ ਨੇ, ਇੱਕ ਦਿਨ ਮੈਂ ਪੜ੍ਹਦਾ ਸੀ, ਆਹੀ ਗੱਲ ਆ ਗਈ ਮੂਹਰੇ। ਉਥੇ ਲਿਖਿਆ ਹੋਇਆ ਸੀ ਕਿ ਜਿਹੜਾ ਵਾਹਿਗੁਰੂ ਕਹਿ ਕੇ ਪ੍ਰਸ਼ਾਦਾ ਛਕਦਾ ਹੈ, ਉਹ ਰੱਬ ਦਾ ਦੇਣਦਾਰ ਨਹੀਂ ਬਣਦਾ। ਉਹਦੇ ਉਤੇ ਕਰਜ਼ਾ ਨਹੀਂ ਚੜ੍ਹਦਾ। ਕਿਉਂਕਿ ਉਹਨੇ ਵਾਹਿਗੁਰੂ ਕਹਿਣ ਦੇ ਨਾਲ, ਜਦੋਂ ਬੁਰਕੀ ਪਾਉਂਦਾ ਹੈ ਮੂੰਹ ਦੇ ਵਿੱਚ, ਉਸ ਵੇਲੇ ਸਾਰੇ ਦੇਵਤਿਆਂ ਨੂੰ ਭੋਗ ਲਗ ਜਾਂਦਾ ਹੈ। ਪਾਰਬ੍ਰਹਮ ਪ੍ਰਮੇਸ਼ਰ ਨੂੰ ਵੀ ਭੋਗ ਲਗ ਜਾਂਦਾ ਹੈ। ਜਦੋਂ ਵਾਹਿਗੁਰੂ ਕਹਿ

ਕੇ ਸਿੱਖ ਮੂੰਹ ਵਿੱਚ ਬੁਰਕੀ ਪਾਉਂਦਾ ਹੈ। ਇਸੇ ਕਰਕੇ ਅਸੀਂ ਕਹਿੰਦੇ ਹਾਂ ਕਿ ਜੇ ਔਖ ਹੈ ਭਾਈ, ਪੰਜ ਗੁਰੂ ਦੇ ਸਿੱਖ ਬੁਲਾ, ਬੰਦਗੀ ਕਰਨ ਵਾਲੇ, ਨਾਮ ਜਪਣ ਵਾਲੇ, ਰਸ 'ਚ ਰਹਿਣ ਵਾਲੇ; ਉਹ ਜਦੋਂ ਵਿਧੀ ਪੂਰਵਕ ਉਨ੍ਹਾਂ ਨੂੰ ਤੁਸੀਂ ਪ੍ਰਸ਼ਾਦ ਛਕਾਵੋਂਗੇ ਤੁਸੀਂ। ਉਸ ਵੇਲੇ ਮੰਗ ਲਓ ਜਿਹੜਾ ਕੁਛ ਗੁਰੂ ਮਹਾਰਾਜ ਤੋਂ ਮੰਗਦੇ ਓਂ। ਉਹ ਗੁਰਸਿੱਖ ਤੁਹਾਨੂੰ ਗੁਰੂ ਮਹਾਰਾਜ ਤੋਂ ਦਿਵਾ ਦੇਣਗੇ, ਕੋਈ ਔਖੀ ਬਾਤ ਨਹੀਂ ਹੈ –

***ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ ॥*** ***ਅੰਗ – 917***

ਵਾਹਿਗੁਰੂ ਦੇ ਘਰ ਕਿਹੜੀ ਚੀਜ਼ ਦਾ ਘਾਟਾ ਹੈ –

***ਘਰਿ ਤ ਤੇਰੈ ਸਭੁ ਕਿਛੁ ਹੈ ਜਿਸੁ ਦੇਹਿ ਸੁ ਪਾਵਏ ॥***

***ਅੰਗ – 917***

ਸੋ ਇਸ ਕਰਕੇ ਬਿਰਤੀਆਂ ਬਦਲ ਕੇ ਪ੍ਰਮੇਸ਼ਰ ਵਲ ਆਓ। ਸਮੇਂ ਲੰਘਦੇ ਚਲੇ ਗਏ, ਬੜੀ ਦੇਰ ਹੋ ਗਈ ਮੈਨੂੰ ਇੱਥੇ ਹਰ ਐਤਵਾਰ ਕੀਰਤਨ ਕਰਦੇ ਨੂੰ। ਸਮਾਂ ਲੰਘਦਾ ਜਾਂਦਾ ਹੈ, ਇਸ ਕਰਕੇ ਰੂਹਾਨੀ ਤਰੱਕੀ 'ਚ ਆਈਏ, ਤੇ ਬਾਕੀ ਜੋ ਪ੍ਰੋਗਰਾਮ ਹੈ ਉਹ ਆਪ ਨੇ ਸਰਵਣ ਕਰਨਾ, ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ, ਗੁਰਸਤੋਤਰ 'ਚ ਬੋਲੋ ਭਾਈ।

ਅਰਦਾਸ, ਹੁਕਮਨਾਮਾ।

# 3

# ਗੁਰੂ ਨਾਨਕ ਪਾਤਸ਼ਾਹ ਬੀਬੀ ਦੋਦੋ ਰਾਣੀ ਤੇ ਭਾਈ ਦੋਦਾ ਜੀ

## (ਭਾਗ ੨)

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - 256*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - 289*

*ਧਾਰਨਾ - ਮੇਲ ਵਾਹਿਗੁਰੂ! ਕੋਈ ਰਾਮ ਦਾ ਪਿਆਰਾ।*
*ਮਧੁਸੂਦਨ ਮੇਰੇ ਮਨ ਤਨ ਪ੍ਰਾਨਾ ॥*
*ਹਉ ਹਰਿ ਬਿਨੁ ਦੂਜਾ ਅਵਰੁ ਨ ਜਾਨਾ ॥*
*ਕੋਈ ਸਜਣੁ ਸੰਤੁ ਮਿਲੈ ਵਡਭਾਗੀ*
*ਮੈ ਹਰਿ ਪ੍ਰਭੁ ਪਿਆਰਾ ਦਸੈ ਜੀਉ ॥ 1 ॥*
*ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥*
*ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥*
*ਮਿਲਿ ਸਤਸੰਗਤਿ ਖੋਜੁ ਦਸਾਈ*
*ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥ 2 ॥*
*ਮੇਰਾ ਪਿਆਰਾ ਪ੍ਰੀਤਮੁ ਸਤਿਗੁਰੁ ਰਖਵਾਲਾ ॥*
*ਹਮ ਬਾਰਿਕ ਦੀਨ ਕਰਹੁ ਪ੍ਰਤਿਪਾਲਾ ॥*
*ਮੇਰਾ ਮਾਤ ਪਿਤਾ ਗੁਰੁ ਸਤਿਗੁਰੁ ਪੂਰਾ*
*ਗੁਰ ਜਲ ਮਿਲਿ ਕਮਲੁ ਵਿਗਸੈ ਜੀਉ ॥ 3 ॥*
*ਮੈ ਬਿਨੁ ਗੁਰ ਦੇਖੇ ਨੀਦ ਨ ਆਵੈ ॥*
*ਮੇਰੇ ਮਨ ਤਨਿ ਵੇਦਨ ਗੁਰ ਬਿਰਹੁ ਲਗਾਵੈ ॥*
*ਹਰਿ ਹਰਿ ਦਇਆ ਕਰਹੁ ਗੁਰੁ ਮੇਲਹੁ*
*ਜਨ ਨਾਨਕ ਗੁਰ ਮਿਲਿ ਰਹਸੈ ਜੀਉ ॥ ਅੰਗ - 94*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿੱਚ ਦੂਰ-ਦਰਾਜ਼ ਤੋਂ ਘੰਟਿਆਂ ਬੱਧੀ ਚੱਲ ਕੇ ਇਸ ਅਸਥਾਨ 'ਤੇ ਪਹੁੰਚੇ ਓਂ। ਥੋੜ੍ਹੀ ਦੇਰ ਵਾਸਤੇ ਸਤਿਸੰਗ ਦੀ ਪ੍ਰਾਪਤੀ ਹੋਈ ਹੈ। ਮਨ ਚਿੱਤ ਲਾ ਕੇ ਸਰਵਣ ਕਰਿਓ ਤਾਂ ਕਿ ਸਾਨੂੰ ਕੋਈ ਰਾਹ ਲੱਭ ਸਕੇ। ਬਹੁਤ ਦੇਰ ਹੋ ਗਈ ਸਾਨੂੰ ਘੁੰਮਦਿਆਂ ਨੂੰ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - 631***

ਤੇਰੀ ਵਾਰੀ ਆ ਗਈ - ਪ੍ਰਮੇਸ਼ਰ ਨੂੰ ਮਿਲਣ ਵਾਸਤੇ। ਮਨ ਦੇ ਅੰਦਰ ਸ਼ੌਂਕ ਜਾਗ ਪਵੇ। ਬਿਰਹੁ ਜਾਗ ਪਵੇ। ਫੇਰ ਉਹਦੇ ਹਿਰਦੇ ਦੇ ਵਿੱਚ ਵਾਹਿਗੁਰੂ ਦੇ ਮੇਲ ਦੀ ਖੋਜ ਸ਼ੁਰੂ ਹੁੰਦੀ ਹੈ। ਨਹੀਂ ਤਾਂ ਜੋ ਪ੍ਰਮੇਸ਼ਰ ਦੇ ਰਸਤੇ 'ਤੇ ਮਨੁੱਖ ਜਨਮ ਧਾਰ ਕੇ ਨਹੀਂ ਲਗਦਾ, ਜਿਸਦੇ ਅੰਦਰ ਲੋਚਾ ਪੈਦਾ ਨਹੀਂ ਹੁੰਦੀ, ਪ੍ਰਮੇਸ਼ਰ ਨੂੰ ਮਿਲਣ ਦੀ। ਮਹਾਰਾਜ ਕਹਿੰਦੇ ਉਹ ਤਾਂ ਬਿਰਥਾ ਜਨਮ ਗੁਆ ਲੈਂਦਾ ਹੈ। ਜਿਹੋ ਜਿਹਾ ਸੰਸਾਰ 'ਤੇ ਆਇਆ ਓਹੋ ਜਿਹਾ ਨਾ ਆਇਆ। ਸੋ ਗੁਰੂ ਮਹਾਰਾਜ ਪਹਿਲਾਂ ਸਾਨੂੰ ਮਨੁੱਖ ਬਣਾਉਂਦੇ ਨੇ। ਬੜੀ ਹੈਰਾਨੀ ਹੁੰਦੀ ਹੈ ਇਹ ਗੱਲ ਸੁਣ ਕੇ ਸਾਨੂੰ ਮਨੁੱਖ ਬਣਾਉਂਦੇ ਨੇ ਅਸੀਂ ਮਨੁੱਖ ਨਹੀਂ ਹਾਂ? ਅਸੀਂ ਪੜ੍ਹੇ-ਲਿਖੇ ਹਾਂ, ਜਾਇਦਾਦਾਂ ਖਰੀਦੀਆਂ ਨੇ, ਵੱਡੇ-ਵੱਡੇ ਕਾਰੋਬਾਰ ਅਸੀਂ ਕਰ ਰਹੇ ਹਾਂ। ਬੱਚਿਆਂ ਦੇ ਵਿਆਹ ਅਸੀਂ ਕਰ ਰਹੇ ਹਾਂ ਪੜ੍ਹਾ ਲਿਖਾ ਰਹੇ ਹਾਂ। ਇਲੈਕਸ਼ਨਾਂ ਲੜ ਰਹੇ ਹਾਂ ਤੇ ਅਸੀਂ ਅਜੇ ਮਨੁੱਖ ਨਹੀਂ ਹੋਏ? ਮਹਾਰਾਜ ਕਹਿੰਦੇ ਨਾ, ਸਰੀਰ ਜ਼ਰੂਰ ਮਨੁੱਖ ਦਾ ਮਿਲ ਗਿਆ। ਲੇਕਿਨ ਜੇ ਗੱਲ ਸਮਝ 'ਚ ਨਹੀਂ ਆਈ ਨਾ ਕਿ ਮੇਰੇ ਨਾਲ ਪ੍ਰਮੇਸ਼ਰ ਹਰ ਵਕਤ ਰਹਿੰਦਾ ਹੈ ਤੇ ਇਹ ਗੱਲ ਨਹੀਂ ਅਜੇ ਬੁੱਝੀ ਤਾਂ ਕਹਿੰਦੇ ਤੂੰ ਅਜੇ ਮਨੁੱਖ ਨਹੀਂ ਬਣਿਆ, ਆਦਮੀ ਨਹੀਂ ਬਣਿਆ। ਸੰਸਾਰ ਦੇ ਅੰਦਰ ਕਦੇ ਕੋਈ ਕਹਿੰਦਾ, 'ਖੋਤੇ ਨੂੰ, ਕਦੇ ਨਹੀਂ ਕੋਈ ਕਹਿੰਦਾ ਕਿ ਖੋਤਾ ਬਣ ਜਾ। ਬੈਲ ਨੂੰ ਨਹੀਂ ਕਹਿੰਦਾ ਕਿ ਤੂੰ ਬੈਲ ਬਣ ਜਾ। ਇੱਕ ਮਨੁੱਖ ਨੂੰ ਕਿਹਾ ਜਾਂਦਾ ਜ਼ਰੂਰ ਇਹਦੇ ਵਿੱਚ ਭੇਤ ਹੈ। ਬੜੇ ਖੁੱਲ੍ਹੇ ਦਿਲ ਦੇ ਨਾਲ ਵਿਚਾਰ ਕਰਨੀ ਚਾਹੀਦੀ ਹੈ ਕਿ ਐਸੀ ਬਾਤ ਮਹਾਰਾਜ ਨੇ ਕਹਿ ਦਿੱਤੀ। ਅਸੀਂ ਤਾਂ ਇਹ ਸਮਝਦੇ ਹਾਂ ਕਿ ਮਨੁੱਖ ਦਾ ਜਾਮਾ ਸਾਨੂੰ ਮਿਲ ਗਿਆ ਤੇ ਬੜੀ ਭਾਰੀ ਪ੍ਰਾਪਤੀ ਹੋ ਗਈ ਤੇ ਅਸੀਂ ਬੜੇ ਸਿਆਣੇ ਹੋ ਗਏ ਤੇ ਅਜੇ ਤੱਕ ਅਸੀਂ ਮਨੁੱਖ ਨਹੀਂ ਬਣੇ। ਮਹਾਰਾਜ ਕਹਿੰਦੇ, ਨਹੀਂ ਅਜੇ ਤੂੰ ਤਾਂ ਬਹੁਤ ਨੀਵਾਂ ਹੈਂ, ਥੋੜ੍ਹਾ ਜਿਹਾ ਨੀਵਾਂ ਨਹੀਂ ਹੈ, ਬਹੁਤ ਨੀਵਾਂ ਹੈ। ਖੋਲ੍ਹ ਕੇ ਗੱਲ ਸੁਣਿਓ। ਕਿਉਂਕਿ ਅਸੀਂ ਇਹਦੇ ਵਿੱਚ ਬਹੁਤ ਕੁਛ ਬਣ ਜਾਣਾ, ਜੋ ਮਹਾਰਾਜ ਕਹਿੰਦੇ ਨੇ। ਆਪੇ ਹੀ ਦੇਖਿਓ ਕਿ ਮੈਂ ਕੀ ਹਾਂ। ਇਹ ਗੱਲ ਬਿਲਕੁਲ ਸਤਿ ਹੈ ਜਦੋਂ ਮਰਦਾਨੇ ਨੂੰ ਕੌਡੇ ਰਾਖਸ਼ ਨੇ ਫੜ ਲਿਆ ਤੇ ਉਹ ਸ਼ੀਸ਼ਾ ਕੱਢ ਕੇ ਲਿਆਇਆ। ਜਦੋਂ ਗੁਰੂ ਨਾਨਕ ਪਾਤਸ਼ਾਹ

ਆਏ ਤਾਂ ਫੇਰ ਸ਼ੀਸ਼ਾ ਜਾ ਕੇ ਕੱਢ ਕੇ ਲਿਆਇਆ ਤੇ ਗੁਰੂ ਨਾਨਕ ਦੇ ਚਰਨੀਂ ਪੈ ਗਿਆ ਮਰਦਾਨੇ ਨੂੰ ਆਪਣੀ ਖੁਰਾਕ ਬਣਾ ਲਿਆ। ਮਰਦਾਨਾ ਕਹਿਣ ਲੱਗਿਆ, ਜਦੋਂ ਛੁੱਟ ਗਿਆ ਕਹਿੰਦਾ ਇਹ ਸ਼ੀਸ਼ਾ ਕਿਉਂ ਕੱਢ ਕੇ ਦੇਖਦਾ ਹੈ ਬਾਰ-ਬਾਰ? ਕਹਿੰਦੇ ਇਹਨੂੰ ਹੀ ਪੁੱਛ ਲੈ ਤੂੰ ਕਿ ਇਹ ਸ਼ੀਸ਼ਾ ਕਿਉਂ ਕੱਢਦਾ ਹੈ।

ਕਹਿੰਦੇ, ਕਿਉਂ ਭਾਈ ਕੌਡਾ! ਤੂੰ ਸ਼ੀਸ਼ਾ ਕੱਢ ਕੇ ਕੀ ਦੇਖਦਾ ਸੀ?

ਕਹਿੰਦਾ, ਸਤਿਗੁਰੂ ਮੈਂ ਅਭਿਮਾਨੀ ਹੋ ਗਿਆ ਸੀ, ਹੰਕਾਰੀ ਹੋ ਗਿਆ ਸੀ ਤੇ ਮੇਰੇ ਗੁਰੂ ਨੇ ਸ਼ਰਾਫ ਦੇ ਦਿੱਤਾ ਕਿ ਜਾਹ ਰਾਕਸ਼ਸ਼ ਹੋ। ਮੇਰੀ ਬੁੱਧੀ ਰਾਕਸ਼ਸ਼ ਦੀ ਹੋ ਗਈ ਤੇ ਮੈਂ ਉਸੇ ਵੇਲੇ ਜਦੋਂ ਮੇਰੀ ਬੁੱਧੀ ਬਦਲ ਰਹੀ ਸੀ, ਮੈਂ ਆਪਣੇ ਗੁਰੂ ਦੇ ਚਰਨ ਫੜ ਲਏ। ਮਹਾਰਾਜ! ਮੇਰੇ ਤੋਂ ਭੁੱਲ ਹੋ ਗਈ ਮੈਂ ਤੁਹਾਡੀ ਬਰਾਬਰੀ ਕਰ ਬੈਠਿਆ। ਮੈਨੂੰ ਅਭਿਮਾਨ ਹੋ ਗਿਆ ਸੀ ਆਪਣੀ ਵਿਦਿਆ ਦਾ ਤੇ ਮੈਨੂੰ ਅਭਿਮਾਨ ਹੋ ਗਿਆ ਸੀ ਆਪਣੇ ਸੁੰਦਰ ਸਰੀਰ ਦਾ। ਹੁਣ ਮੈਂ ਰਾਕਸ਼ਸ਼ ਬਣ ਜਾਣਾ ਹੈ, ਮਨੁੱਖ ਖਾਣੇ ਸ਼ੁਰੂ ਕਰ ਦੇਣੇ ਨੇ ਤੇ ਮੇਰਾ ਕਿਤੇ ਉਧਾਰ ਵੀ ਹੋਏਗਾ। ਕਹਿੰਦੇ ਹਾਂ, ਆਪ ਨਿਰੰਕਾਰ ਮਨੁੱਖ ਦੇ ਜਾਮੇ ਦੇ ਅੰਦਰ, ਥਾਂ-ਥਾਂ 'ਤੇ ਘੁੰਮ ਕੇ ਰੁਕਿਆਂ ਹੋਇਆ ਨੂੰ, ਸ਼ਰਾਪਿਆਂ ਹੋਇਆ ਨੂੰ ਸਭ ਨੂੰ ਉਧਾਰਦਾ ਫਿਰੇਗਾ ਤੇ ਗੁਰੂ ਨਾਨਕ ਉਹਦਾ ਨਾਉਂ ਹੋਏਗਾ। ਪਛਾਣ ਕੇ ਕਿਵੇਂ ਆਏਗੀ ਮੈਨੂੰ? ਕਹਿੰਦੇ, ਆਹ ਸ਼ੀਸ਼ਾ ਲੈ ਲੈ। ਇਹ ਸ਼ੀਸ਼ੇ ਦੇ ਅੰਦਰ ਜਿਹੜਾ ਤੈਨੂੰ ਪ੍ਰਕਾਸ਼ ਸਰੂਪ ਹੋ ਕੇ ਨਜ਼ਰ ਆ ਜਾਏਗਾ, ਉਹ ਓਹੀ ਹੋਏਗਾ, ਹੋਰ ਨਹੀਂ ਕੋਈ ਹੋਏਗਾ।

ਕਹਿਣ ਲੱਗੇ, ਭਾਈ ਮਰਦਾਨਾ! ਮੈਂ ਮਾਸ ਆਦਮੀਆਂ ਦਾ ਖਾਂਦਾ ਸੀ ਜ਼ਰੂਰ। ਪਰ ਮੈਂ ਮਨੁੱਖ ਨਹੀਂ ਕੋਈ ਵੀ ਖਾਧਾ।

ਕਹਿੰਦੇ, ਕੀ ਖਾਂਦਾ ਸੀ ਹੋਰ?

ਕਹਿੰਦਾ, ਮੈਂ ਜਾਨਵਰ। ਆਹ ਸ਼ੀਸ਼ੇ ਦੇ ਅੰਦਰ ਜਿਹੋ ਜਿਹਾ ਮਨੁੱਖ ਦਾ ਅੰਦਰਲਾ ਹੁੰਦਾ, ਉਹ ਮੈਨੂੰ ਨਜ਼ਰ ਆ ਜਾਂਦਾ ਸੀ, ਕੋਈ ਕੁੱਕੜ ਸੀ, ਕੋਈ ਸੂਰ ਸੀ, ਕੋਈ ਬੱਕਰਾ ਸੀ, ਹੋਰ ਕਈ ਪਸ਼ੂ ਸੀ।

ਬੜੀ ਹੈਰਾਨੀ ਹੁੰਦੀ ਹੈ ਮਹਾਰਾਜ ਵੀ ਇਸੇ ਤਰ੍ਹਾਂ ਕਹਿੰਦੇ ਨੇ। ਕਹਿੰਦੇ ਪ੍ਰੇਮੀਓ! ਸਰੀਰ ਤੁਹਾਡਾ ਮਨੁੱਖ ਦਾ ਜ਼ਰੂਰ ਹੈ, ਪਰ ਮਤੇ ਖਿਆਲ ਕਰਿਓ ਕਿ ਆਦਮੀ ਬਣ ਗਏ, ਮਨੁੱਖ ਬਣ ਗਏ। ਅਜੇ ਤਾਂ ਬਹੁਤ ਕਸਰ ਹੈ। ਬੜਾ ਸਿੱਧਾ ਫੁਰਮਾਨ ਹੈ ਮਹਾਰਾਜ ਜੀ ਦਾ।

***ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ ॥***

***ਅੰਗ - 1356***

ਜਿਹਨੂੰ ਗੁਰੂ ਦਾ ਮੰਤ੍ਰ ਨਹੀਂ ਮਿਲਿਆ, ਪੰਜ ਪਿਆਰਿਆਂ ਨੇ ਮੰਤਰ

ਨਹੀਂ ਦਿੱਤਾ। ਜਿਹਨੇ ਮੰਤਰ ਦਾ ਫੇਰ ਜਾਪ ਨਹੀਂ ਕਰਿਆ। ਦੋਵੇਂ ਗੱਲਾਂ ਨੇ। ਇਹ ਨਹੀਂ ਕਿ ਮੰਤਰ ਲੈ ਕੇ ਘਰ ਬੈਠੋ। ਕਹਿੰਦੇ ਉਸਦਾ ਜਨਮ ਧਿਰਕਾਰਯੋਗ, ਸੌ ਵਾਰੀ ਫਿੱਟੇਮੂੰਹ ਕਹੀ ਜਾਓ ਤੇ ਐਸਾ ਉਹਦਾ ਜਨਮ ਹੈ ਤੇ ਉਹ ਹੈ ਕੀ ਮਨੁੱਖ ਕਹਿੰਦੇ –

***ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ ॥***
***ਅੰਗ – 1356***

ਕੂਕਰਹ (ਕੁੱਤਾ), ਸੂਕਰਹ (ਸੂਰ), ਗਰਧਭਹ (ਗਧਾ), ਸਰਪਨਹ (ਸੱਪ), ਕਾਕਹ (ਕਾਂ), ਉਹਦੇ ਅੰਦਰ ਹੈ ਮਨੁੱਖ ਦੇ। ਜਿਹਨੂੰ ਮੰਤਰ ਨਹੀਂ ਮਿਲਿਆ ਤੇ ਗੁਰੂ ਵਾਲਾ ਨਹੀਂ ਬਣਿਆ। ਕਈ ਪ੍ਰੇਮੀ ਨੀਵੀਆਂ ਪਾ ਲੈਂਦੇ ਨੇ, ਬੜੇ ਪੜ੍ਹੇ ਲਿਖੇ ਕਿ ਅਸੀਂ ਕਿਨ੍ਹਾਂ 'ਚੋਂ ਹੋਏ, ਸਾਨੂੰ ਤਾਂ ਮੰਤਰ ਹੀ ਨਹੀਂ ਮਿਲਿਆ ਤੇ ਨਾ ਅਸੀਂ ਮੰਤਰ ਦੀ ਕਮਾਈ ਕੀਤੀ ਹੈ। ਸੋ ਪਹਿਲਾਂ ਆਦਮੀ ਨੂੰ ਮਹਾਰਾਜ ਮਨੁੱਖ ਬਣਾਉਂਦੇ ਨੇ ਤੇ ਫੁਰਮਾਨ ਕਰਦੇ ਨੇ ਕਿ –

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਅੰਗ – 251***

***ਧਾਰਨਾ – ਆਵਨ ਨੂੰ ਜਗ ਵਿੱਚ ਆ ਗਏ ਨੇ,***
***ਬਿਨੁ ਬੂਝੇ ਪਸੁਢੋਰ।***

ਧਿਆਨ ਨਾਲ ਸਰਵਣ ਕਰੋ, ਹਿਰਦੇ 'ਚ ਵਸਾਓ ਕਿ ਅਸੀਂ ਗੱਲ ਬੁੱਝ ਲਈ ਜਾਂ ਅਸੀਂ ਅਜੇ ਤੱਕ ਨਹੀਂ ਬੁੱਝੀ? ਕਹਿੰਦੇ, ਜੇ ਅਜੇ ਤੱਕ ਨਹੀਂ ਬੁੱਝੀ ਤਾਂ ਤੁਸੀਂ ਅਜੇ ਪਸ਼ੂਆਂ ਦੀ ਸ਼੍ਰੇਣੀ ਵਿੱਚ ਓਂ, ਪਸ਼ੂ ਵੀ ਉਹ ਜਿਹੜੇ ਢੋਰ ਨੇ। ਢੋਰ ਉਹ ਹੁੰਦੇ ਨੇ ਜਿਹੜੇ ਪਸ਼ੂਆਂ ਦੇ ਵਾਸਤੇ ਮਾਲ ਢੋਂਦੇ ਨੇ। ਗਧਾ ਜਿਹਨੂੰ ਕਹਿੰਦੇ ਨੇ –

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥ ਅੰਗ – 251***

ਸੋ ਬੁੱਝਿਆ ਨਹੀਂ ਜਾਂਦਾ, ਪ੍ਰਮੇਸ਼ਰ ਜ਼ਾਹਰਾ ਜ਼ਹੂਰ, ਹਾਜ਼ਰਾ ਹਜ਼ੂਰ ਹਰ ਥਾਂ ਦੇ ਉਤੇ ਹੈ। ਲੇਕਿਨ ਜੇ ਅਸੀਂ ਨਹੀਂ ਬੁੱਝ ਸਕਦੇ। ਗੁਰੂ ਨਾਨਕ ਨੂੰ ਹਰ ਥਾਂ ਨਹੀਂ ਦੇਖ ਸਕਦੇ ਤਾਂ ਸਾਨੂੰ ਭੂਤ ਪ੍ਰੇਤ ਘੇਰ ਲੈਣਗੇ। ਵਿਘਨ ਘੇਰ ਲੈਣਗੇ, ਮਾੜੀਆਂ ਰੂਹਾਂ ਘੇਰ ਲੈਣਗੀਆਂ। ਕਿਉਂ ਨਹੀਂ ਗੁਰੂ ਨਾਨਕ ਦੀ ਸ਼ਰਨ 'ਚ ਆਉਂਦੇ ਫੇਰ? ਮਨੁੱਖ ਬਣੋ, ਮਨੁੱਖ ਬਣ ਕੇ ਫੇਰ ਦੇਵਤਾ ਬਣੋ। ਗੁਰੂ ਦੇਵਤਾ ਬਣਾਉਂਦਾ ਹੈ, ਦੇਵਤਾ ਹੀ ਨਹੀਂ ਬਣਾਉਂਦਾ ਆਪਣੇ ਵਰਗਾ ਬਣਾਉਂਦਾ ਹੈ। ਇੱਕ ਕਹਿੰਦੇ ਨੇ ਭ੍ਰਿੰਗੀ ਕੀੜਾ, ਉਹ ਇੱਕ ਕੀੜੇ ਨੂੰ ਫੜ ਲੈਂਦਾ ਹੈ ਤੇ ਉਹਦੇ ਦੁਆਲੇ ਆਪਣੀ ਬੋਲੀ ਬੋਲੀ ਜਾਂਦਾ ਹੈ ਤੇ ਆਪਣਾ ਰੂਪ ਬਣਾ ਦਿੰਦਾ ਹੈ। ਉਹਦੇ ਬੱਚਾ ਨਹੀਂ ਹੁੰਦਾ, ਕੀੜਾ ਹੀ ਉਹਦਾ ਬੱਚਾ ਹੁੰਦਾ ਹੈ ਤੇ ਭ੍ਰਿੰਗੀ ਬਣਾ ਲੈਂਦਾ ਹੈ। ਇੱਕ ਹੈ ਗੁਰੂ, ਇੱਕ ਆਮ ਸਾਧਾਰਣ ਬੰਦੇ ਨੂੰ ਆਪਣਾ ਸਰੂਪ ਬਣਾ ਦਿੰਦਾ ਹੈ।

ਮਹਾਰਾਜ ਦਸ਼ਮੇਸ਼ ਪਿਤਾ ਇਹਦੀ ਸਾਖੀ ਭਰਦੇ ਹੋਏ ਕਹਿੰਦੇ ਨੇ –

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ)***

ਮੇਰੇ ਵਿੱਚ, ਉਸ ਗੁਰਸਿੱਖ ਵਿੱਚ ਤੇ ਵਾਹਿਗੁਰੂ ਵਿੱਚ ਰੰਚਕ ਮਾਤਰ ਵੀ, ਭੋਰਾ ਜਿੰਨਾਂ ਵੀ ਭੇਦ ਨਹੀਂ ਹੈ, ਆਪਣਾ ਰੂਪ ਬਣਾ ਲਿਆ –

***ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹਿ ਹੀਂ ਕਰੌਂ ਨਿਵਾਸ।***

ਖਾਲਸਾ ਤਾਂ ਕਹਿੰਦੇ ਹੀ ਇੱਕ ਅੱਧੇ ਨੂੰ ਨੇ। ਇੱਕ ਅੱਧਾ ਹੁੰਦਾ ਹੈ ਖਾਲਸਾ –

***ਪੂਰਨ ਜੋਤ ਜਗੈ ਘਟ ਮੈ ਤਬ ਖਾਲਸ ਤਾਹਿ ਨਖਾਲਸ ਜਾਨੈ॥***

ਜਦੋਂ ਪੂਰਨ ਬ੍ਰਹਮਗਿਆਨ ਦੀ ਜੋਤ ਜਗ ਜਾਵੇ ਹਿਰਦੇ 'ਚ ਫੇਰ ਖਾਲਸਾ ਹੁੰਦਾ ਹੈ, ਨਾਉਂ ਰੱਖਣ 'ਤੇ ਨਹੀਂ ਹੁੰਦਾ ਕਿ ਆਪਾਂ ਆਪਣਾ ਨਾਉਂ ਖਾਲਸਾ ਰੱਖ ਲਈਏ ਤੇ ਖਾਲਸਾ ਬਣ ਗਏ। ਇਹ ਤਾਂ ਇੱਕ ਪਦਵੀ ਹੈ ਬ੍ਰਹਮਗਿਆਨੀ ਦੀ ਜਿਹਨੂੰ ਬ੍ਰਹਮਗਿਆਨ ਹੋ ਜਾਏ, ਆਪੇ ਹੀ ਨਾਉਂ ਰੱਖ ਲਓ। ਫਲਾਣਾ ਸਿੰਘ ਬ੍ਰਹਮਗਿਆਨੀ, ਫਲਾਣਾ ਸਿੰਘ ਬ੍ਰਹਮਗਿਆਨੀ।

ਇੱਕ ਥਾਂ ਗੁਰੂ ਨਾਨਕ ਪਾਤਸ਼ਾਹ ਚਲੇ ਗਏ ਉਥੇ ਰਿਵਾਜ਼ ਪਿਆ ਹੋਇਆ ਸੀ ਹਰੇਕ ਨੂੰ ਬ੍ਰਹਮਗਿਆਨੀ ਕਹਿੰਦੇ ਸੀ। ਹਰ ਬ੍ਰਹਮਗਿਆਨੀ ਸੀ। ਉਥੇ ਦਾ ਰਾਜਾ ਬਿਮਾਰ ਸੀ। ਉਹਨੂੰ ਜਦ ਪਤਾ ਲੱਗਿਆ ਕਿ ਮੇਰੇ ਸ਼ਹਿਰ ਦੇ ਅੰਦਰ ਇੱਕ ਪੂਰਨ ਮਹਾਂਪੁਰਸ਼ ਪਹੁੰਚੇ ਹੋਏ ਨੇ, ਕੋਹੜ ਹੋਇਆ ਹੋਇਆ ਸੀ ਉਹਨੂੰ, ਜਾ ਕੇ ਚਰਨਾਂ 'ਚ ਅਰਜ਼ ਕੀਤੀ ਕਿ ਪਾਤਸ਼ਾਹ! ਮੈਨੂੰ ਕੋਹੜ ਹੈ ਮੈਂ ਬੜਾ ਦੁਖੀ ਹਾਂ। ਕੋਈ ਦਵਾਈ ਨਹੀਂ ਲਗਦੀ। ਉਸ ਵੇਲੇ ਮਹਾਰਾਜ ਕਹਿੰਦੇ, ਲੈ ਰਾਜਨ! ਇਹ ਤਾਂ ਮਾਮੂਲੀ ਗੱਲ ਹੈ। ਇੱਕ ਬ੍ਰਹਮਗਿਆਨੀ ਦੀ ਲੋੜ ਹੈ, ਤੇਰਾ ਤਾਂ ਸ਼ਹਿਰ ਸਾਰਾ ਹੀ ਬ੍ਰਹਮਗਿਆਨੀਆਂ ਦਾ ਭਰਿਆ ਹੋਇਆ ਹੈ।

ਕਿਉਂਕਿ ਬ੍ਰਹਮਗਿਆਨੀ ਨੂੰ ਮਰਨ ਤੇ ਜੀਉਣ ਦਾ ਫਰਕ ਹੀ ਨਹੀਂ ਹੁੰਦਾ, ਭੋਰਾ ਜਿੰਨਾ ਵੀ। ਕਿਉਂਕਿ ਉਹ ਸਦਾ ਜੀਉਂਦਾ ਹੈ –

***ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ ॥ ਅੰਗ – 273***

ਜਿਹਨੇ ਮਰਨਾ ਹੀ ਨਹੀਂ ਉਹ ਸਰੀਰ ਦੇ ਦਏਗਾ, ਫੇਰ ਕੀ ਫਰਕ ਹੈ। ਕਹਿੰਦੇ, ਉਹਦਾ ਸਰੀਰ ਜਿਹੜਾ ਹੁੰਦਾ ਹੈ –

***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ – 273***

ਉਮਾਹਾ ਹੁੰਦਾ ਹੈ ਦੂਸਰੇ ਦੇ ਕੰਮ ਆਉਣਾ। ਢੰਡੋਰਾ ਫੇਰ ਦਿੱਤਾ ਕਿ ਇੱਕ ਬ੍ਰਹਮਗਿਆਨੀ ਆਓ, ਦੂਸਰੇ ਪਾਸੇ ਪੁਲਿਸ ਘਰ-ਘਰ ਫਿਰਨ ਲੱਗ ਗਈ, ਜਿੰਨੇ ਬ੍ਰਹਮਗਿਆਨੀ ਲਿਖਿਆ ਹੋਇਆ ਸੀ, ਫਲਾਣਾ ਰਾਮ

ਬ੍ਰਹਮਗਿਆਨੀ, ਫਲਾਣਾ ਚੰਦ ਬ੍ਰਹਮਗਿਆਨੀ; ਕਹਿੰਦੇ ਤੁਸੀਂ ਬ੍ਰਹਮਗਿਆਨੀ ਓਂ, ਤੁਹਾਡੇ ਲਿਖਿਆ ਹੋਇਆ ਹੈ ਦਰਵਾਜ਼ੇ ਦੇ ਉਤੇ। ਕਹਿੰਦੇ ਜੀ, ਐਵੇਂ ਲਿਖ ਦਿੱਤਾ ਕਿਸੇ ਨੇ ਅਸੀਂ ਤਾਂ ਕੋਈ ਬ੍ਰਹਮਗਿਆਨੀ ਨਹੀਂ। ਸਾਰੇ ਸ਼ਹਿਰ 'ਚ ਪੁੱਛ ਬੈਠੀ ਪੁਲਿਸ, ਇੱਕ ਵੀ ਬ੍ਰਹਮਗਿਆਨੀ ਨਾ ਨਿਕਲਿਆ। ਮਹਾਰਾਜ ਕੋਲ ਆ ਕੇ ਕਹਿਣ ਲੱਗੇ ਕਿ ਬ੍ਰਹਮਗਿਆਨੀ ਤਾਂ ਮਹਾਰਾਜ ਕੋਈ ਨਹੀਂ ਨਿਕਲਿਆ। ਕਹਿੰਦੇ, ਐਨਾ ਤਾਂ ਨਹੀਂ ਕਾਲ ਹੈਗਾ, ਤੇਰੇ ਸ਼ਹਿਰ ਵਿੱਚ ਇੱਕ ਬ੍ਰਹਮਗਿਆਨੀ ਹੈ, ਉਹ ਕਿਰਤ ਕਰਦਾ ਹੈ ਬੰਦਾ, ਚੁੱਪ-ਚਾਂਦ ਹੈ। ਲੁਹਾਰ ਹੈ ਉਹ ਲੁਹਾਰੇ ਦਾ ਕੰਮ ਕਰਦਾ ਹੈ, ਉਹਨੂੰ ਪਾਲਕੀ 'ਚ ਬਿਠਾ ਕੇ ਲਿਆਓ। ਬੜੇ ਆਦਰ ਤੇ ਸਤਿਕਾਰ ਨਾਲ ਲੈਣ ਵਾਸਤੇ ਜਾਂਦੇ ਨੇ। ਉਹ ਕਹਿੰਦਾ ਨਾ ਭਾਈ ਮੈਂ ਤਾਂ ਹਾਂ ਹੀ ਨਹੀਂ ਕੁਛ। ਨਾ ਮੈਂ ਬ੍ਰਹਮਗਿਆਨੀ ਹਾਂ ਨਾ ਮੈਂ ਸੰਤ ਹਾਂ। ਮੈਂ ਤਾਂ ਕੁਛ ਵੀ ਨਹੀਂ ਹਾਂ। ਉਹ ਕਹਿੰਦੇ ਜਿਹੜਾ ਕੁਛ ਵੀ ਨਹੀਂ ਹੈ ਉਹ ਸਭ ਕੁਛ ਹੁੰਦਾ ਹੈ। ਪਾਲਕੀ 'ਚ ਬਿਠਾ ਕੇ ਮਹਾਰਾਜ ਕੋਲ ਲੈ ਆਏ। ਕਹਿੰਦੇ, ਰਾਜਨ! ਪਲੇਟਫਾਰਮ ਬਣਾ ਇੱਕ ਲੱਕੜੀ ਦਾ। ਉਹਦੇ ਉਤੇ ਬਿਠਾ ਕੇ ਇਹਦਾ ਇਸ਼ਨਾਨ ਕਰਾ ਤੇ ਹੇਠਾਂ ਗਲੀ ਰੱਖ ਜਿੱਥੋਂ ਦੀ ਹੇਠਾਂ ਪਾਣੀ ਡੁੱਲ੍ਹੇ। ਉਹ ਪਾਣੀ ਦੇ ਹੇਠਾਂ ਬੈਠ ਕੇ ਤੂੰ ਇਸ਼ਨਾਨ ਕਰ। ਇਹਦਾ ਰੋਮ-ਰੋਮ ਪ੍ਰਭੂ ਦੇ ਨਾਮ ਨਾਲ ਪਵਿੱਤਰ ਹੋਇਆ ਹੋਇਆ ਹੈ। ਜਿਹੜਾ ਜਲ ਇਹਦੇ ਸਰੀਰ ਦੇ ਨਾਲ ਲੱਗ ਜਾਏਗਾ ਉਹਦੀ ਤਾਸੀਰ ਐਨੀ ਵੱਡੀ ਹੋਏਗੀ ਕਿ ਇੱਕ ਤੂੰ ਕੀ ਹਜ਼ਾਰਾਂ ਰੋਗੀ ਆ ਕੇ ਇਸ਼ਨਾਨ ਕਰ ਲੈਣ ਸਭ ਰਾਜ਼ੀ ਹੋ ਜਾਣਗੇ। ਇਹਦਾ ਨਾਤ੍ਹੇ ਹੋਏ ਦਾ ਜਲ ਜੇ ਕਿਸੇ ਤੀਰਥ ਵਿੱਚ ਪਾ ਦੇਵੇਂ ਤਾਂ ਉਹ ਤੀਰਥ ਪਵਿੱਤਰ ਹੋ ਜਾਏਗਾ -

***ਗੰਗਾ ਜਮੁਨਾ ਗੋਦਾਵਰੀ ਸਰਸੁਤੀ***
***ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥***
***ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ***
***ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥*** ***ਅੰਗ - 1263***

ਇਸ਼ਨਾਨ ਕਰਾਇਆ ਠੀਕ ਹੋ ਗਏ। ਸੋ ਇਸ ਤਰ੍ਹਾਂ ਦੇ ਨਾਲ ਨਾਉਂ ਨਾਲ ਲਾਉਣ 'ਤੇ ਨਹੀਂ ਹੁੰਦਾ ਕਿ ਖਾਲਸਾ ਹੋ ਗਿਆ। ਮਹਾਰਾਜ ਕਹਿੰਦੇ, ਜਿਹੜਾ ਖਾਲਸਾ ਹੈ ਉਹ ਤਾਂ ਮੇਰਾ ਰੂਪ ਹੈ-

***ਖਾਲਸਾ ਮੇਰੋ ਰੂਪ ਹੈ ਖਾਸ।***
***ਖਾਲਸੇ ਮਹਿ ਹੌਂ ਕਰੌਂ ਨਿਵਾਸ।***

ਉਹ ਤਾਂ ਪਦਵੀ ਹੈ -

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਸ ਮਹਿ ਰੰਚਕ ਨਾਹਨ ਭੇਵ॥***
***(ਸਰਬ ਲੋਹ ਗ੍ਰੰਥ 'ਚੋਂ)***

ਜਿਸਨੂੰ ਆਤਮਾ ਦਾ ਰਸ ਆ ਗਿਆ। ਦੇਹ ਅਧਿਆਸ ਤੋਂ ਉੱਚਾ

ਹੋ ਗਿਆ। ਆਤਮ-ਮੰਡਲ 'ਚ ਜਿਸਦਾ ਪ੍ਰਵੇਸ਼ ਹੋ ਗਿਆ। ਉਨਮਨੀ ਦੇ ਵਿੱਚ ਜਿਸਦਾ ਨਿਵਾਸ ਹੋ ਗਿਆ। ਉਹ ਆਤਮ ਰਸੀਆ ਪੁਰਸ਼ ਹੁੰਦਾ ਹੈ, ਉਹਦਾ ਆਉਣਾ ਸੰਸਾਰ ਦੇ ਉਤੇ ਧੰਨ ਹੈ। ਸੋ ਮਹਾਰਾਜ ਕਹਿੰਦੇ ਜਿਹਨੇ ਬੁੱਝ ਲਈ ਗੱਲ -

***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***

***ਅੰਗ - 251***

ਜਿਹਦੇ ਮੱਥੇ ਵਿੱਚ ਭਾਗ ਲਿਖੇ ਹੋਏ ਨੇ ਉਹ ਬੁੱਝਦਾ ਹੈ ਇਸ ਗੱਲ ਨੂੰ। ਬਾਕੀ ਸੰਸਾਰ ਨਹੀਂ ਬੁੱਝਦਾ, ਬਾਕੀ ਨੂੰ ਤਾਂ ਮਹਾਰਾਜ ਨੇ, ਜਿਨ੍ਹਾਂ ਨੇ ਬੁੱਝਿਆ ਨਹੀਂ ਉਨ੍ਹਾਂ ਨੂੰ ਰਸਤਾ ਦੱਸ ਦਿੱਤਾ ਕਿ ਪਸ਼ੂ ਬਿਰਤੀ ਤੋਂ ਮਨੁੱਖ ਬਿਰਤੀ 'ਚ ਆਓ। ਮਨੁੱਖ ਬਿਰਤੀ 'ਚੋਂ ਦੇਵ ਬਿਰਤੀ 'ਚ ਆਓ। ਦੇਵ ਬਿਰਤੀ 'ਚੋਂ ਤੁਸੀਂ ਨਿਰੰਕਾਰ ਦਾ ਸਰੂਪ ਬਣੋ। ਜਮਾਤਾਂ ਨੇ ਜਿਵੇਂ ਪੜ੍ਹਾਈ ਦੀਆਂ ਜਮਾਤਾਂ ਹੁੰਦੀਆਂ ਨੇ। ਤਰੱਕੀਆਂ ਨੇ ਜਿਵੇਂ ਕਲਰਕ ਹੈ, ਫੇਰ ਐਸਿਸਟੈਂਟ ਹੋ ਜਾਂਦਾ ਹੈ, ਸੁਪਰਡੈਂਟ ਹੋ ਗਿਆ, ਫੇਰ ਐਸਿਸਟੈਂਟ ਸੈਕਟਰੀ ਹੋ ਗਿਆ, ਡਿਪਟੀ ਹੋ ਗਿਆ, ਫੇਰ ਆਈ.ਏ.ਐਸ ਦਾ ਕਰ ਲਿਆ। ਚੜ੍ਹਦਾ ਚਲਿਆ ਗਿਆ ਉਤੇ। ਇਹ ਰੂਹਾਨੀ ਮੰਜ਼ਲਾਂ ਨੇ, ਰੂਹਾਨੀ ਮੰਜ਼ਲਾਂ ਦੇ ਨਾਲ ਪਹੁੰਚਦਾ ਹੈ। ਮਹਾਰਾਜ ਕਹਿੰਦੇ, ਇਹ ਚੀਜ਼ ਪ੍ਰਾਪਤ ਕਿੱਥੋਂ ਹੁੰਦੀ ਹੈ ਪ੍ਰੇਮੀਓ! ਭਾਗਾਂ ਵਾਲਿਆਂ ਦੇ ਮਨ ਵਿੱਚ ਸ਼ੌਂਕ ਜਾਗਦਾ ਹੈ ਪ੍ਰਮੇਸ਼ਰ ਨੂੰ ਮਿਲਣ ਦਾ ਤੇ ਇਹ ਸੋਝੀ ਪੈਂਦੀ ਹੈ ਕਿ ਇਹ ਮਹਾਂਪੁਰਸ਼ਾਂ ਦੀ ਸੰਗਤ ਵਿੱਚ ਚੀਜ਼ ਦੀ ਪ੍ਰਾਪਤੀ ਹੋਏਗੀ -

***ਹਉ ਮਨੁ ਤਨੁ ਖੋਜੀ ਭਾਲਿ ਭਾਲਾਈ ॥***
***ਕਿਉ ਪਿਆਰਾ ਪ੍ਰੀਤਮੁ ਮਿਲੈ ਮੇਰੀ ਮਾਈ ॥*** ***ਅੰਗ - 94***

ਖੋਜਦੀ ਫਿਰਦੀ ਹਾਂ ਮੈਂ ਕਿ ਮੇਰਾ ਪਿਆਰਾ ਪ੍ਰੀਤਮ ਕਿਤੇ ਮਿਲੇ। ਕਹਿੰਦੇ ਫੇਰ ਮੈਨੂੰ ਪਤਾ ਲੱਗਿਆ ਕਿ -

***ਮਿਲਿ ਸਤਸੰਗਤਿ ਖੋਜੁ ਦਸਾਈ***
***ਵਿਚਿ ਸੰਗਤਿ ਹਰਿ ਪ੍ਰਭੁ ਵਸੈ ਜੀਉ ॥*** ***ਅੰਗ - 94***

ਸੰਗਤ ਵਿੱਚ ਆਉਣ ਨਾਲ ਪਤਾ ਲੱਗਿਆ ਕਿ ਸੰਗਤ ਵਿੱਚ ਤਾਂ ਵਾਹਿਗੁਰੂ ਆਪ ਰਹਿੰਦਾ ਹੈ। ਇਹ ਕੋਈ ਸਾਡਾ ਦਿਲ ਖੁਸ਼ ਕਰਨ ਲਈ ਨਹੀਂ ਮਹਾਰਾਜ ਨੇ ਕਰਿਆ, ਇਹ ਸਾਰੇ ਤੱਥ ਨੇ, ਸਤਿ ਹੈ। ਜਿੱਥੇ ਸਤਿਸੰਗਤ ਹੋਏਗੀ -

***ਸਤਸੰਗਤਿ ਕੈਸੀ ਜਾਣੀਐ ॥***
***ਜਿਥੈ ਏਕੋ ਨਾਮੁ ਵਖਾਣੀਐ ॥*** ***ਅੰਗ - 72***

ਜਿੱਥੇ ਨਾਮ ਦੀ ਵਿਆਖਿਆ ਚਲਦੀ ਹੋਵੇ ਉਹ ਸਤਿਸੰਗ ਹੁੰਦਾ ਹੈ। ਓਸ ਥਾਂ ਦੇ ਉਤੇ ਪ੍ਰਭੂ ਦਾ ਵਾਸਾ ਹੁੰਦਾ ਹੈ। ਅਠਾਹਠ ਤੀਰਥ ਉਥੇ ਨਿਵਾਸ ਕਰਕੇ ਬੈਠੇ ਹੁੰਦੇ ਨੇ ਬਾਹਰਲੇ ਪਾਸੇ ਕਿ ਸਾਡੇ ਤੋਂ ਕੋਈ ਸੌਦਾ ਲੈ

ਲਵੇ –

***ਹਰਿ ਕੀ ਕਥਾ ਹੋਤ ਹੈ ਜਹਾਂ,***
***ਗੰਗਾ ਬੀ ਚਲ ਆਵਤ ਤਹਾਂ।***

ਉਹ ਸੰਗਤ ਮਿਲਦੀ ਨਹੀਂ ਸਾਧਸੰਗਤ ਜੀ। ਬਹੁਤ ਮੁਸ਼ਕਲ ਮਿਲਦੀ ਹੈ ਇਸ ਤਰ੍ਹਾਂ ਨਾਲ ਫੁਰਮਾਨ ਹੈ –

***ਧਾਰਨਾ – ਭਾਗਾਂ ਨਾਲ ਓ ਸੰਗਤ ਮਿਲੇ,***
***ਭਾਗਹੀਣ ਨਾ ਸੰਗਤ ਵਿੱਚ ਆਉਂਦੇ।***

ਜਿਨ੍ਹਾਂ ਦੇ ਭਾਗਾਂ ਵਿੱਚ ਧੁਰ ਤੋਂ ਨਹੀਂ ਲਿਖਿਆ ਹੋਇਆ, ਉਹ ਸੰਗਤ 'ਚ ਨਹੀਂ ਆਉਂਦੇ। ਐਸਾ ਫੁਰਮਾਨ ਹੈ –

***ਮਿਲਿ ਸਤਸੰਗਿ ਬੋਲੀ ਹਰਿ ਬਾਣੀ ॥***
***ਹਰਿ ਹਰਿ ਕਥਾ ਮੇਰੈ ਮਨਿ ਭਾਣੀ ॥***
***ਹਰਿ ਹਰਿ ਅੰਮ੍ਰਿਤੁ ਹਰਿ ਮਨਿ ਭਾਵੈ***
***ਮਿਲਿ ਸਤਿਗੁਰ ਅੰਮ੍ਰਿਤੁ ਪੀਜੈ ਜੀਉ ॥ 2 ॥***
***ਵਡਭਾਗੀ ਹਰਿ ਸੰਗਤਿ ਪਾਵਹਿ ॥***
***ਭਾਗਹੀਨ ਭ੍ਰਮਿ ਚੋਟਾ ਖਾਵਹਿ ॥***
***ਬਿਨੁ ਭਾਗਾ ਸਤਸੰਗੁ ਨ ਲਭੈ***
***ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥ ਅੰਗ – 95***

ਬੇਅੰਤ ਮਿਸਾਲਾਂ ਨੇ, ਇੱਕ ਵੀ ਬਚਨ ਜੇ ਸਤਿਸੰਗ 'ਚ ਆ ਕੇ ਆਦਮੀ ਦੇ ਹਿਰਦੇ 'ਚ ਵਸ ਜਾਏ। ਉਹਦੇ ਨਾਲ ਵੀ ਉਹਦਾ ਪਾਰ ਉਤਾਰਾ ਹੋ ਜਾਇਆ ਕਰਦਾ ਹੈ।

***ਵਡਭਾਗੀ ਹਰਿ ਸੰਤੁ ਮਿਲਾਇਆ ॥***
***ਗੁਰਿ ਪੂਰੈ ਹਰਿ ਰਸੁ ਮੁਖਿ ਪਾਇਆ ॥***
***ਭਾਗਹੀਨ ਸਤਿਗੁਰੁ ਨਹੀ ਪਾਇਆ***
***ਮਨਮੁਖੁ ਗਰਭ ਜੂਨੀ ਨਿਤਿ ਪਉਦਾ ਜੀਉ ॥ ਅੰਗ – 95***

ਜਿਹੜਾ ਸੰਗਤ 'ਚ ਨਹੀਂ ਆਉਂਦਾ, ਕਹਿੰਦੇ ਜੰਮਦਾ ਰਹੇਗਾ, ਮਰਦਾ ਰਹੇਗਾ। ਸੋ ਗੁਰੂ ਨਾਨਕ ਪਾਤਸ਼ਾਹ ਨੇ ਆਪ ਸਾਨੂੰ ਨਮੂਨਾ ਦੇ ਕੇ ਸੰਗਤਾਂ ਕਾਇਮ ਕੀਤੀਆਂ। ਆਪ ਜਦ ਸੰਸਾਰ ਦਾ, ਜਗਤ ਜਲੰਦੇ ਦਾ ਉਧਾਰ ਕਰਦੇ-ਕਰਦੇ, ਰਾਵੀ ਨਦੀ ਦੇ ਕੰਢੇ ਆ ਕੇ ਕੁਛ ਦਿਨ ਬਿਰਾਜੇ। ਜਿਸ ਥਾਂ 'ਤੇ ਹੁਣ ਕਰਤਾਰਪੁਰ ਹੈ। ਉਸ ਥਾਂ 'ਤੇ ਇੱਕ ਪ੍ਰੇਮੀ ਜਿਸ ਦਾ ਨਾਮ ਦੋਦਾ ਸੀ। ਆਪਣੇ ਘਰਵਾਲੀ ਬੀਬੀ ਜਿਸਦੀ ਉਮਰ 25-26 ਸਾਲ ਦੀ ਸੀ। ਉਸ ਨੇ ਗੁਰੂ ਮਹਾਰਾਜ ਦੀ ਸੇਵਾ ਕੀਤੀ, ਪਿਛਲੇ ਦੀਵਾਨ ਵਿੱਚ ਦੱਸਿਆ ਸੀ ਬੜੇ ਵਿਸਥਾਰ ਦੇ ਨਾਲ ਤੇ ਐਨਾ ਪ੍ਰੇਮ ਕੀਤਾ ਕਿ ਮਹਾਰਾਜ ਉਸ ਥਾਂ ਦੇ ਉਤੇ ਕੁਛ ਦਿਨ ਵਾਸਤੇ ਟਿਕ ਗਏ। ਨਹੀਂ ਟਿਕੇ ਤਾਂ ਰਾਜਿਆਂ ਦੇ ਘਰ ਨਹੀਂ ਟਿਕੇ। ਰਾਜੇ ਬੇਨਤੀਆਂ ਕਰਦੇ ਨੇ।

ਜਦੋਂ ਰਾਜੇ ਸੁਧਰਸੈਨ ਕੋਲ ਮਹਾਰਾਜ ਗਏ ਉਸ ਵੇਲੇ ਉਹਨੇ ਇਹ

ਗੱਲ ਕਹੀ। ਸੱਚੇ ਪਾਤਸ਼ਾਹ! ਮੇਰਾ ਰਾਜ ਭਾਗ ਝੰਡੇ ਬਾਢੀ ਨੂੰ ਦੇ ਦਿਓ। ਕਿਸੇ ਨੂੰ ਸੰਭਾਲ ਦਿਓ, ਜਿਹਨੂੰ ਵੀ ਜੀਅ ਕਰਦਾ ਹੈ ਤੁਹਾਡਾ। ਮੈਨੂੰ ਹੁਣ ਰਾਜ ਭਾਗ ਦੀ ਲੋੜ ਨਹੀਂ, ਮੈਂ ਤੁਹਾਡੇ ਨਾਲ ਹੀ ਚੱਲਣਾ ਹੈ। ਬੈਰਾਗ ਕਰੇ। ਲੇਕਿਨ ਮਹਾਰਾਜ ਟਿਕੇ ਨਹੀਂ, ਸਿਰਫ ਇੱਕ ਮਹੀਨੇ ਠਹਿਰੇ ਉਹਦੇ ਕੋਲ। ਕਹਿੰਦੇ, ਰਾਜਨ! ਅਸੀਂ ਸੰਗਤਾਂ ਕਾਇਮ ਕਰਨੀਆਂ ਨੇ, ਸੁਲਝੇ ਹੋਏ ਬੰਦੇ, ਥਾਂ-ਥਾਂ 'ਤੇ, ਟਿਕਾ ਕੇ ਰੱਖਣੇ ਨੇ। ਤੂੰ ਇੱਥੇ ਰਹਿ ਸੰਗਤ ਕਾਇਮ ਕਰ। ਭਾਈ ਝੰਡੇ ਦਾ ਸਾਥੀ ਬਣੀਂ। ਸਾਡੇ ਨਾਲ ਨਹੀਂ ਜਾਣਾ ਤੂੰ। ਹੋਰ ਨਹੀਂ ਅਸੀਂ ਰਹਿ ਸਕਦੇ। ਲੇਕਿਨ ਇੱਥੇ ਪਤਾ ਨਹੀਂ ਕੀ ਪਿਆਰ ਸੀ। ਮਹਾਰਾਜ ਜਾ ਨਹੀਂ ਰਹੇ, ਇੱਥੇ ਉਨ੍ਹਾਂ ਨੇ ਛੱਪਰ ਬਣਾਉਣੇ ਸ਼ੁਰੂ ਕਰ ਦਿੱਤੇ। ਸੰਗਤਾਂ ਨੂੰ ਦੂਰ-ਦਰਾਜ਼ ਤੋਂ ਪਤਾ ਲੱਗਿਆ, ਜੋਗੀਆਂ ਨੂੰ ਬੈਰਾਗੀਆਂ ਨੂੰ। ਸੰਨਿਆਸੀਆਂ ਨੂੰ, ਪੀਰਾਂ ਨੂੰ, ਫਕੀਰਾਂ ਨੂੰ, ਅਮੀਰਾਂ ਨੂੰ, ਗਰੀਬਾਂ ਨੂੰ, ਸਭ ਨੂੰ ਜਿੰਨੇ ਪਤਾ ਲਗਦਾ ਜਾਂਦਾ ਹੈ ਕਿ ਗੁਰੂ ਨਾਨਕ ਨਦੀ ਦੇ ਕੰਢੇ ਟਿਕੇ ਹੋਏ ਨੇ। ਉਨ੍ਹਾਂ ਨੇ ਉਸ ਥਾਂ 'ਤੇ ਪਹੁੰਚਣਾ ਸ਼ੁਰੂ ਕਰ ਦਿੱਤਾ ਤੇ ਨਾਮ ਦੇ ਵਣਜਾਰੇ ਆਉਣੇ ਸ਼ੁਰੂ ਹੋ ਗਏ ਤੇ ਆ ਕੇ ਕੀ ਕਰਦੇ ਨੇ। ਪ੍ਰਮੇਸ਼ਰ ਦੇ ਨਾਮ ਬਾਰੇ ਸੋਝੀ ਹਾਸਲ ਕਰਦੇ ਨੇ ਤੇ ਇੱਕ ਆਵਾਜ਼ ਉੱਠ ਰਹੀ ਐਸ ਤਰ੍ਹਾਂ ਦੀ ਪੜ੍ਹੋ ਪਿਆਰ ਨਾਲ -

***ਧਾਰਨਾ - ਆਵਹੋ ਵਣਜਾਰਿਓ! ਸੌਦਾ ਕਰ ਲਓ ਹਰੀ ਨਾਮ ਦਾ।***

ਨਾਮ ਦੇ ਵਣਜਾਰੇ, ਨਾਮ ਦੀ ਤਲਾਸ਼ ਵਿੱਚ ਕਰਤਾਰਪੁਰ ਪਹੁੰਚ ਰਹੇ ਨੇ, ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਚ। ਰਸਤੇ ਭਰੇ ਹੋਏ ਆਉਂਦੇ ਨੇ। ਜੋ ਕੁਛ ਕੋਈ ਮੰਗਦਾ ਹੈ, ਜੋ ਕਿਸੇ ਦੀ ਇੱਛਿਆ ਹੈ ਉਹ ਪ੍ਰਾਪਤ ਹੁੰਦੀ ਹੈ। ਕਪਾਟ ਖੁੱਲ੍ਹਦੇ ਨੇ ਤੇ ਸੌਦਾ ਕਿੱਥੇ ਕਰਦੇ ਨੇ ਆਹ ਸਰੀਰ ਦੇ ਵਿਚੋਂ -

***ਕਾਇਆ ਕੋਟੁ ਅਪਾਰੁ ਹੈ ਅੰਦਰਿ ਹਟਨਾਲੇ ॥***
***ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥ ਅੰਗ - 309***

ਸੌਦਾ ਕਰਦੇ ਨੇ ਗੁਰੂ ਨਾਨਕ ਪਾਤਸ਼ਾਹ ਨੇ ਲੁਟਾ ਦਿੱਤਾ ਮਾਲ -

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - 293***

ਐਸਾ ਨਾਮ ਜਿਸਦਾ ਕੋਈ ਮੁੱਲ ਨਹੀਂ -

***ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥ ਅੰਗ - 81***

ਰਾਵੀ ਦੇ ਕੰਢੇ ਬੈਠੇ ਹੋਏ ਗੁਰੂ ਨਾਨਕ ਲੁਟਾ ਰਹੇ ਨੇ। ਨਾਮ ਪ੍ਰਗਟ ਕਰ ਰਹੇ ਨੇ -

***ਗੁਰਮੁਖਿ ਸਉਦਾ ਜੋ ਕਰੇ ਹਰਿ ਵਸਤੁ ਸਮਾਲੇ ॥***

***ਨਾਮੁ ਨਿਧਾਨੁ ਹਰਿ ਵਣਜੀਐ ਹੀਰੇ ਪਰਵਾਲੇ ॥ ਅੰਗ - 309***

ਹੀਰੇ ਤੇ ਜਵਾਹਰਾਤ ਵਣਜਦੇ ਨੇ ਨਾਮ ਰੂਪੀ -

***ਕਾਇਆ ਜਿ ਹੋਰ ਥੈ ਧਨੁ ਖੋਜਦੇ ਸੇ ਮੂੜ ਬੇਤਾਲੇ ॥***
***ਅੰਗ - 309***

ਕਹਿੰਦੇ, ਮੂਰਖ ਨੇ ਜਿਹੜੇ ਨਾਮ ਦਾ ਧਨ ਬਾਹਰ ਖੋਜਦੇ ਨੇ। ਕਾਇਆਂ ਦੇ ਵਿੱਚ ਹੈ। -

***ਸੇ ਉਝੜਿ ਭਰਮਿ ਭਵਾਈਅਹਿ ਜਿਉ ਝਾੜ ਮਿਰਗੁ ਭਾਲੇ ॥***
***ਅੰਗ - 309***

ਜਿਵੇਂ ਮਿਰਗ ਦੀ ਨਾਭੀ ਦੇ ਅੰਦਰ ਖੁਸ਼ਬੂ ਪੈਦਾ ਹੋ ਜਾਂਦੀ ਹੈ ਕਸਤੂਰੀ ਦੀ। ਉਹ ਝਾੜਾਂ ਦੇ ਵਿੱਚ ਮੂੰਹ ਦੇ ਕੇ ਭਾਲਦਾ ਫਿਰਦਾ ਹੈ। ਮਹਾਰਾਜ ਕਹਿੰਦੇ, ਇਸੇ ਤਰ੍ਹਾਂ ਦੇ ਨਾਲ ਨਾਮ ਤਾਂ ਅੰਦਰ ਹੈ ਤੇ ਬਾਹਰ ਭਾਲਦੇ ਫਿਰਦੇ ਨੇ। ਮਹਾਰਾਜ ਕਹਿੰਦੇ, ਸਰੀਰ ਵਿੱਚ ਹੈ ਇਹ -

***ਇਹੁ ਸਰੀਰੁ ਸਭੁ ਧਰਮੁ ਹੈ***
***ਜਿਸੁ ਅੰਦਰਿ ਸਚੇ ਕੀ ਵਿਚਿ ਜੋਤਿ ॥***
***ਗੁਹਜ ਰਤਨ ਵਿਚਿ ਲੁਕਿ ਰਹੇ***
***ਕੋਈ ਗੁਰਮੁਖਿ ਸੇਵਕੁ ਕਢੈ ਖੋਤਿ ॥ ਅੰਗ - 309***

ਆਹ ਖੂਹ ਦਬ ਜਾਂਦੇ ਨੇ ਰੇਤੇ 'ਚ। ਜਿਹੜੇ ਪਿੰਡ ਰੇਤਿਆਂ ਵਾਲੇ ਨੇ ਉਨ੍ਹਾਂ ਨੂੰ ਪਤਾ ਹੈ, ਇਸ ਗੱਲ ਦਾ ਗਿਆਨ ਹੈ। ਐਨੇ ਜ਼ੋਰ ਦੀ ਹਨ੍ਹੇਰੀ ਚਲਦੀ ਹੈ, ਚਲ ਕੇ ਟਿੱਬਾ ਲਗ ਜਾਂਦਾ ਹੈ, ਖੂਹ ਥੱਲੇ ਹੀ ਆ ਜਾਂਦਾ ਹੈ। ਉਹ ਮੁੜ ਕੇ ਮਾਰੂ ਹੋ ਗਈ, ਜ਼ਮੀਨ ਰੋਕ ਲਈ ਟਿੱਬੇ ਨੇ। ਉਸ ਤੋਂ ਬਾਅਦ ਪੁਸ਼ਤਾਂ ਲੰਘ ਜਾਂਦੀਆਂ ਨੇ, 40-50 ਸਾਲ ਲੰਘ ਗਏ, ਬਜ਼ੁਰਗ ਚੜ੍ਹਾਈ ਕਰ ਗਏ, ਲੇਕਿਨ ਪਤਾ ਸੀ ਕਿ ਸਾਡੇ ਖੇਤ ਵਿੱਚ ਖੂਹ ਹੈ ਕਿਤੇ। ਉਹ ਖੂਹ ਲੱਭਦਾ ਨਹੀਂ ਹੈ, ਰੇਤਾ ਹੀ ਰੇਤਾ ਪਿਆ ਹੈ। ਓਸ ਵੇਲੇ ਓਡ ਆ ਜਾਂਦੇ ਨੇ ਬੱਕਰੀਆਂ ਲੈ ਕੇ, ਉਨ੍ਹਾਂ ਕੋਲ ਸਿਆਣੇ ਜਾਂਦੇ ਨੇ ਕਿ ਸਾਡੇ ਖੇਤ 'ਚ ਖੂਹ ਹੈ, ਤੁਸੀਂ ਕੱਢ ਦਿਓ ਤੁਹਾਨੂੰ ਐਨੇ ਪੈਸੇ ਦੇਵਾਂਗੇ। ਉਹ ਬੱਕਰੀਆਂ ਲੈ ਕੇ ਗੇੜੇ ਖਿਲਾਉਣ ਲੱਗ ਜਾਂਦੇ ਨੇ। ਥੋੜ੍ਹੇ-ਥੋੜ੍ਹੇ ਥਾਉਂ 'ਚ ਜਿਵੇਂ ਫਲ੍ਹਾ ਚਲਾਈਦਾ ਹੈ। ਉਹ ਬੱਕਰੀਆਂ ਨੂੰ ਗਿਆਨ ਹੈ ਜਿੱਥੇ ਖੂਹ ਹੁੰਦਾ ਹੈ, ਉਥੇ ਉਹ ਵਿਚ ਦੀ ਨਹੀਂ ਲੰਘਦੀਆਂ, ਖੂਹ ਦੀ ਮੌਣ 'ਤੇ ਘੁੰਮਣ ਲੱਗ ਜਾਂਦੀਆਂ ਨੇ। ਸਿਆਣੇ ਬੰਦੇ ਜਾਣ ਜਾਂਦੇ ਨੇ ਕਿ ਇੱਥੇ ਹੈ। ਉਹ ਵੀ ਦੱਸ ਦਿੰਦੇ ਨੇ ਕਿ ਭਾਈ, ਆਹ ਟਿੱਬੇ ਨੂੰ ਪੁੱਟ ਲਓ, ਇਹਦੇ ਥੱਲੇ ਐਸ ਥਾਉਂ ਖੂਹ ਹੈ। ਇਹਨੂੰ ਕਹਿੰਦੇ ਨੇ 'ਖੋਤ'। ਤੇ ਜਦੋਂ ਪੁੱਟਦੇ ਨੇ ਹੇਠੋਂ ਖੂਹ ਨਿਕਲ ਆਉਂਦਾ ਹੈ।

ਮਹਾਰਾਜ ਕਹਿੰਦੇ 'ਗੁਹਜ ਰਤਨ' ਨਾਮ ਰੂਪੀ ਰਤਨ ਹਰੇਕ ਦੇ ਅੰਦਰ ਪਿਆ ਹੈ। ਪੂਰਨ ਸਤਿਗੁਰੂ ਮਿਲ ਜਾਵੇ ਉਹ ਇਸ ਨਾਮ ਰੂਪੀ ਰਤਨ ਨੂੰ

ਖੋਤ ਕੇ ਕੱਢ ਲੈਂਦਾ ਹੈ। ਜਦੋਂ ਨਿਕਲ ਆਇਆ ਨਾਮ ਰਤਨ ਅੱਖ ਖੁੱਲ੍ਹ ਗਈ ਅੰਦਰਲੀ। ਬੰਦ ਹੋਈ-ਹੋਈ ਅੱਖ ਖੁਲ੍ਹੀ ਫੇਰ ਦਿਸਿਆ ਕੀ? -

*ਸਭੁ ਆਤਮ ਰਾਮੁ ਪਛਾਣਿਆ*
*ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥*
*ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥*
***ਅੰਗ - 309***

ਕੰਨਾਂ ਨਾਲ ਵੀ ਇੱਕੋ ਸੁਣਿਆ, ਮਨ ਨਾਲ ਵੀ ਇੱਕੋ ਮੰਨ ਲਿਆ। ਅੱਖਾਂ ਨਾਲ ਇੱਕ ਦੇਖ ਲਿਆ -

*ਜਨ ਨਾਨਕ ਨਾਮੁ ਸਲਾਹਿ ਤੂ ਸਚੁ ਸਚੇ ਤੇਰੀ ਹੋਤਿ ॥*
***ਅੰਗ - 310***

ਬੁੱਧ ਬਦਲ ਜਾਂਦੀ ਹੈ -

*ਕਹਿ ਕਬੀਰ ਬੁਧਿ ਹਰਿ ਲਈ ਮੇਰੀ*
*ਬੁਧਿ ਬਦਲੀ ਸਿਧਿ ਪਾਈ ॥* ***ਗਅੰਗ - 339***

ਰੱਬ ਨੂੰ ਦੇਖਣ ਵਾਲੀ ਬੁੱਧੀ ਸਤਿਸੰਗ 'ਚ ਆ ਕੇ ਪ੍ਰਗਟ ਹੋ ਜਾਂਦੀ ਹੈ। ਜੇ ਕੋਈ ਆਪੇ ਹੀ ਕਹੇ ਕਿ ਮੇਰਾ ਆਪਣੇ ਆਪ ਹੋ ਜਾਏ। ਮਹਾਰਾਜ ਕਹਿੰਦੇ ਨਾ, ਆਪਣੇ ਆਪ ਪਤਾ ਹੀ ਨਹੀਂ ਲਗਦਾ। ਕੋਈ ਕੱਢ ਕੇ ਦਿਖਾਓ ਅੰਦਰਲੇ ਨਾਮ ਨੂੰ। ਪ੍ਰਗਟ ਕਰ ਹੀ ਨਹੀਂ ਸਕਦਾ। ਕਿਉਂਕਿ ਤਾਲੇ ਲੱਗੇ ਹੋਏ ਨੇ। ਐਸ ਤਰ੍ਹਾਂ ਨਾਲ ਫੁਰਮਾਨ ਹੈ -

*ਧਾਰਨਾ - ਨਹੀਂਓਂ ਖੁਲ੍ਹਣੇ ਜੰਗਾਲੇ ਹੋਏ ਜਿੰਦਰੇ।*
*ਬਿਨਾਂ ਸਤਿਗੁਰ ਪੂਰਿਆਂ ਤੋਂ।*
*ਲਿਖਿ ਲਿਖਿ ਪੜਿਆ ॥ ਤੇਤਾ ਕੜਿਆ ॥*
*ਬਹੁ ਤੀਰਥ ਭਵਿਆ ॥ ਤੇਤੋ ਲਵਿਆ ॥*
*ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥*
*ਸਹੁ ਵੇ ਜੀਆ ਅਪਣਾ ਕੀਆ ॥*
*ਅੰਨੁ ਨ ਖਾਇਆ ਸਾਦੁ ਗਵਾਇਆ ॥*
*ਬਹੁ ਦੁਖੁ ਪਾਇਆ ਦੂਜਾ ਭਾਇਆ ॥*
*ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥*
*ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥*
*ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥*
*ਅਲੁ ਮਲੁ ਖਾਈ ਸਿਰਿ ਛਾਈ ਪਾਈ ॥*
*ਮੂਰਖਿ ਅੰਧੈ ਪਤਿ ਗਵਾਈ ॥*
*ਵਿਣੁ ਨਾਵੈ ਕਿਛੁ ਥਾਇ ਨ ਪਾਈ ॥*
*ਰਹੈ ਬੇਬਾਣੀ ਮੜੀ ਮਸਾਣੀ ॥*
*ਅੰਧੁ ਨ ਜਾਣੈ ਫਿਰਿ ਪਛੁਤਾਣੀ ॥*
*ਸਤਿਗੁਰੁ ਭੇਟੇ ਸੋ ਸੁਖੁ ਪਾਏ ॥*
*ਹਰਿ ਕਾ ਨਾਮੁ ਮੰਨਿ ਵਸਾਏ ॥*

*ਨਾਨਕ ਨਦਰਿ ਕਰੇ ਸੋ ਪਾਏ ॥*
*ਆਸ ਅੰਦੇਸੇ ਤੇ ਨਿਹਕੇਵਲੁ ਹਉਮੈ ਸਬਦਿ ਜਲਾਏ ॥*
*ਅੰਗ - 467*

ਮਹਾਰਾਜ ਜੀ ਨੇ ਬਹੁਤ ਕੁਛ ਗਿਣ ਦਿੱਤਾ ਕਿ ਐਨੇ ਕਰਮ ਜੇ ਆਦਮੀ ਕਰ ਲਵੇ ਤਾਂ ਵੀ ਸਤਿਗੁਰੂ ਦੀ ਨਦਰਿ ਤੋਂ ਬਗੈਰ ਕੁਛ ਪ੍ਰਾਪਤ ਨਹੀਂ ਹੁੰਦਾ।

*ਖਟੁ ਸਾਸਤ ਬਿਚਰਤ ਮੁਖਿ ਗਿਆਨਾ ॥* *ਅੰਗ - 98*

ਛੇਈ ਸ਼ਾਸਤ੍ਰ ਮੂੰਹ ਦੇ ਨਾਲ ਜ਼ੁਬਾਨੀ ਯਾਦ ਕਰਕੇ ਗਿਆਨ ਕਰ ਰਹੇ ਨੇ -

*ਪੂਜਾ ਤਿਲਕੁ ਤੀਰਥ ਇਸਨਾਨਾ ॥*
*ਨਿਵਲੀ ਕਰਮ ਆਸਨ ਚਉਰਾਸੀਹ*
*ਇਨ ਮਹਿ ਸਾਂਤਿ ਨ ਆਵੈ ਜੀਉ ॥ 2 ॥*
*ਅਨਿਕ ਬਰਖ ਕੀਏ ਜਪ ਤਾਪਾ ॥* *ਅੰਗ - 98*

ਸੈਂਕੜੇ ਬਰਸ ਜਪ ਤੇ ਤਪ ਕਰਦਾ ਰਿਹਾ ਬੈਠ ਕੇ ਸ਼ਬਦਾਂ ਦੇ -

*ਗਵਨੁ ਕੀਆ ਧਰਤੀ ਭਰਮਾਤਾ ॥* *ਅੰਗ - 98*

ਇੱਕ ਥਾਉਂ ਟਿਕ ਕੇ ਨਹੀਂ ਰਹਿੰਦਾ ਕਿ ਰਾਤ ਨਹੀਂ ਮੈਂ ਰਹਿਣਾ। ਇੱਕ ਰਾਤ ਕੱਟ ਕੇ ਨੱਠ ਜਾਂਦਾ ਹੈ। ਸਾਰੀ ਧਰਤੀ 'ਤੇ ਘੁੰਮ ਗਿਆ -

*ਇਕੁ ਖਿਨੁ ਹਿਰਦੈ ਸਾਂਤਿ ਨ ਆਵੈ*
*ਜੋਗੀ ਬਹੁੜਿ ਬਹੁੜਿ ਉਠਿ ਧਾਵੈ ਜੀਉ ॥* *ਅੰਗ - 98*

ਕਹਿੰਦੇ ਹੇ ਜੋਗੀ! ਇੱਕ ਖਿਨ ਵੀ ਇਨ੍ਹਾਂ ਕੰਮਾਂ ਦੇ ਨਾਲ ਸ਼ਾਂਤੀ ਨਹੀਂ ਆਉਂਦੀ। ਸ਼ਾਂਤੀ ਤਾਂ -

*ਬਿਨੁ ਹਰਿ ਨਾਮ ਨ ਸਾਂਤਿ ਹੋਇ ਕਿਤੁ ਬਿਧਿ ਮਨੁ ਧੀਰੇ ॥*
*ਅੰਗ - 707*

ਨੱਠਣ ਭੱਜਣ ਵਿੱਚ ਨਹੀਂ ਇਹ ਖੁੱਲ੍ਹਿਆ ਕਰਦਾ ਦਰਵਾਜ਼ਾ -

*ਪੂੰਅਰ ਤਾਪ ਗੇਰੀ ਕੇ ਬਸਤ੍ਰਾ ॥* *ਅੰਗ - 1348*

ਗੇਰੂਏ ਕੱਪੜੇ ਰੰਗਾ ਲਏ, ਘਰ ਛੱਡ ਦਿੱਤਾ -

*ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥* *ਅੰਗ - 1348*
*ਦੇਸੁ ਛੋਡਿ ਪਰਦੇਸਹਿ ਧਾਇਆ ॥*
*ਪੰਚ ਚੰਡਾਲ ਨਾਲੇ ਲੈ ਆਇਆ ॥*
*ਕਾਨ ਫਰਾਇ ਹਿਰਾਏ ਟੂਕਾ ॥* *ਅੰਗ - 1348*

ਕੰਨਾ ਪੜਵਾ ਲਏ ਤੇ ਘਰ-ਘਰ ਜਾ ਕੇ ਟੁੱਕ ਮੰਗਦਾ ਫਿਰਦਾ ਹੈ -

*ਘਰਿ ਘਰਿ ਮਾਂਗੈ ਤ੍ਰਿਪਤਾਵਨ ਤੇ ਚੂਕਾ ॥*
*ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥* *ਅੰਗ - 1348*

ਘਰਵਾਲੀ ਛੱਡ ਦਿੱਤੀ। ਬੱਚੇ ਛੱਡ ਦਿੱਤੇ। ਪਰਾਈਆਂ ਇਸਤ੍ਰੀਆਂ ਵਲ ਫੇਰ ਮਨ ਚਲਿਆ ਗਿਆ।

***ਵੇਸਿ ਨ ਪਾਈਐ ਮਹਾ ਦੁਖਿਆਰੀ ॥ 5 ॥***
***ਬੋਲੈ ਨਾਹੀ ਹੋਇ ਬੈਠਾ ਮੋਨੀ ॥***
***ਅੰਤਰਿ ਕਲਪ ਭਵਾਈਐ ਜੋਨੀ ॥ ਅੰਗ - 1348***

ਅੰਦਰ ਕਲਪਨਾ ਪਈ ਹੈ ਬੇਅੰਤ, ਜੂਨੀਆਂ 'ਚ ਘੁੰਮਦਾ ਫਿਰਦਾ ਹੈ –

***ਬਿਨੁ ਸਤਿਗੁਰ ਕਿਨੈ ਨ ਪਾਈ ਪਰਮ ਗਤੇ ॥***
***ਪੂਛਹੁ ਸਗਲ ਬੇਦ ਸਿੰਮ੍ਰਿਤੇ ॥ ਅੰਗ - 1348***

ਮਹਾਰਾਜ ਕਹਿੰਦੇ, ਪੁੱਛ ਲਓ ਜਾ ਕੇ ਵੇਦਾਂ ਨੂੰ, ਸਿਮ੍ਰਤੀਆਂ ਨੂੰ –

***ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ ॥***
***ਪੂਛਹੁ ਬ੍ਰਹਮੇ ਨਾਰਦੈ ਬੇਦ ਬਿਆਸੈ ਕੋਇ ॥ ਅੰਗ - 59***

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਕੋਲ ਸ਼ੌਂਕ ਵਾਲੇ ਬੰਦੇ ਜਿਹੜੇ ਕਰਮ ਧਰਮ ਕਰਦੇ-ਕਰਦੇ ਥੱਕ ਗਏ ਸੀ, ਹਾਰ ਗਏ ਸੀ ਤੇ ਕੋਈ ਰਾਹ ਨਹੀਂ ਸੀ ਲੱਭਦਾ। ਉਹ ਚਾਹੇ ਜੋਗੀ ਨੇ, ਸਿੱਧ ਨੇ, ਨਾਥ ਨੇ, ਚਾਹੇ ਉਹ ਸੰਨਿਆਸੀ ਨੇ, ਚਾਹੇ ਉਹ ਕੋਈ ਵੀ ਧਰਮ ਦੇ ਬੰਦੇ ਨੇ, ਬੈਰਾਗੀ ਸਾਧ ਨੇ, ਸੂਫੀ ਨੇ ਤੇ ਸਾਧਾਰਣ ਇਸਲਾਮ ਵਾਲੇ ਨੇ, ਮੁਸਲਮਾਨ ਨੇ। ਰੋਜ਼ੇ ਰੱਖਣਵਾਲੇ ਨੇ ਨਮਾਜ਼ਾਂ ਕਰਨ ਵਾਲੇ ਨੇ। ਗਾਇਤ੍ਰੀਆਂ ਪੜ੍ਹਨ ਵਾਲੇ, ਤੀਰਥ ਯਾਤਰਾ ਕਰਨ ਵਾਲੇ, ਚਾਲ ਪੈ ਗਈ ਤੁਰੇ ਹੀ ਆਉਂਦੇ ਨੇ, ਜਿੱਥੇ ਗੁਰੂ ਨਾਨਕ ਸਾਹਿਬ ਦਾ ਪਤਾ ਲੱਗ ਗਿਆ ਕਿ ਉਹ ਤਾਂ ਨਦੀ ਕੰਢੇ ਬੈਠੇ ਨੇ, ਹਾਲੇ ਕਿਸੇ ਥਾਂ ਜਾ ਨਹੀਂ ਰਹੇ, ਉਥੇ ਛੱਪਰ ਪਾ ਲਏ। ਇਹ ਗੱਲ ਉਡਦੀ-ਉਡਦੀ ਸਾਰੇ, ਜਿਉਂ-ਜਿਉਂ ਗੱਲ ਉਡਦੀ ਹੈ ਤਿਉਂ-ਤਿਉਂ ਸੰਗਤਾਂ ਜੱਥੇ ਬੰਨ੍ਹ-ਬੰਨ੍ਹ ਕੇ ਆ ਰਹੀਆਂ ਨੇ। ਸ਼ਬਦ ਪੜ੍ਹਦੀਆਂ ਹੋਈਆਂ ਆ ਰਹੀਆਂ ਨੇ। ਦੂਰ-ਦਰਾਜ਼ ਤੋਂ ਚਲਦੇ ਨੇ, ਲੇਕਿਨ ਜਿਨ੍ਹਾਂ ਦੀ ਬਿਜ਼ਨਸ ਨੂੰ ਘਾਟਾ ਪੈ ਗਿਆ, ਕੱਟੜਾਂ ਦੇ, ਬ੍ਰਾਹਮਣਾਂ ਦੇ, ਮੁਲਾਣਿਆਂ ਦੇ, ਪੁਜਾਰੀਆਂ ਦੇ; ਇਹ ਕਹਿਣ ਲੱਗੇ ਇਹ ਤਾਂ ਸਾਰਾ ਜ਼ਿਲਾ ਹੀ ਉਨ੍ਹਾਂ ਦੇ ਪਿੱਛੇ ਲੱਗ ਗਿਆ, ਦੂਰ ਤੱਕ ਲੋਕ ਆ ਰਹੇ ਨੇ। ਜ਼ਿਲ੍ਹਾ ਕੀ ਸਾਰੇ ਪੰਜਾਬ 'ਚੋਂ ਲੋਕ ਆ ਰਹੇ। ਹਿੰਦੋਸਤਾਨ 'ਚੋਂ ਆ ਰਹੇ ਨੇ, ਲੰਕਾ ਤੱਕ ਤੁਰੇ ਆਉਂਦੇ ਨੇ ਬਈ ਆਹ ਤਾਂ ਗਲਤ ਹੋ ਗਈ ਗੱਲ, ਜੇ ਚਾਰਾਜ਼ੋਹੀ ਨਾ ਕਰੀ ਕੁਛ ਫੇਰ ਤਾਂ ਆਪਣਾ ਖਾਣਾ-ਪੀਣਾ ਗਿਆ। ਕਿਉਂਕਿ ਇੱਕ ਥਾਂ 'ਤੇ ਇੱਕ ਮਹਾਤਮਾ ਬੈਠਾ ਹੋਵੇ, ਮਹਾਤਮਾ ਤਾਂ ਅਜੇ ਨਾ ਹੋਵੇ, ਕਹਿੰਦੇ ਹੋਣ ਲੋਕ ਸੰਤ ਹੈ, ਦੂਸਰਾ ਨੇੜੇ ਆ ਜਾਵੇ, ਉਹਦੀ ਮਹਿਮਾ ਹੋਣ ਲੱਗ ਜਾਵੇ, ਉਹਨੂੰ ਫਿਕਰ ਪੈ ਜਾਂਦਾ ਹੈ, ਨੇੜੇ ਦੇ ਡੇਰੇਦਾਰਾਂ ਨੂੰ ਫਿਕਰ ਪੈ ਜਾਏਗਾ, ਮੰਦਰਾਂ, ਮਸਜਿਦਾਂ ਵਾਲਿਆਂ ਨੂੰ ਫਿਕਰ ਪੈ ਜਾਏਗਾ ਕਿ ਇਹ

ਤਾਂ ਸੱਚ ਦਾ ਢੰਡੋਰਾ ਸ਼ੁਰੂ ਹੋ ਗਿਆ। ਇੱਥੇ ਸਾਡੀ ਤਾਂ ਪੇਸ਼ ਨਹੀਂ ਜਾਣੀ, ਬਈ ਕੋਈ ਬਾਨਣੂੰ ਬੰਨੀਏ, ਫੇਰ ਉਹ ਸਾਰੇ ਬਿਨਾਂ ਬੁਲਾਏ ਇਕੱਠੇ ਹੋ ਜਾਂਦੇ ਨੇ। ਇਕੱਠੇ ਹੋ ਕੇ ਪਹਿਲਾਂ ਕੰਮ ਕਰਦੇ ਨੇ ਕਿ ਉਹ ਨਿੰਦਿਆ ਕਰਦੇ ਨੇ। ਕਿਉਂ ਕਰਦੇ ਨੇ ਕਿਉਂਕਿ ਉਨ੍ਹਾਂ ਨੂੰ ਸੱਚ ਦੀ ਆਵਾਜ਼ ਭਾਉਂਦੀ ਨਹੀਂ। ਐਸਾ ਮਹਾਰਾਜ ਫੁਰਮਾਨ ਕਰਦੇ ਨੇ –

***ਧਾਰਨਾ – ਕੂੜੇ ਜਲ ਜਾਂਦੇ ਨੇ,***
***ਭਾਉਂਦਾ ਨਾ ਸੱਚ ਉਨ੍ਹਾਂ ਨੂੰ।***

ਜਿੰਨੇ ਪਾਖੰਡੀ ਹੋਣਗੇ, ਜਿੰਨੇ ਭੇਖੀ ਹੋਣਗੇ, ਜਿੰਨੇ ਵਲ ਛਲ ਕਰਕੇ ਖਾਣ ਵਾਲੇ, ਝੂਠੀਆਂ ਗੱਲਾਂ ਦੱਸ ਕੇ ਆਪਣਾ ਇਕੱਠ ਵਗੈਰਾ ਕਰਨ ਵਾਲੇ, ਜਦੋਂ ਸੱਚ ਦੀ ਆਵਾਜ਼ ਆ ਜਾਏਗੀ। ਉਹ ਫੇਰ ਜਲਣੇ ਸ਼ੁਰੂ ਹੋ ਜਾਂਦੇ ਨੇ, ਨਿੰਦਿਆ ਕਰਨ ਵਾਲੇ। ਮਹਾਰਾਜ ਦਾ ਐਸਾ ਫੁਰਮਾਨ ਹੈ –

***ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥ ਅੰਗ – 646***

ਉਹਨੂੰ ਸੱਚ ਨਹੀਂ ਚੰਗਾ ਲਗਦਾ –

***ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥ ਅੰਗ – 646***

ਜੇ ਸੱਚ ਦੀ ਆਵਾਜ਼ ਕਰਦਾ ਹੈ ਕਿ ਵਾਹਿਗੁਰੂ ਨੂੰ ਮੰਨੋ। ਕਿਉਂ ਤੁਸੀਂ ਜਾ ਕੇ ਫਜ਼ੂਲ ਗੱਲਾਂ ਕਰਦੇ ਓਂ, ਧਾਗੇ ਤਵੀਤ ਕਰਾਉਂਦੇ ਓਂ। ਭੂਤਾਂ-ਪ੍ਰੇਤਾਂ ਵਾਲਿਆਂ ਕੋਲ ਜਾ ਕੇ ਤੁਸੀਂ ਲੈਂਦੇ ਓਂ ਕੋਈ ਜਵੈਣ ਲੈਂਦਾ ਹੈ, ਕੋਈ ਕੁਛ ਲੈਂਦਾ ਹੈ। ਤੁਹਾਡੇ ਤੋਂ ਗੁਰੂ ਨਾਨਕ ਸਾਹਿਬ ਨਹੀਂ ਹਿਰਦੇ 'ਚ ਵਸਾ ਹੁੰਦਾ। ਜੇ ਤੁਹਾਡੇ ਮਸਤਕ 'ਚ ਗੁਰੂ ਨਾਨਕ ਸਾਹਿਬ ਬਹਿ ਜਾਏ, ਮੇਰੇ ਕੋਲ ਆਉਂਦੇ ਨੇ। ਆਹ ਹੁਣ ਜ਼ਿਆਦਾ ਹੀ ਆਉਣ ਲੱਗ ਗਏ। ਪਤਾ ਨਹੀਂ ਭੂਤਾਂ ਵਾਲੇ ਘਟ ਗਏ। ਵਧਿਆ ਹੋਇਆ ਹੈ ਕੰਮ ਇਹ। ਮੈਨੂੰ ਹਵਾ ਘੇਰਦੀ ਹੈ ਜੀ, ਮੈਨੂੰ ਬਦ ਰੂਹ ਘੇਰਦੀ ਹੈ। ਮੈਂ ਕਿਹਾ, ਤੂੰ ਬਦ ਰੂਹ ਦੀ ਥਾਂ 'ਤੇ ਗੁਰੂ ਨਾਨਕ ਨੂੰ ਬਿਠਾਲ ਲੈ। ਅੰਮ੍ਰਿਤ ਛਕ ਲੈ, ਪੰਜ ਪਿਆਰਿਆਂ ਤੋਂ ਨਾਮ ਲੈ ਲੈ। ਬਾਣੀ ਦਾ ਕਰ ਪਾਠ, ਗੁਰੂ ਨਾਨਕ ਸਾਹਿਬ ਦਾ ਧਿਆਨ ਧਰ ਕੇ, ਹਿਰਦੇ 'ਚ ਵਸਾ ਲਓ ਜੇ ਭੂਤ ਪ੍ਰੇਤ ਨੇੜੇ ਆ ਜਾਵੇ। ਬੈਠਦਾ ਹੀ ਨਹੀਂ, ਕਲਪਨਾ 'ਚ ਪਿਆ ਹੋਇਆ ਹੈ, ਵਹਿਮਾਂ 'ਚ ਪਿਆ ਹੋਇਆ ਹੈ, ਗੁਰੂ ਦਾ ਜਦ ਤੂੰ ਬਣ ਗਿਆ 'ਸਭਿ ਤੇ ਵਡਾ ਸਤਿਗੁਰ ਨਾਨਕ' ਜੇ ਭੂਤ ਪ੍ਰੇਤ ਨੇ, ਗੁਰੂ ਨਾਨਕ ਨਹੀਂ ਹੈ? ਕਿਉਂ ਵਹਿਮ 'ਚ ਪੈਂਦਾ ਹੈ, ਜਦੋਂ ਵਹਿਮ-ਪ੍ਰਸਤੀ 'ਚ ਕੱਢਦਾ ਹੈ ਫੇਰ ਇਹਨੂੰ ਦੁੱਖ ਲਗਦਾ ਹੈ ਕਿ ਸਾਡਾ ਤਾਂ ਰੋਟੀ ਪਾਣੀ ਬੰਦ ਕਰ ਰਿਹਾ ਹੈ ਬਾਬਾ ਜੀ। ਫੇਰ ਉਹ ਕੀ ਕਰਦੇ ਨੇ ਨਿੰਦਿਆ ਕਰਦੇ ਨੇ ਕਿ ਬਾਬਾ ਜੀ ਨੇ ਤਾਂ ਰਤਵਾੜਾ ਸਾਹਿਬ ਫਾਰਮ ਆਪਣਾ ਬਣਾ ਲਿਆ। ਮੈਂ ਕੀ ਲੈਣਾ ਹੈ ਫਾਰਮ ਤੋਂ, ਮੈਂ ਤਾਂ ਬਥੇਰਾ ਵੱਡਾ ਫਾਰਮ ਛੱਡ ਕੇ ਆਇਆ ਹਾਂ। ਫਾਰਮ ਬਣਾ ਲਿਆ ਕਹਿੰਦੇ ਸਿੰਘ ਰੱਖੇ ਹੋਏ ਨੇ ਐਵੇਂ ਹੀ। ਆਪਣਾ ਹੀ ਬਣਾ ਲਿਆ

ਕਿਉਂਕਿ ਹੋਰ ਕੋਈ ਗੱਲ ਨਹੀਂ ਆਉਂਦੀ। ਨਿੰਦਿਆ ਹੁੰਦੀ ਹੈ ਫੇਰ। ਕੋਈ ਵੀ ਹੋਵੇ ਮਹਾਂਪੁਰਖ, ਕਿੱਡਾ ਹੀ ਹੋਵੇ, ਜਿੱਥੇ ਸੱਚ ਹੋਏਗਾ ਉਹਦੀ ਨਿੰਦਿਆ ਕਰਨਗੇ ਝੂਠ ਵਾਲੇ। ਕਿਉਂਕਿ ਉਨ੍ਹਾਂ ਦੇ ਪੈਰ ਹਿੱਲ ਜਾਂਦੇ ਨੇ ਫੇਰ ਉਹ ਟਿਕ ਨਹੀਂ ਸਕਦੇ। ਸੋ ਮਹਾਰਾਜ ਕਹਿੰਦੇ –

***ਜਿਨਾ ਅੰਦਰਿ ਕੂੜੁ ਵਰਤੈ ਸਚੁ ਨ ਭਾਵਈ ॥***
***ਜੇ ਕੋ ਬੋਲੈ ਸਚੁ ਕੂੜਾ ਜਲਿ ਜਾਵਈ ॥***
***ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ ॥***

***ਅੰਗ – 646***

ਉਹ ਕਹਿੰਦੇ ਨੇ ਕੂੜ ਖਾ ਕੇ ਧੋਖਾ ਦੇ ਕੇ ਲੋਕਾਂ ਨੂੰ ਬੇਇਮਾਨੀਆਂ, ਗਲਤ ਗੱਲਾਂ ਕਰਕੇ ਉਹ ਰੱਜਦਾ ਹੈ, ਮਹਾਰਾਜ ਕਹਿੰਦੇ ਕਿਵੇਂ ਰੱਜਦਾ ਹੈ ਜਿਵੇਂ ਕਾਂ ਬਿਸ਼ਟਾ ਖਾ ਕੇ ਰੱਜਦਾ ਹੈ ਕਹਿੰਦੇ ਇਸ ਤਰ੍ਹਾਂ ਉਹ ਨਿੰਦਿਆ ਨਾਲ ਰੱਜਦਾ ਹੈ –

***ਜਿਸੁ ਹਰਿ ਹੋਇ ਕ੍ਰਿਪਾਲੁ ਸੋ ਨਾਮੁ ਧਿਆਵਈ ॥***
***ਹਰਿ ਗੁਰਮੁਖਿ ਨਾਮੁ ਅਰਾਧਿ ਕੂੜੁ ਪਾਪੁ ਲਹਿ ਜਾਵਈ ॥***

***ਅੰਗ – 646***

ਮਹਾਰਾਜ ਕਹਿੰਦੇ ਜੇ ਨਾਮ ਦੀ ਆਰਾਧਨਾ ਕਰੇ ਤਾਂ ਕੂੜ ਦਾ ਪਾਪ ਜਿਹੜਾ ਹੈ ਉਹ ਲਹਿ ਜਾਂਦਾ ਹੈ –

***ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥***

***ਅੰਗ – 314***

ਦੋ ਤਰ੍ਹਾਂ ਦੇ ਬੰਦੇ ਨੇ, ਇੱਕ ਤਾਂ ਉਹ ਨੇ ਜਿਨ੍ਹਾਂ ਦੇ ਚਿੱਤ ਨਰਮ ਨੇ ਦੂਰ-ਦਰਾਜ਼ ਤੋਂ ਚੱਲਦੇ ਨੇ, ਕਾਰੋਬਾਰ ਛੱਡਦੇ ਨੇ, ਰਾਹ ਦੀ ਤਕਲੀਫ ਨੂੰ, ਭੁੱਖ ਨੂੰ, ਗਰਮੀ ਨੂੰ ਬਿਲਕੁਲ ਕੁਛ ਨਹੀਂ ਜਾਣਦੇ, ਤੁਛ ਜਾਣਦੇ ਨੇ ਤੇ ਫੇਰ ਪਹੁੰਚਦੇ ਨੇ ਸੰਗਤ ਵਿੱਚ। ਉਨ੍ਹਾਂ ਨੂੰ ਸੰਗਤ ਭਾਉਂਦੀ ਹੈ, ਗੁਰੂ ਦੀ ਪ੍ਰੇਰਨਾ ਹੁੰਦੀ ਹੈ। ਅਕਾਲ ਪੁਰਖ ਉਨ੍ਹਾਂ ਨੂੰ ਕਹਿੰਦਾ ਹੈ ਕਿ ਤੂੰ ਸੰਗਤ 'ਚ ਜਾਹ ਉਥੇ ਤੈਨੂੰ ਹੱਲ ਪ੍ਰਾਪਤ ਹੋਏਗਾ। ਲੇਕਿਨ ਜਿਹੜਾ ਕੂੜਿਆਰ ਹੈ, ਕਠੋਰ ਚਿੱਤ ਵਾਲਾ ਉਹ ਬੰਨੇ ਨਾਲ ਬੰਨਾ ਲਗਦਾ ਹੋਵੇ, ਗੁਰੂ ਘਰ ਦਾ, ਮਜ਼ਾਲ ਹੈ ਕਦੇ ਪੈਰ ਧਰ ਜਾਏ। ਅੰਦਰ ਆ ਜਾਏ ਕਦੇ ਭੁੱਲ ਕੇ ਵੀ। ਕਿਉਂਕਿ ਉਹਦੇ ਭਾਗਾਂ ਵਿੱਚ ਲਿਖਿਆ ਨਹੀਂ ਪ੍ਰਮੇਸ਼ਰ ਨੇ। ਕਈ ਪ੍ਰੇਮੀ ਕਹਿਣਗੇ ਕਿ ਇਹ ਆਉਂਦੇ ਹੀ ਨਹੀਂ, ਮੈਂ ਕਿਹਾ ਇਹ ਕਠੋਰ ਚਿੱਤ ਨੇ, ਇਨ੍ਹਾਂ ਨੂੰ ਪਤਾ ਨਹੀਂ, ਹਾਲੇ ਚੱਕਰ ਖਾਣੇ ਨੇ ਬੇਅੰਤ ਹੀ ਇਨ੍ਹਾਂ ਨੇ, ਕੁੱਤੇ ਬਿੱਲੇ ਬਣਦੇ ਫਿਰਨਾ ਹੈ। ਕਿਉਂਕਿ–

***ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ ॥***

***ਅੰਗ – 314***

ਉਨ੍ਹਾਂ ਨੇ ਗੁਰੂ ਦੇ ਕੋਲ ਆ ਕੇ ਨਹੀਂ ਬੈਠਣਾ, ਕਿਉਂ ਨਹੀਂ ਬੈਠਣਾ। ਕਹਿੰਦੇ –

***ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ ॥***

***ਅੰਗ- 314***

ਉਥੇ ਸੱਚ ਦੀ ਗੱਲ ਚੱਲਣੀ ਹੈ, ਬੇਈਮਾਨੀ ਨਾ ਕਰੋ, ਠੱਗੀ ਨਾ ਕਰੋ। ਰਿਸ਼ਵਤਾਂ ਨਾ ਲਓ, ਧੋਖੇ ਨਾ ਦਿਓ। ਲੇਖੇ ਦੇਣੇ ਪੈਣੇ ਨੇ ਤੁਹਾਨੂੰ। ਫੇਰ ਕੀ ਹੋ ਜਾਂਦਾ ਹੈ ਉਨ੍ਹਾਂ ਦਾ ਚਿੱਤ ਜਿਹੜਾ ਹੈ ਉਹ ਉਦਾਸ ਹੋ ਜਾਂਦਾ ਹੈ।

***ਸਾਚੁ ਧਰਮੁ ਨਹੀ ਭਾਵੈ ਡੀਠਾ ॥***
***ਝੂਠ ਧੋਹ ਸਿਉ ਰਚਿਓ ਮੀਠਾ ॥*** ***ਅੰਗ - 676***

ਝੂਠ ਦੇ ਨਾਲ ਰਚਿਆ ਹੋਇਆ ਉਹਨੂੰ ਮਿੱਠਾ ਲਗਦਾ ਹੈ, ਸੋ ਇਸ ਤਰ੍ਹਾਂ ਦੇ ਨਾਲ ਜਿੰਨੇ ਕੂੜਿਆਰ ਸੀ ਗੁਰੂ ਨਾਨਕ ਸਾਹਿਬ ਦੇ ਵਿਰੋਧੀ। ਉਹ ਇਕੱਠੇ ਹੋਣੇ ਸ਼ੁਰੂ ਹੋ ਗਏ। ਚਾਹੇ ਉਹ ਮਸਜਿਦ 'ਚ ਰਹਿੰਦਾ ਹੈ, ਚਾਹੇ ਉਹ ਠਾਕੁਰ ਦੁਆਰੇ 'ਚ ਰਹਿੰਦਾ, ਹਾਂ ਹਾਲਾਂਕਿ ਗੁਰੂ ਸਾਹਿਬ ਉਜਾੜ 'ਚ ਬੈਠੇ ਨੇ। ਨੇੜੇ ਤੇੜੇ ਬਸਤੀ ਨਹੀਂ ਹੈ ਕੋਈ, ਇੱਕ ਪਾਸੇ ਦਰਿਆ ਹੈ ਜਿਹੜਾ ਹਰ ਵਕਤ ਚਲਦਾ ਹੈ। ਅੱਜਕੱਲ੍ਹ ਵਾਂਗਣ ਨਹੀਂ ਕਿ ਡੈਮ ਲੱਗੇ ਹੋਏ ਨੇ। ਭਰ ਕੇ ਦਰਿਆ ਚਲਦੇ ਸੀ, ਦਰਿਆ ਤੋਂ ਪਾਰ ਹੋਣਾ ਕਿੰਨਾ ਔਖਾ ਹੈ। ਇੱਕ ਪਾਸੇ ਜੰਗਲ ਹੀ ਜੰਗਲ ਹੈ। ਲੇਕਿਨ ਫੇਰ ਪਤਾ ਨਹੀਂ ਵੀਹ-ਵੀਹ, ਚਾਲੀ-ਚਾਲੀ ਮੀਲ ਬੈਠਿਆਂ ਨੂੰ ਕਿਉਂ ਗੁਰੂ ਨਾਨਕ ਸਾਹਿਬ ਨਹੀਂ ਭਾਏ, ਕਿਉਂ ਵਿਰੋਧਤਾ ਕਰਦੇ ਸੀ। ਨਾ ਮਸਜਿਦ ਵਾਲੇ ਨੂੰ ਭਾਏ, ਨਾ ਮੰਦਰ ਵਾਲੇ ਨੂੰ ਭਾਏ। ਦੋਵਾਂ ਨੂੰ ਹੀ ਨਾ ਭਾਏ। ਦੋਵੇਂ ਇਕੱਠੇ ਹੋ ਗਏ ਜਿਹੜੇ ਇੱਕ ਦੂਜੇ ਨਾਲ ਲੜਦੇ ਸੀ। ਇੱਕ ਦੂਜੇ ਨੂੰ ਦੇਖਦੇ ਨਹੀਂ ਸੀ, ਉਹ ਉਹਨੂੰ ਮਲੇਛ ਕਹਿੰਦਾ ਸੀ, ਉਹ ਉਹਨੂੰ ਕਾਫਰ ਕਹਿੰਦਾ ਸੀ। ਹੁਣ ਸਾਂਝਾ ਮਹਾਝ ਗਿਆ ਸਾਮ੍ਹਣੇ। ਸਾਂਝੇ ਮੁਫਾਦ ਦੇ ਉਤੇ ਇਕੱਠੇ ਹੋ ਗਏ। ਕਹਿੰਦੇ ਕੋਈ ਬਾਨਣੂੰ ਬੰਨੋ ਇਹਦਾ ਨਾਨਕ ਤਪਾ ਤਾਂ ਬਹਿ ਗਿਆ ਇਥੇ ਮੱਲ ਕੇ। ਕਹਿਣ ਲੱਗੇ, ਦੱਸੋ ਜਿਹੜਾ ਇੱਥੇ ਦਾ ਮਾਲਕ ਹੈ ਜ਼ਮੀਨ ਦਾ। ਆਹ ਸਾਰੇ ਜ਼ਿਲੇ ਦਾ ਉਹ ਕਰੋੜੀਆ ਹੈ ਕਰੋੜ ਚੰਦ ਹੈ ਉਹਦਾ ਨਾਉਂ। ਲਾਹੌਰ ਰਹਿੰਦਾ ਹੈ ਕਿਉਂ ਨਾ ਆਪਾਂ ਉਹਦੇ ਕੋਲ ਜਾਈਏ, ਉਹਨੂੰ ਕਹੀਏ ਕਿ ਉਠਾਲ ਦੇ ਤੂੰ ਉਥੋਂ, ਨਹੀਂ ਤਾਂ ਇੱਥੇ ਅੱਡਾ ਕਾਇਮ ਹੋ ਜਾਏਗਾ। ਉਸ ਵੇਲੇ ਕਰੋੜ ਚੰਦ ਦੇ ਕੋਲ ਜਾਂਦੇ ਨੇ ਲਾਹੌਰ ਤੇ ਉਹਨੂੰ ਕਹਿਣ ਲੱਗੇ ਕਿ ਦੇਖੋ ਸ਼ਾਹ ਜੀ! ਤੁਹਾਡਾ ਇਲਾਕਾ ਹੈ ਤੁਹਾਡਾ ਪਰਗਣਾ ਹੈ ਤੁਸੀਂ ਉਸ ਦੇ ਮਾਲਕ ਹੋਂ। ਸਾਰੇ ਮੁਕਦਮੇ ਤੁਹਾਡੇ ਕੋਲ ਆਉਂਦੇ ਨੇ, ਪੁਲਿਸ ਤੁਹਾਡੇ ਕੋਲ ਹੈ ਤੇ ਆਹ ਕੁਫਰ ਦਾ ਗੜ੍ਹ ਜਿਹੜਾ ਹੈ ਉਥੇ ਕਾਇਮ ਹੋ ਰਿਹਾ ਹੈ।

ਕਹਿੰਦੇ, ਗੜ੍ਹ ਕਿਹੜਾ ਕੁਫਰ ਦਾ?

ਕਹਿੰਦੇ, ਨਾਨਕ? ਜਿਹਨੂੰ ਕੁਰਾਹੀਆ ਕਹਿੰਦੇ ਨੇ ਸਾਰੇ ਲੋਕ, ਇੱਕ

ਤਾਂ ਮੁਸਲਮਾਨ ਨੂੰ ਨਾਲ ਲਈਂ ਫਿਰਦਾ ਹੈ, ਖੱਤਰੀ ਹੋ ਕੇ। ਇਸ ਤੋਂ ਵੀ ਉਤੇ ਉਸ ਕੋਲ ਮੁਸਲਮਾਨ ਆ ਰਹੇ ਨੇ, ਪਠਾਣ ਆ ਰਹੇ ਨੇ, ਦੂਜੇ ਆ ਰਹੇ ਨੇ ਤੇ ਪੀਰ ਆ ਰਹੇ ਨੇ ਉਨ੍ਹਾਂ ਦੇ। ਸਾਰੇ ਸਿੱਜਦੇ ਕਰ-ਕਰ ਕੇ ਜਾ ਰਹੇ ਨੇ ਇੱਥੇ ਹੀ ਨਹੀਂ, ਜੋਗੀ ਵੀ ਆ ਰਹੇ ਨੇ, ਬੈਰਾਗੀ ਆ ਰਹੇ ਨੇ, ਸੰਨਿਆਸੀ ਆ ਰਹੇ ਨੇ, ਹੋਰ ਅਨੇਕਾਂ ਮੱਤਾਂ ਦੇ ਸਾਧੂ ਆ ਰਹੇ ਨੇ। ਪੁੱਠੀਆਂ ਮੱਤਾਂ ਦੇ ਰਿਹਾ ਹੈ ਇਹ। ਨਾ ਤੀਰਥ ਦੀ ਮਹਾਨਤਾ ਕਰਦਾ ਹੈ, ਨਾ ਬਰਤਾਂ ਦੀ, ਨਾ ਜਨੇਊ ਦੀ, ਨਾ ਤਿਲਕ ਦੀ, ਉਧਰ ਉਹ ਕਹਿੰਦੇ ਸਾਨੂੰ ਵੀ ਇਹ ਕਹਿੰਦਾ ਹੈ। ਦੋਵੇਂ ਖਿਲਾਫ ਹੋ ਗਏ। ਉਹ ਕਹਿੰਦਾ ਤੁਸੀਂ ਫਿਕਰ ਨਾ ਕਰੋ। ਮੈਂ ਤਾਂ ਪਹਿਲਾਂ ਹੀ ਸੋਚਦਾ ਸੀ। ਕਿਉਂਕਿ ਮੈਂ ਉਡਦੀ-ਉਡਦੀ ਗੱਲ ਸੁਣੀ ਹੈ ਤੇ ਮੈਂ ਵੀ ਖੱਤਰੀ ਹਾਂ, ਮੈਂ ਉਠਾ ਕੇ ਛੱਡੂੰ ਇਹਨੂੰ।

ਵੈਰ ਧਾਰ ਲਿਆ ਗੁਰੂ ਨਾਨਕ ਨਾਲ। ਏਧਰਲੇ ਪਾਸੇ ਗੁਰੂ ਨਾਨਕ ਪਾਤਸ਼ਾਹ ਦੀ ਸਤਿਸੰਗ ਦੇ ਵਿੱਚ ਬਾਣੀ ਪੜ੍ਹਦੇ ਆਉਂਦੇ ਨੇ ਸਾਰੇ, ਜਿੰਨੀ-ਜਿੰਨੀ ਕਿਸੇ ਦੇ ਯਾਦ ਹੈ ਤੇ ਫੇਰ ਉਹਦੀਆਂ ਤੁਕਾਂ ਯਾਦ ਕਰਦੇ ਨੇ ਤੇ ਇੱਕ ਇੱਥੇ ਫਿਰਦੇ ਹੁੰਦੇ ਜਿਹੜੇ ਘਰ-ਘਰ ਫਿਰ ਕੇ ਗਾਇਆ ਕਰਦੇ ਸੀ। ਕਾਨ੍ਹੇ ਵਜਾ ਕੇ ਗਾਉਂਦੇ ਹੁੰਦੇ। ਗਲੀਆਂ 'ਚ ਘੁੰਮਦੇ ਰਹਿੰਦੇ ਸੀ। ਲੈਂਦੇ ਨਹੀਂ ਸੀ ਕਿਸੇ ਤੋਂ ਕੁਛ, ਬਗਲੀ ਪਾਈ ਹੁੰਦੀ ਕੋਈ ਦੇ ਦੇਵੇ ਤਾਂ ਰੁਕ ਜਾਂਦੇ ਸੀ, ਨਹੀਂ ਤਾਂ ਤੁਰੇ ਹੀ ਰਹਿੰਦੇ ਸੀ, ਗਾਉਂਦੇ ਰਹਿੰਦੇ ਸੀ। ਉਨ੍ਹਾਂ ਨੂੰ ਬਾਣੀ ਦੇ ਟੱਪੇ ਯਾਦ ਹੋ ਗਏ। ਉਹ ਟੱਪੇ ਯਾਦ ਕਰਕੇ ਗਾਉਂਦੇ ਫਿਰਦੇ ਨੇ। ਅੱਜ ਲਾਹੌਰ ਵਿੱਚ ਇੱਕ ਕੋਈ ਸਾਂਈ ਲੋਕ, ਉਹ ਟੱਪੇ ਗਾਉਂਦਾ-ਗਾਉਂਦਾ ਇਹਦੇ ਘਰ ਮੂਹਰੇ ਜਦੋਂ ਗਿਆ ਕਰੋੜੀਏ ਦੇ ਉਥੇ ਇਸ ਤਰ੍ਹਾਂ ਦੇ ਨਾਲ ਆਵਾਜ਼ ਦੇ ਰਿਹਾ ਹੈ -

***ਧਾਰਨਾ - ਰੱਬ ਲੇਖਾ ਮੰਗਦਾ ਨੀਂ,***
***ਜਿੰਦੇ ਘਰ ਭਜਨ ਹਿਸਾਬ ਮੁਕਾਈਏ।***

***ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥***
***ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥***
***ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥***
***ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥***
***ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥***
***ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥ ਅੰਗ - 953***

ਨਾਲ ਬੈਠੇ ਸੀਗੇ, ਕਹਿੰਦੇ ਆਹ ਦੇਖੋ, ਆਹ ਸ਼ਕਲ ਤੋਂ ਹਿੰਦੂ ਲਗਦਾ ਹੈ ਅਜ਼ਰਾਈਲ ਦਾ ਨਾਮ ਲੈਂਦਾ ਹੈ, ਧਰਮਰਾਜ ਨਹੀਂ ਕਹਿੰਦਾ। ਕਹਿਣ ਲੱਗੇ, ਆਹ ਦੇਖੋ ਟੱਪੇ ਗਾਉਂਦੇ ਫਿਰਦੇ ਨੇ। ਅਜੇ ਸੁਣ ਹੀ ਰਹੇ ਸੀ ਦੂਸਰੀ ਆਵਾਜ਼ ਫੇਰ ਆ ਗਈ।

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***

*ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥*

*ਅੰਗ – 464*

ਆਵਾਜ਼ ਸੁਣ ਲਈ ਚੰਗੀ ਤਰ੍ਹਾਂ। ਕ੍ਰੋਧ ਵਿੱਚ ਆ ਗਿਆ, ਕਹਿਣ ਲੱਗਿਆ, ਫਕੀਰ ਸਾਂਈਂ! ਅੰਦਰ ਆ। ਕਹਿੰਦਾ, ਕਾਨਿਆਂ ਨਾਲ ਕੀ ਗਾਉਂਦਾ ਫਿਰਦਾ ਹੈਂ।

ਕਹਿਣ ਲੱਗੇ ਕਿ ਇਹ ਤਾਂ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਹੈ, ਜਿਹੜੀ ਭੁੱਲਿਆਂ ਨੂੰ ਰਸਤੇ ਪਾਉਂਦੀ ਹੈ। ਏਸ ਕਰਕੇ ਅਸੀਂ ਗਲੀਆਂ ਵਿੱਚ ਗਾਉਂਦੇ ਫਿਰਦੇ ਹਾਂ ਕਿ ਕਿਸੇ ਦੇ ਕੰਨ ਵਿੱਚ ਇਹ ਬਾਣੀ ਪੈ ਜਾਵੇ। ਕੰਨਾਂ ਤੋਂ ਹੋ ਕੇ ਹਿਰਦੇ ਵਿੱਚ ਪਹੁੰਚ ਜਾਵੇ ਤੇ ਉਹ ਮਾੜੇ ਕਰਮਾਂ ਤੋਂ ਹਟ ਜਾਵੇ ਤੇ ਜ਼ਿੰਦਗੀ ਦਾ ਜੋ ਮਨੋਰਥ ਹੈ ਉਸਨੂੰ ਪੂਰਾ ਕਰੇ।

ਕਹਿਣ ਲੱਗਿਆ, ਤੂੰ ਹਿੰਦੂ ਹੈਂ ਅਜ਼ਰਾਈਲ ਦਾ ਕਿਉਂ ਨਾਮ ਲੈਂਦਾ ਹੈਂ?

ਕਹਿੰਦੇ, ਗੁਰੂ ਨਾਨਕ ਤਾਂ ਮੰਦਰ ਤੇ ਮਸਜਿਦ ਨੂੰ ਇੱਕ ਸਮਝਦਾ ਹੈ। ਦੋ ਨਹੀਂ ਸਮਝਦਾ। ਪੂਜਾ ਦੇ ਥਾਉਂ ਸਮਝਦਾ ਹੈ, ਦੋਹਾਂ ਦਾ ਸਤਿਕਾਰ ਕਰਦਾ ਹੈ। ਨਾ ਮੰਦਰ ਨੂੰ ਮਾੜਾ ਕਹਿੰਦਾ ਹੈ, ਨਾ ਮਸਜਿਦ ਨੂੰ ਮਾੜਾ ਕਹਿੰਦਾ ਹੈ। ਉਹ ਇਹ ਕਹਿੰਦਾ ਹੈ ਕਿ ਚਾਹੇ ਨਮਾਜ਼ ਪੜ੍ਹ ਚਾਹੇ ਗਾਇਤ੍ਰੀ ਪੜ੍ਹ। ਪਰ ਚਿੱਤ ਨੂੰ ਇਕਾਗਰ ਕਰਕੇ ਪੜ੍ਹ। ਵਾਹਿਗੁਰੂ ਵਲ ਮਨ ਨੂੰ ਲਾ ਸਿੱਧੀ ਨਮਾਜ਼ ਨਾ ਪੜ੍ਹ। ਗਲਤ ਨਮਾਜ਼ ਬੇਅਦਬੀ ਹੈ।

ਜੇ ਚਿੱਤ ਨਹੀਂ ਲਗਦਾ ਜਪੁਜੀ ਸਾਹਿਬ ਪੜ੍ਹਦੇ ਦਾ ਤਾਂ ਪ੍ਰੇਮੀਆਂ! ਤੂੰ ਬੇਅਦਬੀ ਕਰ ਰਿਹਾ ਹੈਂ।

ਗੁਰੂ ਨਾਨਕ ਪਾਤਸ਼ਾਹ ਜਿਸ ਥਾਂ 'ਤੇ ਸਿੱਖ ਬਾਣੀ ਪੜ੍ਹਦਾ ਹੈ, ਕੀਰਤਨ ਸੋਹਿਲਾ ਪੜ੍ਹਦਾ ਹੈ, ਨਾਲ ਹੁੰਦਾ ਹੈ। ਤੂੰ ਬੇਅਦਬੀ ਕਰ ਰਿਹਾ ਹੈਂ ਉਹਦੀ। ਚਿੱਤ ਨੂੰ ਨਠਾਈਂ ਫਿਰਦਾ ਹੈਂ। ਤੂੰ ਸਮਝ ਕਿ ਮੇਰੇ ਨਾਲ ਹੈ ਗੁਰੂ ਨਾਨਕ ਬਾਣੀ ਪੜ੍ਹਦੇ ਦੇ। ਇਹ ਚਿੱਤ ਲੱਗੇ ਤਾਂ ਬਾਣੀ ਪੜ੍ਹੀ ਹੋਈ ਕਿਵੇਂ ਪਰਵਾਨ ਹੋ ਜਾਏਗੀ। ਨਿਸ਼ਾਨਾ ਨਾ ਮਾਰੇ target ਸਾਮ੍ਹਣੇ ਨਾ ਹੋਵੇ ਤਾਂ ਗੋਲੀ ਗੁਲਜ਼ਰੀ 'ਚ ਨਾ ਮਾਰਦਾ ਹੋਵੇ ਤਾਂ ਨੰਬਰ ਕਿਵੇਂ ਮਿਲ ਜਾਣਗੇ।

ਬਹੁਤ ਸਾਰੇ ਪ੍ਰੇਮੀ ਮੈਨੂੰ ਕਹਿਣਗੇ ਜੀ, ਪਾਠ ਤਾਂ ਅਸੀਂ ਕਰ ਲਏ। ਓ ਭਾਈ! ਪਾਠ ਜਿਵੇਂ ਵਿਧੀ ਨਾਲ ਕਰਨੇ ਚਾਹੀਦੇ ਨੇ, ਚਿੱਤ ਇਕਾਗਰ

ਕਰਕੇ ਉਸ ਤਰ੍ਹਾਂ ਕਰ ਲਓ। ਫੇਰ ਹੋ ਨਹੀਂ ਸਕਦਾ, ਜਪੁਜੀ ਸਾਹਿਬ ਦਾ ਐਡਾ ਮਹਾਤਮ ਹੈ ਸਾਰੇ ਮੰਤਰਾਂ ਤੋਂ ਵੱਡਾ ਮੰਤਰ, ਭੂਤ ਪ੍ਰੇਤ ਕੋਈ ਵੀ ਚੀਜ਼, ਕੋਈ ਵਿਘਨ ਨੇੜੇ ਨਹੀਂ ਰਹਿੰਦਾ। ਜੇ ਕੋਈ ਜਪੁਜੀ ਸਾਹਿਬ ਦਾ ਪਾਠ ਮਨ ਚਿੱਤ ਇਕਾਗਰ ਹੋ ਕੇ ਕਰੇ। ਮੈਂ ਚੁੱਪ ਕਰ ਜਾਂਦਾ ਹਾਂ ਕਿ ਮੈਂ ਹੁਣ ਕਿਵੇਂ ਸਮਝਾਵਾਂ ਕਿ ਭਾਈ! ਤੇਰਾ ਚਿੱਤ ਤਾਂ ਇਕਾਗਰ ਨਹੀਂ ਹੈ। ਚਿੱਤ ਤਾਂ ਤੇਰਾ ਦੌੜਦਾ ਫਿਰਦਾ ਰਿਹਾ ਹੈ। ਜਪੁਜੀ ਸਾਹਿਬ ਦੇ ਅੱਖਰ ਤੇਰੇ ਮੂੰਹ 'ਚ ਘੁੰਮਦੇ ਰਹੇ।

ਉਹ ਕਹਿੰਦੇ ਗੁਰੂ ਨਾਨਕ ਸਤਿ ਦੀ ਬਾਤ ਕਹਿੰਦਾ ਹੈ। ਲਾਰੇ ਨਹੀਂ ਲਾਉਂਦਾ ਕਿਸੇ ਨਾਲ।

ਕਹਿਣ ਲੱਗਿਆ, ਅੱਛਾ! ਦੰਦ ਕਿਰਚਦਾ ਹੈ, ਜੋਸ਼ ਆਉਂਦਾ ਕਿ ਗੱਲ ਸੁਣ। ਕਹਿੰਦਾ ਨੱਠ ਜਾ।

ਉਸੇ ਵੇਲੇ ਕਹਿਣ ਲੱਗਿਆ ਕਿ ਮੈਂ ਇਸ ਗੁਰੂ ਨਾਨਕ ਨੂੰ ਆਪਣੀ ਜ਼ਮੀਨ 'ਚ ਨਹੀਂ ਰਹਿਣ ਦੇਣਾ, ਕਿਸੇ ਤਰੀਕੇ ਨਾਲ ਵੀ। ਉਠਾ ਕੇ ਹਟਣਾ ਹੈ। ਹਾਲਾਂਕਿ ਗੁਰੂ ਨਾਨਕ ਨੇ ਕਿਹੜਾ ਜ਼ਮੀਨ ਰੋਕਣੀ ਸੀ। ਨਾ ਇਹਦੀ ਜ਼ਮੀਨ ਵਿੱਚ ਬੈਠੇ, ਦਰਿਆ ਕਦੇ ਇਧਰ ਨੂੰ ਲੈ ਜਾਂਦਾ ਹੈ, ਕਦੇ ਓਧਰ ਨੂੰ ਲੈ ਜਾਂਦਾ ਹੈ। ਸੁਥਰਾ ਥਾਂ ਦੇਖ ਕੇ ਬਰੇਤੀ 'ਤੇ ਬੈਠ ਗਏ। ਦਰਿਆ ਘੱਟ ਗਹਿਰਾ ਚਲਦਾ ਸੀ, ਇਸ਼ਨਾਨ ਕਰਨ ਦੀ ਸੰਗਤਾਂ ਨੂੰ ਸੁਵਿਧਾ ਸੀ। ਸੋ ਕੁਛ ਦਿਨ ਵਾਸਤੇ ਮਹਾਰਾਜ ਉਥੇ ਠਹਿਰੇ। ਕਿਉਂਕਿ ਸੰਗਤ ਬਹੁਤ ਬਣ ਗਈ ਸੀ। ਜੇ ਸੰਗਤ ਨੂੰ ਮੁੜ ਕੇ ਸੰਭਾਲਿਆ ਨਾ ਜਾਵੇ ਤਾਂ ਟੁੱਟ ਜਾਇਆ ਕਰਦੀ ਹੈ।

ਸੋ ਅਸਥਾਨ ਮਹਾਤਮਾ ਕਿਉਂ ਬਣਾਉਂਦੇ ਨੇ, ਇਸੇ ਕਰਕੇ ਬਣਾਉਂਦੇ ਨੇ ਕਿ ਸੰਗਤ ਜੁੜੀ ਰਹੇ ਤੇ ਇਨ੍ਹਾਂ ਅਸਥਾਨਾ ਤੇ ਮਿਹਨਤ ਦੇ ਨਾਲ ਜਿਹੜੇ ਸਤਿਸੰਗ ਕਰੇ ਉਹ ਫਲੀਭੂਤ ਹੋ ਜਾਣ। ਜਦੋਂ ਜੁੜੇ ਰਹਿਣਗੇ ਤਾਂ ਤਰੱਕੀ ਹੁੰਦੀ ਚਲੀ ਜਾਏਗੀ ਹੌਲੀ-ਹੌਲੀ। ਲੇਕਿਨ ਅਸੀਂ ਕੀ ਕਰਦੇ ਹਾਂ ਗੁਰਦੁਆਰਾ ਬਣਾ ਕੇ ਫੇਰ ਸੋਟੇ ਮਾਰਦੇ ਹਾਂ ਇੱਕ ਦੂਜੇ ਦੇ। ਇਲੈਕਸ਼ਨਾਂ ਕਰਦੇ ਹਾਂ ਲੜਦੇ ਹਾਂ। ਅੱਜ ਹੀ ਅਖਬਾਰ ਵਿੱਚ ਸੀ, ਇੱਕ ਬੀਬੀ ਨੇ ਇੱਕ ਲੱਖ ਪੌਂਡ ਇਸ ਗੱਲ ਦਾ ਦੇਣਾ ਕਰਿਆ ਕਿ ਆਹ ਛੇ ਬੰਦੇ ਜਿਹੜੇ ਪ੍ਰਬੰਧਕ ਨੇ ਇਨ੍ਹਾਂ ਨੂੰ ਮਾਰ ਦਿਓ। ਫੇਰ ਗੁਰਦੁਆਰੇ 'ਤੇ ਕਬਜ਼ਾ ਕਰਨਾ ਹੈ ਧਰਮ ਦੇ ਅਸਥਾਨ 'ਤੇ? ਆਹ ਸਾਡਾ ਹਾਲ ਹੈ। ਕੂੜ ਬਿਰਤੀ ਵਿੱਚ ਫਸ ਗਏ ਅਸੀਂ, ਉਹ ਕਹਿੰਦਾ ਮੈਂ ਵਧੀਆ ਪ੍ਰਬੰਧ ਕਰੂੰ, ਉਹ ਕਹਿੰਦਾ ਮੈਂ। ਪਹਿਲਾਂ ਆਪਣੇ ਅੰਦਰ ਦਾ ਪ੍ਰਬੰਧ ਤਾਂ ਕਰ ਲਓ ਫੇਰ ਬਾਹਰਲਾ ਕਰ ਲਿਓ। ਜਦੋਂ ਅੰਦਰ ਹੀ ਨਹੀਂ ਕੁਛ ਹੋਇਆ ਬਾਹਰਲਾ ਕੀ ਕਰੋਂਗੇ? ਸੋ ਇਹ purpose defeat ਹੋ ਗਿਆ ਜਿਸ ਕੰਮ ਨੂੰ ਬਣਾਏ ਸੀ

ਸਤਿਸੰਗ ਮੰਡਲ ਉਹ ਨਹੀਂ ਗੱਲ ਰਹੀ। ਹੋਰ ਹੀ ਗੱਲ ਹੋ ਗਈ। ਉਹ ਤਾਂ ਗੱਲ ਗਈ ਆਈ ਕਿਤੇ ਅਸੀਂ ਦੁਨੀਆਂ 'ਚ ਆ ਗਏ। ਠੀਕ ਹੈ ਪੜ੍ਹਨਾ ਲਿਖਣਾ ਚੰਗਾ ਹੁੰਦਾ ਹੈ। ਡਿਸਪੈਂਸਰੀਆਂ ਚੰਗੀਆਂ ਹੁੰਦੀਆਂ ਨੇ, ਸਕੂਲ ਚੰਗੇ ਹੁੰਦੇ ਨੇ, ਪਰ ਤਾਂ ਚੰਗੇ ਨੇ ਜੇ ਉਹ ਸਕੂਲਾਂ ਦੇ ਵਿਚੋਂ ਰੂਹਾਨੀਅਤ ਦੀ ਵਿਦਿਆ ਪ੍ਰਾਪਤ ਹੋ ਕੇ, ਕੋਈ ਮਨੁੱਖ ਬਣਦਾ ਹੋਵੇ। ਜੇ ਜੰਗਲੀ ਰੁਚੀਆਂ ਪ੍ਰਧਾਨ ਕਰਨੀਆਂ ਨੇ ਫੇਰ ਤਾਂ ਗਲਤ ਹੋ ਗਈ ਗੱਲ। ਪਬਲਿਕ ਦਾ ਪੈਸਾ ਗਲਤ ਥਾਂ 'ਤੇ ਵਰਤਣਾ ਸ਼ੁਰੂ ਕਰ ਦਿੱਤਾ। ਸਹੀ ਨਤੀਜਾ ਨਾ ਨਿਕਲਿਆ ਕਿਉਂਕਿ ਰੂਹਾਨੀਅਤ ਦੇ ਰਸਤੇ ਨਹੀਂ ਤੁਰ ਸਕੇ। ਓਹੀ ਮਾਰ-ਖੋਰ ਬਿਰਤੀਆਂ ਅੰਦਰ ਰਹਿ ਗਈਆਂ। ਓਹੀ ਕਪਟ ਰਹਿ ਗਿਆ, ਓਹੀ ਝੂਠ ਰਹਿ ਗਿਆ। ਮੰਦਰ ਮਸਜਿਦ, ਗੁਰਦੁਆਰੇ ਬਣਾਵਾਂਗੇ ਅਸੀਂ ਬਹੁਤ ਵੱਡੇ, ਸੰਗਮਰਮਰ ਲਾ ਕੇ, ਲੇਕਿਨ ਵਿੱਚ ਜਾਣ ਵਾਲੇ ਬੰਦੇ ਵੀ ਪੈਦਾ ਹੋਣੇ ਚਾਹੀਦੇ ਨੇ।

ਸੋ ਇਹ ਨਹੀਂ ਹੈ ਇਹ ਗੁਰੂ ਨਾਨਕ ਜੇ ਉਥੇ ਬੈਠੇ ਸੀ ਤਾਂ ਕੇਵਲ ਏਸ ਵਾਸਤੇ ਕਿ ਥੋੜ੍ਹੇ ਦਿਨਾਂ 'ਚ ਸੰਗਤ ਜਿਹੜੀ ਦੂਰ-ਦੂਰ ਤੋਂ ਇਹ ਲੋਚਾ ਕਰ ਰਹੀ ਹੈ ਕਿ ਗੁਰੂ ਨਾਨਕ ਕਿਸੇ ਥਾਂ ਤੇ ਥੋੜ੍ਹੇ ਦਿਨ ਟਿਕਣ, ਅਸੀਂ ਜਾ ਕੇ ਅਗਲਾ ਸਬਕ ਲਈਏ। ਲੇਕਿਨ ਇਹ ਚੀਜ਼ ਭਾਉਂਦੀ ਨਹੀਂ ਹੋਇਆ ਕਰਦੀ। ਕੁਦਰਤੀ ਤੌਰ 'ਤੇ ਇਨ੍ਹਾਂ ਦਾ ਵਿਰੋਧ ਹੋਇਆ ਹੈ। ਮਹਾਰਾਜ ਕਹਿੰਦੇ, ਐਸੇ ਬੰਦੇ ਜਿਹੜੇ ਹੋਇਆ ਕਰਦੇ ਨੇ ਇਹ ਕੋਈ ਸਿਆਣੇ ਨਹੀਂ ਹੁੰਦੇ। ਇਸ ਤਰ੍ਹਾਂ ਨਾਲ ਫੁਰਮਾਉਂਦੇ -

***ਧਾਰਨਾ - ਵੈਰ ਕਮਾਉਂਦੇ ਨੇ, ਸੰਤਾਂ ਨਾਲ ਮੂਰਖ ਬੰਦੇ।***

***ਸੰਤਾ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ ॥***
***ਅਗੈ ਪਿਛੈ ਸੁਖੁ ਨਹੀ ਮਰਿ ਜੰਮਹਿ ਵਾਰੋ ਵਾਰ ॥***
***ਤ੍ਰਿਸਨਾ ਕਦੇ ਨ ਬੁਝਈ ਦੁਬਿਧਾ ਹੋਇ ਖੁਆਰੁ ॥***
***ਮੁਹ ਕਾਲੇ ਤਿਨਾ ਨਿੰਦਕਾ ਤਿਤੁ ਸਚੈ ਦਰਬਾਰਿ ॥***
***ਨਾਨਕ ਨਾਮ ਵਿਹੂਣਿਆ ਨਾ ਉਰਵਾਰਿ ਨ ਪਾਰਿ ॥***

***ਅੰਗ - 649***

ਨਾ ਏਧਰ ਦੇ ਤੇ ਨਾ ਓਧਰ ਦੇ। ਕਹਿੰਦੇ ਮਿਲਦਾ ਨਹੀਂ ਕੁਛ ਸੰਤਾਂ ਨਾਲ ਵੈਰ ਕਮਾ ਕੇ। ਨਾ ਅੱਗੇ ਸੁਖ ਹੋਏਗਾ, ਨਾ ਪਿੱਛੇ ਹੋਏਗਾ। ਘਰ ਵਿੱਚ ਬਰਬਾਦੀ ਸ਼ੁਰੂ ਹੋ ਜਾਏਗੀ, ਪਸ਼ੂ ਮਰਨ ਲੱਗ ਜਾਣਗੇ। ਬੱਚੇ ਬੀਮਾਰ ਹੋਣ ਲੱਗ ਜਾਣਗੇ।

ਕੋਈ ਵੀ ਦੇਖ ਲਓ, ਸਾਰੇ ਇਤਿਹਾਸ ਦੇ ਅੰਦਰ। ਜਿਨ੍ਹਾਂ ਨੇ ਵੀ ਕਰਿਆ ਹੈ ਰਾਜ ਜਾਂਦੇ ਰਹੇ ਨੇ -

***ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥*** ***ਅੰਗ - 280***

ਸੋ ਇਹ ਕੁਦਰਤੀ ਤੌਰ 'ਤੇ ਹੁੰਦੀ ਹੈ। ਕਿਉਂਕਿ ਇਨ੍ਹਾਂ ਦਾ ਜੋ ਵਿਰੋਧ ਹੈ ਸਭ ਤੋਂ ਵੱਡਾ, ਸਤਿਸੰਗ ਨਾਲ ਹੁੰਦਾ ਹੈ –

***ਧਾਰਨਾ – ਨਹੀਂਓਂ ਭਾਂਵਦੀ ਸਤਿਸੰਗ ਨਿੰਦਕਾਂ ਨੂੰ।***

***ਕਾਂਉ ਕਪੂਰ ਨ ਚਖਈ ਦੁਰਗੰਧਿ ਸੁਖਾਵੈ।***
***ਹਾਥੀ ਨੀਰਿ ਨੁਵਾਲੀਐ ਸਿਰਿ ਛਾਰੁ ਉਡਾਵੈ।***
***ਤੁੰਮੇ ਅੰਮ੍ਰਿਤੁ ਸਿੰਜੀਐ ਕਉੜਤੁ ਨ ਜਾਵੈ।***
***ਸਿਮਲੁ ਰੁਖੁ ਸਰੇਵੀਐ ਫਲੁ ਹਥਿ ਨ ਆਵੈ।***
***ਨਿੰਦਕੁ ਨਾਮ ਵਿਹੂਣਿਆ ਸਤਿਸੰਗ ਨ ਭਾਵੈ।***
***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ।***

***ਭਾਈ ਗੁਰਦਾਸ ਜੀ ਵਾਰ, 35/2***

ਜਿਸ ਤਰ੍ਹਾਂ ਦੇ ਨਾਲ ਕਾਂਉਂ ਹੈ ਜਿਹੜਾ ਉਹ ਸੁਗੰਧੀ 'ਤੇ ਨਹੀਂ ਆਉਂਦਾ। ਗੰਦੀਆਂ ਚੀਜ਼ਾਂ ਵਿਸ਼ਟਾ ਆਦਿਕ 'ਤੇ ਜਾਏਗਾ। ਹਾਥੀ ਨੂੰ ਨਵ੍ਹਾ ਦਿਓ ਤੇ ਫੇਰ ਛਾਰ (ਮਿੱਟੀ) ਉਤੇ ਪਾ ਲਏਗਾ। ਤੁੰਮੇ ਨੂੰ ਜਿੰਨਾਂ ਜੀਅ ਕਰਦਾ ਹੈ ਅੰਮ੍ਰਿਤ, ਮਿੱਠੇ ਸਰਬਤਾਂ ਦੇ ਨਾਲ ਸਿੰਜੀ ਜਾਓ ਕੁੜੱਤਣ ਨਹੀਂ ਜਾਂਦੀ। ਸਿੰਮਲ ਰੁੱਖ ਦੀ ਜਿੰਨੀ ਜੀਅ ਕਰਦਾ ਹੈ ਸੇਵ ਕਰ ਲਓ, ਉਹਦਾ ਫਲ ਹੱਥ ਨਹੀਂ ਆਇਆ ਕਰਦਾ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਇਹ ਵੀ ਸੁਭਾਅ ਹੈ, ਨੇਤ ਹੈ ਪੱਕੀ ਕਿ ਨਿੰਦਕਾਂ ਸਤਿਸੰਗ ਦੇ ਨਾਲ ਹਮੇਸ਼ਾ–ਹਮੇਸ਼ਾ ਤੋਂ ਵਿਰੋਧ ਚਲਿਆ ਆਉਂਦਾ ਹੈ। ਜੋ ਹਰਨਾਖਸ਼ ਨੇ ਸਤਿਸੰਗ ਨਾਲ ਵਿਰੋਧ ਕਰਿਆ ਨਤੀਜਾ ਕੀ ਹੋਇਆ, ਮਰਨਾ ਪਿਆ ਉਹਨੂੰ। ਕੰਸ ਨੇ ਸਤਿਸੰਗ ਨਾਲ ਵਿਰੋਧ ਕਰਿਆ, ਰਾਜ ਭਾਗ ਸਭ ਦੇਣਾ ਪਿਆ। ਬੇਅੰਤ ਮਿਸਾਲਾਂ ਨੇ ਗੁਰੂ ਘਰ ਦੇ ਅੰਦਰ।

***ਅੰਨ੍ਹਾ ਆਗੂ ਜੇ ਥੀਐ ਸਭੁ ਸਾਥੁ ਮੁਹਾਵੈ।***

***ਭਾਈ ਗੁਰਦਾਸ ਜੀ ਵਾਰ, 35/2***

ਆਪ ਵੀ ਡੁੱਬਦਾ ਹੈ ਤੇ ਸਾਰੇ ਸਾਥ ਨੂੰ ਵੀ ਡੁੱਬੋ ਦਿੰਦਾ ਹੈ।

ਬੜੇ ਅਭਿਮਾਨ ਵਿੱਚ ਬੋਲਿਆ ਕਿ ਅੱਛਾ, ਹੁਣ ਤਾਂ ਤੂੰ ਗਾ ਲਿਆ। ਇਹ ਗਾਉਣੇ ਵੀ ਮੈਂ ਬੰਦ ਕਰ ਦੇਣੇ ਨੇ, ਮੇਰੇ ਪਰਗਣੇ 'ਚ ਕੋਈ ਨਹੀਂ ਗਾ ਸਕੇਗਾ। ਲਾਹੌਰ ਤੱਕ ਮੈਂ ਨਹੀਂ ਗਾਉਣ ਦੇਵਾਂਗਾ। ਗੁਰੂ ਨਾਨਕ ਨੂੰ ਵੀ ਮੈਂ ਇੱਥੋਂ ਉਠਾ ਕੇ, ਆਪਣੇ ਪਰਗਣੇ ਦੇ ਵਿੱਚ ਪੈਰ ਨਹੀਂ ਧਰਨ ਦੇਣਾ। ਹੰਕਾਰੀ ਹੋ ਗਿਆ ਸਾਧਸੰਗਤ ਜੀ। ਪੰਜ ਕਿਸਮ ਦੇ ਅਭਿਮਾਨ ਹੁੰਦੇ ਨੇ। ਰਾਜ ਮੱਧ ਹੁੰਦਾ ਹੈ, ਵਿਦਿਆ ਦਾ ਮੱਧ ਹੁੰਦਾ ਹੈ, ਪੈਸੇ ਦਾ ਮੱਧ ਹੁੰਦਾ ਹੈ, ਤਾਕਤ ਦਾ ਮੱਧ ਹੁੰਦਾ ਹੈ। ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਕਹਿੰਦੇ ਪੰਜ ਠੱਗਾਂ ਨੇ ਸਾਰਾ ਸੰਸਾਰ ਠੱਗਿਆ ਪਿਆ ਹੈ –

***ਧਾਰਨਾ – ਪੰਜਾਂ ਠੱਗਾਂ ਨੇ ਠੱਗ ਲਿਆ ਜਗ ਸਾਰਾ,***

*ਬਚਿਆ ਨਾ ਕੋਈ ਜਗ 'ਤੇ।*

*ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥*
*ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥*
*ਏਨਾ ਠਗਨਿ੍ ਠਗ ਸੇ ਜਿ ਗੁਰ ਕੀ ਪੈਰੀ ਪਾਹਿ ॥*
*ਨਾਨਕ ਕਰਮਾ ਬਾਹਰੇ ਹੋਰਿ ਕੇਤੇ ਮੁਠੇ ਜਾਹਿ ॥ ਅੰਗ - 1288*

ਸੋ ਇਹ ਰਾਜ ਦਾ ਅਭਿਮਾਨ ਜਿਸਦੇ ਹਿਰਦੇ 'ਚ ਹੈ, ਰਾਜ ਦਾ ਅਭਿਮਾਨ, ਵਿਦਿਆ ਦਾ ਅਭਿਮਾਨ, ਪੈਸੇ ਦਾ ਅਭਿਮਾਨ। ਮਾੜਾ ਜਿਹਾ ਟਰੈਕਟਰ ਲੈ ਆਵੇ, ਉਹਦੇ ਕੋਲ ਦੂਜਾ ਹੈ ਵਧੀਆ। ਉਹ ਦੂਸਰੇ ਨਾਲ ਗੱਲ ਹੀ ਨਹੀਂ ਕਰਦਾ ਕਿ ਅਸੀਂ ਤਾਂ ਫੋਰਡ ਵਾਲੇ ਹਾਂ ਚਾਹੇ ਸਾਰਾ ਹੀ ਕਰਜ਼ਾ ਹੋਵੇ। ਜੇ ਕਿਤੇ ਕਾਰ ਨਾਲ ਆ ਜਾਵੇ, ਫੇਰ ਤਾਂ ਕਹਿਣ ਹੀ ਕੀ ਹੈ, ਫੇਰ ਤਾਂ ਪਿੰਡ 'ਚ ਬੋਲਦਾ ਹੀ ਨਹੀਂ। ਪੈਸੇ ਹੋ ਜਾਣ ਚਾਰ, ਗੱਲ ਨਹੀਂ ਕਰਦਾ। ਹੋਰ ਹੀ ਤਰ੍ਹਾਂ ਦੀ ਗੱਲ ਕਰੇਗਾ। ਗਰੀਬ ਹੈ ਮਜਬੂਰ ਹੈ ਬੰਦਾ, ਪੈਸਾ ਕਮਾਉਣ ਨੂੰ ਕੀਹਦਾ ਜੀਅ ਨਹੀਂ ਕਰਦਾ। ਨਹੀਂ ਭਾਗ ਦੇ ਵਿੱਚ ਤੇ ਉਹਨੂੰ ਨਫਰਤ ਕਰਨੀ ਹੈ? ਰਾਜਸੀ ਸ਼ਕਤੀ ਆ ਜਾਵੇ, ਕਹਿੰਦਾ ਉਜਾੜ ਕੇ ਰੱਖ ਦੇਵਾਂਗਾ। ਮਾੜੀ ਜਿਹੀ ਤਾਕਤ ਆ ਜਾਵੇ, ਬਹੁਤੀ ਵੱਡੀ ਵੀ ਨਹੀਂ। ਫੇਰ ਉਹ ਦੇਖਦਾ ਨਾ ਅੱਗਾ ਨਾ ਪਿੱਛਾ। ਫੇਰ ਕਹਿੰਦਾ, ਮੈਨੂੰ ਰੱਬ ਨੇ ਸਾਰੇ ਅਖਤਿਆਰ ਦੇ ਦਿੱਤੇ। ਹੁਣ ਤਾਂ ਮੈਂ ਕਿਸੇ ਨੂੰ ਜੀਉਣ ਨਹੀਂ ਦੇਣਾ। ਮਹਾਰਾਜ ਦੇ ਘਰ ਦਾ ਕੀ ਪਤਾ ਹੈ ਸਾਧਸੰਗਤ ਜੀ! ਕੀ ਹੋ ਜਾਵੇ। ਉਹਦਾ ਵੀ ਹੱਥ ਬਹੁਤ ਡਾਹਢਾ ਹੈ। ਉਹ ਵਸਦਿਆ ਨੂੰ ਉਜਾੜ ਦਿੰਦਾ ਹੈ, ਉਜੜਿਆ ਨੂੰ ਵਸਾ ਦਿੰਦਾ ਹੈ, ਚੜ੍ਹਿਆਂ ਨੂੰ ਹੇਠਾਂ ਸੁੱਟ ਦਿੰਦਾ ਹੈ, ਹੇਠਾਂ ਪਿਆਂ ਨੂੰ ਉਤੇ ਚਾੜ੍ਹ ਦਿੰਦਾ ਹੈ, ਜਲਾਂ 'ਚ ਥਲ ਕਰ ਦਿੰਦਾ ਹੈ, ਥਲਾਂ ਵਿੱਚ ਜਲ ਕਰ ਦਿੰਦਾ ਹੈ। ਉਹਦਾ ਡਰ ਨਹੀਂ ਹੈ ਨਾ ਪਿਆਰ। ਨਾ ਕੋਈ ਜਿਹੜੇ ਕੰਮ ਨੂੰ ਆਏ ਨੇ, ਉਹ ਕੰਮ ਹੈ। ਉਹ ਕਹਿੰਦੇ ਨਾ ਉਨ੍ਹਾਂ ਨੂੰ ਸਤਿਸੰਗ ਦਾ ਕੋਈ ਲਾਭ ਹੁੰਦਾ ਹੈ। ਪਾਠ ਕਰਾਈ ਜਾਣ ਉਹਦਾ ਲਾਭ ਨਹੀਂ। ਕਿਉਂਕਿ ਅੰਦਰ ਅਹੰਕਾਰ ਦੇ ਟਿੱਬੇ ਨੇ। ਟਿੱਬਿਆਂ ਦੇ ਉਤੇ ਉਪਦੇਸ਼ ਰੂਪੀ ਮੀਂਹ ਪਵੇ, ਉਹਦੇ ਉਤੇ ਅਸਰ ਨਹੀਂ ਪਿਆ ਕਰਦਾ। ਮੀਂਹ ਪੈ ਜਾਵੇ, ਮਾੜੀ ਜਿਹੀ ਵੀ ਗਿੱਲ ਉਥੇ ਨਹੀਂ ਰਹਿੰਦੀ। ਹੇਠਾਂ ਆ ਕੇ ਨੀਵੇਂ ਖੇਤਾਂ 'ਚ, ਚਾਹੇ ਧਾਨ ਬੀਜ ਲਓ, ਉਨ੍ਹਾਂ ਦੀ ਖੇਤੀ 'ਚ ਗਿੱਲ ਹੁੰਦੀ ਹੈ, ਉਤੇ ਮੱਕੀ ਬੀਜਣ ਦੀ ਵੀ ਨਹੀਂ ਹੁੰਦੀ। ਇਸੇ ਤਰ੍ਹਾਂ ਦੇ ਨਾਲ ਜਿਹੜੇ ਅਭਿਮਾਨੀ ਹਿਰਦੇ ਹੁੰਦੇ ਨੇ ਉਹ ਪ੍ਰਮੇਸ਼ਰ ਨੂੰ ਨਹੀਂ ਭਾਇਆ ਕਰਦੇ -

*ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ ॥*
*ਅੰਗ - 1089*

ਵੱਡੇ-ਵੱਡੇ ਅਭਿਮਾਨੀ ਮਾਰੇ ਗਏ ਜਿੰਨੇ ਵੀ ਸੀਗੇ। ਕੋਈ ਨਹੀਂ ਬਚਿਆ। ਵੱਡਿਆਂ-ਵੱਡਿਆਂ ਦੀ ਗਿਣਤੀ 'ਚ ਆਉਂਦੇ ਨੇ, ਹਰਨਾਖਸ਼

ਆਉਂਦਾ ਹੈ, ਕੰਸ ਆਉਂਦਾ ਹੈ। ਅਨੇਕਾਂ ਹੋਰ ਆਉਂਦੇ ਨੇ ਔਰੰਗਜ਼ੇਬ ਵਰਗੇ ਆਉਂਦੇ ਨੇ। ਕਿੱਥੇ ਚਲੇ ਗਏ, ਕੌਣ ਉਨ੍ਹਾਂ ਦਾ ਨਾਉਂ ਲੈਂਦਾ ਹੈ। ਨਫਰਤ ਕਰਦੇ ਨੇ ਲੋਕ, ਉਸ ਵੇਲੇ ਤਾਂ ਚੰਮ ਦੀਆਂ ਚਲਾ ਲਈਆਂ ਲੇਕਿਨ ਫੇਰ ਕੀ ਹੋਇਆ? ਦੁਖੀ ਹੋ ਹੋ ਕੇ ਮਰਦੇ ਨੇ। ਪ੍ਰਮੇਸ਼ਰ ਦੇ ਨਿਆਂ ਨੂੰ ਨਹੀਂ ਕੋਈ ਹਟਾ ਸਕਦਾ। ਉਹਦਾ ਤਾਂ ਅਟੱਲ ਨੇਮ ਹੈ, ਹਾਂ ਥੋੜ੍ਹਾ ਚਿਰ ਜ਼ਰੂਰ ਲਗਦਾ ਹੈ। ਕਿਉਂ ਲਗਦਾ ਹੈ? ਉਹ ਪੁੰਨਾਂ ਦਾ ਇਕੱਠਾ ਹੁੰਦਾ ਹੈ ਕੁਛ। ਬੇੜਾ ਜਿਹੜਾ ਹੈ ਉਹ ਗਲੀ ਛੋਟੀ ਹੈ, ਪਾਣੀ ਹੌਲੀ-ਹੌਲੀ ਪੈਂਦਾ ਹੈ, ਭਰਿਆ ਨਹੀਂ ਅਜੇ। ਜਦੋਂ ਭਰ ਜਾਂਦਾ ਹੈ ਉਹ ਬੇੜਾ ਡੁੱਬਣਾ ਹੀ ਡੁੱਬਣਾ ਹੈ। ਫੇਰ ਨਹੀਂ ਉਹ ਰਿਹਾ ਕਰਦਾ। ਇਹ ਅਸੂਲ ਹੈ ਕੁਦਰਤ ਦਾ ਇਹਨੂੰ ਕੋਈ ਬੰਦਾ ਟਾਲ ਨਹੀਂ ਸਕਦਾ। ਕਿਸੇ ਤੋਂ ਇਹ ਟਲਦਾ ਨਹੀਂ। ਆਪਣੀ ਅਕਲ ਦੇ ਨਾਲ ਤਾਂ ਕੋਈ ਨਹੀਂ ਬਚਦਾ ਜੇ ਕੋਈ ਕਹੇ। ਇਹ ਤਾਂ ਪ੍ਰਮੇਸ਼ਰ ਦੀ ਲੀਲਾ ਚੱਲ ਰਹੀ ਹੈ। ਕਦੀ ਹੇਠਲੇ ਉਤੇ, ਕਦੇ ਉਤਲੇ ਹੇਠ। ਤੇ ਜ਼ੋਰ ਜ਼ੁਲਮ ਕਰਨ ਵਾਲੇ ਪਹਿਲਾਂ ਤਾਂ ਫੁੱਲਦੇ ਨੇ ਬਹੁਤ, ਲੇਕਿਨ ਜਦੋਂ ਬਾਅਦ ਵਿੱਚ ਭਰ ਜਾਂਦਾ ਹੈ ਬੇੜਾ, ਫੇਰ ਡੁੱਬਦੇ ਦਾ ਵੀ ਪਤਾ ਨਹੀਂ ਲਗਦਾ। ਸਕਿੰਟ ਲਗਦਾ ਹੈ। ਪੁਸ਼ਤਾਂ ਦੀਆਂ ਪੁਸ਼ਤਾਂ ਥੱਲੇ ਚਲੀਆਂ ਜਾਂਦੀਆਂ ਨੇ। ਕੁਛ ਵੀ ਨਹੀਂ ਬਾਕੀ ਬਚਦਾ ਤੇ ਪ੍ਰਮੇਸ਼ਰ ਵਲੋਂ ਤਾਂ ਉਹਨੇ ਲੈਣਾ ਦੇਣਾ ਹੀ ਕੀ ਹੈ।

***ਧਾਰਨਾ - ਗਰਬ ਜਿਨ੍ਹਾਂ ਵਡਿਆਈਆਂ,***
***ਖਾਲੀ ਦੁਨੀਆਂ ਵਿਚੋਂ ਜਾਣਗੇ।***

***ਫਰੀਦਾ ਗਰਬੁ ਜਿਨ੍ਹਾ ਵਡਿਆਈਆ ਧਨਿ ਜੋਬਨਿ ਆਗਾਹ ॥***
***ਖਾਲੀ ਚਲੇ ਧਣੀ ਸਿਉ ਟਿਬੇ ਜਿਉ ਮੀਹਾਹੁ ॥ ਅੰਗ - 1383***

ਜਿਵੇਂ ਟਿੱਬਿਆਂ ਦੇ ਉਤੇ ਗਿੱਲ ਨਹੀਂ ਹੁੰਦੀ ਐਸ ਤਰ੍ਹਾਂ ਉਨ੍ਹਾਂ ਦੇ ਹਿਰਦੇ ਦੇ ਵਿੱਚ ਕਿਸੇ ਉਪਦੇਸ਼ ਦਾ ਅਸਰ ਨਹੀਂ ਹੁੰਦਾ। ਏਥੋਂ ਹੱਥ ਮਲਦੇ ਚਲੇ ਜਾਂਦੇ ਨੇ। ਮੂਰਖ ਰਾਵਣ ਕੀ ਲੈ ਗਿਆ ਮਹਾਰਾਜ ਕਹਿੰਦੇ ਦੱਸੋ? ਰਾਮਚੰਦਰ ਜੀ ਨਾਲ ਵਿਰੋਧ ਪਾਇਆ, ਚਾਹੀਦਾ ਤਾਂ ਇਹ ਸੀ ਕਿ ਜੁਗ ਦੇ ਅਵਤਾਰ ਸੀ ਉਨ੍ਹਾਂ ਦੇ ਚਰਨੀਂ ਲੱਗਦਾ, ਨਿਮਰਤਾ ਨਾਲ ਆਦਰ ਕਰਦਾ, ਸਤਿਕਾਰ ਕਰਦਾ। ਵਿਰੋਧ ਕੀਤਾ, ਕਹਿੰਦੇ ਫੇਰ ਲੈ ਗਿਆ ਕੁਛ ਉਹ। ਸੋ ਇਸੇ ਤਰ੍ਹਾਂ ਇਹ ਕਰੋੜੀਆ ਛੋਟੇ ਇਲਾਕੇ ਪਰਗਣੇ ਦਾ ਮਾਲਕ ਕਿਸੇ ਰਾਜ ਦਾ ਮਾਲਕ ਨਹੀਂ, ਮੁਗਲਾਂ ਦੇ ਹੇਠ ਆਇਆ ਹੋਇਆ ਲੋਧੀਆਂ ਦੇ। ਪਠਾਣਾਂ ਦੇ ਰਾਜ ਦੇ ਵਿੱਚ ਆਇਆ ਹੋਇਆ। ਪਤਾ ਨਹੀਂ ਕਿਹੜੇ ਵੇਲੇ ਰਾਜ ਬਦਲ ਜਾਵੇ ਤੇ ਕਿਹੜੇ ਵੇਲੇ ਸਭ ਕੁਛ ਖੋਹ ਲਏ। ਲੇਕਿਨ ਅਭਿਮਾਨ ਕਿੰਨਾ ਹੈ ਗੁਰੂ ਨਾਨਕ ਦੀ ਲਹਰਿ ਨੂੰ ਖਤਮ ਕਰਨਾ ਚਾਹੁੰਦਾ ਹੈ ਕਿ ਮੈਂ ਖਤਮ ਕਰ ਦੇਵਾਂਗਾ ਇਹ। ਮੈਂ ਤਾਂ ਆਪਣੇ ਪਰਗਣੇ 'ਚ ਪੈਰ ਨਹੀਂ ਧਰਨ ਦਿੰਦਾ, ਕਿਸੇ ਨੂੰ ਰਹਿਣ ਨਹੀਂ ਦਿੰਦਾ। ਨਾ ਕਿਸੇ ਸਿੱਖ ਨੂੰ ਰਹਿਣ ਦੇਵਾਂ ਨਾ ਗਾਉਣ ਵਾਲੇ ਨੂੰ। ਨਾ ਗੁਰੂ ਨਾਨਕ ਨੂੰ ਬੈਠਣ ਦੇਵਾਂ।

ਇਹ ਤਾਂ ਸਾਰਾ ਹੀ ਉਲਟ ਪੁਲਟ ਕੰਮ ਕਰ ਦਿੱਤਾ ਇਹਨੇ। ਇਹ ਜਨੇਊ ਨੂੰ ਕਹਿੰਦੇ ਨੇ -

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥ ਅੰਗ - 471***

ਇਹ ਅੱਜ ਤੱਕ ਤਾਂ ਕਿਸੇ ਨੇ ਨਹੀਂ ਕਿਹਾ। ਜੋ ਕੁਲ ਗੁਰੂ ਬਣਾ ਕੇ ਦੇ ਦਿੰਦਾ ਹੈ ਉਹ ਪਾਉਂਦੇ ਹਾਂ ਅਸੀਂ ਸ਼ਰਧਾ ਦੇ ਨਾਲ। ਇਹਨੇ ਤਾਂ ਸਾਡਾ ਮੌਖਿਕ ਨਿਹਚਾ ਹੀ ਤੋੜ ਦਿੱਤਾ। ਹਰ ਚੀਜ਼ 'ਚ ਨਿਹਚਾ ਤੋੜਦਾ ਹੈ। ਇਹ ਮੈਂ ਨਹੀਂ ਗੱਲਾਂ ਚੱਲਣ ਦੇਣੀਆਂ।

ਉਸ ਵੇਲੇ ਘੋੜ ਸਵਾਰ ਨਾਲ ਲਏ, ਆਪ ਚੜ੍ਹਿਆ ਬੜੇ ਹੰਕਾਰ ਦੇ ਨਾਲ, ਇਹ ਨਹੀਂ ਕਿ ਹੁਕਮ ਦੇ ਦੇਵੇ ਕਿ ਜਾਓ ਉਠਾਲ ਦਿਓ ਗੁਰੂ ਨਾਨਕ ਨੂੰ। ਕਹਿੰਦਾ, ਮੈਂ ਦੇਖੂੰ ਉਹ ਕਿਵੇਂ ਬਹਿੰਦਾ ਹੈ। ਸੋ ਚਲਦਾ-ਚਲਦਾ ਅਭਿਮਾਨ ਦਾ ਭਰਿਆ ਹੋਇਆ, ਲਾਹੌਰ ਤੋਂ ਚੱਲ ਕੇ ਜਦੋਂ ਜਿਸ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਸੀ ਉਹਦੇ ਪਿਛਲੇ ਪਾਸੇ ਇੱਕ ਪਿੰਡ ਸੀ, ਜਿੱਥੇ ਭਾਈ ਦੋਦਾ ਤੇ ਉਹਦੀ ਘਰਵਾਲੀ ਦੋਦੋ ਰਾਣੀ ਰਹਿੰਦੇ ਸੀ। ਇਹ ਮਹਾਰਾਜ ਜੀ ਨੇ ਨਾਮ ਰੱਖਿਆ ਸੀ ਉਹਦਾ। ਰਾਣੀ ਕਹਿ ਕੇ ਰੱਖਿਆ ਕਿ ਰਾਣੀ ਤੇਰੇ ਪ੍ਰਤਾਪ ਦੇ ਨਾਲ ਇੱਥੇ ਸਤਿਸੰਗ ਦਾ ਮਾਹੌਲ ਬੱਝਣਾ ਹੈ ਤੇ ਜਦੋਂ ਕੋਈ ਕਰਤਾਰਪੁਰ ਦੀ ਗੱਲ ਕਰਿਆ ਕਰੇਗਾ, ਤੇਰਾ ਨਾਮ ਆਇਆ ਕਰੇਗਾ।

ਸੋ ਉਸ ਪਿੰਡ ਤੱਕ ਆ ਗਿਆ। ਉਥੋਂ ਪੁੱਛਦਾ ਹੈ ਪਿੰਡ ਵਾਲਿਆਂ ਨੂੰ ਕਿ ਕਿੱਧਰ ਹੈ ਨਾਨਕ ਤਪਾ? ਇਹ ਬੀਬੀ ਵੀ ਬਾਹਰ ਨਿਕਲ ਆਈ ਕਿ ਕਾਹਦਾ ਰੌਲਾ ਗੌਲਾ ਪੈ ਰਿਹਾ ਹੈ। ਪਿੰਡ ਵਾਲੇ ਕਹਿੰਦੇ ਕਿ ਇਹਨੂੰ ਕਿਸੇ ਨੇ ਚੱਕ ਦਿੱਤਾ ਤੇ ਪਤਾ ਨਹੀਂ ਕਿਹੜਾ ਵਾਦ-ਵਿਵਾਦ ਕਰੇ, ਸਿਪਾਹੀ ਨਾਲ ਲਈਂ ਜਾ ਰਿਹਾ ਹੈ, ਘੋੜ ਸਵਾਰ ਨਾਲ ਲਈਂ ਜਾ ਰਿਹਾ ਹੈ।

ਉਸ ਵੇਲੇ ਪਿੰਡ ਦੇ ਸਿਆਣੇ ਬੰਦਿਆਂ ਨੇ ਕਿਹਾ ਕਿ ਕਰੋੜੀਆ ਸਾਹਿਬ! ਉਹ ਸਾਧੂ ਫਕੀਰ ਨੇ ਉਹ ਕੁਛ ਕਰਦੇ ਤਾਂ ਹੈ ਨਹੀਂ। ਤੁਸੀਂ ਭਾਵਨਾ ਨਾਲ ਜਾ ਰਹੇ ਓਂ ਜਾਂ ਵੈਸੇ ਜਾ ਰਹੇ ਓਂ? ਕਹਿੰਦਾ, ਮੈਂ ਤਾਂ ਨਹੀਂ ਉਹਨੂੰ ਉਥੇ ਬੈਠਣ ਦੇਣਾ।

ਕਹਿੰਦੇ, ਉਹ ਤਾਂ ਦਰਿਆ ਦੇ ਕੰਢੇ 'ਤੇ ਬੈਠੇ ਨੇ ਕਿਸੇ ਦੀ ਜ਼ਮੀਨ 'ਚ ਨਹੀਂ ਬੈਠੇ, ਕਿਸੇ ਦਾ ਕੋਈ ਇਲਾਕਾ ਨਹੀਂ ਰੋਕਿਆ ਉਨ੍ਹਾਂ ਨੇ। ਹਾਂ ਸੰਗਤਾਂ ਜ਼ਰੂਰ ਖੇਤਾਂ 'ਚੋਂ ਲੰਘ ਕੇ ਜਾਂਦੀਆਂ ਨੇ। ਉਹ ਤੁਹਾਡੀ ਜ਼ਮੀਨ 'ਚੋਂ ਜ਼ਰੂਰ ਲੰਘਦੀਆਂ ਨੇ ਪਰ ਉਹ ਨਹੀਂ ਬੈਠੇ, ਉਹ ਬਾਹਰ ਬੈਠੇ ਨੇ। ਉਹ ਤਾਂ ਦਰਿਆ ਦੇ ਵਹਿਣ 'ਚ ਬੈਠੇ ਨੇ ਉਥੇ ਛੱਪਰ ਦਿੱਤੇ ਨੇ, ਕੋਈ ਗੱਲ ਨਹੀਂ ਬਾਤ ਨਹੀਂ। ਤੁਸੀਂ ਨਾ ਜਾਓਂ ਤਾਂ ਚੰਗਾ ਹੈ।

ਕਹਿੰਦਾ, ਮੈਂ? ਮੈਂ ਤਾਂ ਉਸ ਨੂੰ ਉਠਾ ਕੇ ਆਵਾਂਗਾ। ਮੈਂ ਉਥੇ ਬੈਠਣ ਨਹੀਂ ਦਿੰਦਾ।

ਉਹ ਕਹਿੰਦੇ ਤੇਰੀ ਮਰਜ਼ੀ ਹੈ। ਅੱਜ ਤੱਕ ਤਾਂ ਅਸੂਲ ਇਹ ਚਲਿਆ ਆਇਆ ਹੈ –

***ਧਾਰਨਾ – ਸੋ ਦੁਖ ਕੈਸਾ ਪਾਵੈ ਜਿਸਦਾ ਰਾਖਾ ਹੈ ਪ੍ਰਮਾਤਮਾ।***

***ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ ॥***
***ਬੋਲਿ ਨ ਜਾਣੈ ਮਾਇਆ ਮਦਿ ਮਾਤਾ***
***ਮਰਣਾ ਚੀਤਿ ਨ ਆਵੈ ॥ 1 ॥***
***ਮੇਰੇ ਰਾਮ ਰਾਇ ਤੂੰ ਸੰਤਾ ਕਾ ਸੰਤ ਤੇਰੇ ॥***
***ਤੇਰੇ ਸੇਵਕ ਕਉ ਭਉ ਕਿਛੁ ਨਾਹੀ ਜਮੁ ਨਹੀ ਆਵੈ ਨੇਰੇ ॥***

***ਅੰਗ – 750***

ਬੀਬੀ ਵੀ ਬਾਹਰ ਆ ਗਈ। ਹੋਰ ਬੀਬੀਆਂ ਆ ਗਈਆਂ, ਕਹਿਣ ਲੱਗੇ, ਇਹਦੀ ਮੱਤ ਮਾਰੀ ਗਈ ਹੈ ਕਿ ਆਪ ਨਿਰੰਕਾਰ ਗੁਰੂ ਨਾਨਕ ਪਾਤਸ਼ਾਹ ਸਾਰੀਆਂ ਸ਼ਕਤੀਆਂ ਦੇ ਮਾਲਕ ਤੇ ਟਟੈਹਿਣਾ ਸੂਰਜ ਨਾਲ ਲੜਨ ਚੱਲਿਆ ਹੈ। ਰੋਕਿਆ ਬੀਬੀ ਨੇ ਕਹਿੰਦੀ ਵੀਰਾ! ਸ਼ੂਕਦੀਆਂ ਕਾਂਗਾਂ ਦੇ ਅੱਗੇ ਹਿਟਕ ਨਹੀਂ ਡਾਹੀਦੀ, ਰੋੜ ਕੇ ਲੈ ਜਾਣਗੀਆਂ। ਪਿੱਛੇ ਮੁੜ ਕੇ ਦੇਖਿਆ, ਕੌਣ ਹੈ? ਕਹਿੰਦੀ, ਜਾਹ-ਜਾਹ, ਅਸੀਂ ਤੈਨੂੰ ਰੋਕਦੇ ਨਹੀਂ। ਰੱਬ ਰਾਖਾ!

ਸੌ ਕੁ ਗਜ਼ ਗਿਆ, ਜਦੋਂ ਜਾ ਕੇ ਬੁਰੇ ਇਰਾਦੇ ਅੰਦਰ ਧਾਰੀ ਜਾਂਦਾ ਹੈ, ਮੈਂ ਐਸ ਤਰ੍ਹਾਂ ਕਰਾਂਗਾ, ਐਸ ਤਰਾਂ ਕਰਾਂਗਾ, ਐਸ ਤਰ੍ਹਾਂ ਉਠਾਵਾਂਗਾ ਗੁਰੂ ਨਾਨਕ ਨੂੰ। ਘੋੜਾ ਇੱਕ ਦਮ ਤਬਕਿਆ, ਅਲਫ ਹੋ ਗਿਆ ਤੇ ਥੱਲੇ ਸੁੱਟ ਦਿੱਤਾ। ਗਿਰਦੇ ਦਾ ਪੱਟ ਟੁੱਟ ਗਿਆ। ਹਾਏ-ਹਾਏ ਕਰ ਰਿਹਾ ਹੈ। ਡੋਲੀ 'ਚ ਪਾ ਲਿਆ, ਨਾਲਦਿਆਂ ਨੇ। ਚੁੱਕ ਕੇ ਲਾਹੌਰ ਲੈ ਗਏ। ਇਰਾਦਾ ਨਹੀਂ ਛੱਡਦਾ।

ਕਿਉਂਕਿ ਜੋ ਵੀ ਬੁਰਾ ਕਰਦਾ ਹੈ ਮਹਾਂਪੁਰਸ਼ਾਂ ਦਾ, ਉਹਦੇ ਬਾਰੇ ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ –

***ਧਾਰਨਾ – ਖਾਕ ਵਿੱਚ ਰੁਲਦਾ ਜੀ,***
***ਸੰਤਾਂ ਦਾ ਦੋਖੀ ਬਣ ਕੇ।***

ਜੋ ਵੀ ਦੋਖ ਕਰੇਗਾ, ਗੁਰੂ ਪਿਆਰਿਆਂ ਦੇ ਨਾਲ ਗੁਰੂ ਉਹਦੀ ਰਾਖੀ ਕਰਦਾ ਹੈ।

***ਜਾ ਕਉ ਰਾਖੈ ਰਾਖਣਹਾਰੁ ॥ ਤਿਸ ਕਾ ਅੰਗੁ ਕਰੇ ਨਿਰੰਕਾਰੁ ॥***

***ਅੰਗ – 868***

ਉਹਦੀ ਰਾਖੀ ਕਰਦਾ ਹੈ ਨਿਰੰਕਾਰ।

*ਮਾਤ ਗਰਭ ਮਹਿ ਅਗਨਿ ਨ ਜੋਹੈ ॥*
*ਕਾਮੁ ਕ੍ਰੋਧੁ ਲੋਭੁ ਮੋਹੁ ਨ ਪੋਹੈ ॥*
*ਸਾਧਸੰਗਿ ਜਪੈ ਨਿਰੰਕਾਰੁ ॥*
*ਨਿੰਦਕ ਕੈ ਮੁਹਿ ਲਾਗੈ ਛਾਰੁ ॥ 1 ॥*
*ਰਾਮ ਕਵਚੁ ਦਾਸ ਕਾ ਸੰਨਾਹੁ ॥* *ਅੰਗ - 868*

ਕਹਿੰਦੇ ਜਿਹੜਾ ਵਾਹਿਗੁਰੂ ਦਾ ਨਾਮ ਹੈ। ਉਹ ਉਹਦੀ ਸੰਜੋਅ ਹੈ ਕਵਚ ਹੈ। ਉਹਦੇ ਉਤੇ ਨਾ ਕਿਸੇ ਜਾਦੂ ਦਾ, ਨਾ ਟੂਣੇ ਦਾ, ਕਿਸੇ ਮੰਦ ਚੀਜ਼ ਦਾ ਅਸਰ ਨਹੀਂ ਹੋਇਆ ਕਰਦਾ -

*ਦੂਤ ਦੁਸਟ ਤਿਸੁ ਪੋਹਤ ਨਾਹਿ ॥ ਜੋ ਜੋ ਗਰਬੁ ਕਰੇ ਸੋ ਜਾਇ ॥*
*ਅੰਗ - 868*

ਜਿਹੜਾ-ਜਿਹੜਾ ਅਭਿਮਾਨ ਕਰੇਗਾ ਗੁਰੂ ਘਰ ਦੇ ਨਾਲ, ਉਹ ਖਤਮ ਸਮਝੋ। ਉਹ ਚਲਿਆ ਜਾਂਦਾ ਹੈ, ਉਹਦੀ ਜੜ੍ਹ ਪੁੱਟੀ ਜਾਂਦੀ ਹੈ। ਐਸਾ ਗੁਰੂ ਮਹਾਰਾਜ 'ਚ ਫੁਰਮਾਨ ਆਉਂਦਾ ਹੈ ਕਿ ਜੋ ਜੋ ਵੀ ਕਰਦਾ ਹੈ ਉਹਦੀ ਜੜ੍ਹ ਖਤਮ ਹੋ ਜਾਇਆ ਕਰਦੀ ਹੈ -

*ਜੋ ਜੋ ਗਰਬੁ ਕਰੇ ਸੋ ਜਾਇ ॥*
*ਗਰੀਬ ਦਾਸ ਕੀ ਪ੍ਰਭੁ ਸਰਣਾਇ ॥ 2 ॥*
*ਜੋ ਜੋ ਸਰਣਿ ਪਇਆ ਹਰਿ ਰਾਇ ॥*
*ਸੋ ਦਾਸੁ ਰਖਿਆ ਅਪਣੈ ਕੰਠਿ ਲਾਇ ॥* *ਅੰਗ - 868*

ਜਿਹੜਾ ਗੁਰੂ ਦੀ ਸ਼ਰਨ ਲੈ ਲੈਂਦਾ ਹੈ ਉਹਨੂੰ ਕੰਠ ਨਾਲ, ਛਾਤੀ ਨਾਲ ਲਾ ਕੇ ਰਾਖੀ ਕਰਦਾ ਹੈ -

*ਜੇ ਕੋ ਬਹੁਤੁ ਕਰੇ ਅਹੰਕਾਰੁ ॥*
*ਓਹੁ ਖਿਨੁ ਮਹਿ ਰੁਲਤਾ ਖਾਕੂ ਨਾਲਿ ॥* *ਅੰਗ - 868*

ਖਾਕੁ ਕਹਿੰਦੇ ਨੇ ਧਰਤੀ ਨੂੰ, ਮਿੱਟੀ ਨੂੰ। ਮਿੱਟੀ ਦੇ ਵਿੱਚ ਰੁਲਦਾ ਫਿਰਦਾ ਹੈ ਖਾਕ ਦੇ ਵਿੱਚ ਰੁਲਦਾ ਫਿਰਦਾ ਹੈ ਜਿਹੜਾ ਬਹੁਤਾ ਅਹੰਕਾਰ ਕਰਦਾ ਹੈ। ਇੱਕ ਚੁਟਕੀ ਲਗਦੀ ਹੈ ਐਨੇ ਚਿਰ 'ਚ ਹੀ ਖਤਮ ਹੋ ਜਾਂਦਾ ਹੈ। ਕੋਈ ਕਰਕੇ ਦੇਖ ਲਓ।

*ਹੈ ਭੀ ਸਾਚਾ ਹੋਵਣਹਾਰੁ ॥*
*ਸਦਾ ਸਦਾ ਜਾਈਂ ਬਲਿਹਾਰ ॥*
*ਅਪਣੇ ਦਾਸ ਰਖੇ ਕਿਰਪਾ ਧਾਰਿ ॥*
*ਨਾਨਕ ਕੇ ਪ੍ਰਭ ਪ੍ਰਾਣ ਅਧਾਰ ॥* *ਅੰਗ - 868*

ਗੁਰੂ ਨਾਨਕ ਹੁਣ ਆਉਂਦਾ ਹੈ। ਗੁਰੂ ਨਾਨਕ ਦੇ ਜਿੰਨੇ ਪਿਆਰੇ ਨੇ ਸਾਰਿਆਂ ਦੇ ਹਿਰਦੇ 'ਚ ਆਉਂਦਾ ਹੈ ਕਿ ਇਹ ਕੀ ਮੂਰਖ ਕਰਨ ਲੱਗ ਗਿਆ। ਕੋਈ ਵੀ ਬੰਦਾ ਹੈ ਚਾਹੇ, ਇੱਕ ਮਿਸਾਲ ਨਹੀਂ ਹਜ਼ਾਰਾਂ ਮਿਸਾਲਾਂ ਨੇ।

ਬਾਬਾ ਕਰਮ ਸਿੰਘ ਜੀ ਮਹਾਰਾਜ ਹੋਤੀ ਮਰਦਾਨ ਵਾਲੇ ਇੱਕ ਪਠਾਣ ਉਹ ਐਨੀ ਨਿੰਦਿਆ ਕਰਿਆ ਕਰੇ। ਦੇਖੋ, ਹਿੰਦੂ ਵੀ ਭੁੱਲ ਗਏ ਸਾਰੇ, ਮੁਸਲਮਾਨਾਂ ਦੀ ਤਾਂ ਬਿਲਕੁਲ ਹੀ ਮੱਤ ਮਾਰੀ ਗਈ। ਇਹ ਵੀ ਉਨ੍ਹਾ ਕੋਲ ਜਾਂਦੇ ਨੇ, ਇਹ ਵੀ ਜਾਂਦੇ। ਬੜੀ ਨਿੰਦਿਆ ਕਰੇ। ਨਿੰਦਿਆ ਦਾ ਪਰਵਾਹ ਹੜ੍ਹ ਚਲਾ ਦਿੱਤਾ।

ਮਹਾਰਾਜ ਨੂੰ ਕਿਸੇ ਦੱਸਿਆ ਕਿ ਬਾਬਾ ਜੀ ਨਿੰਦਿਆ ਬਹੁਤ ਕਰਦਾ ਹੈ। ਕਹਿੰਦੇ, ਪਿਆਰਿਓ! ਸੰਤਾਂ ਨੂੰ ਤਾਂ ਨਿੰਦਿਆ ਪਿਆਰੀ ਹੁੰਦੀ ਹੈ। ਤੁਸੀਂ ਬਾਣੀ ਨਹੀਂ ਪੜ੍ਹਦੇ। ਨਿੰਦਿਆ ਨੂੰ ਪਿਆਰ ਕਰਦੇ ਨੇ ਸੰਤ। ਕਿਉਂਕਿ ਨਿੰਦਕ ਜਿਹੜਾ ਹੈ ਉਹ ਪਾਪਾਂ ਨੂੰ ਮੂੰਹ ਨਾਲ ਸਾਫ ਕਰਦਾ ਹੈ। ਬੋਲ-ਬੋਲ ਕੇ ਮੈਲ ਖਾਂਦਾ ਹੈ ਉਹ। ਕਹਿੰਦੇ, ਉਹ ਤਾਂ ਮੁਫਤ ਦਾ ਸੇਵਕ ਦਿੱਤਾ ਹੋਇਆ ਹੈ ਪ੍ਰਮੇਸ਼ਰ ਨੇ। ਬਾਬਾ ਜੀ! ਤੁਸੀਂ ਤਾਂ ਇਹ ਗੱਲ ਕਹਿੰਦੇ ਓਂ, ਸਾਡੇ ਤੋਂ ਨਹੀਂ ਸੁਣੀਆਂ ਜਾਂਦੀਆਂ ਐਸੀਆਂ ਗੱਲਾਂ ਕਰਦਾ ਹੈ। ਕਹਿੰਦੇ, ਫੇਰ ਭਾਈ! ਨਿਰੰਕਾਰ ਜਾਣੇ ਤੇ ਤੁਸੀਂ ਜਾਣੋ।

ਉਹ ਪਠਾਣ ਦੀ ਜ਼ੁਬਾਨ ਬੰਦ ਹੋ ਗਈ, ਬੋਲ ਹੀ ਨਾ ਹੋਵੇ। ਮੂੰਹ ਵਿੰਗਾ ਹੋ ਗਿਆ। ਹੁਣ ਜਿਹੜੇ ਸੰਗਤ ਵਾਲੇ ਨੇ ਉਹ ਕਹਿੰਦੇ ਹੁਣ ਕਰੋ ਖਾਨ ਸਾਹਿਬ, ਹੁਣ ਦੱਸੋ ਬਾਬਾ ਜੀ ਬਾਰੇ ਕੋਈ ਗੱਲ। ਕੁਛ ਨਹੀਂ ਦੱਸਦਾ ਮੂੰਹ ਹਿਲਾਈ ਜਾਂਦਾ ਹੈ। ਦੁਖੀ ਹੋ ਗਿਆ, ਸਰੀਰ ਦੇ ਵਿੱਚ ਪੀੜਾ ਹੋਣੀਆਂ ਸ਼ੁਰੂ ਹੋ ਗਈਆਂ। ਦਰਦ ਹੋਣੇ ਸ਼ੁਰੂ ਹੋ ਗਏ। ਦੱਸ ਨਹੀਂ ਸਕਦਾ ਕਿ ਮੇਰੇ ਕਿੱਥੇ ਦਰਦ ਹੁੰਦਾ ਹੈ। ਹੱਥ ਲਾਉਂਦਾ ਹੈ ਕਦੇ ਕੁਛ ਕਰਦਾ ਹੈ। ਅਖੀਰ ਕਿਸੇ ਨੇ ਮੱਤ ਦਿੱਤੀ ਕਿ ਪ੍ਰੇਮੀਆਂ! ਕਿਉਂ ਸੰਤਾਂ ਦੇ ਨਾਲ ਤੂੰ ਮੱਥਾ ਲਾਇਆ ਹੈ ਜਾਹ, ਸ਼ਰਨ ਫੜ ਲੈ। ਪੰਚਾਇਤ ਇਕੱਠੀ ਹੋਈ ਪਠਾਣਾਂ ਦੀ ਤੇ ਲੈ ਕੇ ਆਏ। ਲੰਮਾ ਪੈ ਗਿਆ, ਚਰਨ ਹੀ ਨਹੀਂ ਛੱਡੇ। ਮਹਾਂਪੁਰਸ਼ ਕਹਿੰਦੇ, ਕੌਣ ਹੈ?

ਕਹਿੰਦੇ, ਤੁਹਾਡਾ ਨਿੰਦਕ ਹੈ।

ਕਹਿੰਦੇ -

***ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥***
***ਨਾਨਕ ਸੰਤਸੰਗਿ ਨਿੰਦਕੁ ਭੀ ਤਰੈ ॥*** ***ਅੰਗ - 279***

ਉਹ ਕ੍ਰਿਪਾਲੂ ਦਿਆਲੂ ਹੁੰਦੇ ਨੇ ਕਿਸੇ ਦਾ ਵੈਰ ਨਹੀਂ ਆਪਣੇ ਆਪ 'ਚ ਰੱਖਦੇ।

ਕਹਿੰਦੇ, ਕੀ ਹੋ ਗਿਆ?

ਕਹਿੰਦੇ, ਜ਼ੁਬਾਨ ਬੰਦ ਹੋ ਗਈ।

ਕਹਿਣ ਲੱਗੇ ਕਿ ਅੱਲਾਹ ਦਾ ਨਾਮ ਜਪੇਂਗਾ?

ਸਿਰ ਹਿਲਾਉਂਦਾ ਹੈ ਕਿ ਹਾਂ?

ਨਿੰਦਿਆ ਨਾ ਕਰੀਂ ਕਿਸੇ ਮਹਾਂਪੁਰਸ਼ ਦੀ।

ਨਹੀਂ ਕਹਿੰਦਾ।

ਕਹਿੰਦੇ ਜਾਹ, ਉਥੇ ਮੂੰਹ ਧੋ ਲੈ, ਕੁਰਲੀ ਕਰ ਲੈ। ਅੱਲਾਹ-ਅੱਲਾਹ ਕਰਨਾ ਸ਼ੁਰੂ ਕਰ ਦੇ।

ਕੁਰਲੀ ਕਰਾ ਦਿੱਤੀ, ਅੱਲਾਹ-ਅੱਲਾਹ ਕਰਨ ਲੱਗ ਗਿਆ। ਸਭ ਹੈਰਾਨ ਹੋ ਗਏ ਕਿ ਇਹਦੀ ਤਾਂ ਜ਼ੁਬਾਨ ਖੁੱਲ੍ਹ ਗਈ।

ਉਹ ਚੱਲਿਆ ਨਹੀਂ ਕਰਦੀ ਸਾਧਸੰਗਤ ਜੀ। ਦੁੱਖੀ ਹੁੰਦੇ ਨੇ ਜਿਹੜੇ ਖਹਿੰਦੇ ਨੇ ਐਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸੁਖ ਕਦੇ ਨਾ ਪਾਉਂਦੇ ਜੀ,***
***ਮੁਗਧ ਨਰ ਸੰਤਾਂ ਨਾਲ ਖਹੰਦੇ।***
***ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ ॥***
***ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥***
***ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ॥***
***ਸੁਖੁ ਨ ਪਾਇਨਿ ਮੁਗਧ ਨਰ ਸੰਤ ਨਾਲਿ ਖਹੰਦੇ ॥***

***ਅੰਗ - 306***

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਆਪ ਦੇ ਦਸਵੀਂ ਦਾ ਦੀਵਾਨ ਭਰਿਆ ਕਰਦਾ ਸੀ। ਦੂਰ-ਦਰਾਜ਼ ਤੋਂ, ਸੈਂਕੜੇ ਮੀਲ ਤੋਂ ਸੰਗਤਾਂ ਨੇ ਚੱਲ ਕੇ ਆਉਣਾ ਕਿ ਅੱਜ ਬਾਬਾ ਜੀ ਉਥੇ ਹੋਣਗੇ ਤੇ ਉਨ੍ਹਾਂ ਦੇ ਪ੍ਰਵਚਨ ਸੁਣਾਂਗੇ। ਦੋ ਦੋ ਦਿਨ, ਚਾਰ-ਚਾਰ ਦਿਨ, ਹਫਤਾ-ਹਫਤਾ ਆ ਕੇ ਰਹਿਣਾ ਤੇ ਮਹਾਂਪੁਰਸ਼ਾਂ ਦੇ ਰੋਜ਼ ਆ ਕੇ ਬਚਨ ਸਰਵਣ ਕਰਕੇ ਆਪਣਾ ਜੀਵਨ ਸਫਲ ਕਰਨਾ। ਉਹਦੇ ਨਾਲ ਹੀ ਇੱਕ ਪਿੰਡ ਸੀਗਾ।

ਇਹ ਕੁਦਰਤੀ ਗੱਲ ਹੁੰਦੀ ਹੈ ਐਸਾ ਮੈਂ ਤਾਂ ਦੇਖਿਆ ਹੈ ਕਿ ਜਿੱਥੋਂ ਲਾਈਟ ਆਏਗੀ ਉਹਦੇ ਨਾਲਦਿਆਂ ਪਿੰਡਾਂ ਦੇ ਵਿੱਚ ਹਨ੍ਹੇਰਾ ਹੋਏਗਾ। ਲੋਕ ਤਾਂ ਕਹਿੰਦੇ ਕਿ ਇਨ੍ਹਾਂ ਨੂੰ ਮੌਜਾਂ ਬਣ ਗਈਆਂ। ਬਈ ਸਤਿਸੰਗ ਹੁੰਦਾ ਹੈ। ਇਹ ਤਾਂ ਬਹੁਤ ਉੱਚੇ ਹੋ ਗਏ ਹੋਣੇ ਨੇ ਲੇਕਿਨ ਉਨ੍ਹਾਂ 'ਚ ਹਨ੍ਹੇਰਾ ਹੁੰਦਾ ਹੈ। ਉਹ ਅਕਾਰਨ ਵਿਰੋਧ ਕਰਿਆ ਕਰਦੇ ਨੇ। ਮਹਾਂਪੁਰਸ਼ਾਂ ਦਾ, ਅਸਥਾਨ ਦਾ ਵਿਰੋਧ ਕਰਦੇ ਨੇ।

ਰਾੜਾ ਸਾਹਿਬ ਜਿੰਨੇ ਆਲੇ-ਦੁਆਲੇ ਦੇ ਪਿੰਡ ਸੀ ਦੂਰ-ਦਰਾਜ਼ ਤਾਂ ਸ਼ਰਧਾਲੂ ਆਉਂਦੇ ਨੇ। ਜਿਹੜੇ ਨੇੜੇ-ਨੇੜੇ ਪਿੰਡ ਸੀ ਆਲੇ-ਦੁਆਲੇ, ਉਨ੍ਹਾਂ ਨੇ ਠੇਕਾ ਹੀ ਲਿਆ ਹੋਇਆ ਸੀ, ਵਿਰੋਧਤਾ ਕਰਨ ਦਾ, ਨਿੰਦਿਆ ਕਰਨ ਦਾ। ਫੇਰ ਹੋਇਆ ਗਲ-ਗਲ ਕੇ ਮਰੇ ਸਾਰੇ, ਮੈਂ ਦੇਖਦਾ ਰਿਹਾਂ। ਪਚ-

ਪਚ ਕੇ ਮੌਤਾਂ ਹੋਈਆਂ ਉਨ੍ਹਾਂ ਦੀਆਂ। ਕਿਉਂਕਿ ਸਾਰੀ ਜ਼ਿੰਦਗੀ ਮਹਾਂਪੁਰਸ਼ਾਂ ਦੀ ਨਿੰਦਿਆਂ ਕਰਦੇ ਲੰਘਾ ਦਿੱਤੀ। ਉਹ ਪਿੰਡ ਵੀ ਨਾ ਆਉਣ ਦਿੱਤੇ। ਮਹਾਰਾਜ ਚਲੇ ਗਏ ਸਰੀਰ ਛੱਡ ਕੇ, ਹੁਣ ਆਉਣ ਲੱਗੇ ਨੇ। ਮੈਂ ਕਿਹਾ ਹੁਣ ਤੁਹਾਡੇ ਆਉਣ ਦਾ ਕੀ ਫਾਇਦਾ ਹੈ। ਜਦੋਂ ਸੂਰਜ ਦਾ ਪ੍ਰਕਾਸ਼ ਸੀ, ਅੰਮ੍ਰਿਤ ਦਾ ਚਸ਼ਮਾ ਚੱਲ ਰਿਹਾ ਸੀ ਉਸ ਵੇਲੇ ਤੁਸੀਂ ਇਹਦੇ ਵੱਲ ਪਿੱਠ ਕਰਕੇ ਬੈਠੇ ਸੀ। ਹੁਣ ਆਉਂਦੇ ਓਂ ਟਰਾਲੀਆਂ ਭਰ-ਭਰ ਕੇ, ਹੁੰਦੇ ਨਿੰਦਿਆਂ ਹੀ ਕਰੀ।

ਸੋ ਬਾਬਾ ਜੀ ਦੇ ਨੇੜੇ ਪਿੰਡ ਸੀ ਹੋਤੀ ਮਰਦਾਨ ਦੇ, ਉਹ ਜਦੋਂ ਸੰਗਤ ਲੰਘਿਆ ਕਰੇ, ਤਾਂ ਬਾਹਰ ਬੈਠ ਜਾਇਆ ਕਰਨ। ਬੀਬੀਆਂ ਵੀ ਜਾਂਦੀਆਂ ਸੀ, ਭਾਈ ਵੀ ਜਾਂਦੇ ਸੀ। ਬੋਲੀਆਂ ਮਾਰਿਆ ਕਰਨ। ਚੁੱਪ ਕਰਕੇ ਸੰਗਤ ਵਾਲੇ ਵਾਹਿਗੁਰੂ-ਵਾਹਿਗੁਰੂ ਕਰਕੇ ਲੰਘ ਆਉਣ। ਅਖੀਰ ਉਨ੍ਹਾਂ ਨੇ ਕੀ ਕਰਿਆ ਕੁੱਤੇ ਬੜੇ ਜ਼ਹਿਰੀ ਸੀ ਉਨ੍ਹਾਂ ਨੇ ਕੁੱਤੇ ਛੱਡ ਦੇਣੇ। ਦੇਖ ਲਓ ਕੁੱਤਾ ਕਿਵੇਂ ਮਗਰ ਪੈਂਦਾ ਹੈ ਤੇ ਬੀਬੀਆਂ ਦੇ ਕੱਪੜੇ ਪਾੜ ਦੇਣੇ, ਬੱਚਿਆਂ ਦੇ ਚੱਕ ਮਾਰਨੇ। ਬਹੁਤ ਸੰਗਤ ਦੁਖੀ ਹੋ ਗਈ।

ਬਾਬਾ ਜੀ ਨੂੰ ਕਹਿਣ ਲੱਗੇ ਕਿ ਮਹਾਰਾਜ! ਇਸ ਤਰ੍ਹਾਂ ਦੇ ਨਾਲ ਸੰਗਤ ਨੂੰ ਬਹੁਤ ਦੁਖੀ ਕਰ ਰਹੇ ਨੇ।

ਬਾਬਾ ਜੀ ਕਹਿੰਦੇ, ਕੋਈ ਨਾ ਭਾਈ, ਤੁਸੀਂ ਐਸ ਤਰ੍ਹਾਂ ਕਰੋ ਹੋਰ ਨਹੀਂ ਰਸਤਾ ਆਉਂਦਾ?

ਕਹਿੰਦੇ, ਬਾਬਾ ਜੀ ਇਹ ਨੇੜੇ ਦਾ ਰਸਤਾ ਹੈ।

ਕਹਿੰਦੇ, ਇਹ ਛੱਡ ਦਿਓ ਤੁਸੀਂ ਉਤੋਂ ਦੀ ਆ ਜਾਇਆ ਕਰੋ, ਪਿੰਡ ਕੋਈ ਵਿੱਚ ਆਵੇ ਹੀ ਨਾ। ਬਾਹਰ-ਬਾਹਰ ਦੀ ਆ ਜਾਓ।

ਉਹ ਬਾਹਰ-ਬਾਹਰ ਦੀ ਆਉਣ ਲੱਗ ਗਏ। ਉਹ ਕੁੱਤੇ ਲਿਆ ਕੇ ਉਥੇ ਬੈਠਣ ਲੱਗ ਗਏ। ਜਦੋਂ ਸੰਗਤ ਨੇ ਆਉਣਾ ਫੇਰ ਕੁੱਤੇ ਛੱਡ ਦੇਣੇ।

ਫੇਰ ਦੱਸਿਆ ਕਿ ਬਾਬਾ ਜੀ! ਦੇਖੋ, ਬੀਬੀਆਂ ਦਾ, ਬੱਚਿਆਂ ਦਾ ਕੀ ਹਾਲ ਹੋਇਆ ਹੈ, ਭਾਈਆਂ ਦਾ, ਚੱਕ ਵੱਢੇ ਪਏ ਨੇ ਕੁੱਤਿਆਂ ਨੇ ਖ਼ੂਨ ਕਿਵੇਂ ਚਲਦਾ ਹੈ।

ਬਾਬਾ ਜੀ ਕਹਿਣ ਲੱਗੇ ਕਿ ਪ੍ਰੇਮੀਓ! ਇਹ ਅਤਿ ਦਾ ਤੇ ਰੱਬ ਦਾ ਵੈਰ ਹੁੰਦਾ ਹੈ ਤੇ ਜਿਹਨੂੰ ਪ੍ਰਮੇਸ਼ਰ ਨੇ ਮਾਰਨਾ ਹੋਵੇ ਉਹ ਸਾਧੂਆਂ ਨਾਲ ਖਹਿੰਦਾ ਹੈ।

***ਧਾਰਨਾ - ਭਾਗ ਜਿਨ੍ਹਾਂ ਦੇ ਮੰਦੇ,***
***ਖਹਿੰਦੇ ਨਾਲ ਸਾਧੂਆਂ ਦੇ।***

*ਓਇ ਲੋਚਨਿ ਓਨਾ ਗੁਣੈ ਨੋ ਓਇ ਅਹੰਕਾਰਿ ਸੜੰਦੇ ॥*
*ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ ॥*
*ਜੋ ਮਾਰੇ ਤਿਨਿ ਪਾਰਬ੍ਰਹਮਿ ਸੇ ਕਿਸੈ ਨ ਸੰਦੇ ॥*
*ਵੈਰੁ ਕਰਹਿ ਨਿਰਵੈਰ ਨਾਲਿ ਧਰਮ ਨਿਆਇ ਪਚੰਦੇ ॥*
*ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ॥*
*ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ ॥ ਅੰਗ - 306*

ਜੜ੍ਹਾਂ ਪੁੱਟੀਆਂ ਜਾਂਦੀਆਂ ਨੇ। ਬਾਬਾ ਜੀ ਕਹਿੰਦੇ ਕੋਈ ਨਾ ਭਾਈ, ਆਪਾਂ ਜਿਹਦੇ ਹੈਗੇ ਉਹ ਆਪੇ ਹੀ ਹੁਣ ਕਰੇਗਾ। ਹੋਇਆ ਕੀ? ਜਿਉਂ ਮਰਨ ਲੱਗੇ ਪਿੰਡ ਦੇ ਬੰਦੇ। ਰੋਜ਼ ਮਰਨ ਲੱਗ ਗਏ। ਕਬਰਾਂ ਪੁੱਟਦੇ ਹੀ ਥੱਕ ਗਏ। ਸਾਰਾ ਹੀ ਪਿੰਡ ਸਾਫ ਹੋ ਗਿਆ। ਇੱਕ ਬੱਚਾ ਨੌਂ ਮਹੀਨੇ ਦਾ ਬਚਿਆ ਉਹ ਮਾਂ ਨੱਠ ਕੇ ਆ ਕੇ, ਉਹਨੇ ਕਿਹਾ ਕਿ ਹੁਣ ਤਾਂ ਇੱਕੋ ਹੀ ਰਹਿ ਗਿਆ। ਬਾਬਾ ਜੀ ਦੇ ਚਰਨਾਂ 'ਚ ਲਿਟਾ ਦਿੱਤਾ ਕਹਿੰਦੀ ਪੀਰ ਜੀ! ਪੀਰ ਜੀ! ਕ੍ਰਿਪਾ ਕਰੋ। ਜੜ੍ਹ ਰੱਖ ਲਓ ਪਿੰਡ ਦੀ। ਪਿੰਡ ਸਾਫ ਹੋ ਗਿਆ, ਇੱਕੋ ਨਰ ਬਚਦਾ ਹੈ ਇਸ ਪਿੰਡ ਦੇ ਅੰਦਰ ਤੇ ਬੰਦਾ ਤਾਂ ਕੋਈ ਬਚਿਆ ਨਹੀਂ।

ਬਾਬਾ ਜੀ ਕਹਿਣ ਲੱਗੇ, ਕੀ ਨਾਉਂ ਹੈ?

ਕਹਿਣ ਲੱਗੀ, ਬਾਬਾ ਜੀ! ਅਜੇ ਨਾਉਂ ਨਹੀਂ ਰੱਖਿਆ।

ਕਹਿੰਦੇ ਇਹਦਾ ਨਾਉਂ ਅੱਲਾ ਬਖਸ਼ ਰੱਖ ਲੈ। ਅੱਲਾ ਦਾ ਬਖਸ਼ਿਆ ਹੋਇਆ ਹੈ। ਜਾਹ, ਬਚ ਜਾਏਗਾ ਇਹ। ਮੁੜ ਕੇ ਨਾ ਇਹ ਗੱਲ ਕਰਿਓ। ਸਾਰਾ ਪਿੰਡ ਸਾਫ ਕਰ ਦਿੱਤਾ।

ਅਕਾਲ ਪੁਰਖ ਐਵੇਂ ਤਾਂ ਨਹੀਂ ਜਿਹਦੇ ਬਣੇ ਹੋਏ ਨੇ। ਜੇ ਕੋਈ ਉਨ੍ਹਾਂ ਨੂੰ ਤੰਗ ਕਰਦਾ ਹੈ ਵਾਹਿਗੁਰੂ ਐਕਸ਼ਨ 'ਚ ਆ ਜਾਂਦਾ ਹੈ। ਐਵੇਂ ਸਫਾਇਆ ਹੀ ਕਰ ਦਿੰਦਾ ਹੈ। ਸੰਤਾਂ ਨੂੰ ਤਾਂ ਕਿਸੇ ਨਾਲ ਲੜਨ ਦੀ ਲੋੜ ਹੀ ਨਹੀਂ ਹੈ। ਵੱਧ ਤੋਂ ਵੱਧ ਆਪਣੇ ਗੁਰੂ ਨੂੰ ਕਹਿ ਦਏਗਾ।

ਸੋ ਇਸ ਤਰ੍ਹਾਂ ਦੇ ਨਾਲ ਰਾਜ਼ੀ ਹੋ ਗਿਆ, ਪੱਟ ਬੰਨ੍ਹਿਆ ਗਿਆ, ਹੱਡੀ ਨਾਲ ਹੱਡੀ ਜੁੜ ਗਈ। ਉਸ ਤਰ੍ਹਾਂ ਹੀ ਤੁਰਨ ਫਿਰਨ ਲੱਗ ਗਿਆ। ਘੋੜੇ 'ਤੇ ਸਵਾਰ ਹੋ ਗਿਆ, ਕਹਿੰਦਾ ਚਲੋ ਉਹ ਕੰਮ ਤਾਂ ਆਪਣਾ ਵਿਚਾਲੇ ਹੀ ਰਹਿ ਗਿਆ, ਗੁਰੂ ਨਾਨਕ ਵਾਲਾ। ਉਹ ਤਾਂ ਤਿੰਨ ਮਹੀਨੇ ਹੋ ਗਏ, ਪਤਾ ਨਹੀਂ ਕੀ-ਕੀ ਕਰ ਲਿਆ ਹੋਣਾ ਉਹਨੇ। ਉਹ ਫੇਰ ਚਲਦਾ ਹੈ, ਫੇਰ ਜਦੋਂ ਆਇਆ ਉਥੇ, ਦੋਦੇ ਪਿੰਡ। ਤੁਰਿਆ ਜਾਂਦਾ ਹੈ, ਸਾਰਾ ਪਿੰਡ ਦੇਖ ਰਿਹਾ ਹੈ ਕਿ ਬਾਜ ਨਹੀਂ ਆਇਆ, ਲੱਤ ਤੁੜਾ ਲਈ ਤਾਂ ਵੀ ਇਹਨੇ ਨਹੀਂ ਮੰਨਿਆ। ਕਹਿੰਦਾ, ਮੇਰਾ ਤਾਂ ਘੋੜਾ ਐਵੇਂ ਤ੍ਰਬਕ ਗਿਆ ਸੀ, ਉਹਨੇ ਮੈਨੂੰ ਕੀ ਕਰ ਦਿੱਤਾ।

ਹੁਣ ਕੀ ਹੋਇਆ ਸਾਧਸੰਗਤ ਜੀ, ਦਿੱਸਣ ਤੋਂ ਬੰਦ ਹੋ ਗਿਆ, ਉਸ ਪਿੰਡ ਕੋਲ ਆ ਕੇ। ਘੋੜੇ ਦੀ ਵਾਗ ਖਿੱਚੀ ਜਾਂਦਾ ਹੈ ਪਤਾ ਹੀ ਨਹੀਂ ਲਗਦਾ ਕਿ ਮੈਂ ਅੱਗੇ ਨੂੰ ਜਾਂਦਾ ਹਾਂ ਕਿ ਪਿੱਛੇ ਨੂੰ। ਸ਼ਰਮ ਦਾ ਮਾਰਿਆ ਦੱਸਦਾ ਨਹੀਂ ਤੇ ਘੋੜਾ ਰੋਕ ਲਿਆ। ਐਨੇ ਨੂੰ ਆਵਾਜ਼ ਆਈ, ਬੀਬੀ ਨੇ ਕਿਹਾ ਤੂੰ ਹੋਸ਼ ਕਰ। ਅੱਗੇ ਵੀ ਤੂੰ ਦੇਖ ਲਿਆ ਸਭ ਕੁਛ ਤੇ ਨਾ ਤੂੰ ਹਿੱਕ ਡਾਹ ਵਗਦੀ ਕਾਗ ਦੇ ਉਤੇ। ਨਿਰਵੈਰ ਨਾਲ ਵੈਰ ਨਹੀਂ ਕਰੀਦਾ। ਜਿਹੜਾ ਨਿਰਵੈਰ ਨਾਲ ਵੈਰ ਕਰਦਾ ਹੈ ਉਹ ਪੱਚ ਜਾਂਦਾ ਹੈ। ਪ੍ਰਮੇਸ਼ਰ ਉਸ ਨੂੰ ਮਾਫ ਨਹੀਂ ਕਰਦਾ। ਵੀਰਾ! ਉਹ ਵੈਰ ਕਰਨ ਵਾਲੇ ਨਹੀਂ ਹਨ, ਤੂੰ ਵੈਰ ਨਾ ਕਰ। ਤੂੰ ਨਿਮਰਤਾ 'ਚ ਆ। ਨਹੀਂ ਮੰਨਦਾ, ਕਹਿੰਦਾ ਕੌਣ ਬੋਲਦੀ ਹੈ। ਕਹਿੰਦੇ, ਜੀ ਓਹੀ ਹੈ ਜਿਹੜੀ ਸਾਰਿਆਂ ਨਾਲੋਂ ਜ਼ਿਆਦਾ ਪਿਆਰ ਕਰਦੀ ਹੈ। ਸੇਵਾ ਕਰਦੀ ਹੈ, ਦੋਦੇ ਦੇ ਘਰਵਾਲੀ।

ਸੋਚਣ ਲੱਗ ਗਿਆ ਕਿ ਹੁਣ ਕੀ ਕਰਿਆ ਜਾਵੇ। ਨਾਲਦਿਆਂ ਨੂੰ ਦੱਸ ਦੇਵਾਂ। ਸ਼ਰਮ ਦਾ ਮਾਰਿਆ ਦਸਦਾ ਨਹੀਂ, ਖੜ੍ਹਾ ਹੈ ਚੁੱਪ ਕਰਿਆ, ਵਾਗਾਂ ਫੜੀਂ। ਉਹ ਬੀਬੀ ਕਹਿੰਦੀ, ਤੁਰਦਾ ਕਿਉਂ ਨਹੀਂ, ਤੁਰ ਹੁਣ ਅਗਾਂਹਾਂ ਨੂੰ। ਘੋੜਾ ਕਿਉਂ ਨਹੀਂ ਤੋਰਦਾ? ਚੁੱਪ ਕਰਿਆ ਖੜ੍ਹਾ ਹੈ।

ਦੁੱਖ ਪੈ ਗਿਆ ਸਾਧਸੰਗਤ ਜੀ! ਸੋਚੀਂ ਜਾਂਦਾ ਹੈ ਕਿ ਹੁਣ ਕੀ ਹੋਏਗਾ, ਮੈਂ ਤਾਂ ਅੰਨ੍ਹਾ ਹੋ ਗਿਆ। ਅੱਗੇ ਤਾਂ ਲੱਤ ਹੀ ਟੁੱਟੀ ਸੀ, ਹੁਣ ਅੱਖਾਂ ਕਿੱਥੋਂ ਬਣਵਾਊਂ। ਬੀਬੀ ਨੇ ਕਿਹਾ, ਹੁਣ ਤੁਰਦਾ ਨਹੀਂ। ਪਤਾ ਲੱਗ ਗਿਆ ਬੀਬੀ ਨੂੰ ਕਿ ਅੰਨ੍ਹਾ ਹੋ ਗਿਆ। ਕਹਿੰਦੀ, ਐਸ ਤਰ੍ਹਾਂ ਨਹੀਂ ਗੁਰੂ ਪੀਰਾਂ ਕੋਲ ਜਾਈਦਾ ਤੇ ਮਾਫੀ ਮੰਗ। ਚਿੱਤ ਦੇ ਵਿੱਚ ਧਾਰ, ਸ਼ਰਧਾ ਦੇ ਨਾਲ ਜਾਹ।

ਕਿਉਂਕਿ ਦੁੱਖ ਜਿਹੜਾ ਪਿਆ ਹੋਇਆ ਹੈ ਉਹ ਆਦਮੀ ਨੂੰ ਸਿੱਧੇ ਰਸਤੇ ਲਿਆ ਦਿੰਦਾ ਹੈ।

***ਧਾਰਨਾ – ਤੇਰੇ ਦੁੱਖਾਂ ਦੀ ਬਣੇਗੀ ਦਾਰੂ,***
***ਸੁੱਖ ਤੇਰੇ ਰੋਗ ਹੋਣਗੇ।***

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***
***ਤੂੰ ਕਰਤਾ ਕਰਣਾ ਮੈ ਨਾਹੀ ਜਾ ਹਉ ਕਰੀ ਨ ਹੋਈ ॥***

***ਅੰਗ – 469***

ਜਦੋਂ ਆਦਮੀ 'ਤੇ ਦੁੱਖ ਆ ਜਾਏ, ਓਸ ਵੇਲੇ ਫੇਰ ਸਾਰੀਆਂ ਆਕੜਾਂ ਖਤਮ ਹੋ ਜਾਂਦੀਆਂ ਨੇ। ਸਾਰੇ ਜ਼ੋਰ ਖਤਮ ਹੋ ਜਾਂਦੇ ਨੇ। ਫੇਰ ਬੇਨਤੀਆਂ ਕਰਦਾ ਹੈ ਕਿ ਹੇ ਪ੍ਰਭੂ! ਹੁਣ ਤੂੰ ਬਖਸ਼ ਲੈ, ਮੈਂ ਭੁੱਲ ਗਿਆ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੂੰ ਇੱਕ ਵਾਰੀ ਸਿੰਘਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ! ਜਿਸਦੇ ਉਤੇ ਤੁਸੀਂ ਦਇਆਲ ਹੋ ਜਾਵੋਂ। ਕੀ ਪਤਾ ਲਗਦਾ ਹੈ? ਕਿਵੇਂ ਸਾਨੂੰ ਪਤਾ ਲੱਗੇ ਕਿ ਤੁਸੀਂ ਏਸ ਦੇ ਉਤੇ ਦਇਆਲ ਓਂ?

ਮਹਾਰਾਜ ਕਹਿੰਦੇ, ਪ੍ਰੇਮੀਓ! ਜਿਹਦੇ ਉਤੇ ਗੁਰੂ ਦਇਆਲ ਹੋ ਜਾਵੇ, ਉਹਦੇ ਘਰ ਬਰਕਤਾਂ ਹੀ ਬਰਕਤਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਨੇ।

***ਤੀਰਥ ਕੀਏ ਏਕ ਫਲ ਸੰਤ ਮਿਲੇ ਫਲ ਚਾਰ।***
***ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵਿਚਾਰ।***

ਇੱਕ ਫਲ ਨਹੀਂ, ਬੇਅੰਤ ਫਲ ਪ੍ਰਾਪਤ ਹੋ ਜਾਇਆ ਕਰਦੇ ਨੇ। ਲਹਿਰੇ ਬਹਿਰੇ ਹੋ ਜਾਂਦੇ ਨੇ, ਵਿਘਨ ਸਾਰੇ ਨਾਸ਼। ਘਰ ਵਿੱਚ ਦੁੱਧ ਵੀ, ਪੁੱਤ ਵੀ, ਹਾਸੇ ਖੁਸ਼ੀਆਂ ਤੇ ਬਰਕਤਾਂ ਹੀ ਬਰਕਤਾਂ, ਖੇੜਾ ਹੀ ਖੇੜਾ ਆ ਜਾਂਦਾ ਹੈ ਜਿਹਦੇ 'ਤੇ ਗੁਰੂ ਦਇਆਲ ਹੋ ਜਾਵੇ -

***ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥ ਅੰਗ - 149***

ਜੇ ਗੁਰੂ ਦਇਆਲ ਹੋ ਜਾਵੇ ਸਾਰੀਆਂ ਸ਼ਰਧਾ ਪੂਰੀਆਂ ਹੋ ਜਾਂਦੀਆਂ ਨੇ। ਵਾਸ਼ਨਾਵਾਂ ਪੂਰੀਆਂ ਹੋ ਜਾਂਦੀਆਂ ਨੇ, ਉਹ ਕਦੇ ਝੂਰਦਾ ਨਹੀਂ ਹੈ, ਖੁਸ਼ ਰਹਿੰਦਾ ਹੈ।

ਕਹਿੰਦੇ, ਮਹਾਰਾਜ! ਜੇ ਓਸ ਤੋਂ ਵੀ ਜ਼ਿਆਦਾ ਪ੍ਰਸੰਨ ਹੋ ਜਾਵੇਂ?

ਮਹਾਰਾਜ ਕਹਿੰਦੇ ਦੇਖੋ, ਇੱਥੇ ਦੋ ਰਸਤੇ ਨੇ, ਇੱਕ ਤਾਂ ਇਹ ਹੈ ਕਿ ਬਖਸ਼ਿਸ਼ਾਂ ਪ੍ਰਾਪਤ ਕਰਕੇ ਉਹ ਬੰਦਾ ਪ੍ਰਮੇਸ਼ਰ ਨੂੰ ਯਾਦ ਰੱਖਦਾ ਹੈ। ਇੱਕ ਉਹ ਨੇ ਜਿਹੜੇ ਬਖਸ਼ਿਸ਼ਾਂ ਪ੍ਰਾਪਤ ਕਰਕੇ ਪ੍ਰਮੇਸ਼ਰ ਨੂੰ ਭੁੱਲ ਜਾਂਦੇ ਨੇ ਤੇ ਮੰਗੀਆਂ ਹੋਈਆਂ ਚੀਜ਼ਾਂ 'ਚ ਪਰਚ ਜਾਂਦੇ ਨੇ।

ਬਹੁਤ ਸਾਰੇ ਪ੍ਰੇਮੀ ਮੈਂ ਇੱਥੇ ਦੇਖਦਾ ਹਾਂ। ਆਉਂਦੇ ਨੇ ਕਿ ਜੀ, ਮੇਰੀ ਨੌਕਰੀ ਨਹੀਂ ਲਗਦੀ।

ਅਸੀਂ ਕਹਿੰਦੇ ਹਾਂ ਕਿ ਤੂੰ ਐਸ ਤਰ੍ਹਾਂ ਕਰ, ਸੱਚੇ ਦਿਲ ਨਾਲ ਅਰਦਾਸ ਕਰ ਗੁਰੂ ਮਹਾਰਾਜ ਕੋਲ ਤੇ ਨਿਤਨੇਮ 25 ਜਪੁਜੀ ਸਾਹਿਬ ਦੇ ਪਾਠ ਕਰਨੇ ਸ਼ੁਰੂ ਕਰ ਦੇ ਤੇ ਮਹਾਰਾਜ ਕੋਲ ਬੇਨਤੀਆਂ ਕਰੀ ਜਾਹ। ਉਹ ਤੇਰੇ 'ਤੇ ਪ੍ਰਸੰਨ ਹੋ ਜਾਣਗੇ। ਨੌਕਰੀ ਮਿਲ ਜਾਏਗੀ। ਓਲਾਦ ਨਹੀਂ ਹੁੰਦੀ, ਓਲਾਦ ਹੋ ਜਾਂਦੀ ਹੈ। ਕਾਰੋਬਾਰ ਨਹੀਂ ਚਲਦਾ ਤਾਂ ਕਾਰੋਬਾਰ ਚਲ ਜਾਏਗਾ। ਬਹੁਤ ਸਾਰੇ ਤਾਂ ਐਸੇ ਨੇ ਮੁੜ ਕੇ ਦੇਖੇ ਹੀ ਨਹੀਂ ਕਦੇ। ਇੱਥੇ ਅਰਦਾਸ ਜ਼ਰੂਰ ਹੁੰਦੀ ਹੈ ਕਿ ਨੌਕਰੀ ਮਿਲ ਗਈ ਮਹਾਰਾਜ ਤੇ ਉਹ ਦੇਗ ਕਰਾ ਰਿਹਾ ਹੈ ਉਹਦੀ। ਮੁੜ ਨਹੀਂ ਅਸੀਂ ਦੇਖੇ ਕਦੇ ਵੀ ਕਿ ਆਏ ਨੇ ਜਾਂ ਅਗਾਹਾਂ ਗੱਲ ਪੁੱਛੀ ਹੈ ਕਿ ਇਹ ਤਾਂ ਬਹੁਤ ਵਧੀਆ ਗੱਲ ਦੱਸੀ ਸੀ। ਇਹ ਜੇ ਗੁਰੂ ਐਸ ਤਰ੍ਹਾਂ ਖੁਸ਼ੀ ਹੁੰਦਾ ਹੈ ਤਾਂ ਹੋਰ ਵੀ ਸਾਨੂੰ ਅਗਾਹਾਂ ਦੀ ਗੱਲ ਦੱਸੋ ਕਿ ਅਗਾਹਾਂ ਵੀ ਸਾਡਾ ਛੁਟਕਾਰਾ ਜਮਦੂਤਾਂ ਤੋਂ ਹੋ ਸਕਦਾ ਹੈ ਕਿ ਨਹੀਂ ਕਿ ਇੱਥੇ ਨੌਕਰੀ ਮੰਗ ਕੇ ਹੀ ਹਟ ਗਏ। ਫੇਰ ਕੀ ਹੁੰਦਾ ਹੈ? ਫੇਰ ਕੀ ਹੁੰਦਾ ਹੈ, ਹੌਲੀ-ਹੌਲੀ ਓਹੀ ਬੰਦਾ ਜੋ ਦੁੱਖਾਂ 'ਚ ਪਿਆ ਹੁੰਦਾ ਹੈ। ਸੁੱਖ ਆਉਂਦਾ ਹੈ ਤੇ ਫੇਰ ਸ਼ਰਾਬਾਂ ਕਬਾਬਾਂ ਪੀਣ ਲੱਗ ਜਾਂਦਾ ਹੈ।

ਸ਼ਰਾਬ ਪੀਂਦਾ ਹੈ, ਗੁਰੂ ਨੂੰ ਭੁੱਲ ਗਿਆ। ਪਿੱਠ ਕਰ ਲੈਂਦਾ ਹੈ। ਫੇਰ ਨਹੀਂ ਧਿਆਨ ਦਿੰਦਾ। ਸੰਤਾਂ ਨੂੰ ਵੀ ਬੁਰਾ ਭਲਾ ਕਹਿਣ ਲੱਗ ਜਾਂਦਾ ਹੈ, ਲੈ ਮੇਰਾ ਐਵੇਂ ਹੀ ਹੋ ਗਿਆ ਕੰਮ। ਮੇਰੀ ਤਾਂ ਅਰਜ਼ੀ ਦਿੱਤੀ ਹੋਈ ਸੀ। ਉਨ੍ਹਾਂ ਨੇ ਕਿੱਥੋਂ ਕਰ ਦਿੱਤਾ ਕੰਮ। ਗੁਰੂ ਸਾਹਿਬ ਕਿਤੇ ਆ ਕੇ ਲਿਖ ਗਏ ਨੇ ਨੌਕਰੀ ਨੂੰ। ਜਮਾਂ ਹੀ ਮੁੱਕਰ ਜਾਂਦਾ ਹੈ, ਦੂਜੇ ਪਾਸੇ ਚਲਿਆ ਜਾਂਦਾ ਹੈ। ਮਹਾਰਾਜ ਕਹਿੰਦੇ, ਉਹ ਜਿਹੜਾ ਬੰਦਾ ਹੈ ਉਹ ਫੇਰ ਗੁਰੂ ਦਾ ਨਹੀਂ ਰਹਿੰਦਾ। ਉਹ ਮਨ ਦਾ ਗੁਲਾਮ ਹੋ ਜਾਂਦਾ ਹੈ, ਮਨ ਦਾ ਸਿੱਖ ਹੋ ਜਾਂਦਾ ਹੈ ਤੇ ਉਹਨੂੰ ਫੇਰ ਮਨਮੁਖ ਕਹਿੰਦੇ ਨੇ। ਜਿਹੜਾ ਮਨਮੁਖ ਹੈ ਫੇਰ ਉਹਦੇ ਕਿਸਮਤ ਦੇ ਅੰਦਰ ਥੋੜ੍ਹੇ ਸੁੱਖ ਤੋਂ ਬਾਅਦ ਦੁੱਖ ਸ਼ੁਰੂ ਹੋ ਜਾਂਦੇ ਨੇ –

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ – 947***

ਹਉਮੈ 'ਚ ਆ ਜਾਂਦਾ ਹੈ, ਗੁਰੂ ਨੂੰ ਭੁੱਲ ਜਾਂਦਾ ਹੈ। ਜੇ ਤਾਂ ਉਹ ਸਿਆਣਾ ਹੁੰਦਾ, ਤਾਂ ਤਾਂ ਗੁਰੂ ਨੂੰ ਯਾਦ ਰੱਖਦਾ ਕਿ ਇਹ ਗੁਰੂ ਦੇ ਪਾਠ ਨੇ ਮੈਨੂੰ ਐਨਾ ਕੁਛ ਕਰ ਦਿੱਤਾ। ਜੇ ਮੈਂ ਕਰੀ ਜਾਵਾਂ ਤੇ ਅਗਾਹਾਂ ਰਸਤਾ ਪੁੱਛਾਂ ਤਾਂ ਮੇਰਾ ਉਧਾਰ ਹੋ ਜਾਏਗਾ ਤੇ ਵਿਘਨਾਂ ਦਾ ਨਾਸ਼ ਹੋ ਜਾਏਗਾ। ਮਹਾਰਾਜ ਕਹਿੰਦੇ, ਉਹ ਹੁੰਦੇ ਨੇ ਮਨਮੁਖ ਉਨ੍ਹਾਂ ਦੀ ਜਿਹੜੀ ਸੋਚ ਹੈ ਉਹ ਇਹ ਹੈ ਕਿ ਉਹ ਪ੍ਰਮੇਸ਼ਰ ਨੂੰ ਭੁੱਲਦੇ ਨੇ –

***ਧਾਰਨਾ – ਮਨਮੁੱਖਾਂ ਨੇ ਵਿਸਾਰ ਦਿੱਤਾ ਦਾਤਾ,***
***ਦਾਤ ਨੂੰ ਪਿਆਰੀ ਜਾਣ ਕੇ।***
***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ – 676***

ਦੇਣ ਵਾਲੇ ਨੂੰ ਭੁੱਲ ਗਏ। ਫੇਰ ਨਹੀਂ ਕਦੇ ਦਰਸ਼ਨ ਹੁੰਦੇ ਉਹਦੇ। ਭੁੱਲ ਚੁੱਕ ਕੇ ਵੀ ਨਹੀਂ ਹੁੰਦੇ। ਬਿਲਕੁਲ ਟੁੱਟ ਜਾਂਦਾ ਹੈ, ਫੇਰ ਆਇਆ ਨਹੀਂ ਕਰਦਾ। ਕਿਉਂਕਿ ਦਾਤ ਵਿੱਚ ਰੁੱਝ ਗਿਆ। ਜਦੋਂ ਨਹੀਂ ਸੀ ਓਸ ਵੇਲੇ ਦੌੜਿਆ ਫਿਰਦਾ ਸੀ।

ਮਹਾਰਾਜ ਕਹਿਣ ਲੱਗੇ, ਫੇਰ ਪ੍ਰੇਮੀਓਂ! ਜੇ ਤਾਂ ਸਾਡੀ ਮਿਹਰ ਰਹਿ ਜਾਵੇ ਉਹਦੇ ਉਤੇ, ਕੋਈ ਕਰਮ ਚੰਗੇ ਕੀਤੇ ਹੋਏ ਨੇ। ਮਾੜਾ ਮੋਟਾ ਕਦੇ ਅਰਦਾਸ ਵਿੱਚ ਆ ਜਾਏ। ਫੇਰ ਕਹਿੰਦੇ, ਅਸੀਂ ਉਹਨੂੰ ਕੱਢ ਲੈਂਦੇ ਹਾਂ, ਪਰ ਦੁੱਖ ਦੀ ਜੰਜੀਰ ਭੇਜਦੇ ਹਾਂ, ਹੱਥਕੜੀ। ਦੁੱਖ ਦੀ ਹਥਕੜੀ ਜਦੋਂ ਪੈਂਦੀ ਹੇ, ਜਦੋਂ ਪੁੱਤਰ ਮੰਗਿਆ, ਜਦ ਬੀਮਾਰ ਹੋਇਆ। ਡਾਕਟਰਾਂ ਨੇ ਜਵਾਬ ਦੇ ਦਿੱਤਾ ਕਿ ਹੁਣ ਨਹੀਂ ਰਾਜ਼ੀ ਹੁੰਦਾ, ਫੇਰ ਕਹਿੰਦੇ ਨੱਠਿਆ ਹੀ ਆਏਗਾ। ਕਿਉਂਕਿ ਦੁੱਖ ਦੀ ਜੰਜੀਰ ਪੈ ਗਈ। ਕੰਮ ਚਲਦਾ ਹੈ, ਵਿਘਨ ਪੈ ਗਿਆ ਫੇਰ ਦੌੜਦਾ ਹੀ ਆਏਗਾ। ਕਹਿੰਦੇ ਜੇ ਭਜਨ ਬੰਦਗੀ ਕਰਦਾ ਹੈ, ਵਾਹਿਗੁਰੂ ਨੂੰ ਯਾਦ ਰੱਖਦਾ ਹੈ ਤਾਂ ਕਹਿੰਦੇ ਅਸੀਂ ਉਹਦੇ ਘਰ ਫੇਰ

ਦਾਤਾਂ ਹੀ ਦਾਤਾਂ ਦੇ ਦਿੰਦੇ ਹਾਂ। ਫੇਰ ਉਹ ਭਰ ਜਾਂਦਾ ਹੈ ਤੇ ਉਹ ਪ੍ਰਮੇਸ਼ਰ ਦਾ ਨਾਮ ਜਪਦਾ ਹੈ। ਨਾਮ ਵੀ ਜਪਦਾ ਹੈ ਤੇ ਦਾਤਾਂ ਵੀ ਉਹਦੇ ਕੋਲ ਹੁੰਦੀਆਂ ਨੇ। ਸੋ ਦੁੱਖ ਦਾਰੂ ਬਣ ਜਾਂਦਾ ਹੈ।

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***
***ਅੰਗ - 469***

ਹੁਣ ਅੱਖਾਂ ਹੋ ਗਈਆਂ ਬੰਦ ਇਹਦੀਆਂ। ਆਕੜ ਲਹਿ ਗਈ ਸਾਰੀ। ਹੁਣ ਅੱਖਾਂ ਤਾਂ ਨਹੀਂ ਹਨ ਕਿਸੇ ਨੂੰ ਕਹਿ ਦਏਗਾ ਕਿ ਅੱਖਾਂ ਮੈਨੂੰ ਦੇ ਦੇ। ਅੱਖਾਂ ਤਾਂ ਆ ਹੀ ਨਹੀਂ ਸਕਦੀਆਂ। ਹੁਣ ਸਮਝਦਾ ਨਹੀਂ ਕਿ ਜ਼ਿੰਦਗੀ ਮੇਰੀ ਬਹੁਤ ਪਈ ਹੈ ਤੇ ਹੁਣ ਮੈਂ ਕਰਾਂਗਾ ਕੀ, ਅੱਖਾਂ ਤਾਂ ਮੇਰੀਆਂ ਬੰਦ ਹੋ ਗਈਆਂ। ਦਿਸਦਾ ਨਹੀਂ ਹੈ। ਬੜੇ ਭਿਆਨਕ ਖਿਆਲ ਆਉਣ ਲੱਗ ਗਏ ਅੰਦਰ ਕਿ ਹੁਣ ਕੀ ਹੋਏਗਾ।

ਓਸ ਵੇਲੇ ਉਹ ਬੀਬੀ ਕਹਿਣ ਲੱਗੀ ਕਿ ਕ੍ਰੋੜੀਆ! ਗੁਰੂ ਨਾਨਕ ਨੂੰ ਯਾਦ ਕਰ, ਕਿਉਂਕਿ ਦੁੱਖ ਜਿਹੜਾ ਹੈ ਸਾਧਸੰਗਤ ਜੀ ਮਹਾਰਾਜ ਨੇ ਲਿਖਿਆ ਹੈ -

***ਦੁਖ ਮਹੁਰਾ ਮਾਰਣ ਹਰਿ ਨਾਮੁ ॥*** ***ਅੰਗ - 1256***

ਇਹ ਮੋਹਰਾ ਜ਼ਹਿਰ ਹੈ ਦੁੱਖ। ਇਹਨੂੰ ਨਾਮ ਮਾਰਦਾ ਹੈ। ਜਿਵੇਂ ਪਾਰੇ ਨੂੰ ਮਾਰਦਾ ਹੈ ਜਾਂ ਕੁਚਲਿਆਂ ਨੂੰ ਮਾਰਦਾ ਹੈ -

***ਸਿਲਾ ਸੰਤੋਖ ਪੀਸਣੁ ਹਥਿ ਦਾਨੁ ॥*** ***ਅੰਗ - 1257***

ਸੰਤੋਖ ਦੀ ਸਿਲਾ ਹੋਵੇ, ਹੱਥਾਂ ਨਾਲ ਕਰਦਾ ਹੋਵੇ ਦਾਨ। ਇਹ ਹੈਗਾ ਪੀਸਣਾ।

***ਨਿਤ ਨਿਤ ਲੇਹੁ ਨ ਛੀਜੈ ਦੇਹ ॥ ਅੰਤ ਕਾਲਿ ਜਮੁ ਮਾਰੈ ਠੇਹ ॥***
***ਅੰਗ - 1257***

ਕਹਿੰਦੇ ਜਮਾਂ ਨੂੰ ਵੀ ਠੇਹ ਕਰਕੇ ਮਾਰਦਾ ਹੈ -

***ਐਸਾ ਦਾਰੂ ਖਾਹਿ ਗਵਾਰ ॥ ਜਿਤੁ ਖਾਧੈ ਤੇਰੇ ਜਾਹਿ ਵਿਕਾਰ ॥***
***ਅੰਗ - 1257***

ਐਹੋ ਜਿਹਾ ਦਾਰੂ ਖਾ ਲੈ, ਨਾਮ ਦਾ ਦਾਰੂ ਜਿਹਦੇ ਨਾਲ ਤੇਰੇ ਸਾਰੇ ਵਿਕਾਰਾਂ ਦਾ ਖਾਤਮਾ ਹੋ ਜਾਏਗਾ -

***ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥***
***ਦੁਖੁ ਦੁਖੁ ਅਗੈ ਆਖੀਐ ਪੜ੍ਹਿ ਪੜ੍ਹਿ ਕਰਹਿ ਪੁਕਾਰ ॥***
***ਦੁਖ ਕੀਆ ਪੰਡਾ ਖੁਲ੍ਹੀਆ ਸੁਖੁ ਨ ਨਿਕਲਿਓ ਕੋਇ ॥***
***ਦੁਖ ਵਿਚਿ ਜੀਉ ਜਲਾਇਆ ਦੁਖੀਆ ਚਲਿਆ ਰੋਇ ॥***
***ਨਾਨਕ ਸਿਫਤੀ ਰਤਿਆ ਮਨੁ ਤਨੁ ਹਰਿਆ ਹੋਇ ॥***
***ਦੁਖ ਕੀਆ ਅਗੀ ਮਾਰੀਅਹਿ ਭੀ ਦੁਖੁ ਦਾਰੂ ਹੋਇ ॥***
***ਅੰਗ - 1240***

ਹੁਣ ਕਹਿੰਦੇ ਦੁੱਖ ਨੂੰ ਦੂਰ ਕਰਨ ਵਾਸਤੇ ਦੁਖ ਦੀ ਅੱਗ ਜਾਲੋ।

ਜਦੋਂ ਅੰਮ੍ਰਿਤ ਵੇਲੇ ਜਾਗਦਾ ਹੈ, ਦੋ ਵਜੇ ਉੱਠ ਕੇ ਬੈਠਦਾ ਹੈ, ਦੁਨੀਆਂ ਸੁੱਤੀ ਪਈ ਹੁੰਦੀ ਹੈ, ਫੇਰ ਦੁੱਖ ਦੀ ਅੱਗ ਨਾਲ ਹੀ ਮਾਰਦਾ ਹੈ। ਜਦੋਂ ਸੇਵਾ ਕਰਦਾ ਹੈ ਫੇਰ ਦੁੱਖ ਦੀ ਅੱਗ ਨਾਲ ਹੀ ਮਾਰਦਾ ਹੈ। ਦਾਨ ਕਰਦਾ ਹੈ ਦੁੱਖ ਦੀ ਅੱਗ ਨਾਲ ਦੁੱਖ ਨੂੰ ਮਾਰਦਾ ਹੈ। ਕਹਿੰਦੇ, ਫੇਰ ਦੁੱਖ ਦਾਰੂ ਬਣ ਜਾਂਦਾ ਹੈ।

ਬੀਬੀ ਕਹਿਣ ਲੱਗੀ, ਹੁਣ ਤੂੰ ਪ੍ਰਾਸ਼ਚਿਤ ਕਰ, ਕੀ ਸੋਚਦਾ ਹੈਂ। ਪੈ ਜਾ ਸ਼ਰਨ ਇੱਥੋਂ ਹੀ ਗੁਰੂ ਨਾਨਕ ਪਾਤਸ਼ਾਹ ਦੀ। ਉਤਰ ਆ ਘੋੜੇ ਤੋਂ। ਘੋੜੇ ਤੋਂ ਉਤਰ ਆਇਆ, ਕਹਿੰਦਾ ਬੀਬੀ! ਮੈਂ ਬੜਾ ਮੂਰਖ ਬੰਦਾ ਹਾਂ, ਤੇਰੀ ਮੈਂ ਪਹਿਲਾਂ ਗੱਲ ਨਾ ਮੰਨੀ। ਕਹਿੰਦੀ ਮੈਂ ਤਾਂ ਤੈਨੂੰ ਪਹਿਲਾਂ ਕਿਹਾ ਸੀ, ਬਈ ਵਗਦੀ ਕਾਂਗ ਅੱਗੇ ਹਿੱਕ ਨਹੀਂ ਡਾਹੀਦੀ, ਰੋੜ ਕੇ ਲੈ ਜਾਂਦੀ ਹੈ। ਉਹ ਗੁਰੂ ਨਾਨਕ ਹੈ ਆਪ ਨਿਰੰਕਾਰ। ਲਿਆ ਨਿਹਚਾ ਉਹਦੇ ਉਤੇ, ਜਿੰਨਾਂ ਨਿਹਚਾ ਲਿਆਏਂਗਾ ਓਨਾਂ ਹੀ ਤੇਰਾ ਭਲਾ ਹੋਏਗਾ।

ਕਹਿਣ ਲੱਗਿਆ, ਬੀਬੀ! ਮੈਨੂੰ ਰਾਹ ਦੱਸੋ।

ਰਾਹ ਦੱਸੋ, ਮੈਂ ਓਸ ਗੁਰੂ ਨਾਨਕ ਕੋਲ ਜਾਣਾ ਹੈ। ਕਹਿੰਦੀ ਦਿਲੋਂ ਕਹਿੰਦਾ ਹੈਂ ਹੁਣ?

ਕਹਿੰਦਾ ਹਾਂ।

ਕਹਿਣ ਲੱਗੀ ਕਿ ਜੇ ਦਿਲੋਂ ਕਹਿੰਦਾ ਹੈਂ ਤਾਂ ਫੇਰ ਨੀਵਾਂ ਹੋ ਜਾ। ਹੋਰ ਨੀਵਾਂ ਹੋ ਜਾ। ਧਰਤੀ 'ਤੇ ਗਿਰ ਜਾ। ਕਹਿੰਦੀ ਸਾਰ ਧਰਤੀ 'ਤੇ ਗਿਰ ਗਿਆ, ਲੰਮਾ ਪੈ ਗਿਆ। ਕਹਿੰਦੀ ਹੁਣ ਲਕੀਰ ਕੱਢ ਲੈ। ਰਾਹ ਅਸੀਂ ਤੈਨੂੰ ਦੱਸੀ ਜਾਵਾਂਗੇ। ਅਸੀਂ ਸਾਰੇ ਹੀ ਚੱਲਾਂਗੇ ਤੇਰੇ ਨਾਲ ਗੁਰੂ ਨਾਨਕ ਕੋਲ ਬਖਸ਼ਾਉਣ ਵਾਸਤੇ। ਲਕੀਰ ਕੱਢ ਲੈ, ਜਿੱਥੇ ਤੇਰਾ ਸਿਰ ਆਇਆ ਹੈ, ਉਥੇ ਫੇਰ ਪੈਰ ਰੱਖੀਂ ਤੇ ਫੇਰ ਗਿਰ ਜਾਈਂ। ਇਹਨੂੰ ਡੰਡਉਤ ਬੰਦਨ ਕਹਿੰਦੇ ਨੇ। ਹੁਣ ਤੂੰ ਡੰਡਓਤ ਬੰਦਨਾ ਕਰਦਾ ਚੱਲ ਤਾਂ ਬਖਸ਼ਿਆ ਜਾਏਂਗਾ। ਲਕੀਰ ਕੱਢ ਲੈਂਦਾ ਹੈ, ਲੰਮਾ ਪੈ ਜਾਂਦਾ ਹੈ। ਖੜ੍ਹਾ ਹੋ ਜਾਂਦਾ ਹੈ, ਉਥੇ ਸਿਰ ਕੋਲ ਆ ਜਾਂਦਾ ਹੈ, ਦੱਸ ਦਿੰਦੇ ਨੇ ਕਿ ਆਹ ਲਕੀਰ ਹੈ। ਫੇਰ ਲਕੀਰ ਕੱਢ ਲੈਂਦਾ ਹੈ। ਪਤਾ ਨਹੀਂ ਮੀਲ ਸੀ ਜਾਂ ਦੋ ਮੀਲ ਸੀ, ਲੰਮਾ ਪਿਆ ਤੁਰਿਆ ਆਉਂਦਾ ਹੈ। ਜਿਹੜਾ ਕਹਿੰਦਾ ਸੀ, ਮੈਂ ਗੁਰੂ ਨਾਨਕ ਨੂੰ ਉਠਾਲ ਕੇ ਛੱਡਾਂਗਾ।

ਜਦੋਂ ਨੇੜੇ ਆ ਗਿਆ, ਕੀਰਤਨ ਹੋ ਰਿਹਾ ਹੈ। ਕਹਿਣ ਲੱਗੇ, ਸਤਿਗੁਰੂ ਹੁਣ ਬਿਲਕੁਲ ਨੇੜੇ ਆ ਗਏ। ਇੱਕ ਡੰਡਓਤ ਹੋਰ ਕਰੇਂਗਾ ਤਾਂ ਉਨ੍ਹਾਂ ਦੇ ਚਰਨਾਂ ਤੱਕ ਜਾ ਪਹੁੰਚੇਗਾ। ਉਥੇ ਲੰਮਾ ਪਿਆ ਹੈ ਦੋਵੇਂ ਹੱਥ

ਬਾਹਰ ਕੱਢੇ, ਲੰਮੇ ਕਰਕੇ ਗੁਰੂ ਮਹਾਰਾਜ ਵੱਲ ਨੂੰ ਕਰੇ। ਮੱਥਾ ਲਾਇਆ ਹੋਇਆ ਹੈ ਧਰਤੀ ਦੇ ਨਾਲ ਤੇ ਇੰਤਜ਼ਾਰ ਕਰਦਾ ਹੈ ਕਿ ਫੁਰਮਾਉਣ ਤੇ ਮੈਂ ਅੱਗੇ ਵਧਾਂ।

ਸ਼ਬਦ ਦੀ ਸਮਾਪਤੀ ਹੋਈ ਓਸ ਵੇਲੇ ਦਿਲ ਤੋਂ ਅਰਦਾਸ ਕਰਦਾ ਹੈ –

***ਧਾਰਨਾ – ਹਮਰੀ ਗਣਤ ਨਾ ਗਣੀਐ ਕਾਈ,***
***ਅਪਨਾ ਬਿਰਦ ਪਛਾਣੋ ਜੀ।***
***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।***

***ਭਾਈ ਗੁਰਦਾਸ ਜੀ, ਵਾਰ 36/1***

ਬੇਨਤੀਆਂ ਕਰਦਾ ਹੈ –

***ਹਮਰੀ ਗਣਤ ਨ ਗਣੀਆ ਕਾਈ ਅਪਣਾ ਬਿਰਦੁ ਪਛਾਣਿ ॥***

***ਅੰਗ – 619***

ਹੇ ਪਾਤਸ਼ਾਹ! ਤੂੰ ਪਾਪੀਆਂ ਨੂੰ ਬਖਸ਼ਣ ਵਾਲਾ ਹੈਂ –

***ਹਾਥ ਦੇਇ ਰਾਖੇ ਕਰਿ ਅਪੁਨੇ ਸਦਾ ਸਦਾ ਰੰਗੁ ਮਾਣਿ ॥***

***ਅੰਗ– 619***

ਮਹਾਂ ਪਾਪੀ ਤੇਰੇ ਦਰ ਤੇ ਆਇਆ ਹਾਂ। ਮੈਂ ਤੇਰਾ ਦੋਖੀ, ਦੁਸ਼ਟ, ਨਿੰਦਕ ਤੇਰੇ ਦਰ 'ਤੇ ਪਹੁੰਚਿਆਂ ਹਾਂ। ਮੈਂ ਪਾਪੀ ਹਾਂ, ਮੈਂ ਚੋਰ ਹਾਂ, ਮੈਂ ਯਾਰੁ ਹਾਂ। ਸਭ ਅਉਗਣ ਮੇਰੇ ਵਿੱਚ ਨੇ। ਹੁਣ ਕੋਈ ਚਾਰਾ ਨਹੀਂ।

ਮਹਾਰਾਜ ਕਹਿੰਦੇ, ਕੌਣ ਹੈਂ। ਅਗਾਂਹਾਂ ਆ ਜਾ ਭਾਈ। ਕਦਮ ਪੁੱਟਿਆ, ਲਕੀਰ 'ਤੇ ਖੜ੍ਹਿਆ ਤੇ ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਤੇ ਢਾਹ ਕਰਕੇ ਗਿਰ ਗਿਆ। ਹੁਣ ਚਰਨ ਨਹੀਂ ਛੱਡਦਾ, ਰੋਈ ਜਾਂਦਾ ਹੈ, ਰੋਈ ਜਾਂਦਾ ਹੈ। ਚਰਨ ਧੋ ਦਿੱਤੇ।

ਪਾਤਸ਼ਾਹ! ਇਹ ਨਿੰਦਕ ਹੈ, ਲਾਹੌਰ ਦਾ ਕਰੋੜੀਆ। ਇਹਨੂੰ ਅਭਿਮਾਨ ਸੀ ਕਿ ਆਹ ਸਾਰਾ ਪਰਗਣਾ ਮੇਰਾ ਹੈ। ਆਪ ਨੂੰ ਉਠਾਉਣ ਆਇਆ ਸੀ ਜ਼ਬਰਦਸਤੀ। ਪਹਿਲਾਂ ਲੱਤ ਟੁੱਟੀ ਏਸਦੀ ਆਪ ਜਾਣਦੇ ਓਂ ਤੇ ਹੁਣ ਇਹ ਅੱਖਾਂ ਤੋਂ ਅੰਨਾ ਹੋ ਗਿਆ। ਜਿਉਂ-ਜਿਉਂ ਰੋਂਦਾ ਹੈ, ਜਿਉਂ-ਜਿਉਂ ਹੰਝੂ ਗੁਰੂ ਦੇ ਚਰਨਾਂ 'ਤੇ ਜਾਂਦੇ ਨੇ, ਤਿਉਂ-ਤਿਉਂ ਦਿਸਣਾ ਸ਼ੁਰੂ ਹੋ ਗਿਆ। ਅਖੀਰ ਦੋਵੇਂ ਨੈਣ ਖੁੱਲ੍ਹ ਗਏ।

ਮਹਾਰਾਜ ਨੇ ਕਿਹਾ, ਉਠੋ ਭਾਈ!

ਕਹਿਣ ਲੱਗਿਆ, ਪਾਤਸ਼ਾਹ! ਮੈਂ ਕਿਵੇਂ ਉੱਠਾਂ। ਮੇਰੇ ਵਰਗਾ ਸੰਸਾਰ ਦੇ ਉਤੇ ਮਾੜਾ ਬੰਦਾ ਕੋਈ ਨਹੀਂ ਹੈ ਤੇ ਸਾਰਿਆਂ ਨਾਲੋਂ ਜੇ ਕੋਈ ਮਾੜਾ ਹੈ ਤਾਂ ਮੈਂ ਹਾਂ।

ਮਹਾਰਾਜ ਕਹਿੰਦੇ, ਜਿਹੜਾ ਇਸ ਤਰ੍ਹਾਂ ਬੁੱਝ ਜਾਵੇ ਅੰਦਰੋਂ ਜਿਹੜਾ ਇਹ ਦਿਲੋਂ ਕਹਿ ਦੇਵੇ –

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
***ਜਿਨਿ ਐਸਾ ਕਰਿ ਬੂਝਿਆ ਮੀਤੁ ਹਮਾਰਾ ਸੋਇ ॥***

***ਅੰਗ – 1364***

ਉਹ ਤਾਂ ਪਿਆਰਿਆ ਸਾਡੇ ਨੇੜੇ ਆ ਗਿਆ, ਸਾਡੀ ਲਾਈਨ 'ਚ ਆ ਕੇ ਖੜ੍ਹਾ ਹੋ ਗਿਆ। ਦੁਨੀਆਂ ਕਹਿੰਦੀ ਨਹੀਂ ਹੈ ਕਿ ਮੈਂ ਮਾੜਾ ਹਾਂ, ਦੁਨੀਆਂ ਮੂੰਹ ਨਾਲ ਕਹਿੰਦੀ ਹੈ, ਅੰਦਰੋਂ ਕਹਿੰਦੀ ਹੈ ਕਿ ਮੈਂ ਸਭ ਤੋਂ ਚੰਗਾ ਹਾਂ। ਮਾੜਾ ਨਹੀਂ ਕਹਿੰਦੀ।

ਉਸ ਵੇਲੇ ਮਹਾਰਾਜ ਦੇ ਹਿਰਦੇ 'ਚ ਦਇਆ ਦੀ ਕਾਂਗ ਉੱਠੀ, ਲਹਿਰ ਉੱਠੀ ਤੇ ਆਪ ਨੇ ਆਪਣਾ ਹੱਥ, ਦੋਵੇਂ ਹੱਥ ਉਹਦੇ ਸੀਸ 'ਤੇ ਰੱਖ ਦਿੱਤੇ। ਸੀਸ 'ਤੇ ਰੱਖ ਕੇ ਉਠਾਇਆ ਕਹਿੰਦੇ ਉੱਠ, ਕਹੁ ਵਾਹਿਗੁਰੂ, ਕਹੁ ਵਾਹਿਗੁਰੂ।

ਵਾਹਿਗੁਰੂ ਕਹਾਇਆ। ਕੀ ਹੋਇਆ, ਇੱਕ ਪ੍ਰਕਾਸ਼ ਦਾ ਝਲਕਾਰਾ ਵੱਜਿਆ, ਨੂਰ ਹੀ ਨੂਰ ਹੋ ਗਿਆ ਤੇ ਬੁਰਿਆਈ ਦੇਖਣ ਨੂੰ ਵੀ ਨਹੀਂ ਰਹੀ ਅੰਦਰ –

***ਧਾਰਨਾ – ਵਿਚੋਂ ਮਾਰ ਕੱਢੀਆਂ ਬੁਰਿਆਈਆਂ***
***ਗੁਰਾਂ ਨੇ ਸਿਰ 'ਤੇ ਹੱਥ ਰੱਖ ਕੇ।***

***ਕਰਿ ਹੁਕਮੁ ਮਸਤਕਿ ਹਥੁ ਧਰਿ***
***ਵਿਚਹੁ ਮਾਰਿ ਕਢੀਆ ਬੁਰਿਆਈਆ ॥ ਅੰਗ – 473***

ਗੁਰੂ ਨਾਨਕ ਦਾ ਪਵਿੱਤਰ ਹੱਥ ਭਾਗਾਂ ਵਾਲਾ ਬੰਦਾ ਸੀ ਜਿਹਦੇ ਸੀਸ 'ਤੇ ਆ ਗਿਆ। ਦੋਵੇਂ ਹੱਥ ਮਹਾਰਾਜ ਜੀ ਨੇ ਸੀਸ 'ਤੇ ਰੱਖੇ, ਕਹਿੰਦੇ ਉੱਠ ਕਹੋ ਵਾਹਿਗੁਰੂ! ਕਹੋ ਵਾਹਿਗੁਰੂ! ਦੇਖ ਸਾਰੇ ਵਾਹਿਗੁਰੂ ਪਰੀਪੂਰਨ ਹੈ। ਕਹਿੰਦੀ ਸਾਰ ਤੜੱਕ ਦੇ ਕੇ ਬਜਰ ਕਪਾਟ ਖੁੱਲ੍ਹ ਗਏ। ਅੰਦਰਲੇ ਨੇਤਰ ਖੁੱਲ੍ਹ ਗਏ। ਦਿੱਬਯ ਦ੍ਰਿਸ਼ਟੀ ਹੋ ਗਈ, ਬੁੱਧੀ ਬਦਲ ਗਈ, ਸਿੱਧੀ ਦੀ ਪ੍ਰਾਪਤੀ ਹੋ ਗਈ। ਹੁਣ ਕੀ ਦੇਖਦਾ ਹੈ, ਜਿੱਧਰ ਦੇਖਦਾ ਹੈ ਜਲਵਾ ਹੀ ਜਲਵਾ–

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

*ਧਾਰਨਾ - ਤੂੰਹੀਂ ਤੂੰਹੀਂ ਮੋਹਿਨਾ।*
*ਤੂੰਹੀਂ ਤੂੰਹੀਂ ਮੋਹਿਨਾ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ............।*
*ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ - 407*

ਅੱਖ ਦਿਖਾ ਦਿੱਤੀ। ਦੈਂਤ ਆਇਆ ਸੀ ਚਰਨਾਂ ਦੇ ਅੰਦਰ, ਲੇਕਿਨ ਦੇਵਤਾ ਸੁਪਰ ਦੇਵਤਾ ਬਣਾ ਦਿੱਤਾ। ਬ੍ਰਹਮਗਿਆਨ ਦੇ ਦਿੱਤਾ।

ਕਹਿੰਦੇ, ਗੁਰੂ ਨਾਨਕ ਪਾਤਸ਼ਾਹ ਜਾਣਦੇ ਨੇ, ਹੋਰ ਨਹੀਂ ਕੋਈ ਜਾਣਦਾ।

*ਧਾਰਨਾ - ਇਹ ਗੁਰੂ ਨਾਨਕ ਜਾਣੇ ਜੀ,*
*ਬੁਰਿਆਂ ਨਾਲ ਵੀ ਨੇਕੀ ਕਰਨੀ।*
*ਬੁਰਿਆਂ ਨਾਲ ਸਭ ਬੁਰਾ ਕਰੇਂਦੇ।*
*ਮੁਆਫ ਕਰਨ ਕਈ ਸਿਆਣੇ।*
*ਬੁਰਿਆਂ ਨਾਲ ਫੇਰ ਨੇਕੀ ਕਰਨੀ,*
*ਇਹ ਗੁਰ ਨਾਨਕ ਜਾਣੇ।*
*ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥*
*ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥*
*ਅੰਗ - 1382*

ਬਖਸ਼ ਦਿੱਤਾ, ਸੇਵਾ ਕਰਨ ਲੱਗ ਗਿਆ ਹੁਣ, ਲਾਹੌਰ ਨਹੀਂ ਗਿਆ। ਸੇਵਾ ਕਰ ਰਿਹਾ ਹੈ, ਇਲਾਕੇ 'ਚ ਰੌਲਾ ਪਾ ਦਿੱਤਾ ਕਿ ਆ ਜਾਓ, ਪ੍ਰਮੇਸ਼ਰ ਹੈ ਆਪ। ਮਜ਼ਦੂਰ ਬੁਲਾ ਲਏ, ਰਾਜ ਬੁਲਾ ਲਏ, ਪਾਤਸ਼ਾਹ! ਆਪ ਦਾ ਅਸਥਾਨ ਇੱਥੇ ਹੋਣਾ ਚਾਹੀਦਾ ਹੈ, ਹੁਕਮ ਕਰੋ। ਇਹ ਬਹੁਤ ਵੱਡਾ, ਹਜ਼ਾਰਾਂ ਏਕੜਾਂ ਦਾ ਚੱਕ ਹੈ ਤੇ ਮੈਂ ਰਿਕਾਰਡ ਵਿੱਚ ਆਪ ਦੇ ਨਾਮ ਕਰ ਦਿੰਦਾ ਹਾਂ ਤੇ ਆਪ ਕ੍ਰਿਪਾ ਕਰੋ ਤੇ ਇੱਥੇ ਨਿਵਾਸ ਕਰੋ। ਮਹਾਰਾਜ ਕਹਿੰਦੇ, ਪ੍ਰੇਮੀਆਂ! ਇਹ ਸੰਸਾਰ ਸਭ ਆਉਣਾ ਜਾਣਾ ਹੈ। ਠੀਕ ਹੈ ਤੂੰ ਸਤਿਸੰਗ ਦਾ ਮੰਡਲ ਬਣਾਉਣਾ ਚਾਹੁੰਦਾ ਹੈਂ, ਬਣਾ ਲੈ। ਕਰਤਾਰਪੁਰ ਦਾ ਚੱਕ ਕੱਟ ਕੇ ਦੇ ਦਿੱਤਾ। ਕਹਿੰਦੇ, ਮਹਾਰਾਜ! ਨਾਨਕ ਚੱਕ ਰੱਖੀਏ, ਨਾਨਕ ਪੁਰਾ। ਮਹਾਰਾਜ ਕਹਿੰਦੇ ਨਾ, ਕਰਤਾਰਪੁਰਾ ਰੱਖ ਇਹਦਾ ਨਾਉਂ। ਇਹ ਕਰਤਾਰ ਦਾ ਹੈ।

ਸੇਵਾ ਕਰਨੀ ਸ਼ੁਰੂ ਕਰ ਦਿੱਤੀ, ਹੁਕਮ ਲੈ ਗਿਆ। ਇੱਟਾਂ ਦੇ ਆਵੇ ਲਾ ਦਿੱਤੇ, ਆਵੇ ਪੱਕ ਗਏ। ਕਿਲ੍ਹੇ ਦੀ ਸ਼ਕਲ ਦਾ ਬਣਾਉਣਾ ਸ਼ੁਰੂ ਕਰ ਦਿੱਤਾ। ਬਹੁਤ ਸਾਰੇ ਮਕਾਨ ਬਣਾ ਦਿੱਤੇ। ਸੰਗਤਾਂ ਦੇ ਰਹਿਣ ਵਾਸਤੇ ਕੱਚੇ ਕੋਠੇ ਬਣਾ ਦਿੱਤੇ। ਕਰਤਾਰਪੁਰ ਵਸ ਗਿਆ। ਹਜ਼ਾਰਾਂ ਦੀ ਤਾਦਾਦ ਵਿੱਚ ਸੰਗਤਾਂ ਆ ਕੇ ਵਸਣ ਲੱਗ ਗਈਆਂ ਤੇ ਇੱਕ ਬਹੁਤ ਵੱਡਾ ਨਗਰ ਬਣ

ਗਿਆ। ਗੁਰੂ ਨਾਨਕ ਦੇ ਹੁੰਦੇ-ਹੁੰਦੇ ਤੇ ਇੱਕ ਇਤਿਹਾਸ 'ਚ ਐਸਾ ਲਿਖਿਆ ਹੋਇਆ ਹੈ ਕਿ ਗੁਰੂ ਪਾਤਸ਼ਾਹ ਕੋਲ ਵੀਹ ਹਜ਼ਾਰ ਪ੍ਰੇਮੀ ਰਿਹਾ ਕਰਦੇ ਸੀ। ਜਦੋਂ ਗੁਰੂ ਅੰਗਦ ਸਾਹਿਬ ਆਏ ਨੇ, ਪੂਰੇ ਵੀਹ ਹਜ਼ਾਰ ਉਥੇ ਰਿਹਾ ਕਰਦੇ ਸੀ।

ਸੋ ਐਸਾ ਬਦੀ ਕਰਨ ਆਇਆ ਹੋਇਆ ਕਿੱਥੇ ਮਹਾਰਾਜ ਨੇ ਪਹੁੰਚਾ ਦਿੱਤਾ ਸਾਧਸੰਗਤ ਜੀ! ਆਪ ਸਾਰਿਆਂ ਨੇ ਸਰਵਣ ਕੀਤਾ ਹੈ, ਗੁਰੂ ਨਾਨਕ ਮਹਾਰਾਜ ਜੀ ਦਾ ਇੱਕ ਇਤਿਹਾਸ ਦਾ ਵਰਕਾ। ਬੜਾ ਕੁਛ ਸਾਨੂੰ ਇੱਥੋਂ ਸਿੱਖਿਆ ਲਈ ਮਿਲਦਾ ਹੈ। ਅਮਲ ਕਰੋ ਤੇ ਆਪਣਾ ਜੀਵਨ ਸਫਲ ਕਰੋ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇੱਥੇ ਹੀ ਮੈਂ ਸਮਾਪਤ ਕਰਦਾ ਹਾਂ। ਸਾਰੇ ਪ੍ਰੇਮੀ ਜਿਹੜੇ ਹਾਲਾਂ ਤੱਕ ਨਹੀਂ ਬੋਲੇ, ਉਹ ਵੀ ਆਪਣੀ ਰਸਨਾ ਪਵਿੱਤਰ ਕਰਨ ਵਾਸਤੇ, ਗੁਰ ਸਤੋਤਰ ਤੇ ਅਨੰਦ ਸਾਹਿਬ ਦੇ ਵਿੱਚ ਬੋਲੋ।

ਹੁਕਮਨਾਮਾ, ਅਰਦਾਸ।

# 4

# ਆਗੈ ਬਸਨੁ ਸੁਹੇਲਾ - ੧

ਸ਼ਾਨ.......................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਨਾ ਵਿਸਰੋ ਮਹਾਰਾਜ ਹੀਏ ਤੇ ਨਾ ਵਿਸਰੋ।*

*ਧੀਰਉ ਦੇਖਿ ਤੁਮ੍ਹਾਰੈ ਰੰਗਾ ॥*
*ਤੁਹੀ ਸੁਆਮੀ ਅੰਤਰਜਾਮੀ*
*ਤੂਹੀ ਵਸਹਿ ਸਾਧ ਕੈ ਸੰਗਾ ॥ 1 ॥ ਰਹਾਉ ॥*
*ਖਿਨ ਮਹਿ ਥਾਪਿ ਨਿਵਾਜੇ ਠਾਕੁਰ*
*ਨੀਚ ਕੀਟ ਤੇ ਕਰਹਿ ਰਾਜੰਗਾ ॥ 1 ॥*
*ਕਬਹੂ ਨ ਬਿਸਰੈ ਹੀਏ ਮੋਰੇ ਤੇ*
*ਨਾਨਕ ਦਾਸ ਇਹੀ ਦਾਨੁ ਮੰਗਾ ॥ ਅੰਗ - 824*

ਸਾਧਸੰਗਤ ਜੀ! ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਇਸ ਪਵਿੱਤਰ ਅਸਥਾਨ 'ਤੇ ਯਾਤਰਾ ਕਰਨ ਵਾਸਤੇ ਬਹੁਤ ਸ਼ਰਧਾ ਤੇ ਪਿਆਰ ਨਾਲ ਆਏ ਹੋਂ। ਚਾਰ ਚੀਜ਼ਾਂ ਆਦਮੀ ਦੇ ਪਾਸ ਜ਼ਰੂਰੀ ਹੋਇਆ ਕਰਦੀਆਂ ਹਨ, ਜਦੋਂ ਸਤਿਸੰਗ 'ਚ ਆਉਂਦਾ ਹੈ। ਪਹਿਲੀ ਚੀਜ਼ ਹੈ ਕਿ ਜਦੋਂ ਘਰ ਤੋਂ ਚਲਦਾ ਹੈ, ਉਸ ਵੇਲੇ ਸ਼ਰਧਾ, ਭਰੋਸਾ, ਵਿਸ਼ਵਾਸ਼। ਸ਼ਰਧਾ ਦੀ ਝੋਲੀ ਲੈ ਕੇ ਜਦੋਂ ਚਲਦਾ ਹੈ ਤਾਂ ਜਿੰਨੇ ਕਦਮ ਕੋਈ ਚਲ ਕੇ ਆਉਂਦਾ ਹੈ, ਓਨੇ ਜੱਗਾਂ ਦਾ ਫਲ ਮਿਲਿਆ ਕਰਦਾ ਹੈ। ਇਥੇ ਆ ਕੇ ਜਦੋਂ ਨਮਸ਼ਕਾਰ ਕਰਦੇ ਹਾਂ ਤਾਂ ਪੁੱਠੇ ਲੇਖ ਜੋ ਹੋਇਆ ਕਰਦੇ ਨੇ ਉਹ ਦਬ ਜਾਂਦੇ ਨੇ ਤੇ ਸਿੱਧੇ ਲੇਖ ਜਿਹੜੇ ਪਾਪਾਂ ਦੇ ਬੋਝ ਥੱਲੇ ਦਬੇ ਪਏ, ਬਾਹਰ ਨਿਕਲਣ ਦਾ ਯਤਨ ਕਰਦੇ ਨੇ, ਉਹ ਇਥੇ ਆ ਕੇ ਬਾਹਰ ਨਿਕਲ ਕੇ ਸੁਖ ਦਿੰਦੇ ਨੇ। ਤੀਸਰਾ ਹੋਇਆ ਕਰਦਾ ਹੈ ਕਿ ਨਿਮਰਤਾ ਦੇ ਨਾਲ ਆਉਣਾ। ਜ਼ਮੀਨ, ਜਾਇਦਾਦ, ਪੈਸਾ ਟਕਾ, ਸਵਾਰੀਆਂ। ਜੇ ਅਧਰੰਗ

ਕਰ ਦੇਵੇ, ਜ਼ੋਰ ਲਾ ਲਵੇ ਜਿੰਨਾ ਉਹਦਾ ਲਗਦਾ ਹੈ। ਕਿੱਥੋਂ ਕਮਾਈ ਕਰ ਲਏਗਾ। ਕਮਲਾ ਹੀ ਬਣਾ ਦੇਵੇ, ਉਹਦੇ ਉਤੇ ਭਰੋਸਾ ਰੱਖੋ। ਪਾਤਸ਼ਾਹ! ਤੂੰ ਸਾਨੂੰ ਸਿਹਤ ਦਿੰਦਾ ਹੈਂ, ਤੇਰੇ ਦਰ 'ਤੇ ਆ ਰਹੇ ਹਾਂ, ਝੋਲੀ ਵਿਚ ਕੋਈ ਐਸਾ ਸ਼ਬਦ ਪਾਈਂ, ਕੋਈ ਐਸਾ ਉਪਦੇਸ਼ ਪਾਈਂ ਜਿਹਦੇ ਨਾਲ ਅਸੀਂ ਸੁਖੀ ਹੋ ਜਾਈਏ। ਸੋ ਨਿਮਰਤਾ ਦੇ ਨਾਲ ਬੈਠੋ। ਪਹਿਲਾਂ ਜਿਹੜਾ ਅਭਿਮਾਨ ਦਾ ਸਮਾਨ ਹੈ ਉਹਨੂੰ ਦੂਰ ਹੀ ਛੱਡ ਆਓ। ਇਥੇ ਸਤਿਸੰਗ 'ਚ ਨਹੀਂ ਇਹ ਗੱਲ ਚਲਦੀ ਕਿਉਂਕਿ ਇਹਦੇ ਨਾਲ ਕੋਈ ਲਾਭ ਨਹੀਂ ਹੋਇਆ ਕਰਦਾ। ਕਬੀਰ ਸਾਹਿਬ ਕਹਿੰਦੇ ਨੇ –

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥***

***ਅੰਗ – 1365***

ਜਿਵੇਂ ਬਾਂਸ ਵਡਿਆਈ ਦੇ ਵਿਚ ਆ ਗਿਆ। ਕਹਿੰਦੇ, ਇਸ ਤਰ੍ਹਾਂ ਨਾ ਕੋਈ ਵੀ ਬੰਦਾ ਡੁੱਬੋ – ***'ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥ '*** ਰਹਿੰਦਾ ਤਾਂ ਚੰਦਨ ਦੇ ਨੇੜੇ ਹੈ ਪਰ ਸੁਗੰਧੀ ਸਾਰਿਆਂ ਨੂੰ ਹੋ ਜਾਂਦੀ ਹੈ, ਬਾਂਸ ਨੂੰ ਨਹੀਂ ਹੁੰਦੀ। ਇਸੇ ਤਰ੍ਹਾਂ ਜੋ ਅਭਿਮਾਨੀ ਪੁਰਸ਼ ਹੋਇਆ ਕਰਦਾ ਹੈ, ਉਹਦੇ ਹਿਰਦੇ ਦੇ ਅੰਦਰ ਸੁਗੰਧੀ ਨਹੀਂ ਆਉਂਦੀ ਗੁਰਬਾਣੀ ਦੀ, ਰਸ ਦੀ, ਨਾਮ ਦੀ। ਨਿਮਰਤਾ ਵਾਲੇ ਸਭ ਕੁਛ ਲੈ ਜਾਂਦੇ ਹਨ। ਦੇਖੋ, ਉੱਚੇ ਖੇਤ ਜੋ ਹੋਇਆ ਕਰਦੇ ਨੇ, ਪਾਣੀ ਡੁੱਲ੍ਹ ਜਾਂਦਾ ਹੈ। ਇਥੇ ਤਾਂ ਐਡੇ ਉੱਚੇ ਹੈ ਨਹੀਂ, ਜਿੱਥੇ ਅਸੀਂ ਰਹਿੰਦੇ ਹਾਂ, ਬਹੁਤ ਉੱਚੇ-ਉੱਚੇ ਖੇਤ ਨੇ, ਪਾਣੀ ਡੁੱਲ੍ਹ ਜਾਂਦਾ ਹੈ ਵੱਟਾਂ ਨਾਲੋਂ, ਉਹ ਕਹਿੰਦੇ, ਮੱਕੀ ਬੀਜਣ ਦੀ ਵੀ ਗੱਲ ਨਹੀਂ ਰਹਿੰਦੀ। ਜਿਹੜੇ ਨੀਵੇਂ ਖੇਤ ਨੇ ਉਹਦੇ 'ਚ ਦਾਣਾ ਬੀਜ ਦਿਓ, ਚਾਹੇ ਮੀਂਹ ਥੋੜ੍ਹਾ ਹੀ ਪਿਆ ਹੈ, ਉਹਦੇ ਵਿਚ ਆ ਕੇ ਰੁਕ ਗਿਆ ਪਾਣੀ। ਇਸੇ ਤਰ੍ਹਾਂ ਜੋ ਅਭਿਮਾਨੀ ਹਿਰਦੇ ਨੇ ਇਨ੍ਹਾਂ 'ਚ ਗੁਰੂ ਦਾ ਉਪਦੇਸ਼ ਨਹੀਂ ਟਿਕਿਆ ਕਰਦਾ। ਜਿਹੜੇ ਨਿਮਰਤਾ ਵਾਲੇ ਨੇ, ਗੁਰੂ ਦੇ ਦਰ 'ਤੇ ਸ਼ਰਧਾ ਤੇ ਭਰੋਸੇ ਨਾਲ ਆਉਂਦੇ ਨੇ, ਉਨ੍ਹਾਂ ਦੇ ਹਿਰਦਿਆਂ 'ਚ ਗੁਰੂ ਦਾ ਉਪਦੇਸ਼ ਟਿਕ ਜਾਇਆ ਕਰਦਾ ਹੈ। ਚੌਥੀ ਗੱਲ ਹੋਇਆ ਕਰਦੀ ਹੈ ਕਿ ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰਨੇ, ਕੰਨਾਂ ਦੇ ਨਾਲ ਬਾਣੀ ਸਰਵਣ ਕਰਨੀ, ਬੁੱਧੀ ਦੇ ਨਾਲ ਵਿਚਾਰ ਕੇ ਹਿਰਦੇ 'ਚ ਧਾਰਨ ਕਰਨੀ। ਜੇ ਗਲਤ ਰਸਤੇ 'ਤੇ ਚੱਲ ਰਿਹਾ ਹੈ, ਉਹ ਰਸਤਾ ਛੱਡਣਾ ਤੇ ਉਹ ਰਸਤਾ ਲੈਣਾ ਜਿਸਦੇ ਵਿਚ ਆ ਕੇ ਸੁਖ ਹੀ ਸੁਖ ਨੇ, ਦੁਖ ਦਾ ਨਾਮ ਨਿਸ਼ਾਨ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਸਭ ਕੁਛ ਸੁਣ ਲਿਆ, ਫੇਰ ਗੱਜ ਵੱਜ ਕੇ ਸ਼ਬਦ 'ਚ ਬੋਲੋ, ਸਾਰੇ ਹੀ। ਹਰ ਬੰਦਾ ਬੋਲ ਸਕਦਾ ਹੈ, ਹਰ ਬੰਦਾ ਦੁਨੀਆਂ 'ਚ ਗਾ ਸਕਦਾ ਹੈ। ਕੋਈ ਰਾਗ ਨਹੀਂ ਗਾ ਰਹੇ, ਸਿੱਧੀਆਂ ਧਾਰਨਾ ਹਨ ਤਾਂਕਿ ਸਮਝ ਆ ਜਾਣ, ਹਿਰਦੇ 'ਚ ਬੈਠ ਜਾਣ। ਬਾਣੀ ਬੜੀ ਗੂੜ੍ਹ ਹੈ, ਜੇ ਉਸਨੂੰ ਨਾ ਸਮਝਾਇਆ

ਜਾਵੇ, ਕੁਛ ਨਹੀਂ ਪਤਾ ਲਗਦਾ। ਪਰ ਜਦੋਂ ਆਪਣੀ ਧਾਰਨਾ ਬਣਾਉਂਦੇ ਹਾਂ, ਉਹਦਾ ਇਕ ਤਰ੍ਹਾਂ ਦਾ ਭਾਵ ਹੋਇਆ ਕਰਦਾ ਹੈ ਕਿ ਗੁਰੂ ਮਹਾਰਾਜ ਦਾ ਸ਼ਬਦ ਕੀ ਕਹਿ ਰਿਹਾ ਹੈ, ਪੰਜਾਬੀ ਬੋਲੀ ਵਿਚ ਗਾਇਆ ਜਾਂਦਾ ਹੈ, ਸੋ ਜਦੋਂ ਤੁਸੀਂ ਇਹਨੂੰ ਗੱਜ-ਵੱਜ ਕੇ ਗਾਵੋਂਗੇ, ਫੇਰ ਬਹੁਤ ਵੱਡਾ ਫਲ ਮਿਲੇਗਾ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਕਈ ਕਰੋੜ ਜੱਗਾਂ ਦਾ ਫਲ ਮਿਲ ਜਾਏਗਾ। ਜੋ ਤਰਕ ਵਾਲਾ ਮਨ ਹੈ ਉਹ ਕਹਿੰਦਾ ਹੈ ਕਿ ਸਾਨੂੰ ਕੁਛ ਪਤਾ ਵੀ ਲੱਗੇ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚ ਕੋਈ ਵੀ ਗੱਲ, ਨਾ ਅਲੰਕਾਰਕ ਲਿਖੀ ਹੈ, ਨਾ ਕਿਸੇ ਨੂੰ ਖੁਸ਼ ਕਰਨ ਵਾਸਤੇ ਲਿਖੀ ਹੈ -

***ਧੁਰ ਕੀ ਬਾਣੀ ਆਈ ॥*** ***ਅੰਗ - 628***

ਦਰਗਾਹ ਤੋਂ ਆਈ ਹੋਈ ਚੀਜ਼ ਹੈ। ਗੁਰੂ ਮਹਾਰਾਜ ਇਸ ਨੂੰ ਸਾਡੇ ਤੱਕ ਪਹੁੰਚਾਉਣ ਵਾਸਤੇ ਬੜੇ ਸਿੱਧੇ ਅੱਖਰਾਂ ਵਿਚ, ਸਿੱਧੀ ਬੋਲੀ ਵਿਚ ਆਪ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਪ੍ਰਗਟ ਕੀਤੀ ਹੈ। ਸੋ ਇਹਦੇ ਉਤੇ ਕਿੰਤੂ ਕਰਨਾ, ਅਣਜਾਣਪੁਣਾ ਹੈ, ਦਿਮਾਗ ਦਾ ਘਟੀਆਪਣ ਹੈ। ਜੇ ਫੇਰ ਵੀ ਕਰੇ, ਕਾਰਣ ਆਦਮੀ ਮੰਗਦਾ ਹੈ। ਉਹ ਇਹ ਹੈ ਆਦਮੀ ਕਰੋੜਾਂ ਅਰਬਾਂ ਖਰਬਾਂ ਪਾਪਾਂ ਦਾ ਭਰਿਆ ਹੋਇਆ ਹੈ। ਜਦੋਂ ਐਨਾ ਫਲ ਪ੍ਰਾਪਤ ਕਰਦਾ ਹੈ ਉਸ ਵੇਲੇ ਉਹਦੇ ਪਾਪ ਨਾਸ਼ ਹੋਣ ਲਗ ਜਾਂਦੇ ਨੇ। ਜਦੋਂ ਸਾਰੇ ਨਾਸ਼ ਹੋ ਜਾਣਗੇ ਫੇਰ ਉਹ ਗੁਰੂ ਧਾਰਨ ਕਰ ਲਏਗਾ ਕਿਉਂਕਿ ਸਤਿਗੁਰੂ ਜੋ ਹੈ ਭਾਗਾਂ ਤੋਂ ਬਗੈਰ ਨਹੀਂ ਮਿਲਿਆ ਕਰਦਾ। ਸੋ ਜਦੋਂ ਭਾਗ ਬਣ ਜਾਂਦੇ ਨੇ ਫੇਰ ਉਹਦੇ ਮਨ 'ਚ ਖਿਆਲ ਆਉਂਦਾ ਹੈ ਕਿ ਮੈਂ ਗੁਰੂ ਵਾਲਾ ਬਣ ਜਾਵਾਂ।

ਉਸ ਤੋਂ ਬਾਅਦ ਗੁਰੂ ਵਾਲਾ ਬਣਦਾ ਹੈ, ਫੇਰ ਉਥੋਂ ਸਭ ਤੋਂ ਉਤਮ ਚੀਜ਼ ਮਿਲ ਜਾਂਦੀ ਹੈ ਜਿਸਨੂੰ ਨਾਮ ਕਹਿੰਦੇ ਨੇ। 'ਨਾਮ' ਜਿਸਨੂੰ ਵੀ ਮਿਲ ਗਿਆ, ਮਹਾਰਾਜ ਕਹਿੰਦੇ ਚਾਰ ਜੁਗ ਵਾਸਤੇ ਉਹਦੀ ਗਰੰਟੀ ਹੋ ਜਾਂਦੀ ਹੈ ਕਿ ਉਹ ਨਰਕਾਂ 'ਚ ਨਹੀਂ ਜਾਂਦਾ, ਜੇ ਉਹ ਰਹਿਤਾਂ 'ਤੇ ਕਾਇਮ ਰਹੇ -

***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥***

***ਅੰਗ- 649***

ਕਹਿੰਦੇ ਨੇ ਬਿਨਾਂ ਭਾਗਾਂ ਤੋਂ ਸਤਿਗੁਰੂ ਨਹੀਂ ਮਿਲਿਆ ਕਰਦਾ।

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥***
***ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ ਸੁਖੁ ਪਾਏ ਜੁਗ ਚਾਰਿ ॥***

***ਅੰਗ - 649***

ਸੋ ਆਪਾਂ ਇੱਕ ਬਹੁਤ ਵੱਡੇ ਯੱਗ ਦੇ ਵਿਚ ਆਏ ਹਾਂ। ਬਹੁਤ ਵੱਡਾ ਯੱਗ ਹੈ, ਸਾਰੀ ਦੁਨੀਆਂ ਵਿਚ ਵੱਡਾ ਯੱਗ ਜੇ ਕੋਈ ਹੈ, ਜਿਹਦਾ ਫਲ ਜਮਦੂਤ ਨਹੀਂ ਲੈ ਸਕਦੇ। ਬਾਕੀ ਤਾਂ ਸਾਰਿਆਂ ਨੂੰ ਲੁੱਟ ਲੈਂਦੇ ਨੇ,

ਜਦੋਂ ਰਸਤੇ 'ਚ ਜਾਂਦਾ ਹੈ ਜੀਵ ਪਰਲੋਕ ਨੂੰ। ਜੇ ਨਹੀਂ ਲੁੱਟਿਆ ਜਾਂਦਾ ਤਾਂ ਹਰੀ ਦਾ ਜਸ ਨਹੀਂ ਲੁੱਟਿਆ ਜਾਂਦਾ। ਇਹ ਵੱਡਾ ਹੈ-

***ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ- 962***

ਸੋ ਗੋਬਿੰਦ ਦੇ ਗੁਣ ਗਾਉਣ ਵਾਸਤੇ ਆਪਾਂ ਇਥੇ ਇਕੱਠੇ ਹੋਏ ਹਾਂ। ਸੋ ਜਿੰਨਾਂ ਕਿਸੇ ਤੋਂ ਲੁੱਟ ਹੁੰਦਾ ਹੈ ਲੁੱਟ ਲਓ ਪ੍ਰਭੂ ਦਾ ਨਾਮ -

***ਧਾਰਨਾ - ਲੁੱਟ ਲੁੱਟ ਲਓ ਨਸੀਬਾਂ ਵਾਲੇ ਬੰਦਿਓ,***
***ਲੁੱਟ ਪੈ ਗਈ ਰਾਮ ਨਾਮ ਦੀ।***

***ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥***
***ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥ਅੰਗ - 1366***

ਸੋ ਨਾਮ ਜਪਣ ਵਾਸਤੇ ਬਹੁਤ ਸਮਾਂ ਲੰਘ ਗਿਆ। ਕੋਈ ਤਕਰੀਬਨ ਅੰਦਾਜ਼ਾ ਲਾਉਂਦੇ ਨੇ 60 ਕਰੋੜ ਸਾਲ ਆਪਾਂ ਨੂੰ ਘੁੰਮਦੇ ਹੋ ਗਏ। ਕਿੰਨੀਆਂ ਜੂਨਾਂ 'ਚ ਗਏ ਹਾਂ, ਕਿੱਥੇ-ਕਿੱਥੇ ਜਾ ਕੇ ਤਜਰਬੇ ਕਰੇ ਨੇ, 42 ਲੱਖ ਕਿਸਮ ਦੇ ਸਰੀਰ ਅਸੀਂ ਪਾਣੀ ਵਿਚ ਭੋਗੇ ਨੇ। ਵੱਡੀਆਂ-ਛੋਟੀਆਂ-ਵੇਲ ਮੱਛੀਆਂ ਬਣਦੇ ਰਹੇ ਹਾਂ। ਆਹ ਜਿਹੜਾ ਤੁਹਾਨੂੰ ਸਰੀਰ ਨਜ਼ਰ ਆਉਂਦਾ ਹੈ ਇਹਦੇ ਵਿਚ ਦੋ ਚੀਜ਼ਾਂ ਨੇ, ਇੱਕ ਤਾਂ ਪੰਜ ਤੱਤ ਦਾ ਕਾਰਖਾਨਾ ਜਿਹਾ ਬਣਿਆ ਹੋਇਆ ਹੈ, ਜਿਹਨੂੰ ਮਨੁੱਖ ਕਹਿੰਦੇ ਨੇ। ਇਕ ਇਹਦੇ ਵਿਚ ਰੂਹ ਹੈ ਜਿਹੜੀ ਭਟਕਦੀ ਫਿਰਦੀ ਹੈ। ਸੋ ਇਹਨੂੰ ਫਿਰਦੇ-ਫਿਰਦੇ ਨੂੰ ਮਹਾਰਾਜ ਕਹਿੰਦੇ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥ ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ - 631***

ਵਾਰੀ ਆ ਗਈ ਹੈ, ਹੁਣ ਤੂੰ ਕਿਉਂ ਨਹੀਂ ਨਾਮ ਜਪਦਾ, ਕਿਉਂ ਗਲਤ ਗੱਲਾਂ 'ਚ ਪੈ ਗਿਆ। ਬੜੀ ਦੇਰ ਹੋ ਗਈ ਤੈਨੂੰ ਘੁੰਮਦੇ ਨੂੰ। ਸੋ ਜਿਸ ਕੰਮ ਦੇ ਵਾਸਤੇ ਅਸੀਂ ਆਏ ਹਾਂ। ਉਸ ਕੰਮ ਦੇ ਬਾਰੇ ਸੋਚਦਾ ਨਹੀਂ। ਮਹਾਰਾਜ ਕਹਿੰਦੇ, ਫੇਰ ਉਹਨੂੰ ਮਨੁੱਖ ਨਾ ਕਹੋ -

***ਆਵਨ ਆਏ ਸ੍ਰਿਸਟਿ ਮਹਿ ਬਿਨੁ ਬੂਝੇ ਪਸੁ ਢੋਰ ॥***
***ਨਾਨਕ ਗੁਰਮੁਖਿ ਸੋ ਬੁਝੈ ਜਾ ਕੈ ਭਾਗ ਮਥੋਰ ॥***

***ਅੰਗ - 251***

ਪਸ਼ੂ ਤੇ ਢੋਰ ਵਰਗਾ ਹੈ, ਜਿਹਨੂੰ ਪਤਾ ਨਹੀਂ ਕਿ ਮੇਰਾ ਸਮਾਂ ਲੰਘਦਾ ਤੁਰਿਆ ਜਾ ਰਿਹਾ ਹੈ। 24000 ਸਵਾਸ ਰੋਜ਼ ਲੰਘ ਜਾਂਦੇ ਨੇ। ਕਿੱਡਾ ਘਾਟਾ ਸਾਨੂੰ ਪੈ ਜਾਂਦਾ ਹੈ। ਸਵਾਸ ਕਿੰਨਾ ਕੀਮਤੀ ਹੈ, ਵੱਡਿਆਂ-ਵੱਡਿਆਂ ਨੂੰ ਪੁੱਛ ਕੇ ਦੇਖ।

ਇਤਿਹਾਸਕ ਬਾਤ ਹੈ ਕਿ ਸਿਕੰਦਰ ਯੂਨਾਨ ਦਾ ਬਾਦਸ਼ਾਹ ਇਥੇ ਆਇਆ ਸੀ। ਇਹ ਦੋ ਲੱਖ ਫੌਜ ਲੈ ਕੇ ਚੜ੍ਹਿਆ ਸੀ। ਵੀਹ ਸਾਲ ਦੀ ਉਮਰ 'ਚ ਉਹਨੇ ਤਾਸ਼ਕੰਦ, ਮਾਸਕੋ ਵਗੈਰਾ ਹੋਰ ਜਿਹੜੇ ਸ਼ਹਿਰ ਸੀ ਉਸ ਵੇਲੇ ਦੇ, ਈਰਾਨ, ਅਫਗਾਨਿਸਤਾਨ, ਇਹ ਜਿੱਤਣ ਤੋਂ ਬਾਅਦ ਜਦੋਂ

ਹਿੰਦੋਸਤਾਨ 'ਚ ਆਇਆ, ਇਥੇ ਆ ਕੇ ਰਾਵੀ ਦੇ ਕੰਢੇ, ਜੇਹਲਮ ਦੇ ਕੰਢੇ ਇਹਦਾ ਬੜਾ ਭਾਰਾ ਯੁੱਧ ਹੋਇਆ। ਲਾਹੌਰ ਵਿਚ ਰਾਜਾ ਰਾਜ ਕਰਦਾ ਸੀ ਪੋਰਸ। ਬਹੁਤ ਮੁਸ਼ਕਲ ਦੇ ਨਾਲ ਇਸ ਛੋਟੇ ਜਿਹੇ ਰਾਜੇ ਨੂੰ ਜਿੱਤਿਆ। ਉਸ ਤੋਂ ਬਾਅਦ ਇਹਦੀ ਫੌਜ ਨੇ ਜਵਾਬ ਦੇ ਦਿਤਾ ਕਿ ਇਹ ਤਾਂ ਬਹੁਤ ਬਹਾਦਰ ਲੋਕ ਨੇ। ਐਸੇ ਨਹੀਂ ਸੀ ਜੈਸੇ ਹੁਣ ਬਣ ਗਏ। ਮਸ਼ਹੂਰ ਸੀ ਸਾਰੀ ਦੁਨੀਆਂ 'ਚ। ਕੋਈ ਭਾਰਤ ਵਲ ਨੂੰ ਮੂੰਹ ਨਹੀਂ ਸੀ ਕਰਿਆ ਕਰਦਾ। ਚਰਿੱਤਰ ਸੀ ਇਥੇ, ਮਰਿਯਾਦਾ ਸੀ। ਧਰਮ ਦਾ ਰਾਜ ਸੀ, ਧਰਮ ਦਾ ਜੀਵਨ ਸੀ, ਅਧਰਮ ਨਹੀਂ ਸੀ ਓਸ ਵੇਲੇ। ਸੋ ਜੋ ਧਰਮੀ ਬੰਦਾ ਹੁੰਦਾ ਹੈ ਉਹਦਾ ਤੇਜ ਪ੍ਰਤਾਪ ਵਧ ਜਾਇਆ ਕਰਦਾ ਹੈ। ਬੰਦਗੀ ਕਰਨ ਵਾਲੇ ਦਾ ਤੇਜ ਪ੍ਰਤਾਪ ਵਧ ਜਾਂਦਾ ਹੈ, ਕੁਦਰਤੀ ਇਹ ਅਸੂਲ ਹੈ। ਜਿੰਨਾਂ ਵਿਕਾਰੀ ਹੋਏਗਾ, ਓਨਾਂ ਅਭਿਮਾਨ ਵੱਧ ਜਾਏਗਾ, ਵਿਚ ਕੁਛ ਨਹੀਂ ਹੁੰਦਾ ਉਹਦੇ।

ਸੋ ਜਵਾਬ ਦੇ ਦਿਤਾ। ਸਿੰਧ ਵਿਚੀਂ ਹੁੰਦਾ ਹੋਇਆ, ਬਾਬਰਕੁੰਟੀ ਕੋਲ ਦੀ ਲੰਘਦਾ ਹੋਇਆ, ਉਥੇ ਸਮੁੰਦਰ 'ਚ ਨਹਾ ਲਿਆ, ਗਰਮ ਸਰਦ ਹੋ ਗਿਆ। ਐਨਾ ਬਿਮਾਰ ਹੋ ਗਿਆ ਕਿ ਕੋਈ ਦਵਾਈ ਨਹੀਂ ਲਗ ਰਹੀ। ਉਸ ਵੇਲੇ ਇਸ ਨੇ ਹਕੀਮਾਂ ਨੂੰ ਪੁੱਛਿਆ ਕਿ ਕੀ ਗੱਲ ਦਵਾਈ ਨਹੀਂ ਲਗਦੀ। ਕਹਿੰਦੇ, ਮਹਾਰਾਜ! ਦਵਾਈਆਂ ਅਸੀਂ ਚੰਗੀਆਂ ਤੋਂ ਚੰਗੀਆਂ ਦੇ ਰਹੇ ਹਾਂ। ਪਰ ਦਵਾਈ ਤਾਂ ਲੱਗਿਆ ਕਰਦੀ ਹੈ –

***ਅਉਖਦ ਆਏ ਰਾਸਿ ਵਿਚਿ ਆਪਿ ਖਲੋਇਆ ॥***

***ਅੰਗ – 1363***

ਜੇ ਵਾਹਿਗੁਰੂ ਦੀ ਨਿਗ੍ਹਾ ਹੋਵੇ ਤਾਂ ਦਵਾਈ ਲਗਦੀ ਹੈ ਨਹੀਂ ਤਾਂ ਜਿੰਨੀਆਂ ਜੀਅ ਕਰਦਾ ਹੈ ਦਵਾਈਆਂ ਲੈ ਲਓ, ਨਹੀਂ ਅਸਰ ਕਰਦੀਆਂ। ਜੇ ਤਾਂ ਉਹਦੀ ਨਜ਼ਰ ਦੂਜੇ ਪਾਸੇ ਹੋ ਜਾਵੇ ਫੇਰ ਦਵਾਈਆਂ ਨਹੀਂ ਲਗਦੀਆਂ। ਉਦੋਂ ਤਕ ਹੀ ਦਵਾਈਆਂ ਲਗਦੀਆਂ ਨੇ ਜਦੋਂ ਤੱਕ ਵਾਹਿਗੁਰੂ ਦੀ ਨਜ਼ਰ ਹੈ ਇਹਦੇ ਉਤੇ।

ਕਹਿੰਦੇ, ਦਵਾਈ ਓਹੀ ਹੈ, ਗਲਤੀ ਕੋਈ ਨਹੀਂ ਹੈ, ਪਰ ਫੇਰ ਵੀ ਪਤਾ ਨਹੀਂ ਲਗ ਰਿਹਾ ਸਾਨੂੰ ਕਿ ਦਵਾਈ ਕਿਉਂ ਨਹੀਂ ਲਗਦੀ। ਜੋਤਸ਼ੀਆਂ ਨੂੰ ਪੁਛਿਆ ਕਿ ਤੁਸੀਂ ਦੱਸੋ ਕਿਤੇ ਮੇਰੀ ਮੌਤ ਤਾਂ ਨਹੀਂ ਆਈ। ਮੌਤ ਤੋਂ ਸਾਰੀ ਦੁਨੀਆਂ ਡਰਦੀ ਹੈ, ਕੋਈ ਨਹੀਂ ਹੈ ਜਿਹੜਾ ਮੌਤ ਨੂੰ ਪਸੰਦ ਕਰ ਲਵੇ। ਕਿਉਂਕਿ ਅਗਲੇ ਲੋਕ ਦਾ ਪਤਾ ਨਹੀਂ, ਜਿੱਥੇ ਅਸੀਂ ਜਾਣਾ ਹੈ। ਇਥੇ ਤਾਂ ਜਾਇਦਾਦਾਂ ਬਣਾ ਲਈਆਂ, ਸਵਾਰੀਆਂ ਬਣਾ ਲਈਆਂ, ਟਰੈਕਟਰ ਟਰਾਲੀਆਂ ਬਣਾ ਲਈਆਂ; ਪਰ ਜਿੱਥੇ ਅੱਗੇ ਜਾਣਾ ਹੈ ਜੀਵ ਨੇ ਇਕੱਲੇ ਨੇ ਉਥੇ ਤਾਂ ਪਤਾ ਹੀ ਨਹੀਂ ਹੈ ਕਿ ਅੱਗੇ ਕਿਵੇਂ ਵਰਤਣਾ ਹੈ। ਕੀ ਹਾਲ ਚਾਲ ਹੈ ਉਥੇ ਦਾ, ਕਿਸ ਤਰ੍ਹਾਂ ਨਾਲ ਸਾਡਾ ਉਥੇ ਨਿਪਟਾਰਾ ਹੋਏਗਾ। ਨਾ ਅਸੀਂ ਧਿਆਨ ਨਾਲ ਸੁਣਦੇ ਹਾਂ ਅਤੇ ਨਾ ਅਸੀਂ ਇਸ ਚੀਜ਼ ਨੂੰ ਮੰਨਦੇ

ਹਾਂ, ਇਸ ਤੋਂ ਜ਼ਿਆਦਾ ਮੂਰਖਤਾ ਹੋਰ ਕੋਈ ਹੋਇਆ ਨਹੀਂ ਕਰਦੀ। ਅੱਖਾਂ ਮੀਚਣ ਨਾਲ ਬਿੱਲੀ ਨਹੀਂ ਹਟ ਜਾਣੀ, ਕਬੂਤਰ ਅੱਗੋਂ। ਕਾਲ ਨੇ ਆਉਣਾ ਹੀ ਆਉਣਾ ਹੈ, ਚੱਬ ਕੇ ਸੁੱਟ ਦਿੰਦਾ ਹੈ ਵੱਡਿਆਂ-ਵੱਡਿਆਂ ਨੂੰ।

ਮੈਂ ਜਦੋਂ ਯੂ.ਪੀ ਸੀ, 12 ਸਾਲ ਲੰਘ ਗਏ। ਅੱਜ ਬਹੁਤ ਸਾਰੇ ਪ੍ਰੇਮੀ ਮਿਲੇ। ਬੜੇ ਤਕੜੇ ਸੀ, ਬੜੀ ਦੂਰ-ਦੂਰ ਤਕ ਜਾਂਦੇ ਸੀ। ਹੁਣ ਸਰੀਰ ਪੁਰਾਣੇ ਹੋਏ-ਹੋਏ ਨੇ ਸਾਰਿਆਂ ਦੇ। ਕਿਉਂਕਿ ਤਿੰਨ ਅਵਸਥਾ ਨੇ -

***ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥***

***ਅੰਗ - 1428***

ਚੌਥੀ ਅਵਸਥਾ ਤਾਂ ਸੰਸਾਰ ਤੋਂ ਜਾਣ ਦੀ ਹੋਇਆ ਕਰਦੀ ਹੈ। ਸਭ ਨੇ ਜਾਣਾ ਹੈ। ਇਕਨਾ ਨੇ ਆਪਣਾ ਘਰ ਸੰਵਾਰ ਲਿਆ, ਇਕਨਾ ਨੂੰ ਪਤਾ ਨਹੀਂ। ਇਕ ਜਿਹੜੇ ਨੇ ਉਹ ਫੇਰੇ ਪਾ ਕੇ ਗੇੜੇ ਖਾਂਦੇ ਨੇ। ਫੇਰ ਪਛਤਾਉਣਾ ਪੈਂਦਾ ਹੈ -

***ਕਰਣੋ ਹੁਤੋ ਸੁ ਨਾ ਕੀਓ ਪਰਿਓ ਲੋਭ ਕੈ ਫੰਧ ॥***
***ਨਾਨਕ ਸਮਿਓ ਰਮਿ ਗਇਓ ਅਬ ਕਿਉ ਰੋਵਤ ਅੰਧ ॥***

***ਅੰਗ - 1428***

ਜਦੋਂ ਫੜ ਲਿਆ ਜਮਦੂਤਾਂ ਨੇ ਫੇਰ ਤਾਂ ਰੋਣਾ ਫਜ਼ੂਲ ਹੈ, ਕੋਈ ਮਤਲਬ ਨਹੀਂ ਹੈ ਉਸਦਾ। ਜੇ ਸਮਝਣਾ ਹੈ ਤਾਂ ਪਹਿਲਾਂ-ਪਹਿਲਾਂ ਸਮਝ ਲੈ। ਸੋ ਮੌਤ ਦਾ ਡਰ ਜੇ ਕਿਸੇ ਨੂੰ ਨਹੀਂ ਹੈ, ਤਾਂ ਉਹ ਸੰਤਾਂ ਨੂੰ ਨਹੀਂ ਹੁੰਦਾ। ਉਹ ਇਸ ਕਰਕੇ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਮੈਂ ਕਿੱਥੇ ਜਾਣਾ ਹੈ। ਉਹ ਐਨੇ ਅਨੰਦ ਦੇ ਦੇਸ਼ ਵਿਚ ਜਾਂਦੇ ਨੇ ਜਿਹਨੂੰ -

***ਬੇਗਮ ਪੁਰਾ ਸਹਰ ਕੋ ਨਾਉ ॥***
***ਦੂਖੁ ਅੰਦੋਹੁ ਨਹੀ ਤਿਹਿ ਠਾਉ ॥*** ***ਅੰਗ - 345***

ਨਾ ਉਥੇ ਕੋਈ ਦੁਖ ਹੈ, ਨਾ ਉਥੇ ਕੋਈ ਅੰਦੇਸਾ ਹੈ, ਨਾ ਘਾਟਾ ਹੈ, ਨਾ ਵਾਧਾ ਹੈ, ਨਾ ਓਥੇ ਮੌਤ ਹੈ। ਮਹਾਰਾਜ ਕਹਿੰਦੇ -

***ਨਾਨਕ ਬਧਾ ਘਰੁ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ ॥***

***ਅੰਗ - 44***

ਜਿਥੇ ਨਾ ਮੌਤ ਹੈ ਨਾ ਬੁਢਾਪਾ ਹੈ। ਸਦਾ ਦਾ ਜੀਵਨ ਹੈ, ਅਰਬਾਂ-ਖਰਬਾਂ ਸਾਲ ਜੇ ਗਿਣੀਏ ਇਹ ਵੀ ਗਲਤ ਹੈ। ਸਦਾ ਜੀਵਨ ਪ੍ਰਾਪਤ ਹੋ ਜਾਂਦਾ ਹੈ। ਮੁੜ ਕੇ ਮਰਦਾ ਹੀ ਨਹੀਂ ਹੈ। ਕਿਸੇ ਜੂਨ 'ਚ ਨਹੀਂ ਆਉਣਾ। ਜੇ ਇਥੇ ਆਉਣਾ ਹੈ, ਵਾਹਿਗੁਰੂ ਜੀ ਭੇਜਦੇ ਹਨ ਕਿ ਜਾਹ, ਸੰਸਾਰ ਦਾ ਬਹੁਤ ਬੁਰਾ ਹਾਲ ਹੋ ਰਿਹਾ ਹੈ, ਭਲੇ ਲਈ ਜਾ ਕੇ ਆ, ਫੇਰ ਆ ਜਾਈਂ। ਉਹਨੂੰ condition (ਸ਼ਰਤ) ਹੁੰਦੀ ਹੈ ਕਿ ਐਨੇ ਸਾਲ ਵਾਸਤੇ ਤੁਹਾਨੂੰ ਭੇਜ ਰਿਹਾ ਹਾਂ ਪਰ ਅੱਗੇ ਤੁਹਾਡਾ ਜਦੋਂ ਜੀਅ ਕਰਿਆ ਉਸੇ

ਦਿਨ ਹੀ ਬੁਲਾ ਲਵਾਂਗੇ -

***ਗੁਰਮੁਖਿ ਆਵੈ ਜਾਇ ਨਿਸੰਗੁ ॥ ਅੰਗ - 932***

ਜਦੋਂ ਜੀਅ ਕਰਦਾ ਹੈ ਚਲਿਆ ਜਾਂਦਾ ਹੈ, ਜਦੋਂ ਜੀਅ ਕਰਦਾ ਹੈ ਆ ਜਾਂਦਾ ਹੈ। ਸੰਸਾਰ ਜੋ ਆਉਂਦਾ ਹੈ ਇਹ ਕਰਮਾਂ ਦਾ ਬੰਨਿਆ ਹੋਇਆ ਆਉਂਦਾ ਹੈ। ਉਹ ਇਨ੍ਹਾਂ ਨੂੰ ਦਸਣ ਵਾਸਤੇ ਆਉਂਦੇ ਨੇ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***
***ਅੰਗ - 1373***

ਉਹ ਨਾਮ ਜਪਾਉਣ ਵਾਸਤੇ, ਜੀਵਾਂ ਨੂੰ ਜਮਦੂਤਾਂ ਤੋਂ ਛੁਡਾਉਣ ਵਾਸਤੇ ਆਇਆ ਕਰਦੇ ਨੇ। ਉਨ੍ਹਾਂ ਨੂੰ ਇਸ ਦੁਨੀਆਂ ਨਾਲ ਕੋਈ ਲਗਾਓ ਨਹੀਂ ਹੁੰਦਾ। ਨਾ ਕਿਸੇ ਡੇਰਿਆਂ ਨਾਲ ਹੁੰਦਾ, ਨਾ ਕਿਸੇ ਜਾਇਦਾਦ ਨਾਲ ਹੁੰਦਾ ਹੈ, ਨਾ ਕਿਸੇ ਰਿਸ਼ਤੇਦਾਰ ਨਾਲ ਹੁੰਦਾ ਹੈ। ਕਿਸੇ ਚੀਜ਼ ਨਾਲ ਨਹੀਂ ਹੁੰਦਾ। ਉਨ੍ਹਾਂ ਦੇ ਮੂਹਰੇ ਬਹੁਤ ਵੱਡਾ ਪ੍ਰੋਗਰਾਮ ਹੁੰਦਾ ਹੈ ਕਿ ਜੀਵਾਂ ਨੂੰ ਛੁਡਾਈਏ ਕਿਸੇ ਤਰੀਕੇ ਨਾਲ। ਇਨ੍ਹਾਂ ਦਾ ਤਾਂ ਸਮਾਂ ਲੰਘਦਾ ਜਾਂਦਾ ਹੈ, ਦਿਨ ਰਾਤ ਤੁਰੇ ਫਿਰਦੇ ਨੇ। ਉਨ੍ਹਾਂ ਨੂੰ ਭੇਜਿਆ ਜਾਂਦਾ ਹੈ। ਬਾਕੀ ਜਿਹੜਾ ਸੰਸਾਰ ਹੈ ਇਹ ਕਰਮਾਂ ਦਾ ਬੰਨ੍ਹਿਆ ਹੋਇਆ ਆਇਆ ਕਰਦਾ ਹੈ। ਸੋ ਉਨ੍ਹਾਂ ਨੂੰ ਪਤਾ ਹੁੰਦਾ ਹੈ -

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ - 1365***

ਉਨ੍ਹਾਂ ਨੂੰ ਡਰ ਨਹੀਂ ਹੁੰਦਾ, ਬਾਕੀ ਸੰਸਾਰ ਡਰਦਾ ਹੈ ਤੇ ਨਾ ਉਨ੍ਹਾਂ ਨੇ ਗੁਰੂ ਦੀ ਬਾਣੀ ਦੇ ਅੰਦਰ ਦਿਤੀ ਹੋਈ ਨਸੀਹਤ, ਉਹਦੇ ਉਤੇ ਕੋਈ ਅਮਲ ਕਰਿਆ ਹੈ। ਗੁਰੂ ਕਹਿੰਦਾ ਪ੍ਰੇਮੀਆਂ! ਤੂੰ ਇਸ ਸੰਸਾਰ 'ਚ ਆਇਆ ਹੈਂ, ਕੁਝ ਖੱਟਣ ਵਾਸਤੇ ਆਇਆ ਸੀ ਲੇਕਿਨ ਤੂੰ ਤਾਂ ਇਥੇ ਹੀ ਫਸ ਕੇ ਬਹਿ ਗਿਆ, ਤੇਰੇ ਤੋਂ ਨਿਕਲ ਨਹੀਂ ਹੁੰਦਾ। ਤੇਰਾ ਹਾਲ ਓਹੀ ਹੈ ਜਿਵੇਂ ਗੁੜ ਵਗੈਰਾ ਦਾ ਕੋਈ ਲਾਲਾ ਹੁੰਦਾ ਹੈ, ਉਹਦੇ ਵਿਚ ਕੋਈ ਮੱਖੀ ਗਿਰ ਜਾਵੇ, ਉਹਨੂੰ ਗੁੜ ਚਿੰਬੜ ਜਾਂਦਾ ਹੈ, ਫੇਰ ਉਹ ਨਿਕਲ ਹੀ ਨਹੀਂ ਸਕਦੀ। ਆਹ ਹਾਲ ਗ੍ਰਿਹਸਤੀਆਂ ਦਾ, ਇਥੇ ਦੀ ਗੱਲ ਸੋਚਦੇ ਨੇ। ਇਥੇ ਦਾ ਜੱਗ ਮਿੱਠਾ ਲਗ ਰਿਹਾ ਹੈ ਤੇ ਅਗਲੇ 'ਤੇ ਵਿਸ਼ਵਾਸ਼ ਨਹੀਂ ਲਿਆਉਂਦੇ। ਪਤਾ ਜਦ ਲੱਗੇਗਾ ਜਿਸ ਵਕਤ ਫੜ ਕੇ ਸਾਮ੍ਹਣੇ ਖੜ੍ਹਾ ਕਰ ਦਿਤਾ, ਧਰਮਰਾਜ ਦੇ। ਫੇਰ ਉਥੇ ਕੁਛ ਹੁੰਦਾ ਨਹੀਂ, ਮਹਾਰਾਜ ਕਹਿੰਦੇ, ਉਥੇ ਫੇਰ ਰੋਣ ਦਾ, ਪਛਤਾਵਾ ਕਰਨ ਦਾ ਕੋਈ ਫਾਇਦਾ ਨਹੀਂ ਹੁੰਦਾ। ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਜਿੰਦੇ ਰੋਵੇਂਗੀ ਤੇ ਰੋ ਰੋ ਪਛੋਤਾਵੇਂਗੀ,***
***ਫੇਰ ਤੇਰਾ ਕੋਈ ਨਾ ਬਣੇ।***
***ਆਪੀਨ੍ਹੈ ਭੋਗ ਭੋਗਿ ਕੈ ਹੋਇ ਭਸਮੜਿ ਭਉਰੁ ਸਿਧਾਇਆ ॥***

*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥* *ਅੰਗ - 464*

ਧੂਹ ਕੇ ਲੈ ਜਾਂਦੇ ਨੇ -

*ਇਕ ਰਤੀ ਬਿਲਮ ਨ ਦੇਵਨੀ*
*ਵਣਜਾਰਿਆ ਮਿਤ੍ਰਾ ਓਨੀ ਤਕੜੇ ਪਾਏ ਹਾਥ ॥* *ਅੰਗ - 78*

ਮਜ਼ਬੂਤ ਹੱਥ ਨੇ, ਕੋਈ ਨਹੀਂ ਉਨ੍ਹਾਂ ਦੇ ਸਾਮ੍ਹਣੇ ਅੜ ਸਕਦਾ। ਉਥੇ ਫੇਰ 'ਕਰਣੀ ਕੀਰਤਿ ਵਾਚੀਐ '॥ ਉਥੇ ਫੇਰ ਜਿਹੜਾ ਕੁਛ ਜ਼ਿੰਦਗੀ 'ਚ ਕਰਿਆ ਹੈ ਉਹਦੀ ਫਿਲਮ ਲਾ ਦਿੰਦੇ ਨੇ, ਜਿਸ ਤਰ੍ਹਾਂ ਵੀਡੀਓ ਫਿਲਮ ਆਪਣੀ ਸਾਰਿਆਂ ਦੀ ਬਣ ਰਹੀ ਹੈ, ਇਹ ਜਦ ਤੁਸੀਂ ਆਪ ਦੇਖੋਂਗੇ ਇਹਦੇ ਵਿਚ ਸਭ ਕੁਛ ਦਿਸੀ ਜਾਏਗਾ। ਜਿਹੋ ਜਿਹਾ ਕੁਛ ਕੋਈ ਕਰਦਾ ਹੈ ਓਹੀ ਬਣੀ ਜਾਣੀ ਹੈ। ਸਦੀਆਂ ਤਕ ਉਸੇ ਤਰ੍ਹਾਂ ਪਈ ਰਹਿਣੀ ਹੈ। ਹੁਣ ਜਦੋਂ ਅਸੀਂ ਦੇਖਦੇ ਹਾਂ ਪਹਿਲੀਆਂ ਫਿਲਮਾਂ ਕਿੰਨੇ ਪ੍ਰੇਮੀ ਚੜ੍ਹਾਈ ਕਰ ਗਏ, ਕਿੰਨੇ ਪ੍ਰੇਮੀ ਸੀਗੇ ਜਿਨ੍ਹਾਂ ਦੇ ਕਾਲੇ ਦਾਹੜੇ ਸੀ 'ਤੇ ਹੁਣ ਸਫੇਦ ਹੋ ਗਏ। ਇਸੇ ਤਰ੍ਹਾਂ ਦੇ ਨਾਲ ਦਰਗਾਹ ਦੇ ਵਿਚ ਇਕ-ਇਕ ਸਵਾਸ ਸਾਡਾ ਫਿਲਮਾਇਆ ਜਾ ਰਿਹਾ ਹੈ। ਕਿ ਇਹਨੇ ਕੀ ਸੋਚਿਆ, ਇਹਦਾ ਮਨ ਕੀ ਸੋਚਦਾ ਹੈ, ਉਤੋਂ ਕਿਹੜੀਆਂ ਗੱਲਾਂ ਕਰਦਾ ਸੀ ਤੇ ਅੰਦਰ ਕੀ ਗੱਲਾਂ ਚਲਦੀਆਂ ਸੀ। ਉਹ ਅੰਦਰਲਾ ਪ੍ਰਗਟ ਕਰਕੇ ਦਿਖਾ ਦਿੰਦੇ ਨੇ ਕਿ ਤੂੰ ਤਾਂ ਉਪਰੋਂ ਮਿੱਠੀਆਂ ਗੱਲਾਂ ਮਾਰਦਾ ਹੈ। ਦੇਖ ਤੇਰੇ ਦਿਲ 'ਚ ਕਿਹੋ ਜਿਹੀ ਗੱਲ ਚਲਦੀ ਸੀ। ਜਦੋਂ ਉਥੇ ਲੇਖਾ ਹੁੰਦਾ ਹੈ ਫੇਰ ਥਾਂ ਨਹੀਂ ਮਿਲਦਾ ਦਰਗਾਹ 'ਚ। ਮੈਂ ਪਹਿਲੇ ਦਿਨ ਦੱਸਿਆ ਸੀ ਕਿ ਤਿੰਨ ਮੰਡਲ ਨੇ ਉਪਰ, ਇੱਕ ਆਹ ਚੌਥਾ ਸਾਡਾ ਦੁਨੀਆਂ ਦਾ ਹੈ। ਇਹਨੂੰ material world (ਪਦਾਰਥਕ ਦੁਨੀਆਂ) ਕਹਿੰਦੇ ਨੇ, ਪੜ੍ਹੇ ਲਿਖੇ ਗੱਲ ਕਰਦੇ ਨੇ ਕਿ ਇਹ ਦੁਨੀਆਂ ਮਾਇਆ ਦੀ ਬਣੀ ਹੋਈ ਹੈ, ਹੈ ਤਾਂ ਉਹ ਵੀ ਮਾਇਆ ਦੀ, ਪਰ ਉਹ ਸੂਖਸ਼ਮ ਦੁਨੀਆਂ ਹੈ ਉਹਦੇ ਵਿਚ 184 sphere (ਸਫੀਅਰ) ਨੇ ਉਨ੍ਹਾਂ ਨੂੰ ਨਰਕ ਕਹਿੰਦੇ ਨੇ। ਅੰਧਕਾਰ ਹੀ ਅੰਧਕਾਰ, ਦੁਖ ਹੀ ਦੁਖ ਹੈ ਇਸ ਜੀਵ ਆਤਮਾ ਨੂੰ, ਕਿਉਂਕਿ ਇਥੇ ਕੁਛ ਸਮਝਿਆ ਨਹੀਂ। ਕੇਵਲ ਜੇ ਕੁਛ ਬੀਜ ਸਕਦਾ ਹੈ ਬੰਦਾ, ਹੁਣੇ ਇਥੇ ਸ਼ਬਦ ਪੜ੍ਹਦੇ ਸੀ -

*ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥*
*ਅੰਗ - 595*

ਉਹਦੇ 'ਚ ਬੀਜਿਆ ਜਾਂਦਾ ਹੈ, ਜੇ ਤਾਂ ਨਾਮ ਬੀਜ ਦਿਓ। ਫੇਰ ਤਾਂ ਉਹ ਖੱਟ ਗਿਆ। ਜੇ ਨਿੰਦਿਆ ਬੀਜ ਲਓ, ਈਰਖਾ ਬੀਜ ਲਓ, ਧੋਖਾ ਬੀਜ ਲਓ, ਤ੍ਰਿਸ਼ਨਾ ਬੀਜ ਲਓ, ਮਾੜੇ ਕੰਮ ਬੀਜ ਲਓ, ਕ੍ਰੋਧ ਬੀਜ

ਲਓ, ਲੋਭ ਬੀਜ ਲਓ, ਮੋਹ ਬੀਜ ਲਓ, ਅਭਿਮਾਨ ਬੀਜ ਲਓ, ਅਹੰਕਾਰ ਬੀਜ ਲਓ, ਆਸਾ ਬੀਜ ਲਓ, ਅੰਦੇਸ਼ਾ ਬੀਜ ਲਓ, ਇਹ ਪੱਥਰ ਨੇ। ਜਦੋਂ ਜੀਵ ਨਿਕਲਦਾ ਹੈ ਸਰੀਰ 'ਚੋਂ ਫੇਰ ਇਹ ਉਪਰ ਨੂੰ ਜਾਂਦਾ ਹੈ ਲੇਕਿਨ ਇਹ ਪੱਥਰ ਥੱਲੇ ਨੂੰ ਲੈ ਜਾਂਦੇ ਨੇ। ਜਿੰਨੇ ਜ਼ਿਆਦਾ ਵਧੇ ਹੋਏ ਨੇ ਓਨਾਂ ਡੂੰਘਾ ਜਾਏਗਾ। ਉਹ 84 ਨਰਕ ਨੇ -

***ਚਉਰਾਸੀਹ ਨਰਕ ਸਾਕਤੁ ਭੋਗਾਈਐ ॥*** ***ਅੰਗ - 1028***

ਦੂਸਰਾ ਉਹ ਹੋਇਆ ਕਰਦੇ ਨੇ ਜਿਨ੍ਹਾਂ ਦੀਆਂ ਬਿਰਤੀਆਂ ਇਥੇ ਰਹਿ ਜਾਂਦੀਆਂ ਨੇ, ਉਹ ਮਰਨ ਤੋਂ ਬਾਅਦ ਕਿਤੇ ਨਹੀਂ ਉਨ੍ਹਾਂ ਦੀ ਰੂਹ ਜਾਂਦੀ, ਇਥੇ ਹੀ ਆਲੇ-ਦੁਆਲੇ ਘੁੰਮੀ ਜਾਂਦੀ ਹੈ। ਮਹਾਰਾਜ ਕਹਿੰਦੇ -

***ਅੰਤਿ ਕਾਲਿ ਜੋ ਮੰਦਰ ਸਿਮਰੈ***
***ਐਸੀ ਚਿੰਤਾ ਮਹਿ ਜੇ ਮਰੈ ॥***
***ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥*** ***ਅੰਗ - 526***

ਪ੍ਰੇਤ ਬਣ ਗਿਆ, ਖਵੀਸ ਬਣ ਗਿਆ, ਭੂਤ ਬਣ ਗਿਆ। ਇਥੇ ਹੀ ਤੁਰਿਆ ਫਿਰਦਾ ਹੈ, ਆਪ ਵੀ ਦੁਖੀ ਘਰਦਿਆਂ ਨੂੰ ਵੀ ਦੁਖੀ ਕਰਦਾ ਹੈ। ਐਵੇਂ ਹੀ ਆ ਕੇ ਬੇ-ਕਸੂਰਿਆਂ ਨੂੰ ਫੜਦਾ ਹੈ। ਦੱਸਣਾ ਚਾਹੁੰਦਾ ਹੈ ਕਿ ਮੈਂ ਦੁਖੀ ਹਾਂ ਬਹੁਤ, ਮੇਰਾ ਕੋਈ ਉਪਾਅ ਕਰੋ। ਸੋ ਉਹ ਭੂਤ ਪ੍ਰੇਤ ਬਣ ਕੇ ਇਥੇ ਹੀ ਫਿਰਦਾ ਰਹਿੰਦਾ ਹੈ। ਦੂਰ ਨਹੀਂ ਜਾਂਦਾ, ਗੰਦੀਆਂ ਥਾਵਾਂ 'ਤੇ ਰਹਿੰਦਾ ਹੈ।

ਤੀਸਰਾ ਉਹ ਹੁੰਦੇ ਨੇ ਜਿਹੜੇ ਨੇਕ ਕੰਮ ਕਰਦੇ ਨੇ। ਉਨ੍ਹਾਂ ਦੀ ਰੂਹ ਉਪਰ ਜਾਂਦੀ ਹੈ, ਸੂਖਸ਼ਮ ਦੇਸ਼ਾਂ 'ਚ। ਉਥੇ 11 ਕਿਸਮ ਦੇ ਸੂਖਸ਼ਮ ਦੇਸ਼ ਮਹਾਂਪੁਰਸ਼ ਦੱਸਦੇ ਨੇ ਕਿ ਇਕ ਤੋਂ ਇਕ ਚੜ੍ਹਦਾ ਹੈ। ਜਦੋਂ ਇਕ ਬਦਲਦੇ ਹਾਂ, ਦੂਸਰੇ 'ਚ ਜਾਂਦੇ ਹਾਂ ਸੌ ਗੁਣਾਂ ਸੁਖ ਵਧ ਜਾਂਦਾ ਹੈ। ਆਖਰੀ ਦੇ ਵਿਚ ਕਰੋੜ ਖਰਬ ਗੁਣਾਂ ਇਥੇ ਦੇ ਵਾਸੀਆਂ ਨਾਲੋਂ ਸੁਖ ਹੈ ਜਿਹਨੂੰ ਬੈਕੁੰਠ ਕਹਿੰਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਅੱਗੇ ਸਿਆਣਾ ਬੰਦਾ ਤਾਂ ਕਹਿੰਦਾ ਹੈ। ਮਹਾਰਾਜ ਸਮਝਾਉਂਦੇ ਨੇ ਪਰ ਅਸੀਂ ਮੰਨਦੇ ਨਹੀਂ ਹਾਂ। ਕਹਿੰਦੇ ਨੇ ਕਿ ਨਿਤਨੇਮ ਕਰਦਾ ਹੈਂ? ਕਹਿੰਦਾ ਹਾਂ ਜੀ ਕਰਦਾ ਹਾਂ। ਕਹਿੰਦੇ, ਬਾਣੀ ਧਿਆਨ ਨਾਲ ਪੜ੍ਹਦਾ ਹੈਂ ਕਦੇ? ਜਿਹਨੇ ਧਿਆਨ ਨਾਲ ਪੜ੍ਹੀ ਹੈ ਉਹਦੀਆਂ ਤਾਂ ਕਥਾਵਾਂ ਹੀ ਅੱਡ ਨੇ ਸਾਧਸੰਗਤ ਜੀ, ਉਨ੍ਹਾਂ ਦੇ ਤਾਂ ਬਾਣ ਲਗ ਜਾਂਦੇ ਨੇ। ਬਾਣ ਲੱਗਿਆ ਹੋਇਆ ਫੇਰ ਉਹ ਗੁਰੂ ਦੇ ਉਪਦੇਸ਼ 'ਤੇ ਚਲਦੇ ਨੇ। ਆਪਣੇ ਜੀਵਨ ਨੂੰ ਸੁਧਾਰ ਲੈਂਦੇ ਨੇ। ਬੜੀ ਹੈਰਾਨੀ ਹੈ। ਮੈਂ ਪਹਿਲਾਂ ਵੀ ਜੀਵਨ ਇਥੇ ਦਾ ਦੇਖਿਆ ਹੈ, ਹੁਣ ਵੀ ਦੇਖਦਾ ਹਾਂ। ਕਿੰਨਾ ਇਨਕਲਾਬ ਆਇਆ ਹੋਇਆ ਹੈ ਇਥੇ। ਕਿੰਨੇ ਆਪ ਦੇ ਮਨ ਬਦਲੇ ਹੋਏ ਨੇ। ਕਿੰਨਾ ਸਿੱਖੀ ਦਾ ਪਿਆਰ ਹੈ। ਐਨਾ ਕਿਸੇ ਖਾਸ ਥਾਂ ਹੈ ਨਹੀਂ, ਜੇ ਹੈ ਤਾਂ ਰੌਲਾ-ਰੱਪਾ ਬਹੁਤ ਹੈ। ਇਥੇ ਨਿਰਾ ਹੀ ਪਿਆਰ ਹੀ ਪਿਆਰ ਹੈ ਸੰਗਤਾਂ ਦੇ ਅੰਦਰ ਕਿਉਂਕਿ ਬਾਣੀ ਸਮਝੀ ਹੈ, ਬਾਣੀ ਨੂੰ ਕਮਾਉਣ ਦਾ

ਯਤਨ ਕੀਤਾ ਹੈ ਤੇ ਆਪਣੇ ਜੀਵਨ ਨੂੰ ਸਫਲ ਕਰਨ ਦਾ ਯਤਨ ਕੀਤਾ ਹੈ। ਮਹਾਰਾਜ ਨੇ ਜ਼ਮੀਨਾਂ ਦੇ ਦਿਤੀਆਂ, ਫਸਲਾਂ ਦੇ ਦਿਤੀਆਂ, ਟਰੈਕਟਰ ਦੇ ਦਿਤੇ, ਹੋਰ ਸਾਰੀਆਂ ਸਹੂਲਤਾਂ ਦੇ ਦਿਤੀਆਂ ਤੇ ਇਹਦਾ ਧੰਨਵਾਦ ਕਰਨ ਵਾਸਤੇ ਤੁਸੀਂ ਕਿੱਡੀ-ਕਿੱਡੀ ਦੂਰ ਤੋਂ ਚੱਲ ਕੇ ਆਉਂਦੇ ਓਂ। ਮਹਾਰਾਜ ਸਾਨੂੰ ਬਾਰ-ਬਾਰ ਸਾਨੂੰ ਸਮਝਾਉਣ ਵਾਸਤੇ ਗੁਰਬਾਣੀ ਦੇ ਅੰਦਰ ਨਸੀਹਤ ਕਰਦੇ ਨੇ -

***ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥***

***ਅੰਗ - 13***

ਗੁਰੂ ਦੀ ਸੇਵਾ ਕਰਨ ਦਾ ਵੇਲਾ ਹੈ ਇਸ ਵੇਲੇ, ਇਹ ਜੇ ਤਾਂ ਕਰ ਲਓ ਤਾਂ, ਤਾਂ ਲਾਹਾ ਹੀ ਲਾਹਾ ਹੈ -

***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥***

***ਅੰਗ - 13***

ਜਿਹੜਾ ਇਥੋਂ ਅਮਰੀਕਾ ਨੂੰ ਜਾਂਦਾ ਹੈ, ਇੰਗਲੈਂਡ ਨੂੰ ਜਾਂਦਾ ਹੈ ਸੈਰ ਕਰਨ ਵਾਸਤੇ, ਉਹ ਕੀ ਕਰਦਾ ਹੈ ਉਥੇ ਰੁਪਈਆਂ ਤਾਂ ਚਲਦਾ ਨਹੀਂ, ਚਾਹੇ ਪੰਡ ਬੰਨ੍ਹ ਕੇ ਲੈ ਜਾ, ਸੌ-ਸੌ ਦੇ ਨੋਟਾਂ ਦੀ। ਚਾਹੇ ਕੁਇੰਟਲ ਨੋਟ ਲੈ ਜਾਓ, ਉਥੇ ਕਾਗਜ਼ ਹੀ ਗਿਣਦੇ ਨੇ ਇਨ੍ਹਾਂ ਨੂੰ। ਜਿਹੜਾ ਸਿਆਣਾ ਬੰਦਾ ਹੈ ਉਹ ਕੋਸ਼ਿਸ਼ ਕਰਦਾ ਹੈ ਕਿ ਬਰਾਬਰ ਦੇ ਰੁਪਏ ਦੇ ਕੇ ਇਕ ਡਾਲਰ ਬਣਾ ਦੇਈਏ, ਇਕ ਪੌਂਡ ਬਣਾ ਦੇਈਏ। ਉਹ ਓਧਰਲਾ ਸਿੱਕਾ ਲੈ ਕੇ ਜਦੋਂ ਉਥੇ ਜਾਂਦਾ ਹੈ, ਉਹਨੂੰ ਫਿਕਰ ਨਹੀਂ ਹੈ ਕਿ ਮੈਂ ਟੈਕਸੀ ਦਾ ਕਿਰਾਇਆ ਕਿਵੇਂ ਦੇਵਾਂਗਾ। ਪਤਾ ਹੈ ਕਿ ਜੇਬ 'ਚ ਕਿੰਨੇ ਪੈਸੇ ਨੇ, ਮੈਂ ਬਦਲਾ ਕੇ ਲਿਆਇਆ ਹਾਂ ਸਾਰੇ ਪੈਸੇ। ਉਥੇ ਜੀਅ ਕਰਦਾ ਹੈ ਘੁੰਮਦਾ ਹੈ, ਜਿਹੜੇ ਹੋਟਲ 'ਚ ਜੀਅ ਕਰਦਾ ਹੈ ਰਹਿੰਦਾ ਹੈ, ਸੈਰਾਂ ਕਰਦਾ ਹੈ, ਸੁਖੀ ਰਹਿੰਦਾ ਹੈ। ਜਿਹੜਾ ਇਥੋਂ ਲੈ ਕੇ ਨਹੀਂ ਗਿਆ। ਮੰਗਿਆ ਤਾਂ ਕੋਈ ਦਿੰਦਾ ਨਹੀਂ ਹੈ, ਉਥੇ ਫੇਰ ਦੁਖੀ ਹੁੰਦਾ ਹੈ। ਕੋਈ ਸਵਾਦ ਨਹੀਂ ਆਉਂਦਾ। ਇਸੇ ਤਰ੍ਹਾਂ ਜਿਹੜਾ ਇਥੇ ਲਾਹਾ ਖੱਟ ਗਿਆ। ਉਹ ਤਾਂ ਦਰਗਾਹ ਦੇ ਵਿਚ ਜਾ ਕੇ-

***ਰੇ ਰੇ ਦਰਗਹ ਕਹੈ ਨ ਕੋਊ ॥ ਆਉ ਬੈਠੁ ਆਦਰੁ ਸੁਭ ਦੇਊ ॥***

***ਅੰਗ - 252***

ਸਭ ਆਦਰ ਦਿੰਦੇ ਨੇ ਕਿਉਂਕਿ ਧਨ ਚਲਿਆ ਗਿਆ। ਜਿਹੜਾ ਇਥੇ ਦਾ ਧਨੀ ਸੀ, ਕਰੋੜਾਂਪਤੀ ਉਹ ਉਥੇ ਕੰਗਾਲ ਹੋ ਕੇ ਚਲਿਆ ਗਿਆ। ਸੋ ਮਹਾਰਾਜ ਕਹਿੰਦੇ ਲਾਹਾ ਖੱਟ ਲਓ ਜਿਹੜਾ ਦਰਗਾਹ 'ਚ ਜਾ ਕੇ ਤੁਹਾਡੇ ਕੰਮ ਆਏਗਾ। ਉਹ ਲਾਹਾ ਹੈ ਨਾਮ ਦਾ। ਸੋ ਨਾਮ ਦਾ ਲਾਹਾ ਖੱਟੋ ਭਾਈ-

***ਕਬੀਰ ਲੂਟਨਾ ਹੈ ਤ ਲੂਟਿ ਲੈ ਰਾਮ ਨਾਮ ਹੈ ਲੂਟਿ ॥***

***ਫਿਰਿ ਪਾਛੈ ਪਛੁਤਾਹੁਗੇ ਪ੍ਰਾਨ ਜਾਹਿੰਗੇ ਛੂਟਿ ॥***

***ਅੰਗ- 1366***

ਸੋ ਆਹ ਜਿਹੜਾ ਮਨੁੱਖ ਜਨਮ ਹੈ, ਇਹ ਜਿੰਨੀ ਪ੍ਰਾਕ੍ਰਿਤੀ ਪ੍ਰਮੇਸ਼ਰ ਨੇ ਬਣਾਈ ਚਾਰ ਕਿਸਮ ਦੀ, ਪਹਿਲਾਂ ਤਾਂ ਆਹ ਹੈ ਜਿਹਨੂੰ ਪੰਜ ਤੱਤਾਂ ਦਾ ਜਗਤ ਕਹਿੰਦੇ ਨੇ। ਇਹਦੀਆਂ ਸ੍ਰਿਸ਼ਟੀਆਂ ਦਾ ਕੋਈ ਅੰਤ ਨਹੀਂ, ਖਰਬਾਂ ਕਹਿ ਦੇਈਏ ਤਾਂ ਵੀ ਗਲਤ, ਖਰਬ-ਖਰਬ ਕਹਿ ਦੇਈਏ ਤਾਂ ਵੀ ਗਲਤ -

***ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਅੰਗ - 5***

ਜਿਹੜੀ ਸੂਖਸ਼ਮ ਸ੍ਰਿਸ਼ਟੀ ਹੈ, ਭੂਤਾਂ-ਪ੍ਰੇਤਾਂ ਦੀ, ਨਰਕਾਂ ਦੀ, ਉਹਦਾ ਵੀ ਕੋਈ ਅੰਤ ਨਹੀਂ ਹੈ ਤੇ ਜਿਹੜੀ ਦੇਵਤਿਆਂ ਦੀ ਸ੍ਰਿਸ਼ਟੀ ਹੈ, ਜਿਹਨੂੰ super matter ਦੀ ਸ੍ਰਿਸ਼ਟੀ ਕਹਿੰਦੇ ਨੇ। ਹੈ ਉਹ ਵੀ ਕਾਲ ਦੇ ਅੰਦਰ, ਉਹਦਾ ਵੀ ਕੋਈ ਪਸਾਰੇ ਦਾ ਅਰਥ ਨਹੀਂ। ਇਹ ਤਾਂ ਜਿੰਨਾਂ ਪਤਾ ਲੱਗਿਆ ਓਨਾਂ ਦਸ ਦਿਤਾ, ਕੋਈ ਅੰਤ ਹੈ ਵਾਹਿਗੁਰੂ ਦਾ। ਸੋ ਇਹ ਤਾਂ ਸਾਰੀਆਂ ਦੇ ਵਿਚੋਂ ਇਕ ਗੱਲ ਦਾ ਪਤਾ ਹੈ। ਉਹ ਇਹ ਹੈ ਕਿ ਆਹ ਜਿਹੜੀ ਧਰਤੀ ਹੈ, ਜਿਥੇ ਆਪਾਂ ਰਹਿੰਦੇ ਹਾਂ ਇਹਨੂੰ earth plenet ਕਹਿੰਦੇ ਨੇ। ਇਹਦੇ ਵਿਚ ਚੌਰਾਸੀ ਲੱਖ ਜੂਨ ਹੈ ਉਨ੍ਹਾਂ ਦੇ ਵਿਚੋਂ ਇਕ ਜੂਨ ਜਿਹੜੀ ਸਾਨੂੰ ਹੈ ਇਸ ਵੇਲੇ ਮਿਲੀ ਹੋਈ ਹੈ, ਸਾਡੇ ਜੀਵ ਆਤਮਾ ਨੂੰ, ਇਹ ਸਭ ਤੋਂ ਸ੍ਰੇਸ਼ਟ ਹੈ। ਇਹ ਇਕੱਲਾ ਖੇਤ ਹੈ ਜਿਹਦੇ ਵਿਚ ਬੀਜ ਬੀਜਿਆ ਹੋਇਆ ਉੱਗਦਾ ਹੈ। ਬਾਕੀ ਨਹੀਂ ਹੈ। ਘੋੜਾ ਕਿੰਨਾ ਹੀ ਪੁੰਨ ਦਾਨ ਕਰੀ ਜਾਏ, ਗਧਾ ਤਾਂ ਕਰ ਹੀ ਨਹੀਂ ਸਕਦਾ। ਉਹਨੂੰ ਪੁੰਨ ਵੀ ਨਹੀਂ ਲਗਦਾ, ਪਾਪ ਵੀ ਨਹੀਂ ਲਗਦਾ। ਸ਼ੇਰ ਕਿੰਨੇ ਹੀ ਬੰਦੇ ਮਾਰ ਦੇਵੇ, ਕਿੰਨੇ ਹੀ ਜਾਨਵਰ ਖਾ ਲਵੇ, ਉਹਨੂੰ ਪਾਪ ਨਹੀਂ ਲਗਦਾ। ਬੰਦਾ ਹੈ ਜਿਹਨੂੰ ਪੁੰਨ ਵੀ ਲਗਦਾ ਹੈ ਤੇ ਪਾਪ ਵੀ ਲਗਦਾ ਹੈ। ਦੇਵਤੇ ਭੋਗ ਜੂਨੀ 'ਚ ਹੁੰਦੇ ਨੇ, ਉਨ੍ਹਾਂ ਨੂੰ ਕੋਈ ਪਾਪ ਹੀ ਨਹੀਂ ਹੁੰਦਾ, ਨਾ ਪੁੰਨ ਹੁੰਦਾ ਹੈ। ਉਹ ਤਾਂ ਇੱਥੇ ਬੀਜਿਆ ਹੋਇਆ ਉਥੇ ਵੱਢਣ ਵਾਸਤੇ ਜਾਂਦੇ ਨੇ। ਜਦੋਂ ਮੁੱਕ ਜਾਂਦਾ ਹੈ ਫੇਰ ਆ ਜਾਂਦੇ ਨੇ। ਸੋ ਮਹਾਰਾਜ ਕਹਿੰਦੇ, ਮਨੁੱਖ ਦਾ ਜਿਹੜਾ ਜਨਮ ਹੈ ਇਹੀ ਉੱਤਮ ਜਨਮ ਹੈ ਤੇ ਇਸਨੂੰ ਯਾਦ ਕਰਵਾਉਂਦੇ ਹੋਏ ਇਸ ਤਰ੍ਹਾਂ ਨਾਲ ਫੁਰਮਾਉਂਦੇ ਨੇ -

***ਧਾਰਨਾ - ਆਇਓ ਲਾਹਾ ਲੈਣ ਪ੍ਰਾਣੀ,***
***ਆਇਓ ਲਾਹਾ ਲੈਣ।***

***ਪ੍ਰਾਣੀ ਤੂੰ ਆਇਆ ਲਾਹਾ ਲੈਣਿ ॥***
***ਲਗਾ ਕਿਤੁ ਕੁਫਕੜੇ ਸਭ ਮੁਕਦੀ ਚਲੀ ਰੈਣਿ ॥ ਅੰਗ - 43***

ਤੇਰੀ ਤਾਂ ਉਮਰ ਮੁੱਕਦੀ ਹੈ, 24000 ਸਵਾਸ ਤੇਰਾ ਰੋਜ਼ ਘਾਟੇ ਦੇ ਖਾਤੇ ਵਿਚ ਚਲਿਆ ਜਾਂਦਾ ਹੈ। ਕੀ ਕਰੇਂਗਾ ਉਥੇ, ਜਵਾਬ ਕੀ ਦੇਵੇਂਗਾ।

ਹੁਣੇ ਕਰ ਲੈ। ਤੈਨੂੰ ਪਤਾ ਨਹੀਂ ਹੈ ਇਹ ਸਰੀਰ ਕਿੰਨਾ ਕੀਮਤੀ ਹੈ, ਇਹਦਾ ਕੋਈ ਮੁੱਲ ਨਹੀਂ ਸਾਰੀਆਂ ਸ੍ਰਿਸ਼ਟੀਆਂ ਦੇ ਅੰਦਰ। ਸਭ ਤੋਂ ਉੱਤਮ ਫਲ ਇਸ ਵੇਲੇ ਅਸੀਂ ਭੋਗ ਰਹੇ ਹਾਂ, ਜਿਹਨੂੰ ਮਨੁੱਖ ਦੇਹ ਕਹਿੰਦੇ ਨੇ। ਲੇਕਿਨ ਆਦਮੀ ਜਾਣੇ ਤੋਂ ਬਗੈਰ ਬਿਲਕੁਲ ਬਿਰਥਾ ਗਵਾ ਕੇ ਰੋਂਦਾ ਹੋਇਆ ਇਥੋਂ ਚਲਿਆ ਜਾਂਦਾ ਹੈ। ਸੁੱਖ ਦੀ ਆਸਾ ਦੇ ਵਿਚ ਬਹੁਤ ਕੰਮ ਕਰਦਾ ਹੈ, ਲੇਕਿਨ ਸੁਖ ਪ੍ਰਾਪਤ ਨਹੀਂ ਹੁੰਦਾ। ਮਹਾਰਾਜ ਕਹਿੰਦੇ -

***ਐਸਾ ਜਗੁ ਦੇਖਿਆ ਜੂਆਰੀ ॥***
***ਸਭਿ ਸੁਖ ਮਾਗੈ ਨਾਮੁ ਬਿਸਾਰੀ ॥ ਅੰਗ - 222***

ਨਾਮ ਨੂੰ ਭੁੱਲ ਕੇ ਸੁੱਖ ਚਾਹੁੰਦਾ ਹੈ। ਸੁੱਖ ਤਾਂ ਮਿਲਦਾ ਹੀ ਨਹੀਂ ਨਾਮ ਤੋਂ ਬਗੈਰ।

ਸੋ ਮੈਂ ਬੇਨਤੀ ਕਰਦਾ ਸੀ ਕਿ ਇਸ ਦੇਹੀ ਨੂੰ ਸਵਰਗਾਂ ਦੇ ਵਿਚ ਬੈਠੇ ਹੋਏ ਦੇਵਤੇ ਲੋਚਦੇ ਨੇ।

ਲੰਡਨ ਦੀ ਬਾਤ ਮੈਂ ਆਪ ਦੇ ਚਰਨਾਂ 'ਚ ਪੇਸ਼ ਕਰਦਾ ਹਾਂ ਕਿ 1949 ਦੇ ਵਿਚ ਲੇਖ ਛਪਿਆ ਕਿਸੇ ਪ੍ਰੇਮੀ ਦਾ। ਕੋਈ ਅੰਗਰੇਜ਼ ਸੀ ਉਹਦਾ ਪਿਤਾ ਮਰ ਗਿਆ। ਉਹਦਾ ਪਿਤਾ ਦੋ ਮਹੀਨੇ ਬਾਅਦ ਉਹਦੇ ਸੁਪਨੇ 'ਚ ਫੇਰ ਆ ਗਿਆ। ਕਿਉਂਕਿ ਸਾਡੇ ਕੋਲ ਉਹ ਜ਼ੁਬਾਨ ਨਹੀਂ ਹੈ ਜਿਹਦੇ ਨਾਲ ਅਸੀਂ ਰੂਹਾਂ ਨਾਲ ਗੱਲ ਕਰ ਲਈਏ। ਉਨ੍ਹਾਂ ਕੋਲ ਜਿਹੜੀ ਹੈ ਉਹਦੇ ਨਾਲ ਅਸੀਂ ਨਹੀਂ ਪਹੁੰਚ ਸਕਦੇ। telepathy ਕਹਿੰਦੇ ਨੇ ਉਹਨੂੰ ਅੰਗ੍ਰੇਜ਼ੀ 'ਚ। ਬਿਨਾਂ ਬੋਲਣ ਤੋਂ ਗੱਲ ਕਰ ਲੈਣੀ। ਕਰਦੇ ਤਾਂ ਆਪਾਂ ਵੀ ਹਾਂ। ਆਹ ਕੁੱਤਿਆਂ ਨੂੰ ਪਤਾ ਹੈ, ਬਿਨਾਂ ਬੋਲਣ ਤੋਂ ਹੀ ਜਾਣ ਜਾਂਦੇ ਨੇ ਕਿ ਇਹ ਮਾੜਾ ਬੰਦਾ ਆਇਆ ਹੈ ਕਿ ਚੰਗਾ ਆਇਆ ਹੈ। ਮਨੁੱਖ ਕੋਲ 5000 ਸਾਲ ਪਹਿਲਾਂ ਜੁਬਾਨ ਸੀ, ਟੈਲੀਪੈਥੀ। ਦੂਰ ਬੈਠਿਆਂ ਦੀਆਂ ਗੱਲਾਂ ਸੁਣ ਲੈਣੀਆਂ, ਆਪਣੀਆਂ ਗੱਲਾਂ ਬਿਨਾਂ ਟੈਲੀਫੋਨ ਤੋਂ ਭੇਜ ਦੇਣੀਆਂ। ਹੌਲੀ-ਹੌਲੀ ਜਿਉਂ-ਜਿਉਂ ਬੰਦਾ ਥੱਲੇ ਨੂੰ ਗਿਰਦਾ ਗਿਆ, ਭੁੱਲ ਗਿਆ। ਸੋ ਟੈਲੀਪੈਥੀ ਦੇ ਨਾਲ ਸਾਡੇ ਨਾਲ ਗੱਲ ਕਰਦੇ ਨੇ, ਪਰ ਉਸ ਵੇਲੇ ਕਰਦੇ ਨੇ ਜਾਂ ਅਸੀਂ ਸੁੱਤੇ ਹੋਈਏ ਜਾਂ ਭਜਨ ਵਿਚ ਬਿਰਤੀ ਬਿਲਕੁਲ ਫੁਰਨੇ ਰਹਿਤ ਹੋਈ ਹੋਵੇ, ਫੇਰ ਗੱਲਾਂ ਮਹਾਂਪੁਰਸ਼ਾਂ ਦੀਆਂ ਦਿਮਾਗ 'ਚ ਆ ਜਾਂਦੀਆਂ ਨੇ।

ਸੋ ਉਹਦੇ ਸੁਪਨੇ 'ਚ ਉਹਦਾ ਪਿਤਾ ਆਇਆ। ਕਹਿੰਦਾ, ਬੇਟਾ! ਤੇਰੇ ਵਾਸਤੇ ਮੈਂ ਵੱਡੀ ਵਸੀਅਤ ਕਰਕੇ ਗਿਆ ਹਾਂ, ਲੱਖਾਂ ਦੀ। ਕਹਿੰਦਾ, ਪਿਤਾ ਜੀ! ਤੂੰ ਤਾਂ ਚੜ੍ਹਾਈ ਕਰ ਗਿਆ ਸੀ? ਕਹਿੰਦਾ, ਹਾਂ ਚੜ੍ਹਾਈ ਤਾਂ ਕਰ ਗਿਆ ਸੀ, ਪਰ ਮੈਂ ਉਥੋਂ ਆਇਆ ਹਾਂ। ਮੈਨੂੰ ਇਕ ਕੰਮ ਹੈ ਤੇਰੇ ਤੱਕ, ਮੇਰੀ ਮਦਦ ਕਰ। ਕਹਿਣ ਲੱਗਿਆ ਕਿ ਦੱਸੋ? ਕਹਿੰਦਾ ਮੈਂ ਜਿੱਥੇ ਗਿਆ ਹਾਂ, ਥਾਂ ਤਾਂ ਹੈ ਚੰਗਾ, ਪਰ ਉਥੇ ਹਨ੍ਹੇਰਾ ਹੈ ਤੇ ਮੇਰੇ ਕੋਲ ਹੀ

ਕੋਈ ਹੋਰ ਰੂਹ ਹੈ, ਜਿੱਥੇ ਉਹ ਰਹਿੰਦੀ ਹੈ ਉਥੇ ਚਾਨਣਾ ਹੈ। ਮੈਂ ਉਹਨੂੰ ਪੁੱਛਿਆ ਕਿ ਤੇਰੇ ਕੋਲ ਚਾਨਣਾ ਕਿਉਂ ਹੈ, ਮੇਰੇ ਕੋਲ ਹਨ੍ਹੇਰਾ ਕਿਉਂ ਹੈ? ਉਹ ਕਹਿੰਦਾ, ਤੂੰ ਪੁੰਨ ਤਾਂ ਕਰਿਆ ਹੈ, ਨੇਕ ਕੰਮ ਕਰੇ ਹਨ, ਪਰ ਨਾਮ ਨਹੀਂ ਜਪਿਆ। ਕਿਉਂਕਿ ਨਾਮ ਜਿਹੜਾ ਹੈ ਇਸ ਜਗ ਦੇ ਵਿਚ ਚਾਨਣ ਹੈ –

***ਜਿਹ ਪੈਡੈ ਮਹਾ ਅੰਧ ਗੁਬਾਰਾ ॥***
***ਹਰਿ ਕਾ ਨਾਮੁ ਸੰਗਿ ਉਜੀਆਰਾ ॥*** ***ਅੰਗ – 264***

ਕਹਿੰਦੇ ਪ੍ਰਕਾਸ਼ ਦਿੰਦਾ ਤੁਰਿਆ ਜਾਂਦਾ ਹੈ, ਫੇਰ ਹਨ੍ਹੇਰੇ ਵਿਚ ਲੰਘਣਾ ਹੀ ਨਹੀਂ ਪੈਂਦਾ। ਉਹਨੇ ਮੈਨੂੰ ਦੱਸਿਆ ਕਿ ਤੂੰ ਹੁਣ ਤਾਂ ਰਹੇਂਗਾ ਹਨ੍ਹੇਰੇ ਵਿਚ ਹੀ। ਜਦੋਂ ਦੁਬਾਰਾ ਮਨੁੱਖ ਬਣੇਂਗਾ ਫੇਰ ਯਾਦ ਰੱਖੀਂ। ਕਹਿੰਦਾ ਮੈਂ ਕਿਹਾ ਕਿ ਯਾਦ ਤਾਂ ਰਹਿੰਦਾ ਹੀ ਨਹੀਂ ਹੈ। ਕਿਹੜਾ ਬੰਦਾ ਹੈ ਜਿਹਦੇ ਪਿਛਲੇ ਜਨਮ ਦੀ ਗੱਲ ਯਾਦ ਰਹਿ ਜਾਵੇ। ਕੋਈ ਵਿਰਲਾ ਹੈ। ਮਹਾਰਾਜ ਕਹਿੰਦੇ, ਹੋਰ ਤਾਂ ਹੋਰ। ਜਨਮ ਦੀ ਗੱਲ ਤਾਂ ਛੱਡੋ। ਜਦੋਂ ਮਾਂ ਦੇ ਪੇਟ ਵਿਚ ਪੁੱਠਾ ਲਟਕਦਾ ਸੀ, ਤਕਲੀਫਾਂ ਭੋਗਦਾ ਸੀ, ਉਹ ਗੱਲਾਂ ਇਹਦੇ ਯਾਦ ਨਹੀਂ ਕਿ ਮੈਂ ਪ੍ਰਭੂ ਨਾਲ ਕੀ ਗੱਲਾਂ ਕਰੀਆਂ ਨੇ। ਕੋਈ ਵਿਰਲਾ ਹੈ। ਮਹਾਰਾਜ ਸਮਝਾਉਂਦੇ ਨੇ –

***ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ***
***ਸੋ ਕਿਉ ਮਨਹੁ ਵਿਸਾਰੀਐ ॥***
***ਮਨਹੁ ਕਿਉ ਵਿਸਾਰੀਐ ਏਵਡੁ ਦਾਤਾ***
***ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥*** ***ਅੰਗ – 920***
***ਗਰਭ ਕੁੰਟ ਮਹਿ ਉਰਧ ਤਪ ਕਰਤੇ ॥*** ***ਅੰਗ – 251***

ਕਹਿੰਦੇ, ਪ੍ਰੇਮੀਆਂ! ਤੂੰ ਅੱਜ ਨਾਸਤਕ ਬਣਿਆ ਫਿਰਦਾ ਹੈ ਮਨਮੁਖ ਬਣਿਆ ਫਿਰਦਾ ਹੈਂ, ਜਦ ਮਾਂ ਦੇ ਪੇਟ ਵਿਚ ਪੁੱਠਾ ਲਟਕ ਕੇ ਤਪ ਕਰਦਾ ਸੀ –

***ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ ॥*** ***ਅੰਗ – 251***

ਉਸ ਵੇਲੇ ਤੈਨੂੰ ਪਤਾ ਸੀ ਵਾਹਿਗੁਰੂ ਦੀ ਸ਼ਕਤੀ ਦਾ। ਗਿਆਨ ਦਿਤਾ ਹੋਇਆ ਸੀ, ਪ੍ਰੀਪੂਰਨ ਸ਼ਕਤੀ, ਅੰਦਰ ਬਾਹਰ ਹਰੇਕ ਦੇ ਅੰਦਰ ਹੈ। ਤੈਨੂੰ ਗਿਆਨ ਸੀ, ਤੂੰ ਉਹਦਾ ਧਿਆਨ ਧਰ ਕੇ ਜਦੋਂ ਉਹਨੂੰ ਚਿਤਵਦਾ ਸੀ ਤਾਂ ਤੇਰੇ ਅੰਦਰ ਨਾਦ ਵਜਦਾ ਸੀ ਜਿਹਨੂੰ ਅਨਹਦ ਸ਼ਬਦ ਕਹਿੰਦੇ ਨੇ, ਉਸ ਸ਼ਬਦ ਦੇ ਆਧਾਰ 'ਤੇ ਤੈਨੂੰ ਪੇਟ ਦੇ ਅੰਦਰ ਗਰਮੀ ਸਰਦੀ ਨਹੀਂ ਸੀ ਲਗਦੀ।

***ਉਰਝਿ ਪਰੇ ਜੋ ਛੋਡਿ ਛਡਾਨਾ ॥***
***ਦੇਵਨਹਾਰੁ ਮਨਹਿ ਬਿਸਰਾਨਾ ॥*** ***ਅੰਗ – 251***

ਜਦੋਂ ਤੂੰ ਸੰਸਾਰ 'ਚ ਆ ਗਿਆ, ਭੁੱਲਣਾ ਸ਼ੁਰੂ ਕਰ ਦਿਤਾ। ਪਹਿਲਾਂ

ਤਾਂ ਨਾਮ ਭੁੱਲਿਆ ਤੈਨੂੰ -

***ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥***
***ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥***
***ਜਾ ਤਿਸੁ ਭਾਣਾ ਤਾ ਜੰਮਿਆ ਪਰਵਾਰਿ ਭਲਾ ਭਾਇਆ ॥***

***ਅੰਗ - 921***

ਪਰਿਵਾਰ ਨੂੰ ਤਾਂ ਹੋ ਗਈਆਂ ਖੁਸ਼ੀਆਂ। ਕੋਈ ਸ਼ਰਾਬਾਂ ਪੀਣ ਲਗ ਗਿਆ, ਕੋਈ ਬਕਰੇ ਵੱਢਣ ਲੱਗ ਗਏ, ਪਾਪ ਕਰਨ ਲਗ ਗਏ। ਚਾਹੀਦਾ ਤਾਂ ਇਹ ਸੀ ਕਿ ਵਾਹਿਗੁਰੂ ਦੇ ਸ਼ੁਕਰ 'ਚ ਜੁੜ ਜਾਂਦੇ ਕਿ ਪਾਤਸ਼ਾਹ! ਕਿਸੇ ਰੂਹ ਨੂੰ ਭੇਜਿਆ ਹੈ ਮਨੁੱਖ ਬਣਾ ਕੇ, ਹੁਣ ਤੂੰ ਕ੍ਰਿਪਾ ਇਹ ਕਰੀਂ ਕਿ ਇਹਦਾ ਜਨਮ ਸਫਲਾ ਹੋ ਜਾਏ। ਲੇਕਿਨ ਉਹ ਵੀ ਅਣਜਾਣ ਤੇ ਉਸ ਵਿਚਾਰੇ ਨਾਲ ਕੋਈ ਇਨਸਾਫ ਨਹੀਂ ਕਰਦਾ। ਪਹਿਲੀ ਗੱਲ ਇਹ ਹੁੰਦੀ ਹੈ ਕਿ ਉਹਦੀ ਲਿਵ ਟੁੱਟਦੀ ਹੈ, ਜਿਹੜੀ ਧੁਨੀ 'ਚ ਲੱਗੀ ਹੋਈ ਸੀ ਅੰਦਰ -

***ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ ॥***

***ਅੰਗ - 921***

ਹੁਣ ਆਲੇ-ਦੁਆਲੇ ਝਾਕਣ ਲੱਗ ਗਿਆ। ਝਾਕਦਾ ਹੈ, ਨਵੀਂ ਦੁਨੀਆਂ 'ਚ ਆ ਕੇ ਦੇਖਦਾ ਹੈ, ਨਾਮ ਦੀ ਜਿਹੜੀ ਧੁਨ ਸੀ ਉਹ ਟੁੱਟ ਗਈ, ਜਦੋਂ ਉਹਨੂੰ ਧਿਆਨ ਆਉਂਦਾ ਹੈ ਫੇਰ ਚੀਕਾਂ ਮਾਰਦਾ ਹੈ। ਇਥੇ ਕਹਿੰਦੇ ਨੇ ਕਿ ਪਿਛਲਾ ਜਨਮ ਯਾਦ ਆਉਂਦਾ ਹੋਣਾ ਇਹਦੇ। ਪਿਛਲਾ ਜਨਮ ਨਹੀਂ ਯਾਦ ਆਉਂਦਾ, ਉਹਨੂੰ ਨਾਮ ਦੀ ਧੁਨ ਦਾ ਧਿਆਨ ਆਉਂਦਾ ਹੈ। ਜਦੋਂ ਆਵਾਜ਼ ਆਉਂਦੀ ਹੈ ਫੇਰ ਲੱਤਾਂ ਬਾਹਾਂ ਮਾਰਦਾ ਹੈ, ਖੁਸ਼ ਹੁੰਦਾ ਹੈ। ਪਰ ਹੌਲੀ-ਹੌਲੀ ਭੁੱਲ ਜਾਂਦਾ ਹੈ -

***ਪਹਿਲੈ ਪਿਆਰਿ ਲਗਾ ਥਣ ਦੁਧਿ ॥*** ***ਅੰਗ- 137***

ਪਹਿਲਾ ਦੁੱਧ ਨਾਲ ਪਿਆਰ ਪੈਂਦਾ ਹੈ, ਭੁੱਖਾ ਹੁੰਦਾ ਹੈ, ਉਸੇ ਵੇਲੇ ਦੁੱਧ ਚੁੰਘਣ ਲਗ ਜਾਂਦਾ ਹੈ। ਕਿਸੇ ਨੇ ਨਹੀਂ ਸਿਖਾਇਆ ਕਿ ਇਸ ਤਰ੍ਹਾਂ ਕੱਢੀਦਾ ਹੈ, ਆਪੇ ਹੀ ਵਾਹਿਗੁਰੂ ਦਸਦਾ ਹੈ -

***ਦੂਜੈ ਮਾਇ ਬਾਪ ਕੀ ਸੁਧਿ ॥*** ***ਅੰਗ- 921***

ਫੇਰ ਜਿਹੜੇ ਨੇੜੇ ਰਹਿੰਦੇ ਨੇ, ਮਾਂ-ਪਿਓ ਉਨ੍ਹਾਂ ਦੀ ਸੁਧ ਇਸਨੂੰ ਆ ਜਾਂਦੀ ਹੈ -

***ਤੀਜੈ ਭਯਾ ਭਾਭੀ ਬੇਬ ॥*** ***ਅੰਗ - 137***

ਤੀਜੇ ਫੇਰ ਜਿਹੜੇ ਭਰਾ, ਰਿਸ਼ਤੇਦਾਰ ਹੁੰਦੇ ਨੇ ਨੇੜੇ ਦੇ ਇਨ੍ਹਾਂ ਦਾ ਧਿਆਨ ਆ ਜਾਂਦਾ ਹੈ -

***ਚਉਥੈ ਪਿਆਰਿ ਉਪੰਨੀ ਖੇਡ ॥*** ***ਅੰਗ - 137***

ਫੇਰ ਵੱਡਾ ਹੋ ਜਾਂਦਾ ਹੈ, ਫੇਰ ਮਾਂ-ਬਾਪ ਕਹਿੰਦੇ ਨੇ ਕਿ ਤੂੰ ਪੜ੍ਹ

ਕਾਕਾ। ਉਹਨੂੰ ਖੇਡਾਂ ਪਿਆਰੀਆਂ ਨੇ। ਕਹਿੰਦੇ ਨੇ ਕਿ ਜੀ ਇਹ ਟੈਲੀਵੀਜ਼ਨ ਦੇਖੀ ਜਾਂਦਾ ਹੈ, ਇਹ ਬੱਚਾ ਹੈ ਜੀ ਬਾਹਰ ਦੌੜ ਜਾਂਦਾ, ਖੇਲ੍ਹਦਾ ਜ਼ਿਆਦਾ ਹੈ। ਸ਼ਹਿਰਾਂ ਦੇ ਬੱਚੇ ਦੇਖ ਲਓ, ਬੜੀਆਂ ਤਕਲੀਫਾਂ ਨੇ ਇਨ੍ਹਾਂ ਗੱਲਾਂ ਦੀਆਂ ਮਾਂ-ਬਾਪ ਨੂੰ ਕਿ ਬੱਚਾ ਲੱਭਦਾ ਹੀ ਨਹੀਂ ਕਿਤੇ ਕ੍ਰਿਕਟ ਦੇ ਗਰਾਊਂਡ 'ਚ ਹੋਏਗਾ, ਜਾਂ ਹਾਕੀ ਦੇ ਗਰਾਊਂਡ 'ਚ ਹੋਏਗਾ, ਕਿਤੇ ਐਵੇਂ ਹੀ ਤੁਰਿਆ ਫਿਰਦਾ ਹੋਏਗਾ। ਕਿਉਂਕਿ ਖੇਲ੍ਹ ਪਿਆਰੀ ਹੋ ਗਈ -

***ਪੰਜਵੈ ਖਾਣ ਪੀਅਣ ਕੀ ਧਾਤੁ ॥*** ***ਅੰਗ - 137***

ਜਦੋਂ ਫੇਰ ਜੁਆਨ ਹੋ ਜਾਂਦਾ ਹੈ, ਘਰਦਿਆਂ ਨੂੰ ਕਹਿੰਦਾ ਹੈ ਕਿ ਮੈਨੂੰ ਆ ਦਿਓ ਖਾਣ ਨੂੰ, ਆਹ ਦਿਓ। ਨਾਲੇ ਕਿਤੇ ਫੇਰ ਮਾਸ ਖਾਂਦਾ ਹੈ, ਕਿਤੇ ਸ਼ਰਾਬ ਪੀਂਦਾ ਹੈ, ਕਿਤੇ ਹੋਰ ਚੀਜ਼ਾਂ ਖਾਂਦਾ ਹੈ, ਇਹ ਆਦਤ ਪੈ ਜਾਂਦੀ ਹੈ ਇਸਨੂੰ।

***ਛਿਵੈ ਕਾਮੁ ਨ ਪੁਛੈ ਜਾਤਿ ॥*** ***ਅੰਗ - 137***

ਜਦੋਂ ਜਵਾਨ ਹੋ ਗਿਆ, ਉਸ ਵੇਲੇ ਫੇਰ ਬੇਅੰਤ ਵਾਸ਼ਨਾਵਾਂ ਉਹਦਾ ਖਹਿੜਾ ਨਹੀਂ ਛਡਦੀਆਂ। ਟਰੈਕਟਰ ਵੀ ਚਾਹੀਦਾ ਹੈ, ਜ਼ਮੀਨ ਵੀ ਚਾਹੀਦੀ ਹੈ, ਦਿਨ ਰਾਤ ਤੁਰਿਆ ਫਿਰਦਾ ਹੈ ਇਨ੍ਹਾਂ ਗੱਲਾਂ 'ਚ।

***ਸਤਵੈ ਸੰਜਿ ਕੀਆ ਘਰ ਵਾਸੁ ॥*** ***ਅੰਗ - 137***

ਜਦੋਂ 40 ਤੋਂ ਉਪਰ ਹੋ ਜਾਂਦਾ ਹੈ ਫੇਰ ਕਹਿੰਦਾ ਹੈ ਕਿ ਪੈਸਾ ਜੋੜਨਾ ਚਾਹੀਦਾ ਹੈ। ਪਹਿਲਾਂ ਨਹੀਂ ਧਿਆਨ ਆਉਂਦਾ, ਉਸ ਤੋਂ ਬਾਅਦ ਧਿਆਨ ਆਉਂਦਾ ਹੈ ਕਿ ਪੈਸਾ ਜੋੜੀਏ, ਪੈਸਾ ਰੱਖਣਾ ਚਾਹੀਦਾ ਹੈ ਕੋਲ। ਉਹ ਫੇਰ ਜੋੜਦਾ ਹੈ, ਚੀਜ਼ਾਂ ਖਰੀਦਦਾ ਹੈ, ਘਰ ਭਰਦਾ ਹੈ।

***ਅਠਵੈ ਕ੍ਰੋਧੁ ਹੋਆ ਤਨ ਨਾਸੁ ॥*** ***ਅੰਗ - 137***

ਇਸ ਤਰ੍ਹਾਂ ਦੇ ਨਾਲ ਇਹਦੀ ਜ਼ਿੰਦਗੀ ਹੌਲੀ-ਹੌਲੀ ਪ੍ਰਮੇਸ਼ਰ ਤੋਂ ਦੂਰ ਹੁੰਦੀ ਚਲੀ ਜਾਂਦੀ ਹੈ ਤੇ ਭੁੱਲ ਜਾਂਦਾ ਹੈ। ਜਿਹੜਾ ਕੁਛ ਕਰਕੇ ਆਇਆ ਸੀ ਉਹਦੇ ਯਾਦ ਨਹੀਂ ਰਹਿੰਦਾ। ਸੋ ਮਹਾਰਾਜ ਇਹਦੇ ਯਾਦ ਕਰਾਉਂਦੇ ਨੇ। ਮਹਾਰਾਜ ਬਾਰ-ਬਾਰ ਦੁਹਰਾਉਂਦੇ ਨੇ। ਪਰ ਮੁਸ਼ਕਲ ਇਹ ਹੈ ਕਿ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਵਾਇਆ ਸੇ ਕਿਤ ਫੇਰਹਿ ਚਿਤ ॥***

***ਅੰਗ - 1378***

ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿਮ੍ਰਿਤੀਆਂ, ਉਪਨਿਸ਼ਦਾਂ, ਗੀਤਾ ਇਹ ਤਾਂ ਹੈਗੇ ਹਿੰਦੂਆਂ ਦੇ ਗ੍ਰੰਥ। ਬਾਕੀ ਧਰਮਾਂ ਵਿਚ ਹਨ ਕੁਰਾਨ ਸ਼ਰੀਫ, ਤੌਰੇਤ, ਅੰਜੀਲ, ਜੰਬੂਰ, ਬਾਈਬਲ ਇਹ ਸਾਰੇ ਪੰਜ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਤੇ ਅਨੇਕਾਂ ਹੀ ਮਹਾਤਮਾ ਹਾਕਾਂ ਮਾਰ-ਮਾਰ ਕੇ ਇਸ ਜੀਵ ਨੂੰ ਸਮਝਾਉਂਦੇ ਨੇ। ਕਹਿੰਦੇ ਜਿਹਦੇ ਉਤੇ ਸ਼ੈਤਾਨ ਦਾ, ਕਲਜੁਗ ਦਾ ਅਸਰ ਪੈ ਗਿਆ ਉਹ ਸਭ ਕੁਛ ਸੁਣਦਾ ਹੋਇਆ ਬੋਲਾ

ਬਣਿਆ ਪਿਆ ਹੈ। ਕਹਿੰਦੇ ਨੇ ਕਾਰਨ ਕੀ ਹੈ?

ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਨੂੰ ਪੁੱਛਿਆ ਕਿ ਮਹਾਰਾਜ! ਕਾਰਨ ਕੀ ਹੈ, ਕਿਉਂ ਇਹ ਖੂਹ 'ਚ ਗਿਰਦਾ ਹੈ। ਸਭ ਕੁਛ ਜਾਣਦਾ ਹੋਇਆ ਵੀ ਨਹੀਂ ਮੰਨਦਾ। ਸੋ ਮਹਾਰਾਜ ਕਹਿੰਦੇ, ਕਾਰਨ ਇਹ ਹੈ ਕਿ ਇਹਨੂੰ ਇਹ ਨਹੀਂ ਪਤਾ ਕਿ ਮੈਂ ਸੰਸਾਰ ਤੋਂ ਚਲਿਆ ਜਾਣਾ ਹੈ। ਸੰਸਾਰ 'ਤੇ ਰਹਿਣਾ ਹੀ ਮੰਨਦਾ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਨਹੀਂਓਂ ਮਰਨ ਪਛਾਣਦਾ,***
***ਝੂਠੇ ਲਾਲਚ ਲਗ ਕੇ ਬੰਦਾ।***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ 1 ॥ ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ 2 ॥***

***ਅੰਗ – 726***

ਪਰ ਮੰਨਦਾ ਨਹੀਂ, ਕਿਉਂਕਿ ਮੌਤ ਨੂੰ ਭੁੱਲ ਗਿਆ। ਮਹਾਰਾਜ ਕਹਿੰਦੇ – 'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥' ਪ੍ਰੇਮੀਆਂ! ਪਹਿਲਾਂ ਤੂੰ ਨਾਮ ਦੀ ਬਾਤ ਸਮਝ। 'ਨਾਮ' ਜਿਹੜਾ ਹੈ ਇਹਦਾ ਕੋਈ ਮੁੱਲ ਨਹੀਂ, ਐਨੀ ਕੀਮਤੀ ਚੀਜ਼ ਤੈਨੂੰ offer (ਦੇਣੀ) ਕਰ ਰਹੇ ਨੇ ਗੁਰੂ ਸਾਹਿਬ। ਬਾਰ-ਬਾਰ ਕਹਿੰਦੇ ਨੇ ਕਿ ਤੂੰ ਨਾਮ ਜਪ ਲੈ। ਬਹੁਤ ਹੀ ਕੀਮਤੀ ਚੀਜ਼ ਹੈ। ਕਿੰਨੀ ਕੀਮਤੀ ਹੈ? ਕਹਿੰਦੇ –

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ – 649***

ਪੈਸਾ-ਟਕਾ, ਜ਼ਮੀਨਾਂ-ਜਾਇਦਾਦਾਂ, ਬਾਦਸ਼ਾਹੀਆਂ ਪਿੱਛੇ ਲੱਗੀਆਂ ਫਿਰਦੀਆਂ ਨੇ। ਉਹ ਅੱਖ ਵੀ ਨਹੀਂ ਪੱਟਦਾ, ਕਿਉਂਕਿ ਨਾਮ ਵਰਗੀ ਕੋਈ ਚੀਜ਼ ਹੀ ਨਹੀਂ, 'ਨਾਮ' ਸਭ ਤੋਂ ਉਤਮ ਚੀਜ਼ ਹੈ। ਸੋ ਸਮਝਾਉਂਦੇ ਨੇ ਕਿ ਤੂੰ ਪ੍ਰਭੂ ਦਾ ਨਾਮ ਜਪ ਲੈ। ਸੰਸਾਰ 'ਤੇ ਤੂੰ ਰਹਿਣਾ ਨਹੀਂ। ਅੱਜ ਤੱਕ ਤਾਂ ਕੋਈ ਰਿਹਾ ਨਹੀਂ, ਵੱਡੇ-ਵੱਡੇ ਆਏ –

***ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,***
***ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥***

***ਅਕਾਲ ਉਸਤਤਿ***

ਸ਼ਿਵ ਜੀ ਦੀ ਉਮਰ 16 ਕਰੋੜ ਖਰਬ ਸਾਲ ਦੀ ਹੈ। ਮਹਾਰਾਜ ਕਹਿੰਦੇ ਇਕ ਆਉਂਦਾ ਹੈ ਇਕ ਚਲਿਆ ਜਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਕੋਈ ਨਹੀਂ ਇਸ ਥਾਂ 'ਤੇ ਰਿਹਾ ਕਰਦਾ –

***ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥***
***ਅੰਗ - 474***

ਜਦੋਂ ਵਾਰੀ ਆ ਗਈ, ਸਾਧਸੰਗਤ ਜੀ, ਫੇਰ ਨਾ ਰਹਿ ਜਾਵਾਂਗੇ। ਸਭ ਨੇ ਚਲੇ ਜਾਣਾ ਹੈ। ਜਦੋਂ ਰਹਿਣਾ ਨਹੀਂ ਫੇਰ ਕੋਈ ਥਾਉਂ ਟਿਕਾਣਾ ਇਹੋ ਜਿਹਾ ਟੋਲ੍ਹਣਾ ਚਾਹੀਦਾ ਹੈ। ਜਿੱਥੇ ਜਾਣਾ ਨਹੀਂ ਕਹਿੰਦੇ ਓਹੋ ਜਿਹਾ ਵੀ ਥਾਂ ਹੈ? ਕਹਿੰਦੇ, ਹਾਂ ਓਹੋ ਜਿਹਾ ਵੀ ਹੈ, ਉਹਨੂੰ ਦਰਗਾਹ ਕਹਿੰਦੇ ਨੇ ਨਿਰੰਕਾਰ ਦੀ। ਕਾਲ ਉਥੇ ਪਹੁੰਚ ਨਹੀਂ ਸਕਦਾ, ਹੇਠਾਂ ਹੀ ਰਹਿ ਜਾਂਦਾ ਹੈ। ਸੋ ਉਹਦੇ ਵਿਚ ਜਿਹੜਾ ਜਾਣ ਦੀ ਤਿਆਰੀ ਕਰ ਲਵੇ, ਉਹ ਫੇਰ ਸਦਾ ਦਾ ਜੀਵਨ ਪ੍ਰਾਪਤ ਕਰ ਲੈਂਦਾ ਹੈ। ਉਹਦੇ ਵਾਸਤੇ ਮਹਾਰਾਜ ਕਹਿੰਦੇ ਨੇ - 'ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥' ਦਿਨ ਰਾਤ ਲਗ ਕੇ ਪ੍ਰਭੂ ਦਾ ਨਾਮ ਯਾਦ ਕਰ ਲੈ। ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥' ਛਿਨ-ਛਿਨ, ਅੱਖ ਦੇ ਝਮਕਣ ਨਾਲੋਂ 15 ਗੁਣਾਂ ਸਮਾਂ ਘੱਟ, ਐਨੀ ਛੇਤੀ ਤੇਰੇ ਸਰੀਰ ਵਿਚ ਪਰਿਵਰਤਨ ਹੋ ਰਿਹਾ ਹੈ। ਬਦਲ ਰਿਹਾ ਹੈ ਤੇਰਾ ਸਰੀਰ, ਐਨੀ ਛੇਤੀ। ਤੇਰੀ ਉਮਰ ਦੀ ਡੋਰ ਕੱਟੀ ਜਾ ਰਹੀ ਹੈ। ਕਿਉਂਕਿ ਸੂਖਸ਼ਮ ਚੀਜ਼ਾਂ ਵਿਚਾਰ, ਗਤੀ, ਹੁਣ ਤਾਂ ਨਾਪ ਲਈ ਕੰਪਿਊਟਰ ਨੇ, ਆਹ ਜਿਹੜੀ ਲਾਈਟ ਹੈ ਨਾ ਸੂਰਜ ਵਲੋਂ ਆਉਂਦੀ, ਇਹ ਇਕ ਮਿੰਟ ਦੇ ਵਿਚ ਦੋ ਖਰਬ ਲਹਿਰਾਂ ਬਣ ਕੇ ਨਿਕਲ ਜਾਂਦੀ ਹੈ ਸਾਡੇ ਕੋਲ ਦੀ। ਕਿੰਨੀ ਤੇਜ਼ੀ ਦੇ ਨਾਲ ਲਹਿਰ ਬਣ ਰਹੀ ਹੈ। ਏਧਰ ਸਾਡੇ ਇਕ ਮਿੰਟ ਹੁੰਦਾ ਹੈ, ਓਧਰ ਦੋ ਖਰਬ ਲਹਿਰ ਨਾਲ ਹੀ ਆ ਜਾਂਦੀ ਹੈ। ਇਕ ਸਕਿੰਟ ਦੇ ਅੰਦਰ cosmic rays ਤਿੰਨ ਲੱਖ ਮੀਲ ਚਲੀ ਜਾਂਦੀ ਹੈ। ਇਹ ਪਰਿਵਰਤਨ ਹੋ ਰਿਹਾ ਹੈ ਸੰਸਾਰ 'ਚ, ਪਰ ਸਾਨੂੰ ਪਤਾ ਜਦ ਲਗਦਾ ਹੈ ਜਦੋਂ 10 ਕੁ ਸਾਲ ਬਾਅਦ ਮਿਲੋ, 20 ਸਾਲ ਬਾਅਦ ਮਿਲੋ। ਕਹਿੰਦੇ ਹਾਂ ਕਿ ਤੈਨੂੰ ਕੀ ਹੋ ਗਿਆ, ਤੂੰ ਤਾਂ ਜਵਾਨ ਬੰਦਾ ਸੀ। ਉਹਨੂੰ ਨਹੀਂ ਪਤਾ ਕਿ ਮੈਂ ਇਸ ਤਰ੍ਹਾਂ ਹੋ ਗਿਆ ਕਿਉਂਕਿ ਉਹ ਰੋਜ਼ ਦੇਖਦਾ ਹੈ, ਨਾਲ ਰਹਿਣ ਵਾਲਿਆਂ ਨੂੰ ਨਹੀਂ ਪਤਾ ਲਗਦਾ। ਮਹਾਰਾਜ ਕਹਿੰਦੇ, ਤੂੰ ਬਦਲ ਰਿਹਾ ਹੈਂ -

***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥***
***ਅੰਗ - 726***

ਜਿਵੇਂ ਟੁੱਟੇ ਹੋਏ ਘੜੇ ਦਾ ਪਾਣੀ ਸਿਮ ਜਾਂਦਾ ਹੈ, ਨਿਕਲ ਜਾਂਦਾ ਹੈ, ਇਸ ਤਰ੍ਹਾਂ ਤੇਰੇ 24000 ਸਵਾਸ ਰੋਜ਼ ਦੇ ਨਿਕਲ ਰਹੇ ਹਨ। ਸੌ ਸਾਲ ਵਾਲੇ ਨੂੰ 88 ਕਰੋੜ 66 ਲੱਖ ਸਵਾਸ ਮਿਲਿਆ ਕਰਦੇ ਨੇ। ਜਿਹਦੀ ਉਮਰ 75 ਸਾਲ ਦੀ ਹੋਵੇ, ਉਹਨੂੰ 66 ਕਰੋੜ 44 ਲੱਖ ਸਵਾਸ ਮਿਲਿਆ ਕਰਦੇ ਨੇ। ਕਰੋੜਾਂ ਦੀ ਗਿਣਤੀ 'ਚ ਮਿਲਦੇ ਨੇ ਪਰ ਲੇਖੇ 'ਚ ਇਕ ਵੀ ਨਹੀਂ। ਸਾਰਿਆਂ ਦੇ ਕੋਲੇ ਬਣਾ ਰਿਹਾ ਹੈ।

***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***

***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ - 268***

ਇਨ੍ਹਾਂ ਦੇ ਲੇਖੇ ਲਾ ਰਿਹਾ ਹੈ। ਵਾਹਿਗੁਰੂ ਦੇ ਨਾਮ ਦੇ ਲੇਖੇ ਜੇ ਇਕ ਸਵਾਸ ਵੀ ਲੱਗ ਜਾਏ, ਮਹਾਰਾਜ ਕਹਿੰਦੇ ਤੇਰੇ ਦਿਲ ਤੋਂ, ਅੰਦਰੋਂ ਨਿਕਲ ਕੇ ਇਕ ਸਵਾਸ ਪ੍ਰਭੂ ਦੇ ਲੇਖੇ ਲਗ ਜਾਏ ਕਹਿੰਦੇ ਕਿੰਨਾ ਫਲ ਹੋਏਗਾ -

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ। ਅਕਾਲ ਉਸਤਤਿ***

ਕਾਲ ਦੀ ਫਾਂਸੀ ਗਲ 'ਚੋਂ ਪਈ ਹੋਈ ਕਟ ਜਾਏਗੀ।

ਕਹਿੰਦੇ ਕਿਸੇ ਦੀ ਕੱਟੀ ਵੀ ਗਈ ਹੈ?

ਕਹਿੰਦੇ, ਹਾਂ ਬੇਅੰਤ ਦੀ ਕੱਟੀ ਹੈ। ਮਹਾਰਾਜ ਗੁਰੂ ਗ੍ਰੰਥ ਸਾਹਿਬ ਮਹਾਰਾਜ ਲਿਖਦੇ ਨੇ -

***ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥***
***ਅੰਗ - 632***

ਸਾਰਾ ਸੰਸਾਰ ਜਾਣਦਾ ਸੀ ਅਜਾਮਲ ਪਾਪੀ ਨੂੰ ਤੇ ਇਕੋ ਵਾਰੀ ਉਸ ਨੇ ਨਾਰਾਇਣ ਕਿਹਾ ਸੀ -

***ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।***
***ਭਾਈ ਗੁਰਦਾਸ ਜੀ, ਵਾਰ 10/20***

ਡਰ ਕੇ ਪੁੱਤਰ ਨੂੰ ਹਾਕ ਮਾਰ ਦਿਤੀ, ਨਾਰਾਇਣ ਕਹਿ ਕੇ -

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ ॥ ਅੰਗ - 981***

ਉਹਨੇ ਕਿਹਾ ਕਿ ਮੈਨੂੰ ਬੁਲਾਉਂਦੇ ਨੇ। ਹਾਲਾਂਕਿ ਉਹ ਆਪਣੇ ਪੁੱਤਰ ਨੂੰ ਹਾਕ ਮਾਰਦਾ ਸੀ, ਉਹਨੇ ਕਿਹਾ ਮੈਨੂੰ ਬੁਲਾ ਲਓ। ਰੱਬ ਨੂੰ ਬੁਲਾ ਕੇ ਦੇਖ ਲਓ, ਉਹ ਉਦੋਂ ਹੀ ਆ ਜਾਂਦਾ ਹੈ। ਪਰ ਦਿਲ ਦੀ ਸਫਾਈ ਚਾਹੁੰਦਾ ਹੈ ਉਹ। ਮਹਾਰਾਜ ਕਹਿੰਦੇ ਇਕ ਹਾਥੀ ਨੇ ਬੁਲਾਇਆ। ਜਦੋਂ ਹਾਥੀ ਫਸ ਗਿਆ ਹਾਥੀ -

***ਜਬ ਹੀ ਸਰਨਿ ਗਹੀ ਕਿਰਪਾ ਨਿਧਿ***
***ਗਜ ਗਰਾਹ ਤੇ ਛੂਟਾ ॥ ਅੰਗ - 632***

ਪਹਿਲਾਂ ਤਾਂ ਜ਼ੋਰ ਲਾਉਂਦਾ ਰਿਹਾ ਆਪਣਾ। ਜਦ ਦੇਖਿਆ ਕਿ ਮੇਰਾ ਜ਼ੋਰ ਨਹੀਂ ਚਲ ਰਿਹਾ ਮੱਗਰਮੱਛ ਅੱਗੇ, ਫੇਰ ਉਹਨੇ ਪ੍ਰਮੇਸ਼ਰ ਦਾ ਧਿਆਨ ਕਰਿਆ। ਧਿਆਨ ਕਰਦੇ ਸਾਰ -

***ਮਹਮਾ ਨਾਮ ਕਹਾ ਲਉ ਬਰਨਉ***
***ਰਾਮ ਕਹਤ ਬੰਧਨ ਤਿਹ ਤੂਟਾ ॥ ਅੰਗ - 632***

ਕਹਿੰਦੇ, ਕਿੰਨੀ ਕੁ ਮਹਿਮਾ ਦੱਸੀਏ, ਇੱਕੋ ਵਾਰੀ ਰਾਮ ਕਿਹਾ ਆ ਕੇ ਸਾਰੇ ਬੰਧਨ ਕੱਟ ਦਿਤੇ ਉਹਦੇ। ਹਾਥੀ ਛੁਡਾ ਦਿਤਾ।

ਆਪਾਂ ਤਾਂ ਫੇਰ ਵੀ ਮਨੁੱਖ ਹਾਂ ਸਾਧਸੰਗਤ ਜੀ। ਮਹਾਰਾਜ ਕਹਿੰਦੇ ਇਸ ਤਰ੍ਹਾਂ -

***ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ ॥***

***ਅੰਗ- 981***

ਨਾਰਾਇਣ ਕਹਿ ਕੇ ਹਾਕ ਮਾਰ ਦਿਤੀ -

***ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ***
***ਜਮਕੰਕਰ ਮਾਰਿ ਬਿਦਾਰੇ ॥*** ***ਅੰਗ- 981***

ਐਡਾ ਜੋ 'ਨਾਮ' ਹੈ ਮਹਾਰਾਜ ਕਹਿੰਦੇ ਫੇਰ ਤੂੰ ਕਿਉਂ ਨਹੀਂ ਜਪਦਾ -

***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***

***ਅੰਗ - 726***

ਅਸੀਂ ਕਹਿੰਦੇ ਹਾਂ ਜੀ ਅਸੀਂ ਤਾਂ ਨਹੀਂ ਮੂਰਖ ਹੈਗੇ, ਸਾਨੂੰ ਮੂਰਖ ਨਾ ਕਹੋ। ਸਾਨੂੰ ਪਹਿਲਾਂ ਪਤਾ ਹੀ ਨਹੀਂ ਕਿ ਮੂਰਖ ਕੀ ਹੁੰਦਾ ਹੈ। ਮਹਾਰਾਜ ਕੀਹਨੂੰ ਮੂਰਖ ਕਹਿੰਦੇ ਨੇ।

ਇਕ ਵਾਰੀ ਇਕ ਰਾਜਾ ਰਾਜ ਕਰਦਾ ਸੀ, ਉਹਦੀ ਜੋ ਰਾਣੀ ਸੀ ਸਤਿਸੰਗ 'ਚ ਜਾਇਆ ਕਰਦੀ ਹੈ। ਸੰਤਾਂ ਦੇ ਕੋਲ ਜਾ ਕੇ ਉਹਨੇ ਸ਼ੁਭ ਬਚਨ ਸੁਣਨੇ, ਯਥਾਸ਼ਕਤ ਸੇਵਾ ਕਰਨੀ ਤੇ ਉਪਦੇਸ਼ ਹਿਰਦੇ 'ਚ ਧਾਰਨ ਕਰਕੇ ਜਾਣਾ, ਅੰਮ੍ਰਿਤ ਵੇਲੇ ਜਾਗਦੀ ਸੀ, ਬੈਠ ਕੇ ਸਿਮਰਨ ਕਰਦੀ ਸੀ, ਭਜਨ ਕਰਦੀ ਸੀ। ਉਹਦੇ ਮਨ 'ਚ ਆਇਆ ਕਿ ਮੇਰਾ ਪਤੀ ਜਿਹੜਾ ਹੈ ਇਹਦਾ ਉਧਾਰ ਕਿਵੇਂ ਹੋਏਗਾ, ਇਹ ਤਾਂ ਸੁੱਤਾ ਪਿਆ ਰਹਿੰਦਾ ਹੈ। ਉਹਨੇ ਉਹਨੂੰ ਕਥਾਵਾਂ ਸੁਣਾਉਣੀਆਂ। ਉਹ ਕਹਿੰਦਾ ਤੂੰ ਮੈਨੂੰ ਸਵੇਰ ਨੂੰ ਜਗਾਈਂ ਮੈਂ ਵੀ ਭਜਨ ਕਰਿਆ ਕਰਾਂਗਾ। ਜਦੋਂ ਸਵੇਰ ਹੋਣੀ ਉਹਨੇ ਹਾਕ ਮਾਰਨੀ, ਰਾਜਨ! ਉਠੋ ਭਜਨ ਦਾ ਵਕਤ ਹੋ ਗਿਆ। ਉਹਨੇ ਰਜਾਈ ਲੈ ਕੇ ਜਾਂ ਉਪਰ ਕੱਪੜਾ ਲੈ ਕੇ ਹੋਰ ਸੌਂ ਜਾਣਾ। ਛੇ ਸਾਲ ਲੰਘ ਗਏ ਨਾ ਤਾਂ ਉਹ ਵਿਚਾਰੀ ਹਟੀ, ਨਾ ਉਹ ਉਠਿਆ। ਰਾਤ ਨੂੰ ਰੋਜ਼ ਕਹਿ ਦਿਆ ਕਰੇ ਕਿ ਮੈਨੂੰ ਅੱਜ ਜਗਾਈਂ। ਉਹਨੇ ਵੀ ਦਮ ਨਾ ਤੋੜਿਆ। ਛੇ ਸਾਲਾਂ ਬਾਅਦ ਜਦ ਇਕ ਦਿਨ ਉਠਿਆ ਨਾ, ਤਾਂ ਕਹਿੰਦੀ ਮਹਾਰਾਜ! ਮੈਂ ਇਕ ਗੱਲ ਕਹਿਣੀ ਚਾਹੁੰਦੀ ਹਾਂ, ਬਹੁਤ ਦਿਨਾਂ ਤੋਂ ਮੇਰੇ ਮੂੰਹ 'ਤੇ ਆਉਂਦੀ ਹੈ, ਮੈਂ ਬੋਲ ਨਹੀਂ ਸਕਦੀ। ਕਹਿੰਦਾ, ਕਹਿ ਦੇ। ਕਹਿੰਦੀ ਮੈਂ ਕਹਿ ਦਿੰਦੀ ਹਾਂ ਕਿ ਮੂਰਖ ਹੋਂ ਤੁਸੀਂ। ਕਹਿੰਦਾ, ਹੈਂ ਮੈਂ ਮੂਰਖ ਹਾਂ? ਕਹਿੰਦੀ, ਹਾਂ। ਛੇ ਸਾਲ ਤਾਂ ਮੈਨੂੰ ਕਹਿੰਦੀ ਨੂੰ ਹੋ ਗਏ। ਕਿੰਨਾ ਨਾਮ ਜਪ ਹੋ ਜਾਂਦਾ ਛੇ ਸਾਲ 'ਚ। ਦੂਜੇ ਦਿਨ ਸਭਾ ਦੇ ਵਿਚ ਜਦ ਗਿਆ ਪ੍ਰਾਈਮ ਮਨਿਸਟਰ ਨੂੰ

ਕਹਿਣ ਲੱਗਿਆ ਕਿ ਆਪਣੇ ਰਾਜ ਵਿਚ ਮੂਰਖ ਵੀ ਹੈਗੇ? ਕਹਿੰਦੇ, ਮਹਾਰਾਜ! ਸਾਰਾ ਸੰਸਾਰ ਹੀ ਮੂਰਖਾਂ ਦਾ ਹੈ, ਅਕਲ ਵਾਲੇ ਤਾਂ ਬੰਦੇ ਹੀ ਥੋੜ੍ਹੇ ਨੇ। ਇਥੇ ਤਾਂ ਮੂਰਖ ਹੀ ਮੂਰਖ ਭਰੇ ਪਏ ਨੇ। ਕਹਿੰਦਾ, ਮੈਂ ਬੁਲਾਉਣਾ ਚਾਹੁੰਦਾ ਹਾਂ। ਕਹਿੰਦਾ, ਕਿਹੜੀ ਕਿਸਮ ਦੇ? ਕਹਿੰਦੇ, ਜਿਹੜੇ ਵੱਡੇ ਮੂਰਖ ਹੋਣ, ਮਹਾਂਮੂਰਖ। ਉਸ ਵੇਲੇ ਸਭਾ ਹੋ ਗਈ। ਸਭਾ ਹੋਈ 'ਤੇ ਕਮੇਟੀ ਬਣਾ ਦਿਤੀ, ਖੂੰਡੀ ਸੀ ਸੋਨੇ ਦੇ ਹੱਥੇ ਵਾਲੀ, ਕਹਿਣ ਲੱਗਿਆ, ਆਹ ਖੂੰਡੀ ਉਹਨੂੰ ਦੇਣੀ ਹੈ ਜਿਹੜਾ ਸਾਰਿਆਂ ਨਾਲੋਂ ਵੱਡਾ ਮੂਰਖ ਹੋਵੇ, ਨਾਲੇ ਆਪਣਾ ਪ੍ਰਧਾਨ ਬਣਾਉਣਾ ਹੈ ਉਹਨੂੰ। ਕਮੇਟੀ ਬਣਾ ਦਿਤੀ ਕਿ ਮੂਰਖਾਂ ਦੀ ਲਿਸਟ ਦੇਖ ਕੇ ਵਜ਼ੀਰ ਨੂੰ ਕਹਿ ਦਿਤਾ ਕਿ ਤੁਸੀਂ ਦਸੋ ਕਿ ਕਿਹੜਾ ਮੂਰਖ ਹੈ। ਇੰਟਰਵਿਊ ਹੋਣ ਲੱਗ ਗਈ ਤੇ ਸਾਰਿਆਂ ਦੇ ਮਨਾਂ 'ਚ ਕਿ ਰਾਜੇ ਨੇ ਪਤਾ ਨਹੀਂ ਕੁਛ ਦੇਣਾ ਹੈ, ਇਨ੍ਹਾਂ ਦੀ ਸਭਾ ਬੁਲਾਈ ਹੈ ਪਹਿਲਾਂ ਫੇਰ ਇਨ੍ਹਾਂ ਦਾ ਪ੍ਰਧਾਨ ਮੁਕਰੱਰ ਕਰਨਾ ਹੈ। ਅਸੀਂ ਤਾਂ ਰਾਜੇ ਦੇ ਨਾਲ ਹੀ ਰਹਾਂਗੇ, ਸਾਰਿਆਂ ਨੂੰ ਫੇਲ੍ਹ ਕਰੀ ਜਾਂਦੇ ਨੇ ਕਿ ਸਾਨੂੰ ਤਾਂ ਤੇਰੇ ਨਾਲੋਂ ਵੀ ਵੱਡਾ ਮੂਰਖ ਚਾਹੀਦਾ ਹੈ। ਇਕ ਘਰ 'ਚ ਗਏ, ਜਦੋਂ ਉਹਦੀ ਇੰਟਰਵਿਊ ਲਈ ਉਹ ਕਹਿਣ ਲੱਗੇ ਬਈ ਮਹਾਰਾਜ ਕਾਹਦੀ ਇੰਟਰਵਿਊ ਲੈਂਦੇ ਹਨ, ਸਾਨੂੰ ਤਾਂ ਸਾਰੇ ਟੱਬਰ ਨੂੰ ਹੀ ਮੂਰਖਾਂ ਦਾ ਟੱਬਰ ਕਹਿੰਦੇ ਨੇ। ਕਹਿੰਦੇ ਉਹ ਕਿਵੇਂ? ਕਹਿੰਦੇ, ਮਹਾਰਾਜ! ਸਾਡਾ ਇਕ ਰਿਸ਼ਤੇਦਾਰ ਸੀ, ਬਹੁਤ ਮੇਰਾ ਨੇੜੇ ਦਾ ਰਿਸ਼ਤੇਦਾਰ, ਸਹੁਰਿਆਂ ਦਾ। ਉਹ ਚੜ੍ਹਾਈ ਕਰ ਗਿਆ, ਮੈਂ ਵੱਡੇ ਮੁੰਡੇ ਨੂੰ ਮਕਾਣ ਭੇਜ ਦਿਤਾ, ਮੈਂ ਕਿਹਾ ਮੈਨੂੰ ਕੰਮ ਹੈ ਤੂੰ ਮਕਾਣ ਦੇ ਆ। ਮੈਂ ਫੇਰ ਭੋਗ 'ਤੇ ਜਾਵਾਂਗਾ। ਜਦੋਂ ਉਹ ਮਕਾਣ ਦੇ ਕੇ ਆਇਆ ਤਾਂ ਮੈਂ ਪੁੱਛਿਆ ਕਿ ਕਾਕਾ! ਤੂੰ ਉਥੇ ਕੋਈ ਗੱਲ ਵੀ ਕਰੀ, ਪਰਚੌਣੀ ਕਰੀ ਹੋਵੇ, ਪਰਚੌਣੀ ਕਰਨ ਦਾ ਮਤਲਬ ਹੁੰਦਾ ਹੈ ਕਿ ਦਿਲਾਸਾ ਦੇਣਾ, ਹੌਂਸਲਾ ਦੇਣਾ। ਕਹਿੰਦਾ, ਮੈਂ ਤਾਂ ਕੁਛ ਨਹੀਂ ਕਿਹਾ। ਮੈਂ ਕਿਹਾ, ਕੁਛ ਤਾਂ ਕਹਿਣਾ ਸੀ। ਕਹਿੰਦਾ ਨਾ ਮੈਂ ਕੁਛ ਨਹੀਂ ਕਿਹਾ। ਚੁੱਪ ਕਰਕੇ ਗਿਆ ਚੁੱਪ ਕਰਕੇ ਆ ਗਿਆ। ਕਹਿੰਦਾ, ਤੂੰ ਤਾਂ ਮੂਰਖ ਹੈਂ। ਛੋਟੇ ਮੁੰਡੇ ਨੂੰ ਬੁਲਾ ਲਿਆ ਕਿ ਤੂੰ ਜਾਹ, ਤੂੰ ਚੁਸਤ ਹੈਂ ਥੋੜ੍ਹਾ ਜਿਹਾ। ਕਹਿੰਦਾ, ਮੈਂ ਤਾਂ ਬਾਪੂ ਕਿਸੇ ਕਿਤਾਬ 'ਚ ਪੜ੍ਹਿਆ ਨਹੀਂ ਕਿ ਮਕਾਣ 'ਚ ਕਿਹੜੀਆਂ ਗੱਲਾਂ ਕਰੀਦੀਆਂ ਨੇ। ਉਹ ਕਹਿੰਦਾ ਕਿਤਾਬਾਂ 'ਚ ਨਹੀਂ ਲਿਖੀ ਹੁੰਦੀ, ਉਥੇ ਹੀ ਦੇਖ ਲਈਦੀ ਹੈ ਕਿ ਉਹ ਗੱਲਾਂ ਕਿਵੇਂ ਕਰਦੇ ਨੇ। ਉਹ ਜਦ ਗਿਆ ਤਾਂ ਉਨ੍ਹਾਂ ਦੀ ਲਾਗਬਾਜ਼ੀ ਵਾਲੇ ਖੜ੍ਹੇ ਸੀ ਬਾਹਰ। ਉਹ ਗੱਲਾਂ ਕਰ ਰਹੇ ਸੀ ਘੁਸਰ-ਮੁਸਰ। ਇਹਨੇ ਕਿਹਾ ਕਿ ਇਥੋਂ ਹੀ ਗੱਲ ਸਿਖਦਾ ਹਾਂ। ਉਹ ਕਹਿਣ ਲੱਗੇ ਕਿ ਬੜਾ ਵਧੀਆ ਹੋ ਗਿਆ, ਇਹਦਾ ਹੁਣ ਸੁਆਦ ਆਏਗਾ ਇਹ ਮਰ ਗਿਆ। ਇਹੀ ਬਹੁਤਾ ਆਫਰਦਾ ਹੁੰਦਾ ਸੀ। ਹੁਣ ਪਤਾ ਲੱਗੂ ਇਨ੍ਹਾਂ ਨੂੰ। ਇਹੋ ਜਿਹੀਆਂ ਬੁਰੀਆਂ ਗੱਲਾਂ ਕਿੰਨੀਆਂ ਸਾਰੀਆਂ ਕਹੀਆਂ। ਇਹਨੇ ਕੰਠ ਕਰ ਲਈਆਂ। ਉਥੇ ਕਿੰਨੀਆਂ ਹੀ ਮਕਾਣਾਂ

ਬੈਠੀਆਂ ਸੀ। ਜਾਂਦਾ ਹੀ ਕਹਿਣ ਲੱਗਿਆ, ਲਓ ਬਈ ਭਰਾਵੋ! ਮੇਰੀ ਸੁਣੋ, ਇਹ ਬਹੁਤ ਵਧੀਆ ਕੰਮ ਹੋ ਗਿਆ, ਇਹ ਮਰ ਗਿਆ, ਹੁਣ ਆਊਗਾ ਤੁਹਾਨੂੰ ਸੁਆਦ, ਇਹ ਬਹੁਤ ਬੁਰਾ ਸੀ, ਇਹਨੇ ਪਿੰਡ ਨੂੰ ਬਹੁਤ ਦੁਖੀ ਕਰਿਆ ਹੋਇਆ ਸੀ। ਹੁਣ ਪਤਾ ਲੱਗੇਗਾ ਇਨ੍ਹਾਂ ਨੂੰ। ਜਦੋਂ ਐਨੀ ਗੱਲ ਕਹੀ, ਗੁੱਸਾ ਆ ਗਿਆ ਉਨ੍ਹਾਂ ਨੂੰ। ਉਨ੍ਹਾਂ ਨੇ ਦੋ ਚਾਰ ਇਹਦੇ ਧਰ ਦਿਤੀਆਂ। ਕਹਿੰਦੇ, ਤੂੰ ਕੀ ਕਰਦਾ ਹੈਂ ਚੱਲ ਇਥੋਂ। ਵਾਪਸ ਆਇਆ ਤਾਂ ਨੀਲ ਪਏ ਹੋਏ ਨੇ ਮੂੰਹ 'ਤੇ। ਬਾਪ ਕਹਿੰਦਾ, ਕੀ ਗੱਲ? ਕਹਿੰਦਾ ਮੈਨੂੰ ਕੁੱਟਿਆ ਉਨ੍ਹਾਂ ਨੇ। ਕਹਿੰਦਾ ਕਿਉਂ? ਕਹਿੰਦਾ, ਮੈਂ ਇਸ ਤਰ੍ਹਾਂ ਕਿਹਾ ਸੀ। ਕਹਿੰਦਾ ਤੂੰ ਕਿਉਂ ਇਸ ਤਰ੍ਹਾਂ ਕਿਹਾ? ਕਹਿੰਦਾ, ਬਾਹਰ ਖੜ੍ਹੇ ਗੱਲਾਂ ਕਰਦੇ ਸੀ, ਤੂੰ ਹੀ ਕਿਹਾ ਸੀ ਕਿ ਜਿਹੋ ਜਿਹੀਆਂ ਲੋਕ ਗੱਲਾਂ ਕਰਨ ਉਹੋ ਜਿਹੀ ਗੱਲ ਕਰ ਦੇਈਦੀ ਹੈ। ਤੂੰ ਤਾਂ ਇਸ ਤੋਂ ਵੀ ਮਹਾਂਮੂਰਖ ਹੈਂ। ਉਥੇ ਹੀ ਹਲ ਛੱਡ ਕੇ ਆਪ ਤੁਰ ਗਿਆ, ਕਹਿੰਦਾ ਮੈਨੂੰ ਹੀ ਜਾਣਾ ਪੈਣਾ ਹੈ। ਅਜੇ ਮਕਾਣਾਂ ਬੈਠੀਆਂ ਸੀ। ਦੌੜਿਆ-ਦੌੜਿਆ ਗਿਆ ਜਾ ਕੇ ਹੱਥ ਜੋੜ ਕੇ ਖੜ੍ਹ ਗਿਆ ਕਹਿੰਦਾ ਭਰਾਵੋ! ਮੇਰੀ ਇਕ ਬੇਨਤੀ ਸੁਣੋ ਮਾਫੀ ਮੰਗਣ ਆਇਆ ਹਾਂ। ਪਹਿਲਾਂ ਮੁੰਡਾ ਭੇਜਿਆ ਉਹਨੇ ਕੋਈ ਗੱਲ ਨਹੀਂ ਕਰੀ। ਦੂਜਾ ਭੇਜਿਆ, ਚੰਗਾ ਹੋਇਆ ਤੁਸੀਂ ਉਹਦੇ ਲਾ ਦਿਤੀਆਂ। ਹੁਣ ਤਾਂ ਦਿਓ ਮਾਫੀ, ਜਦ ਹੁਣ ਤੁਹਾਡਾ ਕੋਈ ਮਰਿਆ ਤਾਂ ਮੈਂ ਹੀ ਆਇਆ ਕਰਾਂਗਾ। ਕਹਿੰਦੇ, ਤੁਸੀਂ ਤਾਂ ਸਾਰੇ ਹੀ ਮੂਰਖ ਹੋਂ।

ਸੋ ਇਹੋ ਜਿਹਿਆਂ ਦੀ ਲਿਸਟ ਬਣਾ ਦਿਤੀ। ਰਾਜਾ ਰਹਿ ਗਿਆ। ਰਾਜਾ ਹੋ ਗਿਆ ਬਿਮਾਰ। ਕਮੇਟੀ ਕਹਿਣ ਲੱਗੀ ਕਿ ਰਾਜੇ ਨੂੰ ਮਿਲਣਾ ਹੈ। ਹਕੀਮਾਂ ਨੇ ਕਿਹਾ ਕਿ ਇਹ ਤੁਰਨ ਵਾਲਾ ਹੀ ਹੈ। ਕਹਿੰਦੇ, ਦਸ ਦਿਤਾ ਇਹਨੂੰ, ਕਹਿੰਦੇ ਹਾਂ ਦਸ ਦਿਤਾ। ਕਹਿੰਦੇ, ਗੱਲ ਕਰ ਲਈਏ ਛੇਤੀ। ਕਹਿੰਦੇ, ਮਹਾਰਾਜ! ਤੁਸੀਂ ਕਿੱਥੇ ਜਾ ਰਹੇ ਓਂ? ਕਹਿੰਦਾ, ਮੈਨੂੰ ਨਹੀਂ ਪਤਾ। ਤੁਹਾਡੇ ਨਾਲ ਕੋਈ ਤੁਹਾਡਾ ਅੰਗਰਖਸ਼ਕ ਜਾ ਰਿਹਾ ਹੈ? ਕਹਿੰਦਾ, ਨਾ। ਰਾਣੀਆਂ ਜਾ ਰਹੀਆਂ ਹਨ? ਕਹਿੰਦਾ ਨਾ। ਪੈਸਾ ਟਕਾ? ਕਹਿੰਦਾ ਕੋਈ ਨਹੀਂ ਜਾ ਰਿਹਾ। ਸਿਪਾਹੀ ਤੇ ਫੌਜ? ਕਹਿੰਦਾ, ਕੋਈ ਨਹੀਂ ਜਾ ਰਹੀ। ਕੱਪੜੇ ਲੀੜੇ, ਹਾਰ ਜਿਹੜੇ ਪਾਏ ਹੋਏ ਨੇ? ਕਹਿੰਦਾ, ਕੋਈ ਨਹੀਂ ਜਾ ਰਿਹਾ -

***ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥***

***ਅੰਗ - 471***

ਕਹਿੰਦਾ, ਉਥੇ ਤਾਂ ਕੱਪੜਾ ਵੀ ਨਹੀਂ ਨਾਲ ਜਾਂਦਾ। ਫੇਰ ਕਹਿੰਦੇ, ਕਾਹਦੇ ਵਾਸਤੇ ਤੂੰ ਐਡਾ ਅਡੰਬਰ ਰਚਿਆ ਤੇ ਇਹਦੇ ਵਿਚ ਫਸਦਾ ਰਿਹਾ। ਲੈ ਸੋਟੀ ਤੂੰ ਹੀ ਲੈ ਲੈ, ਤੂੰ ਹੀ ਪ੍ਰਧਾਨ ਹੈਂ। ਸਭ ਤੋਂ ਵੱਡਾ ਮੂਰਖ ਤੂੰ ਹੈਂ। ਜਿਹਨੂੰ ਐਨਾ ਨਹੀਂ ਪਤਾ ਲੱਗਿਆ ਕਿ ਦਰਗਾਹ ਦੇ

ਵਾਸਤੇ ਮੈਂ ਤੋਸਾ ਨਾਲ ਲੈ ਕੇ ਜਾਣਾ ਹੈ -

*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥* ***ਅੰਗ - 264***

ਨਾਮ ਦਾ ਤੋਸਾ ਲੈ ਜਾਂਦਾ, ਦਰਗਾਹ 'ਚ ਸੁਖਾਲਾ ਰਹਿੰਦਾ। ਜਿੱਥੇ ਕੋਈ ਨਹੀਂ ਸਹਾਇਤਾ ਕਰਦਾ, ਉਸ ਥਾਂ ਦੇ ਉਤੇ 'ਨਾਮ' ਸਹਾਇਤਾ ਕਰਦਾ ਹੈ -

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥*

***ਅੰਗ - 70***

ਸੋ ਕਹਿਣ ਲੱਗੇ, ਤੁਸੀਂ ਹੀ ਵੱਡੇ ਮੂਰਖ ਹੋਂ। ਮਹਾਰਾਜ ਕਹਿੰਦੇ, ਨਹੀਂ ਇਸ ਤੋਂ ਵੱਡੇ ਮੂਰਖ ਹਨ। ਕਹਿੰਦੇ, ਮਹਾਰਾਜ! ਉਹ ਤੁਸੀਂ ਦਸ ਦਿਓ, ਸਾਨੂੰ ਤਾਂ ਆਉਂਦਾ ਨਹੀਂ ਦੱਸਣਾ। ਮਹਾਰਾਜ ਕਹਿੰਦੇ, ਵਾਹਿਗੁਰੂ ਇਥੇ ਸਾਰੇ ਪ੍ਰੀਪੂਰਨ ਹੈ, ਕੋਈ ਥਾਂ ਐਸਾ ਨਹੀਂ ਜਿੱਥੇ ਰੱਬ ਨਹੀਂ ਹੈ, ਜਾਂ ਇਸ ਤਰ੍ਹਾਂ ਸਮਝ ਲਓ ਕਿ ਰੱਬ ਤੋਂ ਬਿਨਾਂ ਕੋਈ ਚੀਜ਼ ਨਹੀਂ ਇਥੇ। ਪਰ ਜਿਹੜਾ ਬੰਦਾ ਕਹਿੰਦੇ ਇਸ ਚੀਜ਼ ਨੂੰ ਮੰਨਦਾ ਨਹੀਂ ਹੈ, ਉਹ ਮੂਰਖਾਂ ਦਾ ਮੂਰਖ ਹੈ। ਹੁਣ ਇਹ ਗੱਲ ਮੰਨਣ ਨੂੰ ਨਾ ਮੰਨਣਾ ਕਹਿੰਦੇ ਨੇ -

*ਮੰਨੇ ਕੀ ਗਤਿ ਕਹੀ ਨ ਜਾਇ ॥*
*ਜੇ ਕੋ ਕਹੈ ਪਿਛੈ ਪਛੁਤਾਇ ॥*
*ਕਾਗਦਿ ਕਲਮ ਨ ਲਿਖਣਹਾਰੁ ॥*
*ਮੰਨੇ ਕਾ ਬਹਿ ਕਰਨਿ ਵੀਚਾਰੁ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥* ***ਅੰਗ- 3***

ਕਹਿੰਦੇ, ਜਿਹੜਾ ਇਹ ਨਹੀਂ ਮੰਨਦਾ -

*ਮੂਰਖਾ ਸਿਰਿ ਮੂਰਖੁ ਹੈ ਜਿ ਮੰਨੇ ਨਾਹੀ ਨਾਉ ॥*

***ਅੰਗ - 1015***

ਸੋ ਮਹਾਰਾਜ ਕਹਿੰਦੇ, ਤੂੰ ਐਡਾ ਮੂਰਖ -

*ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥*

***ਅੰਗ - 726***

ਤੇ ਨਾਲ ਅਗਿਆਨੀ ਵੀ ਹੈ। ਕਹਿੰਦਾ ਹੈ ਕਿ ਮਹਾਰਾਜ ਮੈਂ ਤਾਂ ਪੀਐਚ.ਡੀ ਕਰੀ ਹੋਈ ਹੈ, ਮੈਂ ਡਾਕਟਰੀ ਕਰੀ ਹੋਈ ਹੈ, ਮੈਂ ਇੰਜੀਨੀਅਰ ਹਾਂ, ਮੈਂ ਸਰਪੰਚ ਹਾਂ, ਮਹਾਰਾਜ ਕਹਿੰਦੇ, ਮੂਰਖ ਹੈ ਜੇ ਨਾਮ 'ਤੇ ਵਿਸ਼ਵਾਸ਼ ਨਹੀਂ ਆਇਆ ਤੈਨੂੰ –

***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥***

***ਅੰਗ – 726***

ਮੌਤ ਅਟੱਲ ਚੀਜ਼ ਹੈ। ਇਹਨੂੰ ਕੋਈ ਨਹੀਂ ਟਾਲ ਸਕਦਾ। ਬਹੁਤ ਜਣਿਆ ਨੇ ਯਤਨ ਕਰੇ ਨੇ ਨਾ ਆਵੇ। ਪਰ ਟਾਲ ਨਾ ਸਕੇ।

ਵੇਦ ਵਿਆਸ ਜੀ ਨੂੰ ਕਹਿੰਦੇ ਕਿ ਉਹ ਅਕਾਲ ਪੁਰਸ਼ ਹੈ, 4 ਅਰਬ 32 ਕਰੋੜ ਸਾਲ ਦੀ ਉਮਰ ਹੈ ਉਹਦੀ। ਉਹਦਾ ਇਕ ਨੌਕਰ ਸੀ ਇਕ ਕਲਪ ਦੇ ਅੰਦਰ, ਉਹਦਾ ਖਿਆਲ ਹੋਇਆ ਕਿ ਮੈਂ ਇਹਦੀ ਉਮਰ ਵਧਵਾ ਦੇਵਾਂ ਧਰਮਰਾਜ ਤੋਂ। ਧਰਮਰਾਜ ਕੋਲ ਚਲਿਆ ਗਿਆ। ਕਹਿਣ ਲੱਗਿਆ ਧਰਮਰਾਜ ਕਿ ਦੱਸੋ ਕਿਸ ਤਰ੍ਹਾਂ ਆਏ ਆਪ? ਕਹਿਣ ਲੱਗੇ, ਮਹਾਰਾਜ ਇਹ ਜਿਹੜਾ ਸੇਵਕ ਹੈ ਸਾਡਾ ਇਹ ਬਹੁਤ ਵਧੀਆ ਹੈ, ਮੇਰੇ ਮਨ 'ਚੋਂ ਜੋ ਗੱਲ ਆਉਂਦੀ ਹੈ ਉਹ ਪਹਿਲਾਂ ਹੀ ਕਰ ਦਿਓ ਤੇ ਇਹਦੀ ਉਮਰ ਵਧਾ ਦਿਓ। ਉਹ ਕਹਿੰਦੇ, ਮੇਰੇ ਤਾਂ ਅਖਤਿਆਰ ਵਿਚ ਨਹੀਂ, ਬ੍ਰਹਮਾ ਜੀ ਨੂੰ ਪੁੱਛ ਲਓ। ਦੋਵੇਂ ਬ੍ਰਹਮਾ ਜੀ ਕੋਲ ਚਲੇ ਗਏ। ਉਹ ਕਹਿੰਦੇ, ਕਾਲ ਤਾਂ ਮੇਰੇ ਹੱਥ ਵਿਚ ਨਹੀਂ ਹੈ, ਕਾਲ ਤਾਂ ਸ਼ਿਵ ਜੀ ਦੇ ਹੱਥ ਵਿਚ ਹੈ। ਸ਼ਿਵ ਜੀ ਕੋਲ ਗਏ ਉਹ ਕਹਿੰਦੇ ਮੇਰੇ ਹੱਥ 'ਚ ਤਾਂ ਕਾਲ ਨਹੀਂ ਹੈ, ਇਹ ਤਾਂ ਲੇਖ ਲਿਖੇ ਹੁੰਦੇ ਨੇ। ਤੁਸੀਂ ਚਿਤ੍ਰਗੁਪਤ ਨੂੰ ਪੁੱਛ ਲਓ ਕਿ ਇਹਨੇ ਕਦੋਂ ਮਰਨਾ ਹੈ, ਮੁੜ ਕੇ ਚਿਤ੍ਰਗੁਪਤ ਕੋਲ ਗਏ, ਕਹਿੰਦੇ, ਉਹਦਾ ਖਾਤਾ ਖੋਲ੍ਹ ਕੇ ਦੱਸੋ। ਖਾਤਾ ਖੋਲ੍ਹ ਕੇ ਦੇਖਿਆ ਕਹਿੰਦੇ, ਉਹ ਤਾਂ ਮਰ ਗਿਆ ਜੀ। ਕਹਿੰਦੇ, ਇਥੇ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਜਦੋਂ ਵੇਦ ਵਿਆਸ, ਧਰਮਰਾਜ, ਬ੍ਰਹਮਾ ਤੇ ਸ਼ਿਵ ਜੀ ਇਕੱਠੇ ਹੋ ਕੇ ਚਿਤ੍ਰਗੁਪਤ ਕੋਲ ਆਉਣਗੇ ਤਾਂ ਉਸ ਵੇਲੇ ਇਹਦੀ ਮੌਤ ਹੋਏਗੀ। ਕਹਿੰਦੇ, ਉਹ ਤਾਂ ਮਰ ਗਿਆ।

ਸੋ ਮਹਾਰਾਜ ਕਹਿੰਦੇ, ਮੌਤ ਹੈ ਅਟੱਲ ਸਚਾਈ ਪਰ ਇਸ ਤੋਂ ਡਰਨਾ ਨਹੀਂ ਚਾਹੀਦਾ। ਡਰਦੇ ਉਹ ਨੇ –

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥ ਅੰਗ – 84***

ਧਰਮੀ ਤਾਂ ਖੁਸ਼ ਹੁੰਦਾ ਹੈ ਕਿਉਂਕਿ ਉਹਨੇ ਆਪਣੇ ਧਰਮ ਨੂੰ ਜਾਣਿਆ ਹੈ –

***ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥***
***ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ – 1365***

ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜਿਹੜੀ ਮੌਤ ਤੋਂ ਡਰੇ ਜਗ ਸਾਰਾ,*
*ਮੇਰੇ ਮਨ ਆਨੰਦ ਹੈ ਪਿਆਰਿਓ।*

ਸੋ ਇਸ ਤਰ੍ਹਾਂ ਦੇ ਨਾਲ ਉਹ ਅੰਗਰੇਜ਼ ਪੁੱਤਰ ਨੂੰ ਕਹਿਣ ਲੱਗਿਆ ਕਿ ਬੇਟਾ, ਤੂੰ ਮੇਰੇ ਨਮਿੱਤ ਨਾਮ ਜਪ। ਪੁੱਤਰ ਆਗਿਆਕਾਰ ਸੀ, 60 ਦਿਨ ਉਹਦੇ ਨਮਿੱਤ ਨਾਮ ਜਪਦਾ ਰਿਹਾ। ਉਸ ਤੋਂ ਬਾਅਦ ਉਹਦਾ ਪਿਤਾ ਫੇਰ ਆਇਆ ਆ ਕੇ ਕਹਿਣ ਲੱਗਿਆ ਕਿ ਬੇਟਾ! ਪ੍ਰਕਾਸ਼ ਹੋ ਗਿਆ ਉਥੇ।

ਇੱਕ ਮੈਂ ਤੈਨੂੰ ਗੱਲ ਦਸਦਾ ਹਾਂ ਕਿ ਸਾਨੂੰ ਅੱਗੇ ਦਿਸਦਾ ਹੈ, ਬਹੁਤ ਅੱਗੇ। ਜਿਵੇਂ ਉੱਚੀ ਚੜ੍ਹ ਕੇ ਕੇ 200 ਮੀਲ ਤੱਕ ਨਹੀਂ ਦਿਸਦਾ, ਜਹਾਜ਼ 'ਤੇ ਜਾਓ, ਡੇਢ-ਦੋ ਸੌ ਮੀਲ ਤੱਕ ਨਜ਼ਰ ਆਈ ਜਾਂਦਾ ਹੈ। ਸਾਨੂੰ ਤੇਰੇ ਅਗਲੇ ਦਿਨਾਂ ਦਾ ਪਤਾ ਹੈ ਕਿ ਤੇਰੇ ਨਾਲ ਕੱਲ੍ਹ ਨੂੰ ਕੀ ਹੋਣਾ ਹੈ, ਪਰਸੋਂ ਨੂੰ ਕੀ ਹੋਣਾ ਹੈ, ਤੈਨੂੰ ਨਹੀਂ ਪਤਾ ਕਿ ਮੈਂ ਕਿੱਥੇ ਗਿਰ ਪੈਣਾ ਹੈ, ਕਿੱਥੇ ਮੇਰੇ ਸੱਟ ਲਗ ਜਾਣੀ ਹੈ। ਤੇਰੇ 'ਤੇ ਤਾਂ ਅਚਿੰਤੇ ਬਾਜ ਪੈ ਜਾਣੇ ਨੇ। ਤੂੰ ਇਸ ਤਰ੍ਹਾਂ ਕਰਿਆ ਕਰ ਕਿ ਜੇ ਤੂੰ ਕੋਈ ਗੱਲ ਨਵੀਂ ਕਰਨੀ ਹੋਵੇ, ਮੈਨੂੰ ਯਾਦ ਕਰ ਲਿਆ ਕਰ ਮੈਂ ਦਸ ਦਿਆ ਕਰਾਂਗਾ। ਉਹ ਕਹਿੰਦਾ ਇਸੇ ਤਰ੍ਹਾਂ ਮੈਂ ਕਰਦਾ ਰਿਹਾ। ਇਕ ਦਿਨ ਮੇਰਾ ਪਿਤਾ ਆਇਆ, ਉਹਨੇ ਆ ਕੇ ਗੱਲ ਦਸੀ ਕਿ ਬੇਟਾ, ਜਿਹੜੀ ਤੂੰ ਕਾਰ ਖਰੀਦ ਰਿਹਾ ਹੈਂ, ਇਹ ਨਾ ਖਰੀਦ। ਕਹਿੰਦਾ, ਮੈਂ ਨਿਸ਼ਾਨੀ ਲਾ ਆਇਆ। ਕਹਿੰਦਾ, ਇਹਦੇ ਨਾਲ ਦੀ ਲੈ-ਲੈ ਦੂਸਰੀ। ਕਰੀਮ ਰੰਗ ਦੀ ਲੈ ਲੈ। ਕਹਿੰਦਾ, ਸਵੇਰ ਵੇਲੇ ਮੈਂ ਗਿਆ, ਜਾ ਕੇ ਕਾਰ ਬਦਲ ਦਿਤੀ ਤੇ ਕਰੀਮ ਰੰਗ ਦੀ ਕਾਰ ਲੈ ਲਈ। ਕਹਿੰਦਾ, ਮੈਂ ਲੈ ਕੇ ਘਰ ਆ ਗਿਆ। ਥੋੜ੍ਹੀ ਦੇਰ ਬਾਅਦ ਉਹ ਵੀ ਵਿਕ ਗਈ। ਕਹਿੰਦਾ, ਉਨ੍ਹਾਂ ਦਾ ਟੈਲੀਫੋਨ ਆਇਆ ਕਿ ਬੜਾ ਚੰਗਾ ਹੋਇਆ ਕਿ ਤੂੰ ਕਾਰ ਬਦਲ ਲਈ। ਮੈਂ ਕਿਹਾ, ਕੀ ਗੱਲ? ਕਹਿੰਦੇ, ਉਹਦੀਆਂ ਬਰੇਕਾਂ 'ਚ ਨੁਕਸ ਸੀ, ਐਕਸੀਡੈਂਟ ਕਰ ਦਿਤਾ ਉਹਨੇ। ਕਹਿੰਦਾ, ਮੇਰਾ ਦਿਲ ਕੀਤਾ ਕਿ ਦੁਨੀਆਂ ਨੂੰ ਮੈਂ ਇਹ ਗੱਲ ਦੱਸਾਂ। ਉਹਨੇ ਫੇਰ ਇਕ ਕਿਤਾਬ ਦੇ ਵਿਚ ਆਪਣੀ ਸਾਰੀ ਕਹਾਣੀ ਲਿਖੀ। ਸੋ ਠੀਕ ਹੈ ਉਹਦੀ ਗੱਲ। ਉਹ ਜਿਹੜੇ ਦੇਵ ਲੋਕਾਂ 'ਚ ਬੈਠੇ ਨੇ ਉਹ ਵੀ ਇਸ ਸਰੀਰ ਨੂੰ ਲੋਚਦੇ ਨੇ। ਮਹਾਰਾਜ ਜੀ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜਿਹੜੀ ਦੇਹੀ ਨੂੰ ਲੋਚਦੇ ਦੇਵਤੇ,*
*ਉਹ ਦੇਹੀ ਤੈਨੂੰ ਮਿਲ ਗਈ ਪਿਆਰਿਆ।*

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥* *ਅੰਗ - 1159*

ਮਹਾਰਾਜ ਕਹਿੰਦੇ, ਗੁਰੂ ਦੀ ਸੇਵਾ ਕਰਨ ਵਾਸਤੇ ਤੇ ਨਾਮ ਜਪਣ

ਵਾਸਤੇ। ਸਿਰਫ ਇਹ ਕੰਮ ਹੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥*** ***ਅੰਗ - 12***

ਕਰੀ ਜਾਹ ਜਿੰਨੇ ਕੰਮ ਕਰਨੇ ਨੇ, ਇਥੇ ਹੀ ਛੱਡ ਜਾਣੇ ਨੇ।

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥*** ***ਅੰਗ - 12***

ਕਹਿੰਦੇ, ਸੰਤਾਂ ਨਾਲ ਮਿਲ ਕੇ, ਗੁਰੂ ਦੀ ਸੰਗਤ 'ਚ ਆ ਕੇ, ਉਥੇ ਨਾਮ ਜਪ। ਘਰ 'ਚ ਨਾਮ ਜਪ। ਮੰਨ ਲੈ ਇਸ ਚੀਜ਼ ਨੂੰ ਕਿ ਨਾਮ ਵਰਗੀ ਕੋਈ ਚੀਜ਼ ਨਹੀਂ -

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥***
***ਇਸ ਦੇਹੀ ਕਉ ਸਿਮਰਹਿ ਦੇਵ ॥***
***ਸੋ ਦੇਹੀ ਭਜੁ ਹਰਿ ਕੀ ਸੇਵ ॥*** ***ਅੰਗ - 1159***

ਕਿਉਂ ਸਿਮਰਦੇ ਨੇ? ਸਾਡਾ ਦੀਵਾਨ ਲੱਗਿਆ ਹੋਇਆ ਹੈ, ਅੱਖਾਂ ਵਾਲਿਆਂ ਨੂੰ ਨਜ਼ਰ ਆਉਂਦਾ ਹੈ, ਬੇਅੰਤ ਦੇਵਤੇ ਬੈਠੇ ਨੇ ਇਥੇ ਆ ਕੇ।

ਇੱਕ ਵਾਰੀ ਦੀਵਾਨ ਲੱਗਿਆ ਹੋਇਆ ਸੀ ਇਕ ਪਿੰਡ ਦੇ ਅੰਦਰ। ਐਸੀ ਹੀ ਬਾਤ ਮਹਾਰਾਜ ਨੇ ਮੁੱਖ ਤੋਂ ਕਢਾ ਦਿਤੀ, ਮੈਂ ਕਿਹਾ ਦੇਵਤੇ ਬੈਠੇ ਨੇ ਇਥੇ। ਵਾਹਿਗੁਰੂ ਬੈਠਾ ਹੈ ਇਥੇ, ਮੰਗੋ ਕੀ ਮੰਗਣਾ ਹੈ ਕਿਸੇ ਨੇ। ਇਕ ਬੀਬੀ ਨੇ ਅੰਦਰੋਂ ਹੀ ਮੰਗ ਲਿਆ। ਉਹ ਗੱਲ ਕਿਸੇ ਤੋਂ ਫੜੀ ਨਾ ਗਈ, ਕਹੀ ਹੋਈ। ਇਕ ਬੀਬੀ ਸੀ ਉਹ ਮਹੀਨੇ ਬਾਅਦ ਆ ਗਈ, ਰੁਮਾਲਾ ਲੈ ਕੇ ਆਈ, ਕੁਛ ਮਾਇਆ ਉਹਨੇ ਮਹਾਰਾਜ ਦੇ ਭੇਟਾ ਕਰੀ, ਮੈਨੂੰ ਕਹਿੰਦੀ, ਆਹ ਰੁਮਾਲਾ ਲੈ ਲਓ ਮੇਰੀ ਅਰਦਾਸ ਕਰਾ ਦਿਓ। ਮੈਂ ਕਿਹਾ, ਕੀ ਗੱਲ? ਕਹਿੰਦੀ, ਤੁਹਾਡਾ ਦੀਵਾਨ ਲੱਗਿਆ ਹੋਇਆ ਸੀ, ਤੁਸੀਂ ਕਹਿ ਦਿਤਾ ਕਿ ਇਥੇ ਵਾਹਿਗੁਰੂ ਬੈਠਾ ਹੈ ਦੀਵਾਨ 'ਚ। ਮੈਂ ਕਿਹਾ ਉਹ ਤਾਂ ਝੂਠ ਨਹੀਂ ਹੁੰਦਾ ਸੱਚ ਹੀ ਹੁੰਦਾ ਹੈ। ਕਹਿੰਦੀ, ਤੁਸੀਂ ਨਾਲ ਕਹਿ ਦਿਤਾ ਕਿ ਮੰਗੋ ਕੀ ਮੰਗਦੇ ਓਂ? ਕਹਿੰਦੀ, ਮੈਨੂੰ ਦਮਾ ਸੀ ਬਚਪਨ ਤੋਂ ਹੋਇਆ-ਹੋਇਆ, ਕੋਈ ਇਲਾਜ ਨਹੀਂ ਸੀ ਹੁੰਦਾ, ਮੈਂ ਕਿਹਾ, ਸੱਚੇ ਪਾਤਸ਼ਾਹ! ਮੇਰਾ ਦਮਾ ਹਟ ਜਾਏ। ਕਹਿੰਦੀ, ਮੈਂ ਘਰ ਗਈ, ਓਦਣ ਦਾ ਮੈਨੂੰ ਹੱਥੂ ਆਇਆ ਹੀ ਨਹੀਂ।

ਇਸ ਤੋਂ ਜ਼ਿਆਦਾ ਤਾਂ ਕੋਈ ਸਬੂਤ ਨਹੀਂ ਹੁੰਦਾ ਕਿ ਸਤਿਸੰਗ ਦੇ ਅੰਦਰ, ਦੇਵੀ ਦੇਵਤਾ ਸਭ ਬੈਠਦੇ ਨੇ ਆ ਕੇ। ਅੱਖਾਂ ਵਾਲਿਆਂ ਨੇ ਦੇਖੇ ਵੀ ਨੇ। ਮਹਾਰਾਜ ਜੀ ਦੇ ਦੀਵਾਨ ਵਿਚ ਦੇਖੇ ਨੇ ਕਈ ਵਾਰੀ, ਦੇਵਤੇ ਆ ਕੇ ਬੈਠ ਜਾਂਦੇ ਨੇ। ਉਹ ਇਸ ਕਰਕੇ ਬਹਿ ਜਾਂਦੇ ਨੇ ਕਿ ਇਹ ਸਤਿਸੰਗ ਸਵਰਗਾਂ 'ਚ ਨਹੀਂ ਹੈ। ਨਾ ਗੰਧਰਬ ਲੋਕ 'ਚ ਹੈ, ਨਾ ਦੇਵ

ਗੰਧਰਬ ਲੋਕ 'ਚ ਹੈ, ਨਾ ਪਿੱਤਰ ਲੋਕ 'ਚ, ਨਾ ਸਵਰਗ ਲੋਕ 'ਚ, ਨਾ ਇੰਦ੍ਰ ਲੋਕ 'ਚ, ਜਿੰਨੇ ਵੀ ਲੋਕ ਨੇ ਕਰਮ ਦੇਵ, ਅਜਾਨ ਦੇਵ, ਪ੍ਰਜਾ ਪਤ ਲੋਕ, ਬ੍ਰਹਮ ਲੋਕ, ਸ਼ਿਵ ਲੋਕ, ਬੈਕੁੰਠ ਧਾਮ। ਉਥੇ ਅਨੰਦ ਤਾਂ ਹੈਗਾ, ਖੁਸ਼ੀਆਂ ਹੈਗੀਆਂ, ਲੇਕਿਨ ਭਜਨ ਨਹੀਂ ਹੈ। ਭਜਨ ਤਾਂ ਸਿਰਫ ਇਕ ਮਨੁੱਖ ਦੀ ਜੂਨੀ ਦੇ ਵਿਚ ਹੋ ਸਕਦਾ ਹੈ, ਹੋਰ ਨਹੀਂ ਕਿਸੇ 'ਚ ਹੋ ਸਕਦਾ। ਗੁਰੂ ਮਹਾਰਾਜ ਕਹਿੰਦੇ ਨੇ ਜਿਹੜੇ ਵੱਡੇ-ਵੱਡੇ ਦੇਵਤੇ ਨੇ, ਉਹ ਬੰਦਗੀ ਕਰਨ ਵਾਲਿਆਂ ਦੀ ਸੰਗਤ ਨੂੰ ਟੋਲ੍ਹਦੇ ਫਿਰਦੇ ਨੇ, ਇਸ ਤਰ੍ਹਾਂ ਫੁਰਮਾਨ ਆਉਂਦਾ ਹੈ -

***ਧਾਰਨਾ - ਸ਼ਿਵ ਜੀ ਖੋਜਦੇ ਫਿਰਦੇ ਬ੍ਰਹਮਗਿਆਨੀ ਨੂੰ।***

ਇਕ ਵਾਰੀ ਸ਼ਿਵ ਜੀ ਤੇ ਪਾਰਬਤੀ ਭ੍ਰਮਣ ਕਰਦੇ ਹੋਏ, ਗੁਪਤ ਰੂਪ ਵਿਚ ਜਾ ਰਹੇ ਨੇ, ਅੱਗੇ ਕੀ ਦੇਖਦੇ ਨੇ ਕਿ ਇਕ ਉੱਚਾ ਥਾਉਂ ਹੈ, ਉਥੇ ਸ਼ਿਵ ਜੀ ਜਾ ਕੇ ਰੁੱਖ ਦੇ ਹਿੱਸੇ ਨਾਲ ਨਮਸ਼ਕਾਰਾਂ ਕਰਨ ਲੱਗ ਗਏ। ਪਾਰਬਤੀ ਦੇਖਦੀ ਹੈ ਕਿ ਇਥੇ ਤਾਂ ਬਣਿਆ ਹੋਇਆ ਹੀ ਕੁਛ ਨਹੀਂ ਹੈ, ਕੋਈ ਚੀਜ਼ ਨਹੀਂ ਬਣੀ ਹੋਈ, ਫੇਰ ਇਹ ਮੱਥੇ ਕਿਉਂ ਟੇਕੀ ਜਾਂਦੇ ਨੇ। ਪੁੱਛਿਆ ਤਾਂ ਕਹਿਣ ਲੱਗੇ, ਪਾਰਬਤੀ! ਇਥੇ ਭਾਵੇਂ ਕੋਈ ਦੇਹੁਰਾ ਨਹੀਂ ਬਣਿਆ ਹੋਇਆ, ਕੋਈ ਸਾਧੂ ਨਹੀਂ ਬੈਠਾ, ਪਰ ਹਜ਼ਾਰ ਸਾਲ ਪਹਿਲਾਂ ਇਥੇ ਬੰਦਗੀ ਕਰਨ ਵਾਲੇ ਬ੍ਰਹਮਗਿਆਨੀ ਦਾ ਨਿਵਾਸ ਸੀਗਾ ਤੇ ਉਨ੍ਹਾਂ ਦੀ ਛੋਹ ਦੇ ਨਾਲ ਕਣ-ਕਣ ਪਵਿੱਤਰ ਹੋਇਆ ਪਿਆ ਹੈ। ਮੈਂ ਤਾਂ ਬ੍ਰਹਮਗਿਆਨੀਆਂ ਦੇ ਦਰਸ਼ਨ ਵਾਸਤੇ ਸੰਸਾਰ ਦਾ ਭ੍ਰਮਣ ਕਰਦਾ ਰਿਹਾ ਹਾਂ। ਮਹਾਰਾਜ ਫੁਰਮਾਨ ਕਰਦੇ ਨੇ -

***ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥***
***ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥ ਅੰਗ - 273***

ਉਹ ਪ੍ਰਮੇਸ਼ਰ ਦਾ ਰੂਪ ਹੀ ਹੋਇਆ ਕਰਦਾ ਹੈ, ਸਾਕਾਰ ਰੂਪ। ਉਸ ਵਿਚ ਤੇ ਪ੍ਰਮੇਸ਼ਰ ਵਿਚ ਭੇਦ ਨਹੀਂ ਹੋਇਆ ਕਰਦਾ -

***ਆਤਮ ਰਸ ਜਿਹ ਜਾਨਹੀ, ਸੋ ਹੈ ਖਾਲਸ ਦੇਵ॥***
***ਪ੍ਰਭ ਮਹਿ, ਮੋ ਮਹਿ, ਤਾਸ ਮਹਿ, ਰੰਚਕ ਨਾਹਨ ਭੇਵ॥ (ਸਰਬ ਲੋਹ ਗ੍ਰੰਥ 'ਚੋਂ)***

ਕਹਿੰਦੇ ਰੰਚ ਜਿੰਨਾਂ ਵੀ ਭੇਦ ਨਹੀਂ ਹੋਇਆ ਕਰਦਾ-

***ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥***
***ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - 397***

ਸੋ ਜਿੱਥੇ ਹਰੀ ਦਾ ਜਸ ਹੁੰਦਾ ਹੋਵੇ, ਨਿਸ਼ਾਨੀ ਇਹ ਹੁੰਦੀ ਹੈ ਕਿ ਜਿੱਥੇ ਤਾਂ ਕੁਰਬਲ-ਕੁਰਬਲ ਹੋਵੇ ਉਥੇ ਤਾਂ ਕਲਜੁਗ ਬੈਠਾ ਹੁੰਦਾ ਹੈ। ਜਿਸ ਥਾਂ ਦੇ ਉਤੇ ਪੂਰਨ ਸ਼ਾਂਤੀ pin drop silence ਹੋਵੇ, ਉਥੇ ਦੇਵਤੇ ਤੇ ਭਗਵਾਨ ਆ ਕੇ ਬੈਠ ਜਾਂਦੇ ਨੇ। ਸੋ ਉਸਨੂੰ ਸਤਿਸੰਗ ਕਹਿੰਦੇ ਨੇ -

***ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥***

***ਅੰਗ - 72***

ਸੋ ਜਿਹੜੇ ਲਾਹਾ ਖੱਟ ਲੈਂਦੇ ਨੇ ਸਤਿਸੰਗ ਦਾ, ਉਨ੍ਹਾਂ ਨੂੰ ਤਾਂ ਪ੍ਰੇਮੀਓ! ਅਗਾਂਹਾਂ ਮੌਤ ਤੋਂ ਕੋਈ ਡਰ ਨਹੀਂ ਹੋਣਾ ਚਾਹੀਦਾ। ਉਹ ਤਾਂ ਬੜੇ ਭਾਰੇ ਪੁੰਨ ਖੱਟ ਲੈਂਦੇ ਨੇ। ਜਿਹੜੇ ਇਥੇ ਮੋਹ ਦੇ ਵਿਚ ਫਸੇ ਹੋਏ ਨੇ ਤੇ ਕੁਛ ਕਰਿਆ ਨਹੀਂ ਹੋਇਆ, ਉਨ੍ਹਾਂ ਨੂੰ ਡਰ ਜ਼ਰੂਰ ਹੈ। ਸੋ ਮਹਾਰਾਜ ਕਹਿੰਦੇ-

***ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ ॥***
***ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ ॥***

***ਅੰਗ - 13***

ਅੱਗੇ ਜਾ ਕੇ ਬਸਨਾ ਸੁਖਾਲਾ ਹੋ ਜਾਏਗਾ। ਸੋ ਨਾਮ ਜਿਹੜਾ ਹੈ ਇਹ ਕਿਤੋਂ ਮਿਲਦਾ ਨਹੀਂ -

***ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥***

***ਅੰਗ - 649***

ਪੂਰੇ ਗੁਰੂ ਤੋਂ ਬਗੈਰ ਨਾਮ ਨਹੀਂ ਮਿਲਦਾ। ਹੁਣ ਘਰ 'ਚ ਨਾਮ ਕਿਸ ਤਰ੍ਹਾਂ ਮਿਲਦਾ ਹੈ। ਗੁਰੂ ਘਰ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਪੂਰਨ ਗੁਰੂ ਨੇ, ਪੂਰਨ ਸ਼ਕਤੀਆਂ ਵਾਲੇ, ਓਅੰਕਾਰ ਦਾ ਵਿਸਥਾਰ ਹੋਇਆ-ਹੋਇਆ ਹੈ। ਜਦੋਂ ਸ੍ਰਿਸ਼ਟੀ ਸਾਜੀ, ਪਹਿਲਾਂ ਜਿਹੜਾ ਹੋਇਆ ਉਹ 'ਓਅੰਕਾਰ' ਸ਼ਬਦ ਹੋਇਆ। ਮਹਾਰਾਜ ਨੇ ਲਿਖਿਆ ਹੈ ਪਹਿਲਾਂ ਏਕੰਕਾਰ ਲਿਖਿਆ, ਫੇਰ ਓਅੰਕਾਰ ਲਿਖਿਆ। ਓਅੰਕਾਰ ਦਾ ਜੋ ਸ਼ਬਦ ਹੈ, ਇਹ ਪਸਾਰਾ ਹੋਇਆ, ਦੇਖੋ ਜਿੰਨਾਂ ਵੀ ਪਸਾਰਾ ਹੋਇਆ ਸਭ ਓਅੰਕਾਰ ਨੇ ਪਸਾਰਾ ਕੀਤਾ ਹੋਇਆ ਹੈ -

***ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥***

***ਅੰਗ - 3***

ਇਕੋ ਓਅੰਕਾਰ ਦੀ ਆਵਾਜ਼ ਉਠੀ ਸੀ ਉਹਦੇ ਨਾਲ ਹੀ ਸਾਰਾ ਪਸਾਰਾ ਹੋ ਗਿਆ। ਓਹੀ ਸਰੂਪ ਵਿਸਥਾਰ ਹੋ ਕੇ ਆਪਣੇ ਅਸਲੀ ਸਰੂਪ 'ਚ ਸ਼ਬਦ ਦੇ ਰੂਪ ਵਿਚ, ਗੁਰੂ ਗ੍ਰੰਥ ਸਾਹਿਬ ਜੀ ਦੇ ਵਿਸਥਾਰ 'ਚ ਪ੍ਰਗਟ ਨਜ਼ਰ ਆਉਂਦਾ ਹੈ। ਉਹ ਇਨ੍ਹਾਂ ਦੀ ਥਾਂ 'ਤੇ ਜਿਹੜੇ ਨਾਮ ਦਿੰਦੇ ਨੇ ਉਹ ਪੰਜ ਪਿਆਰੇ ਅੰਮ੍ਰਿਤ ਛਕਾ ਰਹੇ ਨੇ। ਗੁਰੂ ਦੀ ਕ੍ਰਿਆ ਹੋ ਰਹੀ ਹੈ। ਗੁਰੂ ਨਾਮ ਦੇ ਰਿਹਾ ਹੈ ਉਥੇ, ਉਸ ਨਾਮ ਦੀ ਕਮਾਈ ਕਰ ਲੈ। ਅੰਮ੍ਰਿਤ ਕੋਈ ਐਸੀ ਚੀਜ਼ ਨਹੀਂ ਕਿ ਐਵੇਂ ਪਤਾਸ਼ੇ ਪਾ ਲਏ ਤੇ ਮਿੱਠਾ ਪਾਣੀ ਬਣਾ ਦਿਤਾ। ਨਾ ਸਾਧਸੰਗਤ ਜੀ! ਇਹ ਤਾਂ ਮੰਤਰਿਆ ਹੋਇਆ ਜਲ ਹੈ। ਇਹ ਤਾਂ ਐਨਾ ਸ਼ਕਤੀਸ਼ਾਲ ਸੀ ਕਿ ਜੇ ਮਾਤਾ ਜੀ ਪਤਾਸ਼ੇ ਨਾ ਪਾਉਂਦੇ, ਕਿੰਨਾ ਕੁ ਜੋਸ਼ ਆ ਜਾਣਾ ਸੀ, ਸਿੰਘਾਂ ਦਾ ਪੈਰ ਹੀ ਨਹੀਂ ਸੀ ਲੱਗਣਾ ਧਰਤੀ 'ਤੇ। ਸੋ ਇਹ ਤਾਂ ਭਗਤੀ ਭਾਵ ਦੇ ਪਿਆਰ ਦੇ ਪਤਾਸ਼ੇ

ਪਾ ਦਿਤੇ। ਜਦੋਂ ਪੰਜ ਪਿਆਰੇ ਪੂਰੀ ਕਰਨੀ ਕਮਾਈ ਵਾਲੇ ਹੁੰਦੇ ਨੇ, ਫੇਰ ਤਾਂ ਸੁਰਤੀ ਇਕ ਦਮ ਚੜ੍ਹ ਜਾਏਗੀ।

ਬੀਜੀ ਦੇ ਪਿਤਾ ਜੀ (ਮਾਤਾ ਰਣਜੀਤ ਕੌਰ ਜੀ ਦੇ ਪਿਤਾ ਸੰਤ ਹੀਰਾ ਸਿੰਘ ਜੀ) ਅੰਮ੍ਰਿਤ ਛਕਾ ਰਹੇ ਸੀ ਲੁਧਿਆਣੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਮਹਾਂਪੁਰਸ਼ ਹੋਏ ਨੇ, ਉਨ੍ਹਾਂ ਨੇ ਲਿਖਿਆ ਹੈ ਕਿ ਜਦੋਂ ਅਸੀਂ ਅੰਮ੍ਰਿਤ ਤਿਆਰ ਕਰ ਲਿਆ, ਇਨ੍ਹਾਂ ਦਾ ਨੰਬਰ ਪਹਿਲਾ ਸੀ, ਇਨ੍ਹਾਂ ਨੇ ਛਿੱਟੇ ਮਾਰੇ, ਜਦੋਂ ਨੇਤਰਾਂ 'ਚ ਛਿੱਟਾ ਮਾਰਿਆ ਤੇ ਨੇਤਰਾਂ 'ਚ ਨੇਤਰ ਪਾ ਕੇ ਦੇਖਿਆ, ਕਹਿੰਦੇ, ਉਸ ਬੱਚੇ ਦੀ ਸੁਰਤ ਇਕ ਦਮ ਉਪਰ ਚੜ੍ਹ ਗਈ। ਕਹਿੰਦੇ, ਅਸੀਂ ਕਿਹਾ ਕਿ ਹੁਣ ਕੀ ਹੋਏਗਾ? ਕਹਿੰਦੇ, ਹੁਣ ਤਾਂ 56 ਘੰਟੇ 'ਚ ਇਹਦੀ ਸੁਰਤ ਉਤਰਨੀ ਹੈ। ਇਹ ਤਾਂ ਜਾ ਰਹੀ ਹੈ ਨਿਰੰਕਾਰ ਦੇ ਦੇਸ਼ ਨੂੰ। ਕਹਿੰਦੇ, ਸਾਰੇ ਸਕੂਲ ਨੂੰ ਅੰਮ੍ਰਿਤ ਛਕਾਉਣ ਤੋਂ ਬਾਅਦ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਅਖੰਡ ਪਾਠ ਸ਼ੁਰੂ ਕਰ ਦਿਤਾ। ਭੋਗ ਪੈ ਗਿਆ ਜਦੋਂ ਉਸ ਤੋਂ ਬਾਅਦ ਕੀਰਤਨ ਸ਼ੁਰੂ ਹੋਇਆ, ਪੂਰੇ 56 ਘੰਟੇ ਹੋਏ, ਬੱਚਾ ਹਿੱਲਣ ਲਗ ਗਿਆ। ਕਹਿੰਦੇ, ਹਿਲਦਾ-ਹਿਲਦਾ ਧਰਤੀ ਤੋਂ ਉੱਠ ਕੇ ਸੰਗਤ ਦੇ ਉਚਾ ਹੋ ਗਿਆ। ਲੱਤਾਂ ਖੋਲ੍ਹ ਲਈਆਂ, ਜਿਵੇਂ ਮੱਛੀ ਤੈਰਦੀ ਹੈ ਇਸ ਤਰ੍ਹਾਂ ਸੰਗਤ ਦੇ ਉਤੇ ਤੈਰਨ ਲਗ ਗਿਆ। ਕਹਿੰਦੇ, ਸਾਡੇ ਵਾਜੇ, ਢੋਲਕੀਆਂ ਦੇ ਉਤੇ ਦੀ ਹੁੰਦਾ ਹੋਇਆ, ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਆ ਕੇ ਲੰਮਾ ਪੈ ਗਿਆ। ਬਾਪੂ ਜੀ ਉੱਠ ਕੇ ਆਏ, ਕਹਿੰਦੇ, ਭਾਈ ਸਾਹਿਬ! ਹੁਣ ਤੁਸੀਂ ਲਾਵਾਂ ਦਾ ਕੀਰਤਨ ਸ਼ੁਰੂ ਕਰੋ। ਲਾਵਾਂ ਦੋ ਕੰਮ ਕਰਦੀਆਂ ਨੇ ਇਕ ਤਾਂ ਵਿਆਹ ਕਰਨ ਵੇਲੇ ਲਾਵਾਂ ਪੜ੍ਹੀਆਂ ਜਾਂਦੀਆਂ ਨੇ। ਇਕ ਲਾਵਾਂ ਦਾ ਪਾਠ ਉਦੋਂ ਹੁੰਦਾ ਹੈ ਜਿਸ ਵਕਤ ਵਾਹਿਗੁਰੂ ਨਾਲ ਜੀਵ ਦੀ ਰੂਹ ਸੰਜੋਗ ਕਰਦੀ ਹੁੰਦੀ ਹੈ, ਮਿਲਦੀ ਹੁੰਦੀ ਹੈ। ਉਹ ਵੀ ਵਿਆਹ ਹੀ ਹੁੰਦਾ ਹੈ, ਅਸਲੀ ਵਿਆਹ ਉਹ ਹੁੰਦਾ ਹੈ, ਇਹ ਕੰਮ ਚਲਾਊ ਹੁੰਦੇ ਨੇ।

ਸੋ ਕਹਿੰਦੇ, ਹੁਣ ਲਾਵਾਂ ਦਾ ਕੀਰਤਨ ਕਰੋ। ਲਾਵਾਂ ਦਾ ਕੀਰਤਨ ਕਰਿਆ, ਉਹ ਬੱਚਾ ਉਠਿਆ, ਪੈਰ ਨਾ ਧਰਤੀ 'ਤੇ ਲੱਗੇ। ਸਿਰਫ ਇਕ ਛਿੱਟਾ ਮਾਰਿਆ, ਨੇਤਰਾਂ 'ਚ ਨੇਤਰ ਪਾਏ ਨੇ। ਪੰਜ ਪਿਆਰੇ ਐਵੇਂ ਨਹੀਂ ਹੋਇਆ ਕਰਦੇ, ਨੁਮਾਇੰਦੇ ਹੁੰਦੇ ਨੇ ਗੁਰੂਆਂ ਦੇ, ਕਿਉਂਕਿ ਗੁਰੂ ਵਰਤਦਾ ਹੈ ਉਨ੍ਹਾਂ ਦੇ ਵਿਚ। ਸੋ ਇਸ ਤਰ੍ਹਾਂ ਨਾਮ ਦੀ ਵਡਿਆਈ ਹੈ। ਨਾਮ ਜਿਸ ਵਕਤ ਮਿਲ ਜਾਂਦਾ ਹੈ ਫੇਰ ਆਹ ਲੋਕ ਵੀ ਸੁਹੇਲਾ ਹੋ ਜਾਂਦਾ ਹੈ ਤੇ ਦਰਗਾਹ ਵੀ ਸੁਹੇਲੀ ਹੋ ਜਾਂਦੀ ਹੈ। ਇਸ ਤਰ੍ਹਾਂ ਪੜ੍ਹੋ –

***ਧਾਰਨਾ – ਦੀਨ ਦੁਨੀਆਂ ਸਵਾਰੇ ਸਤਿਗੁਰ ਸਿੱਖ ਦੀ,***
***ਧਨ ਦੇ ਕੇ ਸੱਚੇ ਨਾਮ ਦਾ।***
***ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥***

***ਸੇਵਕ ਕਉ ਗੁਰੁ ਸਦਾ ਦਇਆਲ ॥ ਅੰਗ - 286***

ਗੁਰੂ ਜਦ ਰਿਸ਼ਤਾ ਜੋੜ ਦਿੰਦਾ ਹੈ, ਫੇਰ ਇਥੇ ਦਾ ਵੀ ਰਿਸ਼ਤਾ ਉਸ ਨਾਲ ਬਣਿਆ ਰਹਿੰਦਾ ਹੈ, ਦਰਗਾਹ ਦੇ ਵਿਚ ਵੀ ਸਹਾਇਤਾ ਕਰਦਾ ਹੈ -

***ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ ॥***
***ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ ॥***
***ਅੰਗ - 1281***

ਸਿੱਖ ਨੂੰ ਨਰਕ ਵਿਚ ਨਹੀਂ ਕਦੇ ਵੀ ਜਾਣ ਦਏਗਾ ਕਿਉਂਕਿ ਉਹਨੇ ਆਪਣਾ ਬਣਾ ਲਿਆ। ਧਰਮਰਾਜ ਦੀ ਤਾਕਤ ਨਹੀਂ ਕਿ ਸਿੱਖ ਨੂੰ ਨਰਕਾਂ 'ਚ ਲੈ ਜਾਵੇ। ਉਹਦਾ ਰਸਤਾ ਹੋਰ, ਸਾਡਾ ਰਸਤਾ ਹੋਰ -

***ਸੇਵਕ ਕਉ ਗੁਰੁ ਸਦਾ ਦਇਆਲ ॥ ਅੰਗ - 286***

ਭੁੱਲਾਂ ਨਹੀਂ ਗਿਣਦਾ ਸੇਵਕ ਦੀਆਂ। ਇਕ ਵਾਰੀ ਆਪਣਾ ਕਹਿ ਦੇਵੇ, ਫੇਰ ਨਹੀਂ ਗਿਣਦਾ -

***ਸੁਤੁ ਅਪਰਾਧ ਕਰਤ ਹੈ ਜੇਤੇ ॥***
***ਜਨਨੀ ਚੀਤਿ ਨ ਰਾਖਸਿ ਤੇਤੇ ॥ 1 ॥***
***ਰਾਮਈਆ ਹਉ ਬਾਰਿਕੁ ਤੇਰਾ ॥***
***ਕਾਹੇ ਨ ਖੰਡਸਿ ਅਵਗਨੁ ਮੇਰਾ ॥ 1 ॥ ਰਹਾਉ ॥***
***ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥***
***ਤਾ ਭੀ ਚੀਤਿ ਨ ਰਾਖਸਿ ਮਾਇਆ ॥ ਅੰਗ - 478***

ਜਿਵੇਂ ਮਾਂ ਨਹੀਂ ਚੇਤੇ ਰੱਖਦੀ ਔਗੁਣ ਪੁੱਤਰਾਂ ਦੇ। ਇਸੇ ਤਰ੍ਹਾਂ ਸਤਿਗੁਰੂ ਵੀ ਸਿੱਖਾਂ ਦੇ ਔਗੁਣ ਨਹੀਂ ਚਿਤਾਰਿਆ ਕਰਦਾ। ਚੇਤਾਵਨੀ ਤਾਂ ਦਿੰਦਾ ਹੈ। ਗਲਤ ਹੋ ਗਿਆ, ਫੇਰ ਵਾਰਨਿੰਗ ਦਿਤੀ ਜਾਂਦੀ ਹੈ। ਵਾਰਨਿੰਗ ਕਾਹਦੀ ਹੁੰਦੀ ਹੈ? ਦੁੱਖ ਦੀ ਜੰਜੀਰ ਭੇਜਦਾ ਹੈ, ਕਹਿੰਦੇ ਹੱਥਕੜੀ ਹੈ ਰੱਬ ਦੀ ਜਿਹੜਾ ਦੁੱਖ ਹੈ -

***ਦੁਖੁ ਦਾਰੂ ਸੁਖੁ ਰੋਗੁ ਭਇਆ ਜਾ ਸੁਖੁ ਤਾਮਿ ਨ ਹੋਈ ॥***
***ਅੰਗ - 469***

ਸੋ ਇਸ ਤਰ੍ਹਾਂ ਪ੍ਰਿਤਪਾਲ ਕਰਦਾ ਹੈ, ਫੇਰ ਉਹਨੂੰ ਗਿਰਨ ਨਹੀਂ ਦਿੰਦਾ, ਬਚਾਉਂਦਾ ਹੈ। ਭਾਈ ਜੋਗਾ ਸਿੰਘ ਨੂੰ ਕਿਵੇਂ ਬਚਾਇਆ ਮਹਾਰਾਜ ਨੇ ਆ ਕੇ। ਸਾਰੀ ਰਾਤ ਪਹਿਰਾ ਦਿੰਦੇ ਰਹੇ ਖੜ੍ਹੇ, ਵੇਸਵਾ ਦੇ ਦੁਆਰੇ 'ਤੇ। ਫੇਰ ਉਹਦੀ ਜਿਹੜੀ ਖੋਟੀ ਮਤ ਸੀ ਉਹ ਦੂਰ ਕਰੀ। ਨਹੀਂ ਤਾਂ ਉਨ੍ਹਾਂ ਨੂੰ ਕੀ ਸੀ। ਕਹਿੰਦੇ ਓ ਗੁਰਸਿੱਖਾ! ਦੇਖਣ ਪਾਖਣ ਤੋਂ ਇਸ ਤਰ੍ਹਾਂ ਲਗਦਾ ਹੈਂ ਜਿਵੇਂ ਕਲਗੀਆਂ ਵਾਲੇ ਦਾ ਸਿੱਖ ਹੁੰਦਾ ਹੈ। ਭੁੱਲੀਂ ਬੈਠਾ ਹੈਂ ਉਹਨੂੰ, ਕੱਢ ਦਿਤਾ ਉਹਨੂੰ ਅੰਦਰੋਂ ਤੇ ਵੇਸਵਾ ਵਸਾ ਲਈ ਉਹਦੀ ਥਾਂ 'ਤੇ? ਲਾਹਨਤ ਹੈ ਤੇਰੇ 'ਤੇ। ਉਸੇ ਵੇਲੇ ਜਾਗ ਖੁਲ੍ਹ ਗਈ। ਖੋਟੀ ਮੱਤ ਦੂਰ

ਹੋ ਗਈ -

*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥*
*ਗੁਰ ਬਚਨੀ ਹਰਿ ਨਾਮੁ ਉਚਰੈ ॥*
*ਸਤਿਗੁਰੁ ਸਿਖ ਕੇ ਬੰਧਨ ਕਾਟੈ ॥* *ਅੰਗ - 286*

ਸਾਰੇ ਹੀ ਬੰਧਨ ਕੱਟ ਦਿੰਦਾ ਹੈ -

*ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥* *ਅੰਗ - 286*

ਵਿਕਾਰਾਂ ਤੋਂ ਹਟਾ ਦਿੰਦਾ ਹੈ -

*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥*
*ਗੁਰ ਕਾ ਸਿਖੁ ਵਡਭਾਗੀ ਹੇ ॥* *ਅੰਗ - 286*

ਨਾਮ ਧਨ ਦੇ ਦਿੰਦਾ ਹੈ, ਇਹਦੇ ਵਰਗਾ ਵਡਭਾਗੀ ਸੰਸਾਰ 'ਤੇ ਹੋਰ ਕੋਈ ਹੈ ਨਹੀਂ -

*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥*
*ਅੰਗ - 286*

ਇਥੇ ਵੀ ਸਾਰਾ ਕੁਛ ਸਵਾਰ ਦਿੰਦਾ ਹੈ, ਅਗਾਂਹਾਂ ਦਰਗਾਹ 'ਚ ਜਾਂਦਾ ਹੈ ਉਥੇ ਵੀ ਸਵਾਰ ਦਿੰਦਾ ਹੈ। ਹੁਣ ਓਧਰ ਤਾਂ ਗੁਰੂ ਹੈ ਏਧਰ ਸਿੱਖ ਹੈ। ਸਿੱਖ ਗੋਦੀ 'ਚੋਂ ਨਿਕਲ-ਨਿਕਲ ਕੇ ਨੱਠਦਾ ਹੈ, ਇੱਕ ਪਾਸੇ ਅੰਮ੍ਰਿਤ ਹੈ ਜਿਹਨੇ ਇਹਨੂੰ ਅਮਰ ਕਰ ਦੇਣਾ ਹੈ, ਕਦੇ ਮਰਨਾ ਹੀ ਨਹੀਂ ਸਦਾ ਦਾ ਜੀਵਨ ਪ੍ਰਾਪਤ ਹੋ ਜਾਣਾ ਹੈ। ਇਕ ਪਾਸੇ ਸ਼ਰਾਬ ਹੈ ਜਿਹਨੇ ਇਹਨੂੰ ਜੂਨਾਂ ਦੇ ਵਿਚ ਘੁੰਮਾਉਣਾ ਹੈ। ਉਥੇ ਦੁੱਖ ਕਿੰਨਾ ਹੁੰਦਾ ਹੈ?

ਗੁਰੂ ਨਾਨਕ ਪਾਤਸ਼ਾਹ ਨੂੰ ਪੁੱਛਿਆ ਜਦੋਂ ਆਪ ਕਾਹਬੇ ਗਏ ਤੇ ਦੇਖਿਆ ਕਿ ਇਹ ਤਾਂ ਕੋਈ ਬਹੁਤ ਵੱਡੇ, ਅੱਲਾਹ ਦੀ ਜਾਤ ਖਾਸ ਆ ਗਏ। ਉਦੋਂ ਰੁਕਨਦੀਨ ਨੇ ਪੁੱਛਿਆ ਹੇ ਨਾਨਕ! ਤੂੰ ਇਹ ਤਾਂ ਦਸ ਕਿ ਇਹ ਜਿਹੜੇ ਸ਼ਰਾਬਾਂ ਕਬਾਬਾਂ ਪੀਂਦੇ ਨੇ, ਇਨ੍ਹਾਂ ਦਾ ਉਥੇ ਕੀ ਹਾਲ ਹੋਣਾ ਹੈ? ਮਹਾਰਾਜ ਕਹਿੰਦੇ, ਲੇਖਾ ਤਾਂ ਹੁੰਦਾ ਹੈ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥* *ਅੰਗ - 953*

ਵਹੀ ਕੱਢ ਕੇ ਫੇਰ ਹਿਸਾਬ ਲੈਂਦੇ ਨੇ, ਕਹਿੰਦੇ ਉਹਦਾ ਫੇਰ ਕੀ ਹਿਸਾਬ ਹੁੰਦਾ ਹੈ? ਕਹਿੰਦੇ, ਉਹਦੇ ਗੱਲ ਵਿਚੋਂ ਇਕ ਹਜ਼ਾਰ ਸਿੱਕਾ ਗਰਮ ਕਰਕੇ ਰੋਜ਼ ਲੰਘਾਇਆ ਜਾਂਦਾ ਹੈ, ਜਿਹੜਾ ਸ਼ਰਾਬ ਪੀਂਦਾ ਹੈ। ਕਿੱਡੀ ਵੱਡੀ ਬਾਤ ਹੈ। ਮਹਾਰਾਜ ਕਹਿੰਦੇ -

*ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥*
*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥*
*ਅੰਗ - 554*

ਨਾ ਪੀ ਸ਼ਰਾਬ। ਉਥੇ ਸਜ਼ਾ ਮਿਲਦੀ ਹੈ, ਆਹ ਜਿਹੜੀ ਮੈਂ ਬੇਨਤੀ ਕਰੀ ਹੈ। ਜਨਮਸਾਖੀ 'ਚ ਲਿਖੀ ਹੋਈ ਹੈ ਇਹ ਗੱਲ। ਕਹਿਣ ਲੱਗੇ, ਮਹਾਰਾਜ! ਪਾਪਾਂ ਦਾ ਵੀ ਫਰਕ ਹੈ? ਮਹਾਰਾਜ ਕਹਿੰਦੇ, ਹਾਂ ਪਾਪਾਂ ਦਾ ਫਰਕ ਹੈ, ਛੋਟੇ ਪਾਪ ਵੀ ਹੁੰਦੇ ਨੇ ਵੱਡੇ ਵੀ ਹੁੰਦੇ ਨੇ। ਛੋਟੇ ਪਾਪ ਜਿਹੜੇ ਮਾੜੇ-ਮਾੜੇ ਅਸੀਂ ਕਰਦੇ ਹਾਂ, ਸਭ ਤੋਂ ਵੱਡਾ ਪਾਪ ਹੈ ਵਾਹਿਗੁਰੂ ਨੂੰ ਭੁੱਲ ਜਾਣਾ। ਸਭ ਤੋਂ ਵੱਡਾ ਪੁੰਨ ਹੈ ਵਾਹਿਗੁਰੂ ਨੂੰ ਯਾਦ ਕਰ ਲੈਣਾ। ਕਹਿੰਦੇ, ਛੋਟੇ-ਛੋਟੇ ਪਾਪ ਹੁੰਦੇ ਨੇ, ਜੇ 96 ਕਰੋੜ ਪਾਪ ਕਰ ਲਵੇ, ਉਹਦੇ ਬਰਾਬਰ ਇਕ ਹੱਤਿਆ ਹੋ ਜਾਂਦੀ ਹੈ।

ਕਹਿੰਦੇ, ਹੱਤਿਆ ਕਿਹੜੀ-ਕਿਹੜੀ ਹੈ?

ਮਹਾਰਾਜ ਕਹਿੰਦੇ, ਇਕ ਤਾਂ ਹੱਤਿਆ ਹੈ ਗਊ ਨੂੰ ਮਾਰ ਦੇਣਾ। ਹੁਣ ਤਾਂ ਕਹਿੰਦੇ ਨੇ ਕਿ ਖਾ ਲਓ ਗਊ।

ਦੂਸਰਾ ਹੈ, ਪੜ੍ਹੇ-ਲਿਖੇ, ਨਾਮ-ਜਪਣ ਵਾਲੇ, ਬ੍ਰਹਮ ਦੀ ਵਿਚਾਰ ਕਰਨ ਵਾਲੇ ਨੂੰ ਮਾਰ ਦੇਣਾ। ਤੀਸਰਾ ਹੈ ਆਪਣੇ ਖਾਨਦਾਨ ਨੂੰ ਮਾਰ ਦੇਣਾ। ਬਾਲ-ਬੱਚੇ, ਸਾਰੇ ਭਾਈ ਭਤੀਜਿਆਂ ਨੂੰ। ਚੌਥੀ ਹੱਤਿਆ ਹੁੰਦੀ ਹੈ ਉਹਨੂੰ ਰਿਣ ਹੱਤਿਆ ਕਹਿੰਦੇ ਨੇ। ਪੈਸਾ ਲੈ ਕੇ ਆਪਣਾ ਕੰਮ ਚਲਾ ਲੈਣਾ, ਜਦੋਂ ਅਗਲੇ ਨੂੰ ਲੋੜ ਪਈ ਫੇਰ ਮੁੱਕਰ ਜਾਣਾ। ਨਾ ਪੈਸਾ ਮੋੜਨਾ। ਅਗਲੇ ਨਾਲ ਝਗੜੇ ਝਾਟੇ ਕਰਨੇ। ਉਹਨੂੰ ਹਤਿਆਰਾ ਕਹਿੰਦੇ ਨੇ ਰਿਣ ਦਾ। ਪੰਜਵੀਂ ਹੱਤਿਆ ਹੁੰਦੀ ਹੈ ਪਹਿਲਾਂ ਵਿਸ਼ਵਾਸ਼ ਦੁਆ ਦੇਣਾ, ਫੇਰ ਘਾਤ ਕਰ ਦੇਣਾ। ਪਹਿਲਾਂ ਮਿੱਤਰਤਾ ਪਾ ਲੈਣੀ, ਬੜੇ ਹੀ ਲੇਲੇ ਪੇਪੇ ਕਰਨੇ, ਜ਼ਮੀਨ ਜਾਇਦਾਦ ਆਪਣੇ ਨਾਂ ਲਗਵਾ ਲੈਣੀ, ਵਸੀਅਤ ਕਰਾ ਲੈਣੀ, ਫੇਰ ਉਹਦਾ ਗਲ ਘੁੱਟ ਦੇਣਾ ਕਿ ਕਿਸੇ ਹੋਰ ਨੂੰ ਨਾ ਦੇ ਦੇਵੇ। ਇਹਨੂੰ ਵਿਸ਼ਵਾਸ਼ਘਾਤ ਕਹਿੰਦੇ ਨੇ।

ਛੇਵੀਂ ਹੱਤਿਆ ਹੁੰਦੀ ਹੈ, ਆਪਣੀ ਲੜਕੀ ਨੂੰ ਮਾਰ ਦੇਣਾ। ਮਹਾਰਾਜ ਕਹਿੰਦੇ ਇਹ 96-96 ਕਰੋੜ ਪਾਪ ਦੇ ਬਰਾਬਰ ਹੁੰਦੀ ਹੈ। ਜੇ ਛੇ ਹੱਤਿਆ ਨੂੰ ਗਿਣੀਏ, ਪੂਰੀਆਂ ਕਰੀਏ, ਤਾਂ ਇਹ ਪੰਜ ਅਰਬ 76 ਕਰੋੜ ਪਾਪ ਦੇ ਬਰਾਬਰ ਹੁੰਦੀ ਹੈ। ਕਹਿੰਦੇ, ਇਨ੍ਹਾਂ ਸਭ ਤੋਂ ਸੌ ਗੁਣਾਂ ਪਾਪ ਹੋਇਆ ਕਰਦਾ ਹੈ, ਜੇ ਆਪਣੇ ਪਿਉ ਦਾ ਨਿਰਾਦਰ ਕਰੇ ਜਾਂ ਮਾਰ ਦੇਵੇ। ਉਸ ਤੋਂ ਹਜ਼ਾਰ ਗੁਣਾਂ ਪਾਪ ਹੋਇਆ ਕਰਦਾ ਹੈ ਜੇ ਮਾਂ ਨੂੰ ਮਾਰ ਦੇਵੇ। ਇਨ੍ਹਾਂ ਸਾਰਿਆਂ ਤੋਂ ਵੱਡਾ ਪਾਪ ਜਿਹਦੀ ਗਿਣਤੀ ਹੀ ਨਹੀਂ ਅੱਗੇ ਕਹਿੰਦੇ ਉਹ ਹੁੰਦਾ ਹੈ ਕਿ ਜਿਹੜਾ ਗੁਰੂ ਧਾਰ ਕੇ ਫੇਰ ਮੁੱਕਰ ਜਾਵੇ। ਗੁਰੂ ਤੋਂ ਬੇਮੁਖ ਹੋ ਜਾਵੇ ਜਿਹੜਾ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਇਨ੍ਹਾਂ ਚੀਜ਼ਾਂ ਤੋਂ ਬਚਾ ਦਿੰਦਾ ਹੈ ਤੇ ਜੀਅ ਨਾਲ ਇਹਦੀ ਸੰਭਾਲ ਕਰਦਾ ਹੈ, ਇਥੇ ਸੰਸਾਰ ਦੇ ਵਿਚ ਵੀ ਤੇ ਬਾਹਰ ਵੀ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦੇ ਵੇਲੇ ਇਕ ਗੁਰਸਿੱਖ ਹੋਇਆ,

ਜਿਸਦਾ ਨਾਉਂ ਆਕਲ ਸੀ। ਇਕ ਪਿੰਡ ਸੀ ਵੱਡਾ ਘਰ ਜਿਹਨੂੰ ਕਹਿੰਦੇ ਸੀ, ਫਿਰੋਜ਼ਪੁਰ ਦੇ ਜ਼ਿਲੇ 'ਚ ਤੇ ਇਥੇ ਗੁਰੂ ਰਾਮਦਾਸ ਜੀ ਵੇਲੇ ਇਹਨੇ ਨੇ ਆ ਕੇ ਨਾਮ ਦੀ ਦਾਤ ਲਈ। ਉਸ ਤੋਂ ਬਾਅਦ ਛੇ ਮਹੀਨੇ ਬਾਅਦ ਤੁਰ ਕੇ ਆਇਆ ਕਰਦੇ ਸੀ, ਨਾਲ ਆਪਣੇ ਪਰਿਵਾਰ ਨੂੰ ਲਿਆਉਣਾ। ਲੜਕੀ ਸੀ ਉਹਨੂੰ ਵੀ ਲਿਆਉਣਾ, ਹੋਰ ਬੱਚਿਆਂ ਨੂੰ ਵੀ ਲਿਆਉਣਾ। ਜਿਹੜੇ ਸਿਆਣੇ ਮਾਂ-ਬਾਪ ਹੁੰਦੇ ਨੇ, ਉਹ ਬਚਪਨ ਤੋਂ ਹੀ ਆਪਣੇ ਬੱਚਿਆਂ ਨੂੰ ਏਧਰ ਲਾਉਂਦੇ ਨੇ, ਏਸ ਕਰਕੇ ਲਾਉਂਦੇ ਨੇ ਕਿ ਜੇ ਨਹੀਂ ਲਾਉਂਦੇ ਤਾਂ ਗਾਲ ਮਿਲਦੀ ਹੈ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥* *ਅੰਗ - 328*

ਮਾਂ ਕਹਿੰਦੇ ਵਿਧਵਾ ਹੋ ਜਾਂਦੀ ਜਿਹਨੇ ਪੁੱਤ ਨਹੀਂ ਲਾਇਆ ਇਸ ਪਾਸੇ। ਬੱਚਿਆਂ ਨੂੰ ਸਤਿਸੰਗ 'ਚ ਲਿਆਉਣਾ, ਫੇਰ ਟਰੇਨਿੰਗ ਦੇਣੀ ਕਿ ਉਥੇ ਖੱਪ ਨਹੀਂ ਪਾਉਣੀ, ਐਵੇਂ ਲੋਕਾਂ ਦੇ ਬੂਟੇ ਨਹੀਂ ਤੋੜਦੇ ਫਿਰਨਾ, ਫੁੱਲ ਨਹੀਂ ਤੋੜਦੇ ਫਿਰਨਾ। ਉਥੇ ਤੂੰ ਸੇਵਾ ਕਰੀਂ, ਬਰਤਨਾਂ ਦੀ ਸੇਵਾ ਕਰੀਂ। ਫੇਰ ਸਿਖਾਉਂਦੀਆਂ ਨੇ ਕਿ ਦੇਖਿਆ ਸਤਿਸੰਗ ਸੁਣਿਆ ਤੂੰ, ਤੇਰੇ ਸਮਝ 'ਚ ਆਈ ਕੋਈ ਗੱਲ? ਬਾਬਾ ਜੀ ਇਸ ਤਰ੍ਹਾਂ ਕਹਿੰਦੇ ਸੀ, ਉਹਨੂੰ ਪੂਰਾ ਸਮਝਾਉਣਾ। ਇਹ ਤਾਂ ਹਨ ਲਾਇਕ ਮਾਪੇ ਜਿਹੜੇ ਗੱਲਾਂ ਕਰਦੇ ਨੇ। ਜਿਹੜੇ ਦੂਸਰੇ ਹੁੰਦੇ ਨੇ, ਨਿਆਣਾ ਤਾਂ ਕਹਿੰਦਾ ਹੈ ਮੈਂ ਸਤਿਸੰਗ 'ਤੇ ਜਾਣਾ ਹੈ, ਉਹਨੂੰ ਡਾਂਟਦੇ ਨੇ। ਨਾ ਆਪ ਜਾਣਾ ਨਾ ਉਹਨੂੰ ਜਾਣ ਦੇਣਾ। ਫੇਰ ਉਹ ਮਾਂ-ਬਾਪ ਔਖੇ ਹੁੰਦੇ ਨੇ, ਫੇਰ ਸੰਤਾਂ ਕੋਲ ਤੁਰੇ ਫਿਰਦੇ ਨੇ ਕਿ ਕਾਕਾ ਸਾਡਾ ਕਹਿਣੇ ਨਹੀਂ ਲਗਦਾ ਜੀ, ਕੁੱਟਦਾ ਹੈ, ਗਾਲ੍ਹਾਂ ਕੱਢਦਾ ਹੈ। ਉਹਨੂੰ ਜਿਸ ਤਰ੍ਹਾਂ ਦੀ ਟਰੇਨਿੰਗ ਦਿਤੀ ਹੈ ਉਸ ਤਰ੍ਹਾਂ ਦਾ ਹੀ ਬਣਨਾ ਹੈ ਉਹਨੇ।

ਸੋ ਉਹ ਪਰਿਵਾਰ ਨੂੰ ਲੈ ਕੇ ਜਾਇਆ ਕਰਦੇ ਸੀ। ਸਾਧਸੰਗਤ ਜੀ! ਜੇ ਕਿਸੇ ਸੰਤਾਂ ਨਾਲ ਪਿਆਰ ਹੋਵੇ, ਜੇ ਉਨ੍ਹਾਂ ਤੋਂ ਕੁਛ ਲੈਣਾ ਹੈ ਤਾਂ ਉਨ੍ਹਾਂ ਦਾ ਸਤਿਸੰਗ ਰੋਜ਼ ਸੁਣੋ। ਜੇ ਰੋਜ਼ ਨਹੀਂ ਸੁਣਦਾ ਤਾਂ ਕਹਿੰਦੇ ਤੀਜੇ ਦਿਨ ਸੁਣੋ, ਜੇ ਤੀਜੇ ਦਿਨ ਨਹੀਂ ਤਾਂ ਸੱਤਵੇਂ ਦਿਨ। ਕਿਉਂਕਿ ਸੰਤਾਂ ਨੇ ਤਾਂ ਰੂਹਾਨੀਅਤ ਦੇ ਬਚਨ ਹਰ ਵਕਤ ਕਰਨੇ ਨੇ। ਉਹ ਤਾਂ ਦਰਿਆ ਹੁੰਦੇ ਨੇ ਜਿਹੜੇ ਹਰ ਵਕਤ ਚਲਦੇ ਨੇ। ਅੰਮ੍ਰਿਤ ਦੇ ਝਰਨੇ ਉਥੇ ਚਲਦੇ ਨੇ ਭਾਗਾਂ ਵਾਲੇ ਜਾ ਕੇ ਪੀਂਦੇ ਨੇ, ਦੂਸਰੇ ਰਹਿ ਜਾਂਦੇ ਨੇ। ਕਹਿੰਦੇ ਜੇ ਹਫਤੇ ਬਾਅਦ ਨਾ ਜਾ ਸਕਦਾ ਹੋਵੇ ਕਹਿੰਦੇ ਫੇਰ ਪੰਦਰਵੇਂ ਦਿਨ। ਪੰਦਰਾਂ ਦਿਨ ਬਾਅਦ ਨਾ ਜਾ ਸਕਦਾ ਹੋਵੇ ਫੇਰ ਮਹੀਨੇ ਬਾਅਦ। ਫੇਰ ਤਿੰਨ ਮਹੀਨੇ ਬਾਅਦ, ਫੇਰ ਨਹੀਂ ਜਾ ਸਕਦਾ ਛਿਮਾਹੀ ਤੇ ਜਾਵੇ, ਜੇ ਫੇਰ ਵੀ ਨਹੀਂ ਜਾ ਸਕਦਾ, ਸਾਲਾਨਾ ਭੰਡਾਰੇ 'ਤੇ ਜ਼ਰੂਰ ਜਾਵੇ। ਕਹਿੰਦੇ, ਜੇ ਤਿੰਨ ਸਾਲ ਨਾ ਗਿਆ, ਤੇ ਰਹਿ ਗਿਆ ਕੰਮ ਦੇ ਲਾਲਚ ਵਿਚ, ਫੇਰ ਉਹਦੀ ਸਿੱਖੀ ਖਤਮ ਹੋ

ਜਾਇਆ ਕਰਦੀ ਹੈ। ਪਿਆਰ ਟੁੱਟ ਜਾਇਆ ਕਰਦਾ ਹੈ, ਫੇਰ ਪੁਰਾਣਾ ਪੈ ਜਾਂਦਾ ਹੈ।

ਸੋ ਪੁਰਾਣੇ ਗੁਰਸਿੱਖ ਜਿਹੜੇ ਸੀ ਇਹ ਜਦੋਂ ਵੀ ਹੋਣਾ, ਸੰਗਰਾਂਦ ਦੇ ਮੌਕੇ, ਪੂਰਨਮਾਸ਼ੀ ਦੇ ਮੌਕੇ, ਮੱਸਿਆ ਦੇ ਮੌਕੇ ਗੁਰੂਆਂ ਦੇ ਦਰਸ਼ਨ ਕਰਨ ਜਾਇਆ ਕਰਦੇ ਸੀ।

ਭਾਈ ਆਕਲ ਪਰਿਵਾਰ ਨੂੰ ਲੈ ਕੇ ਜਾਇਆ ਕਰਦਾ ਸੀ। ਲੜਕੀ ਜੁਆਨ ਹੋ ਗਈ। ਉਸ ਵੇਲੇ ਰਿਵਾਜ ਇਹ ਸੀ ਕਿ ਬ੍ਰਾਹਮਣ ਨੂੰ ਤੇ ਹੋਰਾਂ ਨੂੰ ਭੇਜ ਦਿੰਦੇ ਸੀ ਕਿ ਜਾਓ ਭਾਈ ਰਿਸ਼ਤਾ ਲੈ ਆਓ। ਉਸ ਵੇਲੇ ਬੜੇ ਚੰਗੇ ਬੰਦੇ ਸੀ, ਵਿਸ਼ਵਾਸ਼ ਦੇ ਪਾਤਰ ਸੀ। ਧੋਖਾ ਨਹੀਂ ਸੀ ਕਰਦੇ। ਹੁਣ ਅਗਾਂਹਾਂ-ਅਗਾਂਹਾਂ ਆ ਕੇ ਤਾਂ ਧੋਖੇ ਹੋਣ ਲਗ ਗਏ, ਪੈਸੇ ਖਾ ਲੈਣੇ, ਅੰਨ੍ਹਿਆਂ ਕਾਣਿਆਂ ਨਾਲ ਵਿਆਹ ਦੇਣੀਆਂ ਲੜਕੀਆਂ, ਨਲਾਇਕਾਂ ਨਾਲ ਵਿਆਹ ਦੇਣੀਆਂ। ਆਪਣਾ ਸੌਦਾ ਵਿਚ ਕਰ ਆਉਣਾ ਕਿ ਮੈਨੂੰ ਐਨਾ ਦੇ ਦਿਓ, ਰਿਸ਼ਤਾ ਕਰ ਲਓ। ਲੇਕਿਨ ਉਸ ਵੇਲੇ ਇਸ ਤਰ੍ਹਾਂ ਨਹੀਂ ਸੀ। ਇਨ੍ਹਾਂ ਨੇ ਕਿਹਾ ਬ੍ਰਾਹਮਣ ਨੂੰ ਕਿ ਲਓ ਭਗਤ ਜੀ ਜਾ ਕੇ ਰਿਸ਼ਤਾ ਕਰ ਆਓ। ਉਹ ਰਿਸ਼ਤਾ ਤਾਂ ਕਰ ਆਏ, ਚੰਗਾ ਘਰ ਸੀ। ਜਦੋਂ ਜਾ ਕੇ ਦਸਿਆ ਕਿ ਵਧਾਈਆਂ ਦੇਵਾਂ, ਰਿਸ਼ਤਾ ਹੋ ਗਿਆ, ਮੁੰਡਾ ਚੰਦ ਵਰਗਾ ਹੈ, ਘਰ ਬਹੁਤ ਵਧੀਆ ਹੈ, ਕਾਰੋਬਾਰ ਬਹੁਤ ਚਲਦਾ ਹੈ। ਕਹਿੰਦੇ, ਪੰਡਤ ਜੀ! ਇਸ ਤਰ੍ਹਾਂ ਦਸੋ ਕਿ ਗੁਰਸਿੱਖ ਵੀ ਹੈ ਉਹ ਬੱਚਾ? ਕਹਿੰਦਾ, ਆਹ ਤਾਂ ਮੈਨੂੰ ਧਿਆਨ ਹੀ ਨਹੀਂ ਰਿਹਾ। ਕਹਿੰਦੇ, ਅੰਦਰ ਉਨ੍ਹਾਂ ਦੇ ਘਰ ਵਿਚ ਵੀ ਦੇਖਿਆ ਸੀ? ਕਹਿੰਦੇ, ਹਾਂ ਦੇਖਿਆ ਤਾਂ ਸੀ, ਦੀਵਾ ਜਾਲਦੇ ਸੀ, ਸਖੀ ਸਰਵਰ ਦਾ ਮੈਨੂੰ ਪਤਾ ਲੱਗਿਆ ਹੈ ਕਿ ਸੁਲਤਾਨੀਏ ਨੇ। ਕਹਿੰਦੇ, ਆਹ ਗੱਲ ਤਾਂ ਬੜੀ ਮਾੜੀ ਹੋਈ। ਪੁੱਤਰੀ ਮੇਰੀ ਗੁਰਸਿੱਖ ਹੈ ਤੇ ਇਹ ਮਨਮੁਖਾਂ ਦੇ ਚਲੀ ਜਾਣੀ ਹੈ ਤੇ ਮਨਮੁਖ ਦੇ ਸੰਗ ਦਾ ਜਿਹੜਾ ਦੋਸ਼ ਹੈ, ਉਹਨੂੰ ਮਹਾਰਾਜ ਇਸ ਤਰ੍ਹਾਂ ਦਸਦੇ ਨੇ -

***ਧਾਰਨਾ - ਕਾਲਖ ਲਗ ਜਾਂਦੀ ਹੈ, ਮਨਮੁਖ ਦੀ ਸੰਗਤ ਕਰਕੇ।***

***ਕਬੀਰ ਸਾਕਤ ਸੰਗੁ ਨ ਕੀਜੀਐ ਦੂਰਹਿ ਜਾਈਐ ਭਾਗਿ ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ ॥***

***ਅੰਗ - 1371***

ਕਹਿੰਦੇ, ਜੇ ਕਾਲੇ ਬਰਤਨ ਦੇ ਨਾਲ ਲਗ ਜਾਈਏ, ਚਿੱਟੇ ਕਪੜੇ ਪਾ ਕੇ, ਨਾਲ ਜ਼ਰੂਰ ਲਗ ਜਾਂਦੀ ਹੈ। ਸੋ ਮਹਾਰਾਜ ਕਹਿੰਦੇ ਕਿ ਸਾਕਤ ਦੀ ਸੰਗ ਨਾ ਕਰੀਂ -

***ਕਬੀਰ ਚਾਵਲ ਕਾਰਣੇ ਤੁਖ ਕਉ ਮੁਹਲੀ ਲਾਇ ॥***
***ਸੰਗਿ ਕੁਸੰਗੀ ਬੈਸਤੇ ਤਬ ਪੂਛੇ ਧਰਮ ਰਾਇ ॥ ਅੰਗ - 965***

ਧਰਮਰਾਜ ਨੇ ਜਵਾਬ ਲੈਣਾ ਹੈ ਕਿ ਤੂੰ ਮਾੜੀ ਸੰਗਤ 'ਚ ਬੈਠਦਾ ਸੀ। ਸਾਕਤਾਂ ਦਾ ਕਹਿੰਦੇ ਸੰਗ ਨਾ ਕਰੀਂ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਲੇਖਾ ਪੈ ਜੂ ਦਰਗਾਹ ਵਿਚ ਦੇਣਾ,***
***ਸਾਕਤਾਂ ਦਾ ਸੰਗ ਨਾ ਕਰੀਂ।***

ਕਹਿਣ ਲੱਗੇ, ਪੰਡਤ ਜੀ! ਇਹ ਤਾਂ ਬੜੀ ਮਾੜੀ ਗੱਲ ਹੋਈ। ਬੱਚੀ ਨੂੰ ਗੁਰਸਿੱਖੀ ਵਿਚ ਪਿਆਰ ਹੈ, ਜਿਹੜੇ ਸੁਲਤਾਨੀਏ ਨੇ ਇਹ ਤਾਂ ਗੁਰੂ ਦੀ ਨਿੰਦਿਆ ਕਰਦੇ ਤੇ ਮੇਰੀ ਬੱਚੀ ਨੇ ਤਾਂ ਸੁਣ ਨਹੀਂ ਸਕਣਾ, ਬੜਾ ਮੁਸ਼ਕਲ ਹੈ। ਕਹਿੰਦੇ, ਹੁਣ ਤਾਂ ਜੋ ਕੁਛ ਹੋਣਾ ਸੀ ਹੋ ਗਿਆ, ਹੁਣ ਤਾਂ ਵਾਪਸ ਨਹੀਂ ਰੁਪਿਆ ਹੋਣਾ, ਕਿਉਂਕਿ ਬਚਨ ਉਨ੍ਹਾਂ ਦਾ ਮੰਨਿਆ ਜਾਂਦਾ ਸੀ। ਅਰਦਾਸ ਤੋਂ ਬਗੈਰ ਨਾ ਕੋਈ ਚੀਜ਼ ਪੱਲੇ ਰਹਿ ਗਈ, ਹੁਣ ਕਰੀਏ ਕੀ। ਭਰੋਸਾ ਹੋ ਗਿਆ ਮਹਾਰਾਜ 'ਤੇ ਹੀ ਕਿ ਸੱਚੇ ਪਾਤਸ਼ਾਹ! ਤੁਸੀਂ ਹੀ ਇਸ ਗੱਲ ਨੂੰ ਨਿਬੇੜਨਾ ਹੈ। ਕਿਉਂਕਿ ਕੁਸੰਗ ਤਾਂ ਬਹੁਤ ਬੁਰਾ ਹੋਇਆ ਕਰਦਾ ਹੈ –

***ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ ॥***
***ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ ॥***

***ਅੰਗ – 1369***

ਕੇਲਾ ਬੇਰੀ ਕੋਲ ਖੜ੍ਹਾ ਹੋਵੇ, ਬੇਰੀ ਹਿਲਦੀ ਹੈ, ਕੇਲਾ ਆਪਣੀ ਖੁਸ਼ੀ 'ਚ ਝੂਮਦਾ ਹੈ, ਉਹਦੇ ਪੱਤੇ ਪਾੜ ਦਿੰਦੀ ਹੈ। ਇਹ ਲੜਕੀ ਨੇ ਬੰਦਗੀ ਕਰਨੀ, ਨਾਮ ਜਪਣਾ ਹੈ, ਉਨ੍ਹਾਂ ਨੇ ਨਿੰਦਿਆ ਕਰਨੀ ਹੈ, ਇਹਦਾ ਦਿਲ ਤਾਂ ਸਦਾ ਦੁਖੀ ਰਹੇਗਾ। ਬੜਾ ਮਾੜਾ ਕੰਮ ਹੋਇਆ।

ਸੋ ਇਸ ਤਰ੍ਹਾਂ ਕਰਦੇ ਅਖੀਰ ਵਿਆਹ ਦਾ ਦਿਨ ਆ ਗਿਆ। ਸਾਧਸੰਗਤ ਜੀ! ਸੰਗਤ ਤੇ ਕੁਸੰਗਤ ਦਾ ਬਹੁਤ ਫਰਕ ਹੁੰਦਾ ਹੈ। ਸੰਤਾਂ ਦੀ ਸੰਗਤ ਜੇ ਥੋੜ੍ਹਾ ਚਿਰ ਵੀ ਹੋ ਜਾਏ –

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ – 1377***

ਇਕ ਐਸੀ ਸਾਖੀ ਦੱਸਿਆ ਕਰਦੇ ਨੇ ਕਿ ਇਕ ਮਹਾਤਮਾ ਸੀ ਬਹੁਤ ਚੰਗੇ ਸੀ। ਪਹਿਲਾਂ ਮੰਡਲੀਆਂ ਘੁੰਮਿਆ ਕਰਦੀਆਂ ਸੀ। ਲੋਕ ਸਤਿਵਾਦੀ ਸੀ, ਆਏ ਸਾਧੂ ਮਹਾਤਮਾ ਦਾ ਸਤਿਕਾਰ ਕਰਦੇ ਸੀ, ਸਾਧੂ ਵੀ ਸੱਚੇ ਹੁੰਦੇ ਸੀ। ਸਮਾਂ ਬਦਲਦਾ ਗਿਆ, ਸਾਧੂ ਪਾਖੰਡੀ ਹੋ ਕੇ ਦਾਣੇ ਇਕੱਠੇ ਕਰਨ ਲਗ ਗਏ। ਹਾਥੀ ਲੈ ਕੇ ਆਉਣ ਲੱਗ ਗਏ, ਹੋਰ ਤਰ੍ਹਾਂ ਦੀਆਂ ਗੱਲਾਂਬਾਤਾਂ ਹੋਣ ਲੱਗ ਗਈਆਂ। ਫੇਰ ਹੌਲੀ-ਹੌਲੀ ਨਿਹਚਾ ਸ਼ਰਧਾਲੂਆਂ ਦਾ ਵੀ ਟੁੱਟ ਗਿਆ ਤੇ ਇਹ ਗੱਲ ਖਤਮ ਹੋ ਗਈ।

ਸੋ ਉਹ ਮੰਡਲੀ ਵਾਲੇ ਸੰਤ ਸੀਗੇ, ਉਨ੍ਹਾਂ ਦਾ ਸੀਗਾ ਕਿ ਜਦੋਂ

ਚੌਮਾਸਾ ਸ਼ੁਰੂ ਹੋ ਜਾਵੇ ਇਕਾਦਸ਼ੀ ਵਾਲੇ ਦਿਨ, ਓਦਣ ਨਹੀਂ ਸੀ ਕਿਤੇ ਜਾਂਦੇ। ਅੱਜ ਚਲਦੇ-ਚਲਦੇ ਇਕ ਪਿੰਡ ਕੋਲ ਆ ਗਏ, ਆਖਰੀ ਤਰੀਕ ਆ ਗਈ ਕਹਿੰਦੇ ਲਓ ਬਈ ਪ੍ਰੇਮੀਓ! ਹੁਣ ਤਾਂ ਇਥੇ ਹੀ ਠਹਿਰਣਾ ਪੈਣਾ ਹੈ। ਪਿੰਡ ਵਿਚ ਪਤਾ ਕਰਿਆ, ਪਿੰਡ ਵਾਲੇ ਕਹਿੰਦੇ ਅਸੀਂ ਤਾਂ ਕਿਸੇ ਸਾਧਾਂ ਸੰਤਾਂ ਨੂੰ ਮੰਨਦੇ ਹੀ ਨਹੀਂ। ਇਥੇ ਨਾ ਠਹਿਰ ਬਾਬਾ ਕਿਤੇ ਹੋਰ ਜਾਓ। ਉਹ ਕਹਿੰਦੇ ਕਿ ਸਾਡਾ ਤਾਂ ਪ੍ਰਣ ਹੈ। ਅਸੀਂ ਤਾਂ ਤੁਹਾਡੀ ਜੂਹ 'ਚ ਹੀ ਰਹਿਣਾ ਹੈ। ਕਹਿੰਦੇ ਰਹਿ ਲਓਂਗੇ ਤਾਂ ਖਾਓਂਗੇ ਕੀ? ਸੰਤਾਂ ਨੇ ਉਥੇ ਹੀ ਆਪਣਾ ਵਿਸ਼ਰਾਮ ਕਰ ਲਿਆ। ਡੇਰੇ ਲਾ ਕੇ ਉਥੇ ਸਾਧੂ ਭਜਨ ਬੰਦਗੀ ਕਰਦੇ ਨੇ, ਨਾਲ ਦੇ ਪਿੰਡਾਂ ਨੂੰ ਪਤਾ ਲੱਗਿਆ ਕਿ ਆਹ ਪਿੰਡ ਦੀ ਜੂਹ 'ਚ ਸੰਤ ਆਏ ਹੋਏ ਨੇ ਤੇ ਉਨ੍ਹਾਂ ਨੇ ਤਾਂ ਸੇਵਾ ਨਹੀਂ ਕਰਨੀ, ਪਾਪ ਆਪਾਂ ਨੂੰ ਲੱਗੇਗਾ। ਸੋ ਆਲੇ-ਦੁਆਲੇ ਦੇ ਪਿੰਡਾਂ ਨੇ ਇਕੱਠ ਕਰਕੇ ਫੈਸਲਾ ਕਰ ਲਿਆ ਕਿ ਵਾਰੀ ਸਿਰ ਉਨ੍ਹਾਂ ਨੂੰ ਪ੍ਰਸ਼ਾਦੇ ਦਿਆ ਕਰੋ। ਸੋ ਇਸ ਤਰ੍ਹਾਂ ਨਿਭਦਾ ਗਿਆ, ਚਾਰ ਮਹੀਨੇ ਬੜਾ ਸਤਿਸੰਗ ਹੋਇਆ। ਏਧਰ ਇਨ੍ਹਾਂ ਨੇ ਪਿੰਡ ਵਿਚ ਫੈਸਲਾ ਕਰ ਲਿਆ ਕਿ ਚਾਹੇ ਕੋਈ ਗੱਲ ਹੋਵੇ, ਇਹ ਆਪਣੇ ਵਲੋਂ ਆ ਗਏ। ਕਹਿਣ ਲੱਗੇ ਇਨ੍ਹਾਂ ਨੇ ਸਾਡੀ ਕਿਰਤ ਦੇ ਉਤੇ ਹਮਲਾ ਕਰ ਦਿਤਾ। ਆਪਾਂ ਡਾਕੇ ਮਾਰਦੇ ਹਾਂ, ਚੋਰੀਆਂ ਕਰਦੇ ਹਾਂ, ਇਨ੍ਹਾਂ ਨੇ ਕਹਿਣਾ ਹੈ ਕਿ ਇਹ ਮਾੜਾ ਕੰਮ ਹੈ। ਆਪਾਂ ਸ਼ਰਾਬਾਂ ਪੀਂਦੇ ਹਾਂ, ਮਾਸ ਖਾਂਦੇ ਹਾਂ ਇਨ੍ਹਾਂ ਨੇ ਕਹਿਣਾ ਹੈ ਮਾੜਾ ਕੰਮ ਹੈ। ਕਿਉਂ ਮਾੜਾ ਕਹਾਈਏ, ਨਾ ਜਾਈਏ-ਨਾ ਕਹਾਈਏ। ਸਾਰਿਆਂ ਨੇ ਏਕਾ ਕਰ ਲਿਆ ਕਿ ਨਹੀਂ ਜਾਣਾ। ਚਾਰ ਮਹੀਨੇ 'ਚ ਇਕ ਵੀ ਨਾ ਗਿਆ। ਕਿਉਂਕਿ ਭਾਗਾਂ ਤੋਂ ਬਗੈਰ ਸੰਗਤ ਨਹੀਂ ਮਿਲਿਆ ਕਰਦੀ-

***ਬਿਨੁ ਭਾਗਾ ਸਤਸੰਗੁ ਨ ਲਭੈ ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥***

***ਅੰਗ - 95***

ਭਾਗ ਜਾਗਣ ਤਾਂ ਜਾ ਕੇ ਮਹਾਤਮਾ ਦੇ ਦਰਸ਼ਨ ਹੁੰਦੇ ਨੇ, ਜਦੋਂ ਸੁੱਤੇ ਭਾਗ ਜਾਗ ਜਾਂਦੇ ਨੇ -

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ॥***
***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥ ਅੰਗ - 204***

ਸੁੱਤੀ ਹੋਈ ਰੂਹ ਜਾਗ ਪੈਂਦੀ ਹੈ ਜਨਮਾਂ-ਜਨਮਾਂਤਰਾਂ ਤੋਂ ਪਰ ਹਰੇਕ ਦੇ ਭਾਗ ਵਿਚ ਨਹੀਂ ਹੁੰਦਾ -

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***

***ਅੰਗ - 642***

ਹਰੀ ਦਾ ਜਸ ਕਰਨਾ ਤੇ ਸੰਤਾਂ ਦੀ ਸੰਗਤ ਕਰਨੀ, ਸਾਰੇ ਕਰਮਾਂ ਤੋਂ ਵੱਡਾ ਕਰਮ ਹੈ -

***ਕਹੁ ਨਾਨਕ ਤਿਸੁ ਭਇਓ ਪਰਾਪਤਿ***
***ਜਿਸੁ ਪੂਰਬ ਲਿਖੇ ਕਾ ਲਹਨਾ ॥*** ***ਅੰਗ - 642***

ਪਰ ਮਿਲਦਾ ਉਹਨੂੰ ਹੈ ਜਿਸ ਕਿਸੇ ਦੇ ਮੱਥੇ 'ਚ ਲੇਖ ਲਿਖੇ ਹੋਣ। ਧੁਰ ਦਾ ਲੇਖ ਹੋਵੇ ਫੇਰ ਸਾਧੂ ਦੇ ਦਰਸ਼ਨ ਹੋਇਆ ਕਰਦੇ ਨੇ, ਨਹੀਂ ਤਾਂ ਨਹੀਂ ਹੋਇਆ ਕਰਦੇ।

ਸੋ ਇਨ੍ਹਾਂ ਨੇ ਕਰ ਲਿਆ ਕਿ ਨਹੀਂ ਜਾਣਾ। ਜਦੋਂ ਮਹਾਤਮਾ ਨੇ ਦੇਖਿਆ ਕਿ ਅੱਜ ਅਸੀਂ ਤੁਰਨਾ ਹੈ, ਤਿਆਰੀਆਂ ਕਰ ਲਈਆਂ, ਸਮਾਨ ਬੰਨ੍ਹ ਲਿਆ। ਇਨ੍ਹਾਂ ਨੇ ਮੀਟਿੰਗ ਕਰੀ, ਇਕੱਠ ਕਰ ਲਿਆ। ਕਹਿੰਦੇ, ਹੁਣ ਆਪਣੀ ਨਿੰਦਿਆ ਬਹੁਤ ਹੋ ਗਈ, ਅੱਜ ਸੰਤਾਂ ਦੇ ਲਈ ਕੁਛ ਮਾੜਾ ਮੋਟਾ ਕਰ ਦੇਈਏ, ਕੋਈ ਜਲ ਪਾਣੀ ਅੱਜ ਤਾਂ ਦੇ ਆਈਏ। ਕਹਿੰਦੇ, ਨਾ ਜਲ ਪਾਣੀ ਨਹੀਂ ਦੇਣਾ, ਇਨ੍ਹਾਂ ਦਾ ਸਮਾਨ ਚੁੱਕ ਕੇ ਦੂਰ ਰੱਖ ਆਓ ਕਿਤੇ, ਨੇੜੇ ਨਾ ਬਹਿ ਜਾਣ ਕਿਤੇ, ਫੇਰ ਮੁੜ ਆਉਣ। ਡਾਕੂ ਜਿਹੜਾ ਸਰਦਾਰ ਸੀ, ਉਹ ਕਹਿੰਦਾ ਇਨ੍ਹਾਂ ਨੇ ਗੱਲਾਂ ਵਗੈਰਾ ਕਰਨੀਆਂ ਨੇ, ਜੇ ਕਿਸੇ ਦੇ ਕੰਨ 'ਚ ਪੈ ਗਈਆਂ ਤਾਂ ਉਹ ਤਾਂ ਗਿਆ ਫੇਰ ਆਪਣੇ 'ਚੋਂ। ਉਹ ਕਹਿੰਦਾ, ਮੈਂ ਹੀ ਜਾਵਾਂ। ਕਹਿੰਦੇ, ਫੇਰ ਸਰਦਾਰ ਜੀ ਗੱਲ ਨਾ ਮੰਨਿਓ ਉਨ੍ਹਾਂ ਦੀ। ਕਹਿੰਦਾ, ਨਹੀਂ ਮੈਂ ਮੰਨਦਾ ਨਹੀਂ ਹਾਂ। ਜੇ ਮੰਨਾਂਗਾ ਤਾਂ ਉਪਰੋਂ-ਉਪਰੋਂ, ਮਾੜਾ-ਮੋਟਾ ਤਾਂ ਦਿਲ ਰੱਖਣਾ ਹੀ ਹੈ ਉਨ੍ਹਾਂ ਦਾ। ਸਮਾਨ ਚੁੱਕ ਲਿਆ ਉਹਨੇ। ਜਿਸ ਵਕਤ ਲੈ ਕੇ ਤੁਰਿਆ, ਬੰਦੇ ਨਾਲ ਨੇ। ਥੋੜ੍ਹੀ ਦੂਰ ਗਏ, ਸੰਤ ਕਹਿਣ ਲੱਗੇ, ਪ੍ਰੇਮੀਆਂ! ਜਾਂ ਤਾਂ ਸਾਡੇ ਤੋਂ ਕੋਈ ਪ੍ਰਮੇਸ਼ਰ ਦਾ ਬਚਨ ਸੁਣ, ਜਾਂ ਤੂੰ ਸੁਣਾ।

ਡਾਕੂ ਕਹਿੰਦਾ, ਮੈਂ ਤਾਂ ਰੱਬ ਨੂੰ ਮੰਨਦਾ ਹੀ ਨਹੀਂ।

ਕਹਿੰਦੇ, ਫੇਰ ਸਮਾਨ ਰੱਖ ਦੇ ਕਿਉਂ ਲਈਂ ਜਾਂਦਾ ਹੈਂ?

ਕਹਿੰਦਾ, ਚੰਗਾ ਤੁਸੀਂ ਸੁਣਾ ਦਿਓ ਫੇਰ।

ਉਹ ਕਹਿੰਦੇ, ਸੁਣਾਉਣਾ ਨਹੀਂ, ਸਾਡੇ ਬਚਨ ਮੰਨ ਲੈ ਕੋਈ। ਕਹਿੰਦਾ ਜੇ ਲੋਟ ਲੱਗੂਗਾ ਤਾਂ ਮੰਨਾਂਗਾ, ਨਹੀਂ ਤਾਂ ਨਹੀਂ ਮੰਨਦਾ।

ਕਹਿੰਦੇ, ਕੀ ਕੰਮ ਕਰਦਾ ਹੁੰਦਾ ਹੈਂ?

ਕਹਿੰਦਾ, ਸਾਰੇ ਹੀ ਮਾੜੇ ਕੰਮ ਜਿਹਨੂੰ ਤੁਸੀਂ ਕਹਿੰਦੇ ਓਂ, ਉਹ ਮੈਂ ਕਰਦਾ ਹਾਂ। ਚੋਰੀ ਵੀ ਕਰਦਾ ਹਾਂ, ਡਾਕੇ ਵੀ ਮਾਰਦਾ ਹਾਂ, ਧਾੜੇ ਵੀ ਮਾਰਦਾ ਹਾਂ।

ਕਹਿੰਦੇ, ਮਾਰਿਆ ਕਰ ਭਾਈ, ਪਰ ਇਕ ਗੱਲ ਹੈ, ਥੋੜ੍ਹਾ-ਥੋੜ੍ਹਾ ਤੈਨੂੰ ਮੰਨਾਵਾਂਗੇ ਕਿ ਗਰੀਬ ਦੀ ਚੋਰੀ ਨਾ ਕਰੀਂ।

ਕਹਿੰਦਾ, ਆਹ ਗੱਲ ਕਿਹੜਾ ਮੰਨਣੀ ਔਖੀ ਹੈ, ਗਰੀਬ ਦੇ ਘਰ

ਹੁੰਦਾ ਹੀ ਕੀ ਹੈ, ਜਿਥੇ ਮੈਂ ਚੋਰੀ ਕਰਾਂਗਾ। ਮੰਨ ਲਈ ਇਹ ਗੱਲ।

ਕਹਿੰਦੇ, ਫੇਰ ਸ਼ਰਾਬ ਪੀਂਦਾ ਹੁੰਦਾ ਹੈਂ?

ਕਹਿੰਦਾ, ਹਾਂ।

ਕਹਿੰਦੇ, ਇਕ ਦਿਨ ਛੱਡ ਦੇ, ਕੋਈ ਆਪਣਾ ਦਿਨ ਗਿਣ ਲੈ।

ਕਹਿੰਦਾ, ਇਹ ਤੁਸੀਂ ਦਸ ਦਿਓ।

ਕਹਿੰਦੇ, ਇਕਾਦਸ਼ੀ ਵਾਲੇ ਦਿਨ ਨਾ ਪੀਵੀਂ।

ਕਹਿੰਦਾ, ਚੰਗਾ ਫੇਰ ਦਸਵੀਂ ਵਾਲੇ ਦਿਨ ਅਸੀਂ ਦੋ ਬੋਤਲਾਂ ਪੀ ਲਵਾਂਗੇ। ਚਲੋ, ਇਕ ਦਿਨ ਇਹ ਵੀ ਤੁਹਾਡੇ ਲੇਖੇ ਲਾਇਆ।

ਕਹਿੰਦੇ, ਮਾਸ ਖਾਂਦਾ ਹੈਂ?

ਕਹਿੰਦਾ, ਹਾਂ।

ਕਹਿੰਦੇ, ਕਾਹਦਾ?

ਕਹਿੰਦਾ, ਕੋਈ ਜਾਨਵਰ ਵੀ ਨਹੀਂ ਛੱਡੀਦਾ, ਸਭ ਦਾ ਖਾ ਲਈਦਾ ਹੈ।

ਕਹਿੰਦੇ, ਫੇਰ ਇਕ ਜਾਨਵਰ ਦਾ ਛੱਡ ਦੇ, ਆਪਣੀ ਮਰਜ਼ੀ ਦਾ ਛੱਡ ਦੇ।

ਕਹਿੰਦਾ, ਕਾਂ ਦਾ ਛੱਡਿਆ।

ਕਹਿੰਦੇ, ਚੱਲ ਠੀਕ ਹੈ।

ਇਕ ਗੱਲ ਤੈਨੂੰ ਹੋਰ ਕਹਿੰਦੇ ਹਾਂ। ਕਹਿੰਦਾ, ਉਹ ਵੀ ਕਹਿ ਦਿਓ।

ਕਹਿੰਦੇ, ਨਮਕ ਖਾ ਕੇ ਬੁਰਾ ਨਾ ਕਰੀਂ ਕਿਸੇ ਦਾ।

ਕਹਿੰਦਾ, ਇਹ ਤਾਂ ਸਾਡਾ ਅਸੂਲ ਹੈ, ਅਸੀਂ ਨਮਕ ਖਾ ਕੇ ਫੇਰ ਨਹੀਂ ਬੁਰਾ ਕਰਦੇ। ਅਸੀਂ ਆਪਸ ਵਿਚ ਖਾਂਦੇ ਹਾਂ ਅਸੀਂ ਹੋਰ ਨਹੀਂ ਕਿਸੇ ਦਾ ਖਾਂਦੇ।

ਕਹਿੰਦਾ, ਹੋਰ ਕੁਛ ਕਹਿਣਾ ਹੈ?

ਕਹਿੰਦੇ, ਇਕ ਗੱਲ ਹੋਰ ਕਹਿਣੀ ਹੈ।

ਕਹਿੰਦੇ, ਵਿਭਚਾਰੀ ਵੀ ਹੈਂ?

ਕਹਿੰਦਾ, ਮੇਰੇ ਵਰਗਾ ਹੈ ਹੀ ਨਹੀਂ ਕੋਈ ਮਾੜਾ ਇਸ ਗੱਲ 'ਚ।

ਕਹਿੰਦੇ, ਪੰਜ ਮਾਵਾਂ ਹੁੰਦੀਆਂ ਨੇ, ਇਕ ਆਪਣੀ ਮਾਂ, ਇਕ ਘਰਵਾਲੀ ਦੀ ਮਾਂ, ਇਕ ਮਿੱਤਰ ਦੀ ਮਾਂ ਤੇ ਇਕ ਰਾਜੇ ਦੀ ਜੋ ਰਾਣੀ ਹੁੰਦੀ ਹੈ,

ਉਹਦੀ ਮਾਂ। ਇਕ ਸਾਧੂ ਮਹਾਂਪੁਰਸ਼ ਦੀ ਘਰਵਾਲੀ ਮਾਂ ਹੁੰਦੀ ਹੈ। ਇਹ ਪੰਜ ਮਾਵਾਂ ਵਲ ਬੁਰੀ ਨੀਤ ਨਾਲ ਨਾ ਦੇਖੀਂ, ਬਾਕੀ ਤੈਨੂੰ ਅਸੀਂ ਕੁਛ ਨਹੀਂ ਕਹਿੰਦੇ।

ਐਨੇ ਨੂੰ ਮੰਜ਼ਿਲ ਆ ਗਈ। ਕਹਿੰਦੇ, ਕਿਉਂ ਫੇਰ ਪੱਕਾ ਹੈਂ?

ਕਹਿੰਦਾ, ਤੁਹਾਡੀਆਂ ਪੰਜ ਗੱਲਾਂ 'ਚ ਤਾਂ ਮੈਂ ਪੱਕਾ ਹਾਂ। ਛੁਡਾਇਆ ਹੀ ਮੇਰੇ ਤੋਂ ਕੀ ਹੈ, ਇਹ ਤਾਂ ਕੁਛ ਵੀ ਨਹੀਂ ਹਨ ਮੇਰੇ ਲਈ।

ਵਾਪਸ ਆ ਗਿਆ, ਇਕੱਠ ਹੋਇਆ। ਕਹਿੰਦੇ, ਸੰਤਾਂ ਨੇ ਕੋਈ ਗੱਲ ਕਰੀ?

ਕਹਿੰਦਾ, ਇਸ ਤਰ੍ਹਾਂ ਕਹਿੰਦੇ ਸੀ।

ਕਹਿੰਦੇ, ਇਹ ਤਾਂ ਕੋਈ ਗੱਲਾਂ ਹੀ ਨਹੀਂ। ਕਾਂ ਦਾ ਮਾਸ ਤਾਂ ਅਸੀਂ ਖਾਂਦੇ ਹੀ ਨਹੀਂ ਹਾਂ। ਸ਼ਰਾਬ ਦਾ ਹੈਗਾ ਇਕ ਦਿਨ ਛੱਡ ਦੇਵਾਂਗੇ ਤਾਂ ਕੀ ਹੈ।

ਸੋ ਇਸ ਤਰ੍ਹਾਂ ਕਰਦੇ-ਕਰਦੇ, ਸਮਾਂ ਬੀਤ ਗਿਆ। ਚੋਰੀ ਕਰਨ ਲਗਦਾ ਹੈ, ਕਹਿੰਦਾ ਇਹ ਤਾਂ ਗਰੀਬ ਹੈ, ਇਸ ਤੋਂ ਅਮੀਰ ਦੀ ਕਰਾਂ। ਰਾਜੇ ਦੇ ਮਹਿਲਾਂ 'ਚ ਚਲਿਆ ਗਿਆ, ਕਮੰਦ ਲਾਈ ਅੰਦਰ ਚਲਿਆ ਗਿਆ। ਉਥੇ ਜਾ ਕੇ ਸਾਰੇ ਗਹਿਣੇ ਚੁੱਕ ਲਏ, ਰਾਣੀ ਜਾਗਦੀ ਸੀ, ਨਾਲ ਹੀ ਚੁਕਾਉਣ ਲਗ ਗਈ। ਕਹਿੰਦਾ, ਤੂੰ ਕਿਉਂ ਚੁਕਾਉਂਦੀ ਹੈਂ? ਕਹਿੰਦੀ, ਤੂੰ ਮੈਨੂੰ ਲੈ ਚੱਲ, ਇਹ ਬੁੜਾ ਰਾਜਾ ਹੈ ਮੈਂ ਨਹੀਂ ਇਹਦੇ ਰਹਿਣਾ।

ਕਹਿੰਦਾ, ਨਾ ਮਾਂ! ਮਾਤਾ ਹੈਂ ਤੂੰ, ਮੇਰੇ ਤੋਂ ਇਕ ਸਾਧ ਨੇ ਬਚਨ ਲੈ ਲਿਆ ਸੀ ਕਿ ਰਾਜੇ ਦੀ ਰਾਣੀ ਮਾਤਾ ਹੁੰਦੀ ਹੈ। ਨਾ ਮਾਤਾ ਇਹ ਗੱਲ ਮੈਂ ਨਹੀਂ ਕਰ ਸਕਦਾ। ਸਮਾਨ ਲਈ ਜਾਂਦਾ ਹੈ, ਜਾਂਦੇ-ਜਾਂਦੇ ਇਕ ਸੋਨੇ ਦੀ ਕੇਤਲੀ ਪਈ ਸੀ, ਉਹਦੇ 'ਚ ਕੁਛ ਪਿਆ ਸੀ, ਉਹਨੇ ਕੱਢ ਕੇ ਐਵੇਂ ਹੀ ਬੇਧਿਆਨੇ ਮੂੰਹ ਵਿਚ ਪਾਇਆ ਤਾਂ ਦੇਖਿਆ ਚੂਰਨ। ਯਾਦ ਆ ਗਿਆ ਕਿ ਮੈਂ ਤਾਂ ਲੂਣ ਖਾ ਲਿਆ। ਇਹ ਤਾਂ ਮਾੜੀ ਗੱਲ ਹੋ ਗਈ ਫੇਰ। ਉਥੇ ਹੀ ਸਭ ਕੁਛ ਛੱਡ ਗਿਆ। ਰਾਜੇ ਨੂੰ ਆ ਗਈ ਜਾਗ, ਰਾਜਾ ਗੱਲਾਂ ਸੁਣਦਾ ਹੈ, ਰਾਣੀ ਕਹਿੰਦੀ ਮੈਨੂੰ ਲੈ ਚੱਲ। ਉਹ ਕਹਿੰਦਾ, ਨਾ ਮਾਂ ਮੈਂ ਨਹੀਂ ਤੈਨੂੰ ਲੈ ਕੇ ਜਾਣਾ।

ਚੋਰ ਚਲਿਆ ਗਿਆ। ਦੂਸਰੇ ਦਿਨ ਰਾਜੇ ਨੇ ਢੰਡੋਰਾ ਫੇਰ ਦਿਤਾ ਕਿ ਰਾਤ ਵਾਲਾ ਜਿਹੜਾ ਚੋਰ ਹੈ। ਉਹ ਹਾਜ਼ਰ ਹੋਵੇ, ਮੈਂ ਇਨਾਮ ਦੇਣਾ ਹੈ।

ਚੋਰ ਹਾਜ਼ਰ ਹੋ ਗਿਆ। ਕਹਿੰਦਾ, ਕੀ ਗੱਲ ਤੂੰ ਚੋਰੀ ਨਹੀਂ ਕਰੀ?

ਕਹਿੰਦਾ, ਮਹਾਰਾਜ! ਮੇਰਾ ਕੰਮ ਹੈ ਡਾਕੇ ਮਾਰਨਾ, ਚੋਰੀ ਕਰਨਾ। ਮਾੜਾ ਬੰਦਾ ਹਾਂ। ਤੇਰੇ ਬਚਨ 'ਤੇ ਮੈਂ ਹਾਜ਼ਰ ਹੋਇਆ ਹਾਂ, ਪੱਕਾ ਰਹੀਂ ਤੂੰ ਵੀ ਆਪਣੇ ਬਚਨ 'ਤੇ। ਮੈਂ ਤੈਨੂੰ ਵਿਥਿਆ ਦਸ ਦਿੰਦਾ ਹਾਂ। ਸਾਡੇ ਇਕ ਸੰਤਾਂ ਦੀ ਮੰਡਲੀ ਆਈ ਸੀ, ਉਹਨੇ ਜੁਗਤ ਦੇ ਨਾਲ ਮੇਰੇ ਤੋਂ ਚੋਰੀ ਛੁਡਾ ਦਿਤੀ। ਉਹਨੇ ਕਿਹਾ ਸੀ ਗਰੀਬ ਦੇ ਚੋਰੀ ਨਾ ਕਰੀਂ। ਹੁਣ ਮੈਂ ਸੋਚਿਆ ਕਿ ਤੇਰੇ ਤੋਂ ਵੱਡਾ ਤਾਂ ਅਮੀਰ ਕੋਈ ਨਹੀਂ। ਤੇਰੇ ਹੀ ਕਰਦਾ ਹਾਂ, ਕੁਛ ਲੰਘ ਵੀ ਜਾਏਗਾ ਸਮਾਂ। ਦੂਜਾ ਮੈਨੂੰ ਉਨ੍ਹਾਂ ਨੇ ਕਿਹਾ ਸੀ ਕਿ ਪੰਜ ਮਾਵਾਂ ਹੁੰਦੀਆਂ ਨੇ। ਰਾਣੀ ਇਸ ਤਰ੍ਹਾਂ ਕਹਿੰਦੀ ਸੀ, ਮੈਂ ਕਿਹਾ ਕਿ ਨਾ ਤੂੰ ਮੇਰੀ ਮਾਤਾ ਹੈ। ਕਹਿੰਦਾ, ਮੈਂ ਬਚਨ ਮੰਨ ਲਿਆ ਉਨ੍ਹਾਂ ਦਾ। ਬਾਕੀ ਮੈਂ ਜਾਂਦਾ-ਜਾਂਦਾ ਬਰਤਨ ਦੇ ਵਿਚੋਂ ਉਂਗਲੀ ਲਾ ਕੇ ਮੂੰਹ ਨੂੰ ਲਾ ਬੈਠਾ, ਉਹਦੇ ਵਿਚ ਸੀ ਨਮਕ। ਉਨ੍ਹਾਂ ਨੇ ਕਿਹਾ ਸੀ ਨਮਕ ਖਾ ਕੇ ਬੁਰਾ ਨਾ ਕਰੀਂ। ਸੋ ਮੈਂ ਤਾਂ ਛੱਡ ਗਿਆ।

ਰਾਜਾ ਕਹਿਣ ਲੱਗਿਆ ਕਿ ਤੇਰੇ ਵਰਗਾ ਤਾਂ ਮੈਨੂੰ ਹੋਰ ਚੰਗਾ ਬੰਦਾ ਕੋਈ ਨਹੀਂ ਦਿਸਿਆ। ਇਹਨੂੰ ਤੂੰ ਮਾਤਾ ਸਮਝਦਾ ਹੈਂ ਤੇ ਨਮਕ ਤੂੰ ਮੇਰਾ ਖਾ ਲਿਆ ਹੁਣ ਬੁਰਾ ਨਹੀਂ ਕਰੇਂਗਾ। ਮੈਂ ਤੈਨੂੰ ਆਪਣਾ ਮਤਬੰਨਾ ਬਣਾ ਕੇ ਰਾਜ ਦੀ ਗੱਦੀ 'ਤੇ ਬਿਠਾਵਾਂਗਾ। ਗੱਦੀ 'ਤੇ ਬਿਠਾ ਦਿਤਾ, ਉਸ ਤੋਂ ਬਾਅਦ ਉਹਨੇ ਜਿੰਨੇ ਡਾਕੂ ਸੀ ਸਾਰੇ ਫੌਜ ਵਿਚ ਰੱਖ ਲਏ। ਜਿੰਨੇ ਚੋਰ ਸੀ ਸਭ ਫੜ ਲਏ। ਜਾਣਦਾ ਤਾਂ ਪਹਿਲਾਂ ਹੀ ਸੀ ਕਿ ਫਲਾਣੇ-ਫਲਾਣੇ ਥਾਂ ਨੇ। ਦੇਸ਼ ਦਾ ਰਾਜ ਵਧੀਆ ਹੋਣ ਲਗ ਗਿਆ।

ਫਿਰਦੇ-ਫਿਰਦੇ ਸੰਤ ਆਏ। ਏਧਰ ਇਹ ਬਿਮਾਰ ਹੋ ਗਿਆ। ਸ਼ਰਾਬ ਇਹਨੇ ਬਿਲਕੁਲ ਹੀ ਛਡਾ ਦਿਤੀ, ਸਾਰੇ ਦੇਸ਼ ਵਿਚ। ਹਕੀਮ ਕਹਿੰਦੇ, ਕਾਂ ਦਾ ਮਾਸ ਖਾ, ਜੇ ਬਚਣਾ ਹੈ ਤਾਂ। ਕਹਿੰਦਾ, ਮੈਂ ਦਿਤਾ ਹੋਇਆ ਹੈ ਬਚਨ ਸੰਤਾਂ ਨੂੰ। ਪਹਿਲੇ ਬਚਨਾਂ ਨੇ ਮੈਨੂੰ ਤਖਤ 'ਤੇ ਬਿਠਾ ਦਿਤਾ ਤੇ ਮੈਂ ਨਹੀਂ ਖਾਣਾ ਕਾਂ ਦਾ ਮਾਸ। ਐਨੇ ਨੂੰ ਮਹਾਤਮਾ ਆ ਗਏ। ਦੇਖਿਆ ਤਾਂ ਪਿੰਡ ਦਾ ਹਾਲ ਬਦਲਿਆ ਪਿਆ ਹੈ, ਲੋਕ ਬੜੇ ਸੁਖੀ ਨੇ।

ਕਹਿਣ ਲੱਗੇ ਕਿ ਕਿੱਥੇ ਗਿਆ ਉਹ ਸਰਦਾਰ?

ਕਹਿੰਦੇ, ਉਹ ਤਾਂ ਜੀ ਰਾਜਾ ਬਣਿਆ ਹੋਇਆ ਹੈ।

ਕਹਿੰਦੇ, ਤੁਸੀਂ?

ਕਹਿੰਦੇ, ਅਸੀਂ ਤਾਂ ਜੀ ਸਾਧ ਬਣ ਗਏ, ਸਭ ਦੇ ਹੱਥਾਂ 'ਚ ਮਾਲਾ, ਸਿਮਰਨੇ ਲਏ ਹੋਏ ਨੇ। ਉਹ ਕਹਿੰਦੇ ਆਪ ਹੀ ਸਾਧ ਬਣਿਆ ਹੋਇਆ ਹੈ, ਸਤਿਸੰਗ ਕਰਾਉਂਦਾ ਹੈ, ਮੰਡਲੀਆ ਸੰਤਾਂ ਦੀਆਂ ਬੁਲਾਉਂਦਾ ਹੈ।

ਕਹਿੰਦੇ, ਹੁਣ ਕੀ ਹਾਲ ਹੈ ਉਹਦਾ?

ਕਹਿੰਦੇ, ਉਹ ਬਿਮਾਰ ਹੈ, ਹਕੀਮ ਕਹਿੰਦੇ ਨੇ ਕਾਂ ਦਾ ਮਾਸ ਖਾ ਲੈ ਉਹ ਖਾਂਦਾ ਨਹੀਂ।

ਸੰਤ ਚਲੇ ਗਏ, ਦਵਾਈਆਂ ਜਾਣਦੇ ਸੀ, ਦਵਾਈ ਦਿਤੀ ਉਹ ਤਕੜਾ ਹੋ ਗਿਆ।

ਸੋ ਇਸ ਤਰ੍ਹਾਂ ਦੇ ਨਾਲ ਸੰਗਤ ਤੇ ਕੁਸੰਗਤ ਦਾ ਫਰਕ ਹੋਇਆ ਕਰਦਾ ਹੈ -

***ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥***
***ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ - 1377***

ਸੋ ਫਿਕਰ ਪੈ ਗਿਆ ਭਾਈ ਆਕਲ ਨੂੰ ਕਿ ਮੇਰੀ ਲੜਕੀ ਕੁਸੰਗੀਆਂ ਦੇ ਵਿਆਹੀ ਗਈ ਤਾਂ ਹੋਏਗਾ ਕੀ? ਬਰਾਤ ਆ ਗਈ, ਬਹੁਤ ਬੇਨਤੀਆਂ ਕਰੀਆਂ ਕਿ ਤੁਸੀਂ ਗੁਰੂ ਨੂੰ ਮੰਨ ਲਓ। ਕਹਿੰਦੇ, ਅਸੀਂ ਤਾਂ ਗੁਰੂ ਦੇ ਨਾਲ ਕੋਈ ਗੱਲ ਕਰਨ ਨੂੰ ਤਿਆਰ ਨਹੀਂ, ਸੁਣਨ ਨੂੰ ਤਿਆਰ ਨਹੀਂ। ਸਾਡਾ ਪੀਰ ਹੈ, ਉਹ ਤਾਂ ਸਾਡੇ ਸਾਰੇ ਕੰਮ ਖਰਾਬ ਕਰ ਦਏਗਾ। ਮੰਨਦੇ ਨਹੀਂ।

ਉਸ ਵੇਲੇ ਲੜਕੀ ਵੀ ਸਾਧਸੰਗਤ ਜੀ, ਬਹੁਤ ਉਦਾਸ ਹੈ ਕਿ ਮੈਂ ਕਿਹੋ ਜਿਹੇ ਕੁਸੰਗੀਆਂ ਦੇ ਘਰ ਜਾ ਰਹੀ ਹਾਂ। ਵਿਆਹ ਹੋ ਕੇ ਜਦੋਂ ਡੋਲੀ ਤੋਰਨ ਲੱਗਿਆ ਤਾਂ ਭੁੱਬਾਂ ਨਿਕਲ ਗਈਆਂ ਭਾਈ ਆਕਲ ਦੀਆਂ। ਦੇਖ ਰਿਹਾ ਹੈ ਕਿ ਮੈਂ ਗਊ ਬੰਨ੍ਹ ਕੇ ਕਸਾਈਆਂ ਦੇ ਹਵਾਲੇ ਕਰ ਦਿਤੀ। ਉਸ ਵੇਲੇ ਆਖਰੀ ਸੰਦੇਸ਼ ਉਸ ਨੂੰ ਇਸ ਤਰ੍ਹਾਂ ਦਿੰਦਾ ਹੈ -

***ਧਾਰਨਾ - ਪੱਲਾ ਨਾ ਛੱਡੀਂ ਬੇਟੀ, ਪੂਰਿਆਂ ਗੁਰਾਂ ਦਾ।***

ਨੇਤਰਾਂ 'ਚੋਂ ਜਲ ਜਾਂਦਾ ਹੈ, ਕਹਿੰਦਾ ਬੇਟੀ, ਬੜੀ ਭੁੱਲ ਹੋ ਗਈ। ਸੁਲਤਾਨੀਆਂ ਦੇ ਘਰ ਵਿਆਹ ਹੋ ਗਿਆ ਤੇਰਾ, ਗੁਰੂ ਦੀ ਨਿੰਦਿਆ ਤੇਰੇ ਕੰਨਾਂ 'ਚ ਪੈਣੀ ਹੈ, ਨਾਸਤਕ ਗੱਲਾਂ ਤੇਰੇ ਕੰਨਾਂ 'ਚ ਪੈਣੀਆਂ ਨੇ। ਦੇਖੀਂ ਗੁਰੂ ਦਾ ਲੜ ਨਾ ਤੂੰ ਛੱਡੀਂ। ਉਹ ਸਮਰੱਥ ਗੁਰੂ ਨੇ, ਆਪੇ ਹੀ ਤੇਰਾ ਕੋਈ ਨਾ ਕੋਈ ਪ੍ਰਬੰਧ ਹੋ ਜਾਣਾ ਹੈ।

ਸੋ ਇਸ ਤਰ੍ਹਾਂ ਸ਼ਾਦੀ ਕਰ ਦਿਤੀ, ਡੋਲੀ ਤੋਰ ਦਿਤੀ। ਲੜਕੀ ਬਹੁਤ ਉਦਾਸ ਹੋ ਰਹੀ ਹੈ ਕਿ ਇਹ ਤਾਂ ਜਪੁਜੀ ਸਾਹਿਬ ਨਹੀਂ ਪੜ੍ਹਨ ਦਿੰਦੇ, ਸੁਖਮਨੀ ਸਾਹਿਬ ਨਹੀਂ ਪੜ੍ਹਨ ਦਿੰਦੇ। ਗੁਰੂ ਦੇ ਦਰਸ਼ਨ ਮੈਂ ਕਿਵੇਂ ਕਰਾਂਗੀ। ਇਨ੍ਹਾਂ ਦਾ ਰਸਤਾ ਹੋਰ ਹੈ, ਮੇਰਾ ਰਸਤਾ ਹੋਰ ਹੈ। ਜਦੋਂ ਭਾਈ ਕੀ ਡਰੋਲੀ ਕੋਲ ਪਹੁੰਚੀ ਤੇ ਕੀਰਤਨ ਦੀ ਧੁਨੀਆਂ ਦੀ ਆਵਾਜ਼ ਆ ਰਹੀ, ਪਹਿਚਾਣ ਗਈ ਕਿ ਮੇਰੇ ਸਤਿਗੁਰੂ ਇਸੇ ਪਿੰਡ ਵਿਚ ਠਹਿਰੇ ਨੇ, ਉਸ ਵੇਲੇ ਉਹਨੇ ਗਹਿਣੇ ਲਾਹੇ, ਡੋਲੀ ਵਾਲਿਆਂ ਨੂੰ ਬੁਲਾਇਆ ਤੇ ਜਿਹੜਾ ਇਹਦਾ ਪਤੀ ਸੀ ਭਾਈ ਸਾਧੂ। ਉਹ ਘੋੜੇ 'ਤੇ ਚੜ੍ਹਿਆ ਹੋਇਆ ਅੱਗੇ-ਅੱਗੇ ਜਾ ਰਿਹਾ ਹੈ। ਬਰਾਤ ਸਾਰੀ ਘੋੜਿਆਂ 'ਤੇ ਜਾ ਰਹੀ ਹੈ ਤੇ ਡੋਲੀ

ਪਿੱਛੇ-ਪਿੱਛੇ ਜਾ ਰਹੀ ਹੈ। ਇਹਨੇ ਕੁਹਾਰਾਂ ਨੂੰ ਕਿਹਾ ਕਿ ਆਹ ਮੇਰੇ ਗਹਿਣੇ ਲੈ ਲਓ, ਚੂੜੀਆਂ, ਇਕ ਕੰਮ ਮੇਰਾ ਕਰ ਦਿਓ ਛੇਤੀ ਦੇ ਕੇ। ਇਸ ਪਿੰਡ ਦੇ ਅੰਦਰ ਗੁਰੂ ਮਹਾਰਾਜ ਆਏ ਹੋਏ ਨੇ। ਤੁਸੀਂ ਮੈਨੂੰ ਇਕ ਵਾਰੀ ਉਨ੍ਹਾਂ ਦੇ ਦੀਵਾਨ 'ਚ ਲੈ ਚੱਲੋ। ਉਹ ਦੇਖੋ ਆਵਾਜ਼ ਆ ਰਹੀ ਹੈ, ਨੇੜੇ ਹੀ ਹੈ ਏਥੋਂ। ਚਾਰਾਂ ਨੇ ਸਲਾਹ ਕਰੀ ਕਹਿਣ ਲੱਗੇ ਚੱਲੋ, ਕਾਹਲੀ-ਕਾਹਲੀ ਚਲੇ ਚੱਲਾਂਗੇ, ਕੋਈ ਬਾਤ ਨਹੀਂ ਹੈ, ਜੇ ਕੋਈ ਜ਼ਿਆਦਾ ਹੀ ਗੱਲ ਬਣ ਗਈ, ਫੇਰ ਕੋਈ ਹੋਰ ਹੱਲ ਸੋਚ ਲਵਾਂਗੇ। ਕਹਿਣ ਲੱਗੇ, ਬੀਬੀ! ਮੱਥਾ ਟੇਕ ਕੇ ਮੁੜ ਆਈਂ। ਕਹਿੰਦੀ, ਬੱਸ ਮੈਂ ਦਰਸ਼ਨ ਕਰਦੇ ਸਾਰ ਹੀ ਮੁੜ ਆਉਣਾ ਹੈ। ਮੇਰੇ ਪਿਤਾ ਦਾ ਬਚਨ ਹੋ ਚੁੱਕਿਆ ਹੈ, ਮੈਂ ਭੱਜਣਾ ਨਹੀਂ ਦੌੜਨਾ ਨਹੀਂ, ਪਿਉ ਦੀ ਲਾਜ ਰੱਖਣ ਵਾਲੀ ਹਾਂ ਮੈਂ। ਸਿਰਫ ਮੈਨੂੰ ਗੁਰੂ ਦੇ ਦਰਸ਼ਨ ਕਰਾ ਦਿਓ।

ਜਦੋਂ ਗੁਰੂ ਮਹਾਰਾਜ ਦੇ ਹਜ਼ੂਰ ਡੋਲੀ ਰੱਖ ਦਿਤੀ। ਮਹਾਰਾਜ ਨੇ ਦੇਖਿਆ ਕਿ ਸ਼ਗਨ ਵਾਲੇ ਵਸਤਰ ਪਹਿਨੇ ਹੋਏ ਨੇ, ਬੀਬੀ ਇਕੱਲੀ ਆ ਰਹੀ ਹੈ ਤਾਂ ਉਸ ਵੇਲੇ ਇਸ਼ਾਰਾ ਕਰ ਦਿਤਾ ਕਿ ਬੀਬੀ ਨੂੰ ਸਾਡੇ ਨੇੜੇ ਲੈ ਆਓ। ਉਸ ਨੇ ਆ ਕੇ ਮਹਾਰਾਜ ਦੇ ਚਰਨਾਂ 'ਚ ਮਸਤਕ ਨਿਵਾਇਆ, ਦੋਵੇਂ ਹੱਥ ਜੋੜ ਲਏ, ਉਸੇ ਵੇਲੇ ਆਪਣੇ ਮੁਖ ਤੋਂ ਇਸ ਤਰ੍ਹਾਂ ਬੇਨਤੀ ਕਰਦੀ ਹੈ -

***ਧਾਰਨਾ - ਨਿਭਾਈਂ ਦਾਤਿਆਂ ਸਿੱਖੀ ਸਿਦਕ ਭਰੋਸਾ।***

ਦੋਵੇਂ ਹੱਥ ਜੋੜ ਕੇ ਬੇਨਤੀ ਕਰਦੀ ਹੈ ਕਿ ਪਾਤਸ਼ਾਹ! ਮੇਰਾ ਭਰੋਸਾ ਨਿਭ ਜਾਵੇ, ਟੁੱਟ ਨਾ ਜਾਵੇ। ਦੋਹਾਂ ਨੇਤਰਾਂ 'ਚੋਂ ਜਲ ਜਾਂਦਾ ਹੈ। ਬੋਲਿਆ ਨਹੀਂ ਜਾਂਦਾ ਬੀਬੀ ਤੋਂ। ਮਹਾਰਾਜ ਜੀ ਦੇ ਨੇਤਰ ਸੱਜਲ ਹੋ ਗਏ ਦੇਖ ਕੇ। ਕਹਿਣ ਲੱਗੇ, ਬੇਟਾ! ਦੱਸੋ ਕੀ ਗੱਲ ਹੈ? ਕਹਿਣ ਲੱਗੀ, ਪਾਤਸ਼ਾਹ! ਮੈਂ ਭਾਈ ਆਕਲ ਜੀ, ਮੇਰੇ ਦਾਦਾ ਨੇ ਤੇ ਉਨ੍ਹਾਂ ਦੀ ਪੋਤਰੀ ਹਾਂ। ਉਹ ਆਪ ਦੇ ਦਰਸ਼ਨ ਕਰਨ ਵਾਸਤੇ ਸਾਨੂੰ ਲੈ ਕੇ ਆਇਆ ਕਰਦੇ ਸੀ। ਪਾਤਸ਼ਾਹ! ਕੋਈ ਐਸਾ ਸੰਜੋਗ ਹੋਇਆ ਕਿ ਮੇਰਾ ਜੋ ਵਿਆਹ ਹੋਇਆ ਹੈ, ਉਹ ਸੁਲਤਾਨੀਆਂ ਦੇ ਘਰ ਹੋ ਗਿਆ। ਉਨ੍ਹਾਂ ਨੇ ਆਪ ਦੀ ਨਿੰਦਿਆ ਕਰਨੀ ਹੈ, ਮਾੜਾ ਭਲਾ ਕਹਿਣਾ ਹੈ, ਆਪ ਦੇ ਦਰਸ਼ਨ ਨਹੀਂ ਕਰਨ ਦੇਣੇ। ਮੇਰਾ ਕਿਤੇ ਸਿਦਕ ਨਾ ਟੁੱਟ ਜਾਵੇ। ਮੇਰਾ ਪਿਆਰ ਨਾ ਆਪ ਨਾਲੋਂ ਟੁੱਟ ਜਾਵੇ। ਇਸ ਤਰ੍ਹਾਂ ਬੇਨਤੀ ਕਰਦੀ ਹੈ -

***ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਦੁੱਖਾਂ ਦੇ ਪਹਾੜ ਦੇਖ ਕੇ।***

ਪਾਤਸ਼ਾਹ! ਮੇਰਾ ਆਪ ਨਾਲੋਂ ਪਿਆਰ ਨਾ ਟੁੱਟੇ। ਮਾਤਾ ਪਿਤਾ ਦਾ ਸਹੁਰਿਆਂ ਦੇ ਘਰ 'ਤੇ ਜ਼ੋਰ ਨਹੀਂ ਚੱਲਿਆ ਕਰਦਾ। ਪਤਾ ਨਹੀਂ ਮੈਨੂੰ ਕਿੱਥੇ-ਕਿੱਥੇ ਮੱਥੇ ਟਿਕਾਉਂਦੇ ਫਿਰਨਗੇ, ਕੀ-ਕੀ ਰੀਤਾਂ ਕਰਨਗੇ। ਪਾਤਸ਼ਾਹ!

ਮੈਂ ਤੁਹਾਡੀ ਸਿੱਖੀ 'ਚ ਰਹਿਣਾ ਹੈ, ਕ੍ਰਿਪਾ ਕਰੋ ਮੇਰਾ ਸਿਦਕ ਬਚਾ ਲਓ। ਮੇਰਾ ਸਿਦਕ ਨਾ ਡੋਲ ਜਾਵੇ ਕਿਤੇ, ਤੁਹਾਡੇ ਨਾਲੋਂ ਪਿਆਰ ਨਾ ਟੁੱਟ ਜਾਵੇ।

ਕਿਹੋ ਜਿਹਾ ਹੁੰਦਾ ਹੈ ਸਿੱਖੀ ਸਿਦਕ। ਸਾਧਸੰਗਤ ਜੀ! ਭਾਈ ਤਾਰੂ ਉਨ੍ਹਾਂ ਦਾ ਸਿਦਕ ਸਭ ਤੋਂ ਵੱਡਾ ਸੀ। ਅਰਦਾਸ ਕਰ ਦਿਤੀ ਕਿ ਮੇਰਾ ਸਿੱਖੀ ਸਿਦਕ ਕੇਸਾਂ, ਸਵਾਸਾਂ ਨਾਲ ਨਿਭ ਜਾਵੇ। ਕੇਸ ਕੱਟ ਰਹੇ ਨੇ, ਕੱਟ ਨਹੀਂ ਹੁੰਦੇ। ਅਖੀਰ ਹੁਕਮ ਹੋ ਗਿਆ ਕਿ ਇਹਦੀ ਖੋਪਰੀ ਹੀ ਲਾਹ ਦਿਓ। ਉਹ ਪ੍ਰਵਾਨ ਕਰ ਲਿਆ, ਲੇਕਿਨ ਸਿੱਖੀ ਸਿਦਕ ਗਵਾਣਾ ਪ੍ਰਵਾਨ ਨਹੀਂ ਕਰਿਆ।

***ਧਾਰਨਾ – ਸਿਰ ਜਾਵੇ ਤਾਂ ਜਾਵੇ,***
***ਮੇਰਾ ਸਿੱਖੀ ਸਿਦਕ ਨਾ ਜਾਵੇ।***

ਖੋਪਰੀ ਲੁਹਾਉਣੀ ਮਨਜ਼ੂਰ ਕਰ ਲਈ, ਇਕ ਰੋਮ ਵੀ ਨਹੀਂ ਕੱਟਣਾ ਪ੍ਰਵਾਨ ਕਰਿਆ। ਇਸ ਤਰ੍ਹਾਂ ਇਹਨੂੰ ਸਿਦਕ ਕਹਿੰਦੇ ਨੇ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ! ਸ੍ਰੀ ਅਨੰਦਪੁਰ ਸਾਹਿਬ ਦਾ ਕਿਲਾ, ਸਿਦਕੀ ਸਿੱਖਾਂ ਨੇ ਬੜੀਆਂ ਕੁਰਬਾਨੀਆਂ ਦਿਤੀਆਂ। ਕਿੰਨਾ ਸਿਦਕ ਸੀ ਆਪ ਅੰਦਾਜ਼ਾ ਲਾਓ। ਇਕ ਦਿਨ ਮਹਾਰਾਜ ਬਾਹਰ ਨਿਕਲੇ। ਆਲੇ-ਦੁਆਲੇ ਦੇਖ ਰਹੇ ਨੇ ਸਾਰੇ। ਕਹਿੰਦੇ, ਭਾਈ! ਆਹ ਦਰਖਤਾਂ ਦੇ ਪੱਤੇ ਕਿੱਥੇ ਚਲੇ ਗਏ? ਇਨ੍ਹਾਂ ਦੀਆਂ ਛਿੱਲਾਂ ਕਿੱਥੇ ਚਲੀਆਂ ਗਈਆਂ। ਭਾਈ ਦਇਆ ਸਿੰਘ ਜੀ ਕਹਿਣ ਲੱਗੇ, ਪਾਤਸ਼ਾਹ! ਤੇਰੇ ਸਿਦਕੀ ਸਿੱਖਾਂ ਨੇ ਪੱਤੇ ਉਬਾਲ-ਉਬਾਲ ਕੇ ਪੀ ਲਏ ਨੇ ਤੇ ਛਿੱਲਾਂ ਪੀਹ-ਪੀਹ ਕੇ, ਆਟੇ 'ਚ ਮਿਲਾ ਕੇ ਕੇ ਖਾ ਲਈਆਂ ਕਿ ਕੁਛ ਦੇਰ ਹੋਰ ਰਹਿ ਕੇ ਤੇਰੀ ਸੇਵਾ ਕਰੀਏ।

ਇਸੇ ਤਰ੍ਹਾਂ ਨਾਲ ਜਦੋਂ ਗੁਰੂ ਮਹਾਰਾਜ ਨੇ ਕਿਲ੍ਹਾ ਛੱਡਿਆ ਤੇ ਚਾਲੀ ਸਿੰਘਾਂ ਦੇ ਨਾਲ ਸਰਸਾ ਪਾਰ ਕਰਕੇ, ਚਮਕੌਰ ਸਾਹਿਬ ਆਏ, ਉਥੇ ਸ਼ਹੀਦੀਆਂ ਪਾਈਆਂ ਦੋ ਵੱਡੇ ਸਾਹਿਬਜ਼ਾਦਿਆਂ ਨੇ, ਦੋ ਛੋਟੇ ਸਾਹਿਜ਼ਾਦਿਆਂ ਨੇ ਸਰਹੰਦ ਵਿਚ ਪਾਈਆਂ। ਆਪ ਹੌਲੀ-ਹੌਲੀ ਚਲਦੇ-ਚਲਦੇ ਖਿਦਰਾਣੇ ਦੀ ਢਾਬ 'ਤੇ ਪਹੁੰਚ ਗਏ। ਉਥੇ ਮੁਕਤਸਰ ਦਾ ਯੁੱਧ ਕਰਨ ਤੋਂ ਬਾਅਦ ਟੁੱਟੀ ਹੋਈ ਸਿੱਖੀ ਗੰਢ ਕੇ ਅੱਜ ਆਪ ਤਲਵੰਡੀ ਬੈਠੇ ਨੇ, ਭਾਈ ਡੱਲੇ ਦੇ ਕੋਲ। ਭਾਈ ਡੱਲਾ ਬਹੁਤ ਉਦਾਸ ਹੈ ਕਿ ਸੱਚੇ ਪਾਤਸ਼ਾਹ! ਜਦੋਂ ਐਡਾ ਘਮਸਾਨ ਮਚਿਆ ਹੋਇਆ ਸੀ, ਤੁਸੀਂ ਚਿੜੀ ਜਨਾਰ ਦੇ ਹੱਥ ਸੁਨੇਹਾ ਭੇਜ ਦੇਣਾ ਸੀ, ਦੇਖੋ ਮੇਰੇ ਜਵਾਨ ਕਿਸੇ ਦੀ ਛਾਤੀ 45 ਇੰਚ ਤੋਂ ਘੱਟ ਨਹੀਂ ਹੈ। ਸਾਢੇ ਛੇ ਫੁੱਟ ਤੋਂ ਘੱਟ ਕਿਸੇ ਦਾ ਕੱਦ ਨਹੀਂ ਹੈ, ਇਸ ਤੋਂ ਉੱਪਰ ਹੀ ਉੱਪਰ ਨੇ, ਹੇਠਾਂ ਨਹੀਂ ਹੈ ਕੋਈ ਵੀ। ਜੇ ਇਹ ਖੰਡਾ ਵਾਹੁੰਦੇ ਨੇ ਦੋਹਾਂ ਹੱਥਾਂ ਦੇ ਨਾਲ ਤਾਂ ਜ਼ਰਾ ਵਸਤਰ ਲੋਹਾ ਕੱਟ ਕੇ, ਜਵਾਨ ਨੂੰ ਕੱਟ

ਕੇ, ਘੋੜੇ ਦੀ ਕਾਠੀ ਤੇ ਘੋੜੇ ਦਾ ਪੇਟ ਕੱਟ ਕੇ ਧਰਤੀ 'ਚ ਮਾਰਦੇ ਨੇ। ਐਨੇ ਜਵਾਨ ਨੇ ਮਹਾਰਾਜ।

ਮਹਾਰਾਜ ਜੀ ਚੁੱਪ ਕਰ ਰਹੇ, ਕਹਿੰਦੇ ਕੋਈ ਨਹੀਂ ਭਾਈ ਡੱਲਿਆ! ਉਹ ਸਿਦਕੀ ਸਿੱਖ ਸੀਗੇ ਮਰਜੀਵੜੇ। ਚਾਰ ਤਰ੍ਹਾਂ ਦੇ ਸਿੱਖ ਹੋਇਆ ਕਰਦੇ ਨੇ, ਇੱਕ ਤਾਂ ਸਿੱਖੀ ਹੁੰਦੀ ਹੈ ਦੇਖਾ-ਦੇਖੀ ਦੀ ਕਿ ਇਹ ਸਿੱਖ ਬਣ ਗਿਆ ਮੈਂ ਵੀ ਬਣ ਜਾਵਾਂ। ਇਕ ਸਿੱਖੀ ਹੁੰਦੀ ਹੈ ਭੇਖ ਦੀ ਕਿ ਭੇਖ ਤਾਂ ਧਾਰਨ ਕਰ ਲੈਣਾ ਪਰ ਅੰਦਰੋਂ ਗੱਲ ਕੋਈ ਆਈ ਨਹੀਂ ਹੈ। ਇਕ ਸਿੱਖੀ ਹੋਇਆ ਕਰਦੀ ਹੈ ਭਾਵ ਦੀ। ਇਕ ਹੋਇਆ ਕਰਦੀ ਹੈ ਸਿਦਕ ਦੀ। ਇਨ੍ਹਾਂ ਸਿੱਖ, ਸਿਦਕੀ ਸਿੱਖ, ਮਰਜੀਵੜੇ ਸਿੱਖ ਤਿੰਨਾਂ ਹਿੱਸਿਆਂ 'ਚ ਵੰਡਿਆ ਜਾਂਦਾ ਹੈ। ਕਹਿੰਦੇ, ਇਹ ਮਰਜੀਵੜੇ ਸਿੱਖ ਹੀ ਸੀ ਜਿਨ੍ਹਾਂ ਨੇ ਸੀਸ ਤਲੀ 'ਤੇ ਰੱਖੇ ਹੋਏ ਸੀ, ਜਿਨ੍ਹਾਂ ਨੇ ਇਹ ਸੁਣ ਲਿਆ ਸੀ –

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***
***ਇਤੁ ਮਾਰਗਿ ਪੈਰੁ ਧਰੀਜੈ ॥***
***ਸਿਰੁ ਦੀਜੈ ਕਾਣਿ ਨ ਕੀਜੈ ॥*** ***ਅੰਗ – 1412***

ਉਨ੍ਹਾਂ ਦੇ ਹਿਰਦਿਆਂ 'ਚ ਵਸਿਆ ਹੋਇਆ ਸੀ, ਭਾਈ ਡੱਲਾ, ਉਹ ਸਿੱਖ ਸੀਗੇ ਜਿਹੜੇ ਦਸ ਲੱਖ ਫੌਜ ਦੇ ਮੂਹਰੇ ਖੜ੍ਹ ਗਏ। ਹੋਰ ਕਿਸੇ ਦੀ ਤਾਕਤ ਨਹੀਂ ਸੀ, ਉਥੇ ਖੜ੍ਹੇ ਹੋਣ ਦੀ। ਇਹ ਜਿੱਦ ਕਰਦਾ ਹੈ, ਫੇਰ ਕਹਿ ਦਿੰਦਾ ਹੈ ਥੋੜ੍ਹੇ ਦਿਨਾਂ ਬਾਅਦ ਕਿ ਮਹਾਰਾਜ! ਦੇਖਦੇ ਤਾਂ ਸਹੀ ਹੱਥ। ਮਹਾਰਾਜ ਕਹਿੰਦੇ, ਕੋਈ ਨਾ ਸਮਾਂ ਆਇਆ ਜ਼ਰੂਰ ਤੇਰੇ ਜਵਾਨਾਂ ਦਾ ਦਿਲ ਦੇਖਾਂਗੇ।

'ਅੱਜ ਇਕ ਮਿਸਤਰੀ ਬਹੁਤ ਸੋਹਣੀ ਰਾਈਫਲ ਬਣਾ ਕੇ ਲਿਆਇਆ। ਨਾਲ ਉਹਨੇ ਕਿਹਾ ਕਿ ਮਹਾਰਾਜ! ਇਹਦਾ ਨਿਸ਼ਾਨਾ ਬੜਾ ਪੱਕਾ ਹੈ। ਮਹਾਰਾਜ ਨੇ ਰਾਈਫਲ ਚੁੱਕੀ, ਏਧਰ ਨੂੰ ਦੇਖਦਿਆਂ, ਓਧਰ ਨੂੰ ਦੇਖਦਿਆਂ ਕਹਿੰਦੇ ਭਾਈ ਡੱਲਿਆ! ਦੋ ਜਵਾਨ ਲਿਆ ਆਪਣੀ ਫੌਜ ਦੇ ਤੇ ਅਸੀਂ ਇਹ ਨਿਸ਼ਾਨਾ ਦੇਖਣਾ ਹੈ ਕਿ ਕਿੰਨੇ ਬੰਦਿਆਂ 'ਚੋਂ ਲੰਘ ਸਕਦਾ ਹੈ। ਨੀਵੀਆਂ ਪਾ ਲਈਆਂ, ਜਿਹੜੇ ਬੈਠੇ ਸੀ ਉਹ ਵੀ ਖਿਸਕਣ ਲਗ ਗਏ। ਕੋਈ ਖੰਘਣ ਦੇ ਬਹਾਨੇ, ਕੋਈ ਨਾ ਕੋਈ ਬਹਾਨੇ ਲਾ ਕੇ। ਡੱਲਾ ਦੇਖਦਾ ਹੈ ਉਨ੍ਹਾਂ ਵੱਲ। ਸਾਰੇ ਹੀ ਚਲੇ ਗਏ, ਕਹਿੰਦਾ ਲੈ ਕੇ ਆਉਂਦਾ ਹਾਂ। ਉਥੇ ਜਾ ਕੇ ਕਹਿਣ ਲੱਗਿਆ ਕਿ ਤੁਸੀਂ ਤਾਂ ਬੇਇਜ਼ਤੀ ਕਰਾ ਦਿਤੀ ਮੇਰੀ। ਮੈਂ ਤੁਹਾਨੂੰ ਤਨਖਾਹਾਂ ਦਿੰਦਾ ਹਾਂ, ਦੋ ਸਿਪਾਹੀ ਮੰਗੇ ਸੀ ਉਨ੍ਹਾਂ ਨੇ। ਕਹਿੰਦੇ, ਸਰਦਾਰ ਜੀ! ਇਸ ਤਰ੍ਹਾਂ ਗੋਲੀਆਂ ਮੂਹਰੇ ਮਰਨ ਵਾਸਤੇ ਤਾਂ ਨਹੀਂ ਅਸੀਂ ਆਏ। ਮੈਦਾਨ-ਏ-ਜੰਗ ਵਿਚ ਸਾਡੇ ਹੱਥ ਵੇਖੋ। ਕਹਿੰਦਾ, ਤੁਸੀਂ ਮੇਰੀ ਬੇਇਜ਼ਤੀ ਕਰਾ ਦਿਤੀ, ਮੈਂ ਕਿੱਡੀਆਂ-ਕਿੱਡੀਆਂ ਤੁਹਾਡੀਆਂ ਬਾਤਾਂ ਕਰਦਾ ਸੀ। ਉਹ ਕਹਿੰਦੇ, ਨਾ ਇਸ ਤਰ੍ਹਾਂ ਨਹੀਂ ਅਸੀਂ ਮਰਨਾ।

ਵਾਪਸ ਆ ਗਿਆ।

ਮਹਾਰਾਜ ਕਹਿੰਦੇ, ਕਿਉਂ ਡੱਲ੍ਹਿਆ! ਲਿਆਇਆ ਨਹੀਂ। ਨੀਵੀਂ ਪਾਈਂ ਖੜ੍ਹਾ ਹੈ। ਕਹਿੰਦੇ, ਆਉਂਦਾ ਨਹੀਂ ਕੋਈ? ਕਹਿੰਦਾ, ਨਾ ਮਹਾਰਾਜ ਆਉਂਦਾ ਨਹੀਂ। ਕਹਿੰਦੇ ਤੂੰ ਖੜ੍ਹ ਜਾ ਫੇਰ? ਆਲੇ-ਦੁਆਲੇ ਝਾਕਦਾ ਹੈ ਕਿ ਬੁਰਾ ਫਸਿਆ ਮੈਂ ਤਾਂ। ਕਹਿੰਦੇ, ਕੀ ਗੱਲ ਤੂੰ ਜਾਂਦਾ ਨਹੀਂ। ਕਹਿੰਦਾ, ਮਹਾਰਾਜ! ਮੇਰੇ ਬੱਚੇ ਅਜੇ ਛੋਟੇ-ਛੋਟੇ ਨੇ। ਕਹਿੰਦੇ, ਜਾਹ ਕਿਸੇ ਸਿੱਖ ਨੂੰ ਬੁਲਾ ਕੇ ਲਿਆ। ਨੇੜੇ ਹੀ ਸਿੱਖ ਸੀਗੇ ਦੋ ਦਸਤਾਰ ਬੰਨ੍ਹਦੇ। ਜਾਨ 'ਚ ਜਾਨ ਆ ਗਈ ਇਹਦੀ ਕਿ ਸ਼ੁਕਰ ਹੈ ਛੁੱਟੀ ਹੋਈ। ਉਥੇ ਜਾ ਕੇ ਕਹਿਣ ਲੱਗਿਆ ਕਿ ਓ ਗੁਰਸਿੱਖੋ! ਗੁਰੂ ਸਾਹਿਬ ਨੇ ਰਾਈਫਲ ਟੈਸਟ ਕਰਨੀ ਹੈ, ਇੱਕ ਸਿੱਖ ਨੂੰ ਉਨ੍ਹਾਂ ਨੇ ਕਿਹਾ ਹੈ ਕਿ ਭੇਜੋ। ਉਹ ਦੋਵੇਂ ਨੱਠ ਪਏ, ਇਕ ਨੇ ਸਾਫਾ ਬੰਨ੍ਹ ਲਿਆ ਸੀ, ਇਕ ਅਜੇ ਦਸਤਾਰ ਸਜਾ ਰਿਹਾ ਸੀ। ਪਿਛਲਾ ਜਿਹੜਾ ਦਸਤਾਰ ਸਜਾਉਣ ਵਾਲਾ ਸੀ ਉਹ ਸਮਝੋ ਦੋ-ਚਾਰ ਸੈਕਿੰਡ ਬਾਅਦ ਪਹੁੰਚਿਆ। ਦੂਜਾ ਪਹਿਲਾ ਪਹੁੰਚ ਗਿਆ। ਉਹ ਖੜ੍ਹ ਗਿਆ, ਮਹਾਰਾਜ ਕਹਿੰਦੇ ਉਥੇ ਖੜ੍ਹ ਜਾ। ਐਨੇ ਨੂੰ ਉਹ ਵੀ ਆ ਗਿਆ, ਉਹ ਉਹਦੇ ਮੂਹਰੇ ਖੜ੍ਹ ਗਿਆ। ਸ਼ਿਸ਼ਤ ਲਾਈ ਹੋਈ ਹੈ ਮਹਾਰਾਜ ਨੇ। ਉਹ ਉਹਦੇ ਮੂਹਰੇ ਖੜ੍ਹ ਗਿਆ, ਦੂਜਾ ਉਹਦੇ ਮੂਹਰੇ, ਕਰਦੇ-ਕਰਦੇ ਮਹਾਰਾਜ ਦੇ ਬਿਲਕੁਲ ਕੋਲ ਚਲੇ ਗਏ। ਮਹਾਰਾਜ ਕਹਿੰਦੇ, ਮੈਂ ਇਕ ਨੂੰ ਕਿਹਾ ਹੈ ਤੁਸੀਂ ਦੋ ਖੜ੍ਹ ਗਏ? ਭਾਈ ਡੱਲਾ ਦੇਖਦਾ ਹੈ ਕਿ ਕਿਹੋ ਜਿਹੇ ਦਲੇਰ ਨੇ, ਮਰਨ ਤੋਂ ਭੋਰਾ ਜਿੰਨਾ ਵੀ ਨਹੀਂ ਡਰਦੇ।

ਮਹਾਰਾਜ ਨੇ ਕਿਹਾ ਕਿ ਤੁਸੀਂ ਇਕ ਕਿਉਂ ਨਹੀਂ ਖੜ੍ਹਦੇ। ਕਹਿਣ ਲੱਗੇ, ਸੱਚੇ ਪਾਤਸ਼ਾਹ! ਜਦੋਂ ਆਪ ਦਾ ਹੁਕਮ ਗਿਆ ਸੀ, ਮੈਂ ਦਸਤਾਰ ਬੰਨ੍ਹਦਾ ਸੀ, ਮੈਂ ਮੂਹਰੇ ਸੀ, ਉੱਠਣ 'ਚ ਜ਼ਰਾ ਕੁ ਦੇਰੀ ਹੋ ਗਈ, ਇਹ ਜਿਹੜਾ ਸੀ ਇਹ ਦਸਤਾਰ ਬੰਨ੍ਹ ਚੁੱਕਾ ਸੀ, ਇਹ ਨੱਠ ਕੇ ਆ ਗਿਆ। ਸੁਣਿਆ ਤਾਂ ਮੈਂ ਹੈ ਪਹਿਲਾਂ। ਮਹਾਰਾਜ ਕਹਿੰਦੇ, ਚਲੋ ਚੰਗਾ, ਦੋਵੇਂ ਖੜ੍ਹ ਜਾਓ। ਮਹਾਰਾਜ ਨੇ ਸ਼ਿਸ਼ਤ ਧਾਰੀ, ਭਾਈ ਡੱਲਾ ਦੇਖਦਾ ਹੈ ਕਿ ਇਕ ਸਕਿੰਟ ਵਿਚ ਹੀ ਦੋਵੇਂ ਖਤਮ ਹੋ ਜਾਣੇ ਨੇ। ਮਹਾਰਾਜ ਨੇ ਬੰਦੂਕ ਚਲਾਈ ਦਸਤਾਰ ਨੂੰ ਛੂੰਹਦੀ ਹੋਈ ਗੋਲੀ ਚਲੀ ਗਈ। ਕਹਿੰਦੇ, ਬਈ ਬਹੁਤ ਵਧੀਆ ਹੈ ਤੇਰੀ ਰਾਈਫਲ, ਠੀਕ ਹੈ। ਕਹਿੰਦੇ, ਡੱਲਿਆ! ਤੇਰੇ ਜੁਆਨਾਂ ਨੇ ਤਾਂ ਇਕ ਦਿਨ ਨਹੀਂ ਸੀ ਕੱਟਣਾ। ਇਹ ਤਾਂ ਸਿੱਖੀ ਸਿਦਕ ਹੈ ਕਿਉਂਕਿ ਇਨ੍ਹਾਂ ਨੂੰ ਗੁੜ੍ਹਤੀ ਹੀ ਐਸੀ ਮਿਲਦੀ ਹੈ -

***ਧਾਰਨਾ - ਸਿਰ ਧਰ ਕੇ ਤਲੀ 'ਤੇ ਆ ਜਾ,***
***ਲੰਘਣੈ ਪ੍ਰੇਮ ਦੀ ਗਲੀ ਪਿਆਰਿਆ।***

***ਜਉ ਤਉ ਪ੍ਰੇਮ ਖੇਲਣ ਕਾ ਚਾਉ ॥***
***ਸਿਰੁ ਧਰਿ ਤਲੀ ਗਲੀ ਮੇਰੀ ਆਉ ॥***

*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - 1412*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - 1102*

ਡੱਲਿਆ! ਇਹ ਗੁਰਸਿੱਖਾਂ ਦਾ ਤੇ ਮੇਰਾ ਪਿਆਰ ਕੱਚਾ ਨਹੀਂ ਹੈ। ਇਹ ਇਥੇ ਦਾ ਹੀ ਪਿਆਰ ਨਹੀਂ, ਇਹ ਧੁਰ ਦਰਗਾਹ ਦਾ ਪਿਆਰ ਹੈ। ਜਿੱਥੇ ਮੈਂ ਜਾਣਾ ਹੈ, ਉਥੇ ਮੇਰੇ ਗੁਰਸਿੱਖਾਂ ਨੇ ਜਾਣਾ ਹੈ। ਡੱਲਿਆ! ਤੂੰ ਪ੍ਰੀਤ ਦੀਆਂ ਗੱਲਾਂ ਨਹੀਂ ਸਮਝਦਾ। ਤੇਰੇ ਸਿਪਾਹੀ ਤਨਖਾਹਦਾਰ ਨੇ, ਮੇਰੇ ਜਿਹੜੇ ਸਿੱਖ ਨੇ ਇਹ ਸਿੱਖੀ ਸਿਦਕ ਵਾਲੇ ਨੇ। ਇਨ੍ਹਾਂ ਨੇ ਪਹਿਲਾਂ ਮੈਨੂੰ ਆਪਣਾ ਆਪ ਵੇਚ ਦਿਤਾ। ਇਸ ਕਰਕੇ ਫਰਕ ਦੇਖ ਲਿਆ ਨਾ ਤੂੰ ਦੋਨਾਂ ਦਾ ਕਿੰਨਾ ਹੈ। ਸੋ ਇਹ ਮਰਜੀਵੜੇ ਸਿੱਖ ਨੇ, ਸਿਦਕੀ ਸਿੱਖ ਨੇ।

ਸੋ ਇਸ ਤਰ੍ਹਾਂ ਦੇ ਨਾਲ ਬੀਬੀ ਅਰਦਾਸ ਕਰਦੀ ਹੈ, ਸੱਚੇ ਪਾਤਸ਼ਾਹ ਐਨੇ ਦੁੱਖਾਂ ਦਾ ਮੈਨੂੰ ਸਾਮ੍ਹਣਾ ਕਰਨਾ ਪੈਣਾ ਹੈ, ਕਿਤੇ ਮੇਰਾ ਸਿੱਖੀ ਸਿਦਕ ਨਾ ਜਾਂਦਾ ਰਹੇ, ਮੇਰਾ ਪਿਆਰ ਨਾ ਆਪ ਨਾਲੋਂ ਜਾਵੇ।

ਮਹਾਰਾਜ ਜੀ ਦੇ ਨੇਤਰਾਂ 'ਚ ਜਲ ਆ ਗਿਆ। ਬੱਚੀ ਦੇ ਸੀਸ 'ਤੇ ਹੱਥ ਰੱਖ ਦਿਤਾ, ਬੇਟੀ! ਫਿਕਰ ਨਾ ਕਰ। ਇਹ ਤੇਰਾ ਦਰਗਾਹ ਦਾ ਲੇਖ ਹੀ ਐਸਾ ਲਿਖਿਆ ਹੋਇਆ ਹੈ। ਲੇਖ ਦੀ ਬਾਤ ਹੈ, ਮਹਾਰਾਜ ਕਹਿੰਦੇ -

*ਸਰਬ ਜੀਆ ਸਿਰਿ ਲੇਖੁ ਧੁਰਾਹੂ*
*ਬਿਨੁ ਲੇਖੈ ਨਹੀ ਕੋਈ ਜੀਉ ॥ ਅੰਗ - 598*

ਕੋਈ ਬੰਦਾ ਨਹੀਂ ਜਿਹਦੇ ਮੱਥੇ 'ਚ ਲੇਖ ਨਾ ਲਿਖਿਆ ਹੋਵੇ। ਦਰਗਾਹ ਦਾ ਲਿਖਿਆ ਹੋਇਆ ਲੇਖ -

*ਆਪਿ ਅਲੇਖੁ ਕੁਦਰਤਿ ਕਰਿ ਦੇਖੈ*
*ਹੁਕਮਿ ਚਲਾਏ ਸੋਈ ਜੀਉ ॥ ਅੰਗ - 598*

ਜਿਹੋ ਜਿਹੇ ਕਰਮ ਕਰਦਾ ਹੈ ਉਹੋ ਜਿਹਾ ਲੇਖ ਲਿਖਿਆ ਜਾਂਦਾ ਹੈ, ਉਹ ਟਲਿਆ ਨਹੀਂ ਕਰਦਾ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜੋ ਲਿਖਿਆ ਕਰਤਾਰ,*
*ਮਿਟਦਾ ਮੱਥੇ ਵਾਲਾ ਲੇਖ ਨਾ।*

ਕੋਈ ਵੀ ਸੰਸਾਰ 'ਚ ਐਸਾ ਬੰਦਾ ਨਹੀਂ ਹੈ ਜਿਹਦੇ ਮੱਥੇ 'ਚ ਲੇਖ ਨਾ ਲਿਖਿਆ ਹੋਵੇ। ਗੁਰੂ ਮਿਲਣਾ -

*ਜਿਨ ਮਸਤਕਿ ਧੁਰਿ ਹਰਿ ਲਿਖਿਆ*
*ਤਿਨਾ ਸਤਿਗੁਰੁ ਮਿਲਿਆ ਰਾਮ ਰਾਜੇ ॥ ਅੰਗ - 450*

ਸੋ ਇਸ ਤਰ੍ਹਾਂ ਨਾਲ ਕਹਿੰਦੇ ਬੇਟਾ! ਲੇਖ ਦਰਗਾਹ ਦਾ ਹੀ ਤੇਰੇ

ਮੱਥੇ 'ਚ ਐਸਾ ਲਿਖਿਆ ਹੋਇਆ ਹੈ ਕਿ ਤੇਰਾ ਕੁਸੰਗੀ ਨਾਲ ਵਿਆਹ ਹੋਣਾ ਹੈ। ਲੇਖ ਮਿਟਦਾ ਨਹੀਂ ਸਾਧਸੰਗਤ ਜੀ, ਕੋਈ ਨਹੀਂ ਮਿਟਾਉਣ ਨੂੰ ਸਮਰੱਥ ਸਿਵਾਏ ਗੁਰੂ ਤੋਂ। ਗੁਰੂ ਮਿਟਾ ਸਕਦੇ ਨੇ ਤੇ ਰੱਬ ਦੇ ਪਿਆਰੇ ਜਿਹੜੇ ਨੇ ਉਹ ਮਿਟਾ ਦਿੰਦੇ ਨੇ ਕਿਉਂਕਿ –

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥*** ***ਅੰਗ – 748***

ਇਕ ਵਾਰੀ ਇਕ ਬੀਬੀ ਪਾਣੀ ਲੈਣ ਵਾਸਤੇ ਜਾ ਰਹੀ ਹੈ। ਗਾਗਰ ਸਿਰ ਦੇ ਉਤੇ ਚੁੱਕੀ ਹੋਈ ਹੈ ਤੇ ਅੱਗੇ ਕੀ ਦੇਖਦੀ ਹੈ ਕਿ ਇਕ ਲੜਕੀ ਮਰੀ ਪਈ ਹੈ। ਉਹਦਾ ਛੇ ਮਹੀਨੇ ਦਾ ਬੱਚਾ ਪੇਟ ਤੇ ਪਿਆ ਦੁੱਧ ਚੁੰਘਣ ਦੀ ਕੋਸ਼ਿਸ਼ ਕਰਦਾ ਹੈ। ਕਦੇ ਖੱਬੇ ਪਾਸਿਓਂ ਕਦੇ ਸੱਜੇ ਪਾਸਿਓਂ। ਦੁੱਧ ਕਿੱਥੇ, ਉਹ ਤਾਂ ਵਿਚਾਰੀ ਚੜ੍ਹਾਈ ਕਰ ਗਈ। ਲੋਕ ਦੇਖ ਰਹੇ ਨੇ ਖੜ੍ਹ ਕੇ ਕਿ ਬੱਚਾ ਯਤੀਮ ਹੋ ਗਿਆ ਵਿਚਾਰਾ, ਇਹਨੂੰ ਪਤਾ ਨਹੀਂ ਕਿ ਮੇਰੀ ਮਾਂ ਮਰ ਚੁੱਕੀ ਹੈ। ਸੋ ਬੜਾ ਅਫਸੋਸ ਹੈ, ਸਾਰੇ ਚੁੱਪ ਕਰੇ ਖੜ੍ਹੇ ਨੇ, ਉਨ੍ਹਾਂ ਦੇ ਵਿਚ ਹੀ ਰਾਜਾ ਜਨਕ ਬੀਰ ਯਾਤਰਾ ਕਰਦਾ ਹੋਇਆ, ਆਪਣੀ ਪਰਜਾ ਦਾ ਹਾਲ ਦੇਖਦਾ ਹੋਇਆ, ਭੇਸ ਵਟਾ ਕੇ ਵਿਚ ਖੜ੍ਹਾ ਗੱਲਾਂ ਸੁਣ ਰਿਹਾ ਹੈ ਕਿ ਕੀ ਕਹਿੰਦੇ ਨੇ। ਐਨੇ ਨੂੰ ਉਹ ਲੜਕੀ ਆਈ ਉਥੇ ਇਕ ਸਕਿੰਟ ਵਾਸਤੇ ਉੱਚੀ-ਉੱਚੀ ਹਸ ਕੇ ਤੁਰ ਗਈ। ਰਾਜੇ ਜਨਕ ਨੇ ਦੇਖਿਆ ਕਿ ਇਹ ਲੜਕੀ ਹੱਸ ਕੇ ਕਿਉਂ ਗਈ, ਬਾਕੀ ਤਾਂ ਸਾਰੇ ਅਫਸੋਸ ਕਰ ਰਹੇ ਨੇ। ਪਿੱਛੇ ਹੋ ਲਿਆ, ਕਹਿੰਦਾ ਬੇਟੀ! ਗੱਲ ਸੁਣ। ਤੂੰ ਕਿਉਂ ਹੱਸੀ? ਕਹਿੰਦੀ ਪਿਤਾ ਜੀ! ਮੈਂ ਤਾਂ ਹੱਸੀ ਹਾਂ ਕਿ ਇਹ ਤਾਂ ਇਸੇ ਤਰ੍ਹਾਂ ਹੀ ਹੋਣਾ ਸੀ। ਭਾਵੀ ਨੂੰ ਦੇਖ ਕੇ ਹੱਸੀ ਹਾਂ। ਕਹਿਣ ਲੱਗੇ, ਮੈਨੂੰ ਵਿਚਲੀ ਗੱਲ ਦਸ। ਉਹ ਕਹਿੰਦੀ, ਮੇਰੇ ਕੋਲ ਸਮਾਂ ਨਹੀਂ ਹੈ। ਮੈਂ ਦਸ ਨਹੀਂ ਸਕਦੀ, ਮੈਂ ਪ੍ਰਭੂ ਦਾ ਸਿਮਰਨ ਕਰਦੀ ਜਾ ਰਹੀ ਹਾਂ। ਗੱਲ ਕਰਨ ਦਾ ਮੇਰੇ ਕੋਲ ਸਮਾਂ ਨਹੀਂ ਹੈ। ਰਾਜੇ ਨੇ ਸੋਚਿਆ ਕਿ ਗੱਲ ਤਾਂ ਪੁੱਛਣੀ ਚਾਹੀਦੀ ਹੈ, ਰਮਜ਼ ਦੀ ਬਾਤ ਕਰ ਗਈ ਇਹ। ਪਿੱਛੇ-ਪਿੱਛੇ ਹੋ ਲਿਆ ਕਹਿੰਦਾ ਮੈਂ ਰਾਜਾ ਜਨਕ ਹਾਂ। ਬੀਰ ਯਾਤਰਾ ਕਰ ਰਿਹਾ ਹਾਂ, ਤੂੰ ਮੈਨੂੰ ਗੱਲ ਦੱਸ ਬੇਟੀ। ਉਹ ਕਹਿੰਦੀ, ਪਿਤਾ ਜੀ! ਮੇਰੇ ਕੋਲ ਸਮਾਂ ਨਹੀਂ। ਕਹਿੰਦਾ, ਤੇਰੇ ਕੋਲ ਸਮਾਂ ਕਿਉਂ ਨਹੀਂ? ਉਹ ਕਹਿੰਦੀ, ਮੇਰੇ 'ਤੇ ਵੀ ਭਾਵੀ ਆਉਣ ਵਾਲੀ ਹੈ ਥੋੜ੍ਹੀ ਦੇਰ ਨੂੰ। ਕਹਿੰਦੇ, ਉਹ ਕੀ? ਉਹ ਕਹਿੰਦੀ ਮੈਂ ਗਾਗਰ ਲੈ ਕੇ ਆਉਣੀ ਹੈ ਨਦੀ 'ਚੋਂ ਭਰ ਕੇ, ਮੈਂ ਪਤੀ ਦਾ ਇਸ਼ਨਾਨ ਕਰਾਉਣਾ ਹੈ। ਮੈਂ ਪਤੀਵਰਤਾ ਇਸਤਰੀ ਹਾਂ। ਅੱਜ ਤੱਕ ਮੈਂ ਸਾਰੀ ਜ਼ਿੰਦਗੀ 'ਚ ਆਪਣੇ ਪਤੀ ਦਾ ਹੁਕਮ ਨਹੀਂ ਮੋੜਿਆ। ਜੋ ਕਹਿੰਦੇ ਨੇ ਉਹੀ ਕਰਦੀ ਹਾਂ ਤੇ ਮੈਂ ਛੇਤੀ ਜਾਣਾ ਹੈ। ਜਿਸ ਵਕਤ ਮੈਂ ਉਨ੍ਹਾਂ ਦਾ ਇਸ਼ਨਾਨ ਕਰਾਉਣਾ ਹੈ, ਜਾ ਕੇ ਜਦੋਂ ਮੈਂ ਦੁੱਧ ਲਿਆਉਣਾ ਹੈ, ਦੁੱਧ ਫੜਾ ਜਾਣਾ ਹੈ, ਹੋਰ ਚੀਜ਼ ਲੈਣ ਜਾਣੀ ਹੈ, ਮੇਰੇ 'ਤੇ ਛੱਤ ਗਿਰ ਜਾਣੀ ਹੈ, ਮੈਂ ਮਰ ਜਾਣਾ ਹੈ।

ਇਸ ਕਰਕੇ ਜਿਹੜੇ ਮੇਰੇ ਬਾਕੀ ਬਚਦੇ ਸਵਾਲ ਨੇ ਉਹ ਮੈਂ ਪ੍ਰਭੂ ਦੇ ਧਿਆਨ ਵਿਚ ਲਾਉਣਾ ਚਾਹੁੰਦੀ ਹਾਂ, ਹੁਣ ਨਾ ਮੈਨੂੰ ਕੁਛ ਪੁੱਛੀਂ ਕਿਉਂਕਿ ਐਸਾ ਹੈ –

***ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥***
***ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ ॥***
***ਅੰਗ – 526***

ਜੇ ਵਾਹਿਗੁਰੂ-ਵਾਹਿਗੁਰੂ ਕਰਦਾ ਆਦਮੀ ਚੜ੍ਹਾਈ ਕਰ ਜਾਵੇ, ਵਾਹਿਗੁਰੂ 'ਚ ਧਿਆਨ ਹੋਵੇ, ਉਹ ਸਿੱਧਾ ਹੀ ਸਚਖੰਡ ਨੂੰ ਜਾਂਦਾ ਹੈ। ਸੋ ਕਹਿੰਦੀ, ਮੇਰੇ ਕੋਲ ਸਮਾਂ ਨਹੀਂ। ਇਸ਼ਨਾਨ ਕਰ ਲਿਆ, ਗਾਗਰ ਭਰ ਲਈ ਫੇਰ ਪਿੱਛੇ ਹੋ ਗਿਆ। ਕਹਿੰਦਾ, ਬੇਟੀ! ਤੂੰ ਟਾਲ ਨਹੀਂ ਸਕਦੀ? ਕਹਿੰਦੀ, ਕੋਈ ਵੀ ਨਹੀਂ ਟਾਲ ਸਕਦੇ, ਵੱਡੇ-ਵੱਡੇ ਨਹੀਂ ਟਾਲ ਸਕਦੇ। ਕਹਿੰਦੇ ਤੈਨੂੰ ਪਤਾ ਹੈ ਕਿ ਹੋਰ ਕਿਸ 'ਤੇ ਭਾਵੀ ਵਰਤਣ ਵਾਲੀ ਹੈ? ਕਹਿੰਦੀ ਮਾੜਿਆਂ-ਮਾੜਿਆਂ ਦਾ ਤਾਂ ਪਤਾ ਹੀ ਹੈ, ਮੈਂ ਤੈਨੂੰ ਤੱਕੜੀ ਜਿਹੀ ਭਾਵੀ ਦਸਦੀ ਹਾਂ। ਰਾਵਣ 'ਤੇ ਇਕ ਭਾਵੀ ਵਰਤਣ ਵਾਲੀ ਹੈ, ਉਹਦੇ ਘਰ ਇਕ ਲੜਕੀ ਆ ਰਹੀ ਹੈ, ਉਹਦੇ ਮੱਥੇ 'ਤੇ ਲਿਖਿਆ ਹੋਇਆ ਹੈ ਕਿ ਉਹਦਾ ਵਿਆਹ ਚੰਡਾਲ ਦੇ ਬੇਟੇ ਨਾਲ ਹੋਏਗਾ। ਉਹ ਬ੍ਰਾਹਮਣ ਹੈ ਤੇ ਉਹ ਚੰਡਾਲ ਹੋਏਗਾ। ਉਹਨੂੰ ਕਹਿ ਦੇ ਤੇ ਮਿਟਾ ਦੇ ਜੇ ਮਿਟਦੀ ਹੈ। ਇਹ ਪਿੱਛੇ-ਪਿੱਛੇ ਹੋ ਲਿਆ, ਉਹ ਲੜਕੀ ਗਈ ਜਾ ਕੇ ਉਹਨੇ ਇਸ਼ਨਾਨ ਕਰਾਇਆ ਆਪਣੇ ਪਤੀ ਦਾ, ਦੁੱਧ ਦੇ ਕੇ ਜਦ ਫੇਰ ਅੰਦਰ ਗਈ ਦੜੰਮ ਦੇ ਕੇ ਛੱਤ ਡਿੱਗ ਗਈ, ਉਥੇ ਹੀ ਮਰ ਗਈ। ਬੜਾ ਅਫਸੋਸ ਹੋਇਆ ਇਹਦੇ ਮਨ 'ਚ ਕਿ ਮੈਂ ਰੋਕ ਲੈਂਦਾ, ਮੈਂ ਰਾਜਾ ਹਾਂ, ਸਿਪਾਹੀ ਮੇਰੇ ਨੇੜੇ ਸੀ, ਮੈਂ ਇਹਨੂੰ ਕੈਦ ਕਰ ਲੈਂਦਾ।

ਜਦ ਭਾਵੀ ਵਰਤਦੀ ਹੈ ਸਭ ਕੁਛ ਭੁੱਲ ਜਾਂਦਾ ਹੈ।

***ਵਿਨਾਸ ਕਾਲੇ ਬੁੱਧੀ ਬਿਪਰਤੰ।***
***ਹੋਣਹਾਰ ਹਿਰਦੇ ਬਸੀ ਗਈ ਸਰੀਰੋਂ ਬੁੱਧ।***

ਜਦੋਂ ਹੋਣਹਾਰ ਨੇ ਹੋਣਾ ਹੁੰਦਾ ਹੈ ਸਿਆਣਿਆਂ ਦੀ ਮੱਤ ਮਾਰੀ ਜਾਂਦੀ ਹੈ। ਕਿਸੇ ਦੀ ਅਕਲ ਨਹੀਂ ਕੰਮ ਕਰਦੀ, ਦੇਖਦੇ-ਦੇਖਦੇ ਹੀ ਹੋ ਜਾਂਦਾ ਹੈ ਜਿਹੜਾ ਕੁਛ ਕਰਨਾ ਨਹੀਂ ਚਾਹੁੰਦੇ।

ਸੋ ਰਾਵਣ ਨਾਲ ਉਹਨੇ ਮੁਲਾਕਾਤ ਕਰੀ ਕਿ ਇਸ ਤਰ੍ਹਾਂ ਦੇ ਨਾਲ ਇਕ ਲੜਕੀ ਨੇ ਮੈਨੂੰ ਗੱਲ ਦਸੀ ਹੈ ਤੇ ਉਹਦੀ ਭਾਵੀ ਮੈਂ ਅੱਖਾਂ ਨਾਲ ਦੇਖ ਲਈ। ਤੇਰੀ ਲੜਕੀ ਦਾ ਵਿਆਹ ਤੇਰੇ ਘਰ 'ਚ ਸਫਾਈ ਕਰਨ ਵਾਲੇ ਚੰਡਾਲ ਦੇ ਲੜਕੇ ਨਾਲ ਹੋਣੀ ਹੈ। ਕਹਿਣ ਲੱਗਿਆ, ਇਹ ਹੋ ਹੀ ਨਹੀਂ ਸਕਦਾ। ਕਹਿੰਦੇ, ਪੁੱਛ ਲਓ ਦੇਵਤਿਆਂ ਨੂੰ। ਉਹਨੇ ਅਵਾਹਨ ਕਰਿਆ, ਬ੍ਰਹਮਾ ਨੂੰ ਬੁਲਾ ਲਿਆ। ਬ੍ਰਹਮਾ ਕਹਿਣ ਲੱਗੇ, ਕੀ ਗੱਲ? ਕਹਿਣ ਲੱਗਿਆ,

ਮੇਰੇ ਓਲਾਦ ਕਿਹੜੀ ਆ ਰਹੀ ਹੈ? ਕਹਿੰਦੇ, ਲੜਕੀ। ਕਹਿੰਦਾ, ਉਹਦਾ ਸੰਜੋਗ ਕੀਹਦੇ ਨਾਲ ਲਿਖਿਆ ਹੋਇਆ ਹੈ। ਕਹਿੰਦੇ, ਤੇਰੇ ਘਰ 'ਚ ਜਿਹੜਾ ਸਫਾਈ ਕਰਨ ਵਾਲਾ ਹੈ ਉਹਦੇ ਲੜਕੇ ਨਾਲ ਲਿਖਿਆ ਹੋਇਆ ਹੈ। ਕਹਿੰਦਾ, ਇਹ ਕੱਟ ਦਿਓ। ਕਹਿੰਦੇ, ਮੇਰੇ 'ਚ ਤਾਕਤ ਨਹੀਂ। ਕਹਿੰਦੇ, ਮੈਂ ਲੇਖ ਨਹੀਂ ਲਿਖਦਾ, ਲੇਖ ਨਿਰੰਕਾਰ ਦੀ ਦਰਗਾਹ ਵਿਚੋਂ ਲਿਖੇ ਜਾਂਦੇ ਨੇ, ਉਥੇ ਮੇਰਾ ਵਸ ਨਹੀਂ ਚਲਦਾ -

***ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ ॥***
***ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥***
***ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥***
***ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣੁ ॥***

***ਅੰਗ - 7***

ਵਾਹਿਗੁਰੂ ਤਾਂ ਇਨ੍ਹਾਂ ਤਿੰਨਾਂ ਨੂੰ ਦੇਖਦਾ ਹੈ - ਸ਼ਿਵ ਜੀ, ਬ੍ਰਹਮਾ ਤੇ ਵਿਸ਼ਨੂੰ ਜੀ ਨੂੰ। ਪਰ ਇਨ੍ਹਾਂ ਨੂੰ ਉਹ ਨਜ਼ਰ ਨਹੀਂ ਆਉਂਦਾ। ਕਹਿੰਦੇ, ਉਸ ਰੱਬ ਦੇ ਵਿਚੋਂ ਲੇਖ ਆਉਂਦੇ ਨੇ। ਟਾਲ੍ਹ ਦਿਤੀ ਗੱਲ, ਕਹਿੰਦੇ ਇਸ ਤਰ੍ਹਾਂ ਕਰੀਂ ਵਿਹੁ ਮਾਤਾ ਲਿਖੇਗੀ ਜਦ ਉਹਦੇ ਨਾਲ ਗੱਲ ਕਰ ਲਿਓ। ਓਲਾਦ ਲੜਕੀ ਹੋ ਗਈ, ਛੇਵੇਂ ਦਿਨ ਵਿਹੁ ਮਾਤਾ ਆ ਗਈ, ਰਸਤਾ ਰੋਕ ਕੇ ਖੜ੍ਹ ਗਿਆ, ਕਹਿੰਦਾ, ਕੀ ਲਿਖਣ ਜਾ ਰਹੀ ਹੈਂ। ਕਹਿੰਦੀ, ਮੈਨੂੰ ਨਹੀਂ ਪਤਾ। ਕਹਿੰਦੇ, ਤੈਨੂੰ ਕਿਉਂ ਨਹੀਂ ਪਤਾ? ਕਹਿੰਦੀ ਮੈਂ ਤਾਂ ਕਲਮ ਮੱਥੇ 'ਤੇ ਰੱਖ ਦਿੰਦੀ ਹਾਂ, ਆਪੇ ਲਿਖਿਆ ਜਾਂਦਾ ਹੈ।

ਕਹਿੰਦਾ, ਚੰਗਾ। ਦੱਸ ਕੀ ਲਿਖਿਆ ਹੈ ਜਦੋਂ ਉਹ ਵਾਪਸ ਆਈ। ਕਹਿੰਦੀ, ਬੜੀ ਭਾਗਸ਼ਾਲੀ, ਰਾਣੀ ਹੋਏਗੀ, ਬਹੁਤ ਪ੍ਰਤਾਪ ਵਧੇਗਾ। ਕਹਿੰਦਾ, ਇਹਦਾ ਸੰਜੋਗ ਕਿਸ ਨਾਲ ਹੈ? ਉਹ ਕਹਿੰਦੀ, ਤੇਰੇ ਘਰ 'ਚ ਸਫਾਈ ਕਰਨ ਵਾਲੇ ਦੇ ਲੜਕੇ ਨਾਲ। ਕਹਿੰਦਾ, ਇਹ ਕੱਟ ਦੇ। ਕਹਿੰਦੀ, ਮੇਰੇ 'ਚ ਤਾਕਤ ਨਹੀਂ ਕੱਟਣ ਦੀ। ਇਹ ਤਾਂ ਕੋਈ ਸਾਧੂ ਮਹਾਂਪੁਰਸ਼ ਹੀ ਕੱਟ ਸਕਦਾ ਹੈ, ਗੁਰੂ ਕੱਟ ਦਿੰਦਾ ਹੈ, ਸਾਰੀ ਪ੍ਰਕ੍ਰਿਤੀ 'ਚ ਕਿਸੇ ਨੂੰ ਅਖਤਿਆਰ ਨਹੀਂ ਲੇਖ ਬਦਲਣ ਦਾ। ਉਹਦੇ ਬਾਅਦ ਕਹਿੰਦਾ, ਚੰਗਾ ਤੁਸੀਂ ਨਹੀਂ ਕਟਦੇ, ਮੈਂ ਕਟਦਾ ਹਾਂ। ਉਹਨੇ ਵਜ਼ੀਰ ਨੂੰ ਕਹਿ ਕੇ ਲੜਕਾ ਬੁਲਾਇਆ। ਕਹਿਣ ਲੱਗਿਆ, ਇਹਦੇ ਛੋਟੇ-ਛੋਟੇ ਟੁਕੜੇ ਕਰਕੇ ਸਮੁੰਦਰ ਵਿਚ ਸੁੱਟ ਦਿਓ। ਉਸ ਵੇਲੇ ਪਰਜਾ ਦਾ ਬਹੁਤ ਜ਼ੋਰ ਸੀ। ਉਹ ਕਹਿਣ ਲੱਗਿਆ, ਮਹਾਰਾਜ! ਪਰਜਾ ਨੂੰ ਪਤਾ ਲੱਗ ਗਿਆ, ਕਿੱਡਾ ਵੱਡਾ ਪਾਪ ਹੈ, ਲੰਕਾ ਗਰਕ ਹੋ ਜਾਏਗੀ। ਇਹ ਕੰਮ ਨਾ ਕਰੋ। ਅਸੀਂ ਵੀ ਤੁਹਾਡਾ ਸਾਥ ਨਹੀਂ ਦਿੰਦੇ ਇਸ ਗੱਲ 'ਚ। ਪਹਿਲਾਂ ਬਗਾਵਤ ਅਸੀਂ ਕਰਦੇ ਹਾਂ। ਬੱਚਾ ਹੈ, ਦੋਸ਼ ਲਾਓ ਇਸ 'ਤੇ ਕੋਈ ਫੇਰ ਸਜ਼ਾ ਦਿਓ। ਰਾਜੇ ਦਾ ਤਾਂ ਧਰਮ ਹੁੰਦਾ ਹੈ ਨਿਆਂ ਕਰਨਾ। ਬੇਇਨਸਾਫੀ ਕਰਨ ਵਾਲਾ ਰਾਜਾ ਨਰਕ 'ਚ ਜਾਂਦਾ ਹੈ। ਅਸੀਂ ਤੇਰਾ ਸਾਥ ਦੇਣ ਨੂੰ ਤਿਆਰ ਨਹੀਂ। ਉਹਨੇ ਕਿਹਾ ਕਿ ਇਹ

ਤਾਂ ਸਮੱਸਿਆ ਖੜ੍ਹੀ ਹੋ ਗਈ, ਗੁਪਤ ਤਰੀਕੇ ਨਾਲ ਚੁੱਕ ਕੇ ਜੰਗਲ 'ਚ ਸੁਟਾ ਦਿਤਾ। ਕਿੰਨੇ ਦਿਨ ਹੋ ਗਏ ਬੱਚੇ ਨੂੰ ਭੁੱਖੇ-ਪਿਆਸੇ ਨੂੰ, ਉਧਰੋਂ ਇਕ ਮਹਾਤਮਾ ਆਏ ਆਵਾਜ਼ ਸੁਣੀ ਰੋਣ ਦੀ, ਆਪਣੇ ਆਸ਼ਰਮ 'ਚ ਲੈ ਗਏ ਚੁੱਕ ਕੇ। ਉਥੇ 18 ਸਾਲ ਪਾਲਣਾ ਕਰੀ। 14 ਵਿਦਿਆ ਪੜ੍ਹਾਈਆਂ। ਉਸ ਤੋਂ ਬਾਅਦ ਜਹਾਜ਼ਰਾਨੀ ਸਿਖਾਈ, ਮਹਾਤਮਾ ਅਨੁਭਵੀ ਸੀ ਦੇਖ ਕੇ ਇਹਦਾ ਭਵਿੱਖ ਵਿਚਾਰਿਆ। ਕਹਿੰਦੇ ਬੇਟਾ! ਹੁਣ ਤੂੰ ਪੜ੍ਹ ਲਿਖ ਗਿਆ, ਤੇਰੇ ਮਾਂ-ਬਾਪ ਦਾ ਸਾਨੂੰ ਪਤਾ ਨਹੀਂ ਹੈ, ਕਿੱਥੇ ਨੇ, ਅਸੀਂ ਹੀ ਤੈਨੂੰ ਪਾਲਿਆ ਹੈ, ਜਾਹ ਹੁਣ ਤੂੰ ਦੁਨੀਆਂ 'ਚ ਕਿਸਮਤ ਅਜਮਾਈ ਕਰ।

ਇਕ ਕਿਸ਼ਤੀ 'ਚ ਬੈਠ ਕੇ ਸਮੁੰਦਰ ਪਾਰ ਕਰਨ ਲੱਗਿਆ, ਨਾਲ ਜਜ਼ੀਰਾ ਸੀ। ਉਸ ਜਜ਼ੀਰੇ ਦਾ ਜਿਹੜਾ ਰਾਜਾ ਸੀ ਉਹ ਚੜ੍ਹਾਈ ਕਰ ਗਿਆ ਰਾਤ ਨੂੰ। ਉਥੇ ਫੈਸਲਾ ਇਹ ਹੋਇਆ ਕਿ ਜਿਹੜਾ ਸਵੇਰੇ ਸਭ ਤੋਂ ਪਹਿਲਾਂ ਆਏਗਾ, ਉਹਨੂੰ ਤਖਤ 'ਤੇ ਬਿਠਾ ਦਿਤਾ ਦੇਣਾ। ਸਾਰਿਆਂ ਨਾਲੋਂ ਪਹਿਲਾਂ ਇਹ ਉਤਰਿਆ, ਉਸ ਦੇ ਮਾਲਾਵਾਂ ਗਲ 'ਚ ਪਾ ਕੇ ਤਖਤ 'ਤੇ ਬਿਠਾ ਦਿਤਾ, ਜੈ-ਜੈਕਾਰ ਹੋ ਗਈ। ਇਹਨੇ ਬੜਾ ਵਧੀਆ ਇੰਤਜ਼ਾਮ ਕਰਿਆ। ਦੂਰ-ਦੂਰ ਤਕ ਇਹਦਾ ਜਸ ਫੈਲ ਗਿਆ। ਇਧਰੋਂ ਰਾਵਣ ਦੀ ਲੜਕੀ ਦਾ ਮੰਗਣਾ ਕਰਨ ਵਾਸਤੇ ਤਿਆਰੀਆਂ ਕੀਤੀਆਂ ਤੇ ਪੰਡਤਾਂ ਨੂੰ ਭੇਜ ਦਿਤਾ। ਹਦਾਇਤਾਂ ਕਰ ਦਿਤੀਆਂ ਕਿ ਮੇਰੀ ਲੜਕੀ ਨਾਲੋਂ ਸੁੰਦਰ ਹੋਵੇ, ਵਧੀਆ ਹੋਵੇ, ਸੁਸ਼ੀਲ ਹੋਵੇ। ਸੋ ਉਹ ਉਥੇ ਹੀ ਗਏ, ਉਥੇ ਜਾ ਕੇ ਉਨ੍ਹਾਂ ਦਾ ਮਨ ਮੰਨ ਗਿਆ। ਉਥੇ ਹੀ ਸ਼ਗਨ ਫੜਾ ਆਏ। ਇਧਰੋਂ ਰਾਵਣ ਨੂੰ ਜਦੋਂ ਪਤਾ ਲੱਗਿਆ, ਆ ਕੇ ਤਾਕੀਦ ਕਰੀ ਕਹਿੰਦੇ ਲੜਕੀ ਨੂੰ ਵੀ ਪੁੱਛ ਲਈਏ, ਲੜਕੀ ਨੂੰ ਪੁੱਛਿਆ ਉਹ ਕਹਿੰਦੀ ਪਿਤਾ ਜੀ! ਮੈਂ ਤਾਂ ਪਹਿਲਾਂ ਹੀ ਉਹਦੇ ਨਾਲ ਵਿਆਹ ਕਰਾਉਣ ਵਾਸਤੇ ਤਿਆਰ ਹੋਈ-ਹੋਈ ਹਾਂ। ਵਿਆਹ ਹੋ ਗਿਆ, ਵਿਆਹ ਹੋਣ ਤੋਂ ਬਾਅਦ ਦੇਵਤੇ ਬੁਲਾਏ। ਕਹਿਣ ਲੱਗਿਆ, ਬ੍ਰਹਮਾ ਜੀ! ਤੁਸੀਂ ਵੀ ਐਵੇਂ ਹੀ ਬਸ ਬ੍ਰਹਮਾ ਬਣੇ ਫਿਰਦੇ ਓਂ ਤੇ ਮੈਂ ਜਿਹੜਾ ਲੇਖ ਸੀ ਮਿਟਾ ਦਿਤਾ। ਉਹ ਕਹਿੰਦੇ, ਰਾਵਣ! ਅੱਜ ਤੱਕ ਕੋਈ ਨਹੀਂ ਆਇਆ ਦੁਨੀਆਂ 'ਚ ਜੋ ਲੇਖ ਮਿਟਾ ਸਕੇ। ਜਦੋਂ ਭਾਵੀ ਆਉਂਦੀ ਹੈ, ਲੇਖ ਬਦਲਦਾ ਨਹੀਂ ਹੈ, ਕੋਈ ਮਿਟਾਉਣ ਨੂੰ ਸਮਰੱਥ ਨਹੀਂ ਹੋਇਆ ਕਰਦਾ। ਕਿਵੇਂ ਮਿਟਾ ਦਿਤਾ? ਕਹਿੰਦਾ, ਮੈਂ ਇਸ ਤਰ੍ਹਾਂ ਕਰਿਆ ਸੀ। ਕਹਿੰਦੇ, ਕੋਈ ਨਿਸ਼ਾਨੀ ਰੱਖੀ ਸੀ? ਕਹਿੰਦਾ, ਮੈਂ ਉਹਦੇ ਪੈਰ ਦੀਆਂ ਚਾਰ ਉਂਗਲੀਆਂ ਵਢਵਾਈਆਂ ਸੀ। ਕਹਿੰਦੇ ਇਹਦੀ ਜੁਰਾਬ ਲੁਹਾ ਕੇ ਦੇਖ ਜਿਸ ਨਾਲ ਵਿਆਹ ਕਰਿਆ ਹੈ। ਜੁਰਾਬ ਲੁਹਾਈ ਤਾਂ ਚਾਰੋਂ ਉਂਗਲੀਆਂ ਉਹਦੀਆਂ ਕਟੀਆਂ ਹੋਈਆਂ। ਐਨੇ ਨੂੰ ਮਹਾਤਮਾ ਆ ਗਏ, ਕਹਿਣ ਲੱਗੇ, ਰਾਵਣ! ਫਿਕਰ ਨਾ ਕਰ ਇਹ ਦਰਗਾਹ ਦਾ ਲੇਖ ਹੀ ਇਸ ਤਰ੍ਹਾਂ ਸੀ।

ਸੋ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਕਹਿਣ ਲੱਗੇ ਬੇਟੀ! ਤੇਰੇ ਮਸਤਕ 'ਤੇ ਲੇਖ ਇਹੀ ਲਿਖਿਆ ਹੋਇਆ ਸੀ।

ਪਿਤਾ ਜੀ! ਮਿਟਾਓ ਆਪ, ਤੁਹਾਡੇ ਤੋਂ ਬਿਨਾਂ ਤਾਂ ਕੋਈ ਮਿਟਾ ਨਹੀਂ ਸਕਦਾ।

# 5

# ਆਗੈ ਬਸਨੁ ਸੁਹੇਲਾ

## (ਭਾਗ - 2)

ਸ਼ਾਨ..........................................................।

***ਸਤਿਨਾਮੁ ਸ੍ਰੀ ਵਾਹਿਗੁਰੂ,***
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***

***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***
***ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥***

***ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***

***ਅੰਗ - 289***

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਵੱਡੀ ਭਾਰੀ ਮਿਹਨਤ ਕਰੀ ਹੈ, ਇਸ ਦਾ ਪੂਰਾ-ਪੂਰਾ ਫਲ ਲੈਣ ਵਾਸਤੇ ਨੇਤਰਾਂ ਦੇ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰੋ। ਰਸਨਾ ਦੇ ਨਾਲ ਜਦੋਂ ਵਾਰੀ ਆਵੇ ਤਾਂ ਸਾਰੇ ਗੱਜ-ਵੱਜ ਕੇ ਬੋਲੋ। ਸਿੱਧੀਆਂ ਧਾਰਨਾ ਨੇ, ਸਮਝ ਵਿਚ ਆ ਜਾਂਦੀਆਂ ਨੇ। ਰਸਨਾ ਦੇ ਨਾਲ ਜਦੋਂ ਅਸੀਂ ਬੋਲਾਂਗੇ, ਮਹਾਰਾਜ ਫੁਰਮਾਉਂਦੇ ਹਨ ਕਿ -

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ - 546***

ਜਿਹੜੇ ਪਹਿਲਾਂ ਸੁਣਦੇ ਨੇ ਫੇਰ ਗਾਉਂਦੇ ਨੇ। ਸੋ ਇਸ ਕਰਕੇ ਸਾਰੇ ਪ੍ਰੇਮੀ ਗੱਜ ਵੱਜ ਕੇ ਬੋਲੋ ਭਾਈ।

***ਧਾਰਨਾ - ਹਰਿ ਸਿਉ ਦੇਵੈ ਜੋਰਿ ਕੋਈ ਜਨ,***
***ਹਰਿ ਸਿਉ ਦੇਵੈ ਜੋਰਿ ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥***
***ਚਰਨ ਗਹਉ ਬਕਉ ਸੁਭ ਰਸਨਾ***
***ਦੀਜਹਿ ਪ੍ਰਾਨ ਅਕੋਰਿ ॥1॥ ਰਹਾਉ ॥***
***ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥***

***ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ***
***ਮਹਾ ਬਿਖਿਆ ਤੇ ਤੋਰਿ ॥ 1 ॥***
***ਆਇਓ ਸਰਣਿ ਦੀਨ ਦੁਖ ਭੰਜਨ ਚਿਤਵਉ ਤੁਮ੍ਰੀ ਓਰਿ ॥***
***ਅਭੈ ਪਦੁ ਦਾਨੁ ਸਿਮਰਨੁ ਸੁਆਮੀ ਕੋ***
***ਪ੍ਰਭ ਨਾਨਕ ਬੰਧਨ ਛੋਰਿ॥*** ***ਅੰਗ - 702***

ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਸਾਧਸੰਗਤ ਜੀ, ਦੂਰ-ਦਰਾਜ ਤੋਂ ਗੁਰੂ ਦੇ ਪਿਆਰ ਵਿਚ ਭਿੱਜੇ ਹੋਏ, ਗੁਰੂ ਦਰਬਾਰ 'ਚ ਪਹੁੰਚੇ ਓਂ। ਜੁੜ ਰਹੇ ਓਂ, ਆਪ ਕੀਰਤਨ ਦੇ ਰਾਹੀਂ। ਜਿਹੜੇ ਜੁੜੇ ਨਹੀਂ ਹਨ, ਉਨ੍ਹਾਂ ਦੀ ਅਵਸਥਾ ਜਿਨ੍ਹਾਂ ਦੇ ਅੰਦਰ ਲੋਚਾ ਹੈ, ਪਰ ਅਜੇ ਤਕ ਮਿਲ ਨਹੀਂ ਸਕੇ, ਜੁੜ ਨਹੀਂ ਸਕੇ, ਅੰਤਰ ਆਤਮੇ ਉਨ੍ਹਾਂ ਦਾ ਮੇਲ ਨਹੀਂ ਹੋਇਆ ਤਾਂ ਮਹਾਰਾਜ ਜੀ ਉਨ੍ਹਾਂ ਦੀ ਦਸ਼ਾ ਦਸਦੇ ਹੋਏ ਫੁਰਮਾਉਂਦੇ ਹਨ ਕਿ 'ਕੋਈ ਜਨੁ ਹਰਿ ਸਿਉ ਦੇਵੈ ਜੋਰਿ ॥' ਕੋਈ ਹੈ ਸਾਰੇ ਸੰਸਾਰ 'ਚ, ਜਿਹੜਾ ਮੈਨੂੰ ਵਾਹਿਗੁਰੂ ਨਾਲ ਜੋੜ ਦੇਵੇ - ***'ਚਰਨ ਗਹਉ ਬਕਉ ਸੁਭ ਰਸਨਾ ਦੀਜਹਿ ਪ੍ਰਾਨ ਅਕੋਰਿ ॥'*** ਮੈਂ ਉਹਦੇ ਚਰਨਾਂ 'ਤੇ ਆਪਣਾ ਮਸਤਕ ਲਾ ਦੇਵਾਂ। ਮੇਰੇ ਕੋਲ ਜਿੰਨੇ ਵੀ ਸ਼ੁਭ ਸ਼ਬਦ ਨੇ, ਉਹ ਸਾਰੇ ਮੈਂ ਬੋਲਾਂ ਤੇ ਆਪਣੇ ਪ੍ਰਾਣ ਵੀ ਉਸ ਤੋਂ ਕੁਰਬਾਨ ਕਰ ਦੇਵਾਂ। ***'ਮਨੁ ਤਨੁ ਨਿਰਮਲ ਕਰਤ ਕਿਆਰੋ ਹਰਿ ਸਿੰਚੈ ਸੁਧਾ ਸੰਜੋਰਿ ॥ ਇਆ ਰਸ ਮਹਿ ਮਗਨੁ ਹੋਤ ਕਿਰਪਾ ਤੇ ਮਹਾ ਬਿਖਿਆ ਤੇ ਤੋਰਿ ॥'*** ਕਿਉਂਕਿ ਵਾਹਿਗੁਰੂ ਨੂੰ ਮਿਲਣ ਦੇ ਨਾਲ ਮਹਾਂ ਅਨੰਦ ਪ੍ਰਾਪਤ ਹੋ ਜਾਂਦਾ ਹੈ। ਪੂਰਨ ਸੁੱਖ ਪ੍ਰਾਪਤ ਹੋ ਜਾਂਦਾ ਹੈ, ਪਿਆਰ ਪੈ ਜਾਂਦਾ ਹੈ ਕਿਉਂਕਿ ਵਾਹਿਗੁਰੂ ਨਿਰਾ ਹੀ ਪਿਆਰ ਹੈ। ਗੁਰੂ ਨਿਰਾ ਹੀ ਪਿਆਰ ਹੈ। ਇਨ੍ਹਾਂ 'ਚ ਦ੍ਵੈਤ ਨਹੀਂ ਹੋਇਆ ਕਰਦੀ। ਗੁਰੂ ਸਾਰਿਆਂ ਦਾ ਭਲਾ ਮਨਾਉਂਦਾ ਹੈ। ਕੋਈ ਆ ਜਾਓ, ਚਾਹੇ ਗੁਰੂ ਧਾਰਿਆ ਹੈ, ਚਾਹੇ ਨਹੀਂ ਧਾਰਿਆ-

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***
***ਅੰਗ - 681***

ਜੋ ਵੀ ਮੰਗ ਲਓ ਤੁਸੀਂ, ਉਹ ਮੰਗ ਪੂਰੀ ਕਰਨ ਨੂੰ ਸਮਰੱਥ ਹੈ -

***ਕਬੀਰ ਤੀਰਥ ਕੀਏ ਏਕ ਫਲ।***

ਜੇ ਤੀਰਥ 'ਤੇ ਚਲੇ ਜਾਓ ਤੁਸੀਂ ਤਾਂ ਇੱਕ ਫਲ ਮਿਲਦਾ ਹੈ -

***ਸੰਤ ਮਿਲੇ ਫਲ ਚਾਰ।***

ਜੇ ਸੰਤਾਂ ਦੇ ਪਾਸ ਚਲੇ ਜਾਓ, ਸੰਤਾਂ ਨੂੰ ਮਿਲੋ ਤਾਂ ਚਾਰ ਪਦਾਰਥ ਮਿਲ ਜਾਂਦੇ ਨੇ। ਧਰਮ ਦਾ ਜੀਵਨ ਮਿਲ ਜਾਇਆ ਕਰਦਾ ਹੈ, ਪੈਸੇ ਟਕੇ ਦੀ ਸੁਖਾਲ ਹੋ ਜਾਂਦੀ ਹੈ, ਕਾਮਨਾਵਾਂ ਪੂਰਨ ਹੋ ਜਾਂਦੀਆਂ ਨੇ ਅਤੇ ਮੁਕਤੀ ਮਿਲ ਜਾਂਦੀ ਹੈ।

ਗੁਰੂ ਮਿਲੇ ਫਲ ਅਨੇਕ ਹੈਂ ਕਹਤ ਕਬੀਰ ਵਿਚਾਰ।

ਜੇ ਗੁਰੂ ਮਿਲ ਜਾਵੇ ਤਾਂ ਪਤਾ ਹੀ ਨਹੀਂ ਕਿੰਨੇ ਕੁ ਫਲ ਨੇ। ਜਿਹੜਾ ਗੁਰੂ ਦੇ ਨਾਲ ਪਿਆਰ ਦੇ ਨਾਲ ਜੁੜ ਗਿਆ ਉਸਨੂੰ ਐਨੇ ਫਲ ਪ੍ਰਾਪਤ ਹੋ ਜਾਇਆ ਕਰਦੇ ਨੇ ਜਾਂ ਅਧੀਨ ਹੋ ਕੇ ਗੁਰੂ ਤੋਂ ਮੰਗ ਲਿਆ। ਕੁਛ ਮੰਗ ਲਓ ਗੁਰੂ ਘਰ 'ਚ ਕੁਛ ਵੀ ਘਾਟਾ ਨਹੀਂ। ਸੰਗਤ ਜਦੋਂ ਹੁੰਦੀ ਹੈ ਉਸ ਵੇਲੇ ਸਾਧਸੰਗਤ ਜੀ, ਪ੍ਰਭੂ ਸੰਗਤ 'ਚ ਆ ਕੇ ਬਿਰਾਜਮਾਨ ਹੋ ਜਾਂਦੇ ਨੇ। ਇਹ ਗੱਲ ਕੋਈ ਅਤਿਕਥਨੀ ਨਹੀਂ ਹੈ, ਇਹ ਜੋ ਬਚਨ ਕੀਤਾ ਜਾਂਦਾ ਹੈ ਉਹ ਬਿਲਕੁਲ ਸਤਿ ਹੈ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਬਚਨ ਕਰ ਰਹੇ ਸੀ ਕਿ ਪ੍ਰੇਮੀਓਂ! ਜਿੱਥੇ ਹਰੀ ਦਾ ਜਸ ਹੁੰਦਾ ਹੋਵੇ, ਜਿੱਥੇ ਸ਼ੁੱਧ ਆਤਮਾਵਾਂ ਪ੍ਰਭੂ ਪ੍ਰੇਮ ਦੇ ਵਿਚ ਬੈਠੀਆਂ ਹੋਣ, ਉਥੇ ਦੇਵਤੇ ਸਾਰੇ ਆਏ ਹੁੰਦੇ ਨੇ। ਬ੍ਰਹਮਾ ਵੀ, ਵਿਸ਼ਨੂੰ ਵੀ, ਮਹੇਸ਼ ਵੀ, ਹੋਰ ਸਾਰੇ ਦੇਵਤੇ। ਸਾਰੇ ਹੈਰਾਨ ਹੁੰਦੇ ਨੇ ਕਿ ਮਹਾਰਾਜ, ਨਾਉਂ ਤਾਂ ਇਨ੍ਹਾਂ ਦਾ ਸੁਣਦੇ ਹਾਂ ਬਹੁਤ ਦੇਰ ਤੋਂ, ਬ੍ਰਹਮਾ ਜੀ ਤਾਂ ਸੰਸਾਰ ਦੀ ਉਤਪਤੀ ਕਰ ਰਹੇ ਨੇ। ਸ਼ਿਵ ਜੀ ਜੋ ਨੇ ਉਹ ਕਾਲ ਦਾ ਰੂਪ ਬਣ ਕੇ, ਸੰਸਾਰ ਨੂੰ ਮਾਰ ਰਿਹਾ ਹੈ। ਵਿਸ਼ਨੂੰ ਜੀ ਇਸਨੂੰ ਰੋਜ਼ੀ ਦੇ ਰਹੇ ਨੇ। ਜੇ ਆਪ ਜੀ ਦੀ ਕ੍ਰਿਪਾ ਹੋ ਜਾਵੇ, ਜੇ ਅਸੀਂ ਗੁਸਤਾਖੀ ਨਾ ਕਰਦੇ ਹੋਈਏ, ਕਿਉਂਕਿ ਆਪ ਦੇ ਦਰਸ਼ਨ ਤਾਂ ਸਭ ਤੋਂ ਪਰਮ ਪਵਿੱਤਰ ਦਰਸ਼ਨ ਨੇ ਪਰ ਫੇਰ ਵੀ ਮਨ ਦੀ ਲੋਚਾ ਰਹਿੰਦੀ ਹੈ ਕਿ ਇਹ ਵੀ ਦੇਖ ਲਈਏ, ਆਹ ਵੀ ਦੇਖ ਲਈਏ, ਹੁਣ ਸੁਭਾਗ ਪ੍ਰਾਪਤ ਹੋਇਆ ਹੈ, ਸੱਚੇ ਪਾਤਸ਼ਾਹ! ਆਪ ਕ੍ਰਿਪਾ ਕਰਕੇ ਇਕ ਵਾਰੀ ਦਰਸ਼ਨ ਤਾਂ ਕਰਾ ਦਿਓ, ਇਨ੍ਹਾਂ ਦੇ। ਮਹਾਰਾਜ ਕਹਿਣ ਲੱਗੇ, ਜ਼ਰੂਰ ਕਰਨੇ ਨੇ? ਕਹਿੰਦੇ ਹਾਂ। ਮਹਾਰਾਜ ਕਹਿੰਦੇ -

***ਸਰਬ ਭੂਤ ਆਪਿ ਵਰਤਾਰਾ ॥***
***ਸਰਬ ਨੈਨ ਆਪਿ ਪੇਖਨਹਾਰਾ ॥*** ***ਅੰਗ - 294***

ਉਪਰ ਵੱਲ ਨੂੰ ਹੱਥ ਮਾਰਿਆ ਅਸਮਾਨ ਵੱਲ ਨੂੰ। ਸਾਰਿਆਂ ਦੇ ਅੰਦਰਲੇ ਨੇਤਰ ਖੁਲ੍ਹ ਗਏ, ਕਿਉਂਕਿ ਆਪਣੇ ਦੋ ਨੇਤਰ ਨੇ, ਦੋ ਕੰਨ ਨੇ, ਦੋ ਨਾਸਕਾ ਨੇ, ਦੋ ਜੀਭਾ ਨੇ, ਦੋ ਸਪਰਸ਼ਾਂ ਨੇ। ਹਰ ਬੰਦੇ ਨੂੰ ਨਹੀਂ ਇਸ ਗੱਲ ਦਾ ਪਤਾ। ਇਕ ਤਾਂ ਨੇਤਰ ਉਹ ਨੇ ਜਿਹੜੇ ਮਿੱਟੀ ਦੇ ਬਣੇ ਹੋਏ, ਮਿੱਟੀ ਨੂੰ ਦੇਖ ਸਕਦੇ ਨੇ। ਉਹ ਤਾਂ ਇਹ ਅੱਖਾਂ ਨੇ, ਜਿਹੜੀਆਂ ਸਾਰਿਆਂ ਨੂੰ ਦੇਖਦੀਆਂ ਨੇ। ਇੱਕ ਇਹਦੇ ਅੰਦਰ ਹੋਰ ਨੇਤਰ ਨੇ ਜਿਹਨੂੰ ਮਹਾਰਾਜ ਨੇ ਬਿਅੰਨ ਅੱਖੜੀਆਂ ਕਿਹਾ ਹੈ, ਦਿੱਬਯ ਨੇਤਰ ਕਹਿੰਦੇ ਨੇ, ਸ਼ਿਵ ਨੇਤਰ ਕਹਿੰਦੇ ਨੇ, ਤੀਸਰਾ ਤਿਲ ਕਹਿੰਦੇ ਨੇ। ਬੜੇ ਨਾਉਂ ਰੱਖੇ ਨੇ। ਉਹ ਸਾਰਿਆਂ ਨੂੰ ਨਹੀਂ ਮਿਲਦੇ। ਕਿਉਂਕਿ ਉਥੇ ਤੱਕ ਸਾਰਿਆਂ ਦੀ ਰੁਸਵਾਈ ਨਹੀਂ ਹੈ, ਪਹੁੰਚ ਨਹੀਂ ਹੈ। ਬਾਹਰ-ਬਾਹਰ ਦੁਨੀਆਂ 'ਚ ਸਾਡੀ ਪਹੁੰਚ ਹੋਣ ਕਰਕੇ,

ਨੇਤਰਾਂ ਤੋਂ ਅਸੀਂ ਅੰਨ੍ਹੇ ਹਾਂ। ਦੂਸਰੇ ਹੋਇਆ ਕਰਦੇ ਨੇ ਦਿੱਬਯ ਕੰਨ। ਬਾਹਰਲੀ ਅਵਾਜ਼ ਸੁਣਨ ਵਾਲੇ ਕੰਨ ਤਾਂ ਸਾਡੇ ਕੋਲ ਹੈਗੇ, ਲੇਕਿਨ ਅੰਦਰ ਜੋ ਹਰ ਵਕਤ ਨਾਮ ਦੀ ਧੁਨ ਚਲ ਰਹੀ ਹੈ, ਉਹਦੀ ਆਵਾਜ਼ ਸੁਣਨ ਵਾਲੇ ਸਾਡੇ ਕੋਲ ਨਹੀਂ ਹਨ। ਉਥੋਂ ਅਸੀਂ ਬਹਿਰੇ ਹਾਂ। ਉਹ ਕਿਉਂ ਬਹਿਰੇ ਹਾਂ? ਕਿਉਂਕਿ ਸਾਡੇ ਉਤੇ ਮਾਇਆ ਦਾ ਅਸਰ ਪੈ ਗਿਆ। ਮਾਇਆ ਕਹਿੰਦੇ ਨੇ ਜਿਹੜੀਆਂ ਚੀਜ਼ਾਂ ਅਸੀਂ ਦੇਖਦੇ ਹਾਂ, ਜਿਨ੍ਹਾਂ ਨਾਲ ਸਾਡਾ ਵਾਹ ਪੈਂਦਾ ਹੈ ਸਭ ਮਾਇਆ ਹੈ। ਮਾਇਆ ਪੈਸਿਆਂ ਨੂੰ ਨਹੀਂ ਕਹਿੰਦੇ, ਪੈਸੇ ਤਾਂ ਗੁਜ਼ਰਾਨ ਹੋਇਆ ਕਰਦੀ ਹੈ। ਜੋ ਕੁਛ ਅਸੀਂ ਦੇਖਦੇ ਹਾਂ, ਇਹ ਸਾਰੇ ਕੁਛ ਨੂੰ ਬਾਹਰ-ਬਾਹਰ ਰੱਖਦਾ ਹੈ, ਅੰਦਰ ਨਹੀਂ ਜਾਣ ਦਿੰਦਾ। ਇਸ ਮਾਇਆ ਨੇ ਸਾਨੂੰ ਮਾਇਆਧਾਰੀ ਬਣਾ ਦਿਤਾ। ਰੱਬਧਾਰੀ ਨਹੀਂ ਬਣਾਇਆ। ਜਿਵੇਂ ਨਾਮ ਜਪਣ ਵਾਲਿਆਂ ਨੂੰ ਨਾਮਧਾਰੀ ਕਹਿੰਦੇ ਨੇ ਕਿ ਉਹਨੇ ਹਰ ਵਕਤ ਨਾਮ ਹੀ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਇਹ ਕੋਈ ਭੇਖ ਨਹੀਂ ਸੀਗਾ, ਨਾਮਧਾਰੀਆਂ ਦਾ। ਇਹ ਹਰ ਵਕਤ ਨਾਮ ਜਪਦੇ ਸੀ, ਇਨ੍ਹਾਂ ਨੂੰ ਨਾਮਧਾਰੀ ਕਿਹਾ ਜਾਂਦਾ ਸੀ। ਜਿਵੇਂ ਜਿਹੜਾ ਦੁੱਧ ਹੀ ਪੀਣ ਲਗ ਜਾਂਦਾ ਹੈ ਉਹਦਾ ਨਾਂ ਦੁੱਧਾਧਾਰੀ ਕਹਿਣ ਲਗ ਜਾਂਦੇ ਨੇ। ਮਤਲਬ ਇਹਨੇ ਧਾਰ ਲਈ ਇਹ ਚੀਜ਼। ਸੋ ਪ੍ਰਮੇਸ਼ਰ ਦਾ ਨਾਮ ਸਭ ਦੇ ਅੰਦਰ ਚਲ ਰਿਹਾ ਹੈ, ਪਰ ਅਸੀਂ ਮਾਇਆ ਨੂੰ ਧਾਰਨ ਕਰਿਆ ਹੋਇਆ ਹੈ, ਇਸ ਲਈ ਸਾਨੂੰ ਮਾਇਆਧਾਰੀ ਕਹਿੰਦੇ ਨੇ। ਮਾਇਆਧਾਰੀ ਦੇ ਬੜੇ ਅਰਥ ਨੇ। ਕਈ ਪੈਸੇ ਵਾਲੇ ਨੂੰ ਮਾਇਆਧਾਰੀ ਕਹੀ ਜਾਂਦੇ ਨੇ। ਲੇਕਿਨ ਮਾਇਆਧਾਰੀ ਤਾਂ ਸਾਰੇ ਉਹ ਨੇ ਜਿਨ੍ਹਾਂ ਨੂੰ ਪ੍ਰਮੇਸ਼ਰ ਦਰਸ਼ਨ ਨਹੀਂ ਦਿੰਦਾ ਤੇ ਸਾਰੇ ਪਾਸੇ ਉਹ ਹੀ ਨਹੀਂ ਦਿਸਦਾ -

***ਮਾਇਆਧਾਰੀ ਅਤਿ ਅੰਨਾ ਬੋਲਾ ॥ ਅੰਗ - 313***

ਹੱਦ ਤੋਂ ਜ਼ਿਆਦਾ ਅੰਨ੍ਹਾ ਹੈ ਤੇ ਹੱਦ ਤੋਂ ਜ਼ਿਆਦਾ ਬੋਲਾ ਹੈ। ਕਹਿੰਦੇ ਨੇ ਕਿ ਸਾਡੇ ਤਾਂ ਕੰਨ ਲੱਗੇ ਹੋਏ ਨੇ? ਮਹਾਰਾਜ ਕਹਿੰਦੇ, ਇਹ ਤਾਂ ਕੰਨ ਬਾਹਰਲੇ ਨੇ? ਅੰਦਰਲਾ ਸ਼ਬਦ ਸੁਣਦਾ ਹੈ ਕੀ ਤੈਨੂੰ? ਤੇਰੇ ਅੰਦਰ ਲਗਾਤਾਰ ਇਕ ਧੁਨ ਚਲਦੀ ਹੈ। ਉਹ ਤਾਂ ਤੂੰ ਸੁਣਦਾ ਨਹੀਂ ਹੈ -

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ - 313***

ਇੱਕ ਥਾਂ ਫੁਰਮਾਨ ਕਰਦੇ ਨੇ ਕਿ ਆਹ ਜਿਹੜਾ ਸਰੀਰ ਹੈ ਇਹ ਨੌਂ ਦਰਵਾਜ਼ਿਆਂ ਵਾਲਾ ਕੋਟ ਹੈ, ਕਿਲ੍ਹਾ ਹੈ। ਇੱਕ ਇਹਦੇ 'ਚ ਦਰਵਾਜ਼ਾ ਹੋਰ ਹੈ ਜਿਹਨੂੰ ਦਸਵਾਂ ਦਰਵਾਜ਼ਾ ਕਹਿੰਦੇ ਨੇ। ਉਹ ਗੁਪਤ ਪਿਆ ਹੈ ਤੇ ਉਹਨੂੰ ਬੱਜਰ ਕਪਾਟ ਲੱਗੇ ਹੋਏ ਨੇ, ਸਖਤ ਪੱਥਰਾਂ ਵਰਗੇ ਸਟੀਲ ਦੇ, ਉਹ ਖੁੱਲ੍ਹਦਾ ਨਹੀਂ ਉਹ ਆਸਾ ਤੇ ਅੰਦੇਸਾ ਦੇ ਪਟ ਨੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***

ਫੇਰ ਖੁਲ੍ਹਦਾ ਕਿਵੇਂ ਹੈ? ਕਹਿੰਦੇ, ਪੰਜ ਪਿਆਰਿਆਂ ਤੋਂ ਸ਼ਬਦ ਲੈ ਲਓ, ਨਾਮ ਲੈ ਲਓ, ਭਜਨ ਲੈ ਲਓ। ਪੰਜ ਪਿਆਰੇ ਅੰਮ੍ਰਿਤ ਛਕਾਉਣ ਤੋਂ ਬਾਅਦ, ਪਹਿਲਾਂ ਤੁਹਾਨੂੰ ਪਵਿੱਤਰ ਕਰਦੇ ਨੇ। ਉਹ ਬਾਟੇ ਵਿਚ ਗੁਰੂ ਦੀ ਬਾਣੀ ਦੀ ਕਰੰਟ ਦਾਖਲ ਕਰਦੇ ਨੇ। ਉਸ ਤੋਂ ਬਾਅਦ ਫੇਰ ਆਪ ਉਸਨੂੰ 'ਨਾਮ' ਦੀ ਦਾਤ ਦਿੰਦੇ ਨੇ। ਉਹ ਨਾਮ ਜਦੋਂ ਸਾਡੇ ਅੰਦਰ ਆਏਗਾ ਤਾਂ ਫੇਰ ਅਸੀਂ ਉਹਦੀ ਕਮਾਈ ਕਰਦੇ ਹਾਂ। ਦੱਸ ਦਿੰਦੇ ਨੇ ਕਿ ਤੂੰ ਭਾਈ ਐਨੀਆਂ ਮਾਲਾ ਫੇਰੀਂ। ਐਨੇ ਘੰਟੇ ਨਾਮ ਜਪੀ। ਸੋ ਉਹ ਜਦੋਂ ਨਾਮ ਜਪਦਾ ਹੈ, ਉਹਦੇ ਨਾਲ ਫੇਰ ਇਹ ਬੱਜਰ ਕਪਾਟ ਖੁੱਲ੍ਹਣੇ ਸ਼ੁਰੂ ਹੋ ਜਾਂਦੇ ਨੇ। ਗੁਰੂ ਦਾ ਸ਼ਬਦ ਖੋਲ੍ਹਦਾ ਹੈ। ਜਿਹਦੇ ਪੱਲੇ ਗੁਰੂ ਦਾ ਸ਼ਬਦ ਹੈ ਉਹਦੇ ਖੁੱਲ੍ਹ ਜਾਣਗੇ। ਜਿਹਨੇ ਇਹ ਮਹਿਸੂਸ ਹੀ ਨਹੀਂ ਕਰਿਆ ਕਿ ਅੰਦਰਲੇ ਦਰਵਾਜ਼ੇ ਖੁੱਲ੍ਹ ਜਾਣ, ਉਹ ਤਾਂ ਹਨ੍ਹੇਰੇ 'ਚ ਆਇਆ ਹਨ੍ਹੇਰੇ 'ਚ ਚਲਿਆ ਗਿਆ। ਬਾਹਰਲੀ ਦੁਨੀਆਂ, ਫੇਰ ਜਦੋਂ ਆਪਾਂ ਸਰੀਰ ਛੱਡ ਜਾਵਾਂਗੇ ਦਿਸਦੀ ਨਹੀਂ ਹੈ। ਨਾ ਚੰਨ ਦਿਸਦਾ ਹੈ, ਨਾ ਸੂਰਜ ਦਿਸਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਗੁਰੂ ਦੇ ਸ਼ਬਦ ਨੇ ਦਰਵਾਜ਼ਾ ਖੋਲ੍ਹ ਦਿਤਾ। ਮਹਾਰਾਜ ਕਹਿੰਦੇ, ਹਰ ਬੰਦੇ ਦੇ ਅੰਦਰ ਇਕ ਨਾਦ ਹੋ ਰਿਹਾ ਹੈ, ਕੀਰਤਨ ਹੋ ਰਿਹਾ ਹੈ। ਪੰਜ ਸ਼ਬਦ ਵੱਜ ਰਹੇ ਨੇ। ਲੇਕਿਨ ਸੁਣਦੇ ਤਾਂ ਭਾਗਾਂ ਵਾਲੇ ਨੂੰ ਹੀ ਨੇ, ਕਿਸੇ-ਕਿਸੇ ਨੂੰ, ਜਿਨ੍ਹਾਂ ਦੀ ਲਿਵ ਲਗਦੀ ਹੈ ਉਨ੍ਹਾਂ ਨੂੰ ਸੁਣਦਾ ਹੈ, ਬਾਕੀਆਂ ਨੂੰ ਤਾਂ ਪਤਾ ਹੀ ਨਹੀਂ ਹੈ ਕਿ ਪੰਜ ਸ਼ਬਦ ਕੀ ਹੁੰਦੇ ਨੇ। ਸੋ ਉਹ ਪੰਜ ਸ਼ਬਦ ਜਦੋਂ ਵੱਜਦੇ ਨੇ - ***'ਅਨਹਦ ਵਾਜੇ ਧੁਨਿ ਵਜਦੇ ...॥'*** ਇਕ ਧੁਨ ਲੱਗੀ ਪਈ ਹੈ।

ਜਦੋਂ ਮੈਂ ਅਮਰੀਕਾ ਗਿਆ, ਉਥੇ ਇਕ ਸ਼ੋਅ ਦੇਖਣ ਮੈਨੂੰ ਲੈ ਗਏ। ਉਹ ਕਹਿੰਦੇ ਦੇਖੋ ਤਾਂ ਸਹੀ ਅਜੀਬ ਬਾਤਾਂ ਨੇ, ਜਿਹਨੂੰ ਤੁਸੀਂ ਅਨਹਦ ਕਹਿੰਦੇ ਓਂ, ਇਥੇ ਤੁਹਾਨੂੰ ਅਨਹਦ ਦਾ ਗਿਆਨ ਹੋ ਜਾਏਗਾ ਕਿ ਕੀ ਹੁੰਦਾ ਹੈ। ਮੈਂ ਕਿਹਾ, ਅੱਛਾ, ਐਨਾ ਕੁਛ ਬਣਾ ਦਿਤਾ ਮਨੁੱਖ ਨੇ। ਜਦੋਂ ਉਹਦੇ ਅੰਦਰ ਗਿਆ ਉਥੇ ਆਰਕੈਸਟ੍ਰਾ ਪੰਜ ਛੇ, ਕੋਈ ਚਾਲੀ-ਚਾਲੀ ਬੰਦਿਆਂ ਦੇ, ਨਾ ਬੰਦੇ ਅਸਲੀ, ਨਕਲੀ ਬੰਦੇ ਖੜ੍ਹੇ। ਸਾਜ ਉਨ੍ਹਾਂ ਦੇ ਮੂਹਰੇ ਪਏ ਨੇ ਤੇ ਜਿਸ ਵਕਤ ਉਹਦੇ 'ਚ ਪੈਸੇ ਪਾ ਦਿਓ। ਡਾਲਰ ਪਾ ਦਿਓ, ਉਸੇ ਵੇਲੇ ਉਹ ਡਰੰਮ-ਡਰੰਮ ਹੋ ਕੇ ਚਾਲੀ ਦੇ ਚਾਲੀ ਸਾਜ ਵੱਜਣੇ ਸ਼ੁਰੂ ਹੋ ਜਾਂਦੇ ਨੇ। ਅਗਾਹਾਂ ਗਿਆ, ਉਥੇ ਕੋਈ ਬੰਦਾ ਹੀ ਨਹੀਂ ਹੈ, ਸਾਜ ਪਏ ਨੇ। ਜਦੋਂ ਪੈਸੇ ਪਾ ਦਿਓ, ਗਜ਼ ਆਪੇ ਹੀ ਹਿੱਲਣ ਲਗ ਜਾਂਦੇ ਸੀ।

ਇਸੇ ਤਰ੍ਹਾਂ ਦੇ ਨਾਲ ਬਿਨਾਂ ਵਜਾਉਣ ਵਾਲਿਆਂ ਦੇ ਵਾਜੇ ਹਰੇਕ ਦੇ ਅੰਦਰ ਵੱਜ ਰਹੇ ਨੇ। ਮਹਾਰਾਜ ਕਹਿੰਦੇ, ਸੁਣਦੇ ਉਹਨੂੰ ਨੇ ਜਿਹਦੇ ਕਪਾਟ ਖੁੱਲ੍ਹ ਜਾਣ -

***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***

***ਅੰਗ - 954***

ਉਥੇ ਉਹੀ ਸ਼ਬਦ ਜਿਹੜਾ ਪੰਜਾਂ ਪਿਆਰਿਆਂ ਨੇ ਦਿਤਾ ਹੈ ਉਹ ਸੁਣਨ ਲਗ ਜਾਂਦਾ ਹੈ। ਅੰਮ੍ਰਿਤ ਛਕਾਉਣਾ ਇਹ ਨਹੀਂ ਹੋਇਆ ਕਰਦਾ ਕਿ ਇਸ ਤਰ੍ਹਾਂ ਤੁਹਾਨੂੰ ਸ਼ਬਦ ਅੰਦਰ ਸੁਣਦਾ, ਪੰਜਾਂ ਪਿਆਰਿਆਂ ਦਾ। ਬਿਨਾਂ ਹੀ ਜੀਭ ਤੋਂ-

***ਬਿਨੁ ਜਿਹਵਾ ਜੋ ਜਪੈ ਹਿਆਇ ॥***
***ਕੋਈ ਜਾਣੈ ਕੈਸਾ ਨਾਉ ॥ ਅੰਗ - 1256***

ਨਾ ਜੀਭ ਹਿਲਦੀ ਹੈ, ਨਾ ਬੁੱਲ੍ਹ ਹਿਲਦੇ ਨੇ। ਆਪੇ ਹੀ ਸਾਜ ਗੂੰਜਦੇ ਨੇ। ਨਾਮ ਦੇ ਨਾਲ ਧੁਨ ਸੁਣੀ ਜਾਂਦੀ ਹੈ। ਜਦੋਂ ਅਸੀਂ ਉਹਦੇ 'ਚ ਧਿਆਨ ਰੱਖੀਏ -

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ - 879***

ਧੂਣੀਆਂ ਤਾਪਣ ਦੀ ਲੋੜ ਨਹੀਂ, ਸਹਿਜ ਦੇ ਨਾਲ ਕੰਬਲ ਦੀ ਬੁੱਕਲ ਮਾਰੀ ਹੋਈ ਹੈ, ਸਵੇਰੇ ਇਸ਼ਨਾਨ ਕਰਕੇ ਉੱਠਿਆ ਹੈ, ਉਹ ਧੁਨ 'ਚ ਧਿਆਨ ਲਾ ਲਓ, ਧੁਨ ਵਾਹਿਗੁਰੂ ਦੇ ਦਰਬਾਰ 'ਚੋਂ ਆਉਂਦੀ ਹੈ, ਜਿਉਂ-ਜਿਉਂ ਬਿਰਤੀ ਲਗਦੀ ਜਾਏਗੀ, ਉਹ ਪ੍ਰਮੇਸ਼ਰ ਦੇ ਦਰ 'ਤੇ ਲੈ ਜਾਏਗਾ। ਫੇਰ ਕਹਿੰਦੇ ਜੀ, ਉਥੇ ਕੋਈ ਹਨ੍ਹੇਰਾ ਵਗੈਰਾ ਤਾਂ ਨਹੀਂ, ਮਹਾਰਾਜ ਕਹਿੰਦੇ ਨਹੀਂ -

***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***

***ਅੰਗ - 954***

ਪ੍ਰਕਾਸ਼ ਹੀ ਪ੍ਰਕਾਸ਼ ਹੁੰਦਾ ਹੈ। ਕਿੰਨਾ ਕੁ ਪ੍ਰਕਾਸ਼ ਹੈ, ਕਹਿੰਦੇ -

***ਇਹੁ ਮਨੁ ਲੇ ਜਉ ਉਨਮਨਿ ਰਹੈ ॥***
***ਤਉ ਤੀਨਿ ਲੋਕ ਕੀ ਬਾਤੈ ਕਹੈ ॥ ਅੰਗ - 342***

ਪਹਿਲੇ ਜਨਮ ਦੀਆਂ ਵੀ ਤੇ ਅਗਲੇ ਦੀਆਂ ਵੀ ਤੇ ਹੁਣ ਵਾਲੇ ਦੀਆਂ, ਸਾਰੀਆਂ ਗੱਲਾਂ ਭੂਤ, ਭਵਿੱਖਤ ਵਰਤਮਾਨ ਉਹ ਦਸ ਦਿੰਦਾ ਹੈ। ਉਹ ਜੋਤਸ਼ੀ ਨਹੀਂ ਬਣਦੇ ਕਿ ਐਵੇਂ ਹੀ ਦਸੀ ਜਾਏ। ਪਤਾ ਹੁੰਦੇ ਵੀ, ਚੁੱਪ ਰਹਿਣ ਦੀ ਆਗਿਆ ਹੈ -

***ਊਚਾ ਨਹੀ ਕਹਣਾ ਮਨ ਮਹਿ ਰਹਣਾ .......॥ ਅੰਗ - 580***

ਮਨ 'ਚ ਗੱਲ ਰੱਖਣੀ ਹੈ, ਜਿਹੜਾ ਉੱਚਾ ਕਹਿੰਦਾ ਹੈ, ਉਸ ਤੋਂ ਖੋਹ ਲਈ ਜਾਂਦੀ ਹੈ ਕਿ ਇਹ ਅਧਿਕਾਰੀ ਨਹੀਂ ਹੈ। ਇਹ ਤਮਾਸ਼ੇ ਕਰਨ ਲਗ ਗਿਆ -

***ਭੇਖ ਦਿਖਾਇਓ ਜਗਤ ਕਉ ਲੋਗਨ ਕੋ ਬਸ ਕੀਨ।***
***ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮੋ ਲੀਨ।***

ਕਹਿੰਦੇ ਨਰਕਾਂ 'ਚ ਵਾਸਾ ਮਿਲਦਾ ਹੈ ਉਸ ਪ੍ਰੇਮੀ ਨੂੰ। ਜਿਹੜਾ ਇਸ ਤਰ੍ਹਾਂ ਦੇ ਨਾਟਕ ਚੇਟਕ ਕਰਨੇ ਸ਼ੁਰੂ ਕਰ ਦੇਵੇ। ਸੋ ਇਸ ਤਰ੍ਹਾਂ ਦੇ ਨਾਲ ਦਿੱਬਯ ਨੇਤਰ ਖੁਲ੍ਹ ਜਾਂਦੇ ਨੇ। ਜਦੋਂ ਖੁਲ੍ਹ ਗਏ ਫੇਰ ਕੀ ਦਿਸਦਾ ਹੈ ਕਹਿੰਦੇ-

***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***
***ਅੰਗ - 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ - 947***

ਉਹਦੇ ਵਿਚ ਵਾਹਿਗੁਰੂ ਦੇ ਦਰਸ਼ਨ ਹੁੰਦੇ ਨੇ। ਹੁੰਦੇ ਕਿੱਥੇ ਨੇ? ਕਿਸੇ ਪਹਾੜ 'ਤੇ ਹੁੰਦੇ ਨੇ ਜਾਂ ਕਿਸੇ ਉੱਪਰ ਕਿਸੇ ਅਸਮਾਨਾਂ 'ਚ ਹੁੰਦੇ ਨੇ? ਮਹਾਰਾਜ ਕਹਿੰਦੇ, ਹਰੇਕ ਦੇ ਹਿਰਦੇ 'ਚ ਵਾਹਿਗੁਰੂ ਬੈਠਾ ਹੈ। ਜਿਨ੍ਹਾਂ ਦੇ ਨੇਤਰ ਖੁੱਲ੍ਹ ਗਏ, ਉਹ ਦਰਸ਼ਨ ਕਰਦੇ ਨੇ। ਸੋ ਮੈਂ ਇਹ ਬੇਨਤੀ ਕਰਦਾ ਸੀ ਕਿ ਸਾਡੇ ਅੰਦਰ ਜਿੱਥੇ ਅੱਖਾਂ ਬਾਹਰਲਾ ਕੰਮ ਕਰਦੀਆਂ ਨੇ, ਅੰਦਰ ਵੀ ਅੱਖਾਂ ਨੇ, ਜਿਹਨੂੰ ਦਿੱਬਯ ਨੇਤਰ ਕਹਿੰਦੇ ਨੇ। ਦਿੱਬਯ ਕੰਨ ਨੇ ਜਿਹੜੇ ਨਾਮ ਦੀ ਧੁਨ ਸਰਵਣ ਕਰਦੇ ਨੇ। ਦਿੱਬਯ ਨਾਸਕਾ ਨੇ, ਕੋਈ ਸੁਗੰਧੀ ਕੋਲ ਨਹੀਂ, ਫੁੱਲਾਂ ਦੀ ਸੁਗੰਧੀ ਆਪੇ ਹੀ ਆਈ ਜਾਂਦੀ ਹੈ ਅੰਦਰੋਂ। ਆਲੇ ਦੁਆਲੇ ਦੇਖਦਾ ਹੈ ਕਿ ਇਹ ਸੁਗੰਧੀ ਕਿੱਥੋਂ ਆਉਂਦੀ ਹੈ ਕਿਉਂਕਿ ਪਤਾ ਨਹੀਂ ਹੈ ਕਿ ਸੁਗੰਧੀ ਉਹਦੇ ਅੰਦਰ ਹੀ ਹੋਇਆ ਕਰਦੀ ਹੈ। ਚੀਜ਼ ਕੋਈ ਨਹੀਂ ਖਾਧੀ, ਐਨਾ ਅਕਹਿ ਰਸ ਆਏਗਾ ਜਿਹਨੂੰ ਮਹਾਰਾਜ ਕਹਿੰਦੇ ਕਿਹਾ ਨਹੀਂ ਜਾ ਸਕਦਾ। ਕਹਿੰਦੇ, ਐਨਾ ਮਹਾਨ ਰਸ ਹੁੰਦਾ ਹੈ ਉਹ ਕਹਿ ਨਹੀਂ ਹੁੰਦਾ। ਕਹਿੰਦੇ, ਗੂੰਗੇ ਨੂੰ ਜੇ ਗੁੜ ਖਲਾ ਦਿਓ ਦਸ ਨਹੀਂ ਸਕਦਾ ਕਿ ਬਹੁਤਾ ਮਿੱਠਾ ਹੈ ਕਿ ਥੋੜ੍ਹਾ ਮਿੱਠਾ ਹੈ ਜਾਂ ਸਲੂਣਾ ਹੈ। ਕੁਛ ਨਹੀਂ ਦਸ ਸਕਦਾ -

***ਕਹੁ ਕਬੀਰ ਗੂੰਗੈ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ ॥***
***ਅੰਗ - 334***

ਪੁੱਛਣ 'ਤੇ ਕੀ ਦਸ ਦਏਗਾ। ਕਿਉਂਕਿ ਬੋਲਣ ਵਾਲੀ ਚੀਜ਼ ਉਸ ਕੋਲ ਨਹੀਂ ਹੈ, ਸਮਝਿਆ ਨਹੀਂ ਹੈ ਕਿ ਮੈਂ ਮਿੱਠਾ ਕਿਵੇਂ ਕਹਾਂ। ਜ਼ੁਬਾਨ ਬੰਦ ਹੈ। ਇਸ ਤਰ੍ਹਾਂ ਜਦੋਂ ਇਹ ਦਿੱਬਯ ਰਸਨਾ ਖੁੱਲ੍ਹ ਜਾਂਦੀ ਹੈ ਫੇਰ ਨਾਮ ਦੇ ਰਸ ਵਿਚ ਰਹਿੰਦੀ ਹੈ -

***ਏ ਰਸਨਾ ਤੂ ਅਨ ਰਸਿ ਰਾਚਿ***
***ਰਹੀ ਤੇਰੀ ਪਿਆਸ ਨ ਜਾਇ ॥***
***ਪਿਆਸ ਨ ਜਾਇ ਹੋਰਤੁ ਕਿਤੈ***
***ਜਿਚਰੁ ਹਰਿ ਰਸੁ ਪਲੈ ਨ ਪਾਇ ॥ ਅੰਗ - 921***

ਜਿੰਨਾਂ ਚਿਰ ਹਰੀ ਦਾ ਰਸ ਨਹੀਂ ਮਿਲਦਾ, ਰਸਨਾ ਫਿੱਕੀ, ਕੋਈ ਸ਼ਰਾਬ ਨੂੰ ਦੌੜਦਾ ਹੈ, ਬੱਕਰੇ ਦਾ ਮਾਸ ਖਾਸ ਲਈਏ, ਆਹ ਲਈਏ,

ਇਹ ਖਾ ਲਈਏ। ਕਿਉਂ ਕਹਿੰਦਾ ਹੈ? ਕਿਉਂਕਿ ਅੰਦਰਲਾ ਰਸ ਨਹੀਂ ਅਜੇ ਇਹਨੂੰ ਮਿਲਿਆ। ਜਿਹਨੂੰ ਮਿਲ ਗਿਆ ਉਹ ਤਾਂ ਜਦੋਂ ਕੜਾਹ ਪ੍ਰਸ਼ਾਦ ਵਰਤਾਉਂਦੇ ਨੇ ਉਹਨੂੰ ਵੀ ਇਸ ਤਰ੍ਹਾਂ ਲਗਦਾ ਹੈ ਕਿ ਉਹ ਤਾਂ ਬਹੁਤ ਵੱਡਾ ਰਸ ਸੀ। ਮਹਾਰਾਜ ਨੇ ਪ੍ਰਸ਼ਾਦ ਬਣਾਇਆ ਹੀ ਤਾਂ ਸੀ ਕਿ ਅੰਦਰ ਰਸ ਆਇਆ ਹੁੰਦਾ ਹੈ ਸਰੋਤਿਆਂ ਨੂੰ, ਹੋਰ ਕੋਈ ਚੀਜ਼ ਨਹੀਂ ਜਿਹੜੀ ਉਹਦੇ ਨਾਲ ਮੇਲ ਖਾਂਦੀ ਹੋਵੇ। ਇਹ ਕੁਛ ਥੋੜ੍ਹਾ ਜਿਹਾ ਮੇਲ ਖਾਂਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਦਿੱਬਯ ਰਸਨਾ ਖੁੱਲ੍ਹ ਜਾਂਦੀ ਹੈ। ਦਿੱਬਯ ਸਪਰਸ਼ ਖੁੱਲ੍ਹ ਜਾਂਦੀ ਹੈ ਉਸ ਵੇਲੇ ਆਪੇ ਹੀ ਝੂੰਮੀ ਜਾਂਦਾ ਹੈ, ਆਪਣੇ ਆਪ ਹੀ ਅਨੰਦ ਆਉਂਦਾ ਹੈ। ਅੰਦਰਲਾ ਕਉਲ ਖਿੜ ਜਾਂਦਾ ਹੈ, ਪੈਰ ਨਹੀਂ ਲਗਦਾ ਧਰਤੀ 'ਤੇ। ਸੋ ਮਹਾਰਾਜ ਜੀ ਨੇ ਹਵਾ ਦੇ ਵਿਚ ਹੱਥ ਮਾਰ ਫੁਰਮਾਇਆ –

***ਸਰਬ ਭੂਤ ਆਪ ਵਰਤਾਰਾ।***
***ਸਰਬ ਨੈਨ ਆਪ ਪੇਖਨਹਾਰਾ।***

ਇਸ ਤਰ੍ਹਾਂ ਕਹਿ ਕੇ ਸਾਰਿਆਂ ਦੇ ਨੇਤਰ ਖੋਲ੍ਹ ਦਿਤੇ। ਸਾਰੇ ਸਿੰਘਾਂ ਨੇ ਕੀ ਦੇਖਿਆ ਕਿ ਪ੍ਰਕਾਸ਼ ਹੀ ਪ੍ਰਕਾਸ਼, ਸਰੀਰ ਦਿਸਦਾ ਹੀ ਨਹੀਂ ਹੈ। ਦਿਸਦਾ ਹੈਗਾ, ਝਉਲੇ ਪੈਂਦੇ ਨੇ, ਪਰ ਚਾਨਣੇ ਦੇ ਸਰੀਰ ਨੇ, ਬਈ ਇਹ ਤਾਂ ਸਾਰੇ ਦੇਵਤੇ ਗੁਰੂ ਮਹਾਰਾਜ ਦੇ ਦਰਬਾਰ 'ਚ ਆ ਕੇ ਸਸ਼ੋਭਤ ਹੁੰਦੇ ਨੇ ਕਿਉਂਕਿ ਮੈਂ ਕੱਲ੍ਹ ਬੇਨਤੀ ਕੀਤੀ ਸੀ ਕਿ ਸ਼ਿਵ ਜੀ ਵੀ ਖੋਜਦੇ ਫਿਰਦੇ ਨੇ, ਬ੍ਰਹਮਗਿਆਨੀ ਨੂੰ। ਸੋ ਉਸ ਵੇਲੇ ਬੜੇ ਦਰਸ਼ਨ ਕਰ ਰਹੇ ਨੇ, ਬੜਾ ਅਨੰਦ ਆ ਰਿਹਾ ਹੈ, ਮਹਾਰਾਜ ਬਚਨ ਕਰ ਰਹੇ ਨੇ ਤੇ ਉਹ ਸੁਣ ਰਹੇ ਨੇ। ਕਿਉਂਕਿ ਇਹ ਜਿਹੜਾ ਸਤਿਸੰਗ ਹੈ ਇਹ ਕਿਤੇ ਨਹੀਂ ਲੱਭਣਾ ਸਿਵਾਏ ਸਚਖੰਡ ਤੋਂ। ਹੋਰ ਨਹੀਂ ਕਿਤੇ ਵੀ ਹੈ। ਸਵਰਗ ਲੋਕ 11 ਨੇ, ਕਿਸੇ ਵਿਚ ਵੀ ਸਤਿਸੰਗ ਨਹੀਂ ਹੈ, ਨਰਕਾਂ ਵਿਚ ਤਾਂ ਸਤਿਸੰਗ ਹੋਣ ਦਾ ਸਵਾਲ ਹੀ ਨਹੀਂ ਉਠਦਾ, ਭੂਤ ਬੈਠੇ ਨੇ ਨਰਕਾਂ 'ਚ। ਭੂਤ ਸਤਿਸੰਗ ਸੁਣ ਹੀ ਨਹੀਂ ਸਕਦੇ, ਉਨ੍ਹਾਂ ਨੂੰ ਅਧਿਕਾਰ ਹੀ ਨਹੀਂ ਹੈ। ਪਰ ਕੋਈ-ਕੋਈ ਸਿਆਣਾ ਭੂਤ ਜਿਹੜਾ ਹੈ ਉਹ ਕਿਸੇ ਦੇ ਵਿਚ ਬੈਠ ਕੇ ਸੁਣ ਲੈਂਦਾ ਹੈ, ਜਿਹਨੇ ਆਪਣਾ ਉਧਾਰ ਕਰਾਉਣਾ ਹੈ ਕਿਉਂਕਿ ਮਹਾਰਾਜ ਨੇ –

***ਪਸੁ ਪ੍ਰੇਤ ਮੁਘਦ ਪਾਥਰ ਕਉ ਤਾਰੈ ॥*** ***ਅੰਗ- 274***

ਪ੍ਰੇਤਾਂ ਨੂੰ ਵੀ ਤਾਰ ਦਿੰਦੀ ਹੈ ਬਾਣੀ। ਸੋ ਜਦੋਂ ਦੇਖੇ, ਐਨੇ ਨੂੰ ਮਹਾਰਾਜ ਨੇ ਹੁਕਮ ਕੀਤਾ ਕਿ ਪ੍ਰੇਮੀਓਂ! ਜਾਓ ਜਾ ਕੇ ਕਿਓੜਾ ਲਿਆਓ, ਸੰਗਤ ਦੇ ਉਪਰ ਫਟਾ-ਫਟ ਗੇਰ ਦਿਓ। ਉਹ ਦੇਵਤੇ ਜਿਹੜੇ ਸੀ ਉਹ ਇਕੱਲੇ-ਇਕੱਲੇ ਉੜਨ ਲੱਗ ਗਏ ਉਪਰ ਨੂੰ। ਕਿਓੜਾ ਵਗੈਰਾ ਛਿੜਕਦੇ ਨੇ, ਉਹ ਟਿਕੇ ਨਹੀਂ ਸਭ ਚਲੇ ਗਏ।

ਸਿੰਘਾਂ ਨੇ ਮਹਾਰਾਜ ਨੂੰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਹ

ਕੀ ਭਾਣਾ ਵਰਤਿਆ। ਸਾਰੇ ਬੜੇ ਟਿਕੇ ਹੋਏ ਬੈਠੇ ਸੀ। ਇਨ੍ਹਾਂ ਦੀ ਬਿਰਤੀ ਕਿਉਂ ਖਰਾਬ ਹੋ ਗਈ? ਮਹਾਰਾਜ ਕਹਿੰਦੇ, ਪ੍ਰੇਮੀਓਂ! ਔਹ ਰਾਜਾ ਜਿਹੜਾ ਰਾਜਾ ਹੈ ਇਹਨੇ ਤਿੰਨ ਦਿਨ ਹੋਏ ਤਮਾਕੂ ਪੀਤਾ ਸੀ। ਇਹਦੀ ਐਨੀ ਜ਼ਿਆਦਾ ਦੁਰਗੰਧ ਹੈ ਕਿ ਦੇਵਤਾ ਲੋਕ ਇਸ ਦੁਰਗੰਧ 'ਚ ਰਹਿ ਹੀ ਨਹੀਂ ਸਕਦੇ। ਕਹਿੰਦੇ, ਜਿਹੜਾ ਤਮਾਕੂ ਹੈ ਇਹ ਦੁਰਗੰਧ ਤਾਂ ਇਕ ਪਾਸੇ ਰਹੀ, ਜਿਹਦੇ ਖਾਨਦਾਨ 'ਚ ਤਮਾਕੂ ਕੋਈ ਮੂੰਹ ਨੂੰ ਲਾ ਲਵੇ, ਉਹਦੇ ਜਿਹੜੇ ਦੇਵਤੇ ਤੇ ਪਿੱਤਰ ਸਵਰਗ ਲੋਕਾਂ 'ਚ ਬੈਠੇ ਨੇ ਉਹ ਛੱਡ ਜਾਂਦੇ ਨੇ –

***ਤਨਕ ਤਮਾਕੂ ਸੇਵੀਐ ਦੇਵ ਪਿਤਰ ਤਜਿ ਜਾਇ॥***

ਕਹਿੰਦੇ, ਉਹਦਾ ਸਰੀਰ ਐਡਾ ਪਾਪੀ ਹੋ ਜਾਂਦਾ ਹੈ, ਐਨਾ ਨਰਕ ਦਾ ਭਰਿਆ ਹੋਇਆ ਸਰੀਰ ਹੋ ਜਾਂਦਾ ਹੈ ਕਿ ਉਹਦੇ ਹੱਥ ਦਾ ਜੇ ਪਾਣੀ ਲੈ ਵੀ ਪੀ ਲਓ ਤਾਂ ਸ਼ਰਾਬ ਪੀਣ ਦੇ ਦੋਸ਼ ਦੇ ਬਰਾਬਰ ਹੋਇਆ ਕਰਦਾ ਹੈ। ਫੇਰ ਪੁੱਛਿਆ ਕਿ ਮਹਾਰਾਜ! ਸ਼ਰਾਬ ਦਾ ਵੀ ਕੋਈ ਦੋਸ਼ ਹੈ? ਮਹਾਰਾਜ ਕਹਿੰਦੇ, ਸ਼ਰਾਬ ਦਾ ਦੋਸ਼ ਇਹ ਹੈ ਕਿ –

***ਪਾਣੀ ਤਾ ਕੇ ਹਾਥ ਕਉ ਮਧਰਾ ਸਮ ਅਘਦਾਇ।***

'ਅਘ' ਕਹਿੰਦੇ ਨੇ ਪਾਪ ਨੂੰ, ਜਿਹੋ ਜਿਹੀ ਸ਼ਰਾਬ ਪੀ ਲਈ ਉਹੋ ਜਿਹਾ ਤਮਾਕੂ ਪੀਣ ਵਾਲੇ ਦੇ ਹੱਥੋਂ ਪਾਣੀ ਪੀ ਲਿਆ। ਸ਼ਰਾਬ ਸੱਤ ਕੁੱਲਾਂ ਦਾ ਨਾਸ ਕਰ ਦਿੰਦੀ ਹੈ –

***ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।***

ਤਿੰਨ ਕੁਲਾਂ ਤਾਂ ਉਪਰਲੀਆਂ, ਪਿਉ ਦੀ ਭਗਤੀ ਖਤਮ ਕਰ ਦਏਗੀ, ਦਾਦੇ ਦੀ, ਪੜਦਾਦੇ ਦੀ ਭਗਤੀ ਖਤਮ ਕਰ ਦਏਗੀ। ਆਪਣੀ ਤਾਂ ਉਹਦੀ ਹੋ ਹੀ ਗਈ ਤੇ ਆਪਣੇ ਪੁੱਤਰ ਦੀ ਕਰ ਦਏਗਾ, ਆਪਣੇ ਪੋਤੇ ਦੀ ਕਰ ਦਏਗਾ, ਪੜੋਤੇ, ਸੱਤ ਕੁਲਾਂ ਨੂੰ ਘਰ 'ਚ ਹੀ ਗਾਲਣ ਵਾਲਾ ਪੈਦਾ ਹੋ ਜਾਂਦਾ ਹੈ।

***ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।***
***ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥***

***ਅੰਗ – 554***

ਦਰਗਾਹ 'ਚ ਜਾ ਕੇ ਸਜ਼ਾਵਾਂ ਮਿਲਦੀਆਂ ਨੇ। ਭੰਗ ਪੀਣ ਵਾਲਾ ਆਪਣੇ ਤਨ ਦਾ ਵੈਰੀ ਹੁੰਦਾ ਹੈ। 'ਜਗਤ ਜੂਠ' ਜਿਹੜਾ ਤਮਾਕੂ ਪੀਂਦਾ ਹੈ ਉਹ ਸੌ ਕੁਲ ਦਾ ਨਾਸ਼ ਕਰਦਾ ਹੈ, 24 ਦਾਦਕਿਆਂ ਦੀਆਂ, 20 ਨਾਨਕਿਆਂ ਦੀਆਂ, 16 ਜਿੱਥੇ ਵਿਆਹਿਆ ਹੋਇਆ ਹੈ। 12 ਜਿੱਥੇ ਲੜਕਾ-ਲੜਕੀ ਵਿਆਹ ਹੁੰਦੇ ਨੇ। ਗਿਆਰ੍ਹਾਂ ਜਿੱਥੇ ਭੈਣ ਵਿਆਹੀ ਹੁੰਦੀ ਹੈ। ਨੌਂ ਜਿੱਥੇ ਭੂਆ ਵਿਆਹੀ ਹੁੰਦੀ ਹੈ। ਅੱਠ ਕੁਲਾਂ ਦਾ ਨਾਸ਼ ਕਰਦਾ ਹੈ ਜਿੱਥੇ

ਮਾਸੀ ਹੁੰਦੀ ਹੈ। ਮਹਾਰਾਜ ਕਹਿੰਦੇ, ਉਹਦਾ ਤਾਂ ਜਗਤ 'ਤੇ ਆਉਣਾ ਹੀ ਫਜ਼ੂਲ ਸੀ, ਉਹਨੂੰ ਆਉਣਾ ਹੀ ਨਹੀਂ ਸੀ ਚਾਹੀਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

*ਧਾਰਨਾ – ਕਾਹੇ ਜਗ ਆਏ ਜੀ, ਨਾਮ ਨਾ ਜਪਦੇ ਜਿਹੜੇ।*
*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*

*ਅੰਗ – 450*

ਨਸ਼ਿਆਂ 'ਚ ਪੈ ਗਿਆ, ਗਲਤ ਗੱਲਾਂ 'ਚ ਪੈ ਗਿਆ।

ਧੰਨਵਾਦ ਕਰੋ ਗੁਰੂ ਦਸ਼ਮੇਸ਼ ਪਿਤਾ ਦਾ, ਜਿਨ੍ਹਾਂ ਨੇ ਆਪਣੇ ਖਾਲਸੇ ਨੂੰ ਤਮਾਕੂ ਦੇ ਨੇੜੇ ਜਾਣ ਤੋਂ ਵਰਜਿਆ। ਨਹੀਂ ਤਾਂ ਅੱਜ ਦੁਨੀਆਂ ਬੜੀ ਪਰੇਸ਼ਾਨ ਹੈ। ਅਮਰੀਕਾ 'ਚ ਥਾਂ–ਥਾਂ ਲਿਖਿਆ ਪਿਆ ਹੈ, ਹੋਟਲਾਂ 'ਚ ਲਿਖਿਆ ਪਿਆ ਹੈ, ਗੱਡੀਆਂ 'ਤੇ ਲਿਖਿਆ ਪਿਆ ਹੈ, ਜਹਾਜ਼ਾਂ 'ਚ ਲਿਖਿਆ ਹੋਇਆ ਹੈ ਕਿ ਤਮਾਕੂ ਨਹੀਂ ਪੀਣਾ, ਭੋਰਾ ਨਹੀਂ ਦੇਣਾ ਕਿਸੇ ਨੂੰ। ਇਸ ਨਾਲ ਬਿਮਾਰੀਆਂ ਫੈਲਦੀਆਂ ਨੇ, ਕੈਂਸਰ ਹੁੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਇਹ ਖਾਣ ਪੀਣ ਵਾਲਿਆਂ ਦਾ ਜੋ ਦੱਸਿਆ ਤੇ ਨਾਲ ਦੱਸਿਆ ਕਿ ਦੇਖੋ, ਇਸ ਨੇ ਤਿੰਨ ਦਿਨ ਦਾ ਪੁਰਾਣਾ ਤਮਾਕੂ ਪੀਤਾ ਹੋਇਆ ਰਾਜਾ ਆ ਗਿਆ, ਇਹਦੇ ਸਰੀਰ ਵਿਚ ਐਨੀ ਦੁਰਗੰਧ ਹੈ ਕਿ ਦੇਵਤੇ ਉਠ ਕੇ ਚਲੇ ਗਏ।

ਸੋ ਸਾਧਸੰਗਤ ਜੀ! ਮੈਂ ਬੇਨਤੀ ਇਹ ਕਰਦਾ ਸੀ ਕਿ ਜਿੱਥੇ ਹਰੀ ਦਾ ਜਸ ਹੁੰਦਾ ਹੋਵੇ ਉਥੇ 68 ਤੀਰਥ ਆ ਕੇ ਨਿਵਾਸ ਕਰ ਜਾਂਦੇ ਨੇ। ਜਿਨ੍ਹਾਂ 'ਚੋਂ ਸਭ ਤੋਂ ਸ਼੍ਰੋਮਣੀ ਗੰਗਾ ਹੁੰਦੀ ਹੈ –

*ਹਰਿ ਕੀ ਕਥਾ ਹੋਤ ਹੈ ਜਹਾਂ,*
*ਗੰਗਾ ਬੀ ਚਲ ਆਵਤ ਤਹਾਂ।*

ਉਥੇ ਗੰਗਾ ਦਾ ਫਲ ਵੀ ਆ ਜਾਂਦਾ ਹੈ, 68 ਦੇਵਤਿਆਂ ਦਾ ਵੀ। ਉਹ ਬੈਠੇ ਹੁੰਦੇ ਨੇ ਕਿ ਸਾਡੇ ਤੋਂ ਕੋਈ ਫਲ ਮੰਗੇ ਤੇ ਅਸੀਂ ਫਟਾ–ਫਟ ਹਾਜ਼ਰ ਕਰੀਏ। ਜਿਵੇਂ ਸੇਵਾਦਾਰ ਸੇਵਾ ਕਰਦੇ ਨੇ, ਇਸੇ ਤਰ੍ਹਾਂ ਖੜ੍ਹੇ ਹੁੰਦੇ ਕਿ ਕੋਈ ਮੰਗੇ ਤਾਂ ਸਹੀ ਅਸੀਂ ਦੇਈਏ। ਇਥੇ ਤਕ ਕਿ ਭਗਵਾਨ ਵੀ ਆ ਕੇ ਵਿੱਚ ਬੈਠ ਜਾਂਦੇ ਨੇ। ਇੱਕ ਵਾਰੀ ਨਾਰਦ ਨੇ ਵਰਤ ਰੱਖਿਆ। ਭਾਈ ਗੁਰਦਾਸ ਜੀ ਲਿਖਦੇ ਨੇ ਇਸ ਬਾਰੇ, ਉਸ ਵਿਚ ਉਹਨੇ ਪ੍ਰਣ ਕਰ

ਲਿਆ ਕਿ ਵਿਸ਼ਨੂੰ ਜੀ ਦੇ ਦਰਸ਼ਨ ਕਰਕੇ ਫੇਰ ਮੈਂ ਵਰਤ ਉਪਾਰਨ ਕਰਾਂਗਾ। ਬੈਕੁੰਠ ਧਾਮ ਵਿਚ ਚਲਿਆ ਗਿਆ, ਕਿਉਂਕਿ ਉਹਨੂੰ ਇਹ ਸ਼ਕਤੀ ਪ੍ਰਾਪਤ ਹੈ ਕਿ ਜਿੱਥੇ ਜੀਅ ਕਰੇ ਫੁਰਨਾ ਕਰੇ ਉਥੇ ਹੀ ਪਹੁੰਚ ਜਾਂਦਾ ਹੈ। ਉਥੇ ਜਾ ਕੇ ਪੁੱਛਿਆ ਕਿ ਭਗਵਾਨ ਕਿੱਥੇ ਗਏ? ਤਾਂ ਲੱਛਮੀ ਜੀ ਕਹਿਣ ਲੱਗੇ ਕਿ ਨਾਰਦ ਜੀ! ਤੁਹਾਨੂੰ ਤਾਂ ਇਹ ਸ਼ਕਤੀ ਹੈ ਕਿ ਤੁਸੀਂ ਤਿੰਨਾਂ ਲੋਕਾਂ 'ਚ ਦੇਖ ਸਕਦੇ ਓਂ। ਤੁਹਾਡੇ ਤੋਂ ਤਾਂ ਦੁਨੀਆਂ ਦੀ ਕੋਈ ਚੀਜ਼ ਗੁੱਝੀ ਨਹੀਂ ਹੈ। ਦੇਖ ਲਓ।

ਧਿਆਨ ਲਾ ਕੇ ਬੈਠ ਗਿਆ, ਕਿਤੇ ਨਹੀਂ ਲੱਭਦੇ। ਉਸ ਵੇਲੇ ਅਰਦਾਸ ਕਰੀ ਕਿ ਪ੍ਰਭੂ! ਮੈਂ ਤਾਂ ਹਾਰ ਗਿਆ, ਮੈਨੂੰ ਤਾਂ ਲੱਭਿਆ ਨਹੀਂ। ਖੀਰ ਸਮੁੰਦਰ 'ਚ ਮੈਂ ਤੈਨੂੰ ਦੇਖਿਆ, ਗੁਫਾਵਾਂ ਵਿਚ, ਤੀਰਥਾਂ 'ਤੇ ਮੈਂ ਦੇਖਿਆ, ਜੋਗੀਆਂ ਦੇ ਹਿਰਦਿਆਂ 'ਚ ਮੈਂ ਦੇਖਿਆ ਤੁਸੀਂ ਤਾਂ ਕਿਤੇ ਵੀ ਨਹੀਂ ਲੱਭੇ। ਵੱਡੇ-ਵੱਡੇ ਕਸ਼ੇਤਰ ਨੇ ਉਥੇ ਮੈਂ ਦੇਖਿਆ ਤੈਨੂੰ। ਤੂੰ ਮੈਨੂੰ ਦਰਸ਼ਨ ਦੇ। ਕੀ ਦੇਖਦਾ ਹੈ ਕਿ ਸੰਤਾਂ ਦਾ ਕੀਰਤਨ ਹੋ ਰਿਹਾ ਹੈ ਤੇ ਸਾਰਿਆਂ ਨਾਲੋਂ ਪਿਛੇ ਮੈਲੇ ਜਿਹੇ ਕੱਪੜੇ ਪਾ ਕੇ ਪਿਛਲੇ ਪਾਸੇ ਬੈਠਾ ਹੈ। ਦਰੀ 'ਤੇ ਨਹੀਂ ਬੈਠਾ, ਭੁੰਝੇ ਹੀ ਬੈਠਾ ਹੈ। ਨਾਰਦ ਜੀ ਉਥੇ ਹੀ ਆ ਗਏ। ਕਹਿਣ ਲੱਗਿਆ, ਹੇ ਭਗਵਾਨ! ਇਹ ਤੁਸੀਂ ਐਡੀ ਦੂਰ ਕਿੱਥੇ ਆ ਕੇ ਬੈਠੇ ਓਂ? ਕੀ ਗੱਲ? ਕਹਿਣ ਲੱਗੇ, ਨਾਰਦਮੁਨੀ! ਲੋਕਾਂ ਨੂੰ ਵਹਿਮ ਹੈ ਕਿ ਮੈਂ ਵੱਡੇ-ਵੱਡੇ ਹੀਰਿਆਂ ਨਾਲ ਜੜੇ ਹੋਏ ਮੰਦਰਾਂ 'ਚ ਰਹਿੰਦਾ ਹਾਂ, ਬਿਲਕੁਲ ਨਹੀਂ ਰਹਿੰਦਾ। ਨਾ ਮੈਂ ਤੀਰਥਾਂ 'ਤੇ ਰਹਿੰਦਾ ਹਾਂ। ਨਾ ਮੈਂ ਕਿਸੇ ਹੋਰ ਥਾਂ 'ਤੇ ਰਹਿੰਦਾ ਹਾਂ। ਨਾ ਮੈਂ ਜੋਗੀਆਂ ਦੇ ਹਿਰਦੇ 'ਚ ਰਹਿੰਦਾ ਹਾਂ। ਮੈਂ ਤਾਂ ਆਪਣੇ ਪਿਆਰਿਆਂ ਦੇ ਚਰਨਾਂ 'ਚ ਰਹਿ ਜਾਂਦਾ ਹਾਂ, ਜਿਹੜੇ ਇਕ ਮਨ, ਇਕ ਚਿਤ ਹੋ ਕੇ ਹਰੀ ਦਾ ਜਸ ਕਰਦੇ ਨੇ ਤੇ ਮੈਂ ਜੋ ਕੁਛ ਮੰਗਦੇ ਨੇ ਦੇਣ ਨੂੰ ਤਿਆਰ ਰਹਿੰਦਾ ਹਾਂ ਕਿ ਮੇਰੇ ਤੋਂ ਮੰਗਣ ਤੇ ਮੈਂ ਹੁਣੇ ਦੇਵਾਂ। ਲੋਕ ਕਹਿੰਦੇ ਨੇ ਕਿ ਮੇਰਾ ਕੋਈ ਮਾਂ-ਬਾਪ ਨਹੀਂ, ਮੇਰਾ ਕੋਈ ਪਰਿਵਾਰ ਨਹੀਂ। ਮੇਰਾ ਪਰਿਵਾਰ ਕਿਉਂ ਨਹੀਂ, ਆਹ ਸਤਿਸੰਗ ਮੇਰਾ ਪਰਿਵਾਰ ਹੈ। ਮੇਰਾ ਕੋਈ ਘਰ ਜਾਂ ਜਗ੍ਹਾ ਨਹੀਂ ਹੈ, ਮੈਂ ਲਾ-ਮੁਕਾਮ ਹਾਂ। ਮੈਂ ਲਾ-ਮੁਕਾਮ ਨਹੀਂ, ਮੈਂ ਇਥੇ ਹੀ ਹਾਂ -

***ਕਹੁ ਕਬੀਰ ਇਹ ਕਹੀਐ ਕਾਹਿ ॥***
***ਸਾਧਸੰਗਤਿ ਬੈਕੁੰਠੈ ਆਹਿ ॥ ਅੰਗ - 325***

ਬੈਕੁੰਠ ਦਾ ਸਾਰਾ ਤੇਜ ਪ੍ਰਤਾਪ ਸੰਗਤ ਵਿਚ ਆ ਜਾਂਦਾ ਹੈ। ਸੋ ਉਸ ਸੰਗਤ ਵਿਚ ਆਪ ਦੂਰ-ਦਰਾਜ਼ ਤੋਂ ਤੁਰ ਕੇ ਆਏ ਓਂ, ਕਰੋੜਾਂ ਯੱਗਾਂ ਦਾ ਫਲ ਪ੍ਰਾਪਤ ਕਰਨਾ ਹੈ। ਸੋ ਚਿੱਤ ਬਿਰਤੀ ਨੂੰ ਇਕਾਗਰ ਕਰਕੇ, ਮਹਾਰਾਜ ਦੇ ਹੁਕਮ ਅਨੁਸਾਰ ਆਪ ਸਾਰੇ ਜਸ ਸੁਣਨ ਆਏ ਓਂ -

***ਧਾਰਨਾ - ਜਸ ਕਰੋ ਵਾਹਿਗੁਰੂ ਦਾ,***
***ਪਿਆਰਿਓ, ਚਿੱਤ ਨੂੰ ਇਕਾਗਰ ਕਰਕੇ।***

ਦੂਸਰੀ ਬਾਤ ਇਹ ਹੈ ਕਿ ਚਿੱਤ ਵੀ ਨਾ ਨੱਠੇ ਕਿਸੇ ਪਾਸੇ। ਮਨ ਨਾ ਦੌੜੇ, ਜੇ ਮਨ ਦੌੜਦਾ ਹੈ। ਚਾਹੇ ਤੂੰ ਕਿੰਨਾ ਹੀ ਆਕੜ ਕੇ ਬੈਠਾ ਰਹਿ, ਸਮਾਧੀਆਂ ਲਾ ਕੇ ਬੈਠਾ ਰਹਿ, ਤੇਰੇ ਅੰਦਰ ਵਾਲਾ ਤਾਂ ਨੱਠਿਆ ਫਿਰਦਾ ਹੈ। ਲੇਖੇ 'ਚ ਨਹੀਂ ਪੈਂਦਾ ਬੈਠਣਾ।

ਗੁਰੂ ਨਾਨਕ ਪਾਤਸ਼ਾਹ, ਜਿਸ ਵਕਤ ਆਪ ਜੀ ਦੇ ਪਾਸ ਸੰਦੇਸ਼ ਆਇਆ ਅਕਾਲ ਪੁਰਖ ਦਾ ਕਿ ਹੇ ਨਾਨਕ! ਮੈਂ ਤੈਨੂੰ ਸੰਸਾਰ 'ਤੇ ਇਸ ਵਾਸਤੇ ਭੇਜਿਆ ਸੀ ਕਿ ਅਗਿਆਨ ਦੇ ਵਿਚੋਂ ਇਨ੍ਹਾਂ ਨੂੰ ਕੱਢ। ਇਹ ਐਵੇਂ ਪਿੱਪਲਾਂ ਨੂੰ ਮੱਥੇ ਟੇਕੀ ਜਾਂਦੇ ਨੇ, ਪੱਥਰਾਂ ਨੂੰ, ਚੰਦ, ਸੂਰਜ ਨੂੰ ਮੱਥੇ ਟੇਕੀ ਜਾਂਦੇ ਨੇ। ਇਨ੍ਹਾਂ ਨੂੰ ਜਾਗ੍ਰਤ ਜੋਤ ਬਾਰੇ ਦਸ। ਕਿਉਂਕਿ ਗੁਰੂ ਘਰ ਜਾਗ੍ਰਤ ਜੋਤ ਨੂੰ ਤਾਂ ਕਹਿੰਦਾ ਹੈ ਜਪੋ, ਪੱਥਰਾਂ ਵਗੈਰਾਂ ਨੂੰ ਮੱਥੇ ਟੇਕਣ ਤੋਂ ਵਰਜਦਾ ਹੈ। ਨਾ ਤਸਵੀਰਾਂ ਨੂੰ, ਨਾ ਪੱਥਰਾਂ ਨੂੰ। ਭਾਵਨਾ ਜ਼ਰੂਰ ਹੁੰਦੀ ਹੈ ਕਿ ਤਸਵੀਰ ਹੈ ਪਰ ਮਸਤਕ ਜਿਉਂਦੇ ਨੂੰ ਨਿਵਾਓ। ਸੋ ਤੂੰ ਇਨ੍ਹਾਂ ਨੂੰ ਦਸ ਜਾਗ੍ਰਤ ਜੋਤ ਬਾਰੇ -

***ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥***
***ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥***

***ਅਕਾਲ ਉਸਤਤਿ***

ਹਰ ਥਾਂ ਦੇ ਉਤੇ ਵਾਹਿਗੁਰੂ ਹੈ, ਅੱਖਾਂ ਖੋਲ੍ਹ ਕੇ ਦੇਖਣਾ। ਤੁਸੀਂ ਆਪਣਾ ਕੰਮ ਸ਼ੁਰੂ ਨਹੀਂ ਅਜੇ ਕਰਿਆ? ਗੁਰੂ ਨਾਨਕ ਪਾਤਸ਼ਾਹ ਨੇ ਸੰਦੇਸ਼ ਸੁਣ ਲਿਆ, ਕਹਿੰਦੇ ਅਕਾਲ ਪੁਰਖ ਦੀ ਦਰਗਾਹ ਵਿਚ ਆ ਕੇ ਬੇਨਤੀ ਕਰਾਂਗੇ।

ਆਪ ਵੇਈਂ ਨਦੀ 'ਤੇ ਇਸ਼ਨਾਨ ਕਰਨ ਗਏ ਅੱਜ ਤੇ ਉਥੇ ਜਾ ਕੇ ਵਸਤਰ ਉਤਾਰ ਕੇ ਦਾਸ ਨੂੰ ਦੇ ਦਿਤੇ। ਟੁੱਭੀ ਮਾਰੀ ਬਾਹਰ ਨਹੀਂ ਆਏ। ਦਾਸ ਦੇਖਦਾ ਹੈ ਕਿ ਬਾਹਰ ਕਿਉਂ ਨਹੀਂ ਆਏ, ਨਾ ਪਾਣੀ ਦਾ ਖੜਕਾ ਹੋਇਆ। ਕੁਛ ਨਹੀਂ ਪਤਾ ਲਗਦਾ, ਸਵੇਰ ਤੱਕ ਕੰਢੇ-ਕੰਢੇ ਕਦੇ ਏਧਰ ਨੂੰ ਜਾਂਦਾ ਹੈ, ਕਦੇ ਓਧਰ ਨੂੰ ਜਾਂਦਾ ਹੈ। ਕੋਈ ਬਿੜਕ ਨਹੀਂ ਆਈ। ਡਰ ਗਿਆ ਕਿ ਪਤਾ ਨਹੀਂ ਕੋਈ ਮੱਛ ਹੇਠਾਂ ਹੋਣਾ ਉਹਨੇ ਜਾਂਦਿਆਂ ਨੂੰ ਹੀ ਫੜ ਲਿਆ ਜਾਂ ਕੋਈ ਚੀਜ਼ ਹੋਣੀ ਹੈ ਜਿਹਦੇ 'ਚ ਫਸ ਕੇ ਬਾਹਰ ਆ ਹੀ ਨਹੀਂ ਸਕੇ। ਏਸ ਸ਼ੰਕੇ ਦੇ ਵਿਚ ਉਸਨੇ ਜਾ ਕੇ ਭਾਈ ਜੈ ਰਾਮ ਜੀ ਨੂੰ ਦੱਸਿਆ, ਉਹ ਘਬਰਾ ਗਏ। ਉਨ੍ਹਾਂ ਨੇ ਜਾ ਕੇ ਉਦੋਂ ਹੀ ਨਵਾਬ ਨੂੰ ਦੱਸਿਆ। ਬੇਬੇ ਨਾਨਕੀ ਨੂੰ ਪਤਾ ਲੱਗਿਆ, ਉਹ ਕਹਿੰਦੀ ਨਾ ਜੀ, ਮੇਰੇ ਵੀਰ ਨੂੰ ਕੋਈ ਦੁਨੀਆਂ 'ਚ ਚੀਜ਼ ਨਹੀਂ ਹੈ ਜਿਹੜੀ ਉਸਨੂੰ ਨੁਕਸਾਨ ਪਹੁੰਚਾਵੇ। ਪਾਣੀ, ਪਉਣ, ਅੱਗ ਜਿੰਨੀਆਂ ਚੀਜ਼ਾਂ ਨੇ, ਇਹ ਤਾਂ ਸਭ

ਪ੍ਰਮੇਸ਼ਰ ਦੇ ਭੈ ਵਿਚ ਚਲਦੀਆਂ ਨੇ -

***ਭੈ ਵਿਚਿ ਪਵਣੁ ਵਹੈ ਸਦਵਾਉ ॥***
***ਭੈ ਵਿਚਿ ਚਲਹਿ ਲਖ ਦਰੀਆਉ ॥***
***ਭੈ ਵਿਚਿ ਅਗਨਿ ਕਢੈ ਵੇਗਾਰਿ ॥***
***ਭੈ ਵਿਚਿ ਧਰਤੀ ਦਬੀ ਭਾਰਿ ॥*** ***ਅੰਗ - 464***

ਤੁਸੀਂ ਬੇਫਿਕਰ ਹੋ ਕੇ ਬੈਠ ਜਾਓ। ਕਹਿੰਦੇ, ਨਹੀਂ ਮੇਰਾ ਮਨ ਨਹੀਂ ਲਗਦਾ। ਕਿਉਂਕਿ ਸ਼ਰਧਾ-ਸ਼ਰਧਾ 'ਚ ਫਰਕ ਹੋਇਆ ਕਰਦਾ ਹੈ। ਸਾਰਿਆਂ ਨਾਲੋਂ ਜ਼ਿਆਦਾ ਸ਼ਰਧਾ ਜੇ ਕਿਸੇ ਨੂੰ ਜੇ ਸੀ ਬਚਪਨ ਤੋਂ ਲੈ ਕੇ, ਤਾਂ ਭੈਣ ਨੂੰ ਸੀ, ਬੇਬੇ ਨਾਨਕੀ ਨੂੰ, ਹੋਰ ਕਿਸੇ ਨੂੰ ਨਹੀਂ ਸੀ। ਪਹਿਲੀ ਗੱਲ ਤਾਂ ਸੰਤ ਦੇ ਬਾਰੇ ਘਰ ਦੇ ਨਹੀਂ ਮੰਨਦੇ ਹੁੰਦੇ, ਉਨ੍ਹਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਰਹਿੰਦੀ ਹੈ। ਨਹੀਂ ਪਤਾ ਲਗਦਾ, ਆਪਣਾ ਪੁੱਤਰ ਹੀ ਸਮਝੀ ਜਾਣਗੇ। ਪੁੱਤਰ ਤਾਂ ਉਹਦਾ ਸਰੀਰ ਹੈ ਜਿਹੜੀ ਉਹਦੇ 'ਚ ਜੋਤ ਹੈ ਉਹ ਤਾਂ ਪੁੱਤਰ ਨਹੀਂ ਕਿਸੇ ਦਾ। ਉਹ ਤਾਂ ਗੰਗਾ ਘੁਮਾਈ ਹੋਈ ਹੈ ਤੈਨੂੰ ਤਾਰਨ ਵਾਸਤੇ। 101 ਕੁਲ ਨੇ ਕੋਈ ਪੁੰਨ ਕਰਿਆ ਹੋਇਆ ਹੈ ਜਿਹਦੇ ਕਰਕੇ ਇਸ ਘਰ ਦੇ ਵਿਚ ਸਾਧੂ ਪ੍ਰਗਟ ਹੋ ਗਿਆ ਤੇ ਕੁਲ ਨੂੰ ਤਾਰਨ ਵਾਲਾ।

ਸੋ ਇਸ ਗੱਲ ਦਾ ਭਰੋਸਾ ਕੇਵਲ ਬੇਬੇ ਨਾਨਕੀ ਜੀ ਨੂੰ ਸੀ। ਨਾ ਭਰੋਸਾ ਮਹਿਤਾ ਕਾਲੂ ਜੀ ਨੂੰ, ਨਾ ਕਿਸੇ ਹੋਰ ਨੂੰ। ਸੋ ਨਵਾਬ ਤਿੰਨ ਦਿਨ ਤਲਾਸ਼ ਕਰਦਾ ਰਿਹਾ, ਕਿਸੇ ਤਰ੍ਹਾਂ ਨਾ ਨਾਨਕ ਜੀ ਮਿਲੇ। ਅਖੀਰ ਇਹ ਹੋ ਗਿਆ ਕਿ ਨਾਨਕ ਡੁੱਬ ਗਿਆ, ਕਿਸੇ ਮੱਛ ਨੇ ਖਾ ਲਿਆ। ਏਧਰ ਗੁਰੂ ਨਾਨਕ ਪਾਤਸ਼ਾਹ ਦਰਗਾਹ 'ਚ ਪਹੁੰਚ ਗਏ। ਆਪ ਨੇ ਨਮਸ਼ਕਾਰ ਕਰੀ, ਸ਼ਬਦ ਉਚਾਰਨ ਕਰਿਆ -

***ਸੋ ਦਰੁ ਕੇਹਾ ਸੋ ਘਰੁ ਕੇਹਾ........॥*** ***ਅੰਗ - 6***

ਉਸ ਵੇਲੇ ਅਕਾਲ ਪੁਰਖ ਜੀ ਨੇ ਕਿਹਾ ਹੇ ਨਾਨਕ ਜੀ! ਤੁਸੀਂ ਹਾਲੇ ਤੱਕ ਕੰਮ ਨਹੀਂ ਸ਼ੁਰੂ ਕਰਿਆ? ਕਹਿੰਦੇ, ਹੇ ਪਾਤਸ਼ਾਹ! ਤੇਰੀ ਇਹ ਮਰਿਯਾਦਾ ਹੈ ਕਿ ਜਦੋਂ ਤੱਕ ਕੋਈ ਗੁਰੂ ਧਾਰਨ ਨਾ ਕਰੇ, ਤਾਂ ਉਹ ਦੀਖਸ਼ਾ ਨਹੀਂ ਦੇ ਸਕਦਾ। ਦੂਸਰਾ ਨਾਮ ਨੂੰ ਫਲ ਨਹੀਂ ਲਗਦਾ, ਨਿਗੁਰੇ ਦੇ। ਕਿਉਂਕਿ ਮੈਂ ਸੰਸਾਰ 'ਚ ਦੇਖਿਆ ਹੈ -

***ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ ॥*** ***ਅੰਗ - 936***

ਜਿਹੜਾ ਸਾਮ੍ਹਣੇ ਗੱਦੀ ਲਾ ਕੇ ਬੈਠ ਜਾਵੇ, ਐਸਾ ਕੋਈ ਮੇਰੀ ਨਜ਼ਰ 'ਚ ਆਇਆ ਨਹੀਂ ਸੰਸਾਰ 'ਚ।

ਸੰਤ ਰੇਣ ਗੁਰੂ ਮਹਾਰਾਜ ਨੂੰ ਛੋਟੀ ਉਮਰ 'ਚ ਮਿਲੇ ਸੀਗੇ। ਜਿਹੜਾ ਖਰਾ ਸੌਦਾ ਮਹਾਰਾਜ ਨੇ ਕਰਿਆ ਸੀ, ਵੀਹ ਰੁਪਏ ਦਿਤੇ ਸੀ ਪਿਤਾ ਨੇ।

ਇੱਕ ਰੁਪਏ ਦੇ ਨੌਂ ਮਣ ਛੋਲੇ ਆਇਆ ਕਰਦੇ ਸੀ ਜਦ। ਐਨੇ ਛੋਲਿਆਂ ਦੇ ਪੈਸੇ ਦਿਤੇ, ਹੁਣ 300-400 ਰੁਪਏ ਕੁਇੰਟਲ ਵਿਕਦੇ ਨੇ। ਜੇ ਸੌ ਰੁਪਏ ਮਣ ਵੀ ਲਗਾਓ, ਵੀਹ ਹਜ਼ਾਰ ਹੋਇਆ, ਸੰਤਾਂ ਨੂੰ ਖਲਾਣ ਦਾ।

ਜਦੋਂ ਮਹਾਰਾਜ ਜੀ ਬੈਠ ਗਏ, ਸੰਤ ਰੇਨ ਜੀ ਦੇਖਦੇ ਸਾਰ ਹੀ ਕਹਿੰਦਾ ਹੈ ਕਿ ਹਾਲਾਂਕਿ ਆਪ ਦੀ ਛੋਟੀ ਉਮਰ ਹੈ, ਕਹਿਣ ਲੱਗੇ, ਬੇਟਾ! ਤੂੰ ਜਾਹ, ਬਾਲਕੇ ਤੂੰ ਜਾਹ। ਅਸੀਂ ਆਪੇ ਹੀ ਪ੍ਰਸ਼ਾਦੇ ਛਕ ਲਵਾਂਗੇ, ਆਪੇ ਹੀ ਸਭ ਕੁਛ ਕਰ ਲਵਾਂਗੇ, ਤੂੰ ਹੁਣ ਜਾਹ। ਪਿਛੋਂ ਉਸ ਦੇ ਨਾਲ ਦੇ ਸਾਧੂਆਂ ਨੇ ਪੁੱਛਿਆ ਕਿ ਤੁਸੀਂ ਇਸ ਬਾਲਕ ਨੂੰ ਕਿਉਂ ਭੇਜ ਦਿਤਾ, ਐਨੀ ਛੇਤੀ? ਉਹ ਕਹਿਣ ਲੱਗੇ ਕਿ ਮੈਂ ਇਹਦਾ ਤੇਜ ਨਹੀਂ ਸੀ ਸਹਿ ਸਕਦਾ। ਮੈਂ ਉੱਚੇ ਥਾਂ ਬੈਠਾ ਸੀ। ਮੇਰਾ ਜੀਅ ਕਰਦਾ ਸੀ ਕਿ ਇਹਦੇ ਚਰਨਾਂ 'ਚ ਬਹਿ ਜਾਵਾਂ ਤੇ ਇਹਨੂੰ ਉਤੇ ਬਿਠਾ ਦੇਵਾਂ। ਤਾਂ ਮੈਂ ਭੇਜ ਦਿਤੇ।

ਮਹਾਰਾਜ ਕਹਿਣ ਲੱਗੇ, ਪ੍ਰਭੂ! ਮੈਨੂੰ ਕੋਈ ਦਿਸਿਆ ਨਹੀਂ ਜਿਸਨੂੰ ਮੈਂ ਤੇਰਾ 'ਨਾਮ' ਦੇ ਦੇਵਾਂ। ਮੈਂ ਤੇਰੀ ਦਰਗਾਹ 'ਚ ਆਇਆ ਹਾਂ ਤੇ ਆਪ ਮੈਨੂੰ ਆਪਣੇ ਸਰੂਪ ਬਾਰੇ ਦੱਸੋ, ਮੈਂ ਕਿਹੜਾ ਸਰੂਪ ਸੰਸਾਰ 'ਚ ਦੱਸਾਂ ਤੇ ਕਿਹੜਾ ਨਾਮ ਦੇਵਾਂ?

ਅਕਾਲ ਪੁਰਖ ਜੀ ਨੇ ਕਿਹਾ, ਹੇ ਨਾਨਕ! ਅੱਜ ਮੈਂ ਤੈਨੂੰ ਆਪਣਾ ਅਸਲੀ ਸਰੂਪ ਦਸਦਾ ਹਾਂ ਤੂੰ ਸੰਸਾਰ ਨੂੰ ਦੱਸੀਂ?

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਹੇ ਨਾਨਕ! ਇਹ ਦੱਸੀਂ ਸੰਸਾਰ 'ਚ ਜਾ ਕੇ ਕਿ ਮੈਂ ਹੁਣ ਵੀ ਇੱਕ ਹਾਂ ਤੇ ਆਹ ਸੰਸਾਰ ਬਣੇ ਹੋਏ 'ਚ ਵੀ ਮੈਂ ਇੱਕੋ ਹੀ ਹਾਂ, ਜਦੋਂ ਸੰਸਾਰ ਨੇ ਰਹਿਣਾ ਨਹੀਂ ਤਾਂ ਵੀ ਮੈਂ ਇੱਕੋ ਹੀ ਹੋਵਾਂਗਾ। ਮੈਂ ਹੀ ਓਅੰਕਾਰ ਸ਼ਬਦ ਦੇ ਵਿਚ ਪ੍ਰਗਟ ਹੋਇਆ ਹਾਂ। ਜਿਹਦਾ ਵਿਸਥਾਰ ਗੁਰੂ ਗ੍ਰੰਥ ਸਾਹਿਬ ਜੀ ਹਨ। ਸਾਧਸੰਗਤ ਜੀ! ਐਵੇਂ ਨਾ ਮੰਨਿਆ ਕਰੋ ਕਿ ਫਲਾਣੇ ਤੋਂ ਨਾਮ ਮਿਲਦਾ ਹੈ, ਫਲਾਣੇ ਤੋਂ। ਗੁਰੂ ਗ੍ਰੰਥ ਸਾਹਿਬ ਜੀ ਦੀ ਬਰਾਬਰੀ ਤਾਂ ਕੋਈ ਕਰ ਹੀ ਨਹੀਂ ਸਕੇਗਾ ਕਿਉਂਕਿ ਓਅੰਕਾਰ ਦਾ ਇਹ ਸਿੱਧਾ ਰੂਪ ਹਨ। ਸਾਡਾ ਸਿੱਧਾ ਰੂਪ ਨਹੀਂ ਹੈ, ਸਾਡੇ ਵਿਚ ਮਿੱਟੀ ਰਲ ਗਈ -

***ਕਬੀਰ ਨਿਰਮਲ ਬੂੰਦ ਅਕਾਸ ਕੀ ਲੀਨੀ ਭੂਮਿ ਮਿਲਾਇ ॥***
***ਅਨਿਕ ਸਿਆਨੇ ਪਚਿ ਗਏ ਨਾ ਨਿਰਵਾਰੀ ਜਾਇ ॥***

***ਅੰਗ - 1375***

ਆਹ ਪੰਜ ਤੱਤਾਂ ਨੇ ਮਿਲਾ ਲਈ, ਜਿਹੜੀ ਵਾਹਿਗੁਰੂ ਦੇ ਸ਼ਬਦ ਦੀ ਧੁਨ ਸੀ। ਬੇਅੰਤ ਸਿਆਣੇ, ਕੋਈ ਕਹਿੰਦਾ ਹੈ ਯੋਗ ਸਾਧਨਾ ਕਰੋ। ਕੋਈ

ਕਹਿੰਦਾ, 84 ਆਸਣ ਲਾਵੋ, ਕੋਈ ਕਹਿੰਦਾ ਹੈ ਘਰ-ਬਾਰ ਛੱਡ ਕੇ ਜੰਗਲਾਂ 'ਚ ਚਲੇ ਜਾਓ। ਕੋਈ ਕਹਿੰਦਾ ਧੂਣੀਆਂ ਤਾਪੋ, ਜਲ ਧਾਰੇ ਕਰੋ ਪਰ ਇਹ ਵੱਖਰੀ ਨਹੀਂ ਹੁੰਦੀ। ਜੋਤ ਵਿਚੇ ਹੀ ਰਲੀ ਰਹਿੰਦੀ ਹੈ। ਇਸ ਕਰਕੇ ਸਾਡਾ ਜਿਹੜਾ ਸਰੂਪ ਹੈ ਇਹ ਪਵਿੱਤਰ ਨਹੀਂ ਰਿਹਾ। ਇਹ ਜੇ ਮਹਾਂ ਪਵਿੱਤਰ ਸਰੂਪ ਵਾਹਿਗੁਰੂ ਜੀ ਦਾ ਸਿੱਧਾ ਹੈ ਤਾਂ ਇਹ ਸ਼ਬਦ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ। ਓਅੰਕਾਰ ਤਾਂ ਜਿਵੇਂ ਦਰਖਤ ਦਾ ਬੀਜ ਹੁੰਦਾ ਹੈ, ਉਹਦੇ ਵਿਚੋਂ ਟਾਹਣੀਆਂ ਨਿਕਲ ਆਉਂਦੀਆਂ ਨੇ ਇਸ ਤਰ੍ਹਾਂ ਮੈਂ ਕੱਲ੍ਹ ਵੀ ਬੇਨਤੀ ਕਰੀ ਸੀ ਗੁਰੂ ਗ੍ਰੰਥ ਸਾਹਿਬ ਇਸ ਤਰ੍ਹਾਂ ਨੇ। ਇਨ੍ਹਾਂ ਤੋਂ ਮੰਗੋ, ਜੋ ਮੰਗੋਗੇ ਤੁਹਾਨੂੰ ਮਿਲ ਜਾਏਗਾ। ਸਮਰੱਥ ਗੁਰੂ ਨੇ, ਗੁਰੂ ਦਸਵੇਂ ਪਾਤਸ਼ਾਹ ਦਾ ਬਚਨ ਹੈ ਕਿ ਐਸੇ ਗੁਰੂ ਤੁਹਾਡੀ ਅਗਵਾਈ ਕਰਨਗੇ, ਜਿਨ੍ਹਾਂ ਦੇ ਦਰ ਤੋਂ ਕਦੇ ਖਾਲੀ ਹੀ ਨਹੀਂ ਜਾਓਂਗੇ। ਸ਼ਰਧਾ ਦੇ ਨਾਲ, ਭਾਵਨਾ ਦੇ ਨਾਲ ਮੰਗੋ, ਸਭ ਕੁਛ ਮਿਲ ਜਾਏਗਾ-

***ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥***

***ਅੰਗ - 681***

ਲੇਕਿਨ ਮੰਗਣ ਦੇ ਇਹ ਵੀ ਹੈ ਕਿ ਤੈਨੂੰ ਸ਼ਰਧਾ ਵੀ ਹੈ ਕਿ ਅੱਖਰਾਂ ਨਾਲ ਹੀ ਕਹਿ ਦਿੰਦਾ ਹੈਂ। ਅਰਦਾਸ ਕਰਦਾ ਹੈਂ ਅੱਖਰਾਂ ਦੀ ਅਰਦਾਸ ਕਰਦਾ ਹੈ, ਤੇਰਾ ਮਨ ਕਿਤੇ ਤੁਰਿਆ ਫਿਰਦਾ ਹੈ।

ਸੋ ਅਕਾਲ ਪੁਰਖ ਜੀ ਕਹਿਣ ਲੱਗੇ, ਹੇ ਨਾਨਕ! ਇਹ ਮੈਂ ਤੈਨੂੰ ਆਪਣਾ ਸਰੂਪ ਦੱਸਿਆ ਹੈ, ਨਾ ਮੈਂ ਚਾਰ ਬਾਹਾਂ ਵਾਲਾ ਹਾਂ, ਨਾ ਹੀ ਮੁਕਟ ਵਾਲਾ, ਕੁਛ ਨਹੀਂ, ਮੇਰਾ ਨਿਰਗੁਣ ਸਰੂਪ ਹੈ, ਮੈਂ ਹਰ ਥਾਂ ਦੇ ਉਤੇ ਹਾਂ। ਮੈਂ ਹੀ ਸੰਸਾਰ ਨੂੰ ਬਣਾਇਆ ਹੈ, ਮੈਂ ਸਤਿ ਹਾਂ ਤੇ ਮੈਂ ਨਾਮ ਰੂਪ ਹੋ ਕੇ ਸੰਸਾਰ ਵਿਚ ਪ੍ਰਗਟ ਹੋਇਆ ਹਾਂ, ਸ਼ਕਤੀ ਰੂਪ ਵਿਚ ਹਾਂ। ਕਰਤਾ ਹਾਂ, 'ਪੁਰਖੁ' ਮੈਂ ਹਰੇਕ ਦੇ ਹਿਰਦੇ 'ਚ ਹਾਂ, ਮੈਂ ਛੱਡ ਕੇ ਬਾਹਰ ਨਹੀਂ ਬੈਠ ਗਿਆ। ਜਿਸ ਤਰ੍ਹਾਂ ਮਿਸਤਰੀ ਲੋਕ ਹੁੰਦੇ ਨੇ, ਸੋਫਾ ਸੈੱਟ ਬਣਾ ਦਿਤਾ, ਮਕਾਨ ਬਣਾ ਦਿਤਾ, ਮਕਾਨ ਦੇ ਵਿਚ ਤਾਂ ਲੱਭਦੇ ਨਹੀਂ, ਉਹ ਤਾਂ ਬਾਹਰ ਬਹਿ ਜਾਂਦੇ ਨੇ। ਮੇਰੀ ਇਹੋ ਜਿਹੀ ਕਿਰਤ ਨਹੀਂ। ਮੈਂ ਹਰੇਕ ਦੇ ਹਿਰਦੇ 'ਚ ਰਹਿੰਦਾ ਹਾਂ, ਇਹ ਦਸ ਦੇਈਂ ਸੰਸਾਰ ਨੂੰ। ਐਵੇਂ ਨਾ ਕਲਪਦੇ ਫਿਰਨ, ਜੇ ਮੇਰੀ ਲੋੜ ਹੈ ਤਾਂ ਅੰਦਰ ਝਾਤੀ ਮਾਰ ਲਿਆ ਕਰਨ।

***ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥***

***ਅੰਗ- 1427***

ਤੇ ਫੇਰ ਮੈਨੂੰ ਕਿਸੇ ਦਾ ਡਰ ਨਹੀਂ ਹੈ ਕਿਉਂਕਿ ਮੇਰੇ ਤੋਂ ਉੱਪਰ ਹੋਰ ਹੈ ਹੀ ਕੋਈ ਨਹੀਂ। ਮੇਰਾ ਕਿਸੇ ਨਾਲ ਵੈਰ ਨਹੀਂ, ਦੱਸ ਦੇਈਂ ਮੇਰੇ ਪਿਆਰਿਆਂ ਨੂੰ ਮੈਂ ਕਿਸੇ ਨਾਲ ਵੈਰ ਨਹੀਂ ਕਰਦਾ -

***ਵਵਾ ਵੈਰੁ ਨ ਕਰੀਐ ਕਾਹੂ ॥*** ***ਅੰਗ - 259***

ਕਿਉਂਕਿ ਮੈਂ ਤੇਰੇ ਘਟ ਦੇ ਵਿਚ ਬੈਠਾ ਹਾਂ। ਮੇਰੇ ਹੀ ਪੈਦਾ ਕੀਤੇ ਜੰਤ ਨੇ ਸਾਰੇ। ਫੇਰ ਮੇਰੇ ਉੱਤੇ ਕਾਲ ਨਹੀਂ ਹਾਵੀ ਹੁੰਦਾ। ਸਾਰੀ ਦੁਨੀਆਂ ਕਾਲ ਦੇ ਅੰਦਰ ਬਣਾਈ ਹੈ, ਮੈਂ ਅਕਾਲ ਹਾਂ। ਫੇਰ ਮੈਂ ਹਸਤੀ ਹਾਂ, ਮੂਰਤਿ। ਮੈਨੂੰ ਕੋਈ ਪੜ੍ਹਾਉਣ ਵਾਲਾ ਨਹੀਂ, ਦੁਨੀਆਂ ਦੇ ਲੋਕਾਂ ਨੂੰ ਗਿਆਨ ਕਰਾਇਆ ਜਾਏਗਾ ਤਾਂ ਗਿਆਨ ਹੋਣਾ ਹੈ। ਨਾਮ ਦਿਤਾ ਜਾਏਗਾ, ਤਾਂ ਨਾਮ ਜਪ ਸਕਦੇ ਨੇ। ਮੈਂ ਆਪਣੇ ਆਪ ਹੀ ਸਭ ਕੁਛ ਹਾਂ। ਮੈਂ ਕਿਸੇ ਡਾਕਟਰ ਤੋਂ ਨਹੀਂ ਸੁਣਿਆ ਕਿ ਆਹ ਨਾੜੀ ਇਥੇ ਲਾਉਣੀ ਹੈ।

ਕਿੰਨੀਆਂ ਨਾੜੀਆਂ ਹਨ? ਦੋ ਖਰਬ ਪੰਦਰਾਂ ਅਰਬ ਸੈੱਲ ਲੱਗੇ ਹੋਏ ਨੇ ਆਹ ਸਰੀਰ ਦੇ ਅੰਦਰ। ਗਿਣਨ ਲੱਗ ਜਾਓ, ਦਸ ਹਜ਼ਾਰ ਵੀ ਨਹੀਂ ਗਿਣ ਹੁੰਦਾ। 72 ਕਰੋੜ 72 ਲੱਖ 72 ਹਜ਼ਾਰ 200 ਇਹਦੇ ਵਿਚ ਖੂਨ ਚੱਲਣ ਵਾਲੀਆਂ ਨਾੜੀਆਂ ਲਾਈਆਂ ਹੋਈਆਂ ਨੇ। ਰੋਗੀ ਆਦਮੀ ਨੂੰ ਵਾਹਿਗੁਰੂ ਨੇ ਪੈਦਾ ਨਹੀਂ ਕਰਿਆ। ਰੋਗੀ ਆਦਮੀ ਆਪ ਹੁੰਦਾ ਹੈ -

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥*** ***ਅੰਗ - 1256***

ਜਿਹੜੇ ਬੱਚੇ-ਬੱਚੀਆਂ ਕਹਿੰਦੇ ਨੇ ਕਿ ਅਸੀਂ ਤਾਂ ਕੁਛ ਨਹੀਂ ਕਰਿਆ? ਤੁਹਾਡੇ ਮਾਂ-ਬਾਪ ਨੇ ਕਰਿਆ ਹੈ, ਤੁਹਾਡੇ ਦਾਦੇ ਨੇ ਕਰਿਆ, ਪੜਦਾਦੇ ਨੇ ਕਰਿਆ ਹੈ ਉਹਨੇ ਤੁਹਾਡੇ ਨਾਲ ਜ਼ੁਲਮ ਕਰਿਆ ਹੈ। ਉਹਨੇ ਤੁਹਾਡੇ ਵਿਚ ਰੋਗ ਦਾਖਲ ਕਰੇ ਨੇ, ਕਿਉਂਕਿ ਜੀਨ ਆਇਆ ਉਥੋਂ, ਆਪ ਰੋਗੀ ਹੋਇਆ-ਹੋਇਆ ਹੈ ਅਗਾਹਾਂ ਰੋਗੀ ਉਲਾਦ ਪੈਦਾ ਕਰ ਦਿਤੀ। ਵਾਹਿਗੁਰੂ ਨੇ ਨਹੀਂ ਰੋਗ ਪੈਦਾ ਕਰਿਆ। ਮਹਾਰਾਜ ਨੇ ਤਾਂ ਵਿਚ ਹੀ ਦਵਾਈ ਰੱਖ ਦਿਤੀ 'ਨਾਮ' ਦੀ ਇਸ ਸਰੀਰ ਦੇ ਅੰਦਰ ਕਿ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ - 274***

ਐਸਾ ਸੁੰਦਰ ਸਰੀਰ ਵਾਹਿਗੁਰੂ ਨੇ ਬਣਾਇਆ ਹੈ ਸਾਡਾ, ਫੇਰ ਸਾਨੂੰ ਗਿਆਨ ਕੋਈ ਕਰਾਵੇ ਤਾਂ ਹੁੰਦਾ ਹੈ। ਅਕਾਲ ਪੁਰਖ ਜੀ ਕਹਿੰਦੇ, ਮੈਂ ਸਵੈ ਹਾਂ, ਆਪਣੇ ਆਪ ਹੀ ਮੈਨੂੰ ਗਿਆਨ ਹੈ। ਕਹਿੰਦੇ, ਹੇ ਨਾਨਕ! 'ਗੁਰ ਪ੍ਰਸਾਦਿ' ਗੁਰੂ ਦੀ ਕ੍ਰਿਪਾ ਦੇ ਨਾਲ ਮੈਂ ਮਿਲਾਂਗਾ। ਆਹ ਫੜ ਚਾਬੀ ਤੇ ਮੈਂ ਤਾਲੇ ਲਾ ਦਿਤੇ ਨੇ ਸਾਰਿਆਂ ਦੇ ਅੰਦਰ। ਇਹ ਤੈਨੂੰ ਮੈਂ ਚਾਬੀ ਫੜਾਉਂਦਾ ਹੈ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***
***ਅੰਗ - 205***

ਜਦੋਂ ਤਕ ਗੁਰੂ ਧਾਰਨ ਨਹੀਂ ਕਰਦਾ, ਗੁਰੂ ਦੀ ਸ਼ਰਨ 'ਚ ਨਹੀਂ

ਆਉਂਦਾ। ਅੰਦਰਲਾ ਜੰਗਾਲਿਆ ਹੋਇਆ ਤਾਲਾ ਨਹੀਂ ਖੁੱਲ੍ਹਣਾ ਕਦੇ ਵੀ। ਹੇ ਨਾਨਕ! ਹੁਣ ਤੂੰ ਇਹ ਗੱਲ ਕਰ, ਇਹਨੂੰ ਪੂਰਾ ਕਰ। ਮੈਂ ਤੇਰੇ ਵਾਸਤੇ ਬਾਕੀ ਛੱਡਿਆ ਹੈ। ਮਹਾਰਾਜ ਨੇ ਉਸ ਵੇਲੇ ਕਿਹਾ –

***ਆਦਿ ਸਚੁ ਜੁਗਾਦਿ ਸਚੁ ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥*** ***ਅੰਗ – 1***

ਲੈ ਹੁਣ ਤੇਰੇ ਨਾਉਂ ਦੀ ਮੋਹਰ ਇਹਦੇ 'ਚ ਲਗ ਗਈ। ਹੁਣ ਜਿਹੜਾ ਪ੍ਰੇਮੀ, ਕੋਈ ਪ੍ਰਾਣੀ ਵੀ ਇਸ ਦਾ ਪਾਠ ਕਰੇਗਾ, ਇਹ ਮੇਰਾ ਤੇਰਾ ਬਚਨ ਰਿਹਾ, ਉਹ ਮੇਰੀ ਦਰਗਾਹ 'ਚ ਆਏਗਾ। ਇਸ ਨੂੰ ਜਿਹੜਾ ਸਮਝ ਕੇ ਪੜ੍ਹੇਗਾ। ਸੋ ਕਿੱਡੀ ਵੱਡੀ ਚੀਜ਼ ਦੇ ਦਿਤੀ ਸਾਨੂੰ।

ਸੱਚੇ ਪਾਤਸ਼ਾਹ! ਮੈਂ ਨਾਮ, ਭਜਨ ਸ਼ਬਦ 'ਚ ਹੀ ਦੇ ਦਿਤਾ। ਮਹਾਰਾਜ ਕਹਿੰਦੇ, ਅੱਗੇ ਅਨੇਕ ਨਾਮ ਨੇ ਮੇਰੇ। ਤੈਨੂੰ ਮੈਂ ਉਹ ਨਾਮ ਦਿੰਦਾ ਹਾਂ ਜਿਹੜਾ ਮੇਰੀ ਹਜ਼ੂਰੀ 'ਚ ਆ ਕੇ ਵੀ ਚਲਦਾ ਰਹਿਣਾ ਹੈ। ਬਾਕੀ ਨਾਮ ਜਿਹੜੇ ਨੇ ਮੇਰੀ ਹਜ਼ੂਰੀ 'ਚ ਨਹੀਂ ਚਲਦੇ, ਪਿੱਛੇ ਰਹਿ ਜਾਂਦੇ ਨੇ। ਜਿਥੇ ਤੇਰਾ ਆਪਾ ਖਤਮ ਹੋਏਗਾ ਉਥੇ ਮੇਰਾ ਆਪਾ ਬਣੇਗਾ। ਉਹ ਇਹ ਸ਼ਬਦ 'ਵਾਹੁ ਵਾਹੁ' ਵਾਹਿਗੁਰੂ-ਵਾਹਿਗੁਰੂ ਰੋਮ-ਰੋਮ 'ਚੋਂ ਨਿਕਲੇਗਾ। ਸੋ ਮੈਂ ਤੈਨੂੰ ਉਹ ਨਾਮ ਦਿੰਦਾ ਹਾਂ। ਮੇਰਾ ਨਾਮ ਮੇਰੀ ਦਰਗਾਹ 'ਚ ਆ ਕੇ ਵੀ ਜਪਿਆ ਜਾ ਸਕਦਾ ਹੈ।

ਸੋ ਇਸ ਤਰ੍ਹਾਂ ਵਾਪਸ ਭੇਜ ਦਿਤਾ, ਤੀਸਰੇ ਦਿਨ ਗੁਰੂ ਨਾਨਕ ਪਾਤਸ਼ਾਹ ਨਦੀ ਦੇ ਵਿਚੋਂ ਨਿਕਲੇ। ਘਾਟ ਦੇ ਉਤੇ ਆ ਕੇ ਬੈਠ ਗਏ, ਇਕੋ ਹੀ ਆਵਾਜ਼ ਦੇਈ ਜਾਂਦੇ ਨੇ –

***ਨਾ ਹਮ ਹਿੰਦੂ ਨ ਮੁਸਲਮਾਨ ॥***
***ਅਲਹ ਰਾਮ ਕੇ ਪਿੰਡੁ ਪਰਾਨ ॥*** ***ਅੰਗ – 1136***

ਹਿੰਦੂਆਂ ਨੇ ਵੀ ਸੁਣਿਆ, ਮੁਸਲਮਾਨਾਂ ਨੇ ਵੀ ਸੁਣਿਆ। ਹਿੰਦੂ ਚੁੱਪ ਕਰ ਰਹੇ ਤੇ ਮੁਸਲਮਾਨ ਰੌਲਾ ਪਾਉਣ ਲਗ ਗਏ ਕਿ ਨਾਨਕ! ਕਿੱਥੋਂ ਆ ਗਿਆ, ਇਹ ਤਾਂ ਡੁੱਬ ਗਿਆ ਸੀ। ਚਿਹਰੇ ਵਲ ਨਹੀਂ ਦੇਖ ਹੁੰਦਾ, ਐਨਾ ਜਲਾਲ ਵਧ ਗਿਆ, ਕੋਈ ਦੇਖ ਨਹੀਂ ਸਕਦਾ ਸੀ ਹਰੇਕ ਦੀਆਂ ਅੱਖਾਂ ਨੀਵੀਆਂ ਹੋ ਜਾਂਦੀਆਂ ਸੀ ਜਦੋਂ ਚਿਹਰੇ ਵੱਲ ਦੇਖਣ ਲਗਦੇ। ਉਸ ਵੇਲੇ ਮੁਸਲਮਾਨਾਂ ਨੇ ਇਤਰਾਜ਼ ਕੀਤਾ ਕਿ ਇਹ ਕੀ ਕਹਿੰਦਾ ਹੈ ਨਾਨਕ ਕਿ ਮੁਸਲਮਾਨ ਵੀ ਕੋਈ ਨਹੀਂ। ਮੁਸਲਮਾਨ ਕਿਉਂ ਨਹੀਂ, ਅਸੀਂ ਮੁਸਲਮਾਨ ਹਾਂ, ਨਮਾਜ਼ਾਂ ਪੜ੍ਹਦੇ ਹਾਂ, ਰੋਜ਼ੇ ਰੱਖਦੇ ਹਾਂ, ਈਦ ਮਨਾਉਂਦੇ ਹਾਂ ਤੇ ਸਾਰਾ ਕੁਛ ਕੁਰਾਨ ਸ਼ਰੀਫ ਦੇ ਮੁਤਾਬਿਕ ਕਰਦੇ ਹਾਂ। ਅਸੀਂ ਮੁਸਲਮਾਨ ਕਿਉਂ ਨਹੀਂ ਹਾਂ। ਪੇਸ਼ੀ ਹੋਈ ਗੁਰੂ ਨਾਨਕ ਪਾਤਸ਼ਾਹ ਦੀ। ਨਵਾਬ ਨੇ ਇੱਜ਼ਤ ਨਾਲ ਬੁਲਾਇਆ। ਕਹਿੰਦੇ, ਹੇ ਨਾਨਕ! ਸਭ ਤੇਰੀ ਸ਼ਿਕਾਇਤ ਕਰ ਰਹੇ

ਨੇ ਇਸ ਗੱਲ ਦੀ। ਦੂਸਰਾ ਇਹ ਹੈ ਕਿ ਤੂੰ ਮੋਦੀਖਾਨਾ ਖੁੱਲ੍ਹਾ ਹੀ ਛੱਡ ਕੇ ਚਲਾ ਗਿਆ। ਕਿੱਥੋਂ ਆਇਆ ਹੈਂ ਤੂੰ? ਅਸੀਂ ਦਰਿਆ 'ਚ ਟੋਲ੍ਹਦੇ-ਟੋਲ੍ਹਦੇ ਥੱਕ ਗਏ ਤੇ ਇਹਦਾ ਹਿਸਾਬ ਦੇ, ਮਹਾਰਾਜ ਕਹਿੰਦੇ, ਆਪ ਹੀ ਕਰ ਲਓ। ਉਨ੍ਹਾਂ ਨੇ ਜਦ ਹਿਸਾਬ ਲਾਇਆ, ਨੌਂ ਸੌ ਰੁਪਿਆ ਉਨ੍ਹਾਂ ਦਿਨਾਂ ਦਾ ਵੱਧ ਨਿਕਲਿਆ। 90 ਹਜ਼ਾਰ ਵਰਗਾ। ਕਹਿਣ ਲੱਗੇ ਇਹਨੂੰ ਕੀ ਕਰੀਏ? ਕਹਿੰਦੇ, ਵੰਡ ਦਿਓ ਗਰੀਬਾਂ ਨੂੰ। ਅੱਧੇ ਪੈਸੇ ਨਵਾਬ ਨੇ ਸ੍ਰੀ ਚੰਦ ਜੀ ਤੇ ਲਖਮੀ ਦਾਸ ਜੀ ਦੇ ਲੇਖੇ 'ਚ ਪਾ ਦਿਤੇ। ਅੱਧੇ ਵੰਡ ਦਿਤੇ।

ਉਸ ਤੋਂ ਬਾਅਦ ਜਦ ਬਚਨ ਹੋਏ ਗੁਰੂ ਨਾਨਕ ਪਾਤਸ਼ਾਹ ਨਾਲ, ਉਹ ਸਮਝ ਗਿਆ ਕਿ ਇਹ ਤਾਂ ਮਾਰਫਤ ਵਿਚ ਨੇ, ਇਹ ਸਿਖਰ ਚਲੇ ਗਏ, ਨਾ ਇਹ ਹਿੰਦੂ ਨੇ ਨਾ ਮੁਸਲਮਾਨ ਨੇ। ਇਹ ਠੀਕ ਹੀ ਕਹਿੰਦੇ ਨੇ। ਕਹਿੰਦੇ, ਹੇ ਨਾਨਕ! ਹੁਣ ਤੂੰ ਨਾ ਹਿੰਦੂ ਰਿਹਾ, ਨਾ ਮੁਸਲਮਾਨ ਰਿਹਾ। ਫੇਰ ਸਾਡੇ ਨਾਲ ਨਮਾਜ਼ ਪੜ੍ਹ। ਮਹਾਰਾਜ ਕਹਿੰਦੇ, ਠੀਕ ਹੈ -

***ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ....॥***

***ਅਕਾਲ ਉਸਤਤਿ***

ਪੂਜਾ ਤੇ ਨਮਾਜ਼ ਵਿਚ ਮੈਨੂੰ ਕੋਈ ਫਰਕ ਨਹੀਂ। ਦੇਹੁਰੇ ਤੇ ਮਸਜਿਦ ਵਿਚ ਮੈਨੂੰ ਕੋਈ ਫਰਕ ਨਹੀਂ। ਜੇ ਮਸਜਿਦ 'ਚ ਬੈਠ ਕੇ ਹਰੀ ਦਾ ਜਸ ਕਰ ਲਈਏ, ਕੋਈ ਫਰਕ ਨਹੀਂ ਸਾਨੂੰ। ਜੇ ਮਸਜਿਦ ਵਾਲਾ ਨਮਾਜ਼ ਪੜ੍ਹ ਲਵੇ, ਗੁਰਦੁਆਰੇ ਆ ਕੇ, ਕੋਈ ਫਰਕ ਨਹੀਂ ਹੈ। ਮੰਦਰ ਵਿਚ ਜਾ ਕੇ ਜੇ ਅਸੀਂ ਆਸਾ ਦੀ ਵਾਰ ਲਾ ਲਈਏ, ਸਾਨੂੰ ਕੋਈ ਫਰਕ ਨਹੀਂ ਹੈ। ਕਹਿੰਦੇ, ਇਹ ਤਾਂ ਹਰੀ ਦਾ ਜਸ ਕਰਨ ਵਾਲੀਆਂ ਚੀਜ਼ਾਂ ਹੁੰਦੀਆਂ ਨੇ। ਮੂਰਖਾਂ ਨੇ ਵੰਡੀਆਂ ਪਾ ਦਿਤੀਆਂ ਇਸ ਦੀਆਂ। ਸ਼ਕਲਾਂ ਬਦਲਾ ਦਿਤੀਆਂ, ਉਹਨੇ ਮੂੰਹ ਓਧਰ ਨੂੰ ਰੱਖ ਦਿਤਾ, ਦੂਸਰੇ ਨੇ ਏਧਰ ਨੂੰ। ਜਿਧਰ ਨੂੰ ਉਹਨੇ ਰੱਖਿਆ, ਦੂਸਰੇ ਨੇ ਨਹੀਂ ਰੱਖਿਆ। ਉਨ੍ਹਾਂ ਨੇ ਪੱਛਮ ਵੱਲ ਪਿੱਠ ਕਰ ਦਿਤੀ, ਇਨ੍ਹਾਂ ਨੇ ਪੱਛਮ ਵੱਲ ਦਰਵਾਜ਼ਾ ਕਰ ਦਿਤਾ। ਸੋ ਇਸ ਤਰ੍ਹਾਂ ਨਮਾਜ਼ ਪੜ੍ਹਨ ਵਾਸਤੇ ਗੁਰੂ ਨਾਨਕ ਸਾਹਿਬ ਤਿਆਰ ਹੋ ਗਏ ਮਸਜਿਦ ਵਿਚ।

ਬਹੁਤ ਭਾਰੀ ਇਕੱਠ ਹੋ ਗਿਆ, ਕੁਛ ਇਸ ਕਰਕੇ ਕਿ ਨਮਾਜ਼ ਪੜ੍ਹਨ ਜਾਣਾ ਹੈ, ਕੁਛ ਇਸ ਕਰਕੇ ਕਿ ਅੱਜ ਨਾਨਕ ਨੇ ਮੁਸਲਮਾਨ ਬਣਨਾ ਹੈ। ਦੇਖਾਂਗੇ ਕਿਵੇਂ ਨਮਾਜ਼ ਪੜ੍ਹਦਾ ਹੈ। ਗੱਲਾਂ ਬੇਅੰਤ ਘੁੰਮ ਗਈਆਂ ਸੀ ਸ਼ਹਿਰ ਸਾਰੇ।

ਜਦੋਂ ਨਮਾਜ਼ ਪੜ੍ਹਨ ਲੱਗੇ, ਗੁਰੂ ਨਾਨਕ ਸਭ ਤੋਂ ਮੂਹਰੇ, ਜੋ ਮੁੱਲਾਂ ਨਮਾਜ਼ ਪੜ੍ਹਾਉਂਦਾ ਹੈ, ਇਮਾਮ ਖੜ੍ਹਾ ਹੈ ਤੇ ਉਹਦੇ ਦੂਸਰੇ ਪਾਸੇ ਕਾਜ਼ੀ ਖੜ੍ਹਾ ਹੈ, ਇਕ ਪਾਸੇ ਨਵਾਬ ਖੜ੍ਹਾ ਹੈ, ਵਿਚਾਲੇ ਗੁਰੂ ਨਾਨਕ ਪਾਤਸ਼ਾਹ

ਖੜ੍ਹੇ ਨੇ। ਜਦੋਂ ਨਮਾਜ਼ ਸ਼ੁਰੂ ਹੋਈ 'ਇਲ ਇੱਲ ਇੱਲਾ' ਲਾ ਇੱਲਾ, ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਇੱਕ ਪਾਸੇ ਹੋ ਕੇ ਬੈਠ ਗਏ।

ਸਾਧਸੰਗਤ ਜੀ! ਇਹਦੇ ੴ ਸਤਿਨਾਮੁ ਵਾਂਗਣ ਹੀ ਅਰਥ ਨੇ, ਬੱਸ ਬੋਲੀ ਦਾ ਫਰਕ ਹੈ ਥੋੜ੍ਹਾ ਜਿਹਾ। ਸੋ ਨਮਾਜ਼ ਸ਼ੁਰੂ ਹੋ ਚੁੱਕੀ ਸੀ। ਗੁਰੂ ਨਾਨਕ ਪਾਤਸ਼ਾਹ ਪਾਸੇ ਹੋ ਕੇ ਬੈਠ ਗਏ। ਨਮਾਜ਼ ਦਾ ਅਸੂਲ ਇਹ ਹੁੰਦਾ ਹੈ ਕਿ ਨਮਾਜ਼ ਵਿਚ ਬੋਲਿਆ ਨਹੀਂ ਜਾਂਦਾ। ਜੇ ਬੋਲੋ ਕਜ਼ਾ ਹੋ ਜਾਂਦੀ ਹੈ, ਮੁੜ ਕੇ ਫੇਰ ਨਮਾਜ਼ ਪੜ੍ਹਨੀ ਪੈਂਦੀ ਹੈ। ਜੇ ਫੇਰ ਬੋਲ ਜਾਓ, ਫੇਰ ਭਾਰੀ ਸਜ਼ਾ ਮਿਲਦੀ ਹੈ। ਇਹ ਸਾਡੇ ਵਾਂਗਣ ਨਹੀਂ ਕਿ ਜਪੁਜੀ ਸਾਹਿਬ ਪੜ੍ਹਦੇ-ਪੜ੍ਹਦੇ ਗਾਲ੍ਹਾਂ ਵੀ ਨਿਆਣਿਆਂ ਨੂੰ ਕੱਢੀ ਜਾਓ, ਪਸ਼ੂਆਂ ਦੇ ਵੀ ਡੰਡੇ ਮਾਰੀ ਜਾਵਾਂਗੇ। ਕਈ ਗੱਲਾਂ 'ਚ ਮੁਸਲਮਾਨਾਂ ਦਾ ਸਾਡੇ ਨਾਲੋਂ ਫਰਕ ਹੈ, ਸਬਕ ਲੈਣਾ ਚਾਹੀਦਾ ਹੈ ਸਾਧਸੰਗਤ ਜੀ। ਸਾਡੀ ਸੰਗਤ ਨੇ ਤਾਂ ਲਿਆ ਫੇਰ। ਮੈਂ ਇਹ ਕਹਿੰਦਾ ਹੁੰਦਾ ਸੀ ਕਿ ਸਾਡੇ ਕੋਲੋਂ ਤਿੰਨ ਘੰਟੇ ਨਹੀਂ ਲੰਘਦੇ ਸਤਿਸੰਗ 'ਚ, ਉਹ ਸਾਰਾ ਦਿਨ ਰੋਜ਼ਾ ਰਖਦੇ ਨੇ। ਪਹਿਲਾਂ-ਪਹਿਲਾਂ ਰਿਵਾਜ ਸੀ ਕਿ ਸੰਗਤ 'ਚ ਆ ਕੇ ਪਾਣੀ ਪਿਲਾਣ ਲਗ ਜਾਂਦੇ ਸੀ। ਮੈਂ ਕਿਹਾ, ਬਿਲਕੁਲ ਨਹੀਂ ਇਸ ਤਰ੍ਹਾਂ ਕਰਨਾ। ਘਰੋਂ ਪੀ ਕੇ ਆਓ। ਵਾਤਾਵਰਣ ਨੂੰ ਸੁੱਚਾ ਰੱਖੋ, ਇਥੇ ਸ਼ਹੀਦ ਸਿੰਘ ਬੈਠੇ ਨੇ। ਗੁਰੂ ਸਾਹਿਬ ਦਾ ਇਥੇ ਵਾਸਾ ਹੋਇਆ-ਹੋਇਆ। ਸਾਰੇ ਦੇਵਤੇ ਬੈਠੇ ਨੇ, ਤੁਸੀਂ ਜੂਠਾ ਕਰਨਾ ਹੈ ਵਾਤਾਵਰਣ। ਬੜੀ ਚੰਗੀ ਚੀਜ਼ ਹੈ ਜੇ ਅਸੀਂ ਉਨ੍ਹਾਂ ਤੋਂ ਲੈ ਲਈਏ।

ਦੂਜੀ ਚੀਜ਼ ਅਸੀਂ ਲੈ ਲਈਏ ਕਿ ਬਾਣੀ ਪੜ੍ਹਦੇ ਅਸੀਂ ਬੋਲਣਾ ਨਹੀਂ ਹੈ। ਪੜ੍ਹ ਕੇ ਹੀ ਬੋਲਣਾ ਹੈ, ਜੇ ਜ਼ਿਆਦਾ ਨਹੀਂ ਕਰਨਾ ਕਿ ਪੰਜ ਬਾਣੀਆਂ ਨੇ ਤਾਂ ਇੱਕ-ਇੱਕ ਬਾਣੀ ਦਾ ਕਰ ਲਓ। ਸੋ ਉਹ ਨਮਾਜ਼ ਕਜ਼ਾ ਕਰਨ ਨੂੰ ਕਹਿੰਦੇ ਨੇ ਖੰਡਤ ਹੋ ਜਾਏਗੀ ਤੇ ਉਹ ਬੋਲੇ ਨਾ। ਨਮਾਜ਼ ਪੜ੍ਹੀ ਗਈ। ਨਵਾਬ ਵੀ ਆ ਗਿਆ, ਕਾਜ਼ੀ ਵੀ ਆ ਗਿਆ, ਗੁਰੂ ਨਾਨਕ ਜੀ ਨੂੰ ਕਹਿਣ ਲੱਗੇ ਕਿ ਤੂੰ ਤਾਂ ਨਮਾਜ਼ ਪੜ੍ਹਨ ਆਇਆ ਸੀ ਸਾਡੇ ਨਾਲ? ਤੂੰ ਸਾਡੇ ਨਾਲ ਨਮਾਜ਼ ਨਹੀਂ ਪੜ੍ਹੀ? ਮਹਾਰਾਜ ਕਹਿੰਦੇ, ਮੈਂ ਤਾਂ ਪੜ੍ਹੀ ਹੈ, ਤੁਸੀਂ ਨਹੀਂ ਪੜ੍ਹੀ। ਕਹਿੰਦੇ, ਨਵਾਬ ਸਾਹਿਬ! ਜਦੋਂ ਕਲਮਾ ਸ਼ੁਰੂ ਹੋਇਆ ਮੈਂ ਤੁਹਾਡੇ ਵਿਚ ਨਹੀਂ ਸੀ ਖੜ੍ਹਾ? ਤੇ ਜਦੋਂ ਤੁਸੀਂ ਉਥੇ ਰਹੇ ਹੀ ਨਾ, ਮੈਂ ਤੁਰ ਆਇਆ। ਕਹਿਣ ਲੱਗਿਆ, ਮੈਂ ਤਾਂ ਉਥੇ ਹੀ ਖੜ੍ਹਾ ਸੀ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਤੁਹਾਡਾ ਤਾਂ ਮਿੱਟੀ ਦਾ ਸਰੀਰ ਹੀ ਖੜ੍ਹਾ ਸੀ, ਤੁਸੀਂ ਆਪ ਤਾਂ ਕਾਬਲ ਕੰਧਾਰ ਵਿਚ ਘੋੜੇ ਖਰੀਦਦੇ ਸੀ। ਇਕ ਤੁਸੀਂ ਤਾਂ ਇਹ ਕਹਿੰਦੇ ਸੀ ਕਿ ਕਮੈਤ ਘੋੜੇ ਐਨੇ ਲੈਣੇ ਨੇ, ਸੁਰੰਗ ਘੋੜੇ ਐਨੇ ਲੈਣੇ ਨੇ, ਨੀਲੇ ਘੋੜੇ ਐਨੇ ਲੈਣੇ ਨੇ, ਚੀਨੀ ਐਨੇ ਲੈਣੇ ਨੇ। ਬੋਝ ਖਿੱਚਣ ਵਾਲੇ ਐਨੇ ਲੈਣੇ ਨੇ। ਤੁਸੀਂ ਤਾਂ ਉਥੈ ਛਾਂਟਾ-ਛਾਟੀ ਕਰਦੇ ਸੀ।

ਤੋਪਾਂ ਖਿੱਚਣ ਵਾਲੇ ਘੋੜਿਆਂ ਨੂੰ ਛਾਂਟਦੇ ਫਿਰਦੇ ਸੀ। ਉਂਗਲੀ ਲੈ ਲਈ ਨਵਾਬ ਨੇ ਮੂੰਹ ਵਿਚ, ਹੇ ਨਾਨਕ! ਤੂੰ ਵਲੀ ਅੱਲਾਹ। ਅੰਦਰਲੀ ਗੱਲ ਜਾਣਦਾ ਹੈਂ। ਕਾਜ਼ੀ ਨੇ ਕਿਹਾ ਇਹਦੀ ਹੀ ਜਾਣਦੇ ਨੇ ਮੇਰੀ ਨਹੀਂ ਜਾਣਦੇ। ਕਹਿੰਦੇ ਫੇਰ ਨਾਨਕ! ਮੇਰੇ ਨਾਲ ਨਮਾਜ਼ ਪੜ੍ਹ ਲੈਂਦਾ। ਮਹਾਰਾਜ ਕਹਿੰਦੇ, ਕਾਜ਼ੀ ਸਾਹਿਬ! ਤੇਰੇ ਘਰ ਅੱਜ ਘੋੜੀ ਸੂਈ ਹੈ ਤੇ ਵਿਹੜੇ ਵਿਚ ਤੇਰੇ ਮੌਣ ਤੋਂ ਬਗੈਰ ਖੂਹੀ ਹੈ। ਅੱਗੇ ਤੂੰ ਉਹਦੇ 'ਤੇ ਮੰਜਾ ਦੇ ਕੇ ਆਉਂਦਾ ਹੈਂ, ਅੱਜ ਦੇਣਾ ਭੁੱਲ ਗਿਆ। ਤੂੰ ਤਾਂ ਵਛੇਰੀ ਮੋੜਦਾ ਰਿਹਾ, ਤੂੰ ਕਦ ਨਮਾਜ਼ ਪੜ੍ਹੀ ਹੈ? ਚੁੱਪ ਕਰ ਗਿਆ, ਨਵਾਬ ਕਹਿਣ ਲੱਗਿਆ ਕਿਉਂ ਕਾਜ਼ੀ ਸਾਹਿਬ? ਕਹਿਣ ਲੱਗਿਆ, ਨਾਨਕ ਤਾਂ ਵਲੀ ਅੱਲਾਹ ਹੈ।

ਸੋ ਸਾਰਿਆਂ ਨੂੰ ਮਹਾਰਾਜ ਕਹਿੰਦੇ, ਕਿਸੇ ਨੇ ਵੀ ਨਮਾਜ਼ ਨਹੀਂ ਪੜ੍ਹੀ। ਇਥੇ ਕੋਈ ਨਮਾਜ਼ੀ ਹੈ ਹੀ ਨਹੀਂ।

ਸਾਨੂੰ ਬੜੀ ਤਰਕ ਹੈ ਇਸ ਗੱਲ ਦੇ ਉਤੇ। ਬੜਾ ਡਰ ਲਗਦਾ ਹੈ ਕਿ ਜੇ ਗੁਰੂ ਨਾਨਕ ਉਨ੍ਹਾਂ ਦੀ ਨਮਾਜ਼ ਨੂੰ ਜਾਣਦਾ ਹੈ, ਅਸੀਂ ਤਾਂ ਉਹਦੇ ਸਿੱਖ ਬਣੇ ਹੋਏ ਹਾਂ, ਸਾਨੂੰ ਵੀ ਤਾਂ ਜਾਣਦਾ ਹੈ ਕਿ ਕੀਰਤਨ ਸੁਣਦੇ ਇਹਦਾ ਮਨ ਕਿੱਥੇ ਦੌੜਿਆ ਫਿਰਦਾ ਹੈ। ਸੋ ਮਹਾਰਾਜ ਕਹਿੰਦੇ –

***ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥***
***ਸਾਵਧਾਨ ਏਕਾਗਰ ਚੀਤ ॥ ਅੰਗ – 295***

ਇਸ ਅਵਸਥਾ 'ਚ ਜਦੋਂ ਪ੍ਰਮੇਸ਼ਰ ਦੇ ਪਿਆਰੇ ਬੈਠਦੇ ਨੇ, ਦੇਵਤੇ ਵੀ ਆ ਕੇ ਉਥੇ ਬੈਠ ਜਾਂਦੇ ਨੇ, ਕਿਉਂਕਿ ਦੇਵ ਲੋਕਾਂ 'ਚ ਇਹ ਸਤਿਸੰਗ ਨਹੀਂ ਹੈ। ਸੋ ਇਸ ਕਰਕੇ ਜਦੋਂ ਅਸੀਂ –

***ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥***
***ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥1 ॥***
***ਰਹਾਉ ॥***
***ਕਰਿ ਸਾਧਸੰਗਤਿ ਸਿਮਰੁ ਮਾਧੋ ਹੋਹਿ ਪਤਿਤ ਪੁਨੀਤ ॥***
***ਅੰਗ – 631***

ਪਾਪਾਂ ਦਾ ਖਾਤਮਾ ਹੋ ਜਾਏਗਾ, ਜੇ ਤੂੰ ਸੰਗਤ ਦੇ ਵਿਚ ਬੈਠ ਕੇ ਕੰਨਾਂ ਦੇ ਨਾਲ ਬਾਣੀ ਸੁਣੇ ਤੇ ਰਸਨਾ ਦੇ ਨਾਲ ਗੱਜ-ਵੱਜ ਕੇ ਬੋਲੇਂ।

ਪਿਛਲੇ ਦੀਵਾਨ ਵਿਚ ਇਕ ਵਿਚਾਰ ਚਲਦੀ ਸੀ ਕਿ ਜਿਹੜਾ ਪੂਰਾ ਗੁਰੂ ਹੁੰਦਾ ਹੈ, ਉਹ ਦੀਨ ਤੇ ਦੁਨੀਆਂ ਦੋਵੇਂ ਸੰਵਾਰ ਦਿੰਦਾ ਹੈ, ਆਪਣਾ ਨਾਮ ਦੇ ਕੇ। ਉਹਦੇ 'ਚ ਇਕ ਗੁਰਸਿੱਖ ਦੇ ਜੀਵਨ ਦੀ ਵਿਚਾਰ ਚਲ ਰਹੀ ਸੀ।

ਉਹਦੇ 'ਚ ਜੇ ਮੈਂ ਸਿੱਧੀ ਬਾਣੀ ਸੁਣਾਈ ਜਾਵਾਂ, ਉਬਾਸੀਆਂ ਆਉਣ ਲਗ ਜਾਂਦੀਆਂ ਨੇ ਉਨ੍ਹਾਂ ਨੂੰ ਜਿਹੜੇ ਜਗਿਆਸੂ ਪੂਰੇ ਨਹੀਂ ਹੁੰਦੇ। ਸੋ ਜੇ

ਗੁਰ ਇਤਿਹਾਸ ਦੇ ਨਾਲ ਮਿਲਾ ਕੇ ਬਾਣੀ ਪੜ੍ਹੀ ਜਾਵੇ ਤਾਂ ਉਹਦਾ ਅਸਰ ਮਨ 'ਤੇ ਜ਼ਰੂਰ ਹੋ ਜਾਂਦਾ ਹੈ।

ਸੋ ਕੱਲ੍ਹ ਬੇਨਤੀ ਕੀਤੀ ਸੀ ਕਿ ਉਸ ਗੁਰਸਿੱਖ ਦੀ ਜੋ ਲੜਕੀ ਸੀ, ਜਵਾਨ ਹੋ ਗਈ ਤੇ ਵਰ ਪ੍ਰਾਪਤ ਹੋਈ ਨੂੰ ਮੰਗਣ ਵਾਸਤੇ ਭੇਜਿਆ। ਜਿਹੜੇ ਮੰਗਣਾ ਕਰਨ ਵਾਸਤੇ ਗਏ ਸੀ, ਉਹ ਸੁਲਤਾਨੀਆਂ ਦੇ ਘਰ ਮੰਗ ਆਏ। ਸੁਲਤਾਨੀਏ ਉਹ ਹੁੰਦੇ ਨੇ ਜਿਨ੍ਹਾਂ ਦੇ ਮੁਕਾਮ ਜਿਹੇ ਬਣੇ ਹੁੰਦੇ ਨੇ ਤੇ ਨਿਗਾਹੇ ਜਾਂਦੇ ਨੇ, ਕਬਰਾਂ ਨੂੰ ਮੰਨਦੇ ਨੇ। ਸਿੰਘ ਨੇ ਤਾਂ ਕਿਸੇ ਕਬਰ ਦੇ ਅੱਗੇ, ਕਿਸੇ ਚੀਜ਼ ਦੇ ਅੱਗੇ ਸਿਵਾਏ ਗੁਰੂ ਤੋਂ ਮਸਤਕ ਨਿਵਾਉਣਾ ਹੀ ਨਹੀਂ। ਇਸੇ ਕਰਕੇ ਅਸੀਂ ਬਾਰ-ਬਾਰ ਬੇਨਤੀਆਂ ਕਰਦੇ ਹਾਂ ਕਿ ਦੇਖੋ ਗੁਰੂ ਗ੍ਰੰਥ ਸਾਹਿਬ ਦੇ ਅੰਦਰ ਆਉਂਦਾ ਹੈ ਕਿ ਸੰਤਾਂ ਨੂੰ ਨਮਸ਼ਕਾਰ ਕਰੋ। ਸੰਤਾਂ ਦੇ ਚਰਨਾਂ ਦੀ ਧੂੜ ਲਓ। ਅਸੀਂ ਕਹਿੰਦੇ ਹਾਂ ਕਿ ਜਦੋਂ ਗੁਰੂ ਹਾਜ਼ਰ-ਨਾਜ਼ਰ ਹੈ, ਗੁਰੂ ਗ੍ਰੰਥ ਸਾਹਿਬ ਜੀ, ਇਨ੍ਹਾਂ ਦੀ ਧੂੜੀ ਚੁੱਕੀ ਜਾਓ, ਕਿਸੇ ਹੋਰ ਨੂੰ ਕਿਉਂ ਭਾਲਦੇ ਓਂ। ਖਬਰੇ ਪਾਖੰਡੀ ਹੋਵੇ ਬੰਦਾ। ਇਹ ਤਾਂ ਆਪ ਹੀ ਪੂਰੇ ਨੇ ਗੁਰੂ। ਸੋ ਇਸ ਕਰਕੇ ਜੇ ਮਸਤਕ ਨਿਵਾਉਣਾ ਹੀ ਹੈ ਤਾਂ ਸਤਿਗੁਰੂ ਨੂੰ ਨਿਵਾਓ। ਬਾਕੀ ਜਿਹੜਾ ਖਾਲਸਾ ਹੈ, ਚੰਗਾ ਵੀ ਹੈ, ਛੋਟੇ ਭਰਾ ਵੀ ਨੇ, ਵੱਡੇ ਭਰਾ ਵੀ ਨੇ। ਪੜ੍ਹੇ-ਲਿਖੇ ਵੀ ਹੈਗੇ, ਅਨਪੜ੍ਹ ਵੀ ਹੈਗੇ, ਇਹਦੇ 'ਚ ਤਾਂ -

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।

ਆਹ ਸਭ ਤੋਂ ਸ੍ਰੇਸ਼ਟ ਹੈ। ਸੋ ਗੁਰੂ ਦੇ ਗਿਆਨ ਕਰਕੇ, ਜਿਹੜਾ ਮਸਤਕ ਇਕ ਵਾਰੀ ਗੁਰੂ ਨੂੰ ਨਿਵ ਗਿਆ। ਇਹ ਮਸਤਕ ਸਾਡੀ ਜਿਹੜੀ ਭਾਰਤੀ ਕਲਚਰ ਸੀ ਇਹ ਹੋਰ ਨੂੰ ਨਹੀਂ ਸੀ ਨਿਵਿਆ ਕਰਦਾ। ਜਦੋਂ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਦੇ ਵਿਚ ਲੈ ਕੇ ਗਏ ਕਚਹਿਰੀ 'ਚ, ਤਾਂ ਉਥੇ ਇਸ ਬਾਤ ਦੀ ਚਰਚਾ ਹੋਈ ਕਿ ਛੋਟੇ-ਛੋਟੇ ਨੇ ਇੱਕ ਸੱਤ ਸਾਲ ਦਾ ਹੈ, ਦੂਸਰਾ ਪੰਜ ਸਾਲ ਦਾ ਹੈ ਇਹ ਸਿਰ ਨਹੀਂ ਨਿਵਾਉਂਦੇ। ਮੁਗਲ ਕਚਹਿਰੀਆਂ ਵਿਚ ਇਹ ਰਿਵਾਜ਼ ਹੋਇਆ ਕਰਦਾ ਸੀ ਕਿ ਆਦਮੀ ਲੱਕ ਤੋਂ ਲੈ ਕੇ ਝੁਕ ਜਾਇਆ ਕਰਦਾ ਸੀ। ਝੁਕ ਕੇ ਸੱਤ ਸਲਾਮਾਂ ਕਰਦਾ ਸੀ। ਮਹਾਰਾਜ ਨੇ ਕਿਹਾ ਕਿ ਨਹੀਂ ਸਿੰਘੋ! ਤੁਸੀਂ ਨਿਧੜਕ ਹੋਂ, ਤੁਹਾਡਾ ਸਿਰ ਨਹੀਂ ਝੁਕਣਾ ਚਾਹੀਦਾ ਗੁਰੂ ਤੋਂ ਬਗੈਰ ਕਿਸੇ ਨੂੰ। ਜੇ ਜਾਣਾ ਹੈ ਤਾਂ ਫਤਹਿ ਬੁਲਾਓ। ਨਹੀਂ ਚੁੱਪ ਕਰ ਰਹੋ। ਆਦਰ ਵੀ ਕਰੋ ਮਾੜਾ ਜਿਹੋ। ਸੋ ਜਿਹੜਾ ਸੀਸ ਗੁਰੂ ਨੂੰ ਨਿਵ ਗਿਆ, ਉਹ ਹੋਰ ਕਿਸੇ ਨੂੰ ਨਿਵਦਾ ਨਹੀਂ ਸੀ। ਸੋ ਸਾਹਿਬਜ਼ਾਦਿਆਂ ਨੇ ਜਦੋਂ ਸੀਸ ਨਾ ਨਿਵਾਇਆ ਤਾਂ ਉਨ੍ਹਾਂ ਨੇ ਮਤਾ ਕਰਿਆ ਕਿ ਇਨ੍ਹਾਂ ਨੂੰ ਖਿੜਕੀ 'ਚੋਂ ਲੰਘਾਓ। ਪਹਿਲਾਂ ਇਹ ਸਿਰ ਮੂਹਰੇ ਕੱਢਣਗੇ ਤੇ ਪਿਛੋਂ ਪੈਰ ਅੰਦਰ ਕਰਨਗੇ ਤੇ ਆਪੇ ਹੀ ਸੀਸ

ਝੁਕ ਜਾਏਗਾ। ਜਦੋਂ ਦੋਵੇਂ ਭਰਾ ਕੋਲ ਜਾ ਕੇ ਖੜ੍ਹੇ ਤਾਂ ਕਹਿੰਦੇ ਵੀਰ ਜੀ! ਸੀਸ ਨਹੀਂ ਪਹਿਲਾਂ ਕੱਢਣਾ, ਪਹਿਲਾਂ ਪੈਰ ਅੰਦਰ ਕੱਢੀਏ। ਸੋ ਪਹਿਲਾਂ ਪੈਰ ਅੰਦਰ ਪਾਏ।

ਇਸੇ ਤਰ੍ਹਾਂ ਅਮਰ ਸਿੰਘ ਰਾਠੌਰ ਸੀ, ਜਹਿਦਪੁਰ ਦੀ ਕਚਹਿਰੀ ਆਇਆ ਤਾਂ ਉਥੇ ਵੀ ਇਹ ਸਵਾਲ ਚਲਿਆ ਕਿ ਸੀਸ ਨਿਵਾਵੇ। ਉਹਨੇ ਵੀ ਪੈਰ ਹੀ ਕੱਢੇ ਸੀ ਪਹਿਲਾਂ, ਸੀਸ ਕੱਢਿਆ ਹੀ ਨਹੀਂ।

ਸੋ ਜਿਹਦਾ ਸੀਸ ਗੁਰੂ ਦੇ ਚਰਨਾਂ ਨੂੰ ਲਗ ਕੇ ਪਵਿੱਤਰ ਹੋ ਜਾਵੇ, ਉਹ ਮੜੀਆਂ-ਮਸਾਣੀਆਂ ਨੂੰ ਮੱਥਾ ਟੇਕੇ ਤਾਂ ਸਾਧਸੰਗਤ ਜੀ ਸ਼ੋਭਾ ਨਹੀਂ ਦਿੰਦਾ। ਕਿਉਂਕਿ ਸੀਸ ਤਾਂ ਗੁਰੂ ਦੇ ਚਰਨਾਂ ਨਾਲ ਲੱਗਿਆ ਹੋਇਆ ਹੈ।

ਸੋ ਗੁਰਸਿੱਖ ਨੂੰ ਫਿਕਰ ਪਿਆ ਕਿ ਮੇਰੀ ਲੜਕੀ ਗੁਰਸਿੱਖ ਹੈ, ਤੁਸੀਂ ਸੁਲਤਾਨੀਆਂ ਦੇ ਵਿਆਹ ਦਿਤੀ, ਮਨਮੁਖਾਂ ਦੇ ਵਿਆਹ ਦਿਤੀ। ਮਨਮੁਖ ਦਾ ਤਾਂ ਗੁਰੂ ਸਾਹਿਬ ਕਹਿੰਦੇ ਨੇ ਕਿ -

***ਮਨਮੁਖ ਸਉ ਕਰਿ ਦੋਸਤੀ ਸੁਖ ਕਿ ਪੁਛਹਿ ਮਿਤ ॥***

***ਅੰਗ - 1421***

ਕਹਿੰਦੇ ਫੇਰ ਸੁਖ ਦੀ ਗੱਲ ਨਾ ਕਰੀਂ ਜੇ ਤੂੰ ਮਨਮੁਖ ਨਾਲ ਦੋਸਤੀ ਪਾਉਣੀ ਹੈਂ ਕਿਉਂਕਿ ਉਹਦੇ ਕੋਲ ਸੁਖ ਹੈ ਨਹੀਂ -

***ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥***
***ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥***

***ਅੰਗ - 947***

ਸੋ ਇਸ ਕਰਕੇ ਮੇਰੀ ਲੜਕੀ ਨੇ ਮਨਮੁੱਖਾਂ ਦੇ ਜਾ ਕੇ ਕਿਸ ਤਰ੍ਹਾਂ ਉਨ੍ਹਾਂ ਦੀ ਰੀਤ ਗ੍ਰਹਿਣ ਕਰਨੀ ਹੈ। ਇਹ ਤਾਂ ਮੁਸ਼ਕਲ ਹੋ ਗਈ, ਹੁਣ ਤਾਂ ਮੇਰੀ ਬੱਚੀ ਨੂੰ ਬਹੁਤ ਮਾੜਾ ਸੰਕਟ ਪੈਦਾ ਹੋ ਗਿਆ। ਉਸ ਵੇਲੇ ਵਿਆਹ ਹੋ ਗਿਆ। ਕਹਿਣ ਲੱਗੇ, ਬੇਟੀ! ਤੂੰ ਪੂਰੇ ਗੁਰੂ ਦਾ ਪੱਲਾ ਨਾ ਛੱਡੀਂ। ਡੋਲੀ ਤੋਰ ਦਿਤੀ। ਬੱਚੀ ਦੇ ਮਨ ਵਿਚ ਬਹੁਤ ਸਹਿਮ ਹੈ ਕਿ ਇਨ੍ਹਾਂ ਨੇ ਮੈਨੂੰ ਕਹਿਣਾ ਹੈ, ਫਲਾਣੇ ਥਾਂ ਮੱਥਾ ਟੇਕ, ਸਾਡੇ ਪਿੰਡ ਦੀ ਬਉੜੀ ਹੈ ਉਥੇ ਮੱਥਾ ਟੇਕ, ਸਾਡਾ ਪੜਦਾਦਾ, ਨਕੜਦਾਦਾ ਹੈ ਉਹਦੀ ਕਬਰ ਨੂੰ ਮੱਥਾ ਟੇਕ।

ਇਕ ਵਾਰੀ ਆਹੀ ਗੱਲ ਮੈਂ ਚੰਡੀਗੜ੍ਹ ਕਰ ਰਿਹਾ ਸੀ। ਇੱਕ ਬੀਬੀ ਵਿਆਹੀ ਗਈ। ਉਹਨੂੰ ਜਦੋਂ ਲੈ ਕੇ ਤੁਰੇ, ਜਾ ਕੇ ਮੱਥਾ ਟਿਕਾਉਣਾ ਸੀ ਕਬਰ 'ਤੇ, ਉਥੇ ਨਾਲ ਸਾਰੀਆਂ ਗਾਉਂਦੀਆਂ ਹੋਈਆਂ ਬੀਬੀਆਂ ਜਾ ਪਹੁੰਚੀਆਂ। ਤਿਊੜ ਪਿੰਡ ਹੈ, ਰਤਵਾੜਾ ਸਾਹਿਬ ਦੇ ਨੇੜੇ ਹੀ। ਪੜ੍ਹੀ-ਲਿਖੀ ਲੜਕੀ ਸੀ। ਸੱਸ ਕਹਿੰਦੀ, ਕਬਰ ਨੂੰ ਮੱਥਾ ਟੇਕ। ਉਹ ਖੜ੍ਹੀ ਹੈ,

ਪੰਜ-ਚਾਰ ਵਾਰੀ ਕਿਹਾ, ਨਾਲ ਦੇ ਕਹਿੰਦੇ ਕਿ ਬੋਲੀ ਹੋਣੀ, ਕੰਨਾਂ ਤੋਂ ਨਹੀਂ ਸੁਣਦਾ ਹੋਣੈ। ਬੋਲੀ ਵਿਆਹ ਦਿਤੀ। ਇਹਨੂੰ ਇਸ਼ਾਰੇ ਨਾਲ ਦੱਸੋ। ਉਹ ਕਹਿੰਦੀ, ਮੈਂ ਬੋਲੀ ਨਹੀਂ ਹਾਂ, ਮੈਂ ਸਭ ਸੁਣ ਲਿਆ। ਕਹਿੰਦੀ, ਫੇਰ ਤੂੰ ਮੱਥਾ ਕਿਉਂ ਨਹੀਂ ਟੇਕਦੀ? ਕਹਿੰਦੀ, ਮਾਂ ਜੀ! ਮੇਰੇ ਗੁਰੂ ਨੇ ਇਹ ਦੱਸਿਆ ਹੈ ਕਿ ਸਵੇਰੇ ਆਪਣੇ ਮਾਤਾ ਪਿਤਾ ਨੂੰ ਨਮਸ਼ਕਾਰ ਕਰੋ। ਸ਼ਾਮ ਨੂੰ ਨਮਸ਼ਕਾਰ ਕਰਕੇ ਸੋਵੇਂ ਤੇ ਮੈਂ ਤੈਨੂੰ ਦਿਨ 'ਚ 10 ਵਾਰ 20 ਵਾਰ ਮੱਥਾ ਟੇਕ ਸਕਦੀ ਹਾਂ, ਮੈਂ ਕਬਰ ਵਗੈਰਾ ਨੂੰ ਮੱਥਾ ਨਹੀਂ ਟੇਕਣਾ। ਇਹ ਬਹੁਤ ਮੁਸ਼ਕਲ ਗੱਲ ਹੈ। ਇਹ ਗੱਲ ਤਾਂ ਮੇਰੇ ਧਰਮ ਦੇ ਨਾਲ ਟਕਰਾਅ ਖਾਂਦੀ ਹੈ। ਉਨ੍ਹਾਂ ਦਿਨਾਂ 'ਚ ਬਹੁਤ ਸਖਤੀ ਸੀ।

ਸੋ ਇਹ ਗੱਲ ਦਾ ਸਹਿਮ ਉਸ ਲੜਕੀ ਨੂੰ ਵੀ ਪਿਆ ਹੋਇਆ ਹੈ ਕਿ ਹੇ ਵਾਹਿਗੁਰੂ! ਤੂੰ ਮੇਰੀ ਲਾਜ ਰੱਖ, ਮੈਂ ਕਿਸ ਤਰ੍ਹਾਂ ਕਰਾਂ, ਤੇਰਾ ਕੋਈ ਦਰਵਾਜ਼ਾ ਹੀ ਨਹੀਂ ਹੈ, ਮੈਂ ਕਿਸ ਤਰ੍ਹਾਂ ਪੁਕਾਰ ਕਰਾਂ। ਸੋ ਅੱਗੇ ਜਦੋਂ ਗੁਰੂ ਕੀ ਡਰੌਲੀ ਗਏ ਤਾਂ ਗੁਰੂ ਮਹਾਰਾਜ ਦੇ ਦਰਬਾਰ ਵਿਚੋਂ ਕੀਰਤਨ ਦੀਆਂ ਧੁਨੀਆਂ ਸੁਣਾਈ ਦਿਤੀਆਂ। ਇਕ ਦਮ ਬੱਚੀ ਪਹਿਚਾਣ ਗਈ ਕਿ ਇਹ ਤਾਂ ਮੇਰੇ ਸਤਿਗੁਰੂ ਜੀ ਦਾ ਦਰਬਾਰ ਲੱਗਿਆਂ ਹੋਇਆ ਹੈ। ਉਸੇ ਵੇਲੇ ਆਪਣੇ ਗਹਿਣੇ ਲਾਹੇ। ਡੋਲੀ ਵਾਲਿਆਂ ਨੂੰ ਦਿਤੇ। ਦੇ ਕੇ ਕਹਿਣ ਲੱਗੀ ਕਿ ਵੀਰੋ! ਆਹ ਗਹਿਣੇ ਤੁਸੀਂ ਰੱਖ ਲਓ, ਤੁਹਾਡਾ ਇਨਾਮ ਹੈ। ਤੁਸੀਂ ਮੇਰੀ ਡੋਲੀ ਚੁੱਕ ਕੇ ਗੁਰੂ ਸਾਹਿਬ ਦੇ ਦਰਬਾਰ ਦੇ ਅੱਗੇ ਇੱਕ ਵਾਰੀ ਰੱਖ ਦਿਓ, ਮੈਂ ਨਮਸ਼ਕਾਰ ਕਰਨੀ ਹੈ, ਫੇਰ ਪਤਾ ਨਹੀਂ ਇਨ੍ਹਾਂ ਨੇ ਮੈਨੂੰ ਕਦੇ ਨਮਸ਼ਕਾਰ ਕਰਨ ਦੇਣੀ ਹੈ ਕਿ ਨਹੀਂ ਕਰਨ ਦੇਣੀ, ਪਤਾ ਨਹੀਂ ਮੈਨੂੰ ਅੰਦਰੋਂ ਨਿਕਲਣ ਦੇਣਾ ਹੈ ਕਿ ਨਹੀਂ। ਉਨ੍ਹਾਂ ਨੂੰ ਤਰਸ ਆਇਆ, ਜਿੱਥੇ ਗੁਰੂ ਮਹਾਰਾਜ ਦਾ ਦਰਬਾਰ ਲੱਗਿਆ ਹੋਇਆ ਸੀ, ਹਰੀ ਦਾ ਜਸ ਹੋ ਰਿਹਾ ਸੀ। ਇਕ ਪਾਸੇ ਯੋਧੇ ਬੈਠੇ ਨੇ, ਇੱਕ ਪਾਸੇ ਬੰਦਗੀ ਕਰਨ ਵਾਲੇ ਗੁਰਸਿੱਖ ਬੈਠੇ ਨੇ, ਇਕ ਪਾਸੇ ਨੂੰ ਬੀਬੀਆਂ ਬੈਠੀਆਂ ਨੇ। ਇਕ ਪਾਸੇ ਆਮ ਨਵੇਂ ਜਗਿਆਸੂ ਬੈਠੇ ਨੇ। ਸ਼ਾਹੀ ਦਰਬਾਰ ਲੱਗਿਆ ਹੋਇਆ ਹੈ ਤੇ ਬਹੁਤ ਰੋਹਬ ਦਾਬ ਹੈ ਗੁਰੂ ਦੇ ਦਰਬਾਰ ਦਾ। ਸੋ ਮਹਾਰਾਜ ਦੇ ਹਜ਼ੂਰ ਜਿੱਥੇ ਮਹਾਰਾਜ ਦੀ ਦ੍ਰਿਸ਼ਟੀ ਪੈ ਜਾਵੇ ਉਥੇ ਡੋਲੀ ਟਿਕਾ ਦਿਤੀ। ਮਹਾਰਾਜ ਦੀ ਦ੍ਰਿਸ਼ਟੀ ਹੋ ਗਈ ਉਨ੍ਹਾਂ 'ਤੇ। ਕਹਿਣ ਲੱਗੇ, ਡੋਲੀ ਕਿਉਂ ਟਿਕਾ ਦਿਤੀ ਇੱਥੇ? ਉਹਦੇ ਵਿਚੋਂ ਬੀਬੀ ਨਿਕਲੀ, ਦੋਵੇਂ ਹੱਥ ਬੰਨ੍ਹੇ ਹੋਏ ਨੇ। ਹੌਲੀ-ਹੌਲੀ ਤੁਰਦੀ-ਤੁਰਦੀ ਗੁਰੂ ਮਹਾਰਾਜ ਦੇ ਦਰਬਾਰ ਤੱਕ ਆਈ। ਨੇੜੇ ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਸੀਸ ਨਿਵਾ ਕੇ ਬੇਨਤੀਆਂ ਕਰਦੀ ਹੈ ਇਸ ਤਰ੍ਹਾਂ ਨਾਲ ਪੜ੍ਹੋ ਸਾਰੇ-

***ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਦੁੱਖਾਂ ਦੇ ਪਹਾੜ ਦੇਖ ਕੇ।***

ਗੁਰੂ ਰਾਮਦਾਸ ਜੀ ਮਹਾਰਾਜ ਜੀ ਦੇ ਸਮੇਂ ਤੋਂ ਸਾਡੇ ਘਰ 'ਚ ਸਿੱਖੀ ਹੈ। ਪਾਤਸ਼ਾਹ! ਮੈਂ ਸਰਵਰੀਆਂ ਦੇ ਵਿਆਹੀ ਗਈ ਹਾਂ। ਆਪ ਨੂੰ ਪਤਾ ਹੀ ਹੈ ਸੱਚੇ ਪਾਤਸ਼ਾਹ ਕਿ ਇਹ ਸਰਵਰੀਏ ਲੋਕ, ਸੁਲਤਾਨੀਏ ਲੋਕ ਗੁਰੂ ਦੀ ਨਿੰਦਿਆ ਕਰਦੇ ਨੇ। ਬਾਣੀ ਨਹੀਂ ਪੜ੍ਹਨ ਦਿੰਦੇ, ਗੁਰੂ ਦੇ ਤੀਰਥਾਂ 'ਤੇ ਨਹੀਂ ਜਾਣ ਦਿੰਦੇ, ਗੁਰੂ ਦੇ ਸਮਾਗਮਾਂ 'ਤੇ ਨਹੀਂ ਜਾਣ ਦਿੰਦੇ ਤੇ ਵਹਿਮ ਪ੍ਰਸਤੀ ਦੇ ਵਿਚ ਪਏ ਹੋਏ ਨੇ। ਦੇਖੋ, ਕਿੰਨੀ ਗਿਰਾਵਟ ਹੈ, ਹਰੇਕ ਪਿੰਡ 'ਚ ਭਰਾਈ ਹੁੰਦੇ ਸੀ, ਉਹ ਇਕ ਰੋਟ ਪਕਾਇਆ ਕਰਦੇ। ਜਦੋਂ ਮੈਂ ਛੋਟਾ ਹੁੰਦਾ, ਸਾਡੇ ਪਿੰਡ ਵਿਚ ਵੀ ਹੁੰਦੇ ਸੀ ਇਸ ਤਰ੍ਹਾਂ ਹੀ। ਧਰਤੀ ਗਰਮ ਕਰ ਲੈਣੀ, ਅੱਗ ਜਾਲ-ਜਾਲ ਕੇ, ਰੋਟ ਉਹਦੇ ਉਤੇ ਲਾ ਲੈਣਾ, ਫੇਰ ਉਹਦੇ ਉਤੇ ਸੁਲਗੀਆਂ ਹੋਈਆਂ ਪਾਥੀਆਂ ਲਾ ਲੈਣੀਆਂ, ਵੱਡਾ ਸਾਰਾ ਰੋਟ ਹੁੰਦਾ। ਜਦੋਂ ਉਹ ਪੱਕ ਜਾਣਾ ਚੰਗੀ ਤਰ੍ਹਾਂ ਨਾਲ, ਫੇਰ ਉਥੇ ਢੋਲ ਵਜਾਈ ਜਾਂਦੇ ਸੀ। ਜਿਹੜੇ ਭਗਤ ਸੀ ਸਾਡੇ ਜੱਟ ਲੋਕ, ਕਿਉਂਕਿ ਸਿੱਖੀ ਜਿਹੜੀ ਹੈ ਇਹ ਜੱਟਾਂ ਨੇ ਸਭ ਤੋਂ ਪਿਛੋਂ ਮੰਨੀ ਹੈ, ਪਹਿਲਾਂ ਨਹੀਂ ਮੰਨੀ, ਜਦ ਮੰਨ ਲਈ ਫੇਰ ਇਨ੍ਹਾਂ ਨੇ ਛੱਡੀ ਨਹੀਂ ਹੈ। ਫੇਰ ਚਾਹੇ ਰੋਡੇ ਹੋ ਜਾਣ, ਮੋਨੇ ਹੋ ਜਾਣ ਸਿੱਖ ਹੀ ਰਹਿੰਦੇ ਨੇ। ਕਈ ਕਹਿੰਦੇ ਨੇ ਕਿ ਸਿੱਖੀ ਬੈ ਕਰ ਲਈ ਇਨ੍ਹਾਂ ਨੇ, ਐਨੇ ਸੀਸ ਦੇ ਦਿਤੇ ਇਨ੍ਹਾਂ ਨੇ ਸਿੱਖੀ ਵਾਪਸ ਆ ਗਈ।

ਸੋ ਇਸ ਤਰ੍ਹਾਂ ਦੇ ਨਾਲ ਉਹਨੇ ਢੋਲ ਵਜਾਈ ਜਾਣਾ, ਜਦੋਂ ਰੋਟ ਪੱਕ ਗਿਆ, ਉਸ ਵੇਲੇ ਬਾਹਰ ਕੱਢ ਲੈਣਾ ਹੈ, ਬਾਹਰ ਕੱਢ ਕੇ ਚੱਕ ਮਾਰਨਾ, ਇਕ ਪਾਸਿਓਂ, ਕਹਿਣਾ ਕਿ ਲਓ ਜੀ ਹੁਣ ਪੀਰ ਨੂੰ ਭੋਗ ਲੱਗ ਗਿਆ, ਹੁਣ ਲੈ ਜਾਓ, ਜੂਠਾ ਖਾਂਦੇ ਨੇ। ਮਹਾਰਾਜ ਕਹਿੰਦੇ, ਭਰਾਈ ਦਾ ਜੂਠਾ ਖਾਂਦੇ ਓਂ, ਉਹ ਤੁਹਾਨੂੰ ਦੇ ਕੀ ਦਏਗਾ, ਤੁਸੀਂ ਨਿਰੰਕਾਰ ਦੇ ਦਰ 'ਤੇ ਆਓ। ਬੜਾ ਸਮਾਂ ਲੱਗਿਆ ਸਿੱਖੀ ਫੈਲਾਉਣ ਨੂੰ।

ਸੋ ਇਸ ਤਰ੍ਹਾਂ ਦੇ ਨਾਲ ਕਹਿਣ ਲੱਗੀ ਬੀਬੀ, ਸੱਚੇ ਪਾਤਸ਼ਾਹ! ਮੇਰਾ ਧਰਮ, ਮੇਰੀ ਸੁੱਚ, ਮੇਰੀ ਪਵਿੱਤਰਤਾ, ਕੁਛ ਵੀ ਨਹੀਂ ਰਹਿਣੀ ਮੈਂ ਸੁਲਤਾਨੀਆਂ ਦੇ ਘਰ ਜਾ ਰਹੀ ਹਾਂ। ਜਿੱਥੇ ਨਿਤਨੇਮ ਤਾਂ ਦੂਰ ਰਿਹਾ, ਉਨ੍ਹਾਂ ਨੇ ਪ੍ਰਮੇਸ਼ਰ ਦਾ ਨਾਮ ਵੀ ਨਹੀਂ ਲੈਣ ਦੇਣਾ। ਕਬਰਾਂ ਨੂੰ ਮੰਨਦੇ ਨੇ, ਪੀਰ ਦੇ ਲੈ ਕੇ ਜਾਂਦੇ ਨੇ। ਪਾਤਸ਼ਾਹ! ਮੇਰੀ ਲਾਜ ਰੱਖੀਂ, ਮੇਰੇ ਸਿਦਕ ਦੀ ਲਾਜ ਰੱਖੀਂ। ਮੈਂ ਕੀ ਕਰਾਂਗੀ, ਬੀਬੀ ਰੋਣ ਲੱਗ ਗਈ।

ਕਿਉਂਕਿ ਗੁਰੂ ਜਿਹੜਾ ਹੁੰਦਾ ਹੈ ਸਾਧਸੰਗਤ ਜੀ! ਉਹਦੇ ਨਾਲੋਂ ਜ਼ਿਆਦਾ ਨੇੜੇ ਦਾ ਰਿਸ਼ਤਾ ਕਿਸੇ ਹੋਰ ਦਾ ਨਹੀਂ ਹੋਇਆ ਕਰਦਾ। ਸਭ ਤੋਂ ਨੇੜੇ ਜੇ ਕਿਸੇ ਦਾ ਰਿਸ਼ਤਾ ਹੈ ਤਾਂ ਗੁਰੂ ਦਾ ਹੋਇਆ ਕਰਦਾ ਹੈ। ਸਿੱਖ ਜਿਹੜਾ ਹੈ ਇਹ ਗੁਰੂ ਨੂੰ ਛੱਡ ਜਾਂਦਾ ਹੈ, ਗੁਰੂ ਨਹੀਂ ਕਦੇ ਵੀ ਸਿੱਖ ਨੂੰ ਛੱਡਦਾ।

ਸ੍ਰੀ ਅਨੰਦਪੁਰ ਸਾਹਿਬ ਜਦੋਂ ਘੇਰਾ ਪਿਆ ਹੋਇਆ ਸੀ, ਉਸ ਵੇਲੇ ਬਹੁਤ ਸਿੰਘ ਭੁੱਖ ਦੇ ਦੁੱਖੋਂ ਤੰਗ ਆ ਗਏ, ਅਖੀਰ ਏਧਰ ਇਨ੍ਹਾਂ ਨੇ ਚਲਾਕੀ ਕਰੀ ਕਿ ਆਟੇ ਦੀ ਗਊ ਬਣਾ ਕੇ, ਕੁਰਾਨ ਸ਼ਰੀਫ ਰੱਖ ਕੇ, ਔਰੰਗਜ਼ੇਬ ਦੇ ਦਸਤਖਤ ਕਰਾ ਕੇ ਚਿੱਠੀ ਭੇਜ ਦਿਤੀ ਕਿ ਤੁਸੀਂ ਕਿਲਾ ਛੱਡ ਦਿਓ, ਤੁਹਾਨੂੰ ਕੁਛ ਨਹੀਂ ਕਿਹਾ ਜਾਏਗਾ। ਪਹਾੜੀਆਂ ਨੇ ਕਿਹਾ ਕਿ ਅਸੀਂ ਆਟੇ ਦੀ ਗਊ ਦੀ ਸੁਗੰਧ ਖਾ ਕੇ ਕਹਿੰਦੇ ਹਾਂ ਤੇ ਕਿਲਾ ਛੱਡ ਦਿਓ। ਮਹਾਰਾਜ ਨੇ ਕਿਹਾ ਕਿ ਨਹੀਂ ਇਹ ਧੋਖਾ ਹੈ ਭਾਈ, ਛਲ ਹੈ, ਛਲ ਦੇ ਵਿਚ ਨਾ ਆਇਆ ਕਰੋ। ਲੇਕਿਨ ਕੁਛ ਸਿੱਖਾਂ ਨੇ ਸਿੱਖਾਂ ਦੇ ਵਿਚ ਚਲਾ ਦਿਤੀ ਕਿ ਜੇ ਆਪਾਂ ਬੇਨਤੀ ਕਰੀਏ ਤਾਂ ਮਹਾਰਾਜ ਜੀ ਮੰਨ ਜਾਣਗੇ, ਸਾਹਿਬਜ਼ਾਦੇ ਬਚ ਜਾਣਗੇ, ਬਾਹਰ ਨਿਕਲ ਜਾਵਾਂਗੇ, ਕਿਲਾ ਫੇਰ ਬਣਾ ਲਵਾਂਗੇ। ਹੁਣ ਤਾਂ ਛੱਡ ਦੇਈਏ। ਮਹਾਰਾਜ ਕਹਿੰਦੇ, ਨਹੀਂ। ਉਸ ਵੇਲੇ ਸਿਦਕ ਥੋੜ੍ਹਾ ਜਿਹਾ ਕੁਛ ਹਿੱਲਿਆ। ਸਾਡੇ ਨਾਲੋਂ ਤਾਂ ਉਹ ਬਹੁਤ ਚੰਗੇ ਸੀ। ਸਾਡੇ ਤਾਂ ਜੇ ਇਮਤਿਹਾਨ ਸਿਦਕ ਦੇ ਲਓ ਤਾਂ 10 ਨੰਬਰ ਵੀ ਨਾ ਆਉਂਦੇ। ਉਨ੍ਹਾਂ ਦੇ ਨੰਬਰ 95 ਤਾਂ ਆ ਚੁੱਕੇ ਸੀ, ਪੰਜ ਰਹਿੰਦੇ ਸੀ ਅਜੇ। ਪੰਜ ਪਿੱਛੇ ਡਾਵਾਂਡੋਲ ਹੋ ਗਏ ਤੇ ਮਹਾਰਾਜ ਕਹਿਣ ਲੱਗੇ, ਚੰਗਾ ਜੇ ਤੁਸੀਂ ਸਾਡਾ ਕਹਿਣਾ ਨਹੀਂ ਮੰਨਣਾ। ਕਾਗਜ਼ ਲਿਆਓ ਤੇ ਲਿਖ ਦਿਓ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ। ਇਬਾਰਤ ਮਹਾਰਾਜ ਨੇ ਹੱਥ ਨਾਲ ਲਿਖ ਦਿਤੀ। ਕਹਿੰਦੇ, ਦਸਤਖਤ ਕਰੀ ਜਾਓ ਤੇ ਫੇਰ ਚਲੇ ਜਾਓ। ਕੁਝ ਸਿੰਘਾਂ ਨੇ ਦਸਤਖਤ ਕਰ ਦਿਤੇ। ਇਸ ਤੋਂ ਬਾਅਦ ਮਹਾਰਾਜ ਜੀ ਦੇ ਬੜੇ ਭਿਆਨਕ ਯੁੱਧ ਹੋਏ। ਪਰਿਵਾਰ ਵਿਛੋੜੇ ਵਿਚ ਆ ਕੇ ਸਾਰਾ ਹੀ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਢਾਈ ਹਜ਼ਾਰ ਸਿੰਘ ਨਾਲ ਸੀ ਜਿਸ ਵਕਤ ਕਿਲਾ ਛੱਡਿਆ ਤੇ ਇਥੇ ਪੰਜ ਸੌ ਸਿੰਘ ਮਾਨ ਸਿੰਘ ਨੂੰ ਦੇ ਕੇ ਭੇਜਿਆ, ਪੰਜ ਸੌ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੇ ਕੇ ਭੇਜਿਆ, ਯੁੱਧ ਕਰਿਆ, ਦਰਿਆ ਪਾਰ ਕਰਨ ਜੋਗਾ ਸਮਾਂ ਮਸਾਂ ਮਿਲਿਆ। ਉਹਦੇ ਵਿਚ ਵੀ ਗੁਰੂ ਮਹਾਰਾਜ ਦੇ ਜਿਹੜੇ 102 ਲਿਖਾਰੀ ਜਿਨ੍ਹਾਂ ਵਿਚੋਂ 50 ਤਾਂ ਲਿਖਿਆ ਕਰਦੇ ਸੀ ਵਾਰਤਕ ਵਿਚ, 52 ਲਿਖਿਆ ਕਰਦੇ ਸੀ ਕਵਿਤਾ 'ਚ। ਗ੍ਰੰਥਾਂ ਦੇ ਗੱਡੇ ਮਹਾਰਾਜ ਨਾਲ ਲੈ ਕੇ ਆਏ, ਬਾਕੀ ਕੁਛ ਨਹੀਂ ਸੀ ਲਿਆਂਦਾ, ਬਾਕੀ ਸਭ ਦਰਿਆ ਵਿਚ ਸੁਟਾ ਦਿਤਾ ਸੀ। ਗੱਡੇ ਗ੍ਰੰਥਾਂ ਦੇ ਜੋ ਸੀ ਉਹ ਸਾਰੇ ਰੁੜ ਗਏ ਪਾਣੀ ਵਿਚ, ਵਿਦਿਆਧਰ ਗ੍ਰੰਥ ਇਕੋ ਹੀ ਸੀ ਜਿਹੜਾ ਨੌਂ ਮਣ ਦਾ। ਉਹਦੇ ਰੁੜੇ ਜਾਂਦੇ ਦੇ ਚਾਰ-ਪੰਜ ਪੱਤਰੇ ਕਿਸੇ ਸਿੱਖ ਦੇ ਹੱਥ 'ਚ ਆ ਗਏ। ਉਹ ਐਨੇ ਦਾ ਹੀ ਕੋਸ਼ ਹੈ, ਪਾਰਸਭਾਗ ਦੀ ਕਿਤਾਬ ਕਹਿੰਦੇ ਨੇ ਉਹਨੂੰ। ਸੋ ਉਸ ਵੇਲੇ ਮਹਾਰਾਜ ਦੇ ਨਾਲ ਸਿਰਫ ਚਾਲੀ ਸਿੰਘ ਹੀ ਰਹਿ ਗਏ, ਬਾਕੀ ਸ਼ਹੀਦ ਹੋ ਗਏ, ਹਨ੍ਹੇਰਾ ਸੀਗਾ ਜਿਧਰ ਨੂੰ ਕਿਸੇ ਦਾ ਮੂੰਹ ਹੋਇਆ ਚਲੇ ਗਏ। ਮਾਤਾਵਾਂ ਇਕ ਪਾਸੇ, ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਦਰਿਆ ਦੇ ਰੇੜ੍ਹ ਵਲ ਨੂੰ ਸਤਿਲੁਜ

ਵੱਲ ਨੂੰ ਨਿਕਲ ਗਏ। ਠੰਢਾ ਪਾਣੀ ਬਰਫ ਵਰਗਾ ਸਾਰੀ ਰਾਤ ਆਹ ਜਿਹੜਾ ਆਲੇ-ਦੁਆਲੇ ਘਾਹ ਹੁੰਦਾ ਹੈ, ਉਹਨੂੰ ਦੱਬ੍ਹ ਕਹਿੰਦੇ ਨੇ, ਦੱਬ੍ਹ 'ਚ ਖੜ੍ਹੇ ਰਹੇ ਸਾਰੀ ਰਾਤ। ਦੂਜਾ ਦਿਨ ਆਇਆ, ਫੇਰ ਖੜ੍ਹੇ ਰਹੇ ਕਿ ਪਤਾ ਨਾ ਲੱਗ ਜਾਏ ਕਿਸੇ ਨੂੰ। ਕਿੰਨੀ ਤਕਲੀਫ, ਕਿੱਡਾ ਕਸ਼ਟ ਸਾਧਸੰਗਤ ਜੀ ਸੀ।

ਈਸਾ ਜੀ ਨੇ ਸਿਰਫ ਆਪਣੀ ਸੂਲੀ ਚੁੱਕ ਕੇ ਲਿਆਂਦੀ ਸੀ, ਉਹਦੀਆਂ ਤਸਵੀਰਾਂ ਦਿਖਾਉਂਦੇ ਨੇ ਕਿ ਕਿਸ ਤਰ੍ਹਾਂ ਉਹ ਗਿਰ ਜਾਂਦੇ ਨੇ। ਉਹਨੂੰ ਦੇਖ-ਦੇਖ ਕੇ ਰੋਂਦੇ ਨੇ। ਬਹੁਤ ਵੈਰਾਗ ਕਰਦੇ ਨੇ। ਸਾਡਾ ਤਾਂ ਸਾਰਾ ਹੀ ਇਤਿਹਾਸ ਵੈਰਾਗ ਦਾ ਭਰਿਆ ਪਿਆ ਹੈ। ਅੰਦਾਜ਼ਾ ਲਾਓ ਕਿ ਠੰਢਾ ਪਾਣੀ ਹੋਵੇ ਤੇ ਸਾਹਿਬਜ਼ਾਦੇ ਜਿਨ੍ਹਾਂ ਨੇ ਕਦੇ ਪੈਰ ਹੀ ਨਾ ਬਾਹਰ ਕੱਢਿਆ ਹੋਵੇ। ਮਾਤਾ ਜੀ ਕਿਵੇਂ ਪਾਣੀ 'ਚ ਖੜ੍ਹੇ ਰਹੇ। ਫੇਰ ਰਾਤ ਹਨ੍ਹੇਰਾ ਸੀ, ਦਿਨੇ ਫੇਰ ਪਾਣੀ ਹੀ ਪਾਣੀ ਸੀਗਾ ਚਾਰੇ ਪਾਸੇ, ਬਾਰਿਸ਼ ਹੋਈ-ਹੋਈ ਸੀ। ਉਸ ਵੇਲੇ ਗੁਰੂ ਮਹਾਰਾਜ ਦੇ ਨਾਲ ਸਿਰਫ 40 ਸਿੰਘ ਰਹਿ ਗਏ। ਅੱਗੇ ਆ ਕੇ ਫੇਰ ਯੁੱਧ ਕਰਿਆ, ਪਤਾ ਲੱਗਿਆ ਕਿ ਡੇਢ ਲੱਖ ਫੌਜ ਹੋਰ ਆ ਰਹੀ ਹੈ, ਮਹਾਰਾਜ ਕਹਿੰਦੇ ਇਨ੍ਹਾਂ ਦੇ ਮਨ 'ਚ ਰਹਿ ਜਾਣਾ ਹੈ ਕਿ ਅਸੀਂ ਯੁੱਧ ਨਹੀਂ ਕਰਿਆ। ਜਾ ਸਕਦੇ ਸੀ ਮਹਾਰਾਜ ਕਿਉਂਕਿ ਫੌਜ ਦੂਰ ਸੀ, ਉਨ੍ਹਾਂ ਦਿਨਾਂ ਦੀਆਂ ਗੱਲਾਂ ਨੂੰ ਸੁਣਨ ਵਾਸਤੇ ਬਹੁਤ ਤਕੜਾ ਦਿਲ ਚਾਹੀਦਾ ਹੈ। ਇਤਿਹਾਸ 'ਚ ਲਿਖਿਆ ਹੋਇਆ ਹੈ ਕਿ ਮਹਾਰਾਜ ਨੇ ਉਥੇ ਬਚਨ ਕਰਿਆ ਕਿ ਮੁਸਲਮਾਨ ਦਾ ਇਤਬਾਰ ਨਹੀਂ ਕਰਨਾ। ਜੇ ਗੁੜ ਦੇ ਲਾਲੇ ਵਿਚ ਤਿਲ ਪਾ ਕੇ, ਬਾਂਹ ਪਾ ਕੇ ਜਿੰਨੇ ਤਿਲ ਲਗ ਜਾਣ ਐਨੀਆਂ ਸਹੁੰਆਂ ਵੀ ਜੇ ਖਾਵੇ ਤਾਂ ਵੀ ਇਤਬਾਰ ਨਹੀਂ ਕਰਨਾ। ਇਹ ਗਲਤ ਚੀਜ਼ ਹੈ ਇਤਿਹਾਸ ਦੇ ਮੁਤਾਬਿਕ। ਪਹਿਲਾਂ ਮਹਾਰਾਜ ਦੇ ਮੁਖ ਤੋਂ ਕਹਾ ਦਿਤੀ। ਜਦੋਂ ਮਹਾਰਾਜ ਸਰਸਾ ਪਾਰ ਕਰਕੇ ਗਏ, ਗਏ ਕੀਹਦੇ, ਨਿਹੰਗ ਖਾਂ ਦੇ ਘਰ। ਉਹ ਉਨ੍ਹਾਂ ਨੂੰ ਆਪਣੇ ਕਿਲ੍ਹੇ 'ਚ ਲੈ ਗਿਆ, ਕੋਟਲਾ ਨਿਹੰਗ। ਉਥੇ ਗੁਰਦੁਆਰਾ ਬਣਿਆ ਹੋਇਆ ਹੈ। ਉਥੇ ਇਕ ਦਸਤਾ ਆ ਗਿਆ ਟੋਲ੍ਹਦਾ-ਟੋਲ੍ਹਦਾ ਮਗਰ ਹੀ। ਲੋਕਾਂ ਨੇ ਦੱਸਿਆ ਕਿ ਇਥੇ ਰਾਤ ਘੋੜਿਆਂ ਵਾਲੇ ਵੜੇ ਸੀ। ਉਹਦੇ ਵਿਚ ਸਿੰਘ ਤਾਂ ਪਾਸੇ ਹੋ ਗਏ, ਤਲਾਸ਼ੀ ਹੋ ਰਹੀ ਹੈ। ਤਲਾਸ਼ੀ ਹੋਈ-ਹੋਈ, ਜਿਹੜੇ ਕਮਰੇ 'ਚ ਮਹਾਰਾਜ ਸੀ, ਉਸ ਵੇਲੇ ਉਸ ਕਮਰੇ ਅੱਗੇ ਤਲਵਾਰ ਲੈ ਕੇ ਖੜ੍ਹ ਗਿਆ, ਕਹਿੰਦਾ ਮੇਰੇ ਇਥੇ ਤਾਂ ਦਾਮਾਦ ਨੇ। ਮੇਰੀ ਲੜਕੀ ਤੇ ਮੇਰਾ ਦਾਮਾਦ ਹੈ। ਮੈਂ ਜਾਨ ਦੇ ਦੇਵਾਂਗਾ ਪਰ ਮੈਂ ਇਹ ਕਮਰਾ ਨਹੀਂ ਖੋਲ੍ਹਣ ਦੇਣਾ। ਲੜਕੀ ਨੇ ਸੁਣ ਲਿਆ ਕਿ ਮੇਰੇ ਪਿਤਾ ਨੇ ਇਹ ਗੱਲ ਕਹਿ ਦਿਤੀ। ਉਸ ਨੇ ਵਿਆਹ ਹੀ ਨਹੀਂ ਕਰਾਇਆ। 137 ਸਾਲ ਦੀ ਹੋਈ, ਉਥੇ ਗੁਰਦੁਆਰਾ ਭੱਠਾ ਸਾਹਿਬ ਉਸਦੀ ਤਸਵੀਰ ਲੱਗੀ ਹੋਈ ਹੈ। ਕਹਿੰਦੀ, ਜਦ ਮੇਰੇ ਪਿਓ ਦੇ ਮੁਖ 'ਚੋਂ ਨਿਕਲ ਗਿਆ ਕਿ ਮੇਰਾ ਦਾਮਾਦ ਹੈ। ਮੈਂ ਹੁਣ ਦੁਬਾਰਾ

ਸ਼ਾਦੀ ਨਹੀਂ ਕਰਨੀ। ਠੀਕ ਹੈ, ਪੀਰ ਹੈ ਉਹ ਮੇਰਾ, ਮੁਰਸ਼ਦ ਹੈ।

ਸੋ ਇਥੋਂ ਦੀ ਆਪ ਚਮਕੌਰ ਸਾਹਿਬ ਗਏ ਯੁੱਧ ਹੋਇਆ। ਰਾਤ ਨੂੰ ਆਪ ਨੇ ਤਾੜੀ ਮਾਰੀ, ਤਾੜੀ ਮਾਰ ਕੇ ਨਿਕਲੇ, ਇੱਕਲੇ ਰਹਿ ਗਏ, ਇਕੱਲੇ ਰਹਿ ਕੇ ਜਦੋਂ ਮਾਛੀਵਾੜੇ ਗਏ। ਉਥੇ ਗੁਲਾਬੇ ਮਸੰਦ ਦੇ ਘਰ ਚਲੇ ਗਏ, ਮਸੰਦ ਡਰਦਾ ਹੈ। ਦੂਜੇ ਦਿਨ ਗਨੀ ਖਾਂ, ਨਬੀ ਖਾਂ ਦੋਵੇਂ ਪਠਾਣ ਭਰਾ ਸੀਗੇ, ਆਪਣੇ ਘਰ ਲੈ ਗਏ। ਹੁਣ ਪਹਿਲੀ ਵਾਰੀ ਤਾਂ ਨਿਹੰਗ ਖਾਨ ਨੇ ਖਤਰਾ ਮੁੱਲ ਲਿਆ। ਹੁਣ ਦੂਜੀ ਵਾਰੀ ਇਹ ਸੀ ਕਿ ਜੇ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਪਤਾ ਲਗ ਗਿਆ ਕਿ ਕਿਸ ਨੇ ਪਨਾਹ ਦਿਤੀ ਤਾਂ ਉਹਦੇ ਬੱਚਿਆਂ ਨੂੰ ਤੇ ਉਸ ਦੇ ਸਾਰੇ ਪਰਿਵਾਰ ਨੂੰ ਕੋਹਲੂ 'ਚ ਪੀੜ ਦਿਤਾ ਜਾਏਗਾ।

ਲੇਕਿਨ ਉਹ ਮੁਸਲਮਾਨ ਕਿੱਡਾ ਖੁਦਾ ਵਾਲਾ ਸੀ, ਕਿੱਡਾ ਦਰਦ ਵਾਲਾ ਸੀ ਜਿਹਨੇ ਮਹਾਰਾਜ ਨੂੰ ਆਪਣੇ ਘਰ ਰੱਖਿਆ। ਰਾਤ ਨੂੰ ਆਪਣੇ ਪੀਰ ਨੂੰ ਬੁਲਾਇਆ ਸਲੋਅ ਵਾਲੇ ਨੂੰ ਕਿ ਇਨ੍ਹਾਂ ਨੂੰ ਕੱਢੀਏ ਕਿਵੇਂ ਬਾਹਰ ਤਾਂ ਘੇਰਾ ਪੈ ਗਿਆ। ਉਹ ਕਹਿਣ ਲੱਗਿਆ ਕਿ ਮੈਂ ਵਿਉਂਤ ਬਣਾਉਂਦਾ ਹਾਂ, ਜਿਹਦਾ ਹਾਲੇ ਤਕ ਨਹੀਂ ਪਤਾ ਲੱਗਿਆ, ਹੁਣ ਇਤਿਹਾਸਕਾਰ ਲਿਖਦੇ ਨੇ ਸਾਰੀਆਂ ਗੱਲਾਂ ਕਿ ਕਿਵੇਂ ਨਿਕਲੇ ਸੀ ਮਹਾਰਾਜ। ਉਹ ਇਹ ਕਹਿਣ ਲੱਗਿਆ ਕਿ ਮਹਾਰਾਜ ਕੋਲ ਨੇ ਸ਼ਸਤਰ ਗੁਰੂ ਤੇਗ ਬਹਾਦਰ ਸਾਹਿਬ ਦੇ। ਇਨ੍ਹਾਂ ਸ਼ਸਤਰਾਂ ਦੇ ਨਾਲ ਲਗ ਜਾਣਾ ਹੈ ਪਤਾ। ਉਹ ਇਸ ਤਰ੍ਹਾਂ ਕਰੋ ਕਿ ਆਪਾਂ ਥੋੜ੍ਹਾ ਜਿਹਾ ਡਰਾਮਾ ਕਰੀਏ ਕਿ ਭਾਈ ਦਇਆ ਸਿੰਘ ਜੀ ਨੂੰ ਚਾਰਪਾਈ 'ਤੇ ਬਿਠਾਉਂਦੇ ਹਾਂ, ਤੇ ਦੋ ਸਿੰਘ ਲੱਗ ਜਾਣ, ਦੋ ਤੁਸੀਂ ਲਗ ਜਾਓ। ਇਕ ਚੌਰ ਕਰਨ ਲੱਗ ਜਾਓ। ਮਸ਼ਹੂਰ ਇਹ ਕਰੋ ਕਿ ਇਹ ਉੱਚ ਦੇ ਪੀਰ ਨੇ। ਮੈਂ ਵੀ ਫੌਜ 'ਚ ਬੈਠਾ ਹਾਂ, ਜਦੋਂ ਮੇਰੇ ਕੋਲ ਆਉਣਗੇ, ਇਨ੍ਹਾਂ ਨੇ ਮੇਰਾ ਨਾਉਂ ਲੈ ਦੇਣਾ ਹੈ ਕਿ ਤੁਸੀਂ ਦਸ ਦਿਓ ਕਿ ਪੀਰ ਜੀ ਨੇ ਪੜ੍ਹਾਇਆ ਹੋਇਆ ਹੈ ਉਨ੍ਹਾਂ ਨੂੰ ਉਹ ਜਾਣਦੇ ਨੇ ਇਹ ਗੁਰੂ ਕੋਲ ਰਹਿੰਦੇ ਨੇ। ਉਸ ਵੇਲੇ ਇਸੇ ਤਰ੍ਹਾਂ ਵਿਉਂਤ ਨਾਲ ਜਦੋਂ ਹਨ੍ਹੇਰਾ ਹੋਣ ਲੱਗਿਆ, ਮੰਜੇ 'ਤੇ ਬੈਠਾ ਕੇ ਜਦੋਂ ਨਿਕਲਣ ਲੱਗੇ, ਰੇਤਾ ਹੀ ਰੇਤਾ ਪਿਆ ਸੀ ਮਾਛੀਵਾੜੇ ਦੇ ਦੁਆਲੇ। ਉਨ੍ਹਾਂ ਨੇ ਰੋਕ ਲਿਆ ਕਹਿਣ ਲੱਗੇ ਕਿ ਇਹ ਤਾਂ ਗੁਰੂ ਗੋਬਿੰਦ ਸਿੰਘ ਜੀ। ਫੌਜ ਵਿਚ ਮਸ਼ਹੂਰ ਹੋਰ ਗਿਆ ਕਿ ਅੱਜ ਗੁਰੂ ਗੋਬਿੰਦ ਸਿੰਘ ਜੀ ਗ੍ਰਿਫਤਾਰ ਹੋ ਗਏ। ਇਹ ਪੀਰ ਫੌਜ ਵਿਚ ਬੈਠਾ ਸੀ। ਕਹਿਣ ਲੱਗੇ ਕੋਈ ਜਾਣਦਾ ਬੰਦਾ ਚਾਹੀਦਾ ਹੈ। ਜਿਹੜਾ ਪਛਾਣ ਲਵੇ, ਬਥੇਰੇ ਸੀ ਜਾਣਕਾਰ ਜਿਨ੍ਹਾਂ ਨੇ ਦਰਸ਼ਨ ਕੀਤੇ ਸੀ। ਉਹ ਕਹਿਣ ਲੱਗੇ ਇਹ ਗੁਰੂ ਗੋਬਿੰਦ ਸਿੰਘ ਨਹੀਂ ਹੈ। ਉਹ ਕਹਿੰਦੇ ਪੀਰ ਜੀ ਇਥੇ ਆਏ ਹੋਏ ਨੇ ਜਿਨ੍ਹਾਂ ਨੇ ਪੜ੍ਹਾਏ ਨੇ, ਉਨ੍ਹਾਂ ਨੂੰ ਬੁਲਾ ਦਿਓ। ਜਿਸ ਵਕਤ ਉਸ ਕੈਂਪ ਦੇ ਵਿਚ ਭੇਜੇ ਉਹ ਕਹਿਣ ਲੱਗੇ, ਮੈਂ ਨਮਾਜ਼ ਪੜ੍ਹਨੀ ਹੈ ਅਜੇ।

ਉਸ ਤੋਂ ਬਾਅਦ ਮੈਂ ਭਜਨ ਕਰਨਾ ਹੈ। ਬੰਦਗੀ ਕਰਨੀ ਹੈ, ਮੈਂ ਹੁਣ ਨਹੀਂ ਆ ਸਕਦਾ, ਮੈਂ ਕੱਲ੍ਹ ਨੂੰ ਅੱਠ, ਨੌਂ ਵਜੇ ਆਵਾਂਗਾ। ਓਨਾ ਚਿਰ ਉਨ੍ਹਾਂ ਨੂੰ ਰੋਕ ਕੇ ਰੱਖੋ। ਬੇਅਦਬੀ ਨਾ ਕਰਿਓ ਉਨ੍ਹਾਂ ਦੀ। ਸੋ ਇਸ ਤਰ੍ਹਾਂ ਰਾਤ ਭਰ ਉਸ ਥਾਂ 'ਤੇ ਰਹਿੰਦੇ ਨੇ, ਏਧਰ ਪੀਰ ਨੇ ਆ ਕੇ ਮਹਾਰਾਜ ਨੂੰ ਦੱਸਿਆ ਕਿ ਸੱਚੇ ਪਾਤਸ਼ਾਹ ਉਹ ਰੋਕ ਲਏ। ਮੈਂ ਇਹ ਗੱਲ ਕਹਿ ਆਇਆ ਹਾਂ ਹੁਣ ਆਪਣੇ ਕੋਲ ਕੁਛ ਘੰਟੇ ਹੀ ਨੇ ਜਿਸ ਵਿਚ ਆਪਾਂ ਨਿਕਲ ਜਾਵਾਂਗੇ। ਕਿਉਂਕਿ ਫੌਜ ਅਵੇਸਲੀ ਹੋ ਗਈ। ਆਪਣੇ ਇਕ ਮੁਰੀਦ ਨੂੰ ਭੇਜਿਆ ਕਿ ਜਾਹ ਸਾਰੀਆਂ ਚੌਂਕੀਆਂ 'ਤੇ ਦੇਖ ਕੇ ਆ ਕਿ ਕਿਵੇਂ ਹੈ। ਉਹ ਕਹਿੰਦਾ ਕਿ ਸਾਰੇ ਰੌਲਾ ਪੈ ਗਿਆ ਕਿ ਗੁਰੂ ਗੋਬਿੰਦ ਸਿੰਘ ਫੜੇ ਗਏ। ਸਾਰੇ ਸ਼ਰਾਬਾਂ 'ਚ ਮਸਤ ਹੋਏ ਪਏ ਨੇ। ਉਹ ਕਹਿਣ ਲੱਗੇ ਕਿ ਹੁਣ ਮੌਕਾ ਹੈ। ਉਥੋਂ ਲੰਘ ਕੇ ਉਹਦਾ ਇਕ ਮੁਰੀਦ ਸੀ ਪੰਜ-ਸੱਤ ਮੀਲ 'ਤੇ ਉਥੋਂ ਮਹਾਰਾਜ ਨੂੰ ਝੌਂਪੜੀ 'ਚ ਲੈ ਗਏ। ਦੇਖ ਕੇ ਮਹਾਰਾਜ ਤੁਹਾਡੇ ਕੋਲ ਸ਼ਸਤਰ ਨੇ, ਸ਼ਸਤਰ ਨਾਲ ਰੱਖੋ ਤੁਸੀਂ ਅਤੇ ਸਵੇਰ ਵੇਲੇ ਤੁਹਾਨੂੰ ਅਸੀਂ ਮਿਲ ਜਾਵਾਂਗੇ। ਸੂਰਜ ਛਿਪਣ 'ਤੇ ਆਪਾਂ ਚੱਲਾਂਗੇ। ਉਹ ਬਿਠਾ ਕੇ ਫਟਾਫਟ ਵਾਪਸ ਆ ਗਿਆ, ਫੌਜ ਵਿਚ ਉਵੇਂ ਜਿਵੇਂ ਫੇਰ ਬੈਠ ਗਿਆ। ਨਮਾਜ਼ ਵਗੈਰਾ ਪੜ੍ਹੀ, ਫੇਰ ਉਥੋਂ ਚਲਿਆ ਗਿਆ। ਉਥੇ ਉਨ੍ਹਾਂ ਨੇ ਪੁਛਿਆ ਕਿ ਪੀਰ ਜੀ! ਤੁਸੀਂ ਗੁਰੂ ਗੋਬਿੰਦ ਸਿੰਘ ਨੂੰ ਪੜ੍ਹਾਇਆ ਹੈ, ਇਹ ਓਹੀ ਨੇ ਕੀ? ਕਹਿੰਦੇ ਨਾ, ਨਾ ਇਹ ਨਹੀਂ ਹਨ, ਇਹ ਤਾਂ ਵੱਡੇ ਪੀਰ ਨੇ ਮੌਜ ਨਾਲ ਸੈਰ ਕਰ ਰਹੇ ਨੇ। ਦੇਖਿਓ ਬੇਅਦਬੀ ਨਾ ਕਰਿਓ, ਇਹ ਗੁਰੂ ਗੋਬਿੰਦ ਸਿੰਘ ਨਹੀਂ ਹਨ। ਗੱਲ ਆਈ ਗਈ ਹੋ ਗਈ। ਓਧਰ ਫੌਜ ਨੂੰ ਮੌਕਾ ਮਿਲ ਗਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਲੈ ਕੇ ਚਲੇ ਗਏ। ਦੂਜੀ ਵਾਰੀ ਫੇਰ ਮੁਸਲਮਾਨ ਕੰਮ ਆਏ। ਓਥੋਂ ਫੇਰ ਮਹਾਰਾਜ ਰਾਏ ਕੱਲੇ ਦੇ ਕੋਲ ਗਏ। ਉਹ ਵੀ ਮੁਸਲਮਾਨ ਸੀ, ਨਾਲੇ ਰਾਜਾ ਸੀ। ਜਦੋਂ ਨਵਾਬ ਸਰਹੰਦ ਨੂੰ ਪਤਾ ਲੱਗਿਆ, ਕਹਿਣ ਲੱਗਿਆ ਕਿ ਗੁਰੂ ਗੋਬਿੰਦ ਸਿੰਘ ਨੂੰ ਫੜ ਕੇ ਮੈਨੂੰ ਫੜਾ ਦੇ। ਤੈਨੂੰ ਰਿਆਸਤ ਵਿਚ ਹੋਰ ਵਾਧਾ ਕਰਾ ਦੇਵਾਂਗਾ। ਉਹਦਾ ਜਵਾਬ ਕੀ ਸੀ, ਕਹਿਣ ਲੱਗਿਆ, ਨਵਾਬ ਸਾਹਿਬ! ਇਹ ਗੁਰੂ ਗੋਬਿੰਦ ਸਿੰਘ ਮੇਰੇ ਤੇ ਮੇਰੀ ਰਿਆਇਆ ਦੇ ਪੀਰ-ਏ-ਆਜ਼ਮ ਨੇ, ਵੱਡੇ ਪੀਰ ਨੇ ਤੇ ਪੀਰਾਂ ਦੇ ਵਾਸਤੇ ਜਿਵੇਂ ਮੁਰੀਦ ਇਕੱਲਾ-ਇਕੱਲਾ ਕਟ ਕੇ ਮਰ ਜਾਂਦਾ ਹੈ, ਜਦੋਂ ਤਕ ਮੇਰੇ ਰਾਜ ਵਿਚ ਇੱਕ ਵੀ ਬੰਦਾ ਜੀਉਂਦਾ ਹੈ, ਮੈਂ ਆਪਣੇ ਪੀਰ ਨੂੰ ਹਵਾਲੇ ਨਹੀਂ ਕਰ ਸਕਦਾ। ਇਹ ਗੱਲ ਨਾ ਮੈਨੂੰ ਕਹਿਓ। ਅੱਜ ਦਾ ਕੋਈ ਸੂਬੇ ਦਾ ਹਾਕਮ ਨਹੀਂ ਹੈ ਜਿਹੜਾ ਸੈਂਟਰ ਨੂੰ ਇਸ ਤਰ੍ਹਾਂ ਜਵਾਬ ਦੇ ਦੇਵੇ। ਕਿੱਡੀ ਬੁਰੀ ਹਾਲਤ ਹੁੰਦੀ ਉਸ ਦੀ ਜੇ ਫੌਜ ਚਾੜ੍ਹ ਦਿੰਦੇ। ਘਰ ਖਤਮ ਕਰ ਦੇਣਾ ਸੀ, ਬੱਚੇ ਮਾਰ ਦੇਣੇ ਸੀ। ਫੇਰ ਅਸੀਂ ਇਹ ਕਹੀਏ ਕਿ ਮੁਸਲਮਾਨ ਦੋਸਤ ਨਹੀਂ ਹੁੰਦਾ, ਜੀ ਉਹਦਾ ਇਤਬਾਰ ਨਹੀਂ ਕਰਨਾ ਚਾਹੀਦਾ। ਇਹ ਤਾਂ ਗੱਲਾਂ

ਰਾਜਨੀਤਕ ਹੁੰਦੀਆਂ ਹਨ, ਲੋਕ ਜਾਣ ਕੇ ਬਣਾ ਲੈਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਗੁਰੂ ਮਹਾਰਾਜ ਅੱਗੇ ਗਏ ਉਥੇ ਬੜਾ ਭਾਰੀ ਯੁੱਧ ਹੋਇਆ ਖਦਰਾਣੇ ਦੀ ਢਾਬ 'ਤੇ, ਜਿਹਨੂੰ ਮੁਕਤਸਰ ਕਹਿੰਦੇ ਨੇ। ਉਥੇ ਸਾਰੇ ਸਿੰਘ ਸ਼ਹੀਦ ਹੋ ਗਏ ਜਿਹੜੇ ਬੇਦਾਵਾ ਦੇ ਕੇ ਗਏ ਸੀ। ਉਥੇ ਸ਼ਹੀਦ ਹੋਏ ਇਕੱਲੇ-ਇਕੱਲੇ ਸਿੰਘ ਦੇ ਮੁਖ ਰੁਮਾਲ ਨਾਲ ਪੂੰਝਦੇ ਨੇ ਤੇ ਵਰ ਦਿੰਦੇ ਨੇ, ਪੰਜ ਹਜ਼ਾਰੀ, ਦਸ ਹਜ਼ਾਰੀ, ਵੀਹ ਹਜ਼ਾਰੀ, ਮੇਰਾ ਪੰਜਾਹ ਹਜ਼ਾਰੀ ਤੇ ਅਖੀਰ ਮਹਾਂਸਿੰਘ ਦੇ ਪਾਸ ਆਏ ਤਾਂ ਉਹ ਸਹਿਕਦਾ ਸੀ। ਮਹਾਰਾਜ ਨੇ ਜਲ ਮੂੰਹ 'ਚ ਪਾਇਆ ਤੇ ਬੋਲਣ ਦੀ ਸ਼ਕਤੀ ਦਿਤੀ। ਤਾਂ ਉਸ ਵੇਲੇ ਮਹਾਰਾਜ ਕਹਿੰਦੇ, ਮਹਾਂ ਸਿੰਘਾ! ਪਛਾਣਦੈਂ ਤੂੰ ਤਾਂ ਮੇਰਾ ਵੱਡਾ ਜਥੇਦਾਰ ਸੀ। ਦੱਸ ਤੈਨੂੰ ਮੈਂ ਕੀ ਦੇਵਾਂ, ਜੋ ਮੰਗਣਾ ਹੈ ਮੰਗ ਲੈ। ਜੇ ਤਾਂ ਇਸੇ ਜਨਮ 'ਚ ਰਾਜ ਕਰਨਾ ਹੈ ਤੂੰ ਤਾਂ ਤੈਨੂੰ ਰਾਜ਼ੀ ਕਰ ਦਿੰਦੇ ਹਾਂ। ਸਵਾਸ ਤੈਨੂੰ ਹੋਰ ਦਿਵਾ ਦਿੰਦੇ ਹਾਂ। ਬਿਨਾਂ ਸਵਾਸਾਂ ਤੋਂ ਸਤਿਗੁਰੂ ਜੀਉਂਦੇ ਰਖਦਾ ਹੈ।

***ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ ॥ ਅੰਗ - 277***

ਰਾਜ ਚਾਹੀਦਾ ਹੈ ਤਾਂ ਤੈਨੂੰ ਰਾਜ ਦਿਵਾ ਦਿੰਦਾ ਹਾਂ। ਦਸ ਕਿਹੜੀ ਚੀਜ਼ ਚਾਹੀਦੀ ਹੈ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੇਰੇ ਸਿੰਘਾਂ ਦਾ ਕਾਫਲਾ ਖੜ੍ਹਾ ਹੈ, ਧਰਮਰਾਜ ਦੇ ਜਾ ਨਹੀਂ ਸਕਦਾ, ਤੇ ਤੇਰਾ ਦਰਵਾਜ਼ਾ ਇਨ੍ਹਾਂ ਨੂੰ ਬੰਦ ਮਿਲ ਰਿਹਾ, ਕ੍ਰਿਪਾ ਕਰ, ਏਸ ਵੇਲੇ ਜੇ ਕੁਛ ਕਰਨਾ ਹੈ ਤਾਂ ਟੁੱਟੀ ਹੋਈ ਨੂੰ ਗੰਢ ਦੇ। ਅਸੀਂ ਜਾਨ ਨਾਲ, ਸਰੀਰ ਨਾਲ ਪਿਆਰ ਕਰਕੇ ਤੈਨੂੰ ਪਿੱਠ ਦੇ ਆਏ ਸੀ। ਔਖੇ ਸੀ, ਭੁੱਖ ਦਾ ਦੁੱਖ ਐਨਾ ਸੀ, ਕਿ ਇਕ ਘੜੀ ਲੰਘਣੀ ਔਖੀ ਹੋਈ ਪਈ ਸੀ। ਪਾਤਸ਼ਾਹ! ਅਸੀਂ ਡੋਲ ਗਏ ਸੀ।

ਉਸ ਵੇਲੇ ਮਹਾਰਾਜ ਦੇ ਨੇਤਰਾਂ 'ਚੋਂ ਜਲ ਜਾਣਾ ਸ਼ੁਰੂ ਹੋ ਗਿਆ। ਤ੍ਰਪ-ਤ੍ਰਪ ਉਹਦੇ ਮੱਥੇ 'ਤੇ ਹੰਝੂ ਗਿਰ ਰਹੇ ਨੇ। ਕਹਿਣ ਲੱਗੇ, ਮਹਾਂ ਸਿੰਘਾਂ! ਠੀਕ ਹੈ, ਪਰ ਮੇਰੇ ਹਿਰਦੇ 'ਚੋਂ ਤਾਂ ਤੁਸੀਂ ਨਹੀਂ ਗਏ। ਮੈਂ ਤਾਂ ਪਿਆਰ ਨਾਲ ਤੁਹਾਨੂੰ ਉਡੀਕਦਾ ਸੀ। ਸਭ ਕੁਛ ਛੱਡ ਆਇਆ ਮੈਂ, ਇਕ ਕਾਗਜ਼ ਜਿਹੜਾ ਤੁਸੀਂ ਲਿਖਿਆ ਸੀ ਉਹ ਮੈਂ ਲੱਕ ਨਾਲ ਬੰਨ੍ਹ ਕੇ ਰੱਖਿਆ ਹੋਇਆ, ਕਮਰਕੱਸੇ 'ਚ। ਕਿ ਪਤਾ ਨਹੀਂ ਮੇਰਾ ਸਿੱਖ ਕਦੋਂ ਆ ਜਾਵੇ, ਕਦੋਂ ਆ ਕੇ ਕਹਿ ਦੇਵੇ ਕਿ ਮੇਲ ਲੈ। ਫੇਰ ਮੈਂ ਕਿਵੇਂ ਮੇਲਾਂਗਾ। ਆਹੀ ਸੀ ਨਾ ਕਾਗਜ਼? ਕਹਿਣ ਲੱਗਿਆ, ਹਾਂ ਪਾਤਸ਼ਾਹ! ਆਹੀ ਸੀ। ਟੁਕੜੇ-ਟੁਕੜੇ ਕਰਕੇ ਹਵਾ 'ਚ ਉਡਾ ਦਿਤਾ, ਮਹਾਰਾਜ ਨੇ।

ਸੋ ਜਵਾਬ ਕੀਹਨੇ ਦਿਤਾ ਗੁਰੂ ਨੂੰ, ਸਿੱਖਾਂ ਨੇ ਦਿਤਾ। ਗੁਰੂ ਨੇ ਤਾਂ ਨਹੀਂ ਦਿਤਾ। ਗੁਰੂ ਦਾ ਤਾਂ ਦਰਵਾਜ਼ਾ ਖੁੱਲ੍ਹਾ ਹੈ, ਹਰ ਵਕਤ -

***ਜੋ ਸਰਣਿ ਆਵੈ ਤਿਸੁ ਕੰਠਿ ਲਾਵੈ***

*ਇਹੁ ਬਿਰਦੁ ਸੁਆਮੀ ਸੰਦਾ ॥ ਅੰਗ - 544*

ਕਿਉਂਕਿ ਜਿਹੜਾ ਸਤਿਗੁਰੂ ਹੈ ਉਹਦੀ ਸਿਫਤਾਂ ਹੁੰਦੀਆਂ ਨੇ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਨਿਰਵੈਰ ਨਿਰਾਲਾ ਜੀ,*
*ਸਤਿਗੁਰੂ ਪੁਰਖ ਅਗੰਮ ਹੈ।*
*ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।*
*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।*
*ਜੇਹਾ ਬੀਜੈ ਸੁ ਲੁਣੈ ਫਲ ਕਰਮ ਸਮਾਲਾ।*
*ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।*
*ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।*
*ਸੇਵਕ ਦਰਗਹ ਸੁਰਖਰੂ ਵੇਮੁਖੁ ਮੁਹ ਕਾਲਾ। ਭਾਈ ਗੁਰਦਾਸ ਜੀ, ਵਾਰ 34/1*

ਆਪ ਲਿਖਦੇ ਨੇ - 'ਸਤਿਗੁਰ ਪੁਰਖੁ ਅਗੰਮੁ ਹੈ' ਅਗੰਮ ਕਹਿੰਦੇ ਨੇ ਜਿਹਦੀ ਗੰਮਤਾ, ਜਿਹਦੀ ਲੀਲਾ ਨੂੰ ਜਾਣਿਆ ਨਾ ਜਾ ਸਕੇ। ਨਿਰਵੈਰ ਹੈ, ਨਿਰਾਲਾ ਹੈ। ਹਰ ਕੌਤਕ ਨਿਰਾਲੇ। ਹੁਣ ਜੇ ਕੋਈ ਹੋਰ ਹੁੰਦਾ ਉਹ ਕਹਿੰਦਾ ਜਦ ਤਾਂ ਤੁਸੀਂ ਮੈਨੂੰ ਛੱਡ ਗਏ ਸੀ, ਹੁਣ ਤੁਸੀਂ ਇਥੇ ਆਏ। ਕਹਿੰਦੇ, ਮਹਾਂ ਸਿੰਘਾ! ਗੁਰੂ ਦਾ ਬਿਰਦ ਹੈ। ਗੁਰੂ ਨਾ ਸਿੱਖ ਨੂੰ ਕਦੇ ਵੀ ਛੱਡੇਗਾ, ਜਦੋਂ ਵੀ ਛੱਡੇਗਾ ਸਿੱਖ ਛੱਡੇਗਾ। ਬਜ਼ੁਰਗ ਇਹ ਕਿਹਾ ਕਰਦੇ ਸੀ ਕਿ ਸਿੱਖਾ! ਤੈਨੂੰ 60 ਸਾਲ ਦੀ ਉਮਰ ਤਕ ਗੁਰੂ ਉਡੀਕ ਰਹੇ ਨੇ ਕਿ ਸ੍ਰੀ ਹਜ਼ੂਰ ਸਾਹਿਬ, ਤੇ ਤੂੰ ਜਾਹ। ਸਾਡੇ ਪੁਰਾਣੇ ਸਿੱਖ ਤੁਰ ਕੇ ਜਾਇਆ ਕਰਦੇ ਸੀ, ਹਜ਼ੂਰ ਸਾਹਿਬ ਨੂੰ। ਹੁਣ ਤਾਂ ਗੱਡੀਆਂ ਹੋ ਗਈਆਂ। ਕਿ ਤੇਰਾ ਇੰਤਜ਼ਾਰ ਕਰ ਰਹੇ ਹਨ। ਭਾਵਨਾ ਵਾਲਿਆਂ ਨੂੰ ਦਰਸ਼ਨ ਵੀ ਹੋ ਜਾਂਦੇ ਸੀ, ਭਾਵਨਾ ਵਾਲਿਆਂ ਨੂੰ ਇਥੇ ਵੀ ਦਰਸ਼ਨ ਹੋ ਜਾਂਦੇ ਨੇ। ਭਾਵਨਾ ਵਾਲੇ ਤਾਂ ਹਰ ਵਕਤ ਗੁਰੂ ਨਾਲ ਜੁੜੇ ਰਹਿੰਦੇ ਨੇ ਤੇ 60 ਸਾਲ ਤੋਂ ਪਹਿਲਾਂ-ਪਹਿਲਾਂ ਸਿੱਖ ਜ਼ਰੂਰ ਜਾਂਦਾ ਸੀ ਤੁਰ ਕੇ। ਬੜਾ ਰਸਤਾ ਸੀ, ਪੰਜ ਛੇ ਮਹੀਨੇ ਲਗ ਜਾਂਦੇ ਸੀ ਜਾਂਦਿਆਂ ਨੂੰ, ਆਉਂਦਿਆਂ ਨੂੰ, ਕੰਮਾਂ ਦੇ ਪਿਆਰੇ ਨਹੀਂ ਸੀ ਹੁੰਦੇ, ਗੁਰੂ ਦੇ ਪਿਆਰੇ ਸਿੱਖ ਸੀਗੇ। ਗੁਰੂ ਵਾਸਤੇ ਆਪਣੀਆਂ ਜਾਨਾਂ ਕੁਰਬਾਨ ਕਰ ਦਿੰਦੇ ਸੀ। ਤੁਹਾਡੇ 'ਚ ਸਾਧਸੰਗਤ ਜੀ ਮੈਂ ਦੇਖਦਾ ਹਾਂ ਕਿ ਬਹੁਤ ਪਿਆਰ ਹੈ ਗੁਰੂ ਦਾ। ਲੇਕਿਨ ਸਾਡੇ ਵਰਗੇ ਵੀ ਨੇ ਗੁਰੂ ਉਨ੍ਹਾਂ ਨੂੰ ਵੀ ਉਡੀਕਦੇ ਨੇ ਕਿ ਹੁਣ ਆਇਆ, ਹੁਣ ਆਇਆ। ਬਾਂਹਾਂ ਖੋਲ੍ਹ ਕੇ ਰਖਦੇ ਨੇ ਜਦ ਆ ਗਿਆ ਉਸੇ ਵੇਲੇ ਘੁੱਟ ਕੇ ਛਾਤੀ ਨਾਲ ਲਾ ਲੈਂਦਾ ਹੈ ਗੁਰੂ ਕੇ ਸਿੱਖਾ! ਐਨਾ ਚਿਰ ਤੂੰ ਦੂਰ ਰਿਹਾ ਮੇਰੇ ਤੋਂ। ਸ਼ਰਮਿੰਦਗੀ ਆਉਂਦੀ ਹੈ ਅੰਦਰ ਕਿ ਪਾਤਸ਼ਾਹ! ਤੇਰੇ ਨਾਲੋਂ ਜ਼ਿਆਦਾ ਮੈਂ ਸ਼ਰਾਬ ਦੀ ਬੋਤਲ ਨੂੰ ਪਿਆਰ ਕਰਦਾ ਰਿਹਾ, ਮੈਨੂੰ ਪਤਾ ਨਹੀਂ ਸੀ ਕਿ ਤੂੰ ਐਨਾ ਪਿਆਰਾ ਹੈਂ। ਉਹਨੇ ਮੇਰੇ ਹੱਡ ਗਾਲ ਦਿਤੇ। ਹੁਣ ਆ ਗਿਆ

ਮੈਂ ਤੇਰੀ ਸ਼ਰਨ। ਹੁਣ ਵੀ ਮੈਨੂੰ ਰੱਖ ਲਏਂਗਾ? ਮਹਾਰਾਜ ਕਹਿੰਦੇ ਨੇ –

*ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥*
*ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥*

*ਅੰਗ – 726*

ਅਜੇ ਕੁਛ ਨਹੀਂ ਵਿਗੜਿਆ। ਕਿੰਨੇ ਕੁ ਸਵਾਸ ਬਾਕੀ ਨੇ। ਹੁਣ ਤੋਂ ਲਗ ਜਾ ਵਾਹਿਗੁਰੂ-ਵਾਹਿਗੁਰੂ ਕਰਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ 'ਚ ਆ ਜਾ, ਪਾਤਸ਼ਾਹ! ਮੈਨੂੰ ਬਖਸ਼, ਮੇਰੇ ਤੋਂ ਭੁੱਲ ਹੋ ਗਈ। ਮੈਂ ਜਪੁਜੀ ਸਾਹਿਬ ਨਹੀਂ ਪੜ੍ਹਦਾ, ਨਿੰਦਿਆ ਕਰਨ ਲੱਗ ਗਿਆ। ਮੈਨੂੰ ਪਤਾ ਸੀ ਕਿ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ – 755*

ਕੀ ਮੈਨੂੰ ਮਹਾਰਾਜ ਬਖਸ਼ ਦੇਣਗੇ? ਮਹਾਰਾਜ ਕਹਿੰਦੇ, ਜਪੁਜੀ ਸਾਹਿਬ ਪੜ੍ਹਿਆ ਕਰ ਬਖਸ਼ਿਆ ਜਾਏਂਗਾ। ਕੋਈ ਗੱਲ ਨਹੀਂ, ਪੁੱਤਰ ਤੂੰ ਆ ਤਾਂ ਸਈ। ਮਾਂ ਦੇ ਕੋਲ ਆ ਜਾ, ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਮਾਤਾ ਯਾਦ ਨਾ ਰਖਦੀ, ਔਗੁਣ ਪੁੱਤਰਾਂ ਦੇ।*

*ਸੁਤੁ ਅਪਰਾਧ ਕਰਤ ਹੈ ਜੇਤੇ ॥*
*ਜਨਨੀ ਚੀਤਿ ਨ ਰਾਖਸਿ ਤੇਤੇ ॥* *ਅੰਗ – 478*

ਇਕ ਵੀ ਔਗੁਣ ਨਹੀਂ ਮਾਂ ਯਾਦ ਰਖਦੀ। ਮੇਰੇ ਕੋਲ ਆਉਂਦੀਆਂ ਨੇ ਬੀਬੀਆਂ ਕਿ ਮੇਰਾ ਪੁੱਤਰ ਇਸ ਤਰ੍ਹਾਂ ਕਰਦਾ ਹੈ, ਦੁਖੀ ਕਰਦਾ ਹੈ ਮੈਨੂੰ ਬਹੁਤ, ਪਰ ਹੈ ਬੜਾ ਚੰਗਾ ਬਹੁਤ, ਨਾਲ ਹੀ ਕਹਿ ਦਿੰਦੀਆਂ ਨੇ। ਕਿ ਕਿਤੇ ਉਲਟੀ-ਫੁਲਟੀ ਗੱਲ ਨਾ ਕਹਿ ਦੇਣ। ਪੁੱਤਰ ਦਾ ਖਿਆਲ ਸੰਤਾਂ ਕੋਲ ਜਾ ਕੇ ਵੀ ਰਖਦੀਆਂ ਨੇ। ਕੋਈ ਬਚਨ ਨਾ ਐਸਾ ਕਰ ਦੇਣ। ਪੁੱਤਰ ਕਿੱਡਾ ਹੀ ਗੁਨਹਗਾਰ ਹੋਵੇ, ਕਦੇ ਨਹੀਂ ਚਾਹੇਗੀ ਕਿ ਉਸਨੂੰ ਕੋਈ ਕਹਿ ਦੇਵੇ ਉਹ ਮਰ ਜਾਏ, ਆਪ ਮਰ ਜਾਏਗੀ। ਸੋ ਇਸੇ ਤਰ੍ਹਾਂ ਗੁਰੂ ਦਾ ਰਿਸ਼ਤਾ ਹੈ ਸਿੱਖ ਨਾਲ ਸਾਧਸੰਗਤ ਜੀ। ਗੁਰੂ ਨਹੀਂ ਦਰਵਾਜ਼ਾ ਬੰਦ ਕਰਦਾ, ਸਿੱਖ ਨੱਠ ਜਾਂਦਾ ਹੈ। ਜਦੋਂ ਸਿੱਖ ਨੂੰ ਸੋਝੀ ਆ ਜਾਏ, ਗੁਰੂ ਦਾ ਦਰਵਾਜ਼ਾ ਹਰ ਵਕਤ ਖੁੱਲ੍ਹਾ ਹੈ।

ਕਹੋ ਗੁਰੂ ਸਾਹਿਬ ਨੂੰ ਕਿ ਪਾਤਸ਼ਾਹ! ਅਸੀਂ ਸ਼ਰਾਬ ਦੀਆਂ ਬੋਤਲਾਂ 'ਚ ਲੱਗ ਗਏ, ਬਖਸ਼ ਦੇ ਸਾਨੂੰ, ਛੁਡਾ ਦੇ ਸਾਡੀ। ਅਸੀਂ ਜਾਨਵਰ ਮਾਰ-ਮਾਰ ਕੇ ਖਾਣ ਲਗ ਗਏ, ਤੇਰਾ ਹੁਕਮ ਸੀ –

*ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥*
*ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥* *ਅੰਗ – 1374*

ਪਹਿਲਾਂ ਮਾਰਦੇ ਹਾਂ ਫੇਰ ਆਪਣਾ ਮਾਸ ਉਨ੍ਹਾਂ ਨੂੰ ਖਲਾਵਾਂਗੇ। ਕੀ ਹੱਕ ਹੈ ਕਿਸੇ ਮਨੁੱਖ ਦੇ ਕੋਲ ਕਿ ਜੀਵ ਦੀ ਜਾਨ ਲਵੇ, ਜੇ ਉਹਨੂੰ ਜਾਨ ਦੇ ਨਹੀਂ ਸਕਦਾ, ਉਹਦੀ ਜਾਨ ਲੈਣ ਦਾ ਕੀ ਹੱਕ ਹੈ। ਜੇ ਕਹਿੰਦੇ ਨੇ ਕਿ ਮੁਕਤ ਕਰਦੇ ਹਾਂ ਮਾਰ ਕੇ ਜੀਵਾਂ ਨੂੰ। ਮੁਕਤੀ ਤਾਂ ਤੇਰੀ ਹੀ ਨਹੀਂ ਹੋਈ ਅਜੇ, ਨਰਕਾਂ 'ਚ ਜਾਣ ਨੂੰ ਤਿਆਰ ਹੋਇਆ-ਹੋਇਆਂ ਹੈਂ, ਜਾਨਵਰਾਂ ਦੀ ਕੀ ਮੁਕਤੀ ਕਰ ਦਏਂਗਾ। ਪਾਪਾਂ ਦੇ ਪੱਥਰ ਹੋਰ ਨਾਲ ਬੰਨ੍ਹ ਲਏਂਗਾ। ਨਾ ਸੁਣ ਇਤਿਹਾਸ ਦੀਆਂ ਗੱਲਾਂ, ਲੋਕਾਂ ਦੀਆਂ ਲਿਖੀਆਂ ਹੋਈਆਂ ਗੱਲਾਂ ਨੇ, ਗੁਰਬਾਣੀ ਦੇ ਲੜ ਲਗ ਜਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ, ਉਨ੍ਹਾਂ ਦੀ ਗੱਲ ਮੰਨ। ਜਦੋਂ ਮੰਨ ਲਏਂਗਾ ਗੁਰੂ ਉਸੇ ਵੇਲੇ ਬਰਕਤਾਂ ਦੇ ਦਏਗਾ, ਨਿਹਾਲ ਕਰ ਦਏਗਾ ਦਾਤਾਂ ਦੇ-ਦੇ ਕੇ। ਜੇ ਕਹੋ, ਜੀ ਜਿਹੜੇ ਪਹਿਲਿਆਂ ਕੋਲ ਨੇ ਉਹ ਤਾਂ ਖਾਂਦੇ ਨੇ ਪੀਂਦੇ ਨੇ। ਓ ਭਾਈ! ਦਿੱਤਾ ਤਾਂ ਸੀ ਗੁਰੂ ਨੇ ਲੇਕਿਨ ਮਨਮੁਖ ਬਣ ਗਏ -

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ - 676***

ਸੋ ਗੁਰੂ ਦੀ ਕ੍ਰਿਆ ਨਿਰਾਲੀ ਹੁੰਦੀ ਹੈ। ਆਮ ਆਦਮੀਆਂ ਵਰਗਾ ਨਹੀਂ ਹੁੰਦਾ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਫੁਰਮਾਨ ਕਰਦੇ ਨੇ ਕਿ - ' ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ।' ਵੈਰ ਨਹੀਂ ਗੁਰੂ ਦਾ ਕਿਸੇ ਨਾਲ ਵੀ। ਸਤਿਗੁਰੂ ਸਭ ਦਾ ਭਲਾ ਮਨਾਉਂਦਾ ਹੈ। ਜਿੰਨਾ ਸੰਸਾਰ ਹੈ ਸਭ ਦਾ ਭਲਾ ਮਨਾਉਂਦਾ ਹੈ। ਸਤਿਗੁਰੂ ਨੇ ਪੱਕਾ ਸਬਕ ਦੇ ਦਿਤਾ ਕਿ ਰੋਜ਼ ਬੋਲ ਕੇ ਕਹੋ ਸਾਰੇ -

***ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।***

ਹੇ ਵਾਹਿਗੁਰੂ ਸਭ ਦਾ ਭਲਾ ਕਰ, ਪਾਕਿਸਤਾਨ ਦਾ ਵੀ, ਰਾਜਸਥਾਨ ਦਾ ਵੀ, ਈਰਾਨ ਦਾ ਵੀ, ਯੂਰਪ ਦਾ ਵੀ, ਬੰਗਲਾ ਦੇਸ਼ ਦਾ ਵੀ, ਹਿੰਦੂ, ਮੁਸਲਮਾਨ, ਈਸਾਈ ਸਭ ਦਾ ਭਲਾ ਕਰ। ਸਾਡੇ ਗੁਰੂ ਨੇ ਸਾਨੂੰ ਸਿਖਸ਼ਾ ਦਿਤੀ ਹੈ ਕਿ ਸਰਬੱਤ ਦੇ ਭਲੇ ਦੀ। ਭਲਾ ਮੰਗੋ, ਬੁਰਾ ਨਾ ਮੰਗੋ। ਜੇ ਬੁਰਾ ਮੰਗਾਂਗੇ, ਪਹਿਲਾਂ ਆਪਣਾ ਬੁਰਾ ਹੁੰਦਾ ਹੈ। ਇਹ ਸਾਇੰਟੇਫਿਕ ਗੱਲ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਿਰਵੈਰ ਹੈ ਬੁਰਾ ਨਹੀਂ ਕਿਸੇ ਦਾ ਮੰਗਦਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜਦੋਂ ਸ੍ਰੀ ਅਨੰਦਪੁਰ ਸਾਹਿਬ ਘਿਰੇ ਹੋਏ ਸੀ। ਦਸ ਲੱਖ ਫੌਜ ਪੰਜਾਬ ਦੇ ਵਿਚ ਸਾਰੇ ਥਾਵਾਂ 'ਤੇ ਲੱਗੀ ਹੋਈ ਸੀ। ਜਿਵੇਂ ਹੁਣ ਪੰਜਾਬ 'ਤੇ ਹੱਲਾ ਹੋਇਆ ਸੀ, ਚਾਰ ਲੱਖ ਬੰਦਾ ਭੇਜਿਆ ਸੀ ਇਨ੍ਹਾਂ ਨੇ, 1984 'ਚ। ਕੋਈ ਨਿਕਲ ਹੀ ਨਹੀਂ ਸੀ ਸਕਦਾ। ਸਾਰੇ ਕਰਫਿਊ ਲੱਗ ਗਿਆ, ਅੰਦਰ ਹੀ ਬੈਠੇ ਰਹੇ ਸਾਰੇ।

ਕੋਈ ਸਿੱਖ ਸ੍ਰੀ ਅਨੰਦਪੁਰ ਸਾਹਿਬ, ਓਦੋਂ ਦਸ ਲੱਖ ਬੰਦਾ ਲਾਇਆ ਹੋਇਆ ਸੀ ਥਾਂ-ਥਾਂ, ਪੁਲੀਆਂ 'ਤੇ, ਰਸਤਿਆਂ 'ਤੇ, ਖੇਤਾਂ 'ਤੇ, ਬੰਦੇ ਹੀ

ਬੰਦੇ ਸੀ, ਕੋਈ ਲੰਘ ਨਾ ਜਾਵੇ ਕੋਈ ਪਿੰਡ ਤੋਂ। ਗੁਰੂ ਦੇ ਸਿੱਖ ਕਿਤੇ ਥੋੜ੍ਹੇ ਸੀਗੇ, ਲੱਖਾਂ ਦੀ ਤਾਦਾਦ 'ਚ ਸੀ। ਲੇਕਿਨ ਰੋਕ ਲਏ ਥਾਂ-ਥਾਂ 'ਤੇ। ਮਹਾਰਾਜ ਜੀ ਤੱਕ ਪਹੁੰਚ ਨਾ ਸਕੇ। ਓਹੀ ਸਿੱਖ ਜਦੋਂ ਬੰਦਾ ਬਹਾਦਰ ਆਇਆ ਹੈ, ਫਟਾਫਟ ਇਕੱਠੇ ਹੋ ਕੇ ਮਾਝੇ ਦੇ, ਮਾਲਵੇ ਦੇ, ਦੁਆਬੇ ਦੇ, ਜੱਟਾਂ ਦੇ ਸਾਰੇ ਇਕੱਠੇ ਹੋ ਸਰਹਿੰਦ ਕਿਵੇਂ ਮਾਰ ਲਈ, ਥੋੜ੍ਹੇ ਜਿਹੇ ਘੰਟਿਆਂ 'ਚ ਹੀ ਮਾਰ ਲਈ।

ਸੋ ਜਦੋਂ ਬਹੁਤ ਘੇਰਾ ਪਿਆ ਹੋਇਆ ਸੀ ਸਾਧਸੰਗਤ ਜੀ, ਤਾਂ ਇਕ ਦਿਨ ਮਹਾਰਾਜ ਜੀ ਦੇ ਕੋਲ ਸਿੱਖ ਇਕ ਡੋਲੀ ਚੁੱਕ ਕੇ ਲੈ ਆਏ। ਮਹਾਰਾਜ ਜੀ ਨੇ ਪੁੱਛਿਆ ਕਿ ਇਹ ਡੋਲੀ ਕੀਹਦੀ ਹੈ ਭਾਈ? ਕਹਿੰਦੇ, ਜੀ ਇਥੇ ਜਿਹੜਾ ਜਰਨੈਲ ਲੜਨ ਵਾਸਤੇ ਆਇਆ ਹੈ, ਉਹਦੀ ਘਰਵਾਲੀ ਹੈ। ਇਹ ਸਾਡੀਆਂ ਧੀਆਂ-ਭੈਣਾਂ ਦੀ ਬੇਇਜ਼ਤੀ ਕਰਦੇ ਨੇ। ਅਸੀਂ ਹੁਕਮ ਮੰਗਦੇ ਹਾਂ ਤੁਹਾਡੇ ਤੋਂ ਕਿ ਅਸੀਂ ਕੀ ਕਰੀਏ ਇਹਦਾ। ਮਹਾਰਾਜ ਕਹਿੰਦੇ ਨਾ ਤੁਸੀਂ ਕੋਈ ਦਰਿੰਦੇ ਓਂ? ਤੁਸੀਂ ਤਾਂ ਦੇਵਤਿਆਂ ਤੋਂ ਵੀ ਉਪਰ ਓਂ, ਤੁਹਾਨੂੰ ਤਾਂ ਪਾਤਸ਼ਾਹ ਬਣਾਇਆ ਹੈ, ਪਾਤਸ਼ਾਹ ਦਾ ਕੰਮ ਹੁੰਦਾ ਹੈ ਕਿ ਸਾਰਿਆਂ ਦੀ ਇੱਜ਼ਤ ਦੀ ਰਾਖੀ ਕਰਨੀ।

ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਜਦੋਂ 1857 ਵਿਚ, ਉਸ ਵੇਲੇ ਆਪ ਫੌਜ ਵਿਚ ਸੀਗੇ। ਉਸ ਵੇਲੇ ਛੁੱਟੀ ਦੇ ਦਿਤੀ ਅੰਗਰੇਜ਼ ਨੇ ਕਿ ਦਿਲੀ ਲੁੱਟ ਲਓ ਜਿਹਨੂੰ ਲੁੱਟ ਹੁੰਦਾ ਹੈ, ਜਿਹਦੀ ਇੱਜ਼ਤ ਲੁੱਟੀ ਜਾਂਦੀ ਹੈ ਲੁੱਟ ਲਓ। ਦਰਿੰਦੇ ਹੋ ਗਏ ਫੌਜੀ ਜਿਹੜੇ ਸੀ, ਪਾਗਲ ਬਣ ਗਏ ਤੇ ਬਾਬਾ ਜੀ ਇਕ ਘਰ ਦੇ ਅੱਗੇ ਖੜ੍ਹੇ ਨੇ। ਉਹ ਘਰ ਐਨਾ ਅਮੀਰ ਸੀ ਕਿ ਉਨ੍ਹਾਂ ਦੀਆਂ ਬੀਬੀਆਂ ਨੇ ਕਦੇ ਦੇਖਿਆ ਹੀ ਨਹੀਂ ਸੀ ਬਾਹਰ ਪੈਰ ਧਰ ਕੇ। ਜਦੋਂ ਆਪ ਜਾ ਰਹੇ ਨੇ ਘੋੜੇ 'ਤੇ ਤਾਂ ਇਕ ਬੀਬੀ ਨੇ ਤਰਲਾ ਲਿਆ, ਕਹਿਣ ਲੱਗੀ, ਬਾਬਾ! ਅਸੀਂ ਅੱਲਾਹ ਤਾਲਾ ਨੂੰ ਮੰਨਣ ਵਾਲੀਆਂ ਹਾਂ, ਅੱਜ ਅੰਗਰੇਜ਼ ਨੇ ਹੁਕਮ ਦੇ ਦਿਤਾ ਕਿ ਲੁੱਟ ਲਓ, ਸਾਡੀ ਇੱਜ਼ਤ ਦਾ ਰਾਖਾ ਕੋਈ ਨਹੀਂ ਰਿਹਾ। ਕ੍ਰਿਪਾ ਕਰ ਕੇ ਕਿਸੇ ਤਰੀਕੇ ਨਾਲ ਸਾਨੂੰ ਬਚਾ ਲਵੋ। ਬਾਬਾ ਜੀ ਖੜ੍ਹ ਗਏ ਉਨ੍ਹਾਂ ਦੇ ਘਰ ਦੇ ਮੂਹਰੇ, ਜਿਹੜਾ ਵੀ ਆਵੇ ਉਹਨੂੰ ਕਹਿਣ ਕਿ ਵੱਡੇ ਸਾਹਿਬ ਦਾ ਹੁਕਮ ਹੈ, ਇਥੇ ਨਹੀਂ ਕਿਸੇ ਨੇ ਜਾਣਾ। ਬਥੇਰਿਆਂ ਨੇ ਕਿਹਾ ਕਿ ਬਾਬਾ, ਲੁੱਟ ਲੈ ਤੂੰ ਵੀ। ਪੁਸ਼ਤਾਂ ਦੇ ਵਾਸਤੇ ਘਰ ਭਰ ਲੈ। ਕੁਝ ਨਹੀਂ। ਲੁੱਟਣ ਵਾਲਿਆਂ ਨੂੰ ਵੀ ਹਟਾਉਂਦੇ ਰਹੇ, ਉਪਦੇਸ਼ ਦੇ-ਦੇ ਕੇ ਕਿ ਨਾ ਪ੍ਰੇਮੀਓਂ! ਇਸ ਤਰ੍ਹਾਂ ਨਾ ਕਰੋ। ਕਿੱਡੀ ਵੱਡੀ ਕ੍ਰਿਆ ਸੀ ਉਨ੍ਹਾਂ ਦੀ। ਅੱਗ ਲੱਗੀ ਹੋਈ ਹੈ, ਵਿਚੋਂ ਆਪ ਬਾਹਰ ਕੱਢ ਰਹੇ ਨੇ ਮੁਸਲਮਾਨਾਂ ਨੂੰ।

ਵੈਰ ਨਹੀਂ ਸੀ ਕਰਦੇ ਕਿਸੇ ਨਾਲ। ਮਹਾਰਾਜ ਕਹਿੰਦੇ ਗੁਰਸਿੱਖੋ! ਗੁਰੂ ਨਾਨਕ ਤਾਂ ਸਾਰਿਆਂ ਦਾ ਸਾਂਝਾ ਹੈ। ਕਹਿੰਦੇ, ਤੁਸੀਂ ਬੀਬੀ ਨੂੰ ਡੋਲੀ

'ਚੋਂ ਪਰਦਾ ਚੁੱਕ ਕੇ ਤਾਂ ਨਹੀਂ ਦੇਖਿਆ, ਕਹਿੰਦੇ ਨਹੀਂ ਮਹਾਰਾਜ। ਕਹਿੰਦੇ, ਫੇਰ ਤੁਸੀਂ ਸਿੱਖੀ ਕਮਾ ਲਈ –

*ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥*

***ਭਾਈ ਗੁਰਦਾਸ ਜੀ 29/11***

*ਪਰਨਾਰੀ ਕੀ ਸੇਜ, ਭੂਲਿ ਸੁਪਨੇ ਹੂੰ ਨ ਜੈਯਹੁ॥*

***ਰੂਪਕੁਅਰ ਪ੍ਰਥਾਇ, ਪਾਤਸ਼ਾਹੀ 10***

ਠੀਕ ਹੈ ਤੁਸੀਂ ਬਾਣੀ ਕਮਾਈ। ਮਹਾਰਾਜ ਨੇੜੇ ਗਏ ਕਹਿਣ ਲੱਗੇ ਬੇਟੀ! ਤੂੰ ਫਿਕਰ ਨਾ ਕਰ, ਤੂੰ ਪਿਤਾ ਦੇ ਘਰ ਪਹੁੰਚ ਗਈ ਹੈਂ, ਪੇਕੇ ਘਰ ਪਹੁੰਚ ਗਈ ਹੈਂ, ਹੁਣ ਤੂੰ ਆਪਣਾ ਝਉਲਾ ਲਾਹ ਦੇ, ਆਹ ਜੰਗ ਦਾ ਕੰਮ ਥੋੜ੍ਹਾ ਜਿਹਾ ਠੰਢਾ ਹੋਏਗਾ। ਤੈਨੂੰ ਭੇਜ ਦੇਵਾਂਗੇ। ਅੰਦਰ ਮਾਤਾ ਜੀ ਦੇ ਕੋਲ ਭੇਜ ਦਿਤੀ, ਮਾਤਾ ਸੁੰਦਰੀ ਜੀ, ਮਾਤਾ ਗੁਜਰੀ ਜੀ। ਕਹਿੰਦੇ, ਮਾਤਾ ਇਹ ਸਾਡੀ ਬੇਟੀ ਆਈ ਹੈ ਇਹਨੂੰ ਇੱਜ਼ਤ ਤੇ ਸਤਿਕਾਰ ਨਾਲ ਰੱਖਣਾ ਹੈ, ਕਮਰਾ ਦੇ ਦਿਤਾ। ਐਨਾ ਪਿਆਰ ਕਰਿਆ ਉਸ ਨਾਲ ਉਹ ਸਾਰੇ ਦੁੱਖ ਭੁੱਲ ਗਈ। ਅੰਦਰੋਂ ਅੰਦਰ ਕਹਿੰਦੀ ਹੈ ਕਿ ਸਾਡੇ ਕੋਲ ਤਾਂ ਇਹ ਦਸਦੇ ਹਨ ਕਿ ਗੁਰੂ ਦਸਵੇਂ ਪਾਤਸ਼ਾਹ ਦੇ ਸਿੱਖ ਬੜੇ ਦਰਿੰਦੇ ਨੇ ਤੇ ਸਾਡੇ ਸਿਪਾਹੀ ਵੀ ਇਸ ਕਰਕੇ ਲੜ ਰਹੇ ਨੇ ਬਹੁਤੇ। ਇਹ ਤਾਂ ਫਰਿਸ਼ਤੇ ਕਿੱਥੋਂ ਆ ਗਏ, ਇਹ ਇਕ-ਇਕ ਫਰਿਸ਼ਤਾ ਹੈ। ਇਹ ਖ਼ੁਦਾਵੰਦ ਤਾਲਾ ਕਿੱਥੋਂ ਆ ਗਿਆ ਧਰਤੀ 'ਤੇ। ਉਸ ਵੇਲੇ ਜੰਗ ਥੋੜ੍ਹਾ ਜਿਹਾ ਮੱਧਮ ਹੋਇਆ, ਦੂਸਰਾ ਦਿਨ ਹੋਇਆ, ਤੀਸਰਾ ਦਿਨ ਹੋਇਆ, ਮਹਾਰਾਜ ਨੇ ਇਕ ਸਿੰਘ ਨੂੰ ਭੇਜਿਆ ਚਿੱਠੀ ਦੇ ਕੇ ਕਿ ਜਾਓ ਉਨ੍ਹਾਂ ਨੂੰ ਖਬਰ ਕਰ ਦਿਓ ਕਿ ਫਿਕਰ ਨਾ ਕਰਨ, ਬੀਬੀ ਸਾਡੇ ਕੋਲ ਹੈ। ਉਸ ਵੇਲੇ ਮਹਾਰਾਜ ਨੇ ਜਿਵੇਂ ਕੁੜੀਆਂ ਵਿਦਾ ਕਰੀਦੀਆਂ ਨੇ, ਸਹੁਰਿਆਂ ਨੂੰ ਜਾਂਦਿਆਂ ਨੂੰ, ਹੀਰੇ ਜਵਾਹਰਾਤ ਡੱਬਾ ਭਰ ਕੇ ਦਿਤਾ ਕਿ ਲੈ ਬੇਟੀ! ਆਹ ਤੈਨੂੰ ਅਸੀਂ ਸ਼ਗਨ ਦਿੰਦੇ ਹਾਂ। ਜਿਸ ਵਕਤ ਉਹ ਵਾਪਸ ਗਈ ਉਹਨੇ ਜਾ ਕੇ ਦੱਸਿਆ, ਵੱਡੇ ਜਰਨੈਲ ਨੂੰ ਕਿ ਤੁਸੀਂ ਅੱਲਾਹ ਤਾਲਾ ਨਾਲ ਯੁੱਧ ਕਰ ਰਹੇ ਓਂ? ਕਿੱਡਾ ਵੱਡਾ ਚਰਿੱਤਰ ਹੈ ਉਨ੍ਹਾਂ ਦੇ ਸਿੱਖਾਂ ਦੇ ਅੰਦਰ, ਉਹ ਤਾਂ ਫਰਿਸ਼ਤੇ ਜ਼ਮੀਨ 'ਤੇ ਆਏ ਹੋਏ ਨੇ। ਕਾਜ਼ੀ ਨੂਰਦੀਨ, ਜਿਸ ਵਕਤ ਜੱਸਾ ਸਿੰਘ ਆਹਲੂਵਾਲੀਏ ਦੀ ਕਮਾਂਡ ਸੀ। ਅਹਿਮਦਸ਼ਾਹ ਅਬਦਾਲੀ ਨੇ ਛੋਟਾ ਘੱਲੂਘਾਰਾ ਕਰਿਆ, ਦੋ ਲੱਖ ਫੌਜ ਲੈ ਕੇ ਆਇਆ। ਲਾਹੌਰ ਹੈ। ਸਿੰਘਾਂ ਨੂੰ ਪਤਾ ਲਗ ਗਿਆ ਕਿ ਲਾਹੌਰ ਹੈ, ਇਹ ਗੁਜਰਵਾਲ ਬੈਠੇ ਸੀ ਲੁਧਿਆਣੇ ਕੋਲ। ਕਹਿਣ ਲੱਗੇ ਕਿ ਸਵੇਰੇ ਚੱਲ ਚਲਾਂਗੇ, ਅਜੇ ਤਾਂ ਲਾਹੌਰ ਬੜੀ ਦੂਰ ਹੈ। ਉਸ ਨੇ ਰਾਤੋ ਰਾਤ ਹਮਲਾ ਕਰ ਦਿਤਾ, ਸਵੇਰੇ ਦਿਨ ਚੜ੍ਹਦਿਆਂ ਨੂੰ ਆ ਕੇ ਘੇਰ ਲਿਆ, ਅਜੇ ਤਿਆਰੀਆਂ ਕਰਦੇ ਸੀ। ਉਧਰਲੇ ਪਾਸੋਂ ਫੌਜਾਂ ਮਲੇਰਕੋਟਲੇ ਦੀਆਂ ਚੜ੍ਹ ਗਈਆਂ। ਦੋ ਲੱਖ ਤੋਂ ਉਤੇ ਫੌਜ ਸੀ। ਸਿੰਘ 30 ਹਜ਼ਾਰ ਸੀ। 30 ਹਜ਼ਾਰ ਦੇ ਵਿਚ ਵਿਚੇ ਬੱਚੇ, ਬੀਬੀਆਂ, ਬਿਰਧ, ਵਿਚੇ ਜਵਾਨ, ਵਿਚੇ ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਸੀ। ਪੁਸਤਕਾਂ ਸੀ ਸਾਰੀਆਂ, ਵਿਚੇ ਖਜ਼ਾਨਾ ਸੀ। ਸਿੰਘਾਂ ਨੇ ਗੋਲ ਚੱਕਰ ਕਰ ਲਿਆ, ਗੋਲ ਘੇਰਾ ਪਾ ਕੇ ਨਾਲੇ ਤਾਂ ਗੱਡੇ ਤੁਰਦੇ ਜਾਣ, ਇਹ ਵੀ ਨਾਲ ਦੀ ਨਾਲ ਤੁਰਦੇ ਜਾਣ, ਵਾਰੀ-ਵਾਰੀ ਫੌਜ ਸਾਮ੍ਹਣੇ ਆ ਕੇ ਲੜਦੀ ਜਾਵੇ। ਬੇਅੰਤ ਸਿੰਘ ਸ਼ਹੀਦ ਹੋਣੇ ਸ਼ੁਰੂ ਹੋ ਗਏ। ਉਸ ਵੇਲੇ ਅਹਿਮਦਸ਼ਾਹ ਅਬਦਾਲੀ ਨੇ ਤਿੰਨ ਹੱਲੇ ਕਰੇ ਕਿ ਮੈਂ ਘੇਰਾ ਤੋੜ ਦੇਵਾਂ, ਘੇਰਾ ਨਾ ਟੁੱਟਿਆ। ਏਧਰ ਚੜ੍ਹਤ ਸਿੰਘ ਮਹਾਰਾਜਾ ਰਣਜੀਤ ਸਿੰਘ ਦਾ ਬਾਬਾ ਉਹਨੇ ਘੋੜਾ ਸਰਪਟ ਦੌੜਾਇਆ ਜਾ ਕੇ ਜਿੱਥੇ ਅਹਿਮਦਸ਼ਾਹ ਲੜਦਾ ਸੀ ਉਥੇ ਆਵਾਜ਼ ਮਾਰੀ ਕਹਿਣ ਲੱਗਿਆ, ਆਹ ਤੂੰ ਮੇਰੇ ਨਾਲ ਸਿੱਧੀ ਲੜਾਈ ਕਰ, ਘੋੜੇ ਤੋਂ ਹਾਥੀ ਦੇ ਮੱਥੇ ਨਾਲ ਦੋਵੇਂ ਪੈਰ ਲਾ ਲਏ। ਇਹਨੇ ਬਰਛਾ ਮਾਰਿਆ, ਉਹ ਡਰਦਾ ਮਾਰਿਆ ਹੌਦੇ 'ਚ ਹੀ ਬਹਿ ਗਿਆ। ਤਿੰਨ ਵਾਰੀ ਕਹਿਆ। ਕਹਿੰਦੇ, ਜੇ ਹਿੰਮਤ ਹੈ ਤੇਰੇ 'ਚ, ਮਰਦ ਕਹਾਉਂਦਾ ਹੈਂ ਤਾਂ ਬਾਹਰ ਖੁਲ੍ਹੇ ਮੈਦਾਨ 'ਚ ਆ ਕੇ ਲੜ। ਤੇ 27000 ਸਿੰਘ ਘੇਰਾ ਟੁੱਟਣ ਤੋਂ ਬਾਅਦ ਮਾਰਿਆ ਗਿਆ, ਸਾਰੇ ਬੱਚੇ, ਸਾਰੀਆਂ ਬੀਬੀਆਂ, ਸਾਰੇ ਬਿਰਧ, ਸਾਰੇ ਜੱਟ, ਸਿਰਫ ਢਾਈ ਹਜ਼ਾਰ ਬੰਦਾ ਬਚਿਆ। ਕੁਤਬਾ ਪਿੰਡ ਹੈ ਉਥੇ ਢਾਬ ਦੇ ਪਰਲੇ ਪਾਸੇ ਸਿੰਘ ਪਾਣੀ ਪਿਲਾਈ ਜਾਂਦੇ ਨੇ ਘੋੜਿਆਂ ਨੂੰ, ਉਰਲੇ ਪਾਸੇ ਉਹ ਪਿਲਾਈ ਜਾਂਦੇ ਨੇ। ਐਨੀ ਪਿਆਸ ਲੱਗੀ ਹੋਈ ਸਵੇਰੇ ਦੇ ਲੜਦਿਆਂ ਨੂੰ। ਅਹਿਮਦ ਸ਼ਾਹ ਦੇ ਐਨੀ ਹਿੰਮਤ ਨਹੀਂ ਪਈ ਕਿ ਉਸ 2500 ਬੰਦਿਆਂ ਨੂੰ ਘੇਰ ਲਵੇ, ਕਹਿੰਦਾ, ਹੁਣ ਤਾਂ ਥੋੜ੍ਹੇ ਹੀ ਰਹਿ ਗਏ ਆਪੇ ਮਰ ਜਾਣਗੇ। ਇਹ ਸਿੰਘ ਗਏ ਤੇ ਜਾ ਕੇ ਫੱਟਾਂ 'ਤੇ ਕੁਛ ਲਾਇਆ ਤੇ ਜ਼ਖਮ ਦੂਰ ਹੋ ਗਏ। ਦੂਜੇ ਛੇ ਮਹੀਨੇ ਤੋਂ ਬਾਅਦ ਇਹਨੇ ਫੇਰ ਹਮਲਾ ਕਰਿਆ, ਖਬਰਾਂ ਆਈਆਂ ਕਿ ਸਿੰਘ ਤਾਂ ਫੇਰ ਤਕੜੇ ਹੋ ਗਏ। ਜਿਸ ਵਕਤ ਹੱਲਾ ਕਰਿਆ ਤਾਂ ਸਿੰਘ ਪੰਜਾਹ ਹਜ਼ਾਰ ਦੇ ਕਰੀਬ ਹੋ ਗਏ। ਅੰਮ੍ਰਿਤ ਛਕਾ ਦਿਤਾ ਸਭ ਨੂੰ। ਸਿੰਘ ਦਾ ਕੀ ਹੈ ਕਹਿੰਦੇ -

***ਮੰਨੂ ਸਾਡੀ ਦਾਤਰੀ, ਅਸੀਂ ਮੰਨੂ ਦੇ ਸੋਏ।***
***ਜਿਉਂ-ਜਿਉਂ ਮੰਨੂ ਸਾਨੂੰ ਵੱਢਦਾ, ਅਸੀਂ ਦੂਣੇ ਚੌਣੇ ਹੋਏ।***

ਨਾਮ ਵਾਲਾ ਨਹੀਂ ਕਦੇ ਵੀ ਮਰਿਆ ਕਰਦਾ ਸਾਧਸੰਗਤ ਜੀ, ਜਿਹਦੇ ਪੱਲੇ ਵਾਹਿਗੁਰੂ ਦਾ ਨਾਮ ਹੈ। ਮਹਾਰਾਜ ਕਹਿੰਦੇ ਸੀ ਕਿ ਮੈਂ ਖਾਲਸਾ ਪੰਥ ਦੀ ਜੜ੍ਹ ਤਾਂ ਪਾਤਾਲ ਵਿਚ ਲਾ ਦਿਤੀ ਹੈ, ਕੋਈ ਨਹੀਂ ਦੁਨੀਆਂ 'ਚ ਐਸਾ ਜਿਹੜਾ ਇਹ ਪੁੱਟ ਸਕੇ। ਜਦੋਂ ਤਕ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਿਆ ਰਹੇਗਾ, ਜਦੋਂ ਤਕ ਇਹ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦਾ ਰਹੇਗਾ, ਜਦੋਂ ਤਕ ਇਹ ਬਾਣੀ ਪੜ੍ਹਦਾ ਰਹੇਗਾ, ਜਦੋਂ ਤੱਕ ਵਿਸ਼ੇ ਵਿਕਾਰਾਂ ਤੋਂ ਬਚਿਆ ਰਹੇਗਾ। ਉਸ ਵੇਲੇ ਤੱਕ ਖਾਲਸੇ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਸਰਦਾਰੀ ਦਿਤੀ ਹੈ ਅਕਾਲ ਪੁਰਖ ਨੇ ਇਸਨੂੰ। ਇਹਨੂੰ ਵੀ ਸਰਦਾਰ ਬਣ ਕੇ ਰਹਿਣਾ ਚਾਹੀਦਾ ਹੈ, ਵਿਸ਼ੇ ਵਿਕਾਰਾਂ 'ਚ

ਨਹੀਂ ਪੈਣਾ ਚਾਹੀਦਾ। ਸਾਰੀ ਦੁਨੀਆਂ ਦਾ ਸਾਂਝਾ ਬਣ ਕੇ ਰਹਿਣਾ ਚਾਹੀਦਾ ਹੈ। ਸੋ ਕਾਜ਼ੀ ਨੂਰਦੀਨ ਆਇਆ, ਇਤਿਹਾਸਕਾਰ ਤੇ ਉਥੇ ਨਵਾਬ ਕਵਾਇਤ 15000 ਫੌਜ ਲੈ ਕੇ ਆਇਆ। ਇਹ ਵੀ ਅਹਿਮਦਸ਼ਾਹ ਅਬਦਾਲੀ ਵੱਡੀ ਫੌਜ ਲਿਆਇਆ, ਤੀਹ ਹਜ਼ਾਰ। ਇਹ ਦੇਖਣ ਵਾਸਤੇ ਕਿ ਸਿੰਘ ਤਕੜੇ ਹੋ ਗਏ? ਅੱਗੇ ਦੇਖਿਆ ਤਾਂ ਜੱਸਾ ਸਿੰਘ ਫੇਰ ਤਿਆਰ ਬੈਠਾ ਹੈ। ਚੜ੍ਹਤ ਸਿੰਘ ਵਗੈਰਾ ਸਾਰੇ ਤਿਆਰ-ਬਰ-ਤਿਆਰ ਨੇ, ਖਬਰਾਂ ਆ ਗਈਆਂ ਕਿ ਉਹ ਤਾਂ ਲੜਨ ਨੂੰ ਤਿਆਰ ਬੈਠੇ ਨੇ। ਤਾਂ ਉਸ ਨੇ ਕਵਾਇਤ ਵਾਲੇ ਨਵਾਬ ਨੂੰ ਬੁਲਾ ਕੇ ਕਿਹਾ ਕਿ ਦੇਖ ਸਿੰਘਾਂ ਦੀ ਚਾਲ ਨੂੰ ਤੂੰ ਨਹੀਂ ਸਮਝਦਾ। ਇਨ੍ਹਾਂ ਦਾ ਪਿੱਛਾ ਨਾ ਕਦੇ ਵੀ ਕਰੀਂ, ਜਦੋਂ ਇਹ ਨੱਠਣ ਲੱਗਣ ਤਾਂ ਇਨ੍ਹਾਂ ਦੀ ਚਾਲ ਹੈ। ਫੇਰ ਇਹ ਘੇਰਾ ਪਾਉਂਦੇ ਨੇ ਫੇਰ ਇਨ੍ਹਾਂ ਦੇ ਘੇਰੇ 'ਚੋਂ ਨਿਕਲਣਾ ਬਹੁਤ ਔਖਾ ਹੈ, ਨਠਾਉਂਦੇ-ਨਠਾਉਂਦੇ ਹਜ਼ਾਰਾਂ ਬੰਦਿਆਂ ਨੂੰ ਮੂਲੀ ਗਾਜਰਾਂ ਵਾਂਗੂੰ ਕੱਟ ਦਿੰਦੇ ਨੇ। ਕੁਰਾਨ ਸ਼ਰੀਫ ਮੰਗਾ ਲਿਆ ਕਹਿੰਦਾ ਇਹਦੀ ਸਹੁੰ ਖਾ ਹੱਥ ਰੱਖ ਕੇ ਉਪਰ। ਮੁੰਡਾ ਜਵਾਨ ਸੀ ਸਹੁੰ ਖਾ ਲਈ ਤੇ ਜਦੋਂ ਸਿੰਘਾਂ ਨੇ ਦੇਖਿਆ ਪਹਿਲੇ ਹੱਲੇ 'ਚ ਹੀ ਪਛਾਣ ਗਏ ਕਿ ਆਹ ਅਣਜਾਣ ਬੰਦਾ ਆ ਗਿਆ। ਇਹ ਫੌਜ ਅਣਜਾਣ ਹੈ ਇਨ੍ਹਾਂ ਦਾ ਖਾਤਮਾ ਪਹਿਲਾਂ ਕਰੀਏ। ਸਿੰਘ ਪਿੱਛੇ ਹਟਣੇ ਸ਼ੁਰੂ ਹੋ ਗਏ, ਹਟਦੇ-ਹਟਦੇ ਦਸ ਮੀਲ ਪਿੱਛੇ ਹਟ ਗਏ। ਇਹ ਵਧਦਾ ਗਿਆ, ਭੁੱਲ ਗਿਆ ਜੋਸ਼ 'ਚ ਆਇਆ ਹੋਇਆ। ਕਹਿੰਦਾ, ਲੈ ਇਹ ਤਾਂ ਨੱਠੀ ਜਾਂਦੇ ਨੇ ਇਨ੍ਹਾਂ ਨੂੰ ਸਿੰਘ ਕੌਣ ਕਹਿੰਦਾ ਹੈ, ਇਹ ਤਾਂ ਗਿੱਦੜ ਨੇ। ਜਦੋਂ ਦਸ ਮੀਲ 'ਤੇ ਗਿਆ, ਸਿੰਘਾਂ ਨੇ ਹੱਲਾ ਕਰਕੇ ਘੇਰ ਲਿਆ ਸਾਰੇ ਪਾਸੇ ਤੋਂ। ਅਹਿਮਦ ਸ਼ਾਹ ਅਬਦਾਲੀ ਨੂੰ ਪਤਾ ਲੱਗਿਆ ਤੇ ਉਸ ਵੇਲੇ ਫੌਜ ਲੈ ਕੇ ਗਿਆ, ਮਸਾਂ ਘੇਰਾ ਤੋੜ ਕੇ ਬਚਾਇਆ। ਕਹਿੰਦਾ, ਮੈਂ ਕਾਕਾ ਤੈਨੂੰ ਕਿਹਾ ਸੀਗਾ ਕਿ ਇਨ੍ਹਾਂ ਸਿੰਘਾਂ ਨਾਲ ਲੜਨਾ ਕੋਈ ਖੇਲ੍ਹ ਨਹੀਂ ਹੈਗਾ। ਇਹ ਤਾਂ ਪੈਦਾ ਹੀ ਲੜਨ ਵਾਸਤੇ ਹੋਏ-ਹੋਏ ਨੇ। ਕਿਉਂਕਿ ਇਨ੍ਹਾਂ ਦਾ ਗੁਰੂ ਹੈ ਉਹਨੇ ਇਨ੍ਹਾਂ ਨੂੰ ਸਿੱਖਿਆ ਦੇ ਦਿਤੀ ਕਿ ਪਹਿਲਾਂ ਮੈਨੂੰ ਸਿਰ ਦੇ ਆਪਣਾ। ਇਨ੍ਹਾਂ ਨੇ ਸਿਰ ਦਿਤਾ ਹੋਇਆ ਹੈ, ਭਲੇ ਵਾਸਤੇ ਸਿਰ ਆਪਣਾ ਲਾਉਣ ਤੋਂ ਡਰਦੇ ਨਹੀਂ। ਭਜਨ ਬੰਦਗੀ ਕਰਦੇ ਨੇ ਤਾਂ ਕਿੰਨਾਂ ਚਿਰ ਲਗਦਾ ਹੈ। ਸ਼ਹੀਦ ਹੋ ਜਾਂਦੇ ਨੇ ਉਸੇ ਵੇਲੇ ਗੁਰੂ ਦੇ ਦਰਬਾਰ ਚਲੇ ਜਾਂਦੇ ਨੇ। ਇਨ੍ਹਾਂ ਨਾਲ ਲੜਨਾ ਖੇਡ ਨਹੀਂ ਹੈ।

ਸੋ ਉਸ ਵੇਲੇ ਵਾਪਸ ਹੋ ਗਏ, ਲੜਾਈ ਅਧੂਰੀ ਛੱਡ ਗਏ। ਕਾਜ਼ੀ ਨੂਰਦੀਨ ਨੇ ਆਪਣੇ ਦੇਸ ਜਾ ਕੇ 'ਜੰਗਨਾਮਾ' ਇਕ ਕਿਤਾਬ ਲਿਖੀ ਹੈ। ਅੱਜਕੱਲ੍ਹ ਵੀ ਮਿਲਦੀ ਹੈ ਉਹ। ਯੂਨੀਵਰਸਿਟੀ ਨੇ ਉਹਦਾ ਉਲਥਾ ਕਰਾਇਆ ਹੈ। ਉਹਦੇ 'ਚ ਇਹ ਲਿਖਦਾ ਹੈ ਕਿ ਇਹ ਸਿੰਘ ਜਿਹੜੇ ਨੇ ਇਨ੍ਹਾਂ ਨੂੰ ਕੁੱਤੇ ਨਾ ਕਹੋ ਇਹ ਤਾਂ ਸੱਚਮੁੱਚ ਸ਼ੇਰ ਨੇ। ਕਹਿੰਦਾ, ਜਦੋਂ ਹੱਲਾ ਕਰਦੇ ਨੇ ਤਾਂ ਇਸ ਤਰ੍ਹਾਂ ਪੈਂਦੇ ਨੇ ਜਿਵੇਂ ਬੱਬਰ ਸ਼ੇਰ ਪੈਂਦਾ ਹੈ। ਕਿੱਡੀ ਹੀ ਫੌਜ

ਕਿਉਂ ਨਾ ਹੋਵੇ ਸਾਰੇ ਹੀ ਨੱਠਣਾ ਸ਼ੁਰੂ ਕਰ ਦਿੰਦੇ ਨੇ। ਕਹਿੰਦਾ ਜੇ ਕਿਸੇ ਨੇ ਬਰਛਾ ਚਲਾਉਣਾ ਸਿੱਖਣਾ ਹੈ ਤਾਂ ਸਿੰਘਾਂ ਕੋਲ ਜਾਓ, ਉਥੋਂ ਟਰੇਨਿੰਗ ਮਿਲਦੀ ਹੈ। ਤਲਵਾਰ ਜਦੋਂ ਕੱਢਦੇ ਨੇ ਇਸ ਤਰ੍ਹਾਂ ਭੁਲੇਖਾ ਪੈਂਦਾ ਹੈ ਕਿ ਬੱਦਲ ਆ ਗਿਆ, ਵਿਚੋਂ ਬਿਜਲੀ ਚਮਕੀ ਹੈ। ਫੇਰ ਕਹਿੰਦਾ ਇਨ੍ਹਾਂ ਨੂੰ ਮਾੜੇ ਨਾ ਕਹੋ। ਇਹ ਰੱਬ ਦੇ ਪਿਆਰੇ ਹਰ ਵਕਤ ਬਾਣੀ ਪੜ੍ਹਦੇ ਨੇ, ਇਨ੍ਹਾਂ ਦੇ ਬੁੱਲ੍ਹ ਹਰ ਵਕਤ ਹਿਲਦੇ ਨੇ, ਕੋਈ ਕਲਾਮ ਪੜ੍ਹਦੇ ਨੇ। ਫੇਰ ਇਹ ਔਰਤਾਂ ਦਾ ਬੁਰਾ ਨਹੀਂ ਤਕਦੇ, ਔਰਤਾਂ ਨੂੰ ਮੰਦੀ ਨਜ਼ਰ ਨਾਲ ਨਹੀਂ ਦੇਖਦੇ। ਇਹ ਹਰੇਕ ਨੂੰ ਬੁੱਢੀ ਕਹਿੰਦੇ ਨੇ, ਬੁੜੀਏ, ਚਾਹੇ ਉਹ ਅੱਠ ਸਾਲ ਦੀ, ਚਾਹੇ ਵੀਹ ਸਾਲ ਦੀ ਹੈ, ਚਾਹੇ ਪੰਜਾਹ ਦੀ ਹੈ। ਸੋ ਚਰਿੱਤਰ ਦੀ ਉਹ ਸਿਫਤ ਕਰਦਾ ਹੈ ਇਨ੍ਹਾਂ ਦੀ। ਇਹ ਸ਼ਰਾਬੀ ਨਹੀਂ ਹੈਗੇ, ਇਹ ਚੋਰ ਨਹੀਂ ਹਨ, ਇਹ ਨੱਠੇ ਜਾਂਦੇ ਦੁਸ਼ਮਣ ਨੂੰ ਨਹੀਂ ਮਾਰਦੇ। ਇਹ ਕਹਿੰਦੇ ਨੇ ਹਥਿਆਰ ਲਿਆ, ਸੂਰਮੇ ਦਾ ਕੰਮ ਨਹੀਂ ਹੈ ਕਿ ਤੈਨੂੰ ਬੇ-ਹਥਿਆਰੇ ਨੂੰ ਮਾਰ ਦੇਈਏ। ਧੋਖਾ ਦੇ ਕੇ ਨਹੀਂ ਮਾਰਦੇ, ਪਹਿਲਾਂ ਖਬਰ ਕਰਦੇ ਨੇ। ਸੋ ਇਹ ਸਾਡਾ ਚਰਿੱਤਰ ਸੀ ਸਾਧਸੰਗ ਜੀ। ਗੁਰੂ ਸਾਹਿਬ ਵੇਲੇ ਤਾਂ ਪਤਾ ਨਹੀਂ ਕਿੰਨੇ ਕੁ ਅਸੀਂ ਉੱਚੇ ਸੀ।

ਉਸ ਵੇਲੇ ਘੇਰਾ ਜਦੋਂ ਪੈ ਗਿਆ, ਇਕ ਮੁਗਲ ਜਰਨੈਲ ਸੀ ਉਹਦਾ ਨਾਮ ਵੀ ਮੁਗਲ ਖਾਨ ਸੀ, ਰੋਪੜ ਦੇ ਰਹਿਣ ਵਾਲਾ ਸੀ। ਉਹ ਕਹਿਣ ਲੱਗਿਆ ਕਿ ਆਪਾਂ ਕਿੰਨੀ ਫੌਜ ਹੈ, ਗੁਰੂ ਸਾਹਿਬ ਤੋਂ ਸਾਨੂੰ ਪਤਾ ਲੱਗਿਆ ਹੈ ਕਿ ਹੁਣ ਤਾਂ ਦੋ-ਢਾਈ ਕੁ ਹਜ਼ਾਰ ਬੰਦਾ ਬਚਦਾ ਹੈ। ਚਲੋ ਪੰਜ ਹਜ਼ਾਰ ਲਾ ਲਓ। ਆਪਾਂ ਪੰਜ ਲੱਖ ਬੰਦਾ, ਡੇਢ ਲੱਖ ਤਾਂ ਫੌਜ ਆਹ ਬੈਠੀ ਹੈ, ਕੱਲ੍ਹ ਨੂੰ ਚਾੜ੍ਹੋ ਫੌਜ ਨੂੰ, ਹੱਥੋ-ਹੱਥੀਂ ਫੜ ਲਓ। ਐਨਾ ਚਿਰ ਹੋ ਗਿਆ ਰੁਲਦਿਆਂ ਨੂੰ ਆਪਾਂ ਨੂੰ। ਛੇ ਮਹੀਨੇ ਹੁਣ ਆਇਆਂ ਨੂੰ ਹੋ ਗਏ। ਦੂਸਰੇ ਦਿਨ ਬੜਾ ਭਾਰਾ ਹੱਲਾ ਕੀਤਾ। ਬਹੁਤ ਸਿੰਘਾਂ ਨੇ ਡੱਟ ਕੇ ਯੁੱਧ ਕੀਤਾ। ਇਕ ਵਾਰੀ ਇਹ ਸ਼ਹਿਰ 'ਚ ਵੜ ਗਏ, ਦੂਜੀ ਵਾਰੀ ਸਾਹਿਬ ਅਜੀਤ ਸਿੰਘ ਨੇ ਧੱਕ ਕੇ ਬਾਹਰ ਕੱਢ ਦੇਣੇ ਤੇ ਮਹਾਰਾਜ ਰਾਤ ਨੂੰ ਸਾਰੇ ਜਥੇਦਾਰਾਂ ਨੂੰ ਬੁਲਾ ਕੇ ਕਹਿਣ ਲੱਗੇ ਕਿ ਦੱਸੋ ਅੱਜ ਯੁੱਧ ਕਿਵੇਂ-ਕਿਵੇਂ ਹੋਇਆ। ਕਹਿੰਦੇ, ਸੱਚੇ ਪਾਤਸ਼ਾਹ! ਤੁਸੀਂ ਤਾਂ ਇਕੱਲੇ-ਇਕੱਲੇ ਸਿੰਘ ਦੇ ਨਾਲ ਸੀਗੇ। ਤੁਹਾਡੀ ਸ਼ਕਤੀ ਦੇ ਨਾਲ ਅਸੀਂ ਯੁੱਧ ਕੀਤਾ ਹੈ। ਤੁਸੀਂ ਜਿਵੇਂ ਸਾਨੂੰ ਲੜਾਇਆ ਹੈ ਉਸ ਤਰ੍ਹਾਂ ਲੜੇ ਹਾਂ। ਪਰ ਸੱਚੇ ਪਾਤਸ਼ਾਹ ਥੋੜ੍ਹਾ ਜਿਹਾ ਸਾਡੇ ਮਨ 'ਚ ਫਰਕ ਪੈ ਗਿਆ ਕਿ ਉਥੇ ਇਕ ਸਿੱਖ ਹੈ, ਜਿਸ ਦਾ ਨਾਉਂ ਘਨੱਈਆ ਹੈ, ਭਾਈ ਘਨੱਈਆ ਕਹਿੰਦੇ ਨੇ ਉਸਨੂੰ। ਸਾਧ ਜਿਹਾ ਹੈ ਮਹਾਰਾਜ। ਉਹ ਮਸ਼ਕ ਚੁੱਕ ਕੇ ਪਾਣੀ ਪਿਲਾਉਂਦਾ ਹੈ ਸਾਰਿਆਂ ਨੂੰ ਤੁਹਾਡਾ ਹੁਕਮ ਹੈ ਉਹਨੂੰ ਕਿ ਪਾਣੀ ਪਿਲਾਓ। ਸੱਚੇ ਪਾਤਸ਼ਾਹ! ਸਿੰਘਾਂ ਵਲ ਤਾਂ ਕੋਈ ਸਪੈਸ਼ਲ ਧਿਆਨ ਨਹੀਂ ਦਿੰਦਾ ਉਹ। ਜਿਹੜਾ ਵੀ ਪਾਣੀ

ਮੰਗ ਲਏ ਉਸਨੂੰ ਹੀ ਪਾਣੀ ਪਿਲਾਣ ਲਗ ਜਾਂਦਾ ਹੈ। ਹਰੇਕ ਥਾਂ ਪਾਣੀ ਓਹੀ ਪਿਲਾਉਂਦਾ ਹੈ। ਪਾਤਸ਼ਾਹ! ਜਿਸ ਵਕਤ ਮੁਗਲ ਸਿਪਾਹੀਆਂ ਨੂੰ ਅਸੀਂ ਧੱਕ ਦਿਤਾ ਪਿੱਛੇ, ਇਹ ਉਥੋਂ ਨਹੀਂ ਆਇਆ, ਪਹਿਲਾਂ ਜਦੋਂ ਸਾਡੇ ਮਗਰ ਉਹ ਆਏ, ਜਦ ਵੀ ਉਥੇ। ਜਦੋਂ ਅਸੀਂ ਗਏ ਉਥੇ ਹੀ ਪਾਣੀ ਪਿਲਾਈ ਜਾਵੇ ਇਹ ਤਾਂ। ਅਸੀਂ ਕਹੀ ਜਾਈਏ ਕਿ ਘਨੱਈਆ, ਜਲਦੀ ਪਾਣੀ ਇਧਰ ਲਿਆ। ਸਾਡੇ ਵਲ ਤਾਂ ਲਿਆਉਂਦਾ ਹੀ ਨਹੀਂ ਸੀ, ਜਿਹੜਾ ਮੂਹਰੇ ਆ ਜਾਵੇ, ਉਹਨੂੰ ਪਿਲਾਉਂਦਾ ਸੀ, ਇਹ ਦੇਖਦਾ ਹੀ ਨਹੀਂ ਸੀ ਕਿ ਇਹ ਮੁਗਲ ਨੂੰ ਪਾਣੀ ਪਿਲਾ ਰਿਹਾ ਜਾਂ ਸਿੰਘ ਨੂੰ ਪਿਲਾ ਰਿਹਾ ਹੈ। ਮਹਾਰਾਜ! ਸਾਡੇ ਮਨ 'ਚ ਰੋਸ ਹੈ। ਮਹਾਰਾਜ ਨੇ ਕਿਹਾ ਕਿ ਲਿਆਓ ਘਨੱਈਏ ਨੂੰ। ਉਥੋਂ ਪਤਾ ਲੱਗਿਆ ਕਿ ਘਨੱਈਆ ਤਾਂ ਇਥੇ ਹੈ ਨਹੀਂ। ਅਜੇ ਮੈਦਾਨ-ਏ-ਜੰਗ 'ਚੋਂ ਨਹੀਂ ਆਏ। ਉਸ ਵੇਲੇ ਦੋ ਸਿੰਘ ਚਲੇ ਗਏ। ਜਾ ਕੇ ਕੀ ਦੇਖਦੇ ਨੇ, ਹਨ੍ਹੇਰਾ ਹੋਇਆ ਪਿਆ ਹੈ, ਮਿਸਾਲਾਂ ਜਲ ਰਹੀਆਂ ਨੇ ਦੋਹਾਂ ਪਾਸਿਆਂ ਦੀਆਂ। ਪਾਲਕੀਆਂ ਨਾਲ ਨੇ। ਆਪਣੇ-ਆਪਣੇ ਜ਼ਖਮੀਆਂ ਨੂੰ ਪਛਾਣ-ਪਛਾਣ ਕੇ ਚੁੱਕੀਂ ਜਾਂਦੇ ਨੇ। ਏਧਰ ਦੇਖ ਓਧਰ ਦੇਖ, ਕਿਤੇ ਨਹੀਂ ਦਿਸਦੇ ਭਾਈ ਘਨੱਈਆ। ਅਖੀਰ ਕੰਨ ਲਾ ਕੇ ਸੁਣਿਆ ਇਕ ਆਵਾਜ਼ ਆ ਰਹੀ ਹੈ, ਇਸ ਤਰ੍ਹਾਂ ਦੇ ਨਾਲ -

***ਧਾਰਨਾ - ਤੂੰਹੀਂ-ਤੂੰਹੀਂ ਮੋਹਿਨਾ।***
***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ***
***ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥ ਅੰਗ - 407***

ਆਵਾਜ਼ ਆ ਰਹੀ ਹੈ, ਤੂੰਹੀਂ-ਤੂੰਹੀਂ। ਨਾਲ ਵਾਲਾ ਕਹਿਣ ਲੱਗਿਆ ਲੈ ਆਹ ਜਾਂਦਾ ਹੈ, ਇਸ ਤਰ੍ਹਾਂ ਹੀ ਫਿਰਦਾ ਹੁੰਦਾ ਹੈ ਤੂੰਹੀਂ-ਤੂੰਹੀਂ ਕਰਦਾ, ਮਸਤਾਨਾ ਬਣਿਆ। ਉਸ ਸੇਧ ਨੂੰ ਚਲੇ ਗਏ। ਥੋੜ੍ਹੀ ਦੇਰ ਤੋਂ ਬਾਅਦ ਹਨ੍ਹੇਰਾ ਹੈ, ਸੀਸ ਉਸ ਦਾ ਚੁੱਕ ਕੇ ਪੱਟ ਤੇ ਰੱਖਿਆ, ਮੂੰਹ ਪੂੰਝਿਆ, ਪਾਣੀ ਦੇ ਛਿੱਟੇ ਮਾਰੇ, ਸਹਿਕਦਾ ਸੀ। ਪਾਣੀ ਪਾਇਆ ਮੂੰਹ ਵਿਚ। ਸੁਰਤ ਆ ਗਈ, ਨੇਤਰ ਖੁਲ੍ਹ ਗਏ ਉਹਦੇ। ਪਹਿਲਾ ਹੀ ਸਵਾਲ ਕਰਿਆ ਉਸ ਨੇ, ਮਨ 'ਚ ਖਿਆਲ ਆਇਆ ਕਿ ਜਿਹਨੇ ਮੇਰੀ ਜਾਨ ਬਚਾਈ ਹੈ, ਮੈਂ ਇਹਦਾ ਨਾਉਂ ਜ਼ਰੂਰ ਪੁੱਛਾਂ, ਤਾਂ ਕਿ ਮੈਂ ਇਹਨੂੰ ਇਨਾਮ ਦੇਵਾਂ, ਜਰਨੈਲ ਹਾਂ ਮੈਂ। ਕਹਿਣ ਲੱਗਿਆ, ਕੌਣ, ਨਾਉਂ ਦਸ ਆਪਣਾ? ਕੌਣ ਹੈਂ ਤੂੰ।

ਕਹਿਣ ਲੱਗੇ ਭਾਈ ਘਨੱਈਆ ਕਿ ਮੈਂ? ਮੈਂ ਤਾਂ ਕੁਛ ਵੀ ਨਹੀਂ, ਮੈਂ ਤਾਂ ਇਕ ਅਦਨਾ ਜਿਹਾ ਸਿੱਖ ਹਾਂ ਗੁਰੂ ਗੋਬਿੰਦ ਸਿੰਘ ਜੀ ਦਾ।

ਕਹਿਣ ਲੱਗਿਆ ਕਿ ਤੈਨੂੰ ਪਤਾ ਹੈ ਕਿ ਮੈਂ ਜਰਨੈਲ ਹਾਂ ਮੁਗਲ ਫੌਜ ਦਾ ਅਤੇ ਮੁਗਲ ਖਾਨ ਮੇਰਾ ਨਾਉਂ ਹੈ।

ਕਹਿੰਦੇ, ਸਾਨੂੰ ਤਾਂ ਐਨਾ ਹੀ ਪਤਾ ਹੈ ਕਿ ਇਥੇ ਵਾਹਿਗੁਰੂ ਦੇ ਜੀਵ ਨੇ ਸਾਰੇ, ਸਾਡਾ ਗੁਰੂ ਨਹੀਂ ਇਹ ਦਸਦਾ। ਸਾਡੇ ਗੁਰੂ ਨੇ ਤਾਂ ਸਾਨੂੰ ਜਿਹੜਾ ਸਬਕ ਦਿਤਾ ਹੈ, ਉਹ ਸਾਡੇ ਇਸ ਤਰ੍ਹਾਂ ਪੱਕਿਆ ਹੋਇਆ ਹੈ –

***ਧਾਰਨਾ – ਨਹੀਂ ਬੇਗਾਨਾ ਜੀ, ਨਾ ਕਉ ਬੈਰੀ-ਨਾ ਕੋਊ ਬੈਰੀ।***

ਕਹਿਣ ਲੱਗੇ, ਖਾਨ ਸਾਹਿਬ! ਇਹ ਗੁਰੂ ਨਾਨਕ ਪਾਤਸ਼ਾਹ ਦਾ ਧਰਮ ਹੈ ਇਕ ਪਾਸੇ ਮੁਸਲਮਾਨ ਨੂੰ ਨਾਲ ਰੱਖਿਆ, ਇਕ ਪਾਸੇ ਹਿੰਦੂ ਭਾਈ ਬਾਲੇ ਨੂੰ ਰੱਖਿਆ। ਸਾਨੂੰ ਨਹੀਂ ਪਤਾ ਕੌਣ ਹਿੰਦੂ ਹੈ, ਕੌਣ ਮੁਸਲਮਾਨ ਹੈ। ਸਾਡੇ ਗੁਰੂ ਨੇ ਤਾਂ ਇਹ ਦੱਸਿਆ ਹੈ ਕਿ ਸਾਰਿਆਂ ਦੇ ਅੰਦਰ ਇਕੋ ਹੀ ਆਤਮਾ ਹੈ ਤੇ ਇਸ ਗੁਰੂ ਦਸਵੇਂ ਪਾਤਸ਼ਾਹ ਨੇ ਸਾਨੂੰ ਜਦੋਂ ਤੋਂ ਪੱਟੀ ਪੜ੍ਹਾਈ ਹੈ, ਸਾਨੂੰ ਪੱਕਾ ਕੀਤਾ ਹੈ, ਉਨ੍ਹਾਂ ਨੇ ਵੀ ਇਸ ਤਰ੍ਹਾਂ ਨਾਲ ਕੀਤਾ ਹੈ –

***ਧਾਰਨਾ – ਏਕੋ ਪਹਿਚਾਨਬੋ, ਮਾਨਸ ਕੀ ਜਾਤ ਸਭੈ।***

***ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸ਼ਾਫੀ,***
***ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ॥ ਅਕਾਲ ਉਸਤਤਿ***

ਕਹਿੰਦੇ, ਆਦਮੀ ਤਾਂ ਇਕੋ ਹੀ ਹੈ। ਸਾਰਿਆਂ ਦੇ ਅੰਦਰ ਪੰਜ ਤੱਤ ਨੇ, ਸਾਰਿਆਂ ਦੇ ਅੰਦਰ ਇਕੋ ਜੋਤ ਹੈ–

ਪੰਜਾਂ ਦੇ ਅੰਦਰ ਮਿੱਟੀ, ਪਾਣੀ, ਹਵਾ, ਅੱਗ ਤੇ ਅਕਾਸ਼ ਰਲਿਆ ਹੋਇਆ ਹੈ। ਸੋ ਸਾਡੇ ਗੁਰੂ ਨੇ ਇਹ ਭਰਮ ਕੱਢ ਦਿਤੇ ਕਿ ਕੋਈ ਜਾਤ ਨਹੀਂ। ਸਾਡੇ ਵਾਸਤੇ ਤਾਂ ਸਭ ਜੋ ਕੁਛ ਗੁਰੂ ਨੇ ਦੱਸਿਆ ਹੈ ਉਹ ਇਹੀ ਦੱਸਿਆ ਹੈ –

***ਧਾਰਨਾ – ਇਕ ਨੂਰ ਅੱਲਾਹ ਦਾ ਜੀ,***
***ਸਾਰੀ ਦੁਨੀਆਂ-ਸਾਰੀ ਦੁਨੀਆਂ।***
***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥***
***ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥***
***ਅੰਗ – 1350***

ਜਦੋਂ ਅੱਲਾਹ ਦੀ ਜਾਤ ਤੋਂ ਸਾਰੇ ਪੈਦਾ ਹੋਏ, ਫੇਰ ਚੰਗਾ-ਮੰਦਾ ਕੌਣ। ਸਾਡੇ ਗੁਰੂ ਨਹੀਂ ਦੱਸਿਆ। ਗੁਰੂ ਨਾਨਕ ਨੇ ਤਾਂ ਇਹ ਦਸਿਆ ਕਿ ਆਦਮੀ ਇਕੋ ਹੀ ਚੀਜ਼ ਹੈ। ਇਕੋ ਜਿਹੀ ਮਿੱਟੀ ਲੱਗੀ ਹੋਈ ਹੈ –

***ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥***
***ਤਉ ਆਨ ਬਾਟ ਕਾਹੇ ਨਹੀ ਆਇਆ ॥ ਅੰਗ – 324***

ਸੋ ਇਸ ਕਰਕੇ ਖਾਨ ਸਾਹਿਬ ਸਾਡਾ ਗੁਰੂ ਤਾਂ ਇਹ ਕਹਿੰਦਾ ਹੈ ਕਿ ਸਾਰੇ ਜੀਵ ਪ੍ਰਮਾਤਮਾ ਦੇ ਨੇ। ਸੋ ਮੇਰਾ ਤੁਹਾਨੂੰ ਪਾਣੀ ਪਿਲਾ ਦੇਣਾ,

ਕੋਈ ਉਪਕਾਰ ਨਹੀਂ। ਮੇਰਾ ਤੈਨੂੰ ਪਾਣੀ ਪਿਲਾਉਣਾ ਮੈਂ ਸਿੱਖੀ ਕਮਾ ਰਿਹਾ ਹਾਂ। ਮੇਰੀ ਸਿੱਖੀ ਮੇਰੇ ਤੋਂ ਮੰਗ ਕਰਦੀ ਹੈ ਕਿ ਤੂੰ ਕਿਸੇ ਨਾਲ ਨਫਰਤ ਨਾ ਕਰ, ਕਿਸੇ ਨਾਲ ਵੈਰ ਨਾ ਕਰ, ਕਿਉਂਕਿ ਸਾਰਿਆਂ ਦੇ ਅੰਦਰ ਪ੍ਰਮੇਸ਼ਰ ਸਮਾਇਆ ਹੋਇਆ ਹੈ। ਬਾਕੀ ਯੁੱਧ ਜਿਹੜੇ ਕਰਦੇ ਨੇ ਉਨ੍ਹਾਂ ਦਾ ਆਪਣਾ ਧਰਮ ਹੈ। ਯੁੱਧ ਵਿਚ ਜਦ ਸੂਰਮਾ ਮੈਦਾਨ-ਏ-ਜੰਗ 'ਚ ਆ ਗਿਆ ਉਹਨੇ ਆਪਣੇ ਹਿਸਾਬ ਨਾਲ ਲੜਾਈ ਕਰਨੀ ਹੀ ਹੈ। ਮੇਰਾ ਕੰਮ ਹੈ ਪਾਣੀ ਪਿਲਾਉਣਾ, ਜ਼ਖਮੀਆਂ ਨੂੰ ਸਾਂਭਣਾ, ਮੇਰੇ ਗੁਰੂ ਨੇ ਮੇਰੀ ਡਿਊਟੀ ਲਾਈ ਹੋਈ ਹੈ।

ਕਹਿਣ ਲੱਗਿਆ ਕਿ ਕਾਸ਼! ਮੈਨੂੰ ਇਹ ਗੱਲ ਪਹਿਲਾਂ ਪਤਾ ਲਗ ਜਾਂਦੀ। ਮੈਂ ਕਦੇ ਗੁਰੂ ਗੋਬਿੰਦ ਸਿੰਘ 'ਤੇ ਫੌਜ ਲੈ ਕੇ ਨਾ ਆਉਂਦਾ। ਬਾਬਾ! ਤੂੰ ਮੈਨੂੰ ਪਾਣੀ ਨਹੀਂ ਪਿਲਾਇਆ, ਕੋਈ ਆਬ-ਏ-ਹਿਆਤ ਪਿਲਾ ਦਿਤਾ। ਮੇਰੇ ਅੰਦਰੋਂ ਹਨ੍ਹੇਰੇ ਦੇ ਛੌੜ ਕੱਟ ਦਿਤੇ ਤੂੰ। ਮੇਰੀਆਂ ਅੱਖਾਂ ਖੁਲ੍ਹ ਗਈਆਂ, ਜਿਹੜਾ ਕੁਛ ਤੈਨੂੰ ਨਜ਼ਰ ਆਉਂਦਾ ਹੈ, ਹੁਣ ਮੈਨੂੰ ਆਉਂਦਾ ਹੈ। ਅੱਲਾਹ ਤਾਲਾ ਕਰੇ ਮੈਂ ਰਾਜ਼ੀ ਹੋ ਜਾਵਾਂ, ਮੈਂ ਤੇਰੇ ਇਸ ਅਹਿਸਾਨ ਦਾ, ਤੇਰੇ ਉਪਦੇਸ਼ ਦਾ ਬਦਲਾ ਦੇਵਾਂਗਾ। ਤੂੰ ਅੱਜ ਮੈਨੂੰ ਦਰਿੰਦੇ ਤੋਂ ਬੰਦਾ ਬਣਾ ਦਿਤਾ। ਤੂੰ ਤਾਂ ਅੰਮ੍ਰਿਤ, ਆਬ-ਏ-ਹਿਆਤ ਪਿਲਾਉਂਦਾ ਫਿਰਦਾ ਹੈਂ, ਤੂੰ ਤਾਂ ਕਰਾਮਾਤ ਕਰਦਾ ਫਿਰਦਾ ਹੈਂ ਜਿਹਦੇ ਮੂੰਹ 'ਚ ਤੇਰਾ ਪਾਣੀ ਚਲਿਆ ਜਾਂਦਾ ਹੈ ਉਹਦੀ ਸੁਰਤੀ ਸਾਰੀ ਨਿਰਮਲ ਹੋ ਜਾਂਦੀ ਹੈ। ਤੂੰ ਤਾਂ ਬੰਦੇ ਪੈਦਾ ਕਰਦੇ ਫਿਰਦਾ ਹੈਂ। ਤੇਰੇ ਹੱਥ ਵਿਚ ਕੋਈ ਤਾਕਤ ਹੈ, ਤੇਰੇ ਬੋਲ ਵਿਚ ਖਿੱਚ ਹੈ। ਇਹ ਬਾਤ ਹੋ ਰਹੀ ਸੀ, ਐਨੇ ਨੂੰ ਸਿੱਖ ਆ ਗਏ। ਕੀ ਦੇਖਦੇ ਨੇ ਕਿ ਇਹ ਤਾਂ ਮੁਗਲ ਖਾਨ ਨੂੰ ਹੀ ਪਾਣੀ ਪਿਲਾ ਰਿਹਾ ਹੈ। ਕਿਉਂਕਿ ਯੋਧਿਆਂ ਦੀ ਬਾਤ ਹੋਰ ਹੁੰਦੀ ਹੈ, ਗਿਆਨਵਾਨ ਜਿਹੜੇ ਸਿਖਰ ਲੰਘ ਜਾਂਦੇ ਨੇ ਉਨ੍ਹਾਂ ਦੀ ਬਾਤ ਹੋਰ ਹੁੰਦੀ ਹੈ। ਡਿਊਟੀ ਦੀ ਬਾਤ ਹੈ ਸਭ ਦੀ ਆਪਣੀ-ਆਪਣੀ। ਜਿਥੇ ਕੋਈ ਖੜ੍ਹਾਇਆ ਹੈ, ਟੀਚਰ ਆਪਣਾ ਕੰਮ ਕਰੇ, ਡਾਕਟਰ ਆਪਣਾ ਕਰੇ, ਸਿਪਾਹੀ ਆਪਣਾ ਕਰੇ। ਕਿਉਂਕਿ ਜਿਥੇ-ਜਿਥੇ ਕੋਈ ਹੈ ਉਹ ਉਥੇ ਹੀ ਕੰਮ ਕਰਦਾ ਹੈ। ਹੁਣ ਕਿਸਾਨ ਹੈ, ਕਿਸਾਨ ਦੀ ਸੇਵਾ ਸਭ ਤੋਂ ਵਧ ਹੈ, ਫਸਲ ਪੈਦਾ ਕਰਕੇ ਸੰਸਾਰ ਦੇ ਭੁੱਖੇ ਢਿੱਡਾਂ ਨੂੰ ਭਰਦਾ ਹੈ। ਇਹ ਵੀ ਸੇਵਾ ਹੈ। ਸੋ ਇਸ ਤਰ੍ਹਾਂ ਵੱਖਰੇ-ਵੱਖਰੇ ਹਾਲਾਤ 'ਚ, ਡਾਕਟਰ ਦੀ ਸੇਵਾ ਹੈ ਮਰੀਜ਼ਾਂ ਨਾਲ ਪਿਆਰ ਨਾਲ ਬੋਲਣਾ, ਚੰਗੀ ਤਰ੍ਹਾਂ ਦਵਾਈ ਦੇਣੀ। ਟੀਚਰਾਂ ਦੀ ਸੇਵਾ ਹੈ ਉਹ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾਵੇ। ਆਪਣੀ-ਆਪਣੀ ਡਿਊਟੀ ਹੈ ਸਾਰੇ। ਸੋ ਇਸ ਤਰ੍ਹਾਂ ਦੇ ਨਾਲ ਸਿੰਘ ਆ ਕੇ ਕਹਿਣ ਲੱਗੇ ਕਿ ਇਹ ਤਾਂ ਉਹਨੂੰ ਹੀ ਪਾਣੀ ਪਿਲਾਈ ਜਾ ਰਿਹਾ ਹੈ, ਜਿਹਨੂੰ ਮਸਾਂ ਮਾਰਿਆ ਹੈ, ਰਾਤ ਸਿੰਘ ਦਸਦੇ ਸੀ ਕਿ ਅਸੀਂ ਜਾਨ ਤੋਂ ਤਾਂ ਨਹੀਂ ਮਾਰਿਆ, ਪਰ ਸਵੇਰ ਨੂੰ ਸਹਿਕ-ਸਹਿਕ ਮਰ ਜਾਏਗਾ। ਥੋੜ੍ਹਾ ਜਿਹਾ ਇਹਨੂੰ ਵੀ ਸੇਕ ਲੱਗੇ ਕਿ ਫੌਜ ਕਿਵੇਂ ਚਾੜ੍ਹੀਦੀ

ਹੈ। ਤਾਂ ਇਸ ਤਰ੍ਹਾਂ ਦੇ ਨਾਲ ਭਾਈ ਘਨੱਈਏ ਦੀ ਮੱਸ਼ਕ ਖੋਹ ਕੇ ਪਰ੍ਹੇ ਮਾਰੀ, ਮੁਸ਼ਕਾਂ ਬੰਨ੍ਹ ਲਈਆਂ ਭਾਈ ਘਨੱਈਏ ਦੀਆਂ। ਗੁਰੂ ਮਹਾਰਾਜ ਦੇ ਅੱਗੇ ਹਾਜ਼ਰ ਕਰ ਦਿਤਾ ਜਿਵੇਂ ਬੜਾ ਭਾਰਾ ਕੋਈ ਜ਼ੁਲਮ ਕਰਿਆ ਹੋਵੇ। ਲਿਹਾਜ਼ ਨਹੀਂ ਕਰੀ। ਕਿਉਂਕਿ ਨਰਾਜ਼ ਬੰਦਾ ਗੁਰਮੁਖਾਂ ਦੀ ਅਵਸਥਾ ਨੂੰ ਸਮਝ ਨਹੀਂ ਸਕਦਾ। ਪਤਾ ਨਹੀਂ ਲਗਦਾ।

ਸੋ ਮਹਾਰਾਜ ਦੇ ਅੱਗੇ ਜਦੋਂ ਪੇਸ਼ ਕਰਿਆ। ਮਹਾਰਾਜ ਕਹਿੰਦੇ, ਮੁਸ਼ਕਾਂ ਬੰਨ੍ਹੀਆਂ ਨੇ, ਮੁਸ਼ਕਾ ਖੋਲ੍ਹੋ। ਕਹਿਣ ਲੱਗੇ, ਕਿਉਂ ਭਾਈ ਘਨੱਈਆ! ਖਾਲਸਾ ਤੇਰੀ ਸ਼ਿਕਾਇਤ ਕਰਦਾ ਹੈ।

ਕਹਿਣ ਲੱਗੇ, ਪਾਤਸ਼ਾਹ! ਕੋਈ ਨੁਕਸ ਹੋਣਾ ਮੇਰੇ ਵਿਚ। ਮੈਂ ਤਾਂ ਸਾਰਾ ਹੀ ਔਗੁਣਾਂ ਦਾ ਭਰਿਆ ਹਾਂ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ -

***ਧਾਰਨਾ - ਤੇਰੇ ਵਰਗਾ ਨਾ ਦਇਆਲ ਸੱਚੇ ਪਾਤਸ਼ਾਹ,***
***ਮੇਰੇ ਵਰਗਾ ਪਾਪੀ ਕੋਈ ਨਾ।***
***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।***
***ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ।***
***ਭਾਈ ਗੁਰਦਾਸ ਜੀ, ਵਾਰ 36/1***

ਐਨੇ ਔਗੁਣਾਂ ਦਾ ਮੈਂ ਭਰਿਆ ਹੋਇਆ ਹਾਂ। ਮੇਰੇ 'ਚ ਤਾਂ ਗਲਤੀਆਂ ਹੀ ਗਲਤੀਆਂ ਨੇ ਪਾਤਸ਼ਾਹ, ਕ੍ਰਿਪਾ ਕਰੋ, ਮਾਫ ਕਰੋ। ਕਿਉਂਕਿ ਆਪ ਵਰਗਾ ਬਖਸ਼ਿੰਦ ਨਹੀਂ ਕੋਈ ਸੰਸਾਰ ਦੇ ਅੰਦਰ, ਸਿੱਖ ਵਰਗਾ ਕੋਈ ਗੁਨਹਗਾਰ ਨਹੀਂ। ਪਾਤਸ਼ਾਹ ਆਪ ਕ੍ਰਿਪਾ ਕਰਕੇ ਬਖਸ਼ੋ। ਕਹਿਣ ਲੱਗੇ, ਭਾਈ ਘਨੱਈਆ! ਸਿੰਘ ਸ਼ਿਕਾਇਤ ਕਰਦੇ ਨੇ ਕਿ ਤੂੰ ਮੁਗਲਾਂ ਨੂੰ ਪਾਣੀ ਪਿਲਾਉਂਦਾ ਰਿਹਾ, ਪਹਾੜੀਆਂ ਨੂੰ ਪਾਣੀ ਪਿਲਾਉਂਦਾ ਰਿਹਾ ਹੈਂ, ਜਿਹੜੇ ਸਾਰੇ ਖਿਲਾਫ ਤਲਵਾਰਾਂ, ਤੋਪਾਂ ਲੈ ਕੇ ਆ ਰਹੇ ਨੇ ਤੂੰ ਉਨ੍ਹਾਂ ਨੂੰ ਪਾਣੀ ਪਿਲਾਉਂਦਾ ਹੈਂ।

ਦੋਵੇਂ ਹੱਥ ਜੋੜ ਲਏ, ਨੇਤਰਾਂ 'ਚੋਂ ਜਲ ਜਾਣ ਲੱਗ ਗਿਆ। ਬੇਨਤੀ ਕਰਨ ਲੱਗ ਗਿਆ ਇਸ ਤਰ੍ਹਾਂ ਦੇ ਨਾਲ ਪੜ੍ਹੋ-

***ਧਾਰਨਾ - ਮੈਂ ਕੀ ਜਾਣਾ ਓ ਤੇਰੀ ਸਾਰ ਨੂੰ।***
***ਤੂੰ ਤਾਂ ਕਿਹੜਿਆਂ ਰੰਗਾਂ ਦੇ ਵਿਚ ਖੇਲ੍ਹਦਾ।***
***ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥***
***ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ॥ 22 ॥ 2 ॥***
***ਅੰਗ - 726***

ਹੇ ਗੁਰੂ ਦਸ਼ਮੇਸ਼ ਪਿਤਾ ਮਹਾਰਾਜ! ਮੈਨੂੰ ਕੀ ਪਤਾ ਹੈ, ਆਪ ਦਾ ਯੁੱਧ ਕੀਹਦੇ ਨਾਲ ਹੋਇਆ।

ਗੁਰੂ ਦਸ਼ਮੇਸ਼ ਪਿਤਾ ਪਾਉਂਟੇ ਸਾਹਿਬ ਚੜ੍ਹਦੀ ਜਵਾਨੀ 'ਚ ਸਨ ਤਾਂ ਉਸ ਵੇਲੇ ਸਿਢੌਰੇ ਦਾ ਪੀਰ ਜਿਹਦਾ ਨਾਉਂ ਪੀਰ ਬੁੱਧੂ ਸ਼ਾਹ ਸੀ, ਬਹੁਤ ਚੰਗਾ ਪੀਰ ਸੀ। ਉਹਦੇ ਮਨ ਵਿਚ ਇਹ ਰਹਿੰਦਾ ਸੀ ਕਿ ਰੱਬ ਕਿਵੇਂ ਮਿਲੇ। ਅਰਥ ਵੀ ਜਾਣਦਾ ਸੀ, ਕੁਰਾਨ ਸ਼ਰੀਫ ਦੀ ਕਥਾ ਵੀ ਕਰਾਉਣੀ, ਹਿੰਦੂਆਂ ਨੂੰ ਵੀ ਸੁਣਨਾ, ਮੁਸਲਮਾਨਾਂ ਨੂੰ ਵੀ ਸੁਣਨਾ, ਸ਼ਰ੍ਹਾ ਦੀਆਂ ਗੱਲਾਂ ਤੋਂ ਉੱਚਾ ਸੀ ਪੀਰ ਬੁੱਧੂ ਸ਼ਾਹ। ਉਹਨੂੰ ਅੱਜ ਗੁਰਸਿੱਖਾਂ ਤੋਂ ਪਤਾ ਲੱਗਿਆ ਕਿ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਦਰਸ਼ਨਾਂ ਨੂੰ ਅਸੀਂ ਜਾ ਰਹੇ ਹਾਂ। ਉਹਨੇ ਸਵਾਲ ਕਰਿਆ ਕਿ ਗੁਰੂ ਨਾਨਕ ਪਾਤਸ਼ਾਹ ਦਾ ਸਲੋਕ ਹੈ-

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***

***ਅੰਗ- 550***

ਜੀਵ ਕਰਮਾਂ ਦਾ ਫਲ ਭੋਗਣ ਵਾਸਤੇ ਜੂਨਾਂ 'ਚ ਘੁੰਮਦਾ ਫਿਰਦਾ ਹੈ ਜਨਮਾਂ-ਜਨਮਾਂਤਰਾ ਤੱਕ। ਇਕ ਗੁਰੂ ਨਾਨਕ ਪਾਤਸ਼ਾਹ ਉਹ ਕਹਿੰਦੇ ਨੇ ਕਿ '***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥***' ਨਾ ਤਾਂ ਉਡਦਾ ਹੈ, ਨਾ ਕਿਤੇ ਜਾਂਦਾ ਹੈ, ਆਪਣੇ ਅੰਦਰ ਹੀ ਰਹਿੰਦਾ ਹੈ ਇਸ ਸਰੀਰ 'ਚ। 'ਮੈਂ' ਕਿਹੜਾ ਹੈ ਇਨ੍ਹਾਂ ਦੋਹਾਂ ਦੇ ਵਿਚ। ਉਹ ਕਹਿਣ ਲੱਗੇ ਕਿ ਜੇ ਇਹ ਗੱਲ ਪੁੱਛਣੀ ਹੈ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਤੇਰੇ ਕੋਲ ਹੀ ਨੇ ਪਾਉਂਟਾ ਸਾਹਿਬ, ਤੂੰ ਉਨ੍ਹਾਂ ਤੋਂ ਪੁੱਛ ਲੈ। ਸੋ ਇਰਾਦਾ ਕਰ ਲਿਆ। ਪੁੱਛਣ ਵਾਸਤੇ ਚਲਦਾ ਹੈ। ਉਸ ਵੇਲੇ ਮੁਰੀਦ ਨਾਲ ਲੈ ਲਏ ਤੇ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਤੁਰਦਾ-ਤੁਰਦਾ ਸਿਢੌਰੇ ਤੋਂ ਪਹੁੰਚਦਾ ਹੈ ਤਾਂ ਦਰਬਾਰ ਲੱਗਿਆ ਹੋਇਆ ਸੀ ਉਸ ਵੇਲੇ। ਗੁਰੂ ਪਿਤਾ ਦੇ ਚਿਹਰੇ ਦਾ ਝਲਕਾਰਾ ਵੱਜਿਆ। ਐਸਾ ਨੂਰ ਦਿਸਿਆ ਉਹਨੂੰ ਗੁਪਤ, ਅੱਖਾਂ ਬੰਦ ਕਰ ਲਈਆਂ ਏਸਨੇ। ਕਹਿਣ ਲੱਗੇ ਇਹ ਤਾਂ ਨਿਰਾ ਨੂਰ ਹੈ। ਮੈਂ ਤਾਂ ਇਨ੍ਹਾਂ ਦੇ ਚਰਨਾਂ 'ਤੇ ਢਹਿ ਕੇ ਛੱਡਣਾ ਹੀ ਨਹੀਂ, ਜਦੋਂ ਤੱਕ ਮੈਨੂੰ ਸੰਸੇ ਰਹਿਤ ਨਹੀਂ ਕਰ ਦਿੰਦੇ। ਜਦੋਂ ਥੋੜ੍ਹਾ ਅੱਗੇ ਗਿਆ ਤਾਂ ਦੇਖਿਆ ਕਿ ਇਹ ਤਾਂ ਛੋਟੀ ਉਮਰ ਹੈ। ਅਜੇ ਦਾੜ੍ਹੀ ਵੀ ਥੋੜ੍ਹੀ-ਥੋੜ੍ਹੀ ਆਉਣ ਲੱਗੀ ਹੈ। ਮੇਰੀ ਵਡੇਰੀ ਉਮਰ ਹੈ, ਮੇਰੇ ਨਾਲ ਮੁਰੀਦ ਨੇ, ਕੀ ਕਹਿਣਗੇ ਕਿ ਮੁੰਡੇ ਦੇ ਅੱਗੇ ਸਾਡਾ ਪੀਰ ਨਿਵ ਗਿਆ। ਉਸ ਵੇਲੇ ਗੁਰੂ ਮਹਾਰਾਜ ਦੇ ਨੇੜੇ ਗਿਆ, ਮਹਾਰਾਜ ਨੇ ਕਿਹਾ ਆਓ ਪੀਰ ਜੀ! ਇਹਨੇ ਹੱਥ ਬੰਨ੍ਹੇ ਤੇ ਦਸਤਪੰਜਾ ਲਿਆ, ਮਹਾਰਾਜ ਨੇ ਵੀ ਦੋ ਉਂਗਲੀਆਂ ਅੱਗੇ ਕਰਕੇ ਮਿਲਾ ਲਿਆ।

ਦੱਸੋ ਪੀਰ ਜੀ! ਕਿਵੇਂ ਆਏ?

ਕਹਿਣ ਲੱਗਿਆ ਕਿ ਪੀਰ ਜੀ! ਖੁਦਾ ਔਰ ਰੂਹ ਕਾ ਮੇਲ ਕੈਸੇ?

ਮਹਾਰਾਜ ਕਹਿੰਦੇ, ਦਿਨ ਕਾ ਔਰ ਰਾਤ ਕਾ ਜੈਸੇ।

ਹੁਣ ਚੁੱਪ ਹੋ ਗਿਆ, ਨਾ ਤਾਂ ਮੁਰੀਦਾਂ ਤੋਂ ਡਰਦਾ ਗੱਲ ਪੁੱਛਦਾ ਹੈ ਅੱਗੇ। ਨਾ ਗੱਲ ਸਮਝ 'ਚ ਆਈ ਹੈ ਕਿ ਦਿਨ ਦਾ ਤੇ ਰਾਤ ਦਾ ਤਾਂ ਕਦੇ ਮੇਲ ਹੀ ਨਹੀਂ ਹੋਇਆ ਅੱਜ ਤੱਕ। ਰੱਬ ਦਾ ਤੇ ਰੂਹ ਦਾ ਫੇਰ ਮਿਲੇ ਕਿਵੇਂ ਹੋਏਗਾ।

ਫੇਰ ਕਿਹਾ, ਖੁਦਾ ਔਰ ਰੂਹ ਕਾ ਮੇਲ ਕੈਸੇ?

ਮਹਾਰਾਜ ਕਹਿੰਦੇ, ਸੱਚ ਕਾ ਔਰ ਝੂਠ ਕਾ ਜੈਸੇ।

ਗੱਲ ਹੋਰ ਆ ਗਈ ਉਤੋਂ ਦੀ ਕਿ ਸੱਚ ਤੇ ਝੂਠ ਤਾਂ ਅੱਜ ਤੱਕ ਨਹੀਂ ਰਲੇ। ਕਹਿਣ ਲੱਗਿਆ, ਮਹਾਰਾਜ! ਸਮਝ ਮੇਂ ਨਹੀਂ ਆਈ।

ਮਹਾਰਾਜ ਕਹਿੰਦੇ, ਜਿਵੇਂ ਸਮਝਿਆ ਉਵੇਂ ਹੀ ਹੈ।

ਕਹਿੰਦਾ, ਸੱਚੇ ਪਾਤਸ਼ਾਹ! ਮੇਰੇ ਗੱਲ ਸਮਝ 'ਚ ਨਹੀਂ ਆਈ।

ਕਹਿੰਦੇ ਤਾਂ ਨਹੀਂ ਆਈ ਤੂੰ ਝੂਠ ਦਾ ਚੋਲਾ ਪਹਿਨ ਕੇ ਆਇਆ ਹੋਇਆ ਹੈਂ। ਝੂਠ ਛੱਡ ਦੇ, ਸੱਚ ਰਹਿ ਗਿਆ ਬਾਕੀ। ਦੋ ਹੀ ਨੇ ਇਹਦੇ 'ਚ ਇਕ ਝੂਠ ਹੈ, ਪਰਛਾਵਾਂ ਹੈ, ਇਕ ਅਸਲ ਹੈ। ਪਰਛਾਵੇਂ ਨੂੰ ਛੱਡ ਦੇ ਅਸਲ ਰੱਖ ਲੈ।

ਉਸ ਵੇਲੇ, ਕਹਿਣ ਲੱਗਿਆ, ਮਹਾਰਾਜ ਮੈਂ ਏਸ ਝੂਠ ਨੂੰ ਛੱਡਣ ਵਾਸਤੇ ਬੜੇ ਜ਼ੋਹਦ ਕੀਤੇ, ਤਪ ਕੀਤੇ, ਲੰਗਰ ਚਲਾਏ, ਦਾਨ ਕਰੇ, ਜ਼ਿਆਰਤਾਂ ਕਰੀਆਂ, ਕਾਹਬੇ ਗਿਆ, ਹੱਜ ਕਰੇ। ਮੈਂ ਐਨਾ-ਐਨਾ ਚਿਰ ਪਾਠ ਕਰਦਾ ਹਾਂ, ਐਨਾ-ਐਨਾ ਚਿਰ ਬੈਠਦਾ ਹਾਂ। ਮਹਾਰਾਜ ਕਹਿੰਦੇ, ਇਹ ਤਾਂ ਝੂਠ ਦੇ ਸੰਗਲ ਹੋਰ ਬੰਨ੍ਹ ਲਏ, ਆਪਣੇ ਦੁਆਲੇ। ਮੈਂ ਪੀਰ ਹਾਂ, ਮੈਂ ਵੱਡਾ ਹਾਂ, ਮੈਂ ਛੋਟੇ ਦੇ ਚਰਨੀਂ ਕਿਉਂ ਲੱਗਾਂਗਾ। ਝੂਠ ਦਾ ਚੋਲਾ ਪਹਿਨੇ ਕੇ ਆਇਆ, ਕਿ ਮੇਰੇ ਮੁਰੀਦ ਕੀ ਕਹਿਣਗੇ।

ਸਮਝ ਗਿਆ ਪੀਰ ਕਿ ਇਹ ਤਾਂ ਦਿਲ ਦੀਆਂ ਰਮਜ਼ਾਂ ਸਾਰੀਆਂ ਜਾਣਦੇ ਨੇ। ਕਹਿੰਦਾ, ਸੱਚੇ ਪਾਤਸ਼ਾਹ ਹੁਣ ਰਾਹ ਦਸ ਦਿਓ। ਮਹਾਰਾਜ ਕਹਿੰਦੇ ਰਾਹ ਤਾਂ ਸਿੱਧਾ ਹੀ ਹੈ ਕਿ ਝੂਠ ਛੱਡ ਦੇ ਸੱਚ ਰਹਿ ਗਿਆ। ਉਹਨੂੰ ਪਛਾਨਣ ਵਾਸਤੇ ਜਿਹੜੀ ਰਹਿਤ ਚਾਹੀਦੀ ਹੈ -

***ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ ॥***
***ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥***

***ਅੰਗ- 468***

ਕਹਿੰਦੇ, ਪਹਿਲਾਂ ਸੱਚ ਨਾਲ ਪਿਆਰ ਕਰ। ਵਾਹਿਗੁਰੂ ਹੈ ਸੱਚ। ਫੇਰ ਜੇ ਉਹਦਾ ਕੋਈ ਨਾਉਂ ਲੈ ਦੇਵੇ, ਆਪਣੇ ਪਿਆਰੇ ਦਾ, ਰਾਮ ਵੀ ਕਹਿ ਦੇਵੇ ਤਾਂ ਵੀ ਖੁਸ਼ੀਆਂ ਹੀ ਚੜ੍ਹ ਜਾਣ ਕਿ ਮੇਰੇ ਪਿਆਰੇ ਨੂੰ ਇਹ

ਵੀ ਯਾਦ ਕਰਦਾ ਹੈ। ਕੋਈ ਅੱਲਾਹ ਕਹਿੰਦਾ ਹੈ ਤਾਂ ਵੀ ਖੁਸ਼ੀਆਂ ਚੜ੍ਹ ਜਾਣ। ਵਾਹਿਗੁਰੂ ਕਹਿ ਦੇਵੇ, ਮੰਦਰ ਵਾਲਿਆਂ ਨੂੰ ਖੁਸ਼ੀਆਂ ਚੜ੍ਹ ਜਾਣ। ਤਾਂ ਹੀ ਸੱਚ ਦੀ ਪਛਾਣ ਹੈ ਨਹੀਂ ਤਾਂ ਝੂਠ ਦੇ ਚੋਲੇ ਹੀ ਪਹਿਨੀ ਬੈਠਾ ਹੈ -*'ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ ॥ '* ਟੱਪਣ ਲਗ ਜਾਓ, ਆਪਣੇ ਮਿੱਤਰ ਦਾ ਨਾਉਂ ਸੁਣਦੇ ਸਾਰ।

ਸਾਡੇ ਕੋਲ ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ) ਦੀ ਕੋਈ ਗੱਲ ਕਹੇ, ਮਨ ਖੁਸ਼ ਹੋ ਜਾਂਦਾ ਹੈ ਕਿ ਸਾਡੇ ਪਿਆਰੇ ਦੀ ਬਾਤ ਕਰੀ ਹੈ। ਪਿਆਰੇ ਦੀਆਂ ਗੱਲਾਂ ਦਾ ਕੋਈ ਮੁੱਲ ਨਹੀਂ ਪਾ ਸਕਦਾ। ਉਹਦੇ ਬਾਰੇ ਤਾਂ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਸੀਸ ਵੱਢ ਕੇ ਬਣਾ ਦੇਆਂ ਮੂੜ੍ਹਾ।*
*ਗੱਲਾਂ ਜੋ ਸੁਣਾਵੇ ਤੇਰੀਆਂ।*
*ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥*
*ਅੰਗ - 558*

ਕੋਈ ਅੱਲਾਹ ਕਹਿ ਦੇ, ਕੋਈ ਰਾਮ ਕਹਿ ਦੇ, ਕੋਈ ਵਾਹਿਗੁਰੂ ਕਹਿ ਦੇ, ਕੋਈ ਗੋਬਿੰਦ ਕਹਿ ਦੇ; ਮਹਾਰਾਜ ਕਹਿੰਦੇ ਨਰਾਜ਼ਗੀ ਕਿਹੜੀ ਗੱਲ ਦੀ? ਕੰਨਾਂ 'ਚ ਉਂਗਲੀਆਂ ਕਿਉਂ ਦਿੰਦੇ ਓਂ ਕਿ ਮੈਂ ਅੱਲਾਹ ਦਾ ਨਾਮ ਨਾ ਸੁਣਾ। ਅੱਲਾਹ ਕਹਿੰਦਾ ਹੈ, ਵਾਹਿਗੁਰੂ ਕਹਿੰਦਾ ਹੈ, ਜਦੋਂ ਤੱਕ ਇਕ ਸਮਾਨ ਨਹੀਂ ਮੰਨਦਾ, ਓਨਾਂ ਚਿਰ ਨਹੀਂ ਸੱਚ ਦਾ ਪਤਾ ਲੱਗਣਾ। ਕੋਈ ਨਮਾਜ਼ ਪੜ੍ਹਦਾ ਹੈ, ਕੋਈ ਪੂਜਾ ਕਰਦਾ ਹੈ, ਤੈਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਇਹ ਵੀ ਮੇਰੇ ਪਿਆਰੇ ਨਾਲ ਜੁੜ ਰਿਹਾ ਹੈ। ਇਹ ਵੀ ਮੇਰੇ ਪਿਆਰੇ ਨੂੰ ਯਾਦ ਕਰਦਾ ਹੈ, ਬੋਲੀ ਹੋਰ ਹੈ ਇਹਦੀ। ਮਨ ਖਿੜ ਜਾਏਗਾ ਨਾਉਂ ਲੈਣ 'ਤੇ। ਫੇਰ ਕਹਿੰਦੇ, ਭਾਈ ਪਤਾ ਲੱਗਿਆ ਕਰਦਾ ਹੈ ਸੱਚ ਦਾ -

*ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥*
*ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥ ਅੰਗ - 468*

ਜਦੋਂ ਰਿਦੇ ਦੇ ਵਿਚ ਸੱਚਾ ਹੋ ਜਾਏਗਾ, ਅੰਦਰ ਫਰਕ ਨਹੀਂ ਰਹੇਗਾ ਕੋਈ, ਫੇਰ ਕਹਿੰਦੇ, ਬੁੱਧੂਸ਼ਾਹ! ਸੱਚ ਦਾ ਪਤਾ ਲਗਦਾ ਹੈ। ਇਸ ਤਰ੍ਹਾਂ ਮਹਾਰਾਜ ਨੇ ਸਮਝਾਇਆ। ਕਹਿੰਦਾ, ਪਾਤਸ਼ਾਹ! ਝੂਠ ਛੱਡਿਆ ਨਹੀਂ ਜਾਂਦਾ। ਸੱਚ ਗ੍ਰਹਿਣ ਨਹੀਂ ਕੀਤਾ ਜਾਂਦਾ। ਮਹਾਰਾਜ ਕਹਿੰਦੇ, ਝੂਠ ਤਾਂ ਛੱਡ ਸਕਦਾ ਹੈਂ ਨਾ। ਆਹ ਲਾਹ ਕੇ ਮਾਰ ਦੇ ਕੰਬਲੀ ਤੇ ਖੁਲ੍ਹ ਕੇ ਨੱਚ ਲੈ। ਝੂਠ ਛੱਡ ਦਿਤਾ ਇਕ ਦਮ ਕਿ ਮੈਂ ਪੀਰ ਹਾਂ। ਨੱਚਣ ਲੱਗ ਗਿਆ ਮਹਾਰਾਜ ਦੇ ਸਾਮ੍ਹਣੇ, ਚੁਟਕੀਆਂ ਵਜਾਉਂਦਾ ਹੈ, ਜੋਸ਼ 'ਚ ਆ ਗਿਆ, ਤੂੰਹੀਂ-ਤੂੰਹੀਂ, ਜਗਾ ਦਿਤਾ ਮਹਾਰਾਜ ਨੇ ਅੰਦਰ। ਮਹਾਰਾਜ ਕਹਿੰਦੇ, ਜਿੰਨਾਂ

ਚਿਰ ਹਨ੍ਹੇਰ ਹੈ ਓਨਾ ਚਿਰ ਮੇਲ ਨਹੀਂ ਹੁੰਦਾ, ਜਦੋਂ ਸੂਰਜ ਚੜ੍ਹਦਾ ਹੈ ਹਨ੍ਹੇਰਾ ਹਟ ਜਾਂਦਾ ਹੈ, ਇਸ ਤਰ੍ਹਾਂ ਅੱਲਾਹ ਤਾਲਾ ਦਾ ਜਿਵੇਂ ਸੂਰਜ ਤੇ ਰਾਤ ਤੇ ਦਿਨ ਦਾ ਮੇਲ ਹੈ। ਰਾਤ ਚਲੀ ਜਾਂਦੀ ਹੈ ਤਾਂ ਦਿਨ ਆਉਂਦਾ ਹੈ। ਇਸ ਤਰ੍ਹਾਂ ਜਦੋਂ ਸੱਚ ਆਉਂਦਾ ਹੈ ਝੂਠ ਖਤਮ ਹੋ ਜਾਂਦਾ ਹੈ। ਗਿਆਨ ਹੋ ਗਿਆ, ਇਕ ਸੰਸਾ ਰਹਿ ਗਿਆ ਮਨ 'ਚ। ਕਹਿਣ ਲੱਗਿਆ, ਪਾਤਸ਼ਾਹ! ਜਦ ਸਾਰੇ ਹੀ ਓਹੀ-ਓਹੀ ਹੈ। ਫੇਰ ਤੁਸੀਂ ਐਨੇ ਸ਼ਸਤਰ ਕਿਉਂ ਤਿਆਰ ਕਰਾ ਰਹੇ ਓਂ, ਯੋਧੇ ਕਿਉਂ ਤਿਆਰ ਕਰ ਰਹੇ ਓਂ। ਕਹਿੰਦੇ, ਬੁੱਧੂਸ਼ਾਹ ਅਸੀਂ ਕੁਛ ਨਹੀਂ ਕਰ ਰਹੇ। ਕੋਈ ਬਾਤ ਨਹੀਂ ਕਰ ਰਹੇ, ਕੋਈ ਵਿਉਂਤ ਨਹੀਂ ਬਣਾ ਰਹੇ। ਇਹ ਹੋ ਕੀ ਰਿਹਾ ਹੈ ਪਾਤਸ਼ਾਹ? ਮਹਾਰਾਜ ਨੇ ਕਿਹਾ ਕਿ cosmic ਬ੍ਰਹਿਮੰਡੀ ਹੁਕਮ ਵਰਤ ਰਿਹਾ ਹੈ ਅਕਾਲ ਪੁਰਖ ਦਾ। ਜਿਹਨੇ ਹੁਕਮ ਨੂੰ ਬੁੱਝ ਲਿਆ -

***ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ ਅੰਗ - 1***

***ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥ 1 ॥***
***ਅੰਗ - 1***

ਅਕਾਲ ਪੁਰਖ ਦਾ ਹੁਕਮ ਵਰਤ ਰਿਹਾ ਹੈ। ਅਸੀਂ ਤਾਂ ਦੇਖ ਰਹੇ ਹਾਂ -

***ਮੈ ਹੋ ਪਰਮ ਪੁਰਖ ਕੋ ਦਾਸਾ॥***
***ਦੇਖਨ ਆਯੋ ਜਗਤ ਤਮਾਸਾ॥ ਅਕਾਲ ਪੁਰਖ ਬਾਚ॥ਚੌਪਈ॥***

ਅਸੀਂ ਕੁਝ ਨਹੀਂ ਕਰ ਰਹੇ, ਨਾ ਸਾਡਾ ਕਿਸੇ ਨਾਲ ਵੈਰ, ਨਾ ਕਿਸੇ ਨਾਲ ਲੜਾਈ, ਨਾ ਕਿਸੇ ਨਾਲ ਝਗੜਾ। ਇਹ ਤਾਂ ਜੀਵਾਂ ਦੇ ਕਰਮ ਫਲ ਆਪਣੇ ਆਪ ਹੀ ਭੁਗਤੀ ਜਾਂਦੇ ਨੇ। ਅਸੀਂ ਤਿਆਰੀ ਕਿਸੇ ਥਾਂ ਤੇ ਕਰ ਰਹੇ ਹਾਂ, ਹੋ ਰਹੀ ਹੈ, ਮੈਂ ਵੀ ਦੇਖਦਾ ਹਾਂ ਤੂੰ ਵੀ ਦੇਖੀ ਜਾਹ।

ਸੋ ਇਸ ਤਰ੍ਹਾਂ ਮਹਾਰਾਜ ਦਾ ਕਿਸੇ ਨਾਲ ਵੈਰ ਨਹੀਂ ਸੀ। ਉਸ ਵੇਲੇ ਕਹਿਣ ਲੱਗੇ - ***'ਆਪੇ ਹਰਿ ਇਕ ਰੰਗੁ ਹੈ ਆਪੇ ਬਹੁ ਰੰਗੀ ॥ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ॥'***

ਭਾਈ ਘਨਈਆ ਕਹਿਣ ਲੱਗਿਆ, ਪਾਤਸ਼ਾਹ! ਮੈਂ ਕਿਸੇ ਨੂੰ ਨਹੀਂ ਪਾਣੀ ਪਿਲਾਇਆ।

ਮਹਾਰਾਜ ਕਹਿਣ ਲੱਗੇ, ਮੁਗਲਾਂ ਨੂੰ ਪਾਣੀ ਪਿਲਾਇਆ?

ਕਹਿੰਦਾ, ਨਾ ਸੱਚੇ ਪਾਤਸ਼ਾਹ।

ਸਿੰਘ ਕਹਿੰਦੇ ਨੇ ਝੂਠ ਮਹਾਰਾਜ ਸੌ ਫੀ ਸਦੀ ਝੂਠ ਬੋਲਦਾ ਹੈ ਇਹ, ਜਦ ਅਸੀਂ ਫੜਿਆ ਹੈ ਮੁਗਲ ਖਾਨ, ਜਿਹਨੇ ਹੱਲਾ ਕਰਿਆ ਸੀ, ਉਹਨੂੰ ਪਾਣੀ ਪਿਲਾ ਰਿਹਾ ਸੀ। ਮਹਾਰਾਜ ਕਹਿੰਦੇ, ਤੁਸੀਂ ਖਾਮੋਸ਼ ਰਹੋ।

ਅਸੀਂ ਪੁੱਛ ਰਹੇ ਹਾਂ।

ਫੇਰ ਭਾਈ ਘਨਈਆ! ਕੀ ਤੂੰ ਫੇਰ ਪਹਾੜੀਆਂ ਨੂੰ ਪਾਣੀ ਪਿਲਾਇਆ ਹੈ?

ਕਹਿੰਦਾ, ਨਾ ਪਾਤਸ਼ਾਹ! ਮੈਂ ਤਾਂ ਕਿਸੇ ਪਹਾੜੀਆਂ ਦੇ ਫੌਜੀ ਨੂੰ ਪਾਣੀ ਨਹੀਂ ਪਿਲਾਇਆ।

ਫੇਰ ਸਿੰਘ ਬੋਲ ਪਏ ਕਹਿਣ ਲੱਗੇ ਮਹਾਰਾਜ! ਹੁਣ ਕੀ ਕਰੀਏ, ਅੱਖਾਂ ਨਾਲ ਦੇਖਿਆ ਹੈ। ਕੰਨਾਂ ਨਾਲ ਸੁਣਿਆ ਹੈ, ਉਸ ਨਾਲ ਗੱਲਾਂ ਕਰਦੇ।

ਮਹਾਰਾਜ ਕਹਿੰਦੇ, ਭਾਈ ਘਨਈਆ! ਫੇਰ ਕੀ ਤੂੰ ਖਾਲਸੇ ਨੂੰ ਪਾਣੀ ਪਿਲਾਇਆ ਸੀ?

ਕਹਿੰਦਾ, ਨਾ ਪਾਤਸ਼ਾਹ।

ਮਹਾਰਾਜ ਨੇ ਤਾੜ ਕੇ ਕਿਹਾ, ਫੇਰ ਦੱਸ ਕੀਹਨੂੰ ਪਾਣੀ ਪਿਲਾਇਆ?

ਨੇਤਰਾਂ 'ਚੋਂ ਜਲ ਜਾਣ ਲਗ ਗਿਆ, ਦੋਵੇਂ ਹੱਥ ਜੋੜੇ ਹੋਏ ਨੇ। ਕਹਿਣ ਲੱਗੇ, ਪਾਤਸ਼ਾਹ! ਜਦੋਂ ਮੈਂ ਅੰਨ੍ਹਾ ਸੀ ਮੈਨੂੰ ਮੁਗਲ ਵੀ ਦਿਸਦੇ ਸੀ, ਮੈਨੂੰ ਪਹਾੜੀ ਰਾਜੇ ਵੀ ਦਿਸਦੇ ਸੀ, ਖਾਲਸਾ ਵੀ ਦਿਸਦਾ ਸੀ। ਜਦੋਂ ਤੂੰ ਗਿਆਨ ਦਾ ਸੁਰਮਾ ਮੇਰੇ ਨੇਤਰਾਂ 'ਚ ਪਾ ਦਿਤਾ –

***ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥***
***ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥***

***ਅੰਗ – 293***

ਵਾਹਿਗੁਰੂ ਨੇ ਮੇਰੇ 'ਤੇ ਕ੍ਰਿਪਾ ਕਰੀ ਕਿ ਤੇਰੇ ਵਰਗਾ ਸਮਰੱਥ ਗੁਰੂ ਮਿਲ ਗਿਆ। ਤੂੰ ਮੇਰੇ ਨੇਤਰਾਂ 'ਚ ਗਿਆਨ ਦਾ ਸੁਰਮਾ ਪਾ ਕੇ ਹਨ੍ਹੇਰਾ ਦੂਰ ਕਰ ਦਿਤਾ। ਮੇਰੀਆਂ ਅੱਖਾਂ ਬੰਦ ਸੀ ਮੈਂ ਅੰਨ੍ਹਾ ਸੀ। ਪਾਤਸ਼ਾਹ! ਹੁਣ ਤਾਂ ਤੂੰ ਮੇਰੇ ਨੇਤਰ ਖੋਲ੍ਹ ਦਿਤੇ। ਮੈਂ ਨਹੀਂ ਕਿਸੇ ਨੂੰ ਪਾਣੀ ਪਿਲਾਇਆ ਪਾਤਸ਼ਾਹ। ਮੱਸ਼ਕ ਲਿਆਉਂਦਾ ਸੀ ਭਰ ਕੇ, ਚਾਉ ਸੀ ਮੇਰੇ ਮਨ 'ਚ, ਕਲਗੀਆਂ ਵਾਲਿਆਂ ਤੈਨੂੰ ਪਾਣੀ ਪਿਲਾਉਣ ਦਾ। ਜਿਸ ਹਾਲਤ ਵਿਚ ਵੀ ਤੂੰ ਪਿਆ ਸੀ, ਮੈਨੂੰ ਤੂੰਹੀਂ ਨਜ਼ਰ ਆਉਂਦਾ ਸੀ। ਮੈਂ ਤਾਂ ਤੇਰਾ ਹੀ ਨੂਰਾਨੀ ਚਿਹਰਾ, ਤੇਰੀ ਹੀ ਝਲਕ ਦੇਖ ਕੇ ਪਾਣੀ ਪਿਲਾਉਂਦਾ ਰਿਹਾ। ਮੇਰੇ ਨੇਤਰ ਜਦੋਂ ਬੰਦ ਸੀ ਜਦ ਮੈਨੂੰ ਸਭ ਦਿਸਦੇ ਸੀ। ਜਦੋਂ ਤੂੰ ਖੋਲ੍ਹ ਦਿਤੇ। ਅੰਦਰਲੀ ਅੱਖ ਬਦਲਦੇ ਸਾਰ, ਮੇਰੀ ਦ੍ਰਿਸ਼ਟੀ ਵੀ ਬਦਲ ਗਈ। ਇਸ ਤਰ੍ਹਾਂ ਪੜ੍ਹ ਲਓ ਸਾਰੇ –

***ਧਾਰਨਾ – ਗੁਰਾਂ ਨੇ ਮੇਰੇ ਓ, ਨੈਣ ਖੋਲ੍ਹ 'ਤੇ।***
***ਮੈਨੂੰ ਸਾਰੀਆਂ ਘਟਾਂ ਦੇ ਵਿਚ ਦਿਸਿਆ।***

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*ਤ੍ਵਪ੍ਰਸਾਦਿ ਕਬਿੱਤ*

*ਧਾਰਨਾ - ਏਕੋ ਕਹੀਐ ਨਾਨਕਾ -2*
*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - 1291*

ਇਕ ਨਹੀਂ, ਜਿਹਦੇ ਵੀ ਨੇਤਰ ਖੁਲ੍ਹ ਗਏ, ਸਭ ਜਗ੍ਹਾ ਪ੍ਰਮੇਸ਼ਰ ਦਾ ਰੂਪ ਹੀ ਨਜ਼ਰ ਆਇਆ ਕਰਦਾ ਹੈ ਉਸ ਨੂੰ।

ਭਗਤ ਨਾਮਦੇਵ ਜੀ ਪ੍ਰਸ਼ਾਦਾ ਤਿਆਰ ਕਰ ਰਹੇ ਨੇ। ਪ੍ਰਸ਼ਾਦਾ ਤਿਆਰ ਕਰ ਲਿਆ, ਚੋਪੜਣ ਵਾਸਤੇ ਪੋਣੇ ਵਿਚ ਬੰਨ੍ਹ ਦਿਤੇ, ਠੰਢੇ ਨਾ ਹੋ ਜਾਣਾ, ਕੋਠੜੀ 'ਚੋਂ ਘਿਉ ਕੱਢਣ ਗਏ। ਏਧਰੋਂ ਕੁੱਤਾ ਦੇਖਦਾ ਸੀ ਜਿਸ ਵਕਤ ਪਰ੍ਹੇ ਗਏ, ਬੁਰਕ ਭਰਿਆ ਪੌਣੇ ਦਾ ਨੱਠ ਲਿਆ। ਨਾਮਦੇਵ ਜੀ ਪਿੱਛੇ-ਪਿੱਛੇ ਜਾ ਰਹੇ ਹਨ। ਕਹਿਣ ਲੱਗੇ, ਗੋਬਿੰਦ ਰੁੱਖੀ ਨਾ ਖਾਇਓ-ਰੁੱਖੀ ਨਾ ਖਾਇਓ ਮੈਨੂੰ ਚੋਪੜ ਲੈਣ ਦਿਓ। ਦੂਰ ਚਲੇ ਗਏ, ਕੁੱਤੇ ਨੇ ਰੋਟੀਆਂ ਛੱਡ ਦਿਤੀਆਂ। ਨਾਮਦੇਵ ਜੀ ਦੇ ਨਾਲੇ ਤਾਂ ਨੇਤਰਾਂ 'ਚੋਂ ਜਲ ਜਾਂਦਾ ਹੈ, ਨਾਲੇ ਕਹਿੰਦੇ ਨੇ ਪ੍ਰਭੂ! ਤੁਸੀਂ ਜੇ ਪ੍ਰਸ਼ਾਦਾ ਛਕਣਾ ਸੀ ਫੇਰ ਉਥੇ ਹੀ ਛਕ ਲੈਣਾ ਸੀ। ਉਥੇ ਦਾਲ ਵੀ ਪਈ, ਘਿਉ ਲੈਣ ਗਿਆ ਸੀ ਮੈਂ ਤਾਂ, ਤੁਸੀਂ ਰੁੱਖੀ ਕਿਉਂ ਖਾਣ ਲੱਗੇ ਸੀ। ਰੋਟੀ ਚੋਪੜੀ। ਰੱਖ ਦਿਤੀ ਪਰਲੇ ਪਾਸੇ। ਦੂਸਰੀ ਚੋਪੜੀ ਜਦ ਰੱਖਣ ਲੱਗੇ ਤਾਂ ਆਵਾਜ਼ ਆਈ ਨਾਮਦੇਵ! ਮੈਨੂੰ ਕੁੱਤਿਆਂ 'ਚ ਵੀ ਪਛਾਣ ਲਿਆ। ਇਥੇ ਵੀ ਦੇਖ ਲਿਆ। ਨਾਮਦੇਵ ਕਹਿਣ ਲੱਗੇ, ਪ੍ਰਭੂ! ਉਹ ਥਾਂ ਮੈਨੂੰ ਦੱਸੋ ਜਿਥੇ ਤੁਸੀਂ ਨਹੀਂ ਓ। ਮੈਂ ਤਾਂ ਜਿੰਨਾਂ ਕੁਛ ਸੁਣਦਾ, ਜਿੰਨੇ ਭਾਂਡੇ ਨੇ ਸਰੀਰ ਦੇ, ਬੇਅੰਤ ਕਿਸਮ ਦੇ, ਇਨ੍ਹਾਂ ਸਾਰਿਆ ਦੇ ਵਿਚ ਤੈਨੂੰ ਦੇਖਦਾ ਹਾਂ, ਤੂੰਹੀਂ ਬੋਲਦਾ ਹੈਂ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ-

*ਧਾਰਨਾ - ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ।*
*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥ 1 ॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*

ਆਹ ਜਿਹੜੇ ਭਾਂਡੇ ਬਣੇ ਹੋਏ ਨੇ ਪਾਤਸ਼ਾਹ! ਤੂੰਹੀਂ ਹੈ ਸਾਰਿਆਂ ਦੇ ਅੰਦਰ। ਕਿਉਂਕਿ ਨੇਤਰ ਖੁਲ੍ਹੇ ਹੋਏ ਨੇ।

ਭਾਈ ਘਨ੍ਹੱਈਆ ਜੀ ਕਹਿਣ ਲੱਗੇ, ਪਾਤਸ਼ਾਹ! ਮੈਂ ਤਾਂ ਕਿਸੇ ਨੂੰ ਨਹੀਂ ਪਾਣੀ ਪਿਲਾਉਂਦਾ ਮੈਂ ਸਵੇਰੇ ਤੋਂ ਸ਼ਾਮ ਤਕ ਧੰਨਭਾਗੀ ਹਾਂ, ਤੈਨੂੰ ਪਾਣੀ ਪਿਲਾਈ ਜਾਂਦਾ ਹਾਂ। ਮੈਂ ਕੀ ਜਾਣਦਾ ਹਾਂ ਤੇਰੀ ਸਾਰ ਨੂੰ, ਕੌਣ ਮੁਗਲ ਨੇ, ਕੌਣ ਪਹਾੜੀਏ ਨੇ, ਕੌਣ ਖਾਲਸਾ, ਤੂੰ ਆਪਣੇ ਕੌਤਕ ਆਪੇ ਹੀ ਜਾਣ।

ਗੁਰੂ ਮਹਾਰਾਜ ਉੱਠ ਕੇ ਖੜ੍ਹੇ ਹੋ ਗਏ। ਬੁੱਕਲ 'ਚ ਲੈ ਲਿਆ, ਘੁੱਟਿਆ ਕਹਿਣ ਲੱਗੇ, ਘਨ੍ਹੱਈਆ ਨਿਹਾਲ! ਨਿਹਾਲ! ਨਿਹਾਲ। ਤੂੰ ਸਿੱਖੀ ਸਮਝ ਲਈ ਗੁਰੂ ਨਾਨਕ ਦੀ। ਤੂੰ ਪਾਸ ਹੋ ਗਿਆ ਸਿੱਖੀ 'ਚੋਂ। ਮੇਰਾ ਰੂਪ ਬਣ ਗਿਆ। ਮੇਰੇ ਤੇ ਤੇਰੇ ਵਿਚ ਹੁਣ ਕੋਈ ਭੇਦ ਨਹੀਂ ਰਿਹਾ। ਉਸ ਵੇਲੇ ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਸਾਈਂ ਹੀ ਵਰਗੇ ਨੇ,***
***ਵਿਸਰੇ ਨਾ ਨਾਮ ਜਿਨ੍ਹਾਂ ਨੂੰ।***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ। ਅਗਲੀ ਵਿਚਾਰ ਅਗਲੇ ਦੀਵਾਨ ਵਿਚ ਹੋਏਗੀ।

ਗੁਰ ਸਤੋਤਰ, ਅਨੰਦ ਸਾਹਿਬ, ਅਰਦਾਸ, ਹੁਕਮਨਾਮਾ।

# 6

# ਆਗੈ ਬਸਨੁ ਸੁਹੇਲਾ

## (ਭਾਗ - 3)

ਸ਼ਾਨ.........................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*ਧਾਰਨਾ - ਕੋਈ ਨਾਉ ਨ ਜਾਣੈ ਮੇਰਾ*
*ਗੁਰੂ ਜੀ ਸਭ ਤੇਰੀ ਵਡਿਆਈ ਐ।*
*ਤੂੰ ਵਿਸਰਹਿ ਤਾਂ ਸਭੁ ਕੋ ਲਾਗੂ ਚੀਤਿ ਆਵਹਿ ਤਾਂ ਸੇਵਾ ॥*
*ਅਵਰੁ ਨ ਕੋਊ ਦੂਜਾ ਸੂਝੈ ਸਾਚੇ ਅਲਖ ਅਭੇਵਾ ॥ 1 ॥*
*ਚੀਤਿ ਆਵੈ ਤਾਂ ਸਦਾ ਦਇਆਲਾ ਲੋਗਨ ਕਿਆ ਵੇਚਾਰੇ ॥*
*ਬੁਰਾ ਭਲਾ ਕਹੁ ਕਿਸ ਨੋ ਕਹੀਐ ਸਗਲੇ ਜੀਅ ਤੁਮ੍ਾਰੇ ॥ 1 ॥*
*ਰਹਾਉ ॥*
*ਤੇਰੀ ਟੇਕ ਤੇਰਾ ਆਧਾਰਾ ਹਾਥ ਦੇਇ ਤੂੰ ਰਾਖਹਿ ॥*
*ਜਿਸੁ ਜਨ ਊਪਰਿ ਤੇਰੀ ਕਿਰਪਾ*
*ਤਿਸ ਕਉ ਬਿਪੁ ਨ ਕੋਊ ਭਾਖੈ ॥ 2 ॥*
*ਓਹੋ ਸੁਖੁ ਓਹਾ ਵਡਿਆਈ ਜੋ ਪ੍ਰਭ ਜੀ ਮਨਿ ਭਾਣੀ ॥*
*ਤੂੰ ਦਾਨਾ ਤੂੰ ਸਦ ਮਿਹਰਵਾਨਾ ਨਾਮੁ ਮਿਲੈ ਰੰਗੁ ਮਾਣੀ ॥ 3 ॥*
*ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ ॥*
*ਕਹੁ ਨਾਨਕ ਸਭ ਤੇਰੀ ਵਡਿਆਈ ਕੋਈ ਨਾਉ ਨ ਜਾਣੈ ਮੇਰਾ ॥*

*ਅੰਗ - 383*

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਪਿਛਲੇ ਕਈ ਦਿਨਾਂ ਤੋਂ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਜੀ ਦਾ ਇਤਿਹਾਸ ਜੋ ਸਾਨੂੰ ਬਹੁਤ ਸ਼ਰਧਾ ਤੇ ਭਰੋਸਾ ਬਣਾਉਂਦਾ ਹੈ, ਉਹਦੇ ਬਾਰੇ ਜ਼ਿਕਰ ਹੋ ਰਿਹਾ ਸੀ। ਕੱਲ੍ਹ ਬੇਨਤੀ ਕੀਤੀ ਸੀ ਕਿ ਸਤਿਗੁਰੁ ਕੀ ਹੁੰਦਾ ਹੈ? ਦੇਖਣ

ਨੂੰ ਮਨੁੱਖ ਰੂਪ 'ਚ ਨਜ਼ਰ ਆਉਂਦਾ ਹੈ। ਪਰ ਸਾਡੀ ਤੇ ਉਸ ਦੀ ਕ੍ਰਿਆ ਵਿਚ ਜ਼ਮੀਨ ਤੇ ਆਸਮਾਨ ਦਾ ਫਰਕ ਹੈ–

*ਸਤਿਗੁਰ ਪੁਰਖ ਅਗੰਮ ਹੈ।*

ਜਿਸ ਦੀ ਗਤੀ ਨੂੰ ਕੋਈ ਜਾਣ ਹੀ ਨਹੀਂ ਸਕਦਾ। 'ਨਿਰਵੈਰ ਹੈ' ਕੋਈ ਵੈਰ ਨਹੀਂ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਚੇ ਹੋਏ ਸੰਗਰਾਮ 'ਚ, ਜਦੋਂ ਕਿ ਇਕ-ਇਕ ਸਿੰਘ ਦੀ ਬਹੁਤ ਜ਼ਿਆਦਾ ਲੋੜ ਹੈ। ਦੁਸ਼ਮਣਾਂ ਦੀ ਤਾਦਾਦ, ਜੇ ਦੁਸ਼ਮਣ ਕਹੀਏ, ਗੁਰਸਿੱਖਾਂ ਦੇ ਕੋਈ ਦੁਸ਼ਮਣ ਨਹੀਂ ਹੋਇਆ ਕਰਦੇ। ਬਿਲਕੁਲ ਨਹੀਂ। ਸਾਧਸੰਗਤ ਜੀ! ਇਹ ਗੱਲ ਕੱਢ ਦਿਓ ਦਿਲ 'ਚੋਂ ਇਹ ਤਾਂ ਸ਼ੀਸ਼ੇ ਵਿਚ ਜੇ ਕੋਈ ਮੂੰਹ ਚੜ੍ਹਾ ਕੇ ਦੇਖੇ, ਉਹੋ ਜਿਹਾ ਨਜ਼ਰ ਆਉਂਦਾ ਹੈ, ਕੋਈ ਹੋਰ ਤਰ੍ਹਾਂ ਦਾ ਬਣਾ ਕੇ ਦੇਖੇ ਉਹੋ ਜਿਹਾ ਨਜ਼ਰ ਆਉਂਦਾ ਹੈ। ਕੋਈ ਸ਼ੁੱਧ ਭਾਵਨਾ ਨਾਲ ਦੇਖੇ, ਉਹਨੂੰ ਉਹੋ ਜਿਹਾ ਦਿਸਦਾ ਹੈ। ਖਾਲਸੇ ਦਾ ਨਹੀਂ ਸੀ ਕਿਸੇ ਨਾਲ ਵੀ ਵੈਰ। ਨਾ ਪਹਿਲਾਂ ਸੀ ਨਾ ਹੁਣ। ਜਦੋਂ ਤੱਕ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਹੈ, ਜਦੋਂ ਤੱਕ ਅਸੀਂ ਸੱਚੇ ਦਿਲ ਨਾਲ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਾਂ, ਸਾਡੇ ਵਾਸਤੇ ਸੰਸਾਰ ਦੇ ਅੰਦਰ ਕੋਈ ਦੂਜਾ ਨਹੀਂ ਹੈ –

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ 1 ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ*
*ਹਮ ਕਉ ਬਨਿ ਆਈ ॥*

*ਅੰਗ – 1299*

ਸਾਰੇ ਸੰਸਾਰ ਦੇ ਨਾਲ ਸਾਡੀ ਬਣ ਆਉਂਦੀ ਹੈ ਕਿਉਂਕਿ ਸਾਡਾ ਕੰਮ ਹੈ ਸੇਵਾ ਕਰਨਾ, ਜਿਵੇਂ ਰੈਡ ਕਰਾਸ ਸੁਸਾਇਟੀ ਹੁੰਦੀ ਹੈ। ਦੂਸਰਾ ਕੰਮ ਖਾਲਸੇ ਨੂੰ ਸੌਂਪਿਆ ਗਿਆ ਕਿ ਜੋ ਜ਼ੋਰ-ਜ਼ਬਰ ਕਰਦਾ ਹੈ, ਉਹ ਚੁੱਪ ਕਰਕੇ ਨਾ ਸਹੋ। ਜੋ ਵੀ ਆਪ ਨੂੰ ਤਾਕਤ ਦਿਤੀ ਹੈ ਕਿਸੇ ਨੂੰ ਬੋਲਣ ਦੀ ਦਿਤੀ ਹੈ, ਕਿਸੇ ਨੂੰ ਫਿਰਨ-ਤੁਰਨ ਦੀ ਦਿਤੀ ਹੈ, ਪੰਚਾਇਤੀ ਤਰੀਕਿਆਂ ਦੀ ਗੱਲ ਕਰਨ ਦੀ ਦਿਤੀ ਹੈ, ਉਹ ਬੈਠੇ ਨਾ ਘਰ। ਦੂਸਰਾ ਜਿਹਨੂੰ ਲੜਾਈ ਕਹਿੰਦੇ ਨੇ ਉਹਦੇ ਬਾਰੇ ਮਹਾਰਾਜ ਨੇ ਸਾਡੇ ਹੱਥ ਬੰਨ੍ਹ ਦਿਤੇ, ਉਹ ਕਹਿੰਦੇ ਜਦੋਂ ਕੋਈ ਵੀ ਹੀਲਾ ਨਾ ਬਣੇ ਜੀਉਣ ਦਾ, ਪਤਾ ਲਗ ਜਾਵੇ ਕਿ ਹੁਣ ਤਾਂ ਮਰਨਾ ਹੀ ਮਰਨਾ ਹੈ। ਇਕ ਆਪਣੇ ਜੀਉਣ ਦਾ ਹੁੰਦਾ ਹੈ, ਇਕ ਭਾਈਚਾਰੇ ਦੇ ਜੀਉਣ ਦਾ ਹੁੰਦਾ ਹੈ। ਉਸ ਵੇਲੇ ਕਹਿੰਦੇ, ਜੇ ਲੜਾਈ ਗਲ ਹੀ ਪੈ ਜਾਵੇ ਤਾਂ ਫੇਰ ਦੌੜਨਾ ਵੀ ਨਹੀਂ ਚਾਹੀਦਾ। ਇਹ ਸਿਧਾਂਤ ਹੈ ਗੁਰਬਾਣੀ ਦਾ। ਲੇਕਿਨ ਇਤਿਹਾਸ ਦੇ ਅੰਦਰ ਦਸਦੇ ਨੇ ਕਿ ਇਕ ਰਾਜਾ ਹੋਇਆ ਹੈ ਸੁਸ਼ਪਾਲ। ਦੁਆਪਰ ਯੁੱਗ ਦੀ ਗੱਲ ਹੈ। ਉਹਦੀ ਤਬੀਅਤ ਬੜੀ ਨਾਸਤਕ ਕਿਸਮ ਦੀ ਸੀ ਤੇ ਕ੍ਰਿਸ਼ਨ ਮਹਾਰਾਜ ਤੋਂ ਬਚਨ ਲੈ ਲਿਆ ਸੀ ਕਿ ਮਹਾਰਾਜ ਇਹ ਬਹੁਤ ਗੁਸਤਾਖ ਹੈ। ਉਹਦੀ ਮਾਤਾ

ਨੇ ਕਿਹਾ ਕਿ ਬੇਟਾ! ਤੂੰ ਭਗਵਾਨ ਹੈ ਤੇਰਾ ਤੇ ਆਮ ਮਨੁੱਖ ਦਾ ਬੜਾ ਫਰਕ ਹੈ। ਆਮ ਮਨੁੱਖ ਨੂੰ ਗੁੱਸਾ ਛੇਤੀ ਆ ਜਾਂਦਾ ਹੈ, ਆਮ ਮਨੁੱਖ ਫਿੱਕੀਆਂ ਗੱਲਾਂ ਫਟਾਫਟ ਕਹਿਣ ਲਗ ਜਾਂਦਾ ਹੈ। ਆਮ ਮਨੁੱਖ ਦੂਸਰੇ ਦਾ ਨੁਕਸਾਨ ਕਰਨ ਨੂੰ ਇਕ ਦਮ ਤਿਆਰ ਹੋ ਕੇ, ਖੁਸ਼ੀ ਮਾਣਦਾ ਹੈ। ਤੂੰ ਭਗਵਾਨ ਹੈਂ ਤੂੰ ਮੈਨੂੰ ਇਕ ਬਚਨ ਦੇ ਕਿ ਸੌ ਗਲਤੀ ਇਹ ਕਰ ਦੇਵੇ ਤਾਂ ਮੁਆਫ ਕਰ ਦੇਵੀਂ ਇਹਨੂੰ।

ਇਕ ਵਾਰੀ ਆਪ ਕਿਸੇ ਸੁਅੰਬਰ 'ਚ ਗਏ ਹੋਏ ਸੀ ਤਾਂ ਉਥੇ ਉਸ ਨੇ ਕ੍ਰਿਸ਼ਨ ਮਹਾਰਾਜ ਨੂੰ ਸੌ ਗਾਲ ਕੱਢੀ, ਗਿਣਦੇ ਚਲੇ ਗਏ। ਸਾਰੇ ਨਾਲ ਦੇ ਬੜੇ ਔਖੇ ਹੋ ਗਏ ਕਿ ਭਗਵਾਨ ਨੂੰ ਐਨੀਆਂ ਮਾੜੀਆਂ ਗੱਲਾਂ ਕਹਿ ਰਿਹਾ ਹੈ ਜਿਹੜੀਆਂ ਸਾਡੇ ਤੋਂ ਸੁਣੀਆਂ ਹੀ ਨਹੀਂ ਜਾ ਰਹੀਆਂ। ਕਿਉਂਕਿ ਸੱਜਣ ਪੁਰਖ ਜੋ ਹੁੰਦਾ ਹੈ, ਸਹੀ ਸੱਜਣ ਉਹ ਕਦੀ ਆਪਣੇ ਮਿੱਤਰ ਦੀ ਸ਼ਾਨ ਵਿਰੁੱਧ ਬਾਤ ਸੁਣਨ ਵਾਸਤੇ ਤਿਆਰ ਨਹੀਂ ਹੁੰਦਾ ਕਿਉਂਕਿ ਜੇ ਸੁਣ ਲਿਆ ਉਹਦੀ ਮਿੱਤਰਤਾ ਉਸੇ ਵੇਲੇ ਖਤਮ ਹੋ ਜਾਏਗੀ। ਇਸੇ ਤਰ੍ਹਾਂ ਜੇ ਗੁਰੂ ਦੀ ਨਿੰਦਿਆ ਸੁਣ ਲਈ ਕਿਸੇ ਨਾਸਤਕ ਕੋਲੋਂ, ਮਹਾਰਾਜ ਕਹਿੰਦੇ ਤੇਰਾ ਸਿੱਖੀ ਭਾਵ ਖਤਮ ਹੋ ਜਾਏਗਾ। ਇਸੇ ਤਰ੍ਹਾਂ ਕੋਈ ਮਹਾਂਪੁਰਸ਼ਾਂ ਨੂੰ ਕਿਹਾ ਕਰਦਾ ਹੈ, ਉਹਨੇ ਕੋਈ ਬਾਤ ਸੁਣ ਲਈ, ਉਹਦੇ ਅੰਦਰ ਤਰਕ ਪੈ ਜਾਏਗੀ, ਉਹ ਸੱਚਾ ਪਿਆਰਾ ਨਹੀਂ ਹੋਇਆ ਕਰਦਾ। ਐਵੇਂ ਦੁਨੀਆਂਦਾਰ ਬੰਦਾ ਹੁੰਦਾ ਹੈ। ਸੱਚੇ ਨਹੀਂ ਸੁਣਿਆ ਕਰਦੇ। ਸੋ ਉਨ੍ਹਾਂ ਦੇ ਮਨ ਵਿਚ ਬਹੁਤ ਗੁੱਸਾ ਆ ਗਿਆ ਕਿ ਭਗਵਾਨ! ਤੁਸੀਂ ਚੁੱਪ ਕਰੇ ਖੜ੍ਹੇ ਓਂ। ਉਹ ਕਹਿੰਦੇ, ਠਹਿਰੋ!, ਇਕਵੰਜਾ, ਬਵੰਜਾ, ਤਰਵੰਜਾ.....। ਉਹ ਗਾਲ੍ਹਾਂ ਕੱਢੀ ਜਾਂਦਾ ਹੈ ਇਹ ਗਿਣਦੇ ਜਾਂਦੇ ਨੇ, ਆਖਰੀ ਗਾਲ੍ਹ ਜਦੋਂ ਕੱਢੀ, ਉਸ ਵੇਲੇ ਬੋਲੇ, ਕਹਿੰਦੇ, ਸਸ਼ੁਪਾਲ, ਸੌ ਗਾਲ੍ਹ ਹੋ ਗਈ, ਇਕ ਬਾਕੀ ਰਹਿੰਦੀ ਹੈ, ਉਸ ਤੋਂ ਅੱਗੇ ਜਦੋਂ ਤੂੰ ਇਕ ਹੋਰ ਕੱਢੇਂਗਾ ਤਾਂ ਫੇਰ ਮੈਂ ਸੂਰਮਿਆਂ ਵਾਂਗਣ ਤੇਰੇ ਨਾਲ ਪੇਸ਼ ਆਵਾਂਗਾ। ਡਰਪੋਕ ਮੈਂ ਵੀ ਨਹੀਂ ਹਾਂ। ਉਸ ਵੇਲੇ ਜਦੋਂ 101 ਕੱਢ ਦਿਤੀ, 102ਵੀਂ ਕੱਢੀ, ਸੁਦਰਸ਼ਨ ਚੱਕਰ ਨਾਲ ਸਿਰ ਕਟ ਦਿਤਾ।

ਗੁਰੂ ਮਹਾਰਾਜ ਕਹਿੰਦੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤ ਹੈ ਕਿ ਮਾਫ ਕਰਦੇ ਜਾਓ, ਮਾਫ ਕਰਦੇ ਜਾਓ –

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***

***ਅੰਗ – 1382***

ਬੁਰੇ ਦਾ ਭਲਾ ਕਰ, ਅਰਦਾਸ ਕਰ ਰੋਜ਼ ਸੱਚੇ ਦਿਲੋਂ, ਜਦੋਂ ਮੈਂ ਪਿਛਲੇ ਦੀਵਾਨ 'ਚ ਬੇਨਤੀ ਕਰੀ ਸੀ ਕਿ ਜਦੋਂ ਅਰਦਾਸ ਵਿਚ ਗੁਰੂ ਦੇ ਹਾਜ਼ਰ ਹੁੰਦੇ ਓਂ, ਜੇ ਸਾਰੀ ਅਰਦਾਸ 'ਚ ਮਨ ਨਹੀਂ ਲਗਦਾ, ਕੋਈ ਗੱਲ

ਨਹੀਂ। ਪਰ ਇਕ ਗੱਲ 'ਚ ਮਨ ਲਾ ਲੈ -

***ਨਾਨਕ ਨਾਮ ਚੜ੍ਹਦੀ ਕਲਾ।***
***ਤੇਰੇ ਭਾਣੇ ਸਰਬੱਤ ਕਾ ਭਲਾ।***

ਮਾਫ ਕਰਦਿਆਂ-ਕਰਦਿਆਂ ਹੀ ਰੱਬ ਖੁਸ਼ ਹੋ ਜਾਏਗਾ ਤੇਰੇ 'ਤੇ। ਦਿਲ ਨਾ ਤੋੜੀਂ ਕਿਸੇ ਦਾ, ਜੇ ਰੱਬ ਨੇ ਤੈਨੂੰ ਤਾਕਤ ਦੇ ਦਿਤੀ ਕਿਸੇ ਨੂੰ ਉਜਾੜਨ ਦੀ, ਉਜਾੜੀਂ ਨਾ, ਰਾਖੀ ਕਰ ਦੇਈਂ। ਕਿਉਂਕਿ ਖਿਮਾ ਬਹੁਤ ਵੱਡੀ ਚੀਜ਼ ਹੈ, ਖਿਮਾ ਨੂੰ ਵਰਤ ਰਿਹਾ ਹੈ। 'ਜਹਾਂ ਖਿਮਾ ਤਹ ਆਪ' ਜਿਸ ਹਿਰਦੇ 'ਚ ਖਿਮਾ ਹੈ ਉਥੇ ਵਾਹਿਗੁਰੂ ਵੀ ਨਾਲ ਹੀ ਰਹਿੰਦਾ ਹੈ। ਸੋ ਵਾਹਿਗੁਰੂ ਦੇ ਨਾਲ ਮਿਲਣ ਵਾਲੀ ਸਾਨੂੰ ਗੱਲ ਕਰਨੀ ਚਾਹੀਦੀ ਹੈ। ਦੂਸਰੇ ਦਾ ਦੁੱਖ ਹਟਾਉਣ ਵਾਸਤੇ ਹੀ, ਗੁਰੂ ਨਾਨਕ ਪਾਤਸ਼ਾਹ ਨੇ ਸੰਤ ਨੂੰ ਦੋ ਡਿਊਟੀਆਂ ਸੌਂਪੀਆਂ ਨੇ। ਇਕ ਤਾਂ ਸੌਂਪੀ ਹੈ ਕਿ ਇਨ੍ਹਾਂ ਨੂੰ ਅੰਦਰਲੇ ਦੁਸ਼ਮਣਾਂ ਤੋਂ ਬਚਾਓ - ਕਾਮ, ਕ੍ਰੋਧ, ਲੋਭ, ਮੋਹ, ਹੰਕਾਰ।

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*** ***ਅੰਗ - 600***

ਸਾਨੂੰ ਪਤਾ ਹੈ ਕਿ ਸਾਡੇ ਅੰਦਰ ਚੋਰ ਬੈਠੇ ਨੇ? ਸਾਡੇ ਤਾਂ ਧਿਆਨ ਵਿਚ ਹੀ ਨਹੀਂ। ਉਹ ਧਿਆਨ ਵਿਚ ਕਿਉਂ ਨਹੀਂ ਕਿਉਂਕਿ ਅਸੀਂ ਸੌਂ ਗਏ, ਜਾਗਦੇ ਹੋਏ ਵੀ। ਜਿਹੜਾ ਨਾਮ ਨਹੀਂ ਜਪਦਾ ਮਹਾਰਾਜ ਕਹਿੰਦੇ ਉਹ ਜੀਉਂਦਾ ਹੀ ਮਰਿਆ ਹੋਇਆ ਬੰਦਾ ਹੈ। ਜਿਉਂਦਾ ਉਹ ਹੈ -

***ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥***
***ਨਾਨਕ ਅਵਰੁ ਨ ਜੀਵੈ ਕੋਇ ॥*** ***ਅੰਗ - 142***

ਇਹ ਨਾ ਕਿਹਾ ਕਰੋ ਕਿ ਅਸੀਂ ਜੀਉਂਦੇ ਹਾਂ, ਇਹ ਤਾਂ ਮਸ਼ੀਨਾਂ ਨੇ, ਦਾਣਾ-ਪਾਣੀ, ਘਿਉ-ਦੁਧ ਦਾ ਖਾਤਮਾ ਕਰਨ ਵਾਲੀਆਂ। ਮਾਸ ਮੋਟਾ ਵੀ ਹੁੰਦਾ ਹੈ, ਚੁੱਕਣਾ ਔਖਾ ਵੀ ਹੋ ਜਾਂਦਾ ਹੈ, ਚਾਰ ਪੰਜ ਜਣਿਆ ਤੋਂ। ਇਹ ਜੀਵਨ ਨਹੀਂ ਹੈ, ਇਹ ਇਕ ਕੈਮੀਕਲ ਐਕਸ਼ਨ ਹੈ ਆਦਮੀ ਦੇ ਅੰਦਰ। ਸਾਇੰਸ ਵਾਲੇ ਜਾਣਦੇ ਹਨ ਕਿ ਕੈਮੀਕਲ ਐਕਸ਼ਨ ਕੀ ਹੁੰਦਾ ਹੈ। ਰੋਟੀਆਂ ਖਾ ਲਈਆਂ, ਸਾਹ ਆਉਂਦਾ ਹੈ, ਮਸ਼ੀਨ ਚਲਦੀ ਹੈ, ਪ੍ਰਾਣ ਚਲਦੇ ਨੇ, ਸੌਂ ਜਾਂਦੇ ਹਾਂ, ਜਾਗ ਪੈਂਦੇ ਹਾਂ, ਖੇਤੀਆਂ ਕਰ ਲਈਆਂ, ਬੱਚੇ ਪੈਦਾ ਕਰ ਲਏ, ਬੱਚੇ ਪਾਲ ਲਏ, ਪੜ੍ਹਾ ਲਏ ਲਿਖਾ ਲਏ, ਓਹੀ ਗੱਲਾਂ ਜੋ ਬਾਪ-ਦਾਦੇ ਕਰਦੇ ਸੀ ਓਹੀ ਅਸੀਂ ਕਰਨ ਲਗ ਜਾਂਦੇ ਹਾਂ। ਜੀਵਨ ਸਾਰਾ ਹੀ ਬਿਰਥਾ ਚਲਿਆ ਜਾਂਦਾ ਹੈ। ਮਹਾਰਾਜ ਕਹਿੰਦੇ ਉਹਦਾ ਜੀਵਨ ਕਿਤੇ ਸਫਲ ਹੋ ਗਿਆ? ਨਾ ਬਰਬਾਦ ਕਰਕੇ ਸਮਾਂ ਚਲਿਆ ਗਿਆ। ਜੀਵਨ ਸਫਲ ਨਹੀਂ ਹੋਇਆ, ਜੀਵਨ ਤਾਂ ਉਹਦਾ ਸਫਲ ਹੈ ਜਿਹੜਾ ਜੀਉਂਦਾ ਬੰਦਾ ਹੈ। ਜਿਹੜੇ ਮਰੇ ਹੋਏ ਨੇ ਉਹਦਾ ਕਾਹਦਾ ਜੀਵਨ ਹੈ। ਉਹਦਾ ਤਾਂ ਕੈਮੀਕਲ ਐਕਸ਼ਨ 'ਚ ਜੀਉਂਦਾ ਹੈ, ਨਾਮ ਦੀ ਜ਼ਿੰਦਗੀ ਨਹੀਂ ਉਹਨੂੰ

ਪ੍ਰਾਪਤ ਹੋਈ। ਨਾਮ ਦੀ ਜੋ ਝੁਣਝੁਣਾਹਟ ਹੈ, ਉਹਨੂੰ ਕਰੰਟ ਨਹੀਂ ਲੱਗੀ ਪ੍ਰਮੇਸ਼ਰ ਦੀ। ਜਿੰਨਾਂ ਚਿਰ ਨਹੀਂ ਲੱਗੀ, ਓਨਾਂ ਚਿਰ ਇਹ ਮਰਿਆ ਹੋਇਆ ਹੈ। ਵਿਚਾਰ ਕਰਕੇ ਦੇਖੋ, ਬੈਟਰੀ ਲੈ ਲਓ ਦੁਕਾਨ ਤੋਂ, ਵਧੀਆ ਤੋਂ ਵਧੀਆ ਕੰਪਨੀ ਦੀ, ਘਰ ਵਿਚ ਲਿਆ ਕੇ ਟਰੈਕਟਰ ਸਟਾਰਟ (ਚਾਲੂ) ਕਰੋ ਕਦੇ ਨਹੀਂ ਹੋਏਗਾ। ਜ਼ੋਰ ਲਾ ਲਓ, ਕਹੇਗਾ ਜੀ ਇਹ ਤਾਂ ਪੰਜ ਹਜ਼ਾਰ ਦੀ ਆਈ ਹੈ, ਅਮਰੀਕਾ ਤੋਂ ਮੰਗਾਈ ਹੈ। ਕਿਤੋਂ ਮੰਗਾ ਲੈ ਜਿੱਥੋਂ ਤੇਰਾ ਜੀਅ ਕਰਦਾ ਹੈ। ਟਰੈਕਟਰ ਨਹੀਂ ਸਟਾਰਟ (ਚਾਲੂ) ਹੋਏਗਾ, ਕਿਉਂਕਿ ਇਸ ਦੇ ਅੰਦਰ ਕਰੰਟ ਨਹੀਂ ਹੈ। ਸੋ ਬੈਟਰੀ ਦੇਖਣ ਨੂੰ ਬਹੁਤ ਸੋਹਣੀ ਹੈ, ਕੰਪਨੀ ਵੀ ਬਹੁਤ ਵਧੀਆ ਹੈ, ਇਸੇ ਤਰ੍ਹਾਂ ਦੇ ਨਾਲ ਜੇ ਕਰੰਟ ਨਹੀਂ ਹੈ, ਆਦਮੀ ਵੀ ਇਸੇ ਤਰ੍ਹਾਂ ਬੈਟਰੀ ਵਰਗਾ ਹੈ, ਦੇਖਣ ਨੂੰ ਸੋਹਣਾ ਲਗਦਾ ਹੈ, ਦਸਤਾਰ ਸੋਹਣੀ ਬੰਨ੍ਹੀ ਹੋਈ ਹੈ, ਰੰਗ-ਰੂਪ ਪ੍ਰਮੇਸ਼ਰ ਨੇ ਵਧੀਆ ਦਿਤਾ ਹੋਇਆ ਹੈ। ਪੈਸਾ-ਟਕਾ ਬੇਅੰਤ ਹੈ ਕੋਲ, ਪਰ ਕਰੰਟ ਨਹੀਂ ਅੰਦਰ। ਕਰੰਟ ਕਿਸ ਚੀਜ਼ ਦੀ ਹੈ, ਮਹਾਰਾਜ ਕਹਿੰਦੇ ਨਾਮ ਦੀ। ਨਾਮ ਦੀ ਨਿਸ਼ਾਨੀ ਕੋਈ ਹੈ? ਕਹਿੰਦੇ, ਜਿਹੜੇ ਨਾਮ ਵਾਲੇ ਨੇ ਹਰ ਵਕਤ ਵਾਹਿਗੁਰੂ ਨਾਲ ਜੁੜੇ ਰਹਿੰਦੇ ਨੇ। ਉਨ੍ਹਾਂ ਦੇ ਅੰਦਰ ਖਿੱਚ ਭਰੀ ਰਹਿੰਦੀ ਹੈ ਹਰ ਵਕਤ। ਉਹ ਕੁਛ ਨਾ ਕੁਛ ਕਰਦੇ ਹੀ ਰਹਿੰਦੇ ਨੇ, ਸੰਸਾਰ ਦੇ ਭਲੇ ਵਾਸਤੇ। ਆਪਣੇ ਵਾਸਤੇ ਜ਼ਿੰਦਗੀ ਨਹੀਂ ਜੀਉਂਦਾ ਨਾਮੀ ਕਦੇ ਵੀ। ਜੋ ਕੁਛ ਬਣਾਏਗਾ ਸੰਸਾਰ ਦੇ ਭਲੇ ਵਾਸਤੇ ਬਣਾਏਗਾ। ਆਹ ਗੁਰਦਵਾਰਾ ਸਾਹਿਬ ਬਣਾਇਐ ਪ੍ਰੇਮੀਆਂ ਨੇ; ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਹੈ ਇਨ੍ਹਾਂ 'ਤੇ। ਇਨ੍ਹਾਂ ਦੀ ਹਿੰਮਤ ਨਹੀਂ ਸੀ ਕਿ ਕੋਈ ਆਪਣੀ ਜ਼ਮੀਨ ਵੱਢ ਕੇ ਦੇ ਦੇਵੇ। ਕਿੰਨਾ ਸੋਹਣਾ ਟੁਕੜਾ ਹੈ। ਇਹ ਤਾਂ ਧੁਰ ਤੋਂ ਕ੍ਰਿਪਾ ਹੋਈ ਇਨ੍ਹਾਂ 'ਤੇ। ਇਨ੍ਹਾਂ ਨੂੰ ਪ੍ਰੇਰਿਆ ਮਹਾਰਾਜ ਨੇ। ਪ੍ਰੇਰ ਕੇ ਇਨ੍ਹਾਂ ਨੇ ਆਪਣੀ ਦਸਾਂ ਨੌਹਾਂ ਦੀ ਕਮਾਈ ਨਾਲ ਖਰੀਦੀ ਹੋਈ ਜ਼ਮੀਨ, ਜੰਗਲ ਪੁਟੇ, ਕਿੰਨੀਆਂ ਮਿਹਨਤਾਂ ਕੀਤੀਆਂ। ਜੇ ਗਿਣੀਏ ਤਾਂ ਲੱਖਾਂ ਰੁਪਏ ਦਾ ਵੀ ਹਿਸਾਬ ਨਹੀਂ ਹੈ, ਇਕ ਵਿੱਘੇ ਦਾ ਵੀ। ਉਹ ਜ਼ਮੀਨ ਗੁਰਦਵਾਰਾ ਸਾਹਿਬ ਦੇ ਹਵਾਲੇ ਕਰ ਦਿਤੀ। ਇਹ ਉਨ੍ਹਾਂ ਦੀ ਕ੍ਰਿਪਾ ਹੈ। ਹੁਣ ਜ਼ਮੀਨ ਆ ਗਈ, ਮੇਰੇ ਨਾਉਂ ਰਜਿਸਟਰੀਆਂ ਕਰਾ ਦਿਤੀਆਂ। ਮੈਂ ਕਿਹਾ ਮੈਂ ਕੀ ਕਰਨੀਆ ਹਨ ਭਾਈ। ਮੈਂ ਤਾਂ ਆਪਣੀ ਛੱਡ ਕੇ ਗਿਆ ਹਾਂ ਇਥੋਂ। ਹੁਣ ਇਹ ਪਬਲਿਕ ਦੀ ਬਣ ਗਈ। ਇਥੇ ਹਰੀ ਦਾ ਜਸ ਹੋਏਗਾ, ਕੋਈ ਖੇਤੀ ਕਰਕੇ ਘਰ ਦਾ ਕੰਮ ਨਹੀਂ ਇਥੇ ਕਿਸੇ ਨੇ ਵੀ ਕਰਨਾ। ਜੇ ਕਰਨਾ ਹੈ ਤਾਂ ਗੰਨਾ ਬੀਜਣਾ ਹੈ, ਉਹ ਘੁਲਾੜੀ ਚਲਦੀ ਹੈ, ਰਸ ਪੀਈ ਜਾਓ, ਗੁੜ ਬਣਾਈ ਜਾਂਦੇ ਨੇ, ਖਲਾਈ ਜਾਓ। ਇਹ ਸਾਂਝੀ ਹੈ, ਗੁਰੂ ਨਾਨਕ ਦਾ ਘਰ ਸਾਰਿਆਂ ਦਾ ਸਾਂਝਾ ਹੁੰਦਾ ਹੈ। ਸੋ ਇਹ ਜੀਵਨ ਹੈ, ਬੰਦਗੀ ਵਾਲੇ ਆਪਣੇ ਵਾਸਤੇ ਨਹੀਂ ਜੀਉਂਦੇ। ਸੰਸਾਰ ਵਾਸਤੇ ਜੀਉਂਦੇ ਨੇ। ਮਹਾਰਾਜ ਕਹਿੰਦੇ, ਇਹ ਜੀਉਂਦੇ ਹੁੰਦੇ ਨੇ ਬਾਕੀ ਮਰੇ ਹੋਏ ਹੁੰਦੇ ਨੇ। ਇਹਦੀ ਨਿਸ਼ਾਨੀ ਕੀ ਹੁੰਦੀ

ਹੈ, ਉਨ੍ਹਾਂ ਦੇ ਸੀਨੇ 'ਚ ਖਿੱਚ ਹੁੰਦੀ ਹੈ-

*ਸੀਨੇ ਖਿ'ਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।*
*ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।*
*ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।*
*ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।*

ਚਾਹੇ ਸੇਵਾ ਕਰਦੇ ਨੇ, ਚਾਹੇ ਨਾਮ ਜਪਦੇ ਨੇ, ਚਾਹੇ ਹਰੀ ਦਾ ਜਸ ਕਰਦੇ ਨੇ, ਇਕੋ ਹੀ ਧੁਨ ਲਗੀ ਹੋਈ ਹੈ ਕਿ ਹੇ ਪ੍ਰਭੂ! ਤੇਰੇ ਦਰਸ਼ਨ ਹੋ ਜਾਣ। ਮੈਂ ਤੇਰੇ ਦਰਸ਼ਨ ਇਸ ਤਰ੍ਹਾਂ ਨਹੀਂ ਚਾਹੁੰਦਾ ਕਿ ਤੂੰ ਮੇਰੇ ਸਾਮ੍ਹਣੇ ਖੜ੍ਹਾ ਹੋ ਜਾਏਂ।

ਉਹ ਕਿਹੜੇ ਚਾਹੁੰਦਾ ਹੈਂ? ਹੇ ਪ੍ਰਭੂ! ਤੂੰ ਆਪਣਾ ਅਸਲੀ ਦਰਸ਼ਨ ਦੇ। ਅਸਲੀ ਦਰਸ਼ਨ ਵੀ ਹੈ ਪ੍ਰਮੇਸ਼ਰ ਦਾ? ਉਹ ਕਹਿੰਦੇ, ਮੇਰੀ ਅੱਖ ਖੋਲ੍ਹ ਦੇ। ਮੇਰੀ ਅੱਖ ਨੂੰ ਮੋਤੀਆ ਬਿੰਦ ਹੋਇਆ-ਹੋਇਐ ਹੈ -

**ਧਾਰਨਾ - ਤੂੰਹੀ ਤੂੰਹੀ ਮੋਹਿਨਾ।**

*ਜੈਸੇ ਏਕ ਆਗ ਤੇ ਕਨੂਕਾ ਕੋਟ ਆਗ ਉਠੇ,*
*ਨਿਆਰੇ ਨਿਆਰੇ ਹੋਇ ਕੈ ਫੇਰਿ ਆਗ ਮੈ ਮਿਲਾਹਿੰਗੇ॥*
*ਜੈਸੇ ਏਕ ਧੂਰ ਤੇ ਅਨੇਕ ਧੂਰ ਪੂਰਤ ਹੈਂ,*
*ਧੂਰਿ ਕੇ ਕਨੂਕਾ ਫੇਰ ਧੂਰਿ ਹੀ ਸਮਾਹਿੰਗੇ॥*
*ਜੈਸੇ ਏਕ ਨਦ ਤੇ ਤਰੰਗ ਕੋਟ ਉਪਜਤ ਹੈ*
*ਪਾਨ ਕੇ ਤਰੰਗ ਸਬੈ ਪਾਨ ਹੀ ਕਹਾਹਿੰਗੇ॥*
*ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ*
*ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿੰਗੇ॥*

*(ਅਕਾਲ ਉਸਤਤਿ)*

*ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥*
*ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - 1291*

ਸੋ ਪਾਤਸ਼ਾਹ! ਮੈਨੂੰ ਦਰਸ਼ਨ ਦੇ। ਮੈਂ ਤੇਰੇ ਦਰਸ਼ਨ ਤੇਰੇ ਕਿੱਥੇ ਕਰਾਂ, ਹਰ ਥਾਂ ਦੇ ਉਤੇ ਕਰਾਂ -

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*

*(ਤ੍ਵਪ੍ਰਸਾਦਿ ਕਬਿ'ਤ)*

ਭਿਖਾਰੀਆਂ 'ਚ ਵੀ ਤੇਰੇ ਦਰਸ਼ਨ ਕਰਾਂ। ਦਾਤਿਆਂ 'ਚ ਵੀ ਤੇਰੇ ਦਰਸ਼ਨ ਕਰਾਂ। ਸੋ ਮੈਨੂੰ ਮਸਜਿਦ ਵਿਚ ਵੀ ਤੂੰ ਨਜ਼ਰ ਆਵੇਂ, ਮੰਦਰ ਵਿਚ ਵੀ ਤੇਰੇ ਪਿਆਰੇ ਤੂੰ ਹੀ ਨਜ਼ਰ ਆਵੇ। ਸੋ ਇਹ ਅੱਖ ਮੈਨੂੰ ਦੇ ਦੇ।

ਭਾਈ ਘਨਈਏ ਦਾ ਪਿਛਲੇ ਦੀਵਾਨ 'ਚ ਜ਼ਿਕਰ ਕੀਤਾ ਸੀ। ਅੱਖ ਮਿਲੀ, ਗੁਰੂ ਮਹਾਰਾਜ ਨੇ ਪ੍ਰਸੰਨ ਹੋ ਕੇ ਤਿੰਨ ਵਾਰੀ ਕਿਹਾ, ਘਨੱਈਆ! ਨਿਹਾਲ! ਨਿਹਾਲ! ਨਿਹਾਲ। ਹੁਣ ਤੂੰ ਆਤਮ ਰਸ ਜਾਣ ਲਿਆ। ਤੇਰੀ ਪਦਵੀ -

***ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ॥***
***ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥***

***(ਸਰਬ ਲੋਹ ਗ੍ਰੰਥ 'ਚੋਂ')***

ਜਾਹ ਹੁਣ ਤੇਰੇ ਮੇਰੇ 'ਚ ਕੋਈ ਫਰਕ ਨਹੀਂ ਰਿਹਾ, ਤੂੰ ਗੁਰਸਿੱਖੀ ਦ੍ਰਿੜ੍ਹ ਕਰਾ ਜਾ ਕੇ। ਹੁਣ ਇਕੱਲਾ ਪਾਣੀ ਨਾ ਪਿਲਾਇਆ ਕਰ, ਹੁਣ ਨਾਲ ਮਲ੍ਹਮ ਤੇ ਪੱਟੀ ਵੀ ਲਾਇਆ ਕਰ। ਮਲ੍ਹਮ ਵੀ ਲੈ-ਲੈ ਤੇ ਨਾਲ ਪੱਟੀਆਂ ਵੀ ਲੈ-ਲੈ। ਕਿੱਥੇ ਗੁਰੂ ਗੋਬਿੰਦ ਸਿੰਘ ਲੈ ਕੇ ਜਾ ਰਹੇ ਨੇ। ਕਿਸੇ ਨਾਲ ਵੈਰ ਸੀ ਉਨ੍ਹਾਂ ਦਾ? ਫੇਰ ਨਿਰਾਲੀਆਂ ਹੁੰਦੀਆਂ ਨੇ ਉਨ੍ਹਾਂ ਦੀਆਂ ਗੱਲਾਂ।

ਗੁਰੂ ਛੇਵੇਂ ਪਾਤਸ਼ਾਹ ਮਹਾਰਾਜ, ਜਦੋਂ ਆਪ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਾਹਰ ਆਏ, 52 ਰਾਜਿਆਂ ਨੂੰ ਨਾਲ ਲੈ ਕੇ ਨਿਕਲੇ। ਉਸ ਵੇਲੇ ਜਹਾਂਗੀਰ ਨੇ ਬੇਨਤੀ ਕੀਤੀ ਮਹਾਰਾਜ! ਮੇਰੇ ਤੋਂ ਬੜੀ ਭੁੱਲ ਹੋਈ ਹੈ। ਇਤਿਹਾਸਕਾਰ ਤਾਂ ਆਪਣੇ-ਆਪਣੇ ਟੀਚੇ ਲਾਉਂਦੇ ਨੇ। ਕਹਿੰਦੇ ਨੇ ਕਿ ਮਹਾਰਾਜ ਨੂੰ ਤਾਂ ਨਾਲ ਰਖਿਆ ਸੀ ਕਿ ਕਿਤੇ ਪੰਜਾਬ 'ਚ ਪਹੁੰਚ ਕੇ ਬਗਾਵਤ ਨਾ ਕਰ ਦੇਣ। ਪੁਲੀਟੀਕਲ ਬੰਦਿਆਂ ਦਾ ਖਿਆਲ ਐਸਾ ਹੀ ਹੋਇਆ ਕਰਦਾ ਹੈ।

ਗੁਰੂ ਮਹਾਰਾਜ ਦੇ ਕੋਲ ਤਾਂ ਐਨੀਆਂ ਸ਼ਕਤੀਆਂ ਸੀ ਕਿ ਕਿਸੇ ਦੀ ਕੀ ਮਜ਼ਾਲ ਸੀ ਕਿ ਉਨ੍ਹਾਂ ਨਾਲ ਯੁੱਧ ਕਰੇ ਕੋਈ। ਉਹ ਤਾਂ ਇਕ ਕ੍ਰਿਆ ਕਰ ਰਹੇ ਸੀ। ਕੋਈ ਲਾਲਚ ਨਹੀਂ ਸੀ ਉਨ੍ਹਾਂ ਨੂੰ ਰਾਜਾਂ ਦਾ। ਗੁਰੂ ਦਸਵੇਂ ਪਾਤਸ਼ਾਹ ਨੇ ਸਾਢੇ ਚੌਦਾਂ ਯੁੱਧ ਕਰੇ ਨੇ, ਇਕ ਇੰਚ ਜਗ੍ਹਾ ਨਹੀਂ ਰੋਕੀ ਕਿਸੇ ਦੀ, ਸਾਰਿਆਂ ਦੇ ਵਿਚ ਹੀ ਦੁਸ਼ਮਣਾਂ ਨੂੰ ਸ਼ਿਕੱਸਤ ਦਿਤੀ।

ਸੋ ਸਾਡੀ ਕ੍ਰਿਆ ਹੋਰ ਹੈ ਅਸੀਂ ਕਬਜ਼ੇ ਕਰਦੇ ਹਾਂ। ਗੁਰੂ ਨੇ ਕਿਸੇ 'ਤੇ ਕਬਜ਼ਾ ਨਹੀਂ ਕਰਿਆ, ਗੁਰੂ ਮਹਾਰਾਜ ਦੀ ਤਾਂ ਨਿਰਾਲੀ ਕ੍ਰਿਆ ਸੀ।

ਸੋ ਗੁਰੂ ਮਹਾਰਾਜ ਨੂੰ ਬੇਨਤੀ ਕੀਤੀ, ਗੁਰੂ ਮਹਾਰਾਜ ਨੇ ਬੇਨਤੀ ਪ੍ਰਵਾਨ ਕਰ ਲਈ। ਕਿਉਂਕਿ ਜੋ ਸਾਧੂ, ਸੰਤ, ਮਹਾਂਪੁਰਸ਼, ਗੁਰੂ ਹੁੰਦੇ ਨੇ

ਇਹ ਨਿਰਵੈਰ ਹੁੰਦੇ ਨੇ। ਕਿਸੇ ਨਾਲ ਇਨ੍ਹਾਂ ਦਾ ਵੈਰ ਨਹੀਂ ਹੋਇਆ ਕਰਦਾ। ਸੋ ਆਪ ਜਹਾਂਗੀਰ ਦੇ ਨਾਲ ਕੁਛ ਦਿਨ ਠਹਿਰੇ ਰਹੇ। ਸੰਗਤਾਂ 'ਚ ਦੂਰ-ਦੂਰ ਪਤਾ ਲਗ ਗਿਆ। ਰੋਜ਼ ਸੰਗਤਾਂ ਆਉਂਦੀਆਂ ਨੇ, ਸੱਚੇ ਪਾਤਸ਼ਾਹ-ਸੱਚੇ ਪਾਤਸ਼ਾਹ-ਸੱਚੇ ਪਾਤਸ਼ਾਹ ਦੀ ਆਵਾਜ਼ ਥਾਂ-ਥਾਂ ਤੋਂ ਕੰਨਾਂ 'ਚ ਪੈ ਰਹੀ ਹੈ। ਸੋ ਉਸ ਵੇਲੇ ਜਹਾਂਗੀਰ ਨੇ ਵੀ ਆਵਾਜ਼ ਸੁਣੀ। ਜਹਾਂਗੀਰ ਕਹਿਣ ਲੱਗਿਆ, ਗੁਰੂ ਜੀ! ਇਕ ਮੈਨੂੰ ਗੱਲ ਨਹੀਂ ਸਮਝ 'ਚ ਆਉਂਦੀ। ਆਦਰ ਤਾਂ ਤੁਹਾਡਾ ਮੈਂ ਵੀ ਕਰਦਾ ਹਾਂ। ਪਰ ਇਕ ਗੱਲ ਮੈਨੂੰ ਚੁੱਭਦੀ ਰਹਿੰਦੀ ਹੈ। ਮਹਾਰਾਜ ਕਹਿੰਦੇ, ਭਾਈ ਉਹ ਗੱਲ ਦੂਰ ਕਰ ਦਿੰਦੇ ਹਾਂ ਭਾਈ। ਕਹਿਣ ਲੱਗਿਆ, ਮੈਨੂੰ ਤਾਂ ਲੋਕ ਪਾਤਸ਼ਾਹ, ਸ਼ਹਿਨਸ਼ਾਹ ਕਹਿੰਦੇ ਨੇ। ਬਹੁਤਾ ਕਰਨਗੇ, ਸ਼ਹਿਨਸ਼ਾਹੇ ਆਜ਼ਮ ਕਹਿ ਦੇਣਗੇ, ਸਾਰਿਆਂ ਤੋਂ ਵੱਡਾ ਬਾਦਸ਼ਾਹ ਤੇ ਤੁਹਾਨੂੰ ਸਾਰੇ ਜਿੰਨੇ ਆਉਂਦੇ ਨੇ, ਹਰ ਕੋਈ ਇਹੀ ਕਹਿੰਦਾ ਹੈ ਕਿ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਕੇ ਆਇਆ ਹਾਂ, ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨ ਜਾਣਾ ਹੈ। ਸੱਚੇ ਪਾਤਸ਼ਾਹ, ਸੱਚੇ ਪਾਤਸ਼ਾਹ ਹੁੰਦੀ ਹੈ। ਇਹਦਾ ਮਤਲਬ ਇਹ ਹੋਇਆ ਕਿ ਮੈਂ ਲੱਖਾਂ, ਅਰਬਾਂ ਮੀਲ ਦਾ ਜੋ ਮਾਲਕ ਹਾਂ। ਮੈਂ ਤਾਂ ਹੋ ਗਿਆ ਝੂਠਾ ਪਾਤਸ਼ਾਹ ਤੇ ਤੁਹਾਡੇ ਕੋਲ ਜਿਹੜਾ ਤੁਹਾਡਾ ਘਰ ਹੈ, ਉਹ ਵੀ ਮੈਂ ਜ਼ਬਤ ਕਰ ਲਿਆ ਸੀ। ਕੋਈ ਤੁਹਾਡੇ ਕੋਲ ਆਪਣੀ ਨੁਮਾਇਸ਼ ਲਈ ਚੀਜ਼ ਨਹੀਂ ਹੈ ਤੇ ਤੁਸੀਂ ਇਕ ਫਕੀਰਾਨਾ ਜ਼ਿੰਦਗੀ ਬਤੀਤ ਕਰ ਰਹੇ ਓਂ ਤੇ ਤੁਹਾਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ ਤਾਂ ਮੈਂ ਝੂਠੇ ਪਾਤਸ਼ਾਹ ਬਣ ਜਾਂਦਾ ਹਾਂ, ਇਹ ਗੱਲ ਮੇਰੇ ਸਮਝ 'ਚ ਨਹੀਂ ਆਈ।

ਮਹਾਰਾਜ ਕਹਿੰਣ ਲੱਗੇ, ਜਹਾਂਗੀਰ! ਅਸੀਂ ਤਾਂ ਕਿਸੇ ਨੂੰ ਇਸ਼ਤਿਹਾਰ ਦੇ ਕੇ ਭੇਜਿਆ ਨਹੀਂ ਹੈ ਕਿ ਸਾਨੂੰ ਸੱਚੇ ਪਾਤਸ਼ਾਹ ਕਹੋ। ਤੈਨੂੰ ਪਤਾ ਨਹੀਂ ਹੈ ਕਿ ਸੱਚਾ ਕੌਣ ਹੁੰਦਾ ਹੈ ਤੇ ਪਾਤਸ਼ਾਹ ਕੌਣ ਹੁੰਦਾ ਹੈ।

***ਸਚਾ ਅਮਰੁ ਸਚੀ ਪਾਤਿਸਾਹੀ***
***ਸਚੇ ਸੇਤੀ ਰਾਤੇ ॥*** ***ਅੰਗ - 749***

ਜਿਹੜੇ ਵਾਹਿਗੁਰੂ ਨਾਲ ਪਿਆਰ ਕਰਦੇ ਨੇ ਉਨ੍ਹਾਂ ਦਾ ਹੁਕਮ ਵੀ ਸੱਚਾ ਹੁੰਦਾ ਹੈ। ਉਹਦਾ ਹੁਕਮ ਕੋਈ ਟਾਲ ਨਹੀਂ ਸਕਦਾ ਕਿਉਂਕਿ ਸੱਚ ਉਹਦੀ ਜ਼ੁਬਾਨ 'ਤੇ ਆ ਗਿਆ। ਇਸ ਕਰਕੇ ਉਹ ਸੱਚੇ ਪਾਤਸ਼ਾਹ ਹੁੰਦੇ ਨੇ, ਉਨ੍ਹਾਂ ਦੀ ਪਾਤਸ਼ਾਹੀ ਸੱਚੀ ਹੁੰਦੀ ਹੈ। ਤੇਰੀ ਪਾਤਸ਼ਾਹੀ ਜਿਹੜੀ ਹੈ ਉਹ ਥੋੜ੍ਹੇ ਜਿਹੇ ਦਿਨਾਂ ਦੀ ਹੈ। ਜਦ ਕੋਈ ਦੂਜਾ ਵੱਡਾ ਬਾਦਸ਼ਾਹ ਚੜ੍ਹ ਕੇ ਆ ਜਾਏ, ਛੋਟੇ ਬਾਦਸ਼ਾਹਾਂ ਦੀ ਬਾਦਸ਼ਾਹੀਆਂ ਕਿੰਨੀਆਂ ਖੋਹੀਆਂ ਨੇ, 52 ਰਾਜੇ ਤਾਂ ਅਸੀਂ ਛੁਡਾਏ, ਰਾਜਪੂਤਾਨੇ ਦੇ ਅਤੇ ਪਹਾੜਾਂ ਦੇ। ਇਹ ਫੇਰ ਝੂਠੇ ਪਾਤਸ਼ਾਹ ਹੀ ਹੋਏ। ਸੱਚੇ ਪਾਤਸ਼ਾਹ ਉਹ ਹੋਏ ਜਿਹਦਾ ਹੁਕਮ -

***ਜਾ ਕਾ ਕਹਿਆ ਦਰਗਹ ਚਲੈ ॥***

***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - 186***

ਜਿਹਨੇ ਦਰਗਾਹ ਵਿਚ ਵੀ ਧਰਮਰਾਜ 'ਤੇ ਹੁਕਮ ਕਰ ਦਿਤਾ, ਸਾਰੇ ਸਵਰਗਾਂ 'ਚ ਜਿਹਦਾ ਹੁਕਮ ਚਲਦਾ ਹੈ, ਸਾਰੇ ਨਰਕਾਂ 'ਚ ਜਿਹਦਾ ਹੁਕਮ ਚਲਦਾ ਹੈ, ਭੂਤਾਂ-ਪ੍ਰੇਤਾਂ 'ਤੇ ਜਿਹਦਾ ਹੁਕਮ ਚਲਦਾ ਹੈ, ਪਾਤਸ਼ਾਹ ਤਾਂ ਉਹ ਹੋਇਆ ਕਰਦਾ ਹੈ। ਚੰਗਾ! ਤੈਨੂੰ ਇਹ ਗੱਲ ਕਿਸੇ ਦਿਨ ਪ੍ਰੈਕਟੀਕਲੀ ਦਿਖਾਵਾਂਗੇ।

ਕੁਛ ਦਿਨ ਲੰਘ ਗਏ, ਮਹਾਰਾਜ ਜੀ ਜੰਗਲ 'ਚ ਜਾ ਰਹੇ ਨੇ, ਘੋੜੇ ਬੰਨ੍ਹ ਦਿਤੇ। ਟੈਂਟ ਲਾ ਲਏ। ਦੁਪਹਿਰ ਦਾ ਮੌਕਾ ਹੈ, ਦਰਖਤਾਂ ਥੱਲੇ ਟੈਂਟ ਲੱਗੇ ਹੋਏ ਨੇ। ਜਹਾਂਗੀਰ ਦਾ ਤੇ ਗੁਰੂ ਮਹਾਰਾਜ ਦਾ ਟੈਂਟ ਬਰਾਬਰ-ਬਰਾਬਰ ਲੱਗਿਆ ਹੋਇਆ ਹੈ। ਐਨੇ ਨੂੰ ਜਹਾਂਗੀਰ ਵੀ ਟੈਂਟ ਵਿਚ ਆਰਾਮ ਕਰਨ ਚਲਿਆ ਗਿਆ ਤੇ ਮਹਾਰਾਜ ਜੀ ਵੀ ਚਲੇ ਗਏ ਤੇ ਬਾਹਰ ਆਵਾਜ਼ ਆ ਰਹੀ ਹੈ ਕਿ ਮੈਂ ਸੱਚੇ ਪਾਤਸ਼ਾਹ ਦੇ ਦਰਸ਼ਨ ਕਰਨੇ ਨੇ। ਉਹ ਕਹਿੰਦੇ ਨਹੀਂ-ਨਹੀਂ ਘਾਹੀ ਤੂੰ ਜਾ ਨਹੀਂ ਸਕਦਾ। ਉਹ ਕਹਿੰਦਾ, ਮੈਨੂੰ ਸੱਚੇ ਪਾਤਸ਼ਾਹ ਦੇ ਕੋਲ ਜਾਣ ਤੋਂ ਕੋਈ ਰੋਕ ਨਹੀਂ ਸਕਦਾ। ਜਹਾਂਗੀਰ ਦੇ ਕੰਨ 'ਚ ਆਵਾਜ਼ ਪਈ। ਚੁਕੰਨਾ ਹੋਇਆ ਕਿ ਅੱਜ ਬੜਾ ਸ਼ੁਭ ਦਿਹਾੜਾ ਹੈ ਕਿ ਮੈਨੂੰ ਵੀ ਸੱਚੇ ਪਾਤਸ਼ਾਹ ਕਹਿਣ ਵਾਲਾ ਕੋਈ ਆ ਗਿਆ। ਟੈਂਟ ਤੋਂ ਬਾਹਰ ਨਿਕਲ ਆਇਆ, ਜੋ ਆਫੀਸਰ ਸੀ ਉਸਨੂੰ ਹੁਕਮ ਦਿਤਾ ਕਿ ਇਸ ਘਾਹੀ ਨੂੰ ਆ ਜਾਣ ਦਿਓ ਮੇਰੇ ਤੱਕ। ਖੁਸ਼ ਹੋ ਗਿਆ ਕਿ ਮੈਨੂੰ ਸੱਚੇ ਪਾਤਸ਼ਾਹ ਕਿਹਾ ਹੈ।

ਨੇੜੇ ਆ ਗਿਆ ਘਾਹੀ, ਬਹੁਤ ਹੀ ਸੋਹਣਾ, ਕੂਲਾ ਘਾਹ ਜਿਹਦੇ 'ਚ ਇਕ ਟਾਹਣੀ ਵੀ ਐਸੀ ਨਹੀਂ ਸੀ ਜਿਹੜੀ ਸੁੱਕੀ ਹੋਈ ਹੋਵੇ ਜਾਂ ਆਪਣੀ ਉਮਰ ਪਕਾ ਗਈ ਹੋਵੇ। ਜਿਵੇਂ ਚੁਣਿਆ ਹੁੰਦਾ ਹੈ ਇਸ ਤਰ੍ਹਾਂ ਚੁਣ ਕੇ ਲਿਆਉਂਦਾ ਹੈ। ਨੇੜੇ ਆ ਗਿਆ, ਦਰਸ਼ਨ ਕਦੇ ਕਰੇ ਨਹੀਂ ਸੀ। ਸੰਗਤ ਦੇ ਰਾਹੀਂ ਗੁਰੂ ਸਾਹਿਬ ਦਾ ਗਿਆਨ ਸੀ ਕਿ ਐਸੇ ਦਿਆਲੂ-ਕ੍ਰਿਪਾਲੂ ਨੇ। ਨਾ ਉਨ੍ਹਾਂ ਵਾਸਤੇ ਕੋਈ ਵੱਡਾ ਹੈ ਨਾ ਕੋਈ ਛੋਟਾ ਹੈ -

***ਤੈਸਾ ਰੰਕੁ ਤੈਸਾ ਰਾਜਾਨੁ ॥ ਅੰਗ - 275***

ਰਾਜਾ ਤੇ ਰੰਕ ਉਨ੍ਹਾਂ ਦੇ ਦਰਬਾਰ 'ਚ ਬਰਾਬਰ ਦਰਜਾ ਹੀ ਰਖਦੇ ਨੇ।

ਸੋ ਇਸੇ ਕਰਕੇ ਸੰਤਾਂ ਦੇ ਕੋਲ ਅਭਿਮਾਨੀ ਬੰਦਾ ਕਦੇ ਨਹੀਂ ਆਏਗਾ। ਕਿਉਂਕਿ ਉਹਦਾ ਤੇ ਸੰਤਾਂ ਦਾ ਮੇਲ ਨਹੀਂ ਕੋਈ ਹੁੰਦਾ। ਕਿਉਂਕਿ ਉਸ ਕੋਲ ਅਭਿਮਾਨ ਹੈ, ਸੰਤਾਂ ਕੋਲ ਨਿਮਰਤਾ ਹੈ। ਸੰਤ ਕਿਸੇ ਦੀ ਖੁਸ਼ਾਮਦ ਨਹੀਂ ਕਰਦੇ, ਮੁਹਥਾਜੀ ਨਹੀਂ ਝਲਦੇ, ਉਹ ਆਪਣੇ ਮਤੇ 'ਚ ਰਹਿੰਦੇ ਨੇ। ਇਸ ਤਰ੍ਹਾਂ ਮਹਾਰਾਜ ਦਾ ਫੁਰਮਾਨ ਹੈ -

***ਧਾਰਨਾ - ਰੰਗ ਹਸਦੇ ਤੇ ਰੰਗ ਰੋਂਦੇ,***
***ਪਰਵਾਹ ਨਾ ਕਿਸੇ ਦੀ ਰਖਦੇ ਸਾਧੂ।***

ਇਕ ਦੀ ਪਰਵਾਹ ਰਖਦੇ ਨੇ ਵਾਹਿਗੁਰੂ ਦੀ, ਦੁਨੀਆਂਦਾਰ ਦੀ ਪਰਵਾਹ ਨਹੀਂ ਰਖਦੇ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਜਦੋਂ ਬਾਬਰ ਆਇਆ, ਚੱਕੀਆਂ ਚੱਲ ਰਹੀਆਂ ਨੇ ਆਪਣੇ ਆਪ, ਕੀਰਤਨ ਹੋ ਰਿਹਾ ਹੈ। ਇਕੱਲੇ ਗੁਰੂ ਨਾਨਕ ਪਾਤਸ਼ਾਹ ਦੀ ਹੀ ਨਹੀਂ, ਸਾਰੀਆਂ ਚੱਕੀਆਂ ਚੱਲ ਰਹੀਆਂ। ਮਹਾਰਾਜ ਨੇ ਕਿਹਾ ਕਿ ਪ੍ਰਮੇਸ਼ਰ ਦਾ ਭਜਨ ਕਰੋ। ਪ੍ਰਮੇਸ਼ਰ ਦੇ ਭਜਨ ਤੋਂ ਹੀਣੇ ਹੋਣ ਕਰਕੇ ਤੁਸੀਂ ਦੁਖ ਸਹਿ ਰਹੇ ਓਂ। ਬੇਅੰਤ ਸਾਧੂ, ਫਕੀਰ, ਐਵੇਂ ਰੋਟੀਆਂ ਮੰਗ ਕੇ ਖਾਣ ਵਾਲੇ, ਉਹਨੇ ਫੜ ਲਏ। ਕਹਿੰਦਾ ਇਨ੍ਹਾਂ ਤੋਂ ਲਵੋ ਕੰਮ। ਬੋਝਾ ਚੁਕਾਈ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੂੰ ਬੋਝਾ ਚੁੱਕਾ ਦਿਤਾ, ਮਰਦਾਨੇ ਨੂੰ ਘੋੜਾ ਫੜਾ ਦਿਤਾ। ਮਹਾਰਾਜ ਕਹਿੰਦੇ, ਮਰਦਾਨਿਆਂ! ਨਿਰੰਕਾਰ ਦੇ ਚਾਕਰ ਹੋ ਕੇ ਇਨ੍ਹਾਂ ਦਾ ਕਹਿਣਾ ਮੰਨਣਾ ਹੈ। ਛੱਡ ਦੇ ਘੋੜਾ। ਸਾਰੀਆਂ ਦੁਨੀਆਂ ਦੇਖ ਰਹੀ ਹੈ ਕਿ ਕੋਈ ਸਾਧੂ ਹੈ ਉਹਦਾ ਐਡਾ ਤੇਜ਼ ਪ੍ਰਤਾਪ ਹੈ ਕਿ ਜੋ ਬੋਝਾ ਚੁਕਾਇਆ ਹੈ ਗੱਠੜੀ ਸਿਰ ਤੋਂ ਗਿੱਠ ਉਪਰ ਉਠੀ ਹੋਈ ਹੈ।

ਕਈ ਪ੍ਰੇਮੀਆਂ ਨੂੰ ਇਹ ਸ਼ੰਕਾ ਹੋ ਜਾਂਦਾ ਹੈ ਕਿ ਇਸ ਤਰ੍ਹਾਂ ਕਦੇ ਹੋਇਆ ਵੀ ਹੈ। ਤੁਹਾਡੇ ਬੀਜੀ (ਮਾਤਾ ਰਣਜੀਤ ਕੌਰ ਜੀ ਸੁਪਤਨੀ ਸੰਤ ਵਰਿਆਮ ਸਿੰਘ ਜੀ) ਦੇ ਪਿਤਾ ਜੀ 370 ਚੱਕ 'ਚ ਰਹਿੰਦੇ ਸੀ, ਦਾਉਦਪੁਰੀਆਂ ਦਾ ਚੱਕ ਸੀ, ਭੱਟੀਆਂ ਦਾ। ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਜਿਨ੍ਹਾਂ ਦੇ ਬਾਰੇ ਸਿੱਖ ਜਗਤ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ। ਆਪ ਨੇ ਬਹੁਤ ਤਕਲੀਫਾਂ ਜੇਲ੍ਹਾਂ ਵਿਚ ਸਹੀਆਂ। 16 ਸਾਲ ਲਗਾਤਾਰ ਕੈਦ 'ਚ ਰਹਿ ਕੇ ਭਜਨ ਬੰਦਗੀ ਕੀਤੀ। ਉਹ ਆਪਣੀ ਪੁਸਤਕ ਰੰਗਲੇ ਸੱਜਣ ਵਿਚ ਬਾਪੂ ਜੀ ਬਾਰੇ ਲਿਖਦੇ ਨੇ ਕਿ ਜਦੋਂ ਆਪਣੇ ਪਸ਼ੂਆਂ ਵਾਸਤੇ ਪੱਠੇ ਵੱਢ ਕੇ ਲਿਆਉਂਦੇ ਸੀ, 370 ਚੱਕ ਜਿਹੜਾ ਸੀ ਉਹ ਸਾਰਾ ਹੀ ਦਰਵਾਜ਼ੇ ਦੇ ਕੋਲ ਆ ਕੇ ਖੜ੍ਹ ਜਾਂਦਾ ਸੀ, ਬੀਬੀਆਂ, ਬੱਚਿਆਂ, ਅੱਧਿਆਂ ਨੇ ਕਹਿਣਾ ਕਿ ਗੱਠੜੀ ਸਿਰ ਨਾਲ ਲੱਗੀ ਹੋਈ ਹੈ, ਅੱਧਿਆਂ ਨੇ ਕਹਿਣਾ ਨਾ ਗਿੱਠ ਭਰ ਉਚੀ ਹੈ ਸਿਰ ਤੋਂ। ਰੋਜ਼ ਹੀ ਉਹ ਚਰਚਾ ਸੀ। ਸਮਝ 'ਚ ਨਹੀਂ ਸੀ ਆਉਂਦੀ।

ਇਸੇ ਤਰ੍ਹਾਂ ਸੰਤ ਅਤਰ ਸਿੰਘ ਜੀ ਮਹਾਰਾਜ, ਜਿਸ ਵਕਤ ਖਿਆਲ ਆਇਆ ਕਿ ਲੋਕ ਮਾਨਤਾ ਬਹੁਤੀ ਕਰਨ ਲਗ ਗਏ। ਸਾਧਸੰਗਤ ਜੀ ਮਾਨਤਾ ਵੀ ਹੱਦ ਦੀ ਹੀ ਹੁੰਦੀ ਹੈ। ਅਗਾਂਹਾਂ ਫੇਰ ਖਰਾਬ ਕਰਦੀ ਹੈ। ਤੰਗ ਆ ਜਾਂਦੇ ਨੇ ਮਹਾਂਪੁਰਸ਼। ਮੱਖੀਆਂ ਘੇਰ ਲੈਂਦੀਆਂ ਨੇ ਉਨ੍ਹਾਂ ਨੂੰ। ਗਰਜ਼ਾਂ ਵਾਲੇ ਬੰਦੇ ਮਹਾਂਪੁਰਸ਼ਾਂ ਨੂੰ ਮਿਲਦੇ ਨੇ, ਨਾਮ ਵਾਲੇ ਬਹੁਤ ਘੱਟ

ਮਿਲਦੇ ਨੇ। ਸੌ ਬੰਦੇ 'ਚੋਂ ਇੱਕ ਸ਼ਾਇਦ ਨਾਮ ਵਾਲਾ ਹੋਵੇ। ਅਸਲੀ ਕੰਮ ਸੰਤਾਂ ਦਾ ਹੈ ਆਪ ਨਾਮ ਜਪਣਾ ਤੇ ਦੂਸਰਿਆਂ ਨੂੰ ਜਪਾਉਣਾ। 99 ਗਰਜ਼ਾਂ ਵਾਲੇ ਹੋਣਗੇ, ਕੋਈ ਬਿਮਾਰੀਆਂ ਵਾਲੇ, ਕੋਈ ਹੋਰ ਤਕਲੀਫਾਂ ਵਾਲੇ, ਸੋ ਤੰਗ ਆ ਜਾਂਦੇ ਨੇ ਮਹਾਂਪੁਰਸ਼। ਕਹਿੰਦੇ ਨੇ, ਚਲੋ ਇਥੋਂ ਚੱਲੀਏ।

ਸੋ ਆਪ ਦੀਵਾਨ ਲਾ ਰਹੇ ਸੀ, ਰਾਤ ਨੂੰ ਹੀ ਤੁਰ ਗਏ ਦੋਵੇਂ। ਸਵੇਰ ਤੱਕ ਤੁਰੀ ਗਏ। ਨਾ ਕੁਛ ਛਕਿਆ, ਨਾ ਛਕਾਇਆ। ਨਾ ਕਿਸੇ ਸੇਵਾਦਾਰ ਨੂੰ ਪਤਾ, ਸਭ ਨੂੰ ਤਾੜ ਗਏ ਕਿ ਸਾਡੇ ਮਗਰ ਨਾ ਤੁਰ ਆਇਓ। ਕਿੰਨੇ ਮੀਲ ਦੂਰ ਆ ਗਏ। ਅੱਗੇ ਇਕ ਮਕਾਨ ਬਣ ਰਿਹਾ ਹੈ। ਉਥੇ ਜਾ ਕੇ ਉਸ ਸੇਠ ਨੂੰ ਕਹਿਣ ਲੱਗੇ, ਸੇਠ ਜੀ! ਮੈਨੂੰ ਵੀ ਰੱਖ ਲਓ, ਮਜ਼ਦੂਰਾਂ 'ਚ। ਮਜ਼ਦੂਰ ਰੱਖ ਲਿਆ ਉਹਨੇ। ਉਹ ਕਹਿੰਦਾ ਕਿ ਦਿਹਾੜੀ? ਕਹਿੰਦੇ, ਜਿਹੜੀ ਦੇਣੀ ਹੈ ਦੇ ਦਿਓ। ਉਹ ਕਹਿੰਦੇ ਕਿ ਦੇਖ ਭਾਈ! ਕੰਮ ਬਹੁਤ ਹੈ। ਕਹਿੰਦੇ, ਕੰਮ ਤੁਹਾਡਾ ਮੈਂ ਸਾਰਾ ਹੀ ਕਰਾਂਗਾ। ਘਾਣੀ 'ਚ ਵੜ ਗਏ, ਮਿੰਟਾਂ 'ਚ ਹੀ ਘਾਣੀ ਬਣਾ ਦਿਤੀ। ਰਾਜ ਮਿਸਤਰੀ ਦੇਖਦੇ ਨੇ ਕਿ ਆਹ ਬੜਾ ਤੇਜ਼ ਮਜ਼ਦੂਰ ਹੈ। ਉਸ ਤੋਂ ਬਾਅਦ ਗਾਰਾ। ਕਹਿੰਦੇ, ਮੈਂ ਹੀ ਫੜਾ ਦੇਵਾਂਗਾ। ਦੌੜ-ਦੌੜ ਕੇ ਗਾਰਾ ਦਿੰਦੇ, ਵਿਚੇ ਇੱਟਾਂ ਫੜਾਈ ਜਾਂਦੇ ਨੇ। ਤਸੱਲਾ ਸਿਰ ਨਾਲ ਨਹੀਂ ਛੋਹ ਰਿਹਾ। ਪਹਿਲਾਂ ਤਾਂ ਕਿਸੇ ਨੇ ਧਿਆਨ ਨਾ ਦਿਤਾ। ਫੇਰ ਕਹਿਣ, ਇਹਦਾ ਜਿਹੜਾ ਪਰਨਾ ਬੰਨਿਆ ਹੋਇਆ ਹੈ ਇਹ ਮੈਲਾ ਨਹੀਂ ਹੁੰਦਾ, ਇਹ ਉਵੇਂ ਜਿਵੇਂ ਹੈ। ਉਨ੍ਹਾਂ ਦਿਨਾਂ ਵਿਚ ਲੋਕ ਬਹੁਤ ਸ਼ਰਧਾਲੂ ਜਾਂ ਤੰਗ ਕਰਨ ਵਾਲੇ ਨਹੀਂ ਸੀ ਹੁੰਦੇ, ਧਿਆਨ ਘੱਟ ਹੀ ਦਿੰਦੇ ਸੀ। ਉਨ੍ਹਾਂ ਦੇ ਇਸ ਤਰ੍ਹਾਂ ਨੋਟਿਸ ਵਿਚ ਤਾਂ ਆਉਂਦਾ ਹੈ ਕਿ ਇਨ੍ਹਾਂ ਦੇ ਸਿਰ ਦੇ ਉਤੇ ਇਕ ਦਾਣਾ ਨਹੀਂ ਲੱਗਿਆ ਗਾਰੇ ਦਾ। ਲੇਕਿਨ ਅੱਖਾਂ ਵਾਲੇ ਨਾ ਹੋਣ ਕਰਕੇ ਦੇਖ ਨਹੀਂ ਰਹੇ।

ਸਿੰਘਾਂ ਨੂੰ ਜਦ ਪਤਾ ਲੱਗਿਆ ਕਿ ਬਾਬਾ ਜੀ ਤਾਂ ਲੱਭਦੇ ਨਹੀਂ ਕਿਤੇ। ਟੋਲ੍ਹਣ ਤੁਰ ਪਏ। ਜਦੋਂ ਨੇੜੇ ਆਏ, ਉਨ੍ਹਾਂ ਨੇ ਪਛਾਣ ਲਿਆ ਕਿ ਇਹ ਜਿਹੜੇ ਨੱਠ-ਨੱਠ ਕੇ ਸੇਵਾ ਕਰ ਰਹੇ ਨੇ, ਇਹ ਤਾਂ ਅਜੀਬ ਹੀ ਨੇ ਤੱਸਲਾ ਹੀ ਨਹੀਂ ਸਿਰ ਦੇ ਨਾਲ ਲੱਗ ਰਿਹਾ।

ਇਸੇ ਤਰ੍ਹਾਂ ਬਾਬਾ ਫਰੀਦ ਜੀ ਨੂੰ ਫਰੀਦਕੋਟ ਫੜ ਲਿਆ। ਕਿਲ੍ਹਾ ਬਣ ਰਿਹਾ ਸੀ, ਕਿਲ੍ਹੇ ਦੀਆਂ ਇੱਟਾਂ ਢੋਣ 'ਤੇ ਲਾ ਦਿਤਾ। ਟੋਕਰਾ ਭਰਦੇ ਨੇ ਟੋਕਰਾ ਗਿੱਠ ਉਚਾ ਚਲਦਾ ਹੈ। ਦੇਖ ਲਿਆ ਕਿਸੇ ਨੇ ਕਿ ਇਹ ਤਾਂ ਕੋਈ ਦਰਵੇਸ਼ ਆ ਗਿਆ। ਫੇਰ ਉਹਦੀ ਯਾਦਗਾਰ ਸ਼ਹਿਰ 'ਚ ਬਣਾਈ ਉਹਦੇ ਨਾਮ 'ਤੇ ਸ਼ਹਿਰ ਫਰੀਦਕੋਟ ਹੈ। ਇਸ ਤਰ੍ਹਾਂ ਬੇਅੰਤ ਮਹਾਤਮਾ ਹੋਏ ਨੇ।

ਗੁਰੂ ਨਾਨਕ ਪਾਤਸ਼ਾਹ ਦੇ ਉਤੇ ਤੁਰੀ ਜਾਂਦੀ ਹੈ ਗੱਠੜੀ। ਮਹਾਰਾਜ ਕਹਿੰਦੇ, ਛੱਡ ਦੇ ਘੋੜਾ ਮਰਦਾਨਿਆਂ। ਕਹਿਣ ਲੱਗਿਆ, ਮਹਾਰਾਜ ਡਾਹਢੇ

ਨੇ ਹਾਕਮ, ਕਿੰਨੇ ਮਾਰ ਦਿਤੇ, ਕਿੰਨੇ ਬੇਰਹਿਮੇ, ਕਤਲ ਹੀ ਕਤਲ ਕਰਿਆ ਪਿਆ ਹੈ।

ਮਹਾਰਾਜ ਕਹਿੰਦੇ, ਨਿਰੰਕਾਰ ਦੀ ਚਾਕਰੀ ਕਰਕੇ, ਦੁਨੀਆਂ ਦੀ ਚਾਕਰੀ ਕਰਨੀ ਹੈ? ਛੱਡ ਦੇ ਘੋੜਾ। ਰਬਾਬ ਸੰਭਾਲ, ਹਰੀ ਦਾ ਜਸ ਕਰੀਏ -

***ਜੇ ਸੁਖੁ ਦੇਹਿ ਤ ਤੁਝਹਿ ਅਰਾਧੀ ਦੁਖਿ ਭੀ ਤੁਝੈ ਧਿਆਈ ॥***
***ਅੰਗ - 757***

ਚਾਹੇ ਦੁਖ ਆ ਜਾਏ, ਚਾਹੇ ਸੁਖ ਆ ਜਾਏ। ਗੁਰਮੁਖ ਕੀ ਕਹਿੰਦਾ ਹੈ, ਸਸਕਾਰ ਕਰਕੇ ਆਇਆ ਹੈ ਅਜੇ, ਬਹੁਤ ਪਿਆਰੇ ਦਾ, ਗੁਰਦੁਆਰੇ ਆ ਗਿਆ। ਪਹਿਲਾਂ ਉਹਨੇ ਕਹਿਣਾ, 'ਅਨੰਦੁ ਭਇਆ ਮੇਰੀ ਮਾਇ ਸਤਿਗੁਰੂ ਮੈਂ ਪਾਇਆ।' ਕਦੇ ਨਹੀਂ ਕਹਿੰਦਾ ਕਿ ਮੈਂ ਗਮ ਦੇ ਵਿਚ ਤੁਰਿਆ ਜਾ ਰਿਹਾ ਹਾਂ। ਕਿਉਂਕਿ ਦੁਖ ਤੇ ਸੁਖ ਨੂੰ ਸਮਾਨ ਜਾਣਦੇ ਨੇ ਜਿਹੜੇ ਗੁਰਸਿਖ ਹੋਇਆ ਕਰਦੇ ਨੇ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ ॥ 1 ॥ ਰਹਾਉ ॥***
***ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ ॥***
***ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥ 1 ॥***
***ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥***
***ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ***
***ਤਿਹ ਘਟਿ ਬ੍ਰਹਮੁ ਨਿਵਾਸਾ ॥ 2 ॥ ਅੰਗ - 633***

ਸੋ ਇਹ ਗੁਰਸਿੱਖ ਦੀ ਅਵਸਥਾ ਹੈ। ਇਹ ਨਹੀਂ ਅਸੀਂ ਅੰਮ੍ਰਿਤ ਛਕ ਲਿਆ ਤੇ ਕ੍ਰਿਪਾਨ ਪਾ ਲਈ ਤੇ ਬਣ ਗਏ ਗੁਰਸਿੱਖ। ਸਾਧਸੰਗਤ ਜੀ! ਇਹ ਤਾਂ ਪਹਿਲੀ ਜਮਾਤ ਹੈ ਪਰ ਹੈ ਬਹੁਤ ਤਕੜੀ। ਜਿਹੜਾ ਪਹਿਲੀ 'ਚ ਵੀ ਦਾਖਲ ਹੋ ਗਿਆ, ਜਮਦੂਤ ਨਹੀਂ ਉਹਦੇ ਨੇੜੇ ਆਏਗਾ। ਉਹਦਾ ਨਾਉਂ ਧਰਮਰਾਜ ਦੇ ਦਰ ਤੋਂ ਕੱਟ ਹੋ ਜਾਂਦਾ ਹੈ ਗੁਰੂ ਦੇ ਦਰ 'ਤੇ ਲਿਖਿਆ ਜਾਂਦਾ ਹੈ।

ਸੋ ਇਸ ਤਰ੍ਹਾਂ ਦੇ ਨਾਲ ਹਰੀ ਦਾ ਜਸ ਕਰਦੇ ਜਾਂਦੇ ਨੇ ਤੇ ਸਾਰਿਆਂ ਨੂੰ ਕਿਹਾ ਕਿ ਸਾਰੇ ਕਹੋ, ਕੋਈ ਰਾਮ-ਰਾਮ ਕਹੋ, ਕੋਈ ਅੱਲਾਹ ਕਹੋ, ਕੋਈ ਵਾਹਿਗਰੂ-ਵਾਹਿਗੁਰੂ ਕਹੋ। ਮਸਤੀ ਵਿਚ ਤੁਰੇ ਜਾ ਰਹੇ ਨੇ। ਉਥੇ ਜਾ ਕੇ ਡੱਕ ਦਿਤੇ। ਚੱਕੀਆਂ ਹੀ ਚੱਕੀਆਂ ਸੈਦਪੁਰ 'ਚੋਂ ਕੱਢ ਕੇ ਸਾਰਿਆਂ ਦੇ ਸਾਮ੍ਹਣੇ ਰਖ ਦਿਤੀਆਂ। ਆਟਾ ਪੀਹੋ ਫੌਜ ਵਾਸਤੇ। ਮਹਾਰਾਜ ਕੋਲ ਵੀ ਲਿਆ ਕੇ ਰਖ ਦਿਤਾ। ਦਾਣੇ ਲਿਆ ਕੇ ਰਖ ਦਿਤੇ, ਚੱਕੀ ਲਿਆ ਕੇ ਰੱਖ ਦਿਤੀ। ਬੈਠਣ ਵਾਸਤੇ ਆਸਣ ਲਿਆ ਕੇ ਰਖ ਦਿਤਾ। ਮਰਦਾਨਾ ਵੀ ਬੈਠਾ ਹੈ, ਮਰਦਾਨੇ ਨੂੰ ਵੀ ਕਿਹਾ, ਨਹੀਂ ਚਲਾਉਣੀ ਚੱਕੀ, ਨਹੀਂ ਹੱਥ

ਲਾਉਣਾ, ਸਾਰਿਆਂ ਨੂੰ ਕਿਹਾ, ਨਹੀਂ ਚੱਕੀਆਂ ਚਲਾਉਣੀਆਂ।

ਮਹਾਰਾਜ ਹਰੀ ਦਾ ਜਸ ਕਰ ਰਹੇ ਹਨ ਤੇ ਚੱਕੀਆਂ ਆਪੇ ਹੀ ਚੱਲ ਰਹੀਆਂ ਨੇ। ਹੈਰਾਨ ਹੋ ਗਿਆ, ਜਿਹੜਾ ਜੇਲ੍ਹ ਦਾ ਵੱਡਾ ਦਰੋਗਾ, ਉਹਨੇ ਜਦੋਂ ਹਰੀ ਦਾ ਜਸ ਸੁਣਿਆ, ਉਹ ਵੀ ਮਸਤ, ਜਿਹੜੇ ਛੋਟੇ ਸੀ ਬਾਹਰ ਉਹ ਵੀ ਮਸਤ ਹੋ ਗਏ। ਕਿਸੇ ਨੇ ਦੂਰੋਂ ਦਸਿਆ ਕਿ ਬਾਬਰ! ਤੇਰੀ ਜੇਲ੍ਹ ਦੇ ਅੰਦਰ ਕੌਤਕ ਵਰਤ ਰਿਹਾ ਹੈ। ਚੱਕੀਆਂ ਆਪੇ ਚੱਲ ਰਹੀਆਂ ਨੇ, ਤੇਰੇ ਜਿਹੜੇ ਕਰਮਚਾਰੀ ਨੇ ਮਸਤ ਹੋਏ ਨੱਚ ਰਹੇ ਹਨ। ਬਾਬਰ ਆ ਗਿਆ। ਪਛਾਨਣ ਦਾ ਯਤਨ ਕੀਤਾ। ਜਦੋਂ ਦੇਖਿਆ ਕਿ ਸਿਤਾਰ ਵਜ ਰਹੀ ਹੈ ਤੇ ਬਜਦ 'ਚ ਆ ਕੇ ਕੋਈ ਫਕੀਰ ਗਾ ਰਿਹਾ ਹੈ। ਬਾਬਰ ਨੇ ਸੁਣਿਆ, ਬਾਬਰ ਦੀ ਜਿਹੜੀ ਕਾਲੀ ਆਤਮਾ ਸੀ ਉਹਦੇ 'ਤੇ ਰੋਸ਼ਨੀ ਪਈ। ਚਾਨਣ ਆਇਆ, ਦਰਦ ਆਇਆ ਕੁਛ। ਗੁਰੂ ਨਾਨਕ ਦੇ ਚਰਨਾਂ 'ਤੇ ਢਹਿ ਪਿਆ। ਕਹਿਣ ਲੱਗਿਆ, ਐ ਦਰਵੇਸ਼! ਹੁਕਮ ਕਰ, ਹੁਕਮ ਕਰ। ਮਹਾਰਾਜ ਕਹਿੰਦੇ, ਐਨਾ ਜ਼ੁਲਮ ਕਰਿਆ ਹੈ ਤੂੰ। ਹੁਣ ਤੂੰ ਬਾਦਸ਼ਾਹ ਬਣ ਗਿਆ, ਜਿਹੜੇ ਪਠਾਣ ਸੀ ਹਾਰ ਗਏ। ਲੋਧੀ ਹਾਰ ਗਏ ਸਾਰੇ। ਹਾਰਨ ਤੋਂ ਬਾਅਦ ਰਾਜ ਕੀਹਦਾ ਹੋਇਆ, ਤੇਰਾ ਹੋਇਆ ਕਿ ਨਹੀਂ। ਕਹਿੰਦਾ, ਹਾਂ ਮਹਾਰਾਜ ਮੇਰਾ ਹੋਇਆ। ਕਹਿੰਦੇ, ਤੈਨੂੰ ਖੁਦਾ ਨੇ ਰਾਜ ਦਿਤਾ ਹੈ। ਤੇਰੇ ਤੋਂ ਜਵਾਬ ਲਿਆ ਜਾਵੇਗਾ –

***ਜੇ ਸਕਤਾ ਸਕਤੇ ਕਉ ਮਾਰੇ ਤਾ ਮਨਿ ਰੋਸੁ ਨ ਹੋਈ ॥ 1 ॥***
***ਰਹਾਉ॥ ਸਕਤਾ ਸੀਹੁ ਮਾਰੇ ਪੈ ਵਗੈ ਖਸਮੈ ਸਾ ਪੁਰਸਾਈ ॥***
***ਅੰਗ – 360***

ਹੁਣ ਤੂੰ ਖਸਮ ਬਣਿਆ ਹੋਇਆ ਹੈਂ ਇਸਦਾ। ਹੁਣ ਤੇਰੇ ਤੋਂ ਜਵਾਬ ਤਲਬੀ ਹੋਏਗੀ। ਤੇਰੇ ਤੋਂ ਪੁੱਛ ਹੋਏਗੀ। ਤੂੰ ਐਨੀ ਕਤਲਾਮ ਕਰਾ ਦਿਤੀ। ਐਡਾ ਜਬਰ ਕੀਤਾ ਤੂੰ। ਉਸ ਵੇਲੇ ਬਾਬਰ ਸ਼ਰਧਾ ਦੇ ਘਰ 'ਚ ਆ ਗਿਆ। ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ 'ਤੇ ਢਹਿ ਪਿਆ। ਕਹਿਣ ਲੱਗਿਆ, ਐ ਦਰਵੇਸ਼ ਤੂੰ ਮੇਰੀਆਂ ਅੱਖਾਂ ਖੋਲ੍ਹ ਦਿਤੀਆਂ। ਹੁਕਮ ਦੇ ਦਿਤਾ ਕਿ ਕਿਸੇ ਨੂੰ ਲੁੱਟਣਾ ਨਹੀਂ, ਸਭ ਨੂੰ ਆਪੋ-ਆਪਣੇ ਘਰਾਂ 'ਚ ਬਿਠਾਓ। ਸਭ ਕੈਦੀ ਛੱਡ ਦਿਓ। ਲੁੱਟੀਆਂ ਹੋਈਆਂ ਚੀਜ਼ਾਂ ਵਾਪਸ ਕਰੋ। ਹੱਥ ਜੋੜ ਕੇ ਕਹਿਣ ਲੱਗਿਆ, ਹੇ ਨਾਨਕ! ਦਰਵੇਸ਼! ਤੇਰੇ ਅਰ ਅੱਲਾਹ 'ਚ ਕੋਈ ਫਰਕ ਨਹੀਂ ਹੈ, ਮੰਗ ਕੀ ਮੰਗਦਾ ਹੈਂ, ਮੈਂ ਤੈਨੂੰ ਦੇਣ ਨੂੰ ਤਿਆਰ ਹਾਂ। ਮਹਾਰਾਜ ਕਹਿੰਦੇ –

***ਤੁਝ ਸੇ ਮਾਗਹਿ ਸੋ ਅਹਿਮਕ ਫਕੀਰ।***

ਕਹਿੰਦੇ ਅਸੀਂ ਤੇਰੇ ਤੋਂ ਮੰਗੀਏ? ਸਾਰਿਆਂ ਦਾ ਦਾਤਾਂ ਤਾਂ ਵਾਹਿਗੁਰੂ ਹੈ। ਉਹ ਦਿੰਦਾ ਹੈ ਸਾਰੀਆਂ ਦੁਨੀਆਂ ਨੂੰ। ਲੇਕਿਨ ਇਨਸਾਨ ਉਸ ਦਾਤੇ ਨੂੰ ਭੁੱਲਦਾ ਹੈ। ਲੈਂਦਾ ਜਾਂਦਾ ਹੈ ਤੇ ਭੁੱਲਦਾ ਜਾਂਦਾ ਹੈ –

*ਦੇਦਾ ਦੇ ਲੈਦੇ ਥਕਿ ਪਾਹਿ ॥ ਜੁਗਾ ਜੁਗੰਤਰਿ ਖਾਹੀ ਖਾਹਿ ॥*

*ਅੰਗ - 2*

ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਉਹ ਤਾਂ ਸਾਰਿਆਂ ਜੀਆਂ ਦਾ ਇਕੋ ਦਾਤਾ*
*ਉਹਨੂੰ ਨਾ ਵਿਸਾਰੀ ਬੰਦਿਆ।*

*ਗੁਰਾ ਇਕ ਦੇਹਿ ਬੁਝਾਈ ॥*
*ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥*

*ਅੰਗ - 2*

*ਮਾਤਾ ਕੇ ਉਦਰ ਮਹਿ ਪ੍ਰਤਿਪਾਲ ਕਰੇ*
*ਸੋ ਕਿਉ ਮਨਹੁ ਵਿਸਾਰੀਐ ॥*
*ਮਨਹੁ ਕਿਉ ਵਿਸਾਰੀਐ ਏਵਡੁ ਦਾਤਾ*
*ਜਿ ਅਗਨਿ ਮਹਿ ਆਹਾਰੁ ਪਹੁਚਾਵਏ ॥* *ਅੰਗ - 920*

ਮਹਾਰਾਜ ਕਹਿਣ ਲੱਗੇ, ਬਾਬਰ! ਲੱਖਾਂ ਦੀ ਤਾਦਾਦ ਵਿਚ ਬੰਦੇ ਬੇਘਰ ਕਰ ਦਿਤੇ। ਮਹਾਰਾਜ ਜੀ ਨੇ ਆਸਾ ਰਾਗ ਦੇ ਵਿਚ ਸਾਰਾ ਹਾਲ ਲਿਖਿਆ ਹੈ ਕਿ ਐਨੀਆਂ ਬੀਬੀਆਂ ਦੇ ਸਿਰ ਮੁੰਨ ਕੇ ਕਿਸ ਤਰ੍ਹਾਂ ਧੂਹੀ ਫਿਰਦੇ ਨੇ ਸੰਗਲੀਆਂ ਗਲਾਂ ਵਿਚ ਪਾ ਕੇ। ਬੜੇ ਉਲਾਂਭੇ ਦਿਤੇ ਮਹਾਰਾਜ ਨੇ ਬਾਬਰ ਨੂੰ।

ਕਈ ਕਹਿੰਦੇ ਨੇ ਕਿ ਅਕਾਲਪੁਰਖ ਨੂੰ ਉਲਾਂਭਾ ਦਿਤਾ ਗੁਰੂ ਨਾਨਕ ਸਾਹਿਬ ਨੇ। ਇਹ ਆਪਣੀ ਅਗਿਆਨ ਦੀ ਘਾਟ ਹੈ ਸਾਧਸੰਗਤ ਜੀ। ਗੁਰੂ ਨਾਨਕ ਨੂੰ ਸਮਝੋ ਗੁਰੂ ਨਾਨਕ ਕੀ ਸੀ-

*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥*

*ਅੰਗ - 1395*

ਮਹਾਰਾਜ ਆਪ ਹੀ ਲਿਖਦੇ ਨੇ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ ॥*

*ਅੰਗ - 442*

ਗੁਰੂ ਤੇ ਗੋਬਿੰਦ ਵਿਚ ਕੋਈ ਫਰਕ ਨਹੀਂ ਹੈ। ਜਿਹੜਾ ਸਮਝਦਾ ਹੈ, ਉਹਦੀ ਸਿੱਖੀ ਅਧੂਰੀ ਰਹਿ ਜਾਂਦੀ ਹੈ -

*ਗੁਰੁ ਪਰਮੇਸਰੁ ਏਕੋ ਜਾਣੁ ॥* *ਅੰਗ - 864*

ਪਿਆਰ ਤਾਂ ਇਕ ਨਾਲ ਹੀ ਹੁੰਦਾ ਹੈ। ਗੁਰੂ ਦਾ ਹੀ ਨਿਰਗੁਣ ਸਰੂਪ ਵਾਹਿਗੁਰੂ ਹੈ, ਸਰਗੁਣ ਸਰੂਪ ਗੁਰੂ ਹੈ। ਸੋ ਸਾਨੂੰ ਤਾਂ ਇਕੋ ਹੀ ਬਹੁਤ ਹੈ ਅਸੀਂ ਤਿੰਨ ਨਾਲ ਨਹੀਂ ਨਿਭਾ ਸਕਦੇ ਇਕੋ ਸਮੇਂ। ਕਰੀ ਜਾਣ ਗਿਆਨੀ ਲੋਕ, ਗਿਆਨੀਆਂ ਦੀ ਆਪਣੀ ਬਾਤ ਹੁੰਦੀ ਹੈ। ਉਹ ਬੁੱਧੀ

ਮਗਰ ਤੁਰਿਆ ਕਰਦੇ ਨੇ। ਪਿਆਰ ਵਾਲਿਆਂ ਦੀ ਆਪਣੀ ਬਾਤ ਹੋਇਆ ਕਰਦੀ ਹੈ। ਭਾਈ ਵੀਰ ਸਿੰਘ ਜੀ ਲਿਖਦੇ ਨੇ -

*'ਗਯਾਨੀ' ਸਾਨੂੰ ਹੋੜਦਾ ਤੇ 'ਵਹਿਮੀ ਢੋਲਾ' ਆਖਦਾ ਏ,*
*'ਮਾਰੇ ਗਏ ਜਿਨ੍ਹਾਂ ਲਾਈਆਂ ਬੁੱਧੋਂ ਪਾਰ ਤਾਰੀਆਂ।'*

***ਡਾ. ਭਾਈ ਵੀਰ ਸਿੰਘ ਜੀ***

ਜਵਾਬ ਦਿੰਦੇ ਨੇ -

***ਬੈਠ ਵੇ ਗਿਆਨੀ! ਬੁੱਧੀ ਮੰਡਲੇ ਦੀ ਕੈਦ ਵਿਚ,***
***'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।***

***ਡਾ. ਭਾਈ ਵੀਰ ਸਿੰਘ ਜੀ***

ਅਸੀਂ ਤਾਂ ਉਨਮਨੀ ਦੇਸ਼ 'ਚ ਜਾ ਪਹੁੰਚੇ। ਤੂੰ ਮਨ ਦੇ ਦੇਸ਼ 'ਚ ਰਹਿੰਦਾ ਹੈਂ।

ਸੋ ਗੁਰੂ ਨਾਨਕ ਵਾਹਿਗੁਰੂ ਨੂੰ ਉਲਾਂਭਾ ਤਾਂ ਦਿੰਦੇ ਸੀ ਜੇ ਦੋ ਹੁੰਦੇ। ਉਹ ਤਾਂ ਇਕ ਸੀਗੇ, ਦੋ ਨਹੀਂ ਸੀਗੇ। ਜਦੋਂ ਆਪ ਫੁਰਮਾਉਂਦੇ ਨੇ ਕਿ -

***ਆਪੇ ਪਟੀ ਕਲਮ ਆਪਿ ਉਪਰਿ ਲੇਖੁ ਭਿ ਤੂੰ ॥***
***ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ ਅੰਗ - 1291***

ਫੇਰ ਉਹ ਉਲਾਂਭਾ ਦਿੰਦੇ ਕੀ ਵਾਹਿਗੁਰੂ ਨੂੰ? ਉਹ ਤਾਂ ਕਹਿੰਦੇ ਸੀ ਕਿ ਵਾਹਿਗੁਰੂ ਹੀ ਹੋ ਜਾਂਦਾ ਹੈ -

***ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰੁ ॥ 87 ॥***

***ਅੰਗ - 1369***

ਸੋ ਗੁਰੂ ਨਾਨਕ ਸਾਹਿਬ ਲਈ ਐਸੀਆਂ ਕੱਚੀਆਂ ਗੱਲਾਂ ਕਹਿਣੀਆਂ ਠੀਕ ਨਹੀਂ ਹੋਇਆ ਕਰਦੀਆਂ। ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ ਉਲਾਂਭਾ ਦਿਤਾ ਸੀ -

***ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥***

***ਅੰਗ - 360***

ਤੇਰੇ ਕੰਨਾਂ ਨੇ ਸੁਣ ਕਿਵੇਂ ਲਈ ਐਨੀ ਮਾਰ। ਤੈਨੂੰ ਦਰਦ ਨਾ ਆਇਆ ਬਾਦਸ਼ਾਹ ਹੋ ਕੇ। ਸੋ ਪਰਵਾਹ ਨਹੀਂ ਰੱਖੀ।

ਇਸੇ ਤਰ੍ਹਾਂ ਦੇ ਨਾਲ ਜਿਹੜੇ ਬੰਦਗੀ ਵਾਲੇ ਜੋ ਹੁੰਦੇ ਨੇ-

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਅੰਗ - 473***

ਹੋਰ ਕਿਸੇ ਦੀ ਪਰਵਾਹ ਨਹੀਂ ਹੋਇਆ ਕਰਦੀ। ਸੋ ਗੁਰੂ ਛੇਵੇਂ ਪਾਤਸ਼ਾਹ ਦਾ ਟੈਂਟ ਲੱਗਿਆ ਹੋਇਆ ਹੈ। ਜਹਾਂਗੀਰ ਦਾ ਵੀ ਲੱਗਿਆ ਹੋਇਆ ਹੈ, ਘਾਹੀ ਆ ਗਿਆ। ਰੌਲਾ ਪਿਆ ਤਾਂ ਜਹਾਂਗੀਰ ਬਾਹਰ ਆ

ਗਿਆ ਕਿ ਅੱਜ ਮੈਨੂੰ ਸੱਚੇ ਪਾਤਸ਼ਾਹ ਕੋਈ ਕਹਿ ਰਿਹਾ ਹੈ। ਉਸ ਨੇ ਜਾ ਕੇ ਭੱਰਾ ਰੱਖ ਦਿਤਾ ਜਾ ਕੇ ਚਰਨਾਂ 'ਚ ਘਾਹ ਦਾ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਤੇਰੇ ਘੋੜਿਆਂ ਵਾਸਤੇ ਗਰੀਬ ਮਿਹਨਤ ਕਰਕੇ ਲਿਆਇਆ ਹੈ, ਸੇਵਾ ਪ੍ਰਵਾਨ ਕਰੋ ਜੀ। ਇਕ ਲੀਰ ਕੱਢੀ ਮੈਲੀ ਜਿਹੀ ਉਹਦੇ ਪੰਜ ਛੇ ਗੰਢਾਂ ਖੋਲ੍ਹਣ ਲੱਗ ਗਿਆ, ਸਾਮ੍ਹਣੇ ਖੜ੍ਹਾ ਹੋ ਕੇ। ਉਹ ਦੇਖੀ ਜਾਂਦਾ ਹੈ ਕਿ ਕੋਈ ਅਸ਼ਰਫੀ ਕੱਢੂ, ਕੀ ਕੱਢੂਗਾ। ਦੇਖਿਆ ਤਾਂ ਇਕ ਟਕਾ ਕੱਢਿਆ। ਟਕਾ ਕੱਢ ਕੇ ਦੋਵੇਂ ਹੱਥ ਜੋੜ ਕੇ ਮਸਤਕ ਨਿਵਾ ਦਿਤਾ, ਚਰਨਾਂ 'ਤੇ ਰੱਖ ਦਿਤਾ। ਦੋਵੇਂ ਹੱਥ ਜੋੜ ਕੇ ਖੜ੍ਹ ਗਿਆ, ਕਹਿੰਦਾ ਸੱਚੇ ਪਾਤਸ਼ਾਹ! ਕ੍ਰਿਪਾ ਕਰ, ਮੈਨੂੰ ਜਮਦੂਤਾਂ ਤੋਂ ਬਚਾ ਲਈਂ। ਹੈਰਾਨ ਹੋ ਗਿਆ ਜਹਾਂਗੀਰ ਕਿ ਆਹ ਮੰਗ। ਮੈਂ ਤਾਂ ਆਪ ਹੀ ਜਮਦੂਤਾਂ ਦੇ ਪੰਜੇ 'ਚ ਫਸਿਆ ਹੋਇਆ ਹਾਂ, ਇਹਨੂੰ ਕਿਵੇਂ ਮੈਂ ਛੁਡਾਵਾਂਗਾ।

ਕਹਿੰਦਾ, ਹੇ ਘਾਹੀ! ਪੈਸਾ ਮੰਗ, ਪੈਸਾ। ਦਸ ਤੈਨੂੰ ਪੰਜ ਪਿੰਡ ਦੇ ਦਿੰਦਾ ਹਾਂ।

ਕਹਿੰਦਾ, ਨਾ ਸੱਚੇ ਪਾਤਸ਼ਾਹ! ਇਹ ਪਿੰਡ ਤਾਂ ਝੂਠੇ ਨੇ। ਇਹ ਜਿਹੜੀ ਮਾਇਆ ਹੈ ਇਹ ਸਾਨੂੰ ਭੁਲਾ ਦਿੰਦੀ ਹੈ। ਸੱਚੇ ਪਾਤਸ਼ਾਹ! ਮੈਨੂੰ ਮਾਇਆ ਦੀ ਲੋੜ ਨਹੀਂ ਹੈ ਕੋਈ ਵੀ।

ਇਹ ਤਾਂ ਝੂਠੇ ਕੰਮ ਕਰਕੇ ਦਿਖਾ ਦਿੰਦੀ ਹੈ। ਇਹ ਤਾਂ ਸਾਰੇ ਕਾਲ ਦੀ ਬੁਰਕੀ ਵਿਚ ਨੇ। ਸੱਚੇ ਪਾਤਸ਼ਾਹ! ਜਮਦੂਤਾਂ ਤੋਂ ਖਹਿੜਾ ਛੁਡਾ ਦਿਓ।

ਜਹਾਂਗੀਰ ਕਹਿਣ ਲੱਗਿਆ, ਘਾਹੀ! ਤੈਨੂੰ ਮੈਂ ਬੇਅੰਤ ਧਨ ਦੇਣ ਲੱਗਿਆ ਹਾਂ। ਨੌਕਰ, ਚਾਕਰ ਸਾਰੇ ਸਰਕਾਰੀ, ਤੇਰੀ ਸੇਵਾ ਕਰਨ ਵਾਲੇ ਹੋਣਗੇ। ਤੂੰ ਕੁਛ ਨਾ ਕਰ, ਆਰਾਮ ਨਾਲ ਬੈਠ।

ਕਹਿੰਦਾ, ਨਾ ਸੱਚੇ ਪਾਤਸ਼ਾਹ।

ਜਹਾਂਗੀਰ ਨੂੰ ਹੁਣ ਅੰਦਰੋਂ ਆਵਾਜ਼ ਆਈ ਕਿ ਕਿਉਂ ਪਾਖੰਡ ਕਰਦਾ ਹੈਂ, ਮੰਨ ਜਾ ਕਿ ਸੱਚੇ ਪਾਤਸ਼ਾਹ, ਸੱਚੇ ਪਾਤਸ਼ਾਹ ਹੁੰਦੇ ਨੇ। ਕਹਿਣ ਲੱਗਿਆ, ਘਾਹੀ! ਆਹ ਜਿਹੜਾ ਤੂੰ ਮੈਨੂੰ ਨਵਾਂ ਕੰਮ ਦਸਿਆ ਹੈ ਜਮਦੂਤਾਂ ਤੋਂ ਬਚਾਉਣ ਦਾ ਇਹ ਤਾਂ ਮੇਰੇ ਹੱਥ ਵਿਚ ਨਹੀਂ, ਉਹ ਤਾਂ ਨਾਲ ਦੇ ਤੰਬੂ ਵਿਚ ਨੇ, ਜਿਹਨੂੰ ਸੱਚੇ ਪਾਤਸ਼ਾਹ ਕਹਿੰਦੇ ਨੇ।

ਹਿੰਮਤ ਕਰੀ ਘਾਹੀ ਨੇ ਜਹਾਂਗੀਰ ਦੇ ਮੂਹਰੇ ਤੋਂ ਟਕਾ ਚੁੱਕ ਲਿਆ, ਨਾਲੇ ਰੋਣ ਲੱਗ ਗਿਆ ਕਿ ਸੱਚੇ ਪਾਤਸ਼ਾਹ! ਮੇਰਾ ਦੁਨੀਆਦਾਰ ਨੂੰ ਮਸਤਕ ਨਿਵ ਗਿਆ, ਸੁੱਚਾ ਮਸਤਕ, ਤੇਰੇ ਚਰਨਾਂ 'ਤੇ ਲਗਾਉਣੀ ਸੀ ਮੈਂ ਆ ਕੇ। ਮੈਂ ਇਸ ਝੂਠੇ ਬਾਦਸ਼ਾਹ ਨੂੰ ਮਸਤਕ ਨਿਵਾ ਦਿਤਾ। ਗੁਰੂ ਮਹਾਰਾਜ ਦੇ ਟੈਂਟ ਵਲ ਉਠ ਕੇ ਚਲਿਆ ਗਿਆ।

ਗੁਰੂ ਮਹਾਰਾਜ ਜੀ ਸਾਰੀ ਗੱਲ ਸੁਣ ਰਹੇ ਸੀ, ਸੁਣ ਕੇ ਬਾਹਰ ਆ ਗਏ ਟੈਂਟ ਤੋਂ। ਇਹ ਜਹਾਂਗੀਰ ਵੀ ਦੇਖਣ ਲਗ ਗਿਆ ਕਿ ਹੁਣ ਕੀ ਗੱਲ ਕਰਨਗੇ। ਘਾਹੀ ਨੇ ਭੱਰਾ ਰੱਖਿਆ, ਮਸਤਕ ਨਿਵਾਇਆ, ਟਕਾ ਭੇਟਾ ਕੀਤਾ।

ਭਾਵਨੀ ਦਾ ਟਕਾ ਕਿੰਨਾ ਕੰਮ ਕਰਦਾ ਹੈ ਸਾਧਸੰਗਤ ਜੀ।

ਰਿੱਧੀਆਂ-ਸਿੱਧੀਆਂ ਘਰ ਭਰਪੂਰ ਕਰ ਦਿੰਦਾ ਹੈ, ਭਾਵਨਾ ਦੀ ਇਕ ਕਉਡੀ ਲੈ ਕੇ। ਹੰਕਾਰ ਦੇ ਲੱਖ ਰੁਪਏ ਲੈ ਕੇ ਕੱਖ ਨਹੀਂ ਬਣਦਾ। ਗੁਰੂ ਕੋਲ ਘਾਟ ਨਹੀਂ ਹੁੰਦੀ ਹੈ, ਸੰਤਾਂ ਕੋਲ ਕੀ ਘਾਟ ਹੁੰਦੀ ਹੈ। ਆਪ ਕਿੰਨਾ ਕੁ ਖਾਂਦੇ ਨੇ। ਸੰਤਾਂ ਦੀ ਕਦੇ ਦੇਖਿਓ ਖੁਰਾਕ। ਛਟਾਂਕ ਆਟਾ ਵੀ ਨਹੀਂ ਖਾਂਦੇ ਦਿਨ 'ਚ। ਵਸਤਰ ਐਨੇ ਨਹੀਂ ਪਹਿਨਦੇ। ਸਾਦਾ ਲਿਬਾਸ ਪਹਿਨਦੇ ਨੇ। ਜਿੰਨਾ ਆਉਂਦਾ ਹੈ ਲਾਈ ਜਾਂਦੇ ਨੇ, ਕੋਈ ਸਕੂਲ ਬਣਾਈ ਜਾਂਦਾ ਹੈ, ਕੋਈ ਡਿਸਪੈਂਸਰੀਆਂ ਬਣਾਈ ਜਾਂਦਾ ਹੈ, ਕੋਈ ਗੁਰੂ ਦੇ ਧਾਮ ਬਣਾਈ ਜਾਂਦਾ ਹੈ। ਉਹ ਭਾਵਨਾ ਦੇਖਦੇ ਨੇ ਕਿ ਕੀ ਭਾਵਨਾ ਹੈ। ਭਾਵਨਾ ਫਲ ਬਹੁਤ ਵੱਡਾ ਹੈ ਸਾਧਸੰਗਤ ਜੀ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਇਕ ਵਾਰੀ ਦਰਬਾਰ 'ਚ ਬੈਠੇ ਇਹੀ ਬਚਨ ਕਰਦੇ ਸੀ ਕਿ ਗੁਰਸਿੱਖੋ! ਗਰੀਬੀ ਦਾ ਇਲਾਜ ਜੇ ਕੋਈ ਹੈ ਤਾਂ ਦਾਨ ਹੋਇਆ ਕਰਦਾ ਹੈ। ਜਿਹਦੇ ਘਰ 'ਚ ਦਲਿੱਦਰ ਆ ਜਾਵੇ, ਉਹ ਦਾਨ ਕਰੇ, ਸੇਵਾ ਕਰੇ ਤੇ ਗੁਰੂ ਅਰਜਨ ਪਾਤਸ਼ਾਹ ਮਹਾਰਾਜ ਜੀ ਨੇ ਇਸ ਤਰ੍ਹਾਂ ਦੇ ਨਾਲ ਫੁਰਮਾਨ ਕੀਤਾ ਹੈ -

***ਧਾਰਨਾ - ਜੇ ਤੈਂ ਚਾਰ ਪਦਾਰਥ ਲੈਣੇ,***
***ਸੇਵਾ ਕਰ ਲੈ ਸਾਧੂਆਂ ਦੀ।***

***ਚਾਰਿ ਪਦਾਰਥ ਜੇ ਕੋ ਮਾਗੈ ॥***
***ਸਾਧ ਜਨਾ ਕੀ ਸੇਵਾ ਲਾਗੈ ॥***
***ਜੇ ਕੋ ਆਪੁਨਾ ਦੂਖੁ ਮਿਟਾਵੈ ॥***
***ਹਰਿ ਹਰਿ ਨਾਮੁ ਰਿਦੈ ਸਦ ਗਾਵੈ ॥ ਅੰਗ - 266***

ਕੋਈ ਮੰਗ ਲਓ। ਸੰਗਤ ਦੀ ਸੇਵਾ ਕਰਨ ਲਗ ਜਾਓ। ਗੁਰੂ ਸੰਗਤ ਦੀ ਸੇਵਾ ਕਰਨ 'ਤੇ ਪ੍ਰਸੰਨ ਹੋ ਜਾਂਦਾ ਹੈ। ਸੋ ਗੁਰੂ ਦੇ ਕੋਲ ਬੇਅੰਤ ਪਦਾਰਥ ਨੇ। ਉਹਦੇ ਪਿਆਰਿਆਂ ਕੋਲ ਚਾਰ ਪਦਾਰਥ ਨੇ। ਧਰਮ, ਅਰਥ, ਕਾਮ, ਮੋਖ। ਧਰਮ ਹੈ ਕਿ ਉਹਦਾ ਜੀਵਨ ਧਰਮ ਵਾਲਾ ਹੋ ਜਾਏਗਾ। ਸ਼ਰਾਬਾਂ, ਕਬਾਬਾਂ, ਮਾਸ, ਮੱਛੀਆਂ ਤੋਂ ਰਹਿਤ ਹੋ ਕੇ ਸਤੋਗੁਣੀ ਜੀਵਨ ਬਤੀਤ ਕਰੇਗਾ। ਤਮੋ ਗੁਣੀ ਤੇ ਰਜੋ ਗੁਣੀ ਛੱਲਾਂ ਦੇ ਵਿਚੋਂ ਬਾਹਰ ਆ ਕੇ ਟਿਕੀ ਹੋਈ ਛਲ ਦੇ ਵਿਚ ਰਹਿ ਜਾਏਗਾ। ਧਰਮ ਦੀ ਸੋਝੀ ਪੈ ਜਾਏਗੀ। ਧਰਮ ਕਹਿੰਦੇ ਕਿਸ ਚੀਜ਼ ਨੂੰ ਨੇ। ਜਿੱਥੇ ਧਰਮ ਹੈ, ਧਰਮ ਦਇਆ ਦਾ ਪੁੱਤਰ ਹੁੰਦਾ ਹੈ -

ਦਇਆ ਪਹਿਲਾਂ ਆਏਗੀ, ਧਰਮ ਪਿਛੋਂ ਆਏਗਾ। ਮਾਂ ਪਹਿਲਾਂ ਆਉਂਦੀ ਹੈ, ਪੁੱਤਰ ਪਿਛੋਂ ਆਉਂਦਾ ਹੈ। ਸੋ ਇਸ ਤਰ੍ਹਾਂ ਉਹਦਾ ਸਾਰਾ ਜੀਵਨ ਪਿਆਰਾ ਜੀਵਨ ਬਣ ਜਾਏਗਾ। ਦੂਸਰੀ ਹੋਇਆ ਕਰਦੀ ਹੈ ਅਰਥ। ਪੈਸੇ ਟਕੇ ਦੀ ਘਾਟ-ਦਲਿੱਦਰ ਜਿਹੜਾ ਹੈ ਇਹ ਬੜੀ ਭਾਰੀ ਬਿਮਾਰੀ ਹੈ। ਲਾਹਨਤ ਹੈ ਦਲਿੱਦਰ। ਜਿਸ ਦੇ ਉਤੇ ਪੈ ਜਾਵੇ ਉਸ ਨੂੰ ਹੀ ਪਤਾ ਹੈ। ਬਹੁਤ ਬੁਰੀ ਕਰਦਾ ਹੈ, ਕਿੰਨਾ ਹੀ ਸਿਆਣਾ ਹੋਵੇ ਕਮਲਾ ਬਣ ਜਾਂਦਾ ਹੈ। 'ਜਿਹਦੇ ਘਰ ਦਾਣੇ ਉਹਦੇ ਕਮਲੇ ਵੀ ਸਿਆਣੇ।' ਜਿਹੜਾ ਸਿਆਣਾ ਬੰਦਾ ਹੈ ਘਰ ਵਿਚ ਗੁਜ਼ਾਰਾ ਨਹੀਂ ਚਲਦਾ, ਔਖਾ ਹੋ ਜਾਂਦਾ ਹੈ। ਕਾਰਨ ਇਹ ਹੈ ਕਿ ਕੁਛ ਬੀਜਿਆ ਨਹੀਂ ਉਹਨੇ। ਜੇ ਬੀਜ ਦਿੰਦਾ ਸਮੇਂ ਸਿਰ ਬੇਅੰਤ ਹੁੰਦਾ।

ਇਕ ਵਾਰੀ ਅਕਬਰ ਨੇ ਬੀਰਬਲ ਨੂੰ ਕਿਹਾ ਕਿ ਮੈਂ ਚਾਰ ਬੰਦੇ ਦੇਖਣਾ ਚਾਹੁੰਦਾ ਹਾਂ। ਕਹਿੰਦਾ, ਮਹਾਰਾਜ! ਫੁਰਮਾਓ। ਕਹਿੰਦਾ, ਇਕ ਤਾਂ ਮੈਂ ਇਹ ਦੇਖਣਾ ਚਾਹੁੰਦਾ ਹਾਂ ਕਿ ਜਿਹੜਾ ਤਿੰਨ ਜਨਮ ਦਾ ਸੁਖੀ ਹੋਵੇ, ਪਹਿਲਾਂ ਵੀ ਸੁਖੀ, ਹੁਣ ਵੀ ਸੁਖੀ ਤੇ ਮਰਨ ਤੋਂ ਬਾਅਦ ਵੀ ਸੁਖੀ। ਇਕ ਮੈਂ ਉਹ ਦੇਖਣਾ ਚਾਹੁੰਦਾ ਹਾਂ ਜਿਹੜਾ ਪਹਿਲਾਂ ਵੀ ਦੁਖੀ, ਹੁਣ ਵੀ ਦੁਖੀ ਤੇ ਮਰਨ ਤੋਂ ਬਾਅਦ ਵੀ ਦੁਖੀ। ਤੀਸਰਾ ਮੈਂ ਉਹ ਦੇਖਣਾ ਚਾਹੁੰਦਾ ਹਾਂ ਕਿ ਜਿਹੜਾ ਹੁਣ ਤਾਂ ਮੌਜਾ ਮਾਣਦੈ ਤੇ ਬਾਅਦ ਵਿਚ ਦੁਖੀ ਹੋਏਗਾ। ਇਕ ਮੈਂ ਉਹ ਦੇਖਣਾ ਚਾਹੁੰਦਾ ਹਾਂ ਕਿ ਜਿਹੜਾ ਹੁਣ ਦੁਖ ਕੱਟ ਰਿਹਾ ਹੈ ਤੇ ਫੇਰ ਸੁੱਖਾਂ 'ਚ ਜਾਏਗਾ।

ਬੀਰਬਲ ਨੇ ਕਿਹਾ, ਮੋਹਲਤ ਦਿਓ।

ਮੋਹਲਤ ਮਿਲ ਗਈ ਸੱਤ ਦਿਨ ਦੀ। ਚਾਰ ਬੰਦੇ ਲਿਆ ਕੇ ਖੜ੍ਹੇ ਕਰ ਦਿਤੇ ਸੱਤਵੇਂ ਦਿਨ।

ਦੱਸੋ ਕਿਵੇਂ?

ਕਹਿਣ ਲੱਗੇ, ਹਜ਼ੂਰ ਇਹ ਸੇਠ ਹੈ। ਇਹਦੇ ਕਸ਼ੇਤਰ ਚਲਦੇ ਨੇ, ਲੰਗਰ ਚਲ ਰਹੇ ਨੇ। ਭੁੱਖੇ ਆਉਂਦੇ ਨੇ ਲੰਗਰ 'ਚ ਪ੍ਰਸ਼ਾਦਾ ਛਕਦੇ ਨੇ। ਅਸੀਸਾਂ ਦਿੰਦੇ ਨੇ।

ਇਹਨੇ ਪਹਿਲੇ ਹੀ ਜਨਮ ਦੇ ਅੰਦਰ ਦਾਨ ਕੀਤਾ ਹੋਇਐ। ਵਸਤਰ ਵੀ ਦਾਨ ਕੀਤਾ ਹੈ, ਅੰਨ੍ਹ ਵੀ ਦਾਨ ਕੀਤਾ ਹੈ, ਹੋਰ ਵੀ ਦਾਨ ਕੀਤੇ ਨੇ, ਜਿਹਦੇ ਕਰਕੇ ਇਹਦਾ ਅਮੀਰ ਘਰ ਦੇ ਵਿਚ ਜਨਮ ਹੋ ਗਿਆ ਤੇ ਹੁਣ ਵੀ ਇਹ ਮਾਇਆ ਨੂੰ ਦਾਨ ਦੇ ਕੇ ਸਫਲ ਕਰ ਰਿਹਾ ਹੈ। ਹੁਣ ਅਗਲਾ ਜਨਮ ਵੀ ਇਹਦਾ ਅਮੀਰਾਂ ਦਾ ਹੋਏਗਾ, ਬਹੁਤ ਵਧੀਆ, ਸਵਰਗ 'ਚ ਜਾਏਗਾ ਉਥੇ ਵੀ ਬਹੁਤ ਸੁਖ ਭੋਗੇਗਾ।

*ਪੁੰਨ ਦਾਨੁ ਜੋ ਬੀਜਦੇ*
*ਸਭ ਧਰਮ ਰਾਇ ਕੈ ਜਾਈ ॥ ਅੰਗ - 1414*

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਅੰਗ - 38*

ਉਥੇ ਗੜਬੜ ਨਹੀਂ ਚਲਦੀ ਕੋਈ। ਸੋ ਮਹਾਰਾਜ ਇਹ ਤਿੰਨ ਜਨਮ ਦਾ ਅਮੀਰ ਹੈ।

ਦੂਸਰਾ ਹੈ ਮਹਾਰਾਜ, ਇਹ ਤਿੰਨ ਜਨਮ ਦਾ ਦਲਿੱਦਰੀ ਹੈ, ਕੰਗਾਲ ਹੈ।

ਮਹਾਰਾਜ! ਪਹਿਲੇ ਜਨਮ 'ਚ ਇਹਨੇ ਕੁਛ ਬੀਜਿਆ ਨਹੀਂ ਹੈ, ਨਾ ਬੀਜਣ ਕਰਕੇ ਇਹਦੇ ਕੋਲ ਇਸ ਜਨਮ ਵਿਚ ਖਾਣ ਵਾਸਤੇ ਕੁਛ ਨਹੀਂ। ਮੰਗ-ਮੰਗ ਖਾਂਦਾ ਹੈ। ਇਹਦੇ ਕੋਲ ਹੈ ਕੀ ਕੁਛ ਵੀ ਨਹੀਂ, ਰੋਟੀ ਮਸਾਂ ਮਿਲਦੀ ਹੈ, ਕਪੜਾ ਹੈ ਨਹੀਂ ਤਨ 'ਤੇ। ਹੁਣ ਵੀ ਗਰੀਬ ਹੈ, ਅਗਲਾ ਜਨਮ ਵੀ ਭੁੱਖੇ ਦਾ ਹੀ ਨਿਕਲੇਗਾ।

ਇਕ ਵਾਰ ਗੁਰੂ ਮਹਾਰਾਜ ਸੱਤਵੇਂ ਪਾਤਸ਼ਾਹ ਇਹ ਬਚਨ ਕਰ ਰਹੇ ਸੀ, ਦਾਨ 'ਤੇ ਅਤੇ ਸੇਵਾ ਬਾਰੇ। ਇਹ ਬਚਨ ਸੁਣ ਕੇ ਇਕ ਸਿੱਖ ਖੜ੍ਹਾ ਹੋ ਗਿਆ। ਕਹਿੰਦਾ, ਸੱਚੇ ਪਾਤਸ਼ਾਹ! ਦਾਨ ਓਹੀ ਕਰ ਸਕਦਾ ਹੈ, ਜਿਹਦੇ ਪੱਲੇ ਕੁਛ ਹੋਵੇ, ਦੂਜਾ ਤਾਂ ਕਰ ਨਹੀਂ ਸਕਦਾ। ਮਹਾਰਾਜ ਕਹਿੰਦੇ ਪ੍ਰੇਮੀਆਂ! ਪੱਲੇ ਵਾਲੇ ਤੇ ਨਾ ਪੱਲੇ ਵਾਲੇ ਦਾ ਫਰਕ ਹੋਇਆ ਕਰਦਾ ਹੈ। ਦਾਨ ਵਿਚ ਇਕ ਭਾਵਨਾ ਕੰਮ ਕਰਦੀ ਹੈ। ਉਹ ਭਾਵਨਾ ਇਹ ਕਿ ਪਿਆਰ ਦੇ ਨਾਲ ਇਕ ਕਉਡੀ ਵੀ ਗੁਰੂ ਦੇ ਚਰਨਾਂ 'ਚ ਲਿਆ ਕੇ ਰੱਖ ਦੇਵੇ, ਪੂਰੇ ਭਾਵ ਨਾਲ ਅਤੇ ਅਮੀਰ ਨਾਲੋਂ ਜਿਹੜਾ ਬਿਨਾਂ ਭਾਵਨਾ ਤੋਂ ਆ ਕੇ ਦੱਸ ਹਜ਼ਾਰ ਰੁਪਿਆ ਮੱਥਾ ਟੇਕਦਾ ਹੈ, ਉਹਦੇ ਨਾਲੋਂ ਗੁਰੂ ਦੇ ਦਰ 'ਤੇ ਉਹ ਕਉਡੀ ਵਾਲਾ ਪ੍ਰਵਾਨ ਹੈ।

ਇੱਕ ਵਾਰੀ ਬਾਬਾ ਕਰਮ ਸਿੰਘ ਜੀ ਹੋਤੀ ਮਰਦਾਨ ਵਾਲੇ ਕੁਰਸੀ 'ਤੇ ਬੈਠੇ ਨੇ ਬਹੁਤ ਸੰਗਤ ਦਰਸ਼ਨ ਕਰਨ ਆਈ। ਇਕ ਬੰਦਾ ਅਮੀਰ ਆਇਆ ਉਹਨੇ ਆ ਕੇ ਉਨ੍ਹਾਂ ਦਿਨਾਂ ਦਾ ਹਜ਼ਾਰ ਰੁਪਿਆ ਮਹਾਂਪੁਰਸ਼ਾਂ ਦੇ ਭੇਟਾ ਕਰ ਦਿਤਾ। ਮਹਾਂਪੁਰਸ਼ਾਂ ਨੇ ਅੰਤਰ ਆਤਮੇ ਜਾਣ ਲਿਆ, ਜਾਣ ਕੇ ਉਹਨੂੰ ਠੇਡੇ ਮਾਰੀ ਜਾਂਦੇ ਨੇ, ਕਦੇ ਏਧਰ ਨੂੰ ਕਰ ਦਿੰਦੇ ਨੇ, ਕਦੇ ਓਧਰ ਨੂੰ ਕਰ ਦਿੰਦੇ ਨੇ। ਉਹ ਕਹਿੰਦਾ ਕਿ ਮੈਂ ਹਜ਼ਾਰ ਰੁਪਿਆ ਰੱਖਿਆ ਹੈ ਚਰਨਾਂ 'ਤੇ, ਹੁਣ ਦਾ ਸਮਝ ਲਓ ਕਿ 10 ਲੱਖ, ਹਜ਼ਾਰ ਰੁਪਏ ਦੇ ਬਰਾਬਰ ਹੈ। ਇਕ ਰੁਪਏ 'ਚ ਨੌਂ ਮਣ ਛੋਲੇ ਆਉਂਦੇ ਸੀ। ਸਾਡੇ ਬਾਬੇ ਕਈ ਵਾਰ ਗੱਲ ਕਰਦੇ ਸੀ ਕਿ ਇਕ ਰੁਪਿਆ ਲਿਆਂਦਾ ਸੀ ਨੌਂ ਮਣ ਛੋਲੇ ਵੇਚ ਕੇ, ਰਾਹ 'ਚ ਗਿਰ ਗਿਆ, ਸਾਰਾ ਬਜ਼ਾਰ ਸਾਰਿਆਂ ਨੇ ਛਾਨਣੇ

ਲੈ ਕੇ ਛਾਣਿਆ ਤਾਂ ਰੁਪਈਆ ਲੱਭਿਆ ਕਿਤੇ। ਤਾਂ ਰੋਟੀ ਖਾਧੀ ਅਸੀਂ। ਐਡਾ ਵੱਡਾ ਗਿਣਦੇ ਸੀ।

ਸੋ ਮਹਾਰਾਜ ਜੀ ਕਹਿਣ ਲੱਗੇ ਕਿ ਦੇਖੋ ਜੇ ਗਰੀਬ ਬੰਦਾ ਹੈ ਤਾਂ ਭਾਵਨਾ ਦੇਖੀ ਜਾਂਦੀ ਹੈ। ਜੇ ਬਾਬਾ ਜੀ ਦੇ ਕੋਲ ਆ ਕੇ ਹਜ਼ਾਰ ਰੁਪਿਆ ਮੱਥਾ ਟੇਕ ਦਿਤਾ, ਬਾਬਾ ਜੀ ਨੇ ਧਿਆਨ ਹੀ ਨਾ ਦਿਤਾ, ਨਾ ਉਹਨੂੰ ਬੁਲਾਇਆ। ਉਹਦੇ ਮਨ 'ਚ ਖਿਆਲ ਆਈ ਜਾਂਦਾ ਹੈ ਕਿ ਬਾਬਾ ਜੀ ਮੇਰੀ ਭੇਟਾ ਦੇਖਦੇ ਹੀ ਨਹੀਂ, ਲੋਕ ਟਕਾ-ਟਕਾ ਮੱਥਾ ਟੇਕਦੇ ਨੇ। ਮੈਂ ਇਕੱਠਾ ਹਜ਼ਾਰ ਟੇਕਿਆ ਹੈ ਮੇਰੇ ਨਾਲ ਗੱਲ ਨਹੀਂ ਕਰਦੇ, ਉਨ੍ਹਾਂ ਨਾਲ ਕਰੀ ਜਾਂਦੇ ਨੇ। ਅਭਿਮਾਨੀ ਸੀਗਾ। ਉਸ ਤੋਂ ਬਾਅਦ ਇਕ ਮਾਈ ਆ ਗਈ, ਮੈਲੇ ਕੱਪੜੇ, ਵੱਡੀ ਉਮਰ ਦੀ ਮਾਤਾ, 90 ਸਾਲ ਦੇ ਕਰੀਬ। ਡੰਡਾ ਹੱਥ ਵਿਚ ਹੈ ਤੇ ਇਕ ਹੱਥ ਵਿਚ ਸਿਮਰਨਾ ਹੈ। ਹੌਲੀ-ਹੌਲੀ ਤੁਰੀ ਆਉਂਦੀ ਹੈ ਤੇ ਇਕ ਮੁੱਠੀ ਬੰਦ ਕਰੀ ਹੋਈ ਹੈ। ਉਹਦੇ ਵਿਚ ਕੋਈ ਲੀਰ ਜਿਹੀ ਫੜੀ ਹੋਈ ਹੈ। ਮਹਾਰਾਜ ਜੀ ਨੂੰ ਜਦ ਦੇਖਿਆ, ਵੱਡੇ-ਵੱਡੇ ਅਮੀਰ ਕੋਲ ਬੈਠੇ, ਠਠੰਬਰ ਗਈ, ਥੋੜ੍ਹਾ ਜਿਹਾ ਹਟ ਕੇ ਖੜ੍ਹ ਗਈ। ਮਹਾਂਪੁਰਸ਼ -

***ਘਟ ਘਟ ਕੇ ਅੰਤਰ ਕੀ ਜਾਨਤ।***
***ਭਲੇ ਬੁਰੇ ਕੀ ਪੀਰ ਪਛਾਨਤ। ਚੌਪਈ, ਪਾਤਸ਼ਾਹੀ 10***

ਉਹ ਗੁਰਸਿੱਖਾਂ ਦੀ ਪੀੜਾ ਪਛਾਣਦੇ ਨੇ। ਕਹਿੰਦੇ, ਮਾਤਾ! ਤੂੰ ਇਥੇ ਰੁਕ ਗਈ, ਆਓ ਸਾਡੇ ਕੋਲ, ਕੀ ਲੈ ਕੇ ਆਈ ਹੈਂ? ਹੈਰਾਨ ਹੋ ਗਿਆ ਕਿ ਆਹ ਬੁੜੀ ਨੇ ਕੀ ਲਿਆ ਕੇ ਦੇਣੈ, ਮੇਰੇ ਹਜ਼ਾਰ ਦੀ ਗੱਲ ਹੀ ਨਹੀਂ ਕਰਦੇ। ਇਹਨੂੰ ਕਹਿੰਦੇ ਕੀ ਲੈ ਕੇ ਆਈ ਹੈਂ?

ਉਹ ਗੰਢਾਂ ਖੋਲ੍ਹਣ ਲਗ ਗਈ, ਬਹੁਤ ਜ਼ੋਰ ਨਾਲ ਬੰਨ੍ਹੀਆਂ ਹੋਈਆਂ, ਉਹਦੇ ਵਿਚੋਂ ਪੰਜ ਪੈਸੇ ਕੱਢ ਲਏ। ਬਾਬਾ ਜੀ ਕੁਰਸੀ ਤੋਂ ਅੱਗੇ ਵਧੇ, ਹੱਥ ਕੀਤਾ ਅੱਗੇ ਤੇ ਕਿਹਾ ਲਿਆ ਮਾਤਾ ਥੱਲੇ ਨਾ ਰੱਖੀ, ਸਾਡੇ ਹੱਥ 'ਚ ਦੇ ਦੇ। ਪੰਜ ਪੈਸੇ ਹੱਥ 'ਚ ਫੜ ਲਏ। ਫੜੇ ਹੋਏ ਪੈਸਿਆਂ ਨੂੰ ਕਦੇ ਸੱਜੇ ਹੱਥ 'ਚ ਫੜ ਲੈਂਦੇ ਨੇ, ਕਦੇ ਖੱਬੇ 'ਚ ਕਰ ਲੈਂਦੇ ਨੇ। ਹੱਥ 'ਚੋਂ ਛੱਡਦੇ ਹੀ ਨਹੀਂ। ਤੇ ਉਹ ਕਰੀ ਜਾਂਦਾ ਹੈ ਫੁਰਨੇ। ਫੁਰਨੇ ਕਰਦੇ ਬਾਬਾ ਜੀ ਨੇ ਦੇਖਿਆ ਕਿ ਹੁਣ ਇਹਨੂੰ ਤਾੜਨਾ ਚਾਹੀਦਾ ਹੈ, ਹਟਦਾ ਨਹੀਂ। ਕਿਉਂਕਿ ਮਹਾਂਪੁਰਸ਼ਾਂ ਨੂੰ ਫੁਰਨੇ ਤੰਗ ਕਰਦੇ ਨੇ ਲੋਕਾਂ ਦੇ। ਅੰਤਰਜਾਮੀ ਹੁੰਦੇ ਨੇ। ਉਨ੍ਹਾਂ ਨੂੰ ਪਤਾ ਲਗ ਜਾਂਦਾ ਹੈ ਕਿ ਇਸ ਤਰ੍ਹਾਂ ਕਿਹਾ ਹੈ। ਕਹਿੰਦੇ, ਕੀ ਫੁਰਨੇ ਕਰੀ ਜਾਂਦਾ ਹੈਂ। ਠੇਡਾ ਮਾਰਿਆ ਕਿ ਚੁੱਕ ਆਪਣੇ ਪੈਸੇ। ਕਹਿੰਦੇ ਲਹੂ ਖਲਾ ਕੇ ਸਾਧਾਂ ਦੇ ਪੇਟ ਤੂੰ ਦੁਖਾਉਣੇ ਨੇ। ਮੈਂ ਕਿਵੇਂ ਗਰਮ ਛੋਲੇ ਲੋਹੇ ਦੇ ਉਨ੍ਹਾਂ ਦੇ ਪੇਟ 'ਚ ਪਾ ਦੇਵਾਂ। ਭਜਨ ਕਰਨ ਜੋਗੇ ਰਹਿ ਜਾਣਗੇ? ਚੁੱਕ ਆਪਣੇ ਪੈਸੇ, ਸਾਨੂੰ ਨਹੀਂ ਇਨ੍ਹਾਂ ਦੀ ਲੋੜ। ਸੱਚ ਦਸ ਕਿਵੇਂ ਲਿਆਇਆ ਹੈਂ?

ਕਹਿਣ ਲੱਗਿਆ, ਪਾਤਸ਼ਾਹ! ਲਾਜ ਰੱਖੋ, ਲਾਜ! ਦੁਨੀਆਂ ਬੈਠੀ ਹੈ। ਕਹਿੰਦੇ, ਨਾ ਜੇ ਪੈਸੇ ਮੱਥਾ ਟੇਕਣਾ ਹੈ, ਤਾਂ ਦਸ, ਸੰਗਤ ਨੂੰ। ਕਹਿਣ ਲੱਗਿਆ, ਸਾਧਸੰਗਤ ਜੀ! ਮੈਂ ਰਿਸ਼ਵਤ ਖਾਧੀ ਹੈ। 10,000 ਰੁਪਿਆ ਕਤਲ ਦਾ ਕੇਸ, ਉਹਦੇ 'ਚ ਬਰੀ ਕਰਿਆ ਹੈ ਬੰਦੇ ਨੂੰ ਤੇ ਬਾਬਿਆਂ ਨੂੰ ਹਜ਼ਾਰ ਰੁਪਿਆ ਦਸਵੰਧ ਲਿਆਂਦਾ ਹੈ।

ਕਹਿੰਦੇ, ਦੇਖਿਆ ਸਾਧਸੰਗਤ ਜੀ! ਇਹ ਸੰਤਾਂ ਨੂੰ ਕਿਵੇ ਫਸਾਉਂਦੇ ਨੇ। ਨਾਲ ਫਸਾਉਂਦੇ ਨੇ ਪਾਪ ਕਰਕੇ, ਸੰਤ ਨਹੀਂ ਫਸਦੇ। ਸੰਤ ਭਲਾ ਕਰਦੇ ਨੇ। ਚਲੋ ਇਹਨੂੰ ਹੁਣ ਸਮਝ ਆ ਜਾਏਗੀ, ਹੁਣ ਆ ਜਾਏਗੀ। ਸੋ ਮਹਾਰਾਜ ਕਹਿੰਦੇ, ਪ੍ਰੇਮੀਆਂ! ਤੂੰ ਗਰੀਬ ਹੈਂ, ਤੇਰੀ ਭਾਵਨਾ ਨੇ ਕੰਮ ਕਰਨਾ ਹੈ। ਕਿੰਨੇ ਪ੍ਰਸ਼ਾਦੇ ਛਕਦਾ ਹੈਂ? ਕਹਿੰਦਾ, ਮਹਾਰਾਜ! ਬਸ ਖਾਣ ਜੋਗਾ ਹੀ ਹੈ, ਵਾਧੂ ਭੋਰਾ ਜਿੰਨਾ ਵੀ ਨਹੀਂ। ਕਹਿੰਦੇ, ਫੇਰ ਇਸ ਤਰ੍ਹਾਂ ਕਰਿਆ ਕਰ, ਚਾਰ ਰੋਟੀਆਂ ਖਾਂਦਾ ਹੈਂ? ਕਹਿੰਦਾ ਹਾਂ ਜੀ।

ਕਹਿੰਦੇ, ਤਿੰਨ ਖਾਇਆ ਕਰ। ਨਾਲੇ ਤਾਂ ਪੇਟ ਹਲਕਾ ਰਹੇਗਾ।

***ਅਲਪ ਅਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ।***

***ਪਾਤਸ਼ਾਹੀ 10***

ਤੇ ਜਿਹੜਾ ਇਕ ਰੋਟੀ ਦਾ ਆਟਾ ਹੈ ਉਹ ਤੂੰ ਲੰਗਰ 'ਚ ਲਿਆਇਆ ਕਰ। ਬ੍ਰਹਮਗਿਆਨੀ ਦੇ ਲੰਗਰ 'ਚ ਪਾਇਆ ਹੋਇਆ ਲੱਖਾਂ ਗੁਣਾਂ ਵਧਦਾ ਹੈ।

ਇਕ ਹੋਰ ਖੜ੍ਹਾ ਹੋ ਗਿਆ, ਪਾਤਸ਼ਾਹ! ਇਹਨੂੰ ਤਾਂ ਤੁਸੀਂ ਜੁਗਤ ਦਸ ਦਿਤੀ ਦਾਨ ਦੀ ਤੇ ਮੈਨੂੰ ਵੀ ਦੱਸੋ, ਮੇਰੇ ਉਪਰ ਵੀ ਕ੍ਰਿਪਾ ਕਰੋ।

ਮਹਾਰਾਜ ਕਹਿੰਦੇ, ਤੂੰ ਦਸ ਭਾਈ?

ਕਹਿੰਦਾ, ਮਹਾਰਾਜ, ਮੈਨੂੰ ਚਾਰ ਦੀ ਭੁੱਖ ਹੈ ਤੇ ਮੈਨੂੰ ਦੋ ਮਿਲਦੀਆਂ ਨੇ।

ਕਹਿੰਦੇ, ਬੀਬੀ ਵੀ ਦੀਵਾਨ 'ਚ ਆਈ ਹੈ।

ਕਹਿੰਦਾ, ਹਾਂ ਮਹਾਰਾਜ।

ਬੀਬੀ ਦੋਵੇਂ ਹੱਥ ਜੋੜ ਕੇ ਖੜ੍ਹੀ ਹੋ ਗਈ।

ਪੁੱਛਿਆ, ਕਿਉਂ ਬੀਬੀ! ਇਹ ਦੋ ਰੋਟੀਆਂ ਖਾਂਦਾ ਹੈ? ਭੁੱਖਾ ਰਹਿੰਦਾ ਹੈ।

ਕਹਿੰਦੇ, ਤੂੰ ਇਸ ਤਰ੍ਹਾਂ ਕਰਿਆ ਕਰ, ਇਕ ਚੁਟਕੀ ਰੋਜ਼ ਆਟੇ 'ਚੋਂ ਕੱਢ ਲਿਆ ਕਰ। ਜਦੋਂ ਕੌਲੀ ਭਰ ਗਈ ਉਹ ਲੰਗਰ 'ਚ ਪਾ ਦਿਆ ਕਰ। ਇਹਦੇ ਵਿਘਨ ਕੱਟ ਹੋਣਗੇ, ਦਲਿੱਦਰ ਹੈ ਇਹਦੇ ਉਤੇ ਪਿਆ

ਹੋਇਆ। ਇਹ ਦਾਨ ਬਿਨਾਂ ਨਹੀਂ ਖਤਮ ਹੋਣਾ।

ਕਹਿਣ ਲੱਗੇ, ਮਹਾਰਾਜ! ਐਨੀ ਥੋੜ੍ਹੀ, ਚੁਟਕੀ ਦਾ ਵੀ ਫਲ ਮਿਲ ਜਾਂਦਾ ਹੈ?

ਮਹਾਰਾਜ ਕਹਿੰਦੇ, ਤੁਹਾਨੂੰ ਇਕ ਸਾਖੀ ਦਸਦੇ ਹਾਂ, ਕੀਰਤਪੁਰ ਸਾਹਿਬ ਦੀ। ਇਥੇ ਇਕ ਬੰਦਾ ਰਹਿੰਦਾ ਹੈ। ਉਹ ਬਹੁਤ ਗਰੀਬ ਸੀ। ਦਾਣੇ ਇਕੱਠੇ ਕਰਕੇ, ਜਿੱਥੇ ਢੇਰ ਲਗਦੇ ਸੀ ਮੰਡੀ ਵਿਚ, ਉਥੋਂ ਲਿਆ ਕੇ, ਧੋ ਕੇ ਸੁੱਕਣੇ ਪਾਂਦਾ ਹੁੰਦਾ। ਉਥੇ ਉਹਦੇ ਛੱਪਰ ਵਿਚ ਹੀ ਚਿੜਾ-ਚਿੜੀ ਰਹਿੰਦੇ ਹੁੰਦੇ ਸੀ। ਉਨ੍ਹਾਂ ਨੂੰ ਕਿਸੇ ਮਾੜੇ ਕਰਮ ਵਸ ਇਹ ਜੂਨੀ ਮਿਲ ਗਈ, ਪਰ ਅੰਦਰ ਗਿਆਨ ਸੀ ਤੇ ਇਕ ਦਿਨ ਕਹਿਣ ਲੱਗੇ ਕਿ ਆਪਾਂ ਇਹਦਾ ਅੰਨ੍ਹ ਖਾਂਦੇ ਹਾਂ, ਇਹ ਤਾਂ ਮਸਾਂ ਲਿਆਉਂਦਾ ਹੈ, ਇਹਦਾ ਭਲਾ ਕਰੋ। ਦੋ-ਦੋ ਦਾਣੇ ਚੁੱਕ ਕੇ ਦੋਵੇਂ ਜਣੇ ਗੁਰੂ ਕੇ ਲੰਗਰ 'ਚ ਪਾਉਣ ਲਗ ਗਏ ਤੇ ਕੰਮ ਬਣਨ ਲਗ ਗਿਆ। ਮਿੱਟੀ ਨੂੰ ਹੱਥ ਪਾਉਂਦਾ, ਸੋਨਾ ਬਣ ਜਾਂਦਾ ਹੈ। ਠੇਕੇ ਲੈਣ ਲਗ ਗਿਆ, ਸਾਰੀ ਮੰਡੀ ਦੇ ਠੇਕੇ ਲੈ ਲਏ, ਪੈਸੇ ਵਾਲਾ ਹੋ ਗਿਆ। ਨੌਕਰ, ਚਾਕਰ, ਰੱਖ ਲਏ ਘਰ ਪਾ ਲਿਆ। ਸ਼ਰਾਬਾਂ, ਕਬਾਬਾਂ 'ਚ ਮਸਤ ਹੋ ਗਿਆ। ਗੁਰੂ ਨੂੰ ਭੁੱਲ ਗਿਆ ਕਿਉਂਕਿ ਦੁਖ ਵੇਲੇ ਆਦਮੀ ਧਿਆਉਂਦਾ ਹੈ, ਸੁੱਖ ਵੇਲੇ ਭੁੱਲ ਜਾਂਦਾ ਹੁੰਦਾ ਹੈ।

ਬਿਮਾਰ ਆਉਂਦੇ ਨੇ ਸਾਡੇ ਕੋਲ, ਅਸੀਂ ਕਹਿੰਦੇ ਹਾਂ 25 ਪਾਠ ਜਪੁਜੀ ਸਾਹਿਬ ਦੇ ਕਰੋ, ਕਰ ਲੈਂਦੇ ਨੇ, ਬਿਮਾਰੀਆਂ ਹਟ ਜਾਂਦੀਆਂ ਨੇ ਕਿਉਂਕਿ ਗੁਰੂ ਦੀ ਬਾਣੀ 'ਚ ਸ਼ਕਤੀ ਹੈ ਸਾਧਸੰਗਤ ਜੀ! ਜਪੁਜੀ ਸਾਹਿਬ 'ਚ ਬੇਅੰਤ ਸ਼ਕਤੀ ਹੈ। ਮੈਂ ਸ਼ਰੇਆਮ ਦਸਦਾ ਰਹਿੰਦਾ ਹਾਂ ਕਿ ਭਾਈ! ਤੁਸੀਂ ਜਪੁਜੀ ਸਾਹਿਬ ਦੇ 25 ਪਾਠ ਕਰੋ, ਤਰੀਕਾ ਪੁੱਛ ਲਓ। ਉਸ ਤਰੀਕੇ ਨਾਲ ਕਰੋ, ਤੁਹਾਡੇ ਰੋਗ ਹਟ ਜਾਣਗੇ। ਉਸ ਤੋਂ ਬਾਅਦ ਸ਼ਬਦ ਦਾ ਪਾਠ ਕਰੋ, ਬਿਲਕੁਲ ਰਹਿੰਦਾ ਖੂੰਹਦਾ ਵੀ ਖਤਮ ਹੋ ਜਾਏਗਾ। ਸੋ ਬਾਣੀ ਦੇ ਵਿਚ ਇਹ ਫਲ ਹੋਇਆ ਕਰਦਾ ਹੈ। ਸੋ ਰਾਜ਼ੀ ਹੋ ਜਾਂਦੇ ਨੇ, ਜਦ ਮੈਨੂੰ ਫੇਰ ਮਿਲਣ ਆਉਂਦੇ ਨੇ, ਮੈਂ ਪੁਛਦਾ ਹਾਂ ਕਿ ਰਾਜ਼ੀ ਹੋ ਗਿਆ ਭਾਈ? ਕਹਿੰਦੇ ਨੇ ਹਾਂ ਜੀ। ਮੈਂ ਕਿਹਾ, ਪਾਠ ਕਰਦਾ ਹੁੰਦਾ ਹੈਂ, ਕਹਿੰਦਾ, ਨਾ ਜੀ ਉਹ ਤਾਂ ਨਹੀਂ ਮੈਂ ਕਰਦਾ ਹੁੰਦਾ। ਓ ਪ੍ਰੇਮੀਆਂ! ਤੈਨੂੰ ਵਿਸ਼ਵਾਸ਼ ਨਹੀਂ ਆਇਆ ਕਿ ਹਰੀ ਦੇ ਨਾਮ 'ਚ ਕਿੰਨੀ ਸ਼ਕਤੀ ਹੈ। ਤੂੰ ਫੇਰ ਛੱਡ ਬੈਠਿਆ। ਤੈਨੂੰ ਚਾਹੀਦਾ ਸੀ ਕਿ ਤੂੰ ਉਸ ਤੋਂ ਵੀ ਵੱਧ ਪਾਠ ਕਰਦਾ ਜਦ ਤੂੰ ਪ੍ਰਤੱਖ ਦੇਖ ਲਿਆ ਸੀ। ਲੇਕਿਨ ਮਨੁੱਖ ਦੀ ਆਦਤ ਹੈ, ਭੁੱਲਦਾ ਹੈ ਇਹ। ਜ਼ਰਾ ਕੁ ਇਹਨੂੰ ਹਵਾ ਲਗ ਜਾਵੇ, ਰੱਬ ਕਿਧਰੇ, ਗੁਰੂ ਕਿਧਰੇ, ਕਿਧਰੇ ਬਾਣੀ। ਮੁੜ ਨਹੀਂ ਇਸ ਰਸਤੇ ਪੈਂਦਾ। 'ਨੈਂ ਲੰਘੀ ਖੁਆਜਾ ਵਿਸਰਿਆ।' ਫੇਰ ਨਹੀਂ ਇਹ ਕਿਸੇ ਦੀ ਪਰਵਾਹ ਕਰਦਾ।

ਐਸਾ ਮਹਾਂਪੁਰਸ਼ ਦਸਿਆ ਕਰਦੇ ਨੇ ਸਮਝਾਉਣ ਵਾਸਤੇ ਕਿ ਇਕ ਪ੍ਰੇਮੀ ਖਜੂਰ 'ਤੇ ਚੜ੍ਹ ਗਿਆ। ਉਤੇ ਜਾ ਕੇ ਉਹਦੀਆਂ ਲੱਤਾਂ ਕੰਬੀ ਜਾਣ, ਹੇਠਾਂ ਨੂੰ ਦੇਖ ਕੇ ਡਰੇ ਕਿ ਮੇਰੇ ਤਾਂ ਛੁਟ ਗਏ ਹੱਥ। ਉਸ ਵੇਲੇ ਦੇਵਤੇ ਦੀ ਸੁੱਖ ਸੁੱਖ ਲਈ ਕਹਿਣ ਲੱਗਿਆ, ਐ ਦੇਵਤਾ! 25 ਰੁਪਏ ਦਾ ਪ੍ਰਸ਼ਾਦ ਕਰਾਉਂਗਾ, ਮੈਨੂੰ ਥੱਲੇ ਲਾਹ ਦੇ। ਜੇ ਲੱਤ ਟੁੱਟ ਗਈ ਤਾਂ ਪਤਾ ਨਹੀਂ ਕਿੰਨਾ ਚਿਰ ਠੀਕ ਨਾ ਹੋਵੇ। ਜੇ ਗਰਦਨ ਟੁੱਟ ਗਈ ਤਾਂ ਰਾਮ ਨਾਮ ਸਤਿ ਹੈ। ਅੱਧ 'ਚ ਆ ਗਿਆ, ਸ਼ੁਕਰ ਕਰਦਾ-ਕਰਦਾ। ਹੁਣ ਮਨ ਬਦਲ ਗਿਆ, ਕਹਿੰਦਾ 25 ਰੁਪਏ ਪ੍ਰਸ਼ਾਦ, ਰੁਪਈਏ ਦਾ 19 ਛਟਾਂਕ ਘਿਉ ਆਉਂਦਾ ਹੈ, ਇਹ ਤਾਂ ਸਮਝ ਲਓ 20 ਕਿਲੋ ਦਾ ਪ੍ਰਸ਼ਾਦ। ਐਨੇ ਖਾਣ ਵਾਲੇ ਕਿਥੋਂ ਆਉਣਗੇ ਕਿ ਐਨਾ ਵੀ ਕਿਸੇ ਨੇ ਕਦੇ ਕਰਾਇਆ ਹੈ। ਸਾਢੇ 12 ਦਾ ਬਹੁਤ ਹੈ। ਹੋਰ ਥੱਲੇ ਉਤਰ ਆਇਆ, ਚੌਥਾ ਹਿਸਾ ਆ ਗਿਆ। ਕਹਿੰਦਾ, ਸਾਢੇ 12 ਦਾ ਵੀ ਕੜਾਹਾ ਬਣ ਜਾਣਾ ਹੈ। ਉਹ ਕਿਹੜਾ ਮੈਨੂੰ ਆਪ ਲਾਹ ਰਿਹਾ ਹੈ, ਮੈਂ ਆਪੇ ਹੀ ਲਹਿ ਰਿਹਾ ਹਾਂ। ਸਵਾ ਛੇ ਤੇ ਆ ਗਿਆ। ਹੁਣ ਛੇ ਕੁ ਗਜ਼ ਉਤੇ ਰਹਿ ਗਿਆ। 20 ਫੁੱਟ, ਜਦ ਹੇਠਾਂ ਨੂੰ ਪੈਰ ਪੁੱਟਿਆ। ਕਹਿੰਦਾ, ਢਾਈ ਰੁਪਏ ਦੀ ਲੋਕ ਦੇਗ ਕਰਾਉਂਦੇ ਨੇ। ਢਾਈ ਤੇ ਆ ਗਿਆ। ਜਦ ਥੋੜ੍ਹਾ ਹੇਠਾਂ ਆ ਗਿਆ ਕਹਿੰਦਾ ਢਾਈ ਕੀ ਕਰਨੇ ਨੇ, ਸਵਾ ਦਾ ਬਹੁਤ ਹੈ ਪ੍ਰਸ਼ਾਦ। ਜਦ ਰਹਿ ਗਿਆ ਕਦਮ ਕੁ, ਉਪਰੋਂ ਦੀ ਛਾਲ ਮਾਰੀ, ਕਹਿੰਦਾ ਲੈ, ਨਾ ਕਦੇ ਖਜੂਰ 'ਤੇ ਚੜ੍ਹੀਏ ਤੇ ਨਾ ਤੇਰਾ ਪ੍ਰਸ਼ਾਦ ਦੇਈਏ। ਇਹ 'ਨੈਂ ਲੰਘੀਂ ਖੁਆਜਾ ਵਿਸਰਿਆ ਵਾਲਾ' ਕੰਮ ਕਰਦੇ ਨੇ। ਜਦੋਂ ਤਾਂ ਦਰਿਆ 'ਚ ਹੁੰਦਾ ਹੈ ਫੇਰ ਮਿੰਨਤਾਂ ਕਰਦਾ ਹੈ ਹੇ ਪ੍ਰਭੂ ਰੱਖ ਲੈ, ਹੇ ਪੀਰ ਖੁਆਜਾ ਰਖ ਲੈ, ਤੇਰੀ ਤਰਾਈ ਦਿਉਂ। ਇਸੇ ਤਰ੍ਹਾਂ ਜਿਵੇਂ ਜਦੋਂ ਬਿਮਾਰ ਹੁੰਦੇ ਨੇ ਦੁਖੀ ਹੁੰਦੇ ਨੇ, ਮੈਂ ਕਹਿੰਦਾ ਹਾਂ ਕਿ ਤੁਸੀਂ ਐਨੇ ਪਾਠ ਕਰੋ, ਉਸ ਤੋਂ ਵੀ ਜ਼ਿਆਦਾ ਕਰਦੇ ਨੇ। ਜਦੋਂ ਰਾਜ਼ੀ ਹੋ ਜਾਂਦੇ ਨੇ, ਮੈਂ ਤਾਂ ਕੋਈ ਨਹੀਂ ਦੇਖਿਆ ਜਿਹੜਾ ਮੈਨੂੰ ਪੁੱਛਣ ਆਵੇ ਕਿ ਜੀ, ਇਸ ਤੋਂ ਅੱਗੇ ਵੀ ਕੋਈ ਗੱਲ ਹੈ? ਉਹ ਹੈ ਨਾਮ ਪ੍ਰਭੂ ਦਾ, ਵਾਹਿਗੁਰੂ ਨਾਮ। ਉਸ ਮੰਤ੍ਰ ਦਾ ਜਾਪ ਕਰੋ ਜਿਹਦੇ ਕਰਕੇ ਬਿਮਾਰੀ ਨਾ ਆਵੇ। ਮਹਾਰਾਜ ਕਹਿੰਦੇ ਨੇ -

***ਸਰਬ ਰੋਗ ਕਾ ਅਉਖਦੁ ਨਾਮੁ ॥*** ***ਅੰਗ - 274***

ਸਾਰੀਆਂ ਬਿਮਾਰੀਆਂ ਦਾ ਜੇ ਕੋਈ ਇਲਾਜ ਹੈ ਤਾਂ ਪ੍ਰਮੇਸ਼ਰ ਦਾ ਨਾਮ ਹੈ। ਸੋ ਆਦਮੀ ਭੁੱਲਦਾ ਹੈ। ਅਮੀਰ ਹੋ ਗਿਆ, ਗਰੀਬੀ 'ਚੋਂ ਨਿਕਲ ਆਇਆ। ਹੁਣ ਜਾਨਵਰਾਂ ਦੀ ਸ਼ਾਮਤ ਆ ਗਈ, ਬੱਕਰੇ ਵੱਢ-ਵੱਢ ਖਾਣ ਲੱਗ ਗਿਆ। ਸ਼ਰਾਬਾਂ ਪੀਂਦਾ ਹੈ, ਹਾਕਾਂ ਮਾਰਦਾ ਹੈ ਮਿੱਤਰਾਂ ਨੂੰ ਆ ਜਾਓ ਅੱਜ ਮੈਂ ਪਿਲਾਵਾਂਗਾ ਤੁਹਾਨੂੰ ਆਪਣੇ ਪੱਲਿਓਂ। ਆਪਣੀ ਅਮੀਰੀ ਦੀ ਨੁਮਾਇਸ਼ ਕਰਕੇ ਲੋਕਾਂ ਨੂੰ ਦਿਖਾਉਂਦਾ ਹੈ। ਤੇ ਚਿੜਾ ਚਿੜੀ ਕਹਿਣ ਲੱਗੇ ਇਕ ਦੂਜੇ ਨੂੰ ਕਿ ਇਹ ਤਾਂ ਮਾੜਾ ਹੀ ਕੰਮ ਕਰ ਦਿਤਾ,

ਇਹ ਤਾਂ ਨਰਕਾਂ 'ਚ ਜਾਏਗਾ। ਗਰੀਬੀ 'ਚ ਕਦੇ ਰਾਮ-ਰਾਮ, ਵਾਹਿਗੁਰੂ-ਵਾਹਿਗੁਰੂ ਤਾਂ ਕਰ ਲੈਂਦਾ ਸੀ। ਇਹਦਾ ਤਾਂ ਕੋਈ ਇਲਾਜ ਸੋਚਣਾ ਪੈਣਾ ਹੈ। ਚਿੜੀ ਕਹਿੰਦੀ, ਇਲਾਜ ਤਾਂ ਤੂੰ ਸਤਿਸੰਗ 'ਚ ਸੁਣਿਆ ਨਹੀਂ ਹੈ। ਗੁਰੂ ਇਹ ਕਹਿੰਦੇ ਨੇ ਕਿ ਜੋ ਗੁਰੂ ਦਾ ਧਾਨ ਖਾਂਦਾ ਹੈ, ਉਹਨੂੰ ਤਿੰਨ ਦੋਸ਼ ਤਾਂ ਸਿੱਧੇ ਹੀ ਲਗਦੇ ਨੇ -

***ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨ,***
***ਮਤ ਮਾਰਨ, ਹੱਡ ਗਾਲਨ, ਭਜਨ ਕਰਨ ਨ ਦੇਣ।***

ਜਿਹੜਾ ਨਾਮ ਨਹੀਂ ਜਪਦਾ, ਬੰਦਗੀ ਨਹੀਂ ਕਰਦਾ, ਸੇਵਾ ਨਹੀਂ ਕਰਦਾ, ਬੈਠ ਕੇ ਰੋਟੀਆਂ ਖਾ ਕੇ ਹੱਥ ਫੇਰ ਛੱਡਦਾ ਹੈ, ਮਹਾਰਾਜ ਕਹਿੰਦੇ ਉਹ ਰੋਗੀ ਹੋ ਜਾਏਗਾ। ਉਹਦੇ ਹੱਡਾਂ ਦੇ ਵਿਚ ਬਿਮਾਰੀ ਪੈ ਜਾਏਗੀ। ਇਹ ਉਹਨੂੰ ਹੀ ਪਚਦਾ ਹੈ ਜਿਹੜਾ ਅੰਮ੍ਰਿਤ ਵੇਲੇ ਦੋ ਵਜੇ ਉਠ ਕੇ ਬੈਠ ਕੇ ਪ੍ਰਭੂ ਦੀ ਯਾਦ ਵਿਚ ਬੈਠਦਾ ਹੈ, ਲੰਗਰ ਦੇ ਵਿਚ ਸੇਵਾ ਕਰਦਾ ਹੈ, ਲੰਗਰ ਦੇ ਵਿਚ ਪ੍ਰਸ਼ਾਦੇ ਲਾਹੁੰਦਾ ਹੈ, ਧਾਰਾਂ ਕੱਢਦਾ ਹੈ, ਚਾਹ ਪਾਣੀ ਬਣਾਉਂਦਾ ਹੈ, ਸਾਰਾ ਦਿਨ ਸੇਵਾ 'ਚ ਗੁਜ਼ਾਰਦਾ ਹੈ। ਉਹਨੂੰ ਨਹੀਂ ਇਹ ਖਰਾਬ ਕਰਦਾ। ਦੂਸਰੇ ਵਾਸਤੇ ਤਾਂ ਇਹ ਤਾੜਨਾ ਕੀਤੀ ਗਈ ਹੈ -

***ਧਾਰਨਾ - ਕਿਤੇ ਖੰਡ ਦੇ ਭੁਲੇਖੇ ਜ਼ਹਿਰ ਖਾ ਲਈਂ ਨਾ,***
***ਧਾਨ ਬੁਰਾ ਪੂਜਾ ਦਾ।***
***ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥***

***ਭਾਈ ਗੁਰਦਾਸ ਜੀ, ਵਾਰ 35/12***

ਜਿਹੜਾ ਧਰਮਸਾਲਾ, ਗੁਰਦੁਆਰੇ ਦੀ ਝਾਕ 'ਤੇ ਰਹਿੰਦਾ ਹੈ, ਰੋਟੀ ਮਿਲੇਗੀ ਇਥੇ ਚੱਲੀਏ, ਬੰਦਗੀ ਨਹੀਂ ਕਰਨੀ, ਨਾਮ ਨਹੀਂ ਜਪਣਾ, ਸੇਵਾ ਨਹੀਂ ਕਰਨੀ। ਉਹਦੇ 'ਚ ਤਿੰਨ ਗੱਲਾਂ ਅਵੱਸ਼ ਹੋਣਗੀਆਂ - ***'ਧਰਮਸਾਲਾ ਦੀਆਂ ਰੋਟੀਆਂ ਤਿੰਨ ਕੰਮ ਕਰੇਨਿ। ਮੱਤ ਮਾਰਨ, ਹੱਡ ਗਾਲਣ, ਭਜਨ ਕਰਨ ਨ ਦੇਣ।'***

ਕਹਿੰਦੇ, ਇਹਦੇ ਘਰ 'ਚ ਲਿਆ ਕੇ ਸੁੱਟੋ ਪੂਜਾ ਦੇ ਦਾਣੇ। ਲੰਗਰ 'ਚੋਂ ਦੋ-ਦੋ ਦਾਣੇ ਚੁੱਕ ਕੇ ਲੈ ਆਉਣੇ। ਲਿਆ ਕੇ ਉਹਦੇ ਬੋਰੀ 'ਚ ਸੁੱਟ ਦੇਣੇ। ਖਾਣ ਲੱਗ ਗਿਆ ਉਹ, ਪੂਜਾ ਦਾ ਧਾਨ ਚਾਹੇ ਜਾਣ ਕੇ ਖਾਓ, ਚਾਹੇ ਅਣਜਾਣਪੁਣੇ 'ਚ ਖਾਓ, ਦੋਸ਼ ਲਗਦਾ ਹੈ।

ਗੁਰੂ ਸਾਹਿਬ ਨੇ ਲਿਖਿਆ ਹੋਇਆ ਹੈ ਕਿ ਜੇ ਪੰਜ ਸਿੱਖਾਂ ਨੂੰ ਪ੍ਰਸ਼ਾਦਾ ਛਕਾਉਣਾ ਹੈ ਤਾਂ ਉਨ੍ਹਾਂ ਸਿੰਘਾਂ ਦਾ ਵੀ ਫਰਜ਼ ਹੈ ਕਿ ਪੰਜ-ਪੰਜ ਪਾਠ ਜਪੁਜੀ ਸਾਹਿਬ ਦੇ ਹਰੇਕ ਨੇ, ਇਕੱਲੇ-ਇੱਕਲੇ ਨੇ ਉਹਦੇ ਨਮਿੱਤ ਕਰਨੇ ਨੇ, ਦਇਆ ਹੈ ਉਨ੍ਹਾਂ ਲਈ ਦੁੱਖ ਦੂਰ ਕਰਨ ਵਾਸਤੇ। ਜੇ ਖਾ ਕੇ ਪੇਟ 'ਤੇ ਹੱਥ ਫੇਰ ਲਿਆ ਕਿ ਬੜੀ ਸੋਹਣੀ ਦਾਲ ਸੀ, ਬਹੁਤ ਸੇਵਾ ਕਰੀ ਹੈ। ਬੀਬੀ ਤੂੰ ਤਾਂ ਇਵੇਂ ਜਿਵੇਂ ਕਰਦੀ ਰਹੀਂ। ਫੇਰ ਕੀ ਹੋਏਗਾ ਉਹਦਾ

ਦਲਿੱਦਰ ਆ ਜਾਏਗਾ ਆਪਣੇ ਉਤੇ।

ਇਕ ਵਾਰੀ ਗੁਰੂ ਦਸਵੇਂ ਪਾਤਸ਼ਾਹ ਦਾ ਦੀਵਾਨ ਲੱਗਿਆ ਹੋਇਆ ਹੈ, ਸੰਗਤਾਂ ਪ੍ਰਸ਼ਾਦ ਲਿਆਈ ਜਾਣ ਤੇ ਮਹਾਰਾਜ ਜੀ ਥੋੜ੍ਹਾ-ਥੋੜ੍ਹਾ ਇਸ਼ਾਰਾ ਕਰ ਦੇਣ। ਇਕ ਦਿਨ ਬੈਠਾ ਸੀ ਪੇਟੂ ਉਥੇ, ਕਹਿੰਦਾ ਲੈ ਗੁਰੂ ਸਾਹਿਬ ਇਸ ਤਰ੍ਹਾਂ ਕਰੀ ਜਾਂਦੇ ਨੇ, ਤਰਸਾ-ਤਰਸਾ ਪ੍ਰਸ਼ਾਦ ਦਿੰਦੇ ਨੇ। ਕਿਉਂ ਨਹੀਂ ਗੱਫਾ ਭਰ ਕੇ ਦੇ ਦੇਣ ਰੱਜ ਤਾਂ ਲਈਏ। ਮਹਾਰਾਜ ਨੇ ਦੇਖ ਲਿਆ ਸਿੱਖ ਦਾ ਹਿਸਾਬ-ਕਿਤਾਬ। ਐਨੇ ਨੂੰ ਇਕ ਕੜਾਹ ਪ੍ਰਸ਼ਾਦ ਦੀ ਪਰਾਤ ਚੁੱਕ ਲਿਆਇਆ, ਛੋਟੀ ਪਰਾਤ। ਮਹਾਰਾਜ ਕਹਿੰਦੇ, ਗੁਰਮੁਖਾ! ਪ੍ਰਸ਼ਾਦ ਹੈ, ਕਹਿੰਦੇ ਹਾਂ। ਸਿੱਖ ਵਲ ਦੇਖਿਆ ਕਿ ਉਹਨੂੰ ਦੇ-ਦੇ। ਰੱਜਾ ਦੇ ਪਹਿਲਾਂ ਫੇਰ ਸੰਗਤ 'ਚ ਵੰਡਾਂਗੇ। ਖੁਸ਼ ਹੋ ਗਿਆ ਕਿ ਮਹਾਰਾਜ ਅੰਤਰਜਾਮੀ ਨੇ, ਮੇਰੀ ਗੱਲ ਇਨ੍ਹਾਂ ਨੂੰ ਪਤਾ ਲਗ ਗਈ। ਮਹਾਰਾਜ ਕਹਿੰਦੇ, ਸਿੱਖਾ ਖਾ ਲੈ। ਮਹਾਰਾਜ ਕਹਿੰਦੇ, ਹੋਰ ਦਿਓ। ਹੋਰ ਦੇ ਦਿਤਾ। ਮਹਾਰਾਜ ਕਹਿੰਦੇ, ਹੋਰ ਦਿਓ। ਕਹਿੰਦਾ ਰੱਜ ਗਿਆ ਜੀ। ਕਹਿੰਦੇ, ਨਾ ਭੁੱਖ ਕੱਢ ਲੈ ਆਪਣੀ ਅੱਜ। ਚੌਥੇ ਦਿਨ ਸਰੀਰ ਦੇ ਉਤੇ ਫੋੜੇ ਹੀ ਫੋੜੇ ਹੋ ਗਏ। ਹਾਏ-ਹਾਏ ਕਰਨ ਲਗ ਗਿਆ। ਇਲਾਜ ਕੋਈ ਨਹੀਂ ਹੁੰਦਾ। ਪੰਜ-ਚਾਰ ਦਿਨ ਜਦੋਂ ਹੋਏ ਸਾਰਾ ਹੀ ਸਰੀਰ, ਫੁੱਟ ਗਿਆ। ਇਸ਼ਨਾਨ ਤੋਂ ਵੀ ਰਹਿ ਗਿਆ, ਤੁਰਨ ਤੋਂ ਵੀ ਰਹਿ ਗਿਆ। ਮਹਾਰਾਜ ਕੋਲ ਆ ਗਿਆ, ਕਹਿਣ ਲੱਗਿਆ, ਮਹਾਰਾਜ! ਮੈਂ ਤਾਂ ਤੇਰੇ ਦਰ 'ਤੇ ਬੈਠਾ ਹਾਂ ਤੇ ਜੇ ਤੇਰੇ ਕੋਲ ਵੀ ਆ ਕੇ ਬਿਮਾਰੀ ਹੋਵੇ, ਫੇਰ ਇਲਾਜ ਕਿੱਥੇ ਹੋਏਗਾ?

ਮਹਾਰਾਜ ਕਹਿੰਦੇ, ਗੁਰਮੁਖਾ! ਇਹ ਤਾਂ ਭਾਵਨਾ ਦੀ ਗੱਲ ਹੈ। ਜਿਹੜੇ ਸਿਦਕ ਨਾਲ ਸੇਵਾ ਕਰਦੇ ਨੇ, ਉਹ ਰਾਜ਼ੀ ਹੋ ਜਾਂਦੇ ਨੇ। ਜਿਹੜੇ ਨਹੀਂ ਕਰਦੇ ਉਹ ਗੁਰਦਵਾਰੇ ਰਹਿੰਦੇ ਬੀਮਾਰ ਹੋ ਜਾਂਦੇ ਹਨ।

ਰਤਵਾੜਾ ਸਾਹਿਬ ਸੇਵਾਦਾਰ ਸੇਵਾ ਕਰਨ ਆਉਂਦੇ ਨੇ 40-40 ਦਿਨ। ਪਹਿਲਾਂ-ਪਹਿਲਾਂ ਸੈਕਟਰੀ ਬੀਬੀ ਜੋ ਸੀ ਉਹ ਲਿਖਦੀ ਰਹੀ। ਕਹਿਣਾ ਕਿ ਵੀਰ ਜੀ! ਫਲਾਣਾ ਵੀ ਰਾਜ਼ੀ ਹੋ ਗਿਆ, ਫਲਾਣਾ ਵੀ ਹੋ ਗਿਆ। ਜਦੋਂ ਸੌ ਕੁ ਹੋ ਗਿਆ, ਰਜਿਸਟਰ ਭਰ ਗਿਆ, ਹੋਰ ਲਿਖਣ ਲਗ ਗਈ, ਫੇਰ ਆਪੇ ਬੰਦ ਹੋ ਗਈ ਲਿਖਣਾ। ਮੈਂ ਪੁੱਛਿਆ ਕਿ ਬੀਬੀ! ਹੁਣ ਤੂੰ ਲਿਖਦੀ ਹੁੰਦੀ ਹੈਂ ਕਹਿੰਦੀ ਵੀਰ ਜੀ! ਕੀ ਲਿਖਾਂ ਇਹ ਤਾਂ ਗਿਣਤੀ ਤੋਂ ਬਾਹਰ ਰਾਜ਼ੀ ਹੋਈ ਜਾਂਦੇ ਨੇ। ਕਹਿੰਦੀ, ਗੁਰੂ ਦੀ ਕ੍ਰਿਆ ਗੁਰੂ ਕੋਲ ਹੀ ਰਹਿਣ ਦਿਓ, ਆਪਾਂ ਨੇ ਕੀ ਕਰਨਾ ਹੈ। ਸੋ ਉਹ ਤਾਂ ਸੇਵਾ ਕਰਕੇ ਰਾਜ਼ੀ ਹੋ ਜਾਂਦੇ ਨੇ। ਇਕ ਗੁਰਦੁਆਰੇ ਰਹਿ ਕੇ ਬੀਮਾਰ ਹੋ ਜਾਂਦੇ ਨੇ। ਫਰਕ ਕੀ ਹੋਇਆ? ਆਪੇ ਹੀ ਜਾਣੋ ਕਿ ਫਰਕ ਕੀ ਹੋਇਆ, ਉਨ੍ਹਾਂ ਨੂੰ ਪਤਾ ਹੈ ਏਸ ਗੱਲ ਦਾ।

ਸੋ ਮਹਾਰਾਜ ਕਹਿੰਦੇ, ਗੁਰਮੁਖਾ! ਤੂੰ ਗੁਰਦਵਾਰੇ ਆਉਂਦਾ ਹੈ ਤੂੰ ਦਸ ਕਿ ਕਿਉਂ ਬਿਮਾਰ ਹੋਇਆ ਕਿਸ ਦਿਨ ਹੋਇਆ? ਕਹਿੰਦਾ, ਮਹਾਰਾਜ! ਉਸ ਦਿਨ ਪ੍ਰਸ਼ਾਦ ਖਾ ਲਿਆ ਸੀ, ਜਦ ਤੋਂ ਬਾਅਦ ਮੇਰੀ ਤਬੀਅਤ ਖਰਾਬ ਹੋ ਗਈ। ਸੇਵਾਦਾਰ ਨੇ ਰੱਜ ਕੇ ਖਿਲਾ ਦਿਤਾ ਮੈਨੂੰ, ਪਤਾ ਨਹੀਂ ਉਹਦੇ 'ਚ ਕੀ ਪਾਇਆ ਹੋਇਆ ਸੀ।

ਮਹਾਰਾਜ ਨੇ ਉਹ ਸਿੰਘ ਖੜ੍ਹਾ ਕਰ ਲਿਆ। ਕਹਿੰਦੇ, ਕੀ ਹਾਲ ਹੈ ਤੇਰਾ? ਕਹਿੰਦਾ, ਸੱਚੇ ਪਾਤਸ਼ਾਹ ਮੇਰਾ ਤਾਂ ਸਰੀਰ ਕੁੰਦਨ ਵਰਗਾ ਹੋ ਗਿਆ। ਜਿਹੋ ਜਿਹਾ ਪਹਿਲਾਂ ਸੀ ਉਹੋ ਜਿਹਾ ਹੋ ਗਿਆ ਵਧੀਆ। ਫੋੜੇ ਹੀ ਫੋੜੇ ਮੇਰੇ ਨਿਕਲੇ ਹੋਏ ਸੀ। ਪਾਤਸ਼ਾਹ! ਮੈਂ ਤੇਰੀ ਦਰਗਾਹ ਦੀ ਦੇਗ ਸੁੱਖੀ, ਦੇਗ ਲਿਆਇਆ ਤੇ ਮੈਂ ਰਾਜ਼ੀ ਹੋ ਗਿਆ। ਕਹਿੰਦੇ, ਸਿੱਖਾ! ਤੂੰ ਇਹਦੀ ਹੀ ਦੇਗ ਖਾਧੀ ਸੀ? ਕਹਿੰਦਾ ਹਾਂ ਜੀ ਮਹਾਰਾਜ।

ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਅਸੀਂ ਭੋਰਾ-ਭੋਰਾ ਦੇਖ ਕੇ ਦਿੰਦੇ ਹੁੰਦੇ ਹਾਂ ਕਿ ਇਹ ਬਿਮਾਰ ਹੈ ਇਹਦਾ ਐਨਾ ਹੀ ਪ੍ਰਸ਼ਾਦ ਦੇਣਾ। ਕੋਈ ਸੰਤ ਨਹੀਂ ਕਹਿੰਦੇ ਕਿ ਖੁਲ੍ਹਾ ਪ੍ਰਸ਼ਾਦ ਵਰਤਾਓ। ਪਤਾ ਹੁੰਦਾ ਹੈ ਸੰਤਾਂ ਨੂੰ ਕਿ ਜੇ ਦੇ ਦਿਤਾ ਤਾਂ ਬਿਮਾਰ ਹੋ ਜਾਣਗੇ ਸਾਰੇ। ਸਾਡੇ ਸੇਵਾਦਾਰ ਵਿਚਾਰੇ ਕੀਰਤਨ ਤੋਂ ਵੀ ਜਾਣਗੇ। ਕਦੇ ਵੀ ਨਹੀਂ ਮੈਂ ਤਾਂ ਕਦੇ ਦਿੰਦਾ ਨਹੀਂ, ਨਾ ਲਾਂਗਰੀ ਨੂੰ ਦੇਵਾਂ, ਨਾ ਦੂਜਿਆਂ ਨੂੰ ਦੇਵਾਂ, ਨਾ ਗੱਡੀ ਚਲਾਉਣ ਵਾਲਿਆਂ ਨੂੰ ਦੇਵਾਂ। ਮੈਂ ਸਗੋਂ ਕਹਿ ਦਿੰਦਾ ਹਾਂ ਕਿ ਨਾ-ਨਾ ਤੁਹਾਨੂੰ ਨਹੀਂ ਦੇਣਾ। ਪਤਾ ਹੁੰਦਾ ਹੈ ਕਿ ਇਹ ਬਿਮਾਰੀ ਦਾ ਲੈ ਕੇ ਆਇਆ। ਸੋ ਇਹ ਧਰਮਸਾਲਾ ਦੀਆਂ ਰੋਟੀਆਂ ਕੰਮ ਕਰਦੀਆਂ ਨੇ। ਜਦੋਂ ਚਾਰ ਦਾਣੇ ਰੋਜ਼ ਗਿਰਨ ਲੱਗ ਗਏ, ਕਮਾਈ ਘਟਣ ਲਗ ਗਈ, ਸੋਨੇ ਨੂੰ ਹੱਥ ਪਾਉਂਦਾ ਹੈ ਮਿੱਟੀ ਬਣ ਜਾਂਦੀ ਹੈ। ਅਖੀਰ ਬਿਲਕੁਲ ਗਰੀਬ ਹੋ ਕੇ ਉਸ ਤੋਂ ਵੀ ਥੱਲੇ ਚਲਿਆ ਗਿਆ, ਰੋਟੀ ਨਹੀਂ ਮਿਲਦੀ। ਆਕੜ ਰਹਿ ਗਈ ਕਿ ਮੈਂ ਅਮੀਰ ਸੀਗਾ। ਫੇਰ ਹੋਸ਼ ਆਈ ਗੁਰੂ ਦੇ ਦਰਬਾਰ ਆਇਆ। ਮਹਾਰਾਜ ਕਹਿੰਦੇ, ਫੇਰ ਸਾਡੇ ਕੋਲ ਆਇਆ। ਕਹਿਣ ਲੱਗਿਆ ਕਿ ਆਹ ਹਾਲਤ ਮੇਰੀ ਪਹਿਲਾਂ ਸੀ, ਵਿਚ ਮੈਂ ਅਮੀਰ ਹੋਇਆ ਤੇ ਫੇਰ ਹੁਣ ਗਰੀਬ ਹੋ ਗਿਆ। ਕਹਿੰਦੇ, ਪ੍ਰੇਮੀਆਂ! ਇਕ ਗੱਲ ਦਸ ਜਦੋਂ ਤੂੰ ਗਰੀਬ ਸੀ, ਅਰਦਾਸਾਂ ਕਰਦਾ ਸੀ ਨਾ ਗੁਰੂ ਕੋਲ। ਕਹਿੰਦੇ, ਜਦੋਂ ਅਮੀਰ ਹੋਇਆ ਫੇਰ ਤੂੰ ਅਰਦਾਸਾਂ ਕੀਤੀਆਂ ਗੁਰੂ ਕੋਲ ਕਿ ਸ਼ਰਾਬ ਦੀਆਂ ਬੋਤਲਾਂ ਪੀਤੀਆਂ? ਭੁੱਲ ਗਿਆ ਨਾ ਓਸ ਵੇਲੇ। ਮਕਾਨ ਤੈਨੂੰ ਚੰਗਾ ਮਿਲ ਗਿਆ, ਕੱਪੜੇ ਚੰਗੇ ਮਿਲ ਗਏ। ਪੈਸਾ ਮਿਲ ਗਿਆ। ਦਾਤਾਂ ਤੈਨੂੰ ਗੁਰੂ ਨੇ ਦੇ ਦਿੱਤੀਆਂ। ਤੇਰੇ ਸਿਰਫ ਚਾਰ ਦਾਣੇ ਪੈਂਦੇ ਸੀ ਲੰਗਰ 'ਚ, ਬੰਦਗੀ ਕਰਨ ਵਾਲੇ ਜਦ ਛਕਦੇ ਸੀ, ਇਕ ਦਾਣੇ ਦਾ ਲੱਖਾਂ ਦਾਣਾ ਹੋ ਜਾਂਦਾ ਹੈ। ਤੇਰੇ ਘਰ 'ਚ ਬਰਕਤਾਂ ਆਈਆਂ ਸੀ, ਤੈਨੂੰ ਚਾਹੀਦਾ ਸੀ ਕਿ ਤੂੰ ਪ੍ਰਭੂ ਦਾ ਨਾਮ ਇਸ ਤੋਂ ਵੀ

ਵੱਧ ਲੈਂਦਾ ਤੂੰ ਤਾਂ ਨਾਸਤਕ ਹੋ ਗਿਆ। ਭੁਲਾ ਦਿਤਾ ਪ੍ਰਮੇਸ਼ਰ ਨੂੰ। ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਮਨਮੁਖਾਂ ਨੇ ਵਿਸਾਰ ਦਿਤਾ ਦਾਤਾ,***
***ਦਾਤ ਨੂੰ ਪਿਆਰੀ ਜਾਣ ਕੇ।***

***ਦਾਤਿ ਪਿਆਰੀ ਵਿਸਰਿਆ ਦਾਤਾਰਾ ॥ ਅੰਗ – 676***

ਸਾਰੀ ਦੁਨੀਆਂ ਨਾਲ ਹੀ ਹੁੰਦਾ ਹੈ, ਪਹਿਲਾਂ ਮੰਗਦਾ ਹੈ। ਅਰਦਾਸਾਂ ਕਰਦਾ ਹੈ ਕਿ ਹੇ ਪ੍ਰਭੂ! ਮੈਨੂੰ ਇਹ ਚੀਜ਼ ਦੇ ਦੇ, ਸਿਹਤ ਦੇ ਦੇ, ਪੁੱਤਰ ਦੀ ਦਾਤ ਦੇ ਦੇ, ਜਦੋਂ ਪ੍ਰਾਪਤ ਹੁੰਦਾ ਹੈ ਫੇਰ ਕੀ ਹੁੰਦਾ ਹੈ? ਧੰਨਵਾਦ ਕਰਨਾ ਚਾਹੀਦਾ ਹੈ, ਹਰੀ ਦਾ ਜਸ ਕਰਾਉਣਾ ਚਾਹੀਦਾ ਹੈ, ਰੱਬ ਦੇ ਪਿਆਰਿਆਂ ਨੂੰ ਬੁਲਾ ਕੇ ਪ੍ਰਭੂ ਦਾ ਧੰਨਵਾਦ ਕਰਨਾ ਚਾਹੀਦਾ ਹੈ ਕਿ ਹੇ ਪ੍ਰਭੂ! ਤੂੰ ਮੇਰੇ ਉਤੇ ਤਰੁੱਠ ਕੇ ਪੁੱਤਰ ਦੀ ਦਾਤ ਦਿਤੀ ਹੈ। ਹੁੰਦਾ ਕੀ ਹੈ? ਸ਼ਰਾਬ ਦੀਆਂ ਬੋਤਲਾਂ ਸੌ ਆ ਗਈਆਂ, ਬੱਕਰੇ ਵੱਢਣੇ ਸ਼ੁਰੂ ਕਰ ਦਿਤੇ। ਰੱਬ ਕਹਿੰਦਾ ਤੂੰ ਮੰਗਤਾ ਸੀਗਾ, ਆਹ ਕੀ ਤੈਨੂੰ ਹੋ ਗਿਆ।

ਸੋ ਸਾਧਸੰਗਤ ਜੀ! ਗਲਤ ਗੱਲ ਹੈ। ਮਹਾਰਾਜ ਕਹਿੰਦੇ, ਗੁਰਮੁਖਾ! ਤੂੰ ਦਾਤ ਪ੍ਰਾਪਤ ਕਰਕੇ ਨਾਸਤਕ ਹੋ ਗਿਆ, ਦਾਤੇ ਨੂੰ ਭੁੱਲ ਗਿਆ। ਫੇਰ ਜਿਹੜੇ ਤਰੀਕੇ ਨਾਲ ਤੂੰ ਅਮੀਰ ਹੋਇਆ ਸੀ, ਤੇਰੇ ਚਾਰ ਦਾਣੇ ਗੁਰੂ ਘਰ 'ਚੋਂ ਜਾਣ ਲਗ ਗਏ ਤੂੰ ਗਰੀਬ ਹੋ ਗਿਆ। ਦਲਿੱਦਰ ਦਾ ਇਲਾਜ ਦਾਨ ਹੋਇਆ ਕਰਦਾ ਹੈ। ਸੋ ਮਹਾਰਾਜ ਕਹਿੰਦੇ, ਗੁਰਸਿੱਖ! ਜੇ ਤੂੰ ਦੋ ਰੋਟੀਆਂ ਖਾਂਦਾ ਹੈਂ ਤਾਂ ਇਕ ਚੁਟਕੀ ਘਟ ਖਾ ਲਿਆ ਕਰ ਤੇਰੇ ਘਰ 'ਚ ਬਰਕਤ ਪੈ ਜਾਊ। ਸੋ ਇਸ ਤਰ੍ਹਾਂ ਮਹਾਰਾਜ ਦਾਨ ਦੇ ਬਾਰੇ ਫੁਰਮਾਨ ਕਰਦੇ ਨੇ –

***ਧਾਰਨਾ – ਸਤਿਗੁਰ ਬਖਸ਼ਦੈ ਭੰਡਾਰੇ ਭਰੇ ਦਾਤਾਂ ਦੇ,***
***ਕਉਡੀ ਇਕ ਲੈ ਕੇ ਪਿਆਰ ਦੀ।***

***ਚਰਨ ਸਰਨ ਗੁਰੁ ਏਕ ਪੈਂਡਾ ਜਾਇ ਚਲ,***
***ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ।***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਂਹਿ ਬਾਰੰਬਰ ਗੁਰੁ ਹੇਤ ਹੈ।***
***ਭਾਵਨੀ ਭਗਤਿ ਭਾਇ ਕੌਡੀ ਅਗ੍ਰਭਾਗ ਰਾਖੈ,***
***ਤਾਹਿ ਗੁਰੁ ਸਰਬ ਨਿਧਾਨ ਦਾਨ ਦੇਤ ਹੈ।***
***ਸਤਿਗੁਰੁ ਦਯਾ ਨਿਧਿ, ਮਹਿਮਾ ਅਗਾਧਿ ਬੋਧ,***
***ਨਮੋ ਨਮੋ ਨਮੋ ਨਮੋ ਨੇਤਿ ਨੇਤਿ ਨੇਤਿ ਹੈ।***
***ਕਬਿੱਤ ਭਾਈ ਗੁਰਦਾਸ ਜੀ।***

ਗੁਰੂ ਦੀ ਨਿਗ੍ਹਾ 'ਚ ਗਰੀਬ ਤੇ ਅਮੀਰ ਨਹੀਂ ਹੋਇਆ ਕਰਦਾ। ਇਹ ਦੁਨੀਆਂ ਦਾ ਗਜ਼ ਹੈ ਬੰਦੇ ਨੂੰ ਨਾਪਣ ਵਾਸਤੇ ਕਿ ਸੋਨਾ ਕਿੰਨਾ ਹੈ, ਜ਼ਮੀਨ ਕਿੰਨੀ ਹੈ, ਟਰੈਕਟਰ ਕਿੰਨੇ ਨੇ, ਟਰੱਕ ਕਿੰਨੇ ਚਲਦੇ ਨੇ। ਮੁੰਡਾ

ਕਿੱਥੇ ਨੌਕਰ ਹੈ? ਲੇਕਿਨ ਰੂਹਾਨੀ ਗਜ਼ ਇਹ ਨਹੀਂ ਹੈ, ਰੂਹਾਨੀ ਗਜ਼ ਸਿਫਤਾਂ ਦੇਖਦਾ ਹੈ ਕਿ ਇਹ ਸੱਚ ਬੋਲਦਾ ਹੈ, ਦੂਜਿਆਂ ਦੀ ਮਦਦ ਕਰਦਾ ਹੈ, ਆਪਣੇ ਵਾਸਤੇ ਜੀਉਂਦਾ ਹੈ ਕਿ ਸੰਸਾਰ ਵਾਸਤੇ ਜੀਉਂਦਾ ਹੈ। ਸੁੱਖ ਦਿੰਦਾ ਹੈ ਦੁਖ ਦਿੰਦਾ ਹੈ। ਉਥੇ ਬੰਦਗੀ ਵਾਲਾ ਵੱਡਾ ਹੋਇਆ ਕਰਦਾ ਹੈ, ਮਾਇਆ ਵਾਲਾ ਵੱਡਾ ਨਹੀਂ ਹੋਇਆ ਕਰਦਾ। ਮਾਇਆ ਵਾਲੇ ਤਾਂ ਸਭ ਤੋਂ ਛੋਟੇ ਹੁੰਦੇ ਨੇ।

ਇਕ ਵਾਰੀ ਇਕ ਸੰਤ ਅਕਬਰ ਦੇ ਕੋਲ ਆ ਗਿਆ, ਅਕਬਰ ਉਸ ਵੇਲੇ ਨਮਾਜ਼ ਪੜ੍ਹ ਰਿਹਾ ਸੀ, ਇਹ ਖੜ੍ਹਾ ਰਿਹਾ, ਉਹਨੇ ਕਿਹਾ ਕਿ ਇਹ ਨਮਾਜ਼ ਪੜ੍ਹਦਾ। ਜਦੋਂ ਨਮਾਣ ਪੜ੍ਹ ਹਟਿਆ ਤਾਂ ਪਹਿਰੇਦਾਰ ਕਹਿਣ ਲੱਗੇ ਕਿ ਕੋਈ ਦਰਵੇਸ਼ ਖੜ੍ਹਾ ਹੈ, ਕਾਫੀ ਸਮਾਂ ਹੋ ਗਿਆ ਉਸ ਨੂੰ ਖੜ੍ਹੇ ਨੂੰ। ਅਕਬਰ ਕਹਿਣ ਲੱਗਿਆ, ਬੁਲਾਓ। ਕਹਿਣ ਲੱਗਿਆ, ਦਰਵੇਸ਼ ਸਾਂਈਂ ਦੱਸੋ, ਕਿਵੇਂ ਆਏ ਤੁਸੀਂ। ਕਹਿਣ ਲੱਗੇ, ਬਾਦਸ਼ਾਹ! ਪਹਿਲਾਂ ਮੈਨੂੰ ਇਹ ਦਸ ਕਿ ਤੂੰ ਅੱਗੇ ਨੂੰ ਹੱਥ ਕਿਉਂ ਕਰ ਰਿਹਾ ਸੀ? ਕਹਿੰਦਾ ਮੈਂ ਨਮਾਜ਼ ਪੜ੍ਹ ਰਿਹਾ ਸੀ? ਕਹਿੰਦੇ, ਹੱਥ ਇਸ ਤਰ੍ਹਾਂ ਕਿਉਂ ਕਰ ਰਿਹਾ ਸੀ। ਕਹਿੰਦਾ, ਮੈਂ ਅੱਲਾਹ ਤਾਲਾ ਤੋਂ ਦਾਨ ਮੰਗ ਰਿਹਾ ਸੀ ਕਿ ਐਨਾ ਦੇ ਕਿ ਮੈਂ ਗਰੀਬਾਂ ਨੂੰ ਰੱਜਾ ਦੇਵਾਂ। ਕਹਿੰਦੇ, ਤੁਸੀਂ ਕਿਵੇਂ ਆਏ? ਕਹਿੰਦੇ, ਮੈਂ ਤਾਂ ਲੈਣ ਆਇਆ ਸੀ ਤੇਰੇ ਤੋਂ ਕੁਛ। ਕਹਿੰਦਾ, ਦੱਸੋ ਕੀ ਲੈਣਾ ਹੈ? ਕਹਿੰਦੇ, ਹੁਣ ਨਹੀਂ ਲੈਣਾ। ਮੰਗਤੇ ਤੋਂ ਨਹੀਂ ਮੈਂ ਲੈਣਾ। ਜਿਸ ਤੋਂ ਤੂੰ ਮੰਗਦਾ ਹੈਂ ਮੈਂ ਉਸ ਤੋਂ ਹੀ ਮੰਗਾਂਗਾ ਹੁਣ। ਪਹਿਲਾਂ ਤੂੰ ਮੰਗਦਾ ਹੈਂ ਫੇਰ ਸਾਨੂੰ ਦਿੰਦਾ ਹੈਂ। ਅਸੀਂ ਨਹੀਂ, ਸਿੱਧਾ ਮੰਗ ਲਵਾਂਗੇ।

ਸੋ ਭਾਵਨੀ ਦੀ ਬਾਤ ਹੈ, ਪਿਆਰ ਦੀ ਬਾਤ ਹੈ। ਪਿਆਰ ਦੇ ਨਾਲ ਜੇ ਮਹਾਰਾਜ ਕਹਿੰਦੇ ਇਕ ਕਉਡੀ ਵੀ ਰੱਖ ਦੇਵੇ, ਉਹਨੂੰ ਵੀ ਖਜ਼ਾਨੇ ਬਖਸ਼ ਦਿੰਦਾ ਹੈ ਵਾਹਿਗੁਰੂ। ਸੋ ਥੋੜ੍ਹੇ ਦਾਨ ਦਾ, ਬਹੁਤੇ ਦਾਨ ਦਾ ਮਹਾਂਪੁਰਸ਼ਾਂ ਨੂੰ ਕੋਈ ਫਰਕ ਨਹੀਂ ਹੋਇਆ ਕਰਦਾ। ਵੱਡੀਆਂ-ਵੱਡੀਆਂ ਬਾਦਸ਼ਾਹੀਆਂ ਠੁਕਰਾ ਦਿੰਦੇ ਨੇ।

ਇਕ ਸੰਤ ਸੀ। ਜਿਹੜਾ ਬਿਰਲਾ ਸੇਠ ਹੈ ਇਹ ਪਹਿਲਾਂ-ਪਹਿਲਾਂ ਕਾਮਯਾਬ ਹੋਇਆ। ਇਹਨੇ ਸੋਚਿਆ ਕਿ ਇੱਕ ਲੱਖ ਰੁਪਏ ਦਾ ਹਸਪਤਾਲ ਬਣਾਊਂਗਾ, ਸੰਤਾਂ ਨੂੰ ਭੇਟਾ ਕਰਾਂਗਾ। ਉਹ ਸੰਤਾਂ ਦੇ ਕੋਲ ਪੈਸੇ ਲੈ ਕੇ ਚਲੇ ਗਏ। ਸੰਤਾਂ ਨੂੰ ਲਗ ਗਿਆ ਪਤਾ, ਕਪੂਰਥਲੇ 'ਚ ਰਹਿੰਦੇ ਹੁੰਦੇ ਸੀ, ਵੇਈਂ ਕੋਲ। ਉਹ ਤੈਰ ਕੇ ਵੇਈਂ ਪਾਰ ਕਰ ਗਏ। ਉਥੇ ਪਤਾ ਲੱਗਿਆ ਕਿ ਸੰਤ ਤਾਂ ਪਰਲੇ ਪਾਸੇ ਚਲੇ ਗਏ। ਉਹ ਜਿਹੜੇ ਮੈਨੇਜਰ ਵਗੈਰਾ ਭੇਜੇ ਸੀ ਉਹ ਵਿਚਾਰੇ ਓਦਣ ਰਾਤ ਉਥੇ ਕੱਟੀ, ਦੂਜੇ ਦਿਨ ਪੁਲ ਵਲ ਦੀ ਹੁੰਦੇ ਹੋਏ, ਸਵਾਰੀ ਵਗੈਰਾ ਉਦੋਂ ਨਹੀਂ ਸੀ ਐਨੀ ਹੁੰਦੀ। ਸ਼ਾਮ ਤਕ ਉਥੇ ਪਹੁੰਚੇ। ਸੰਤਾਂ ਨੇ ਉਧਰੋਂ ਹੀ ਕੱਪੜੇ ਲਾਹੇ, ਵੇਈਂ ਪਾਰ ਕਰਕੇ ਏਧਰ ਆ ਗਏ।

ਪੰਦਰਾਂ ਦਿਨ ਘੁੰਮਾਈ ਗਏ। ਪੰਦਰਵੇਂ ਇਨ ਜਾ ਕੇ ਇਹ ਹਾਜ਼ਰ ਹੋ ਗਏ। ਕਹਿੰਦੇ, ਮਹਾਰਾਜ ਨਮਸ਼ਕਾਰ। ਸੰਤਾਂ ਕੋਲ ਜੇ ਅਭਿਮਾਨ ਵਾਲਾ ਬੰਦਾ ਆ ਜਾਏ, ਸੰਤਾਂ ਨੂੰ ਪਤਾ ਲਗ ਜਾਂਦਾ ਹੈ ਉਦੋਂ ਹੀ ਕਿ ਇਹ ਅਭਿਮਾਨੀ ਪੁਰਸ਼ ਹੈ, ਇਹਦੇ ਅੰਦਰ ਮਾਇਆ ਦਾ ਗੁਮਾਨ ਹੈ, ਵਿਦਿਆ ਦਾ ਗੁਮਾਨ ਹੈ। ਉਹ ਉਦਾਸ ਹੋ ਜਾਂਦੇ ਨੇ, ਉਹ ਚੁੱਪ ਕਰ ਜਾਂਦੇ ਨੇ ਕਿ ਇਹਦੇ ਨਾਲ ਕੀ ਗੱਲ ਕਰਨੀ ਹੈ, ਇਹ ਤਾਂ ਬਾਂਸ ਆ ਗਿਆ ਸਾਡੇ ਕੋਲ।

ਇਹਦੇ 'ਤੇ ਅਸਰ ਨਹੀਂ ਕੋਈ ਕਿਸੇ ਗੱਲ ਦਾ ਹੋਣਾ-

***ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥***
***ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥***

***ਅੰਗ - 1365***

ਇਹਨੇ ਲੈਣਾ ਦੇਣਾ ਕੀ ਹੈ, ਆ ਕੇ ਖਾਹਮ-ਖਾਹ ਸਮਾਂ ਬਰਬਾਦ ਕਰੇਗਾ। ਉਨ੍ਹਾਂ ਨੂੰ ਰੱਬ ਤੋਂ ਬਗੈਰ ਕਿਸੇ ਦੀ ਪਰਵਾਹ ਨਹੀਂ ਹੁੰਦੀ। ਸਾਰੇ ਛੱਡੇ ਹੁੰਦੇ ਨੇ, ਕੋਈ ਨਹੀਂ ਹੁੰਦਾ ਉਨ੍ਹਾਂ ਲਈ ਬੇਗਾਨਾ, ਸਭ ਆਪਣੇ ਹੀ ਹੁੰਦੇ ਨੇ। ਪਰਿਵਾਰਕ ਕੰਧ ਢਾਹ ਦਿੰਦੇ ਨੇ ਸੰਤ, ਕੋਈ ਨਹੀਂ ਰੱਖਦੇ ਆਪਣੇ ਅਤੇ ਗੈਰ ਵਿਚ ਫਰਕ। ਜਿਹੜਾ ਪਿਆਰ ਕਰਦਾ ਹੈ ਉਹ ਆਪਣਾ, ਜਿਹੜਾ ਅਭਿਮਾਨ ਕਰਦਾ ਹੈ ਉਹ ਆਪਣੀ ਮੌਜ ਕਰੇ।

ਸੋ ਬੜਾ ਅਭਿਮਾਨ ਸੀ ਇਨ੍ਹਾਂ ਦੇ ਮਨ 'ਚ। ਜਦੋਂ ਪੰਦਰਾਂ ਦਿਨ ਨਾ ਮਿਲੇ ਤਾਂ ਕੁਛ ਨਰਮਾਈ ਖਾਧੀ ਇਨ੍ਹਾਂ ਨੇ ਮਨ 'ਚ ਕਿ ਸੰਤ ਤਾਂ ਪਰਵਾਹ ਹੀ ਨਹੀਂ ਕਰਦੇ ਸਾਡੇ ਰੁਪਈਏ ਦੀ। ਸੰਤਾਂ ਨੇ ਕਿਹਾ ਕਿ ਆਓ ਭਾਈ ਬੈਠੋ, ਜਲ ਪਾਣੀ ਸੇਵਾ ਦੱਸੋ। ਪਹਿਲਾਂ ਪ੍ਰਸ਼ਾਦ ਪਾਣੀ ਛਕੋ, ਦੂਰੋਂ ਆਏ ਓਂ। ਅਸੀਂ ਬੈਠੇ ਹਾਂ, ਤੁਹਾਡੇ ਨਾਲ ਗੱਲ ਕਰਕੇ ਜਾਵਾਂਗੇ। ਜਦੋਂ ਵਿਹਲੇ ਹੋ ਕੇ ਆ ਗਏ ਕਹਿੰਦੇ ਦੱਸੋ ਕੀ ਗੱਲ ਹੈ। ਕਹਿੰਦੇ, ਮਹਾਰਾਜ! ਬਿਰਲਾ ਸੇਠ ਨੇ ਇੱਕ ਲੱਖ ਰੁਪਿਆ ਭੇਜਿਆ ਹੈ। ਕਹਿੰਦੇ, ਅਸੀਂ ਕੀ ਕਰਨਾ ਹੈ, ਸਾਡੇ ਨਾ ਕੋਈ ਧੀ ਨਾ ਪੁੱਤ। ਨਾ ਕੋਈ ਅਸੀਂ ਕੋਈ ਘਰ ਬਣਾਉਂਦੇ ਹਾਂ, ਸਾਡੇ ਤਾਂ ਇਕ ਲੰਗੋਟੀ ਪਾਈ ਹੁੰਦੀ ਹੈ, ਇਕ ਅਸੀਂ ਉਪਰ ਦੀ ਲੂੰਗੀ ਪਾ ਲੈਂਦੇ ਹਾਂ, ਸਾਡੇ ਤੋਂ ਮੁਕਦੀ ਹੀ ਨਹੀਂ ਹੈ ਛੇ ਮਹੀਨੇ। ਨਾਹੁਣ ਵੇਲੇ ਇਹਨੂੰ ਧੋ ਲੈਂਦੇ ਹਾਂ, ਗਰਮੀ ਨਿਕਲ ਜਾਂਦੀ ਹੈ। ਹੋਰ ਸਾਡੇ ਕੋਲ ਹੈ ਕੁਛ ਨਹੀਂ। ਆਹ ਲੱਖ ਰੁਪਿਆ ਮੈਂ ਕਾਹਦੇ 'ਚ ਪਾਵਾਂਗਾ, ਜੇਬ ਵੀ ਨਹੀਂ ਲੱਗੀ ਹੈ, ਚਾਂਦੀ ਦਾ ਰੁਪਿਆ ਹੈ। 3300 ਰੁਪਏ ਦਾ ਇਕ ਮਣ ਬਣ ਜਾਂਦਾ ਸੀ। ਲੱਖ ਰੁਪਏ ਦੇ ਤਿੰਨ ਮਣ ਬਣ ਗਏ। ਅਸੀਂ ਤਿੰਨ ਮਣ ਰੁਪਏ ਕਿੱਥੇ ਚੁੱਕੀਂ ਫਿਰਾਂਗੇ। ਸਾਡਾ ਗਲ ਕੱਟ ਦੇਣਗੇ ਚੇਲੇ। ਅਸੀਂ ਨਹੀਂ ਲੈਣੇ ਭਾਈ। ਕਾਹਦੇ ਵਾਸਤੇ ਭੇਜੇ ਨੇ? ਕਹਿੰਦੇ ਹਸਪਤਾਲ ਜਾਂ ਸਕੂਲ ਬਣਾ ਦਿਓ। ਕਹਿੰਦੇ, ਸਾਨੂੰ ਤਾਂ ਇਹੀ ਨਹੀਂ ਪਤਾ

ਕਿ ਬਿਲਡਿੰਗ ਕਿਵੇਂ ਬਣਾਈਦੀ ਹੈ। ਕਹਿੰਦੇ, ਮਹਾਰਾਜ ਨਕਸ਼ਾ ਅਸੀਂ ਬਣਾ ਦੇਵਾਂਗੇ। ਕਹਿੰਦੇ, ਫੇਰ ਸੀਮਿੰਟ, ਲੋਹਾ ਕਿਥੋਂ ਆਏਗਾ? ਚੂਨਾ ਕਿੱਥੋਂ ਆਏਗਾ? ਕਹਿੰਦੇ, ਉਹ ਵੀ ਅਸੀਂ ਬੰਦੋਬਸਤ ਕਰ ਦੇਵਾਂਗੇ। ਕਹਿੰਦੇ, ਲੱਕੜੀਆਂ, ਦਰਵਾਜ਼ੇ ਹੋਰ ਬਹੁਤ ਕੁਛ ਆਉਂਦਾ ਹੈ, ਉਹ? ਕਹਿੰਦੇ, ਸਭ ਮਦਦ ਅਸੀਂ ਕਰ ਦੇਵਾਂਗੇ। ਕਹਿੰਦੇ, ਡਾਕਟਰ ਵਗੈਰਾ ਕੌਣ ਰੱਖੇਗਾ ਇਥੇ? ਕਹਿੰਦੇ, ਉਹ ਵੀ ਅਸੀਂ ਬੰਦੋਬਸਤ ਕਰ ਦੇਵਾਂਗੇ। ਕਹਿੰਦੇ, ਫੇਰ ਤਾਂ ਕੰਮ ਬਣ ਗਿਆ, ਤੁਸੀਂ ਪੈਸੇ ਆਪਣੇ ਕੋਲ ਰੱਖੋ, ਇਥੇ ਥਾਉਂ ਦੇਖ ਕੇ ਬਣਾ ਦਿਓ। ਅਸੀਂ ਕੀ ਕਰਨੇ ਨੇ ਪੈਸੇ। ਸੋ ਬੇ-ਪਰਵਾਹ ਹੁੰਦੇ ਨੇ। ਜੇ ਲੈਂਦੇ ਨੇ ਤਾਂ ਸੰਸਾਰ ਦਾ ਭਲਾ ਕਰਨ ਵਾਸਤੇ ਲੈਂਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਛੇਵੇਂ ਪਾਤਸ਼ਾਹ ਦੇ ਪਾਸ ਇਕ ਟਕਾ ਲੈ ਕੇ ਹਾਜ਼ਰ ਹੋ ਗਿਆ। ਜਹਾਂਗੀਰ ਸੋਚਦਾ ਹੈ ਕਿ ਅੱਜ ਮੈਨੂੰ ਗੁੱਸਾ ਨਹੀਂ ਆਇਆ, ਮੇਰੇ ਨਜ਼ਰਾਨੇ 'ਚ ਇੱਕ ਲੱਖ ਤੋਂ ਘੱਟ ਮਿਲੇ, ਮੈਂ ਚੁੱਕ ਕੇ ਮਾਰਦਾ ਹਾਂ ਪੈਰ ਨਾਲ ਥਾਲ ਉਹਦਾ। ਲੱਖ ਤੋਂ ਘੱਟ ਮੇਰੀ ਪੁਜੀਸ਼ਨ ਹੈ ਕੋਈ। ਜਿੱਡੀ ਮੇਰੀ ਪੁਜੀਸ਼ਨ ਹੈ ਓਡੀ ਗੱਲ ਕਰ। ਸੋ ਇਹ ਟਕਾ ਰੱਖਿਆ ਇਹਨੇ, ਹੁਣ ਗੁਰੂ ਐਡਾ ਹੈ, ਦੀਨ ਦੁਨੀਆਂ ਦਾ ਮਾਲਕ ਹੈ। ਟਕਾ ਕਿਵੇਂ ਗੁਰੂ ਪ੍ਰਵਾਨ ਕਰ ਲਏਗਾ। ਟਕਾ ਖੋਲ੍ਹ ਕੇ ਰੱਖਿਆ ਉਸਨੇ, ਭੱਰਾ ਰੱਖਿਆ, ਮਹਾਰਾਜ ਤੋਂ ਸਹਿ ਨਾ ਹੋਇਆ ਉਹਦਾ ਪਿਆਰ, ਅੱਗੇ ਵਧੇ ਪਿਆਰ ਕਰਨ ਲਈ। ਬੁੱਕਲ 'ਚ ਲੈ ਲਿਆ। ਰੋ ਰਿਹਾ ਹੈ ਘਾਹੀ, ਪਾਤਸ਼ਾਹ! ਮੇਰੇ ਤੋਂ ਬੜੀ ਭੁੱਲ ਹੋ ਗਈ, ਮੈਂ ਦੁਨੀਆਂਦਾਰ ਦੇ ਅੱਗੇ ਸੀਸ ਨਿਵਾ ਦਿਤਾ। ਇਹ ਸੁਣ ਲਈ ਉਹਨੇ ਗੱਲ। ਕਿ ਇਹ ਤਾਂ ਇਹੋ ਜਿਹੇ ਨੇ ਕਿ ਬਾਦਸ਼ਾਹ ਨੂੰ ਵੀ ਟਿੱਚ ਸਮਝਦੇ ਨੇ।

ਮਹਾਰਾਜ ਕਹਿੰਦੇ, ਗੁਰਸਿੱਖਾ! ਕੀ ਦਿਵਾਈਏ ਤੈਨੂੰ ਗੁਰੂ ਨਾਨਕ ਦੇ ਘਰੋਂ? ਜੋ ਦੱਸੇਂਗਾ ਉਹ ਪ੍ਰਵਾਨ ਹੋ ਜਾਏਗਾ,। ਉਹ ਇਸ ਤਰ੍ਹਾਂ ਬੇਨਤੀ ਕਰਦਾ ਹੈ -

***ਧਾਰਨਾ - ਜੀ ਮੈਂ ਬਹੁੜ ਜਨਮ ਨਾ ਆਵਾਂ,***
***ਇਹੋ ਮੇਰੀ ਬੇਨਤੀ ਗੁਰਾ।***

ਪਾਤਸ਼ਾਹ! ਤੂੰ ਦੀਨ ਦੁਨੀਆਂ ਦਾ ਮਾਲਕ, ਹਲਤ-ਪਲਤ ਸੰਵਾਰਨ ਵਾਲਾ, ਪਾਤਸ਼ਾਹ ਜੇ ਤੂੰ ਦਿਆਲੂ ਹੋਇਆਂ ਹੈਂ ਤਾਂ ਮੇਰਾ ਜਨਮ ਮਰਨ ਕੱਟ ਦੇ, ਮੈਂ ਤੇਰੀ ਦਰਗਾਹ ਵਿਚ ਚਲਿਆ ਜਾਵਾਂ। ਸੁਣ ਲਿਆ ਉਸ ਨੇ। ਮਹਾਰਾਜ ਕਹਿੰਦੇ, ਗੁਰਸਿੱਖਾ, ਨਿਹਾਲ! ਨਿਹਾਲ! ਨਿਹਾਲ। ਜਹਾਂਗੀਰ ਦੇਖਦਾ ਹੈ ਕਿ ਪਸੀਨੇ ਨਾਲ ਕੱਪੜੇ ਲੱਥਪੱਥ ਹੋਏ-ਹੋਏ ਨੇ। ਧੂੜ ਮੂੰਹ ਦੇ ਉਤੇ ਲੱਗੀ ਪਈ ਹੈ, ਕੱਪੜਿਆਂ ਦੇ ਉਤੇ ਵੀ ਜੰਮੀ ਪਈ ਹੈ, ਹੱਥਾਂ ਤੇ ਜੰਮੀ ਪਈ ਹੈ। ਇਹ ਸੱਚਾ ਪਾਤਸ਼ਾਹ ਹੀ ਹੋਇਆ। ਮੈਂ ਤਾਂ ਇਸ਼ਾਰੇ ਨਾਲ ਗੱਲ ਕਰਦਾ ਸੀ। ਜੋ ਇਹ ਮੰਗਦਾ ਹੈ ਉਹ ਤਾਂ ਮੇਰੇ ਕੋਲ ਹੈ

ਨਹੀਂ। ਦੁਨੀਆਂ ਤਾਂ ਮੇਰੇ ਕੋਲ ਹੈ। ਦਰਗਾਹ ਵਿਚ ਤਾਂ ਮੈਨੂੰ ਵੀ ਫਿਕਰ ਪਿਆ ਹੋਇਆ ਕਿ ਮੇਰਾ ਕੀ ਹਾਲ ਹੋਏਗਾ। ਨਰਮਾਈ 'ਚ ਆ ਗਿਆ, ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਤੇ ਨਮਸ਼ਕਾਰ ਕਰ ਦਿਤੀ। ਮਹਾਰਾਜ ਕਹਿੰਦੇ, ਬਾਦਸ਼ਾਹ! ਸਮਝ 'ਚ ਆ ਗਿਆ ਤੇਰੇ -

***ਜਿਸ ਨੋ ਬਖਸੇ ਸਿਫਤਿ ਸਾਲਾਹ ॥***
***ਨਾਨਕ ਪਾਤਿਸਾਹੀ ਪਾਤਿਸਾਹੁ ॥*** ***ਅੰਗ - 5***

***ਨਾਨਕ ਹੋਰਿ ਪਤਿਸਾਹੀਆ ਕੂੜੀਆ ਨਾਮਿ ਰਤੇ ਪਾਤਿਸਾਹ ॥***
***ਅੰਗ - 1413***

ਬੰਦਗੀ ਵਾਲਾ ਚਾਹੇ ਕਿੰਨਾ ਹੀ ਗਰੀਬ ਹੈ, ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ, ਕੱਪੜੇ ਪਾਟੇ ਹੋਏ ਨੇ, ਲੋਕ ਪੁਛਦੇ ਨਹੀਂ, ਹੰਕਾਰੀ ਬੰਦਿਆਂ ਦੇ ਵਿਚ ਰਹਿੰਦਾ ਹੈ, ਕੋਈ ਉਨ੍ਹਾਂ ਨਾਲ ਮਿੱਤਰਤਾ ਨਹੀਂ ਪਾਉਂਦਾ। ਕੋਈ ਰਿਸ਼ਤੇਦਾਰ ਉਹਨੂੰ ਆਪਣਾ ਨਹੀਂ ਸਮਝਦਾ। ਕੋਈ ਵਿਰਲਾ ਹੈ ਜਿਹੜਾ ਗਰੀਬ ਨੂੰ ਪਿਆਰ ਕਰਦਾ ਹੈ।

ਸੰਤ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਚੰਡੀਗੜ੍ਹ ਮੇਰੇ ਪਾਸ ਆਏ ਹੋਏ ਸੀ, ਉਥੇ ਆ ਕੇ 27 ਦਿਨ ਰਹੇ। ਬਹੁਤ ਗਰਮੀ ਸੀ, ਮਈ ਦਾ ਮਹੀਨਾ ਸੀ। ਉਸ ਦਿਨ ਐਨੀ ਗਰਮੀ ਕਿ ਜਿਵੇਂ ਖਾਸ ਹੀ ਹੁੰਦੀ ਹੈ। ਚਰਨ ਪੁਆਉਣੇ ਸੀਗੇ। ਚਰਨ ਪੁਆਉਣ ਦਾ ਹਿਸਾਬ-ਕਿਤਾਬ ਮੇਰੇ ਕੋਲ ਹੁੰਦਾ, ਟਾਈਮ ਵੀ ਸੈੱਟ ਕਰਕੇ ਰੱਖਿਆ ਕਰਦਾ ਸੀ। ਉਸ ਤੋਂ ਬਾਅਦ ਇਕ ਮਿੰਟ ਨਹੀਂ ਸੀ ਬੈਠਣ ਦਿੰਦਾ ਮਹਾਰਾਜ ਜੀ ਨੂੰ। ਕਿਉਂਕਿ ਮੇਰਾ ਲਿਖਿਆ ਪਿਆ ਹੁੰਦਾ ਸੀ, ਅੱਠ ਮਿੰਟ, ਪੰਜ ਮਿੰਟ, ਸੱਤ ਮਿੰਟ।

ਉਸ ਦਿਨ ਮੈਂ ਚੰਡੀਗੜ੍ਹ ਦੇ ਅਮੀਰਾਂ ਦੇ, ਜਿਨ੍ਹਾਂ ਦੀਆਂ ਏਅਰ-ਕੰਡੀਸ਼ਨ ਕੋਠੀਆਂ ਸੀ ਓਧਰਲਾ ਪ੍ਰੋਗਰਾਮ ਰੱਖ ਲਿਆ ਕਿ ਗਰਮੀ ਬਹੁਤੀ ਹੈ ਤੇ ਮਹਾਂਪੁਰਸ਼ਾਂ ਨੇ ਦੀਵਾਨ ਲਾਉਣਾ ਹੈ, ਥੱਕ ਨਾ ਜਾਣ। ਅਸੀਂ ਲੋਕ ਤਾਂ ਉਨ੍ਹਾਂ ਦਾ ਸਮਾਂ ਖਰਾਬ ਕਰਦੇ ਰਹਿੰਦੇ ਹਾਂ, ਏਧਰਲੀਆਂ-ਓਧਰਲੀਆਂ ਗੱਲਾਂ ਕਰਕੇ, ਕੋਈ ਰੱਬ ਦੀ ਗੱਲ ਤਾਂ ਪੁੱਛਦਾ ਨਹੀਂ। ਦੀਵਾਨ 'ਚ ਆਉਂਦਿਆਂ ਤਕ ਗਰਮੀ-ਗਰਮੀ ਹੋ ਜਾਣਾ ਹੈ ਮਹਾਂਪੁਰਸ਼ਾਂ ਨੇ, ਇਹ ਮੇਰਾ ਹਿਤ ਸੀ ਮਹਾਂਪੁਰਸ਼ਾਂ ਲਈ।

ਇਕ ਬੰਦਾ ਸੀ, ਉਹ ਮੈਨੂੰ ਸਮਾਂ-ਸਮਾਂ ਕਰੀ ਗਿਆ, ਨਾ ਮੈਂ ਉਹਦਾ ਧਿਆਨ ਨਾਲ ਐਡਰੇਸ ਨੋਟ ਕਰਿਆ ਤੇ ਨਾ ਉਹਨੂੰ ਬਹੁਤਾ ਪੁੱਛਿਆ। ਜਦੋਂ ਮਹਾਰਾਜ ਜੀ ਦੀਵਾਨ 'ਤੇ 19 ਸੈਕਟਰ ਨੂੰ ਜਾਣ ਲੱਗੇ, 19-20 ਦਾ ਜਿਹੜਾ ਚੌਂਕ ਸੀ, ਉਥੇ ਪਹੁੰਚ ਗਏ, ਮੈਨੂੰ ਕਹਿਣ ਲੱਗੇ ਕਿ ਹੋਰ ਕੋਈ ਰਹਿ ਤਾਂ ਨਹੀਂ ਗਿਆ। ਮੈਂ ਡਰ ਗਿਆ ਕਿ ਅੰਤਰਜਾਮੀ ਨੇ, ਅੱਜ ਤੱਕ

ਤਾਂ ਕਦੇ ਪੁੱਛਿਆ ਨਹੀਂ ਕਿ ਕੋਈ ਰਹਿ ਗਿਆ ਜਾਂ ਨਹੀਂ। ਅੱਜ ਰਹਿ ਗਿਆ, ਅੱਜ ਪੁੱਛ ਲਿਆ। ਜੇ ਮੈਂ ਕਿਹਾ ਕਿ ਕੋਈ ਨਹੀਂ ਰਿਹਾ ਤਾਂ ਮੇਰਾ ਕੀਤਾ ਕਤਰਿਆ ਸਭ ਜਾਂਦਾ ਰਿਹਾ, ਸੰਤ ਕੋਲ ਕਦੇ ਝੂਠ ਨਾ ਬੋਲੋ, ਕਦੇ ਵੀ। ਸਾਫ-ਸਾਫ ਕਹਿ ਦਿਓ ਕਿ ਇਹ ਭੁੱਲ ਮੇਰੇ ਤੋਂ ਹੋਈ ਮਾਰੋ ਕੁੱਟੋ, ਬਖਸ਼ ਲਓ, ਜਿਹੜੀ ਸਜ਼ਾ ਮੈਨੂੰ ਦੇਣੀ ਹੈ ਦੇ ਲਓ।

ਮੈਂ ਕਿਹਾ, ਮਨਾਂ ਝੂਠ ਮੈਂ ਕਿਵੇਂ ਬੋਲਾਂ, ਇਹ ਤਾਂ ਬੜਾ ਮੁਸ਼ਕਲ ਹੈ, ਉਹ ਵੀ ਮਹਾਂਪੁਰਸ਼ਾਂ ਦੇ ਸਾਮ੍ਹਣੇ। ਚੁੱਪ ਕਰ ਗਿਆ, ਮੈਂ ਨਾ ਹਾਂ ਕਰੀ ਨਾ ਹੀ ਨਾਂਹ ਕਰੀ। ਮਹਾਰਾਜ ਜੀ ਕਹਿੰਦੇ, ਕੋਈ ਰਹਿ ਤਾਂ ਨਹੀਂ ਗਿਆ ਅਸੀਂ ਪੁੱਛਦੇ ਹਾਂ। ਕਹਿੰਦੇ, ਕੋਈ ਗਰੀਬ ਰਿਹਾ ਹੋਣਾ ਜ਼ਰੂਰ। ਦੱਸ ਕੌਣ ਹੈ? ਮੈਂ ਕਿਹਾ, ਮਹਾਰਾਜ ਜੀ! ਇੱਕ ਮਾਲੀ ਹੈ, ਛੱਜੂ ਹੈ ਉਸ ਦਾ ਨਾਉਂ। ਮੈਂ ਕਿਹਾ, ਮਹਾਰਾਜ ਜੀ! ਸਮਾਂ ਹੋ ਗਿਆ ਹੁਣ ਤਾਂ ਦੀਵਾਨ ਦਾ। ਕਹਿੰਦੇ, ਛੱਡ ਪਰ੍ਹੇ ਦੀਵਾਨ ਨੂੰ, ਅਸੀਂ ਨਹੀਂ ਜਾਣਾ ਦੀਵਾਨ 'ਚ, ਉਹਦਾ ਘਰ ਟੋਲ੍ਹ ਕਿੱਥੇ ਹੈ? ਮਹਾਰਾਜ ਜੀ ਜਦੋਂ 19 ਸੈਕਟਰ ਦੇ ਮੋੜ 'ਤੇ ਆਏ, 20 ਸੈਕਟਰ ਦੀ ਵਿਚਕਾਰਲੀ ਸੜਕ 'ਤੇ, ਉਥੇ ਉਹ ਕਰੀਮ ਕਲਰ ਦਾ ਨਵਾਂ ਸਾਫਾ ਬੰਨ੍ਹੀਂ ਖੜ੍ਹਾ। ਜਦੋਂ ਮੈਨੂੰ ਮਿਲਿਆ ਸੀ ਹਰਾ ਜਿਹਾ ਕੱਪੜਾ ਜਿਹਾ ਵਲੇਟਿਆ ਹੋਇਆ ਸੀ। ਮੇਰੀ ਤਾਂ ਪਛਾਣ ਨਹੀਂ ਆਇਆ। ਮਹਾਰਾਜ ਜੀ ਕਹਿੰਦੇ, ਔਹ ਜਿਹੜਾ ਨਵਾਂ ਜਿਹਾ ਸਾਫਾ ਬੰਨ੍ਹੀਂ ਖੜ੍ਹਾ ਹੈ ਉਹ ਤਾਂ ਨਹੀਂ ਕਿਤੇ। ਮੈਂ ਕਿਹਾ, ਮਹਾਰਾਜ ਇਹੀ ਹੈ। ਕਹਿੰਦੇ, ਲਾ ਗੱਡੀ ਪਿੱਛੇ। ਉਹ ਸਾਈਕਲ 'ਤੇ ਮੂਹਰੇ-ਮੂਹਰੇ ਅਸੀਂ ਪਿੱਛੇ। ਘਰ ਚਲੇ ਗਏ। ਬਾਹਰ ਉਹਨੇ ਦਰੀਆਂ ਵਿਛਾਈਆਂ ਹੋਈਆਂ ਬਹੁਤ ਸੋਹਣੀਆ, ਫੋਟੋਗ੍ਰਾਫਰ ਬੁਲਾਇਆ ਹੋਇਆ, ਉਸ ਸਮੇਂ ਫਿਲਮ ਨਹੀਂ ਸੀ ਹੁੰਦੀ ਨਹੀਂ ਤਾਂ ਫਿਲਮ ਵਾਲਾ ਵੀ ਬੁਲਾ ਲੈਂਦਾ। ਮਾਲੀ ਸੀ, ਉਹਨੇ ਇਕ ਐਸਾ ਤਖਤ ਬਣਾਇਆ ਹੋਇਆ ਐਸੇ ਭਾਂਤ-ਭਾਂਤ ਦੇ ਫੁੱਲਾਂ ਨਾਲ ਗੁੰਦ ਕੇ, ਛੱਪਰੀ ਵਰਗਾ ਗੋਲ ਬਣਾਇਆ ਹੋਇਆ, ਜਿਵੇਂ ਪਾਲਕੀ ਹੁੰਦੀ ਹੈ। ਬਹੁਤ ਹੀ ਸੋਹਣਾ ਉਹਦੇ ਵਿਚ ਫੁੱਲਾਂ ਨਾਲ ਸਜਾ ਕੇ ਤਖਤ ਬਣਾਇਆ ਹੋਇਆ। ਮਹਾਰਾਜ ਜੀ ਦੇਖਦੇ ਸਾਰ ਹੀ ਪ੍ਰਸੰਨ ਹੋ ਗਏ, ਕਹਿੰਦਾ, ਮਹਾਰਾਜ! ਇਥੇ ਬਹਿ ਜਾਓ। ਕਹਿੰਦੇ ਵਾਹ-ਵਾਹ ਛੱਜੂ, ਤੂੰ ਤਾਂ ਕਮਾਲ ਕਰ ਦਿਤੀ। ਖੜ੍ਹੇ-ਖੜ੍ਹੇ ਪੁੱਛਦੇ ਨੇ ਕਿ ਛੱਜੂ! ਕਿੰਨੇ ਕਿਸਮ ਦੇ ਗੁਲਾਬ ਨੇ। ਕਹਿੰਦਾ, 35 ਕਿਸਮ ਦਾ ਗੁਲਾਬ ਉਗਾਇਆ ਹੋਇਆ ਹੈ ਮੇਰਾ ਤੇ ਹਰੇਕ ਦਾ ਇੱਕ-ਇੱਕ ਫੁੱਲ ਆਪ ਦੇ ਚਰਨਾਂ 'ਚ ਭੇਟਾ ਕਰ ਰਿਹਾ ਹਾਂ। ਉਸ ਤੋਂ ਬਾਅਦ ਮਹਾਰਾਜ ਜੀ ਬੈਠ ਗਏ। ਗਰਮੀ ਬਹੁਤੀ ਸੀ, ਉਧਰਲੇ ਪਾਸੇ ਇਹਨੇ ਕੋਕਾ ਕੋਲਾ ਸਾਰੀ ਸੰਗਤ ਨੂੰ ਪਿਲਾਉਣੇ ਸ਼ੁਰੂ ਕਰ ਦਿਤੇ। ਜਿਹੜੇ ਅਮੀਰਾਂ ਦੇ ਮੈਂ ਗਿਆ ਸੀ, ਉਹ ਅੰਦਰਲਿਆਂ ਚਾਰ-ਪੰਜ ਨੂੰ ਪਿਲਾ ਕੇ, ਬਾਹਰ ਨਹੀਂ ਸੀ ਦੇਖਦੇ ਕਿ ਕੋਈ ਹੈਗਾ, ਨਾ ਡਰਾਈਵਰ ਤਕ ਪਹੁੰਚਦੇ ਸੀ,

ਕਿਉਂਕਿ ਅਮੀਰ ਸੀ ਬਹੁਤੇ।

ਇਹਦੇ ਦਿਲ 'ਚ ਸੀਗਾ ਪਿਆਰ, ਪਿਆਰ ਹੋਣ ਕਰਕੇ ਇਹ ਅੰਦਰ ਸੀ ਕਿ ਮੈਂ ਸਾਰਾ ਘਰ ਬਾਰ ਹੀ ਲੁਟਾ ਦੇਵਾਂ ਕਿ ਮੇਰੇ ਮਹਾਤਮਾ ਆ ਗਏ। ਸੋ ਮੇਰਾ ਹੀ ਉਹ ਧੰਨਵਾਦ ਕਰੀ ਜਾਵੇ, ਮੈਂ ਕਿਹਾ ਛੱਜੂ ਮੇਰਾ ਧੰਨਵਾਦ ਕਿਉਂ ਕਰਦਾ ਹੈਂ ਮੈਂ ਤਾਂ ਤੇਰੇ ਲਿਆਉਂਦਾ ਹੀ ਨਹੀਂ ਮਹਾਰਾਜ ਜੀ ਨੂੰ। ਕਹਿੰਦਾ, ਤੁਹਾਨੂੰ ਹੀ ਤਾਂ ਮੈਂ ਕਹਿ ਕੇ ਆਇਆ ਸੀ। ਮੈਂ ਕਿਹਾ, ਮਹਾਰਾਜ ਜੀ ਅੱਜ ਏਅਰ-ਕੰਡੀਸ਼ਨ ਕੋਠੀਆਂ 'ਚੋਂ ਆਏ ਨੇ, ਗਰਮੀ ਬਹੁਤੀ ਹੈ। ਕਹਿੰਦਾ, ਮੈਨੂੰ ਕਹਿੰਦੇ ਵੀ ਸੀ ਉਥੇ ਦੇ ਲੋਕ, ਸੰਤ ਐਨੇ ਅਮੀਰ, ਐਨੇ ਵੱਡੇ, ਤੇਰੇ ਘਰ ਕਿਵੇਂ ਆ ਜਾਣਗੇ ਛੱਜੂ? ਨਾ ਤੇਰੇ ਕੋਲ ਮੰਜਾ ਵਿਛਾਉਣ ਵਾਸਤੇ, ਨਾ ਕੋਈ ਪੱਖਾ ਝੱਲਣ ਵਾਸਤੇ, ਨਾ ਤੇਰੇ ਦੂਜਾ ਪੱਖਾ, ਨਾ ਕੋਈ ਟੇਬਲ ਫੈਨ। ਗਰੀਬ ਤੂੰ ਬੰਦਾ ਹੈਂ ਤੇਰੇ ਕੋਲ ਐਡੇ ਵੱਡੇ ਮਹਾਤਮਾ ਆ ਕਿਵੇਂ ਜਾਣਗੇ? ਕਹਿੰਦਾ, ਮੈਂ ਕਿਹਾ ਜੇ ਮੇਰੇ ਕੋਲ ਅੱਜ ਸੰਤ ਨਾ ਆਏ, 19 ਸੈਕਟਰ ਨੂੰ ਚਲੇ ਗਏ ਤਾਂ ਮੈਂ ਫੇਰ ਝੀਲ 'ਚ ਜਾ ਕੇ ਉਥੇ ਛਾਲ ਮਾਰ ਦੇਣੀ ਹੈ। ਮੇਰੇ ਤਾਂ ਪੈਰਾਂ ਥੱਲਿਓਂ ਮਿੱਟੀ ਨਿਕਲ ਗਈ ਕਿ ਸੱਚੇ ਪਾਤਸ਼ਾਹ! ਤੂੰ ਹੀਂ ਮੇਰੀ ਲਾਜ ਰੱਖ ਲਈ ਅੱਜ।

ਸੋ ਮਹਾਤਮਾ ਐਨੇ ਖੁਸ਼ ਹੋ ਰਹੇ ਨੇ ਉਥੇ ਬੈਠੇ, ਗੱਲਾਂ ਕਰਨੀਆਂ ਸ਼ੁਰੂ ਕਰ ਦਿਤੀਆਂ ਫੁੱਲਾਂ ਦੀਆਂ। ਮੈਂ ਕਿਹਾ, ਮਹਾਰਾਜ ਸਮਾਂ ਹੋ ਗਿਆ। ਕਹਿੰਦੇ, ਚਲਦੇ ਹਾਂ ਕੋਈ ਨਹੀਂ। ਅਮੀਰਾਂ ਦੇ ਤੂੰ ਐਨਾ ਸਮਾਂ ਲਵਾ ਦਿੰਦਾ ਹੈਂ, ਇਸ ਵਿਚਾਰੇ ਗਰੀਬ ਨੂੰ ਸਮਾਂ ਨਹੀਂ ਦੇਣਾ।

ਸੋ ਮਹਾਰਾਜ ਕਹਿੰਦੇ ਸੰਤਾਂ ਦਾ ਜਿਹੜਾ ਗਜ਼ ਹੈ, ਉਹ ਗਜ਼ ਹੈ ਪਿਆਰ ਦਾ। ਪ੍ਰਮੇਸ਼ਰ ਦਾ ਨਾਮ ਜਪਣ ਵਾਲਾ ਜਿਹੜਾ ਬੰਦਾ ਹੈ -

***ਪੰਡਿਤ ਸੂਰ ਛਤ੍ਰਪਤਿ ਰਾਜਾ***
***ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ - 858***

ਸੋ ਸਾਰਿਆਂ ਤੋਂ ਜੋ ਵੱਡਾ ਰਾਜਾ ਹੈ ਜਿਹਦਾ ਕਹਿਆ ਹੋਇਆ ਦਰਗਾਹ 'ਚ ਵੀ ਚਲਦਾ ਹੈ। ਇਥੇ ਵੀ ਚਲਦਾ ਹੈ। ਮਹਾਰਾਜ ਕਹਿੰਦੇ, ਉਹ ਰਾਜਾ ਹੁੰਦਾ ਹੈ -

***ਧਾਰਨਾ - ਚਿਤ ਹਰੀ ਦੇ ਨਾਮ ਨਾਲ ਲੱਗਿਆ,***
***ਰਾਜਾ ਸਾਰੀ ਦੁਨੀਆਂ ਦਾ।***
***ਸਚਾ ਅਮਰੁ ਸਾਚੀ ਪਾਤਿਸਾਹੀ ਸਚੇ ਸੇਤੀ ਰਾਤੇ ॥***
***ਅੰਗ- 749***

ਬਾਕੀ ਤਾਂ ਸਭ ਝੂਠੀਆਂ ਬਾਦਸ਼ਾਹੀਆਂ ਨੇ। ਜੇ ਗੁਰੂਆਂ ਦੀ ਪਾਤਸ਼ਾਹ ਨਾ ਚਲਦੀ ਹੋਵੇ ਤਾਂ ਅਸੀਂ ਅਰਦਾਸਾਂ ਕਿਉਂ ਕਰੀਏ। ਉਹ ਅਮਰ ਨੇ, ਉਨ੍ਹਾਂ ਦੀ ਪਾਤਸ਼ਾਹੀ ਵੀ ਸੱਚੀ ਹੈ। ਮਹਾਰਾਜ ਕਹਿੰਦੇ -

***ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥ ਅੰਗ - 707***

ਗੁਰੂ ਮਹਾਰਾਜ ਗੁਰੂ ਪੰਜਵੇਂ ਪਾਤਸ਼ਾਹ ਗੁਰਸਿੱਖਾਂ ਦੇ ਨਾਲ ਇਕ ਨਗਰ ਵਿਚ ਚਲੇ ਗਏ। ਉਥੇ ਰਾਤ ਪੈ ਗਈ, ਉਧਰੋਂ ਕਣੀਆਂ ਆ ਗਈਆਂ, ਮੀਂਹ ਆ ਗਿਆ। ਮਹਾਰਾਜ ਨੂੰ ਸਿੱਖਾਂ ਨੇ ਕਿਹਾ ਕਿ ਸੱਚੇ ਪਾਤਸ਼ਾਹ! ਹੁਕਮ ਹੋਵੇ ਤਾਂ ਪਿੰਡ ਵਿਚੋਂ ਕੋਈ ਤਰਪਾਲ ਜਾਂ ਕੋਈ ਵਸਤਰ ਜਾਂ ਕੋਈ ਝੌਂਪੜੀ, ਮਕਾਨ ਦੇਖੀਏ ਜਿਹਦੇ 'ਚ ਰਾਤ ਕੱਟ ਲਈਏ। ਮਹਾਰਾਜ ਕਹਿੰਦੇ, ਪ੍ਰੇਮੀਓ! ਇਸ ਪਿੰਡ 'ਚ ਕੋਈ ਨਹੀਂ, ਇਥੇ ਪਿਆਰ ਦੀ ਸੁਗੰਧੀ ਨਹੀਂ ਆਉਂਦੀ, ਇਥੇ ਤਾਂ ਨਾਸਤਕਤਾ ਦੀ ਦੁਰਗੰਧੀ ਆ ਰਹੀ ਹੈ, ਨਿਗੁਰੇਪਨ ਦੀ। ਮਹਾਰਾਜ ਨੇ ਕਿਹਾ ਜਾ ਕੇ ਦੇਖ ਲਓ। ਜਦੋਂ ਪਿੰਡ 'ਚ ਗਏ ਉਨ੍ਹਾਂ ਨੇ ਪੁਛਿਆ ਕਿ ਕੌਣ? ਉਨ੍ਹਾਂ ਨੇ ਕਿਹਾ ਕਿ ਅਸੀਂ ਗੁਰੂ ਅਰਜਨ ਪਾਤਸ਼ਾਹ ਦੇ ਸਿੱਖ ਹਾਂ, ਅੰਮ੍ਰਿਤਸਰ ਤੋਂ ਆਏ ਹਾਂ। ਉਹ ਕਹਿੰਦੇ, ਸਿੱਖੋ! ਸਾਡੇ ਕੋਲ ਨਾ ਆਇਓ, ਅਸੀਂ ਤਾਂ ਤੁਹਾਨੂੰ ਕੁਛ ਨਹੀਂ ਦੇਣਾ, ਪਾਣੀ ਵੀ ਨਹੀਂ ਦੇਣਾ। ਉਹ ਕਹਿੰਦੇ, ਦਾਨ ਕਰੀਦਾ ਹੈ, ਗੁਰੂ ਨੂੰ ਪਛਾਣੋ। ਕਹਿੰਦੇ, ਨਾ ਸਾਡਾ ਪੀਰ ਨਰਾਜ਼ ਹੋ ਜਾਏਗਾ। ਵਾਪਸ ਆ ਗਏ, ਬੜਾ ਸਮਝਾਇਆ, ਇਕ ਵੀ ਚੀਜ਼ ਨਾ ਦਿਤੀ ਉਨ੍ਹਾਂ ਨੇ। ਮਹਾਰਾਜ ਜੀ ਕੋਲ ਆ ਗਏ। ਮਹਾਰਾਜ ਜੀ ਨੇ ਕਿ ਕਿਹਾ ਕਿ ਤੁਹਾਨੂੰ ਕਿਹਾ ਸੀ ਨਾ। ਕਹਿੰਦੇ, ਸੱਚੇ ਪਾਤਸ਼ਾਹ! ਹੁਣ ਕਿਵੇਂ ਕਰੀਏ। ਕਹਿੰਦੇ, ਆਪਾਂ ਬਾਦਸ਼ਾਹ ਦੀ ਬਾਦਸ਼ਾਹੀ ਮਹਿਲ 'ਚ ਠਹਿਰਾਂਗੇ। ਸਭ ਨੇ ਕਿਹਾ ਕਿ ਪਤਾ ਨਹੀਂ ਮਹਾਰਾਜ ਸ਼ਕਤੀ ਨਾਲ ਹੀ ਮਹੱਲ ਬਣਾ ਦੇਣਗੇ। ਅੱਗੇ ਚਲੇ ਗਏ। ਰੋਹੀ ਰੰਗ, ਰੜੇ ਮੈਦਾਨ ਦੇ ਵਿਚ ਇਕ ਛੱਪਰ, ਉਹ ਵੀ ਟੁੱਟਿਆ ਹੋਇਆ, ਥਾਂ-ਥਾਂ 'ਤੇ ਉਹਦੇ ਵਿਚ ਚਾਨਣਾ ਹੋਇਆ-ਹੋਇਆ, ਗਲੀਆਂ ਹੋਈਆਂ-ਹੋਈਆਂ, ਮਹਾਰਾਜ ਜੀ ਦਰਵਾਜ਼ੇ ਵਿਚ ਗਏ ਤਾਂ ਗੁਰਸਿੱਖ ਨਾਮ ਦੇ ਵਿਚ ਮਸਤ ਬੈਠਾ ਹੈ। ਉਨ੍ਹਾਂ ਦੇ ਚਰਨਾਂ ਦਾ ਧਿਆਨ ਧਰੀਂ ਬੈਠਾ ਹੈ। ਮਹਾਰਾਜ ਗਏ, ਸੁਰਤੀ ਖਿੱਚ ਲਈ, ਇਕ ਦਮ ਕੀ ਦੇਖਦਾ ਹੈ ਕਿ ਸਤਿਗੁਰੂ! ਮੇਰੇ ਦਰਵਾਜ਼ੇ ਦੇ ਅੱਗੇ ਖੜ੍ਹੇ ਨੇ। ਚਰਨਾਂ 'ਤੇ ਢਹਿ ਪਿਆ, ਰੋਣ ਲਗ ਗਿਆ। ਪਾਤਸ਼ਾਹ! ਐਡੀ ਖੇਚਲ, ਐਡੇ ਵੱਡੇ ਬਾਦਸ਼ਾਹਾਂ ਦੇ ਬਾਦਸ਼ਾਹ ਐਸ ਵੇਲੇ ਇਥੇ ਆ ਪਹੁੰਚੇ। ਕਹਿੰਦੇ, ਭਾਈ ਹੇਮਾ! ਅਸੀਂ ਅੱਜ ਇਥੇ ਰਾਤ ਕੱਟਣੀ ਹੈ ਤੇਰੇ ਪ੍ਰਾਹੁਣੇ ਬਣ ਕੇ। ਪੈਰ ਨਾ ਲੱਗਣ ਧਰਤੀ 'ਤੇ, ਸੁਣਦੇ ਸਾਰ ਲਹਿਰਾਂ ਚਲ ਪਈਆਂ ਕਿ ਹੈਂ! ਦੁਨੀਆਂ ਦਾ ਬਾਦਸ਼ਾਹ ਅੱਜ ਮੇਰੇ ਘਰ। ਟੁੱਟੀ ਹੋਈ ਝੌਂਪੜੀ। ਮਹਾਰਾਜ ਜੀ ਨੇ ਪ੍ਰਵੇਸ਼ ਕੀਤਾ, ਧਰਤੀ ਦੇ ਉਤੇ ਫੂਸ ਵਿਛਾ ਕੇ ਉਥੇ ਹੀ ਆਸਣ ਕਰ ਲਿਆ। ਅੰਮ੍ਰਿਤ ਵੇਲੇ ਜਾਗੇ, ਭਜਨ ਕਰਿਆ, ਸਾਰਿਆਂ ਦਾ ਚਿੱਤ ਬੜਾ ਲੱਗਿਆ। ਜਦੋਂ ਜਾਣ ਲੱਗੇ ਕਹਿੰਦੇ, ਸਾਧਸੰਗਤ ਜੀ! ਅੱਜ ਅਸੀਂ ਇਕ ਬਾਦਸ਼ਾਹ ਦੇ ਘਰ ਆਏ ਸੀ। ਸਾਰੇ ਹੈਰਾਨ ਹੋ ਗਏ। ਕਹਿੰਦੇ, ਬਾਦਸ਼ਾਹ ਦੁਨੀਆਂ ਵਾਲੇ ਨਹੀਂ ਹੋਇਆ ਕਰਦੇ। ਇਹਦੀ ਉਪਰਲੀ ਹਾਲਤ ਤਾਂ ਇਹ ਹੈ ਕਿ - ***'ਬਸਤਾ ਤੂਟੀ ਝੁੰਪੜੀ***

***ਚੀਰ ਸਭਿ ਛਿੰਨਾ ॥*** ' ਭਾਈ ਹੇਮੇ ਦੀ ਹਾਲਤ ਹੈ ਕੱਪੜੇ ਪਾਟੇ ਹੋਏ ਨੇ, ਟੁੱਟੀ ਹੋਈ ਝੌਂਪੜੀ 'ਚ ਰਹਿੰਦਾ ਹੈ -

***ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥***

***ਅੰਗ - 707***

ਪਿੰਡ ਵਾਲੇ ਇਹਨੂੰ ਸਿੱਖ ਜਾਣ ਕੇ ਬੁਲਾਉਂਦੇ ਨਹੀਂ ਹੈਗੇ ਤੇ ਬਾਹਰ ਹੀ ਰਹਿੰਦਾ ਹੈ, ਇਕੱਲਾ ਹੀ ਬੰਦਗੀ ਕਰਦਾ ਹੈ।

***ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥***

***ਅੰਗ - 707***

ਜਿਹੜੇ ਭਾਈ ਭਰਾ ਨੇ ਉਨ੍ਹਾਂ ਨੇ ਵੀ ਜਵਾਬ ਦੇ ਦਿਤਾ ਇਹਨੂੰ।

***ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥***
***ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥***

***ਅੰਗ - 707***

ਜੇ ਇਹਦੀ ਧੂੜ ਵੀ ਮੱਥੇ ਨੂੰ ਲਗ ਜਾਏ, ਸਾਰੀਆਂ ਬਿਮਾਰੀਆਂ ਦੂਰ ਕਰ ਦਿੰਦੀ ਹੈ। ਐਸਾ ਬਾਦਸ਼ਾਹ ਹੈ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - 186***

ਸੋ ਇਹ ਸੱਚੇ ਪਾਤਸ਼ਾਹ ਹੁੰਦੇ ਨੇ। ਜਿਹੜੇ ਸੱਚੇ ਨਾਲ ਰੱਤੇ ਹੁੰਦੇ ਨੇ ਉਹ ਸੱਚੇ ਪਾਤਸ਼ਾਹ ਹੋਇਆ ਕਰਦੇ ਨੇ। ਦੁਨੀਆਂ ਦੀਆਂ ਬਾਦਸ਼ਾਹੀਆਂ ਕੂੜੀਆਂ ਹੁੰਦੀਆਂ ਨੇ, ਝੂਠੀਆਂ ਹੁੰਦੀਆਂ ਨੇ। ਸੋ ਇਸ ਤਰ੍ਹਾਂ ਐਸਾ ਨਿਰਾਲਾ ਜੀਵਨ ਗੁਰੂਆਂ ਦਾ ਹੁੰਦਾ ਹੈ।

ਸੋ ਗੁਰੂ ਛੇਵੇਂ ਪਾਤਸ਼ਾਹ ਮਹਾਰਾਜ ਦਾ ਜ਼ਿਕਰ ਕਰਦੇ ਸੀ ਕਿ ਆਪ ਮਾਲਵੇ ਦੇ ਅੰਦਰ ਇਕ ਨਗਰ ਦੇ ਅੰਦਰ ਨੇ ਤੇ ਉਥੇ ਉਨ੍ਹਾਂ ਦਾ ਇਕ ਗੁਰਸਿੱਖ ਜਿਸ ਦਾ ਨਾਮ ਭਾਈ ਸਾਦੇ ਦਾ ਪੁੱਤਰ ਸਾਧੂ ਸੀ। ਉਹਦੇ ਨਾਲ ਇਹਦੀ ਲੜਕੀ ਦੀ ਮੰਗਣੀ ਹੋ ਗਈ। ਪਰ ਉਹ ਸੀਗੇ ਸਰਵਰੀਏ, ਜਦੋਂ ਉਸ ਨੂੰ ਪਤਾ ਲੱਗਿਆ, ਉਸ ਵੇਲੇ ਬੜੇ ਅਫਸੋਸ 'ਚ ਆਇਆ ਕਿ ਕਹਿਣ ਲੱਗਿਆ, ਬੇਟਾ! ਤੇਰਾ ਭਾਗ ਹੀ ਐਸਾ ਹੈ। ਸਰਵਰੀਏ ਲੜਕੇ ਨਾਲ ਤੇਰਾ ਵਿਆਹ ਹੋਣਾ ਹੈ। ਲੜਕੀ ਨੂੰ ਵੀ ਬੜਾ ਫਿਕਰ ਪਿਆ। ਜਦੋਂ ਡੋਲੀ ਤੁਰੀ ਤਾਂ ਉਸ ਵੇਲੇ ਲੜਕੀ ਨੇ ਕਹਾਰਾਂ ਨੂੰ ਪੈਸੇ ਦਿਤੇ, ਕੰਗਣ ਲਾਹ ਕੇ ਦੇ ਦਿਤੇ ਕਿ ਆਹ ਲੈ ਲਓ ਤੇ ਮੈਨੂੰ ਇਕ ਵਾਰੀ ਗੁਰੂ ਦੇ ਦਰਸ਼ਨ ਕਰਾ ਦਿਓ। ਸੋ ਉਸ ਵੇਲੇ ਜਦੋਂ ਗੁਰੂ ਮਹਾਰਾਜ ਦੇ ਦਰਬਾਰ ਅੱਗੇ ਜਾ ਕੇ ਡੋਲੀ ਰੱਖੀ, ਵਿਚੋਂ ਨਿਕਲੀ। ਸੋਚਦੀ ਜਾਂਦੀ ਹੈ। ਗੁਰੂ ਨੂੰ ਦੇਖ ਕੇ ਜਿਵੇਂ ਪਾਣੀ ਨਾਲ ਫੁੱਲ ਖਿੜ ਜਾਂਦਾ ਹੈ, ਬੂਟਾ ਹਰਾ ਹੋ ਜਾਂਦਾ ਹੈ, ਇਸ ਤਰ੍ਹਾਂ ਹਰੀ ਹੋ ਗਈ। ਗੁਰੂ ਮਹਾਰਾਜ ਨੇ ਇਸ਼ਾਰਾ ਕਰਿਆ ਕਿ ਉਸ ਬੱਚੀ ਨੂੰ ਲੈ ਕੇ ਆਓ। ਰੋਣ ਲਗ ਗਈ, ਬਰਾਈ ਨਹੀਂ ਬਿਰਦੀ।

ਬੇਟਾ! ਬਚਨ ਕਰ, ਬਚਨ ਕਰ।

ਕਹਿਣ ਲੱਗੀ, ਸੱਚੇ ਪਾਤਸ਼ਾਹ! ਕੀ ਬਚਨ ਕਰਾਂ, ਗਊ ਕਸਾਈਆਂ ਦੇ ਹਵਾਲੇ ਕਰ ਦਿਤੀ। ਪਿਤਾ ਦਾ ਕਸੂਰ ਨਹੀਂ ਪਾਤਸ਼ਾਹ, ਸੰਸਾਰ ਦੇ ਇਸ ਵੇਲੇ ਦੇ ਰਿਵਾਜ ਦਾ ਕਸੂਰ ਹੈ। ਬ੍ਰਾਹਮਣ ਜਾ ਕੇ ਮੰਗਣਾ ਕਰ ਆਏ, ਦੇਖਿਆ ਨਹੀਂ ਹੈ ਕਿ ਉਹ ਸਰਵਰੀਏ ਨੇ ਪਾਤਸ਼ਾਹ ਮੇਰੀ ਆਪ ਨਾਲ ਪ੍ਰੀਤ ਕਿਵੇਂ ਨਿਭੇਗੀ। ਮੇਰੇ 'ਤੇ ਬੇਅੰਤ ਦੁਖ ਆ ਰਹੇ ਨੇ ਪਾਤਸ਼ਾਹ। ਮੈਨੂੰ ਮਿਹਣੇ ਮਾਰਨਗੇ, ਤਾਅਨੇ ਮਾਰਨਗੇ, ਬਾਣੀ ਪੜ੍ਹਨ ਨਹੀਂ ਦੇਣੀ, ਅੰਮ੍ਰਿਤ ਵੇਲੇ ਇਸ਼ਨਾਨ ਨਹੀਂ ਕਰਨ ਦੇਣਾ, ਤੇਰੇ ਸਤਿਸੰਗ ਦੇ ਵਿਚ ਆਉਣ ਨਹੀਂ ਦੇਣਾ। ਮੇਰਾ ਤਾਂ ਜਨਮ ਹੀ ਬਿਰਥਾ ਚਲਿਆ ਗਿਆ ਪਾਤਸ਼ਾਹ ਕਿਉਂਕਿ–

***ਗੁਰ ਸੇਵਾ ਤੇ ਭਗਤਿ ਕਮਾਈ ॥***
***ਤਬ ਇਹ ਮਾਨਸ ਦੇਹੀ ਪਾਈ ॥ ਅੰਗ – 1159***

ਸੇਵਾ ਕਰਨ ਅਤੇ ਨਾਮ ਜਪਣ ਵਾਸਤੇ ਦੇਹੀ ਮਿਲੀ ਹੈ। ਹੁਣ ਮੇਰਾ ਹਾਲ ਕੀ ਹੋਏਗਾ, ਮੈਂ ਇਕੱਲੀ ਹੋਵਾਂਗੀ, ਉਹ ਜਿੰਨਾ ਵੀ ਪਿੰਡ ਹੈ ਸਾਰਾ ਹੀ ਸੁਲਤਾਨੀਆਂ ਦਾ ਹੈ। ਉਥੇ ਇਕ ਵੀ ਮੇਰਾ ਹਾਅ ਦਾ ਨਾਹਰਾ ਮਾਰਨ ਵਾਲਾ ਨਹੀਂ। ਮੈਨੂੰ ਕੁੱਟਣਗੇ, ਮਾਰਨਗੇ, ਧੱਕੇ ਦੇਣਗੇ, ਮਿਹਣੇ ਦੇਣਗੇ। ਮੈਂ ਡਰਦੀ ਹਾਂ ਕਿ ਕਿਤੇ ਮੇਰੀ ਪ੍ਰੀਤ ਨਾ ਟੁੱਟ ਜਾਵੇ। ਮੇਰਾ ਸਿਦਕ ਨਾ ਹਿੱਲ ਜਾਵੇ। ਸੋ ਬੜੀ ਦੀਨ ਹੋ ਕੇ ਇਸ ਤਰ੍ਹਾਂ ਦੇ ਨਾਲ ਬੇਨਤੀ ਕਰਦੀ ਹੈ –

***ਧਾਰਨਾ – ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਦੁੱਖਾਂ ਦੇ ਪਹਾੜ ਵੇਖ ਕੇ।***

ਪਾਤਸ਼ਾਹ! ਮੈਂ ਬੇਮੁਖ ਨਾ ਹੋ ਜਾਵਾਂ, ਮਨਮੁਖ ਨਾ ਹੋ ਜਾਵਾਂ। ਮੈਨੂੰ ਡਰ ਲਗਦਾ ਹੈ, ਕ੍ਰਿਪਾ ਕਰ ਮੇਰੇ ਉਤੇ। ਮਹਾਰਾਜ ਨੇ ਬੀਬੀ ਨੂੰ ਕੋਲ ਬੁਲਾਇਆ। ਸਿਰ 'ਤੇ ਹੱਥ ਰੱਖਿਆ, ਪਿਆਰ ਦਿਤਾ। ਕਹਿੰਦੇ, ਬੇਟਾ! ਤੇਰੇ ਮਸਤਕ 'ਚ ਅਕਾਲ ਪੁਰਖ ਨੇ ਲੇਖ ਹੀ ਐਸਾ ਲਿਖਿਆ ਹੋਇਆ ਹੈ। ਕਿਉਂਕਿ ਸੰਸਾਰ ਦੇ ਅੰਦਰ –

***ਸਰਬ ਜੀਆ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ॥***
***ਅੰਗ – 598***

ਧੁਰ ਦਾ ਲੇਖ ਹੈ। ਕੋਈ ਨਹੀਂ ਹੈ ਜਿਹਦੇ ਸਿਰ ਦੇ ਉਤੇ ਲੇਖ ਨਾ ਹੋਵੇ। ਚੰਗਾ ਲੇਖ ਜਾਂ ਮੰਦਾ ਲੇਖ।

***ਆਪਿ ਅਲੇਖੁ ਕੁਦਰਤਿ ਕਰਿ ਦੇਖੈ***
***ਹੁਕਮਿ ਚਲਾਏ ਸੋਈ ਜੀਉ ॥ ਅੰਗ – 598***

ਸੋ ਜਿਹੜਾ ਲੇਖ ਲਿਖਿਆ ਹੋਇਆ ਹੈ ਇਹ ਮਿਟਿਆ ਨਹੀਂ ਕਰਦਾ –

*ਧਾਰਨਾ - ਜੋ ਲਿਖਿਆ ਕਰਤਾਰ, ਮਿਟਦਾ ਮੱਥੇ ਵਾਲਾ ਲੇਖ ਨਾ।*

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***

***ਅੰਗ - 937***

ਲੇਖ ਦੋ ਕਿਸਮ ਦਾ ਹੁੰਦਾ ਹੈ। ਇਕ ਤਾਂ ਹੁਣ ਕੋਈ ਆਦਮੀ ਗਲਤੀਆਂ ਕਰਦਾ ਹੈ, ਗਲਤ ਖਾ ਪੀ ਕੇ ਆਪ ਬਿਮਾਰ ਹੋ ਗਿਆ। ਇਕ ਤਾਂ ਇਹ ਲੇਖ ਹੁੰਦੇ ਨੇ ਇਹ ਤਾਂ ਮਿਟ ਜਾਇਆ ਕਰਦੇ ਨੇ। ਇਕ ਉਹ ਲੇਖ ਹਨ ਜਿਹਨੂੰ ਪਰਾਲਬਧ ਕਰਮ ਕਹਿੰਦੇ ਨੇ। ਇਕ ਤਾਂ ਕਰਮ ਹੈ ਜਿਹੜਾ ਹੁਣ ਆਪਾਂ ਕਰ ਰਹੇ ਹਾਂ, ਕਣਕਾਂ ਆ ਗਈਆਂ, ਇਨ੍ਹਾਂ ਦੀ ਸੰਭਾਲ ਕਰ ਰਹੇ ਹਾਂ, ਮੱਝਾਂ ਦੀ ਸੰਭਾਲ ਕਰ ਰਹੇ ਇਹ ਕਰਮ ਦਾ ਫਲ ਸਾਨੂੰ ਦਾਣੇ ਦੇ ਰੂਪ ਵਿਚ ਮਿਲ ਜਾਏਗਾ।

ਜਿਵੇਂ ਕੋਈ ਬੀਬੀ ਹੈ ਪੜ੍ਹਦੀ ਹੈ, ਜਿਹਨੇ ਘੱਟ ਮਿਹਨਤ ਕਰੀ ਉਸਨੂੰ ਵੈਸਾ ਹੀ ਫਲ, ਜਿਹਨੇ ਵੱਧ ਮਿਹਨਤ ਕਰੀ ਉਹਨੂੰ ਚੰਗਾ ਨਤੀਜਾ ਮਿਲ ਜਾਏਗਾ। ਚੰਗੀ ਨੌਕਰੀ 'ਤੇ ਹੋ ਜਾਏਗੀ। ਇਕ ਲੇਖ ਉਹ ਹੁੰਦੇ ਨੇ ਜਿਹੜੇ ਪਹਿਲੇ ਜਨਮਾਂ 'ਚ ਕੀਤੇ ਹੋਏ ਨੇ। ਜਿਸ ਵਕਤ ਜੀਵ ਸੰਸਾਰ 'ਚ ਆਉਂਦਾ ਹੈ, ਤਿੰਨ ਗੱਲਾਂ ਲਿਖੀਆਂ ਹੋਈਆਂ ਹੁੰਦੀਆਂ ਨੇ ਮੱਥੇ 'ਚ। ਇਕ ਤਾਂ ਇਹ ਹੁੰਦੀ ਹੈ ਇਹਨੂੰ ਉਮਰ ਕਿੰਨੀ ਦਿਤੀ, ਕਿੱਥੇ ਮਰੇਗਾ, ਕਿਹੜੇ ਕਾਰਨ ਮਰੇਗਾ ਤੇ ਕਦੋਂ ਮਰੇਗਾ। ਉਥੇ ਹੀ ਮਰਦਾ ਹੈ ਜਿਥੇ ਲਿਖਿਆ ਹੁੰਦਾ ਹੈ। ਦੂਸਰਾ ਇਹ ਹੁੰਦਾ ਹੈ ਕਿ ਜੇ ਇਹਨੇ ਦੁਨੀਆਂ 'ਚ ਐਨਾ ਚਿਰ ਰਹਿਣਾ ਹੈ ਤਾਂ ਇਹਨੂੰ ਖਾਣ ਪੀਣ ਨੂੰ ਕੀ ਮਿਲਣਾ ਚਾਹੀਦਾ ਹੈ ਫੇਰ ਉਹਦੇ ਪੁੰਨ ਵਾਚਦੇ ਨੇ, ਕੀਤੇ ਹੋਏ ਪੁੰਨਾਂ ਦੇ ਅਨੁਸਾਰ ਉਹਦੀ ਪਰਾਲਬਧ ਬਣ ਜਾਂਦੀ ਹੈ। ਮਹਾਰਾਜ ਕਹਿੰਦੇ ਪਰਾਬਲਧ ਜਦ ਬਣੀ ਹੈ ਫੇਰ -

***ਕਾਹੇ ਰੇ ਮਨ ਚਿਤਵਹਿ ਉਦਮੁ***
***ਜਾ ਆਹਰਿ ਹਰਿ ਜੀਉ ਪਰਿਆ ॥***
***ਸੈਲ ਪਥਰ ਮਹਿ ਜੰਤ ਉਪਾਏ***
***ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ਅੰਗ - 10***

ਅਸੀਂ ਕਹਿੰਦੇ ਹਾਂ ਕਿ ਹਲ ਨਾ ਚਲਾਈਏ ਅਸੀਂ, ਬੈਠਿਆਂ ਨੂੰ ਆ ਜਾਏਗਾ? ਬੈਠਣਾ ਆਪਣੇ ਅਖਤਿਆਰ ਵਿਚ ਨਹੀਂ ਹੈ -

***ਨਕਿ ਨਥ ਖਸਮ ਹਥ ਕਿਰਤੁ ਧਕੇ ਦੇ ॥***
***ਜਹਾ ਦਾਣੇ ਤਹਾਂ ਖਾਣੇ ਨਾਨਕਾ ਸਚੁ ਹੇ ॥ ਅੰਗ - 653***

ਜਿਹਦੀ ਕਿਰਤ ਮਾੜੀ ਮੰਦ ਹੁੰਦੀ ਹੈ, ਉਹਨੂੰ ਧੱਕਾ ਪੈਂਦਾ ਹੀ ਨਹੀਂ, ਸ਼ਰਾਬ ਪੀ ਕੇ ਪਿਆ ਰਹਿੰਦਾ ਹੈ।

ਤੀਸਰਾ ਲੇਖ ਇਹ ਹੁੰਦਾ ਹੈ ਕਿ ਇਹਦੇ ਦੁਖ ਦੇਣ ਵਾਲੇ ਕਿਹੜੇ-ਕਿਹੜੇ ਆ ਰਹੇ ਨੇ ਇਸ ਸਮੇਂ। ਸੁਖ ਦੇਣ ਵਾਲੇ ਕਿਹੜੇ ਨੇ। ਕਈ

ਵਾਰੀ ਦੁਸ਼ਮਣ ਨੂੰ ਪੁੱਤਰ ਬਣਾ ਦਿੰਦੇ ਨੇ, ਉਹਨੇ ਲੈਣਾ ਹੁੰਦਾ ਹੈ।

ਇਕ ਵਾਰੀ ਇਥੇ ਸ਼ਹਿਰ ਹੈ ਗੋਬਿੰਦਗੜ੍ਹ ਜਿੱਥੇ ਇਕ ਸੰਤ ਰਹਿੰਦਾ ਸੀ ਕਾਲੇ ਮੂੰਹ ਵਾਲਾ। ਉਹ ਇਕ ਸੇਠ ਦਾ ਮੁਨੀਮ ਹੋਇਆ ਕਰਦਾ ਸੀ। ਸ਼ਰਾਬੀ, ਕਬਾਬੀ ਬਿਲਕੁਲ ਵਿਗੜਿਆ ਹੋਇਆ ਬੇਈਮਾਨ। ਘਰਵਾਲੀ ਉਸ ਤੋਂ ਵੀ ਦਸ ਗੁਣੀ ਉੱਚੀ। ਦੋਹਾਂ ਨੇ ਵਿਉਂਤ ਬਣਾਈ ਕਿ ਸੇਠ ਨੂੰ ਕਿਵੇਂ ਕਾਬੂ ਕਰੀਏ। ਸੇਠ ਹੈ ਸ਼ਰਾਬੀ ਕਿ ਤੂੰ ਜਾ ਕੇ ਕਰ ਸਕਦੀ ਹੈਂ। ਕਹਿੰਦੀ ਕਿ ਇਹ ਕੰਮ ਮੇਰੇ ਕੋਲ ਰਹਿਣ ਦਿਉ। ਉਹਨੇ ਸੇਠ ਨੂੰ ਐਨਾ ਵਿਸ਼ਵਾਸ਼ ਵਿਚ ਲਿਆ ਕਿ ਉਹਦੇ ਦਸਤਖਤ ਕਰਾ ਲਏ ਕਾਗਜ਼ਾਂ 'ਤੇ, ਮੁਖਤਿਆਰਨਾਮਾ ਬਣਾ ਕੇ। ਵਕੀਲਾਂ ਨੂੰ ਪੈਸੇ ਦੇ ਦਿਤੇ। ਉਹਨਾਂ ਨੇ ਰਲ ਮਿਲ ਕੇ ਮਿੱਲ ਆਪਣੇ ਨਾਉਂ ਕਰਾ ਲਈ। ਤਿੰਨ ਚਾਰ ਸਾਲ ਨਾ ਪਤਾ ਲੱਗਣ ਦਿਤਾ। ਗੁਪਤ ਰੱਖੀ ਸਾਰੀ ਗੱਲ। ਹੌਲੀ-ਹੌਲੀ ਉਹ ਮਾਲਕ ਬਣਦਾ ਗਿਆ, ਸੇਠ ਕਹਿਣ ਲੱਗਿਆ ਕਿ ਮੁਨੀਮ ਸਾਹਿਬ! ਪਹਿਲਾਂ ਤਾਂ ਤੂੰ ਬਹੁਤ ਚੰਗਾ ਹੁੰਦਾ, ਹੁਣ ਤਾਂ ਤੂੰ ਇਸ ਤਰ੍ਹਾਂ ਕਰਦਾ ਹੈ ਕਿ ਜਿਵੇਂ ਮੈਂ ਨੌਕਰ ਹੁੰਦਾ ਹਾਂ ਤੇ ਤੂੰ ਮਾਲਕ ਹੁੰਦਾ ਹੈਂ। ਕਹਿੰਦਾ, ਫੇਰ ਮੈਂ ਮਾਲਕ ਹੀ ਹਾਂ ਸੇਠ ਜੀ। ਕਿੱਥੇ ਫਿਰਦੇ ਓਂ ਤੁਸੀਂ ਇਹ ਮਿੱਲ ਮੇਰੇ ਨਾਉਂ ਤਿੰਨ ਸਾਲ ਦੀ ਹੋਈ-ਹੋਈ ਹੈ, ਮਿਆਦ ਲੰਘ ਗਈ ਹੁਣ ਤੁਸੀਂ ਕੁਛ ਨਹੀਂ ਕਰ ਸਕਦੇ। ਸੇਠ ਨੂੰ ਇਕ ਦਮ ਧੱਕਾ ਲੱਗਿਆ, ਦਿਲ ਦਾ ਦੌਰਾ ਪੈ ਗਿਆ। ਉਥੇ ਹੀ ਮਰ ਗਿਆ। ਇਹ ਬਣ ਗਿਆ ਮਿੱਲ ਦਾ ਮਾਲਕ। ਓਲਾਦ ਕੋਈ ਨਹੀਂ ਸੀ ਇਹਦੇ। ਫੇਰ ਜਾ ਕੇ ਇਹਦੇ 10 ਮਹੀਨੇ ਬਾਅਦ, ਬੜਾ ਹੀ ਖੂਬਸੂਰਤ ਪੁੱਤਰ ਪੈਦਾ ਹੋਇਆ। 18 ਸਾਲ ਦੀ ਉਮਰ ਤੱਕ ਬੜਾ ਇਸਨੇ ਉਸਨੂੰ ਪਾਲਿਆ, ਪੜ੍ਹਾਇਆ, ਲਿਖਾਇਆ, ਬੜਾ ਪਿਆਰ ਕੀਤਾ। ਪਰ ਉਹ ਬੇਮੁਖ ਜਿਹਾ ਹੀ ਇਸ ਨਾਲ ਰਹਿੰਦਾ ਸੀ। ਇਹ ਕਹਿੰਦਾ ਸੀ ਕਿ ਐਨਾ ਮੈਂ ਇਸ ਨਾਲ ਪਿਆਰ ਕਰਦਾ ਹਾਂ, ਰੁਖ ਹੀ ਨਹੀਂ ਕਰਦਾ ਮੇਰੇ ਵਲ। ਮੈਂ ਪਿੱਛੇ-ਪਿੱਛੇ ਸੀ ਤੁਰੇ ਜਾਂਦੇ ਸੀ ਤੁਰੇ ਜਾਂਦੇ ਦੋਵੇਂ ਜਣੇ। ਇਹ ਕਿਸੇ ਗੱਲ ਦੀ ਹਾਂ ਹੀ ਨਹੀਂ ਭਰਦਾ। ਉਹਨੂੰ ਟੀ.ਬੀ ਹੋ ਗਈ, ਜਦ ਟੀ.ਬੀ ਦਾ ਇਲਾਜ ਨਹੀਂ ਸੀ ਹੁੰਦਾ ਹਿੰਦੁਸਤਾਨ 'ਚ।ਬਾਹਰ ਭੇਜ ਦਿਤਾ, ਉਥੇ ਕਾਫੀ ਦੇਰ ਰੱਖਿਆ, ਇਲਾਜ ਨਾ ਹੋਇਆ, ਪੈਸੇ ਮੁੱਕ ਗਏ, ਅਖੀਰ ਵਾਪਸ ਬੁਲਾ ਲਿਆ। ਇਥੇ ਬੱਚਾ ਆਇਆ, ਉਹਨੂੰ ਅਨੁਭਵ ਹੋਇਆ, ਸੁਪਨੇ 'ਚ ਦੇਖ ਲਿਆ ਕਿ ਮੈਂ ਇਕ ਸੇਠ ਸੀ। ਮੇਰੀ ਮਿੱਲ ਸੀ, ਆਹ ਜਿਹੜਾ ਮੇਰਾ ਪਿਉ ਹੈ ਤੇ ਮੇਰੀ ਮਾਂ ਹੈ। ਪਿਉ ਮੇਰਾ ਮੁਨੀਮ ਸੀ ਮੇਰੀ ਮਾਂ ਨੇ ਤੇ ਪਿਉ ਨੇ ਰਲ ਕੇ ਧੋਖਾ ਦੇ ਕੇ ਮੇਰੇ ਕੋਲੋਂ ਦਸਤਖਤ ਕਰਾ ਲਏ ਤੇ ਮੈਂ ਮਰ ਗਿਆ ਤੇ ਇਨ੍ਹਾਂ ਦੇ ਘਰ ਮੈਂ ਪੈਦਾ ਹੋ ਗਿਆ, ਸਾਰਾ ਹਾਲ ਦਿਖਾ ਦਿਤਾ। ਉਸ ਬੱਚੇ ਨੂੰ ਜਦੋਂ ਜਾਗ ਆਈ, ਉੱਚੀ-ਉੱਚੀ ਹੱਸਣ ਲਗ ਗਿਆ, ਮਾਂ-ਪਿਉ ਨੇ ਸਮਝਿਆ ਕਿ ਅੱਜ ਇਹਦੀ ਤਬੀਅਤ ਠੀਕ ਹੈ, ਦਵਾਈ ਲਗ ਗਈ, ਅੱਜ ਹੱਸਦਾ ਹੈ, ਕੋਲ ਚਲੇ ਗਏ। ਬੇਟਾ!

ਬਲਿਹਾਰ ਜਾਵਾਂ, ਅੱਜ ਹਾਸਾ ਆਇਆ ਹੈ ਤੇਰੀ ਜ਼ੁਬਾਨ 'ਤੇ ਕਈ ਸਾਲਾਂ ਬਾਅਦ। ਕਹਿੰਦਾ, ਮਾਂ ਮੈਂ ਹਸਦਾ ਤਾਂ ਹੈਗਾ ਪਰ ਪਿਉ ਨੂੰ ਬੁਲਾ ਨਾਲ। ਉਹਨੂੰ ਵੀ ਬੁਲਾ ਲਿਆ। ਕਹਿੰਦਾ, ਪਿਤਾ ਜੀ ਇਕ ਮੈਂ ਗੱਲ ਕਰਨੀ ਹੈ ਜੇ ਸੱਚ ਬੋਲੋਂ।

ਕਹਿੰਦਾ, ਬੇਟਾ! ਅਸੀਂ ਝੂਠ ਤਾਂ ਬੋਲਦੇ ਨਹੀਂ। ਨਹੀਂ ਕਹਿੰਦਾ, ਝੂਠ ਤਾਂ ਤੁਸੀਂ ਬੋਲਦੇ ਓਂ ਉਹ ਮੈਨੂੰ ਪਤਾ ਹੈ। ਗੁੱਸਾ ਨਾ ਕਰਿਓ, ਪਰ ਅੱਜ ਸੱਚ ਬੋਲਿਓ। ਜਿਹੜਾ ਕੁਛ ਮੈਂ ਕਹਾਂਗਾ, ਮੈਂ ਤੁਹਨੂੰ ਫੇਰ ਇਕ ਗੱਲ ਦੱਸਣੀ ਹੈ। ਕਹਿੰਦੇ ਪੁੱਛ। ਕਹਿੰਦਾ, ਇਸ ਤਰ੍ਹਾਂ ਦੱਸੋ ਕਿ ਮਿਲ ਤੁਹਾਡੀ ਸੀ। ਕਹਿੰਦੇ, ਨਾ ਪੁੱਤਰ। ਕਹਿੰਦੇ, ਫਲਾਣੇ ਸੇਠ ਦੀ ਸੀ? ਕਹਿੰਦਾ ਹਾਂ। ਕਹਿੰਦੇ, ਫੇਰ ਤੁਸੀਂ ਧੋਖੇ ਨਾਲ ਆਪਣੇ ਨਾਉਂ ਕਰਾਈ ਸੀ। ਕਹਿੰਦੇ, ਹਾਂ। ਕਹਿੰਦਾ, ਫੇਰ ਸੇਠ ਮਰ ਗਿਆ। ਕਹਿੰਦੇ ਹਾਂ। ਕਹਿੰਦਾ, ਫੇਰ ਮੈਂ ਜੰਮਿਆ। ਹੁਣ ਮੈਂ ਹੋ ਗਿਆ ਬਿਮਾਰ, ਹੁਣ ਦੱਸੋ ਕਿ ਹੁਣ ਤੁਹਾਡੀ ਮਿੱਲ ਹੈਗੀ? ਕਹਿੰਦੇ ਨਾ ਉਹ ਤਾਂ ਵਿਕ ਗਈ ਸਾਰੀ। ਹੋਰ ਕੀ ਹੈ ਤੁਹਾਡੇ ਕੋਲ? ਉਹ ਕਹਿੰਦਾ, ਘਰ ਵੀ ਵਿਕ ਗਿਆ, ਗਹਿਣੇ ਵੀ ਵਿਕ ਗਏ। ਹੁਣ ਤਾਂ ਰੋਟੀ ਖਾਣ ਨੂੰ ਵੀ ਨਹੀਂ ਪੈਸੇ ਸਾਡੇ ਕੋਲ।

ਕਹਿੰਦਾ, ਹੁਣ ਮੇਰੀ ਵੀ ਸੁਣ ਲਓ ਕਿ ਮੈਂ ਕਿਉਂ ਤੁਹਾਡੇ ਤੋਂ ਪੁਛਿਆ। ਕਹਿੰਦਾ, ਮੈਂ ਓਹੀ ਸੇਠ ਹਾਂ, ਤੁਹਾਡੇ ਤੋਂ ਬਦਲਾ ਲੈਣ ਵਾਸਤੇ ਆਇਆ ਸੀ, ਮੈਨੂੰ ਅੱਜ ਰਾਤ ਨੂੰ ਸਭ ਕੁਛ ਦਿਸ ਗਿਆ ਤੇ ਹੁਣ ਮੈਂ ਮਰ ਜਾਣਾ ਹੈ ਥੋੜ੍ਹੀ ਦੇਰ ਨੂੰ। ਤੁਸੀਂ ਮੇਰੇ ਨਾਲ ਕਰੀ ਐ ਨਜਾਇਜ਼ ਤੇ ਮੈਂ ਲੈ ਲਿਆ ਬਦਲਾ। ਆਹ ਜਿਹੜੀ ਮਾਂ ਹੈ ਇਹਨੇ ਕੰਧਾਂ ਨਾਲ ਟੱਕਰਾਂ ਮਾਰ-ਮਾਰ ਮਰਨਾ ਹੈ। ਅੰਨ੍ਹੀ ਹੋ ਕੇ। ਤੂੰ ਵੀ ਦਰ-ਬ-ਦਰ ਤੁਰਿਆ ਫਿਰੇਂਗਾ। ਮੁੰਡਾ ਉਸੇ ਦਿਨ ਮਰ ਗਿਆ। ਮਰਿਆ ਹੋਇਆ ਬੜਾ ਅਫਸੋਸ ਹੋਇਆ। ਬੜਾ ਭਾਈਚਾਰਾ ਆਇਆ, ਜਦੋਂ ਭੋਗ ਪਿਆ, ਉਹ ਤਵਾ ਚੁੱਕ ਲਿਆਇਆ, ਕਾਲਖ ਵਾਲਾ ਤਵਾ ਉਪਰ ਚੁੱਕ ਲਿਆਇਆ। ਉਹਦੇ ਉਤੇ ਸਰੋਂ ਦਾ ਤੇਲ ਪਾਈ ਜਾਂਦਾ ਹੈ ਨਾਲ ਹੱਥਾਂ 'ਤੇ ਰਲਾਈ ਜਾਂਦਾ ਹੈ। ਦੋਵੇਂ ਹੱਥ ਐਨ ਕਾਲੇ ਕਰ ਲਏ। ਲੋਕ ਦੇਖਦੇ ਹਨ ਕਿ ਸੇਠ ਕੀ ਕਰ ਰਿਹਾ ਹੈ? ਸਾਰਿਆਂ ਦੇ ਦੇਖਦੇ ਹੀ ਮੂੰਹ ਦੇ ਉਤੇ ਕਾਲਖ ਮਲਣ ਲੱਗ ਗਿਆ। ਸਾਰੇ ਬਾਹਾਂ ਫੜਦੇ ਨੇ ਸੇਠ ਜੀ ਇਹ ਕੀ? ਸਭ ਸਮਝਦੇ ਨੇ ਕਿ ਇਹਦਾ ਦਿਮਾਗ ਖਰਾਬ ਹੋ ਗਿਆ। ਅਖੀਰ ਉਹਨੇ ਸਾਰੀ ਪੰਚਾਇਤ ਨੂੰ ਦਸਿਆ ਕਿ ਮੈਂ ਮੁਨੀਮ ਸੀ ਤੁਹਾਨੂੰ ਸਭ ਨੂੰ ਪਤਾ ਹੈ ਮੈਂ ਧੋਖਾ ਕਰਿਆ ਸੇਠ ਨਾਲ ਇਹ ਸੇਠ ਮੇਰਾ ਪੁੱਤਰ ਬਣ ਕੇ ਮੇਰੇ ਤੋਂ ਬਦਲਾ ਲੈ ਗਿਆ। ਹੁਣ ਮੈਂ ਮੂੰਹ ਕਾਲਾ ਕਰਦਾ ਹਾਂ, ਤੁਸੀਂ ਵੀ ਮੇਰਾ ਮੂੰਹ ਕਾਲਾ ਕਰਨਾ ਹੀ ਹੈ ਮੈਂ ਆਪੇ ਹੀ ਕਰਦਾ ਹਾਂ। ਹੁਣ ਮੈਂ ਸੰਸਾਰ ਨੂੰ ਦੱਸਾਂਗਾ ਕਿ ਕੀਤਾ ਨਹੀਂ ਤਾਂ ਕਰ ਕੇ ਦੇਖ ਲਓ। ਸਾਡੇ ਪਿੰਡਾਂ ਵਲ ਵੀ ਆ ਜਾਂਦਾ ਸੀ, ਆਹੀ

ਗੱਲ ਕਹਿੰਦਾ ਸੀ। ਦੁਨੀਆਂ ਨੱਠ-ਨੱਠ ਕੇ ਉਹਨੂੰ ਕਹਿੰਦੀ ਸੀ ਕਿ ਬਾਬਾ ਪ੍ਰਸ਼ਾਦ ਛਕ। ਇਹ ਪਰਾਲਬਧ ਲੇਖ ਬਣ ਗਿਆ ਇਹ ਨਹੀਂ ਮਿਟਿਆ ਕਰਦਾ। ਦਰਗਾਹ ਦਾ ਲਿਖਿਆ ਹੋਇਆ ਕਰਦਾ ਹੈ।

ਤੀਸਰਾ ਹੋਇਆ ਕਰਦਾ ਸੰਚਿਤ ਕਰਮ, ਅਜੇ ਵਾਰੀ ਨਹੀਂ ਆਈ, ਪਤਾ ਨਹੀਂ ਕਦੋਂ ਵਾਰੀ ਆਉਣੀ ਹੈ। ਮਹਾਰਾਜ ਕਹਿਣ ਲੱਗੇ, ਭਾਈ ਲੇਖ ਨਹੀਂ ਮਿਟਿਆ ਕਰਦਾ।

ਗੁਰੂ ਪੰਜਵੇਂ ਪਾਤਸ਼ਾਹ ਦੇ ਪਾਸ ਭਾਈ ਕਲਿਆਣੇ ਦੀ ਪ੍ਰੇਰਨਾ ਦੇ ਨਾਲ ਮੰਡੀਸਕੇਤ ਦਾ ਰਾਜਾ ਦੋ ਲੱਖ ਰੁਪਈਆ ਲੈ ਕੇ ਆ ਗਿਆ ਕਿ ਮਹਾਰਾਜ ਸਰੋਵਰ ਬਣਾ ਰਹੇ ਨੇ, ਮੇਰਾ ਰੁਪਈਆ ਲੇਖੇ 'ਚ ਲਗ ਜਾਏਗਾ, ਮੇਰੇ ਦੁੱਖ ਕੱਟੇ ਜਾਣਗੇ। ਮਹਾਰਾਜ ਜੀ ਕੋਲ ਲਿਆ ਕੇ ਜਦ ਪੈਸਾ ਚਰਨਾਂ 'ਚ ਰੱਖਿਆ ਤੇ ਓਧਰਲੇ ਪਾਸਿਓਂ ਆਵਾਜ਼ ਆਈ -

***ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥***
***ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ ॥***

***ਅੰਗ - 937***

***ਗੁਰ ਕੈ ਭਾਣੈ ਜੋ ਚਲੈ ਸਭਿ ਦੂਖ ਨਿਵਾਰਣਹਾਰਿ ॥***
***ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥***

***ਅੰਗ - 89***

ਠਠੰਬਰ ਗਿਆ ਰਾਜਾ ਕਿ ਹੈਂ ਮੱਥੇ ਦਾ ਲੇਖ ਤਾਂ ਮਿਟਦਾ ਨਹੀਂ। ਫੇਰ ਪੈਸੇ ਭੇਟਾ ਕਰਨ ਦਾ ਕੀ ਫਾਇਦਾ ਹੋਇਆ। ਉਦਾਸ ਹੋ ਗਿਆ, ਮਹਾਰਾਜ ਗੱਲਬਾਤ ਕਰਦੇ ਨੇ ਉਹ ਇਸੇ ਗੱਲ ਵਿਚ ਗੁੰਮ ਹੋ ਗਿਆ। ਠੀਕ ਤਰ੍ਹਾਂ ਗੱਲ ਦਾ ਜਵਾਬ ਨਹੀਂ ਦਿੰਦਾ। ਮਹਾਰਾਜ ਕਹਿੰਦੇ, ਕੀ ਗੱਲ ਰਾਜਾ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਕੰਮ ਕਾਰ ਬਹੁਤ ਹੈ ਪਿੱਛੇ, ਆਗਿਆ ਹੋਵੇ ਤਾਂ ਅਸੀਂ ਸਵੇਰੇ ਹੀ ਚਲੇ ਜਾਈਏ। ਮਹਾਰਾਜ ਕਹਿੰਦੇ, ਸਵੇਰੇ ਨਹੀਂ ਜਾਣਾ, ਸਾਨੂੰ ਪੁੱਛ ਕੇ ਫੇਰ ਜਾਇਓ। ਸੋ ਰਾਤ ਨੂੰ ਜਾ ਕੇ ਆਪਣੇ ਡੇਰੇ ਖਾ ਪੀ ਕੇ ਰਾਜਾ ਸੌਂ ਗਿਆ। ਕੀ ਦੇਖਦਾ ਹੈ, ਸੁਪਨਾ ਸ਼ੁਰੂ ਹੋ ਗਿਆ ਬਹੁਤ ਗਹਿਰਾ। ਕਿ ਇਹ ਮਰ ਗਿਆ, ਮਰਿਆ ਹੋਇਆ ਦੂਸਰੇ ਥਾਉਂ ਜਾ ਜੰਮਿਆ ਇਕ ਪਿੰਡ ਦੇ ਅੰਦਰ, ਮਜ਼੍ਹਬੀਆਂ ਦੇ ਘਰ। ਗਰੀਬੀ ਸੀ। ਗੋਹਾ ਕੂੜਾ ਕਰਨ ਲੱਗ ਗਿਆ। ਵਿਆਹ ਹੋ ਗਿਆ, ਵਿਆਹ ਤੋਂ ਬਾਅਦ ਕਈ ਬੱਚੇ ਹੋ ਗਏ। 40 ਸਾਲ ਦਾ ਹੋਇਆ ਮਰ ਗਿਆ। ਚੁੱਕ ਕੇ ਉਨ੍ਹਾਂ ਨੇ ਕਬਰ 'ਚ ਦੱਬ ਦਿਤਾ। ਜਦੋਂ ਦੱਬ ਕੇ ਮਿੱਟੀ ਪਾਈ ਇਹਨੂੰ ਜਾਗ ਆ ਗਈ। ਹੁਣ ਸੁਪਨਾ ਸਾਮ੍ਹਣੇ ਗਹਿਰਾ ਹੈ, ਜੇ ਅੱਖਾਂ ਮੀਚਦਾ ਹੈ ਫੇਰ ਚੱਲ ਪੈਂਦਾ ਹੈ। ਫੇਰ ਅੱਖਾਂ ਮੀਚਦਾ ਹੈ ਫੇਰ ਚੱਲ ਪੈਂਦਾ ਹੈ। ਸਵੇਰੇ ਹੀ ਮਹਾਰਾਜ ਦਾ ਸੁਨੇਹਾ ਆ ਗਿਆ ਕਿ ਰਾਜੇ ਨੂੰ ਕਹੋ ਕਿ ਉਹ ਆਵੇ, ਬਾਹਰ ਜਾਣਾ ਹੈ। ਇਕੱਲਾ ਆਵੇ। ਇਕੱਲਾ ਆ

ਗਿਆ, ਮਹਾਰਾਜ ਜੀ ਵੀ ਘੋੜੇ 'ਤੇ ਸਵਾਰ ਹੋ ਗਏ, ਇਹਨੂੰ ਵੀ ਘੋੜਾ ਦੇ ਦਿਤਾ। ਕਹਿਣ ਲੱਗੇ, ਰਾਜਨ! ਤੇਰੇ ਨਾਲ ਅੱਜ ਸੈਰ ਕਰਕੇ ਆਈਏ ਦੂਰ ਤਕ। ਘੋੜੇ ਨਠਾ ਲਏ। ਦੌੜੇ ਜਾਂਦੇ ਇਕ ਹਰਨ ਨਿਕਲਿਆ ਮੂਹਰੇ ਦੀ, ਮਹਾਰਾਜ ਕਹਿੰਦੇ ਹਰਨ ਮਗਰ ਘੋੜਾ ਲਾ। ਹਰਨ ਤਾਂ ਗਾਇਬ ਹੋ ਗਿਆ, ਇਹ ਜਾ ਕਿੱਥੇ ਰਿਹਾ ਜਿੱਥੇ ਸਾਂਝੀ ਰਲਿਆ ਹੋਇਆ ਸੀ, ਦੇਖਦੇ ਸਾਰ ਇਹ ਜਗ੍ਹਾ ਪਛਾਣ ਗਿਆ। ਸਭ ਕੁਛ ਯਾਦ ਆ ਗਿਆ। ਬੰਦਿਆਂ ਨੂੰ ਪਛਾਣਦਾ ਕਿ ਫਲਾਣਾ ਹੈ ਇਹ ਫਲਾਣਾ ਹੈ ਮੈਂ ਇਨ੍ਹਾਂ ਨਾਲ ਸਾਂਝੀ ਰਿਹਾ। ਇਹ ਕਬਰ ਮੇਰੀ ਹੈ। ਬੜਾ ਘਬਰਾ ਗਿਆ, ਘੋੜਾ ਬੰਨ੍ਹ ਦਿਤਾ ਤੇ ਬੈਠ ਗਿਆ। ਐਨੇ ਨੂੰ ਉਹਦਾ ਵੱਡਾ ਮੁੰਡਾ ਆ ਗਿਆ ਅੱਠ-ਨੌਂ ਸਾਲ ਦਾ। ਉਹਨੇ ਦੇਖਿਆ ਕਿ ਬਾਪੂ ਬੈਠਾ ਹੈ, ਕਲਗੀ ਲਾਈ ਹੋਈ ਹੈ, ਹਾਰ ਪਾਏ ਹੋਏ ਨੇ, ਘੋੜਾ ਕੋਲ ਹੈ। ਨੱਠਿਆ ਹੀ ਗਿਆ, ਕਹਿੰਦਾ, ਮਾਂ ਆਪਣਾ ਬਾਪੂ ਮਰਿਆ ਨਹੀਂ ਉਹ ਤਾਂ ਰਾਜਾ ਬਣ ਕੇ ਆ ਗਿਆ। ਜੇ ਨਹੀਂ ਇਤਬਾਰ ਆਉਂਦਾ ਤਾਂ ਆ ਜਾਓ। ਛੋਟੇ ਮੁੰਡੇ ਵੀ ਨੱਠ ਕੇ ਆ ਗਏ ਕਿ ਬਾਪੂ ਤਾਂ ਉਥੇ ਬੈਠਾ ਹੈ, ਨਾਲੇ ਉਹਦੇ ਦੁਆਲੇ ਹੋ ਗਏ ਕਿ ਬਾਪੂ ਤੂੰ ਰਾਜਾ ਬਣ ਗਿਆ, ਇਸ ਤਰ੍ਹਾਂ ਬੈਠਾ ਹੈਂ। ਐਨੇ ਨੂੰ ਘਰਵਾਲੀ ਵੀ ਆ ਗਈ, ਦਹੱਥੜਾ ਮਾਰ ਕੇ ਪਿੱਟਣ ਲੱਗ ਗਈ, ਕਹਿੰਦੀ ਤੂੰ ਐਡਾ ਸਾਂਗ ਬਣਾਇਆ, ਮਰਨ ਦਾ ਬਹਾਨਾ ਕਰਿਆ। ਦੱਸ ਕਿਹਦਾ ਘੋੜਾ ਲੁੱਟ ਕੇ ਲਿਆਇਆ ਹੈਂ। ਕੀਹਦੀਆਂ ਮਾਲਾ ਨੇ, ਤੂੰ ਸਾਨੂੰ ਮਰਵਾਉਣਾ ਹੈ। ਉਹ ਕਹੀ ਜਾਂਦਾ ਹੈ ਕਿ ਮੈਂ ਰਾਜਾ ਹਾਂ, ਨਾਲੇ ਕਹੀ ਜਾਂਦਾ ਹੈ ਕਿ ਇਹ ਮੇਰੀ ਘਰਵਾਲੀ ਹੈ। ਇਹ ਦੋ ਗੱਲਾਂ ਕਿਵੇਂ ਹੋ ਗਈਆਂ, ਆਪਣੇ ਆਪ ਨੂੰ ਚੂੰਡੀਆਂ ਵੱਢਦਾ ਹੈ ਕਿ ਮੈਂ ਸੁੱਤਾ ਤਾਂ ਨਹੀਂ ਪਿਆ। ਪਿੰਡ ਵਾਲੇ ਆ ਗਏ, ਕਹਿੰਦੇ ਪਿਆਰਿਆ! ਸਾਰਾ ਪਿੰਡ ਬੰਨ੍ਹਿਆ ਜਾਏਗਾ, ਕਿੱਥੇ ਜਾਣਾ ਹੈ ਤੂੰ? ਕਹਿੰਦਾ, ਮੈਂ ਸਕੇਤ ਮੰਡੀ ਜਾਣਾ ਹੈ। ਪਰ ਬੱਚੇ ਘਰਵਾਲੀ ਕੋਈ ਨਹੀਂ ਮੰਨਦਾ। ਬਥੇਰਾ ਉਨ੍ਹਾਂ ਨੂੰ ਕਹਿੰਦਾ ਹੈ।

ਅਖੀਰ ਗੁਰੂ ਮਹਾਰਾਜ ਆ ਗਏ। ਮਹਾਰਾਜ ਕਹਿਣ ਲੱਗੇ, ਕੀ ਗੱਲ ਭਾਈ, ਤੁਸੀਂ ਰਾਜੇ ਨੂੰ ਕਿਉਂ ਘੇਰਿਆ? ਕਹਿੰਦੇ, ਸੱਚੇ ਪਾਤਸ਼ਾਹ! ਇਹ ਤਾਂ ਫਲਾਣਾ ਰਾਮ ਹੈ ਤੇ ਇਹ ਸਾਂਝੀ ਸੀਗਾ ਮੇਰਾ ਵਿਚਾਲੇ ਛੱਡ ਕੇ ਨੱਠ ਗਿਆ।

ਮਹਾਰਾਜ ਕਹਿੰਦੇ, ਦੇਖੋ ਵਿਚਾਰ ਨਾਲ ਗੱਲ ਕਰੀਦੀ ਹੈ। ਇਕ ਸ਼ਕਲ ਦੇ ਦੋ ਬੰਦੇ ਹੋ ਸਕਦੇ ਨੇ, ਪ੍ਰਭੂ ਦੀ ਦੁਨੀਆਂ 'ਚ ਐਸੀ ਬਾਤ ਨਹੀਂ।

ਕਹਿੰਦੇ, ਸੱਚੇ ਪਾਤਸ਼ਾਹ! ਅਸੀਂ ਇਹਨੂੰ ਬਿਲਕੁਲ ਪਛਾਣਦੇ ਹਾਂ, ਇਹਦਾ ਬੋਲ ਵੀ ਪਛਾਣਦੇ ਹਾਂ। ਮਹਾਰਾਜ ਕਹਿੰਦੇ, ਤੁਹਾਡਾ ਮੁਰਦਾ ਸਾੜਿਆ ਸੀ ਕਿ ਦੱਬਿਆ ਸੀ? ਕਹਿੰਦੇ, ਦੱਬਿਆ ਸੀ। ਕਹਿੰਦੇ, ਫੇਰ ਕਬਰ ਪੁੱਟ

ਲਓ। ਜੇ ਤਾਂ ਨਿਕਲ ਆਇਆ, ਫੇਰ ਤਾਂ ਤੁਹਾਡਾ ਬੰਦਾ ਇਥੇ ਹੈ, ਜੇ ਨਾ ਨਿਕਲਿਆ ਫੇਰ ਇਹ ਤੁਹਾਡਾ ਬੰਦਾ ਹੈ। ਡਰ ਗਿਆ ਰਾਜਾ। ਕਹਿਣ ਲੱਗਿਆ, ਮੇਰਾ ਤਾਂ ਖਹਿੜਾ ਹੀ ਨਹੀਂ ਛੱਡਣਾ ਇਨ੍ਹਾਂ ਨੇ। ਮੈਂ ਆਪ ਬਾਦਸ਼ਾਹ ਹਾਂ, ਮਹਾਰਾਜ ਨੇ ਵੀ ਕਹਿ ਦਿੱਤਾ।

ਅਰਦਾਸਾਂ ਕਰਦਾ ਹੈ ਕਿ ਮੈਂ ਕਬਰ ਵਿਚੋਂ ਨਿਕਲ ਆਵਾਂ, ਜਿਹੜਾ ਕਬਰ 'ਚ ਦੱਬਿਆ ਸੀ। ਜਦੋਂ ਕਬਰ ਪੁੱਟੀ ਤਾਂ ਵਿਚ ਪਿਆ ਹੈ, ਪੂਰੀ ਤਰ੍ਹਾਂ ਨਿਰਣਾ ਕੀਤਾ ਕਿ ਕੋਈ ਹੋਰ ਹੀ ਨਾ ਕੋਈ ਮਾਰ ਕੇ ਦੱਬ ਗਿਆ ਹੋਵੇ। ਕਹਿੰਦੇ, ਠੀਕ ਹੈ ਮਹਾਰਾਜ। ਸ਼ਕਲ ਰਲ ਗਈ, ਸਾਨੂੰ ਮਾਫੀ ਦੇ ਦਿਓ। ਵਾਪਸ ਆ ਗਏ। ਵਾਪਸ ਆਏ ਹੋਏ, ਮਹਾਰਾਜ ਇਕ ਚੰਗੇ ਥਾਂ ਬੈਠ ਗਏ। ਕਹਿਣ ਲੱਗੇ, ਰਾਜਨ! ਕੀ ਸੋਚਦਾ ਹੈਂ? ਕਹਿਣ ਲੱਗਿਆ, ਸੱਚੇ ਪਾਤਸ਼ਾਹ! ਉਹ ਵੀ ਸੱਚ ਸੀ ਇਹ ਵੀ ਸੱਚ ਸੀ। ਕਹਿੰਦੇ, ਠੀਕ ਹੈ ਇਹ ਵੀ ਸੱਚ ਸੀ, ਉਹ ਵੀ ਸੱਚ ਸੀ ਪਰ ਇਹ ਦੋਵੇਂ ਸੁਪਨੇ ਨੇ -

***ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ ॥***

***ਅੰਗ - 482***

ਇਹ ਵੀ ਸੁਪਨਾ ਹੈ ਜਿਹੜਾ ਰਾਤ ਨੂੰ ਸੁਪਨਾ ਆਉਂਦਾ ਹੈ ਉਹ ਵੀ ਸੁਪਨਾ ਹੈ। ਸੁਪਨੇ ਵਿਚ ਹੀ ਅਸੀਂ ਪਏ ਹਾਂ -

***ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥***
***ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥***
***ਆਰਜਾ ਗਈ ਵਿਹਾਇ ਧੰਧੈ ਧਾਇਆ ॥***
***ਪੂਰਨ ਭਏ ਨ ਕਾਮ ਮੋਹਿਆ ਮਾਇਆ ॥***
***ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥ ਅੰਗ- 707***

ਸੋ ਮਹਾਰਾਜ ਇਹਨੂੰ ਸੁਪਨਾ ਦਸਦੇ ਨੇ। ਮਹਾਰਾਜ ਕਹਿਣ ਲੱਗੇ, ਰਾਜਨ! ਕੱਲ੍ਹ ਕੀ ਯਾਦ ਆਇਆ ਸੀ ਜਦੋਂ ਤੂੰ ਮੱਥਾ ਟੇਕਿਆ। ਸੱਚੋ ਸੱਚ ਦੱਸ। ਕਹਿਣ ਲੱਗਿਆ, ਮਹਾਰਾਜ! ਮੇਰੇ ਮਨ 'ਚ ਖਿਆਲ ਆਇਆ ਸੀ, ਆਪ ਦੀ ਬਾਣੀ ਵਿਚ ਆ ਗਿਆ ਸੀ ਕਿ -

***'ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ॥***
***ਆਪੇ ਕਾਰਣੁ ਜਿਨਿ ਕੀਆ ਕਰਿ ਕਿਰਪਾ ਪਗੁ ਧਾਰਿ॥***

***ਅੰਗ - 937***

***ਗੁਰ ਕੈ ਭਾਣੈ ਜੋ ਚਲੈ ਸਭਿ ਦੂਖ ਨਿਵਾਰਣਹਾਰਿ ॥***
***ਲਿਖਿਆ ਮੇਟਿ ਨ ਸਕੀਐ ਜੋ ਧੁਰਿ ਲਿਖਿਆ ਕਰਤਾਰਿ ॥***

***ਅੰਗ - 89***

ਮਹਾਰਾਜ ਨੇ ਕਿਹਾ ਕਿ ਮਿਟਦਾ ਤਾਂ ਹੈ ਨਹੀਂ ਰਾਜਨ! ਵੱਡਿਆਂ-ਵੱਡਿਆਂ ਦਾ ਨਹੀਂ ਮਿਟਿਆ। ਜ਼ੋਰ ਲਾ ਲਿਆ-

***ਰਾਜਾ ਜਨਮੇਜਾ ਦੇ ਮਤੀਂ ਬਰਜਿ ਬਿਆਸਿ ਪੜ੍ਹਾਇਆ ॥***
***ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ ॥***

***ਅੰਗ - 1344***

ਲਿਖਿਆ ਹੋਇਆ ਲੇਖ ਨਾ ਮਿਟ ਸਕਿਆ। ਕਹਿੰਦੇ, ਲੇਖ ਜਿਹੜਾ ਹੈ ਉਹ ਇਸ ਤਰ੍ਹਾਂ ਨਹੀਂ ਮਿਟਦਾ। ਪਰ ਲੇਖ ਮਿਟਾਉਣ ਦੀ Veto power (ਸਮਰਥਾ) ਸੰਤਾਂ ਨੂੰ ਦਿਤੀ ਹੋਈ ਹੈ। ਦਿਆਲੂ ਹੋ ਜਾਣ ਲੇਖ ਮਿਟਾ ਦਿੰਦੇ ਹਨ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਧੂੜੀ ਸੰਤਾਂ ਦੀ ਲੇਖ ਮਿਟਾਵੇ-ਲੇਖ ਮਿਟਾਵੇ।***

ਸੰਤਾਂ ਦੀ ਧੂੜੀ ਜੇ ਉਪਰ ਪੈ ਜਾਵੇ ਲੇਖ ਮਿਟ ਜਾਇਆ ਕਰਦਾ ਹੈ ਕਿਉਂਕਿ ਵੀਟੋ ਪਾਵਰ ਹੈ ਸੰਤਾਂ ਕੋਲ। ਪ੍ਰਮੇਸ਼ਰ ਇਹ ਕਹਿੰਦਾ ਹੈ ਕਿ ਜੇ ਮੇਰਾ ਕੀਤਾ ਹੋਇਆ ਜੇ ਕੋਈ ਮਿਟਾ ਸਕਦਾ ਹੈ ਤਾਂ ਮੇਰੇ ਪਿਆਰੇ ਮਿਟਾ ਦਿੰਦੇ ਨੇ, ਮੈਨੂੰ ਉਨ੍ਹਾਂ ਕੋਲ ਜਵਾਬ ਨਹੀਂ ਆਉਂਦਾ ਕੋਈ। -

***ਜੋ ਕਿਛੁ ਕਰੈ ਸੋਈ ਪ੍ਰਭ ਮਾਨਹਿ***
***ਓਇ ਰਾਮ ਨਾਮ ਰੰਗਿ ਰਾਤੇ ॥*** ***ਅੰਗ - 748***

ਜਿਹੜੇ ਪਿਆਰ ਦੇ ਵਿਚ ਰੱਤੇ ਪਏ ਮੇਰੇ, ਉਹ ਮੇਰੀਆਂ ਕੀਤੀਆਂ ਨੂੰ ਮਿਟਾਉਣ ਦੀ ਤਾਕਤ ਰਖਦੇ ਨੇ। ਇਸ ਤਰ੍ਹਾਂ ਕਹਿੰਦੇ ਨੇ -

***ਧਾਰਨਾ - ਮੇਰੀ ਬੰਨ੍ਹੀਂ ਹੋਈ ਭਗਤ ਛੁਡਾਉਂਦੇ ਨੇ,***
***ਭਗਤਾਂ ਦੀ ਬੰਨ੍ਹੀਂ ਨਾ ਛੁਟਦੀ।***

***ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈ ਮੋਹਿ ॥***
***ਏਕ ਸਮੈ ਮੋ ਕਉ ਗਹਿ ਬਾਂਧੈ***
***ਤਉ ਫੁਨਿ ਮੋ ਪੈ ਜਬਾਬੁ ਨ ਹੋਇ ॥*** ***ਅੰਗ- 1253***

ਸੋ ਕਹਿੰਦੇ, ਰਾਜਨ! ਐਸੀ ਬਾਤ ਨਹੀਂ ਹੈ। ਵਾਹਿਗੁਰੂ ਨੇ ਵੀਟੋ ਪਾਵਰ ਦਿਤੀ ਹੋਈ ਹੈ ਗੁਰੂ ਨੂੰ ਤੇ ਆਪਣੇ ਪਿਆਰਿਆਂ ਨੂੰ, ਉਹ ਲੇਖ ਮਿਟਾ ਦਿੰਦੇ ਨੇ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ ਰਾੜਾ ਸਾਹਿਬ) ਮੁਰਾਦਾਬਾਦ ਚਲੇ ਗਏ, ਚੰਡੀਗੜ੍ਹ ਤੋਂ ਦੀਵਾਨ ਲਾ ਕੇ, ਉਥੇ ਰਮੇਸ਼ ਕੁਮਾਰ ਸਾਹੂ ਹੈ, ਜਾ ਰਹੇ ਸੀ ਭੀਮ ਤਾਲ ਨੂੰ ਤਾਂ ਉਥੇ ਰੋਕ ਲਏ। ਭਾਈ ਸੁਰਜੀਤ ਸਿੰਘ ਖੇੜਾ ਸੀ ਉਹ ਕਹਿਣ ਲੱਗਿਆ ਸਾਹੂ ਨੂੰ ਕਿ ਅੱਜ ਮੰਗ ਲੈ, ਤੇਰੇ ਘਰ ਪੂਰਨ ਪੁਰਸ਼ ਆਏ ਹੋਏ ਨੇ। ਲੇਖ ਮਿਟਾ ਦੇਣਗੇ। ਖੁਸ਼ੀ ਹੋਈ, ਚਾਰ ਵਜੇ ਜਾਣ ਲੱਗੇ ਮਹਾਰਾਜ ਜੀ ਤਾਂ ਦੋਵੇਂ ਜਣੇ ਇਸ਼ਨਾਨ ਕਰਕੇ ਆ ਗਏ। ਉਹਦੀ ਰਾਣੀ ਵੀ ਤੇ ਆਪ ਵੀ। ਘਾਹ ਹੱਥ ਵਿਚ ਫੜਿਆ ਹੋਇਆ ਹੈ, ਕਿਉਂਕਿ ਮੰਗਣ ਦੀ ਜਾਚ ਹੁੰਦੀ ਹੈ। ਸੰਤਾਂ ਕੋਲੋਂ ਮੰਗਣ ਦੀ ਜਾਚ ਹੁੰਦੀ ਹੈ ਸਾਧਸੰਗਤ ਜੀ! ਕਿਸੇ-ਕਿਸੇ ਨੂੰ ਹੀ ਆਉਂਦੀ ਹੈ। ਪਹਿਲਾਂ ਉਨ੍ਹਾਂ ਨੂੰ ਪਿਘਲਾ ਲਓ ਕਿਸੇ ਤਰੀਕੇ ਨਾਲ, ਪਿਘਲ ਜਾਣ। ਫੇਰ ਜਦੋਂ ਉਹ ਬਚਨ ਕਰ ਦੇਣਗੇ ਉਹ ਪਾਰ ਜਾਂਦਾ ਹੈ। ਜੇ ਕਹੋ ਕਿ ਮੇਰਾ ਬਚਨ ਕਰੋ, ਮੇਰਾ ਬਚਨ ਕਰੋ। ਸੰਤਾਂ ਨੇ ਕਿਸੇ ਦਾ ਕਰਜ਼ਾ ਦੇਣਾ ਹੈ। ਐਨਾ ਬੋਝ ਚੁੱਕਣ। ਉਨ੍ਹਾਂ ਦਾ ਕੰਮ ਤਾਂ ਨਾਮ ਜਪਣਾ, ਜਪਾਉਣਾ

ਹੁੰਦਾ ਹੈ। ਉਹ ਕਰੀ ਜਾਂਦੇ ਨੇ।

ਜਦੋਂ ਮਹਾਰਾਜ ਜੀ ਨੇ ਦੇਖਿਆ ਕਿ ਘਾਹ ਹੱਥਾਂ 'ਚ ਫੜੀ ਆਉਂਦੇ ਨੇ, ਗਲ 'ਚ ਉਨ੍ਹਾਂ ਨੇ ਪੱਲੇ ਪਾਏ ਹੋਏ ਨੇ, ਆ ਕੇ ਸਾਮ੍ਹਣੇ ਖੜ੍ਹੇ ਹੋ ਗਏ। ਮੁਸਕਰਾ ਪਏ ਮਹਾਰਾਜ ਜੀ, ਕਹਿੰਦੇ ਕੀ ਗੱਲ ਭਾਈ, ਕੌਣ ਨੇ ਇਹ? ਸੇਵਾਦਾਰ ਨੇ ਦੱਸਿਆ ਕਿ ਇਸ ਕੋਠੀ ਵਾਲੇ ਨੇ ਰਾਜਾ ਰਮੇਸ਼ ਕੁਮਾਰ, ਇਹ ਕਈ ਪਿੰਡਾ ਦਾ ਰਾਜਾ ਸੀ ਇਥੇ ਕੋਟ ਦੁਆਰ 'ਚ, ਐਮ.ਐਲ.ਏ ਵੀ ਰਿਹਾ ਹੈ, ਐਮ.ਪੀ ਵੀ ਰਿਹਾ ਹੈ।

ਕਹਿਣ ਲੱਗਿਆ, ਮਹਾਰਾਜ! ਲੜਕੀ ਦੀ ਉਮਰ 25 ਸਾਲ ਦੀ ਹੋ ਗਈ। ਬਾਅਦ 'ਚ ਕੋਈ ਉਲਾਦ ਨਹੀਂ ਹੋਈ। ਜੋੜੀ ਬਣਾ ਦਿਓ। ਮੈਂ ਤੁਹਾਡੇ ਸੇਵਕਾਂ ਤੋਂ ਸੁਣਿਆ ਹੈ ਕਿ ਮਹਾਂਪੁਰਸ਼ਾਂ 'ਚ ਸ਼ਕਤੀ ਹੁੰਦੀ ਹੈ ਕਿ ਜੇ ਲਿਖਿਆ ਨਾ ਹੋਵੇ ਤਾਂ ਲੇਖ ਲਿਖ ਦਿੰਦੇ ਨੇ। ਮਹਾਰਾਜ ਜੀ ਕਹਿੰਦੇ, ਲੇਖ ਤਾਂ ਹੈ ਨਹੀਂ ਤੇਰਾ। ਕਹਿੰਦਾ, ਸੱਚੇ ਪਾਤਸ਼ਾਹ! ਤੁਸੀਂ ਕੁਛ ਕਰੋ। ਮਹਾਰਾਜ ਜੀ ਨੂੰ ਦਇਆ ਆ ਗਈ। ਕਹਿੰਦੇ ਕੀ ਕਰਿਆ ਹੈ ਅੱਜ ਤੱਕ ਤੂੰ ਪੁੱਤਰ ਪ੍ਰਾਪਤੀ ਵਾਸਤੇ? ਕਹਿਣ ਲੱਗਿਆ, ਮਹਾਰਾਜ! ਮੈਂ 68 ਤੀਰਥਾਂ ਤੇ ਜਾ ਕੇ ਵਿਧੀ ਪੂਰਵਕ ਦਾਨ ਦਿਤਾ ਤੇ ਯੱਗ ਕਰੇ। ਸੰਤ ਮੰਡਲੀਆਂ ਘਰ ਬੁਲਾ ਕੇ ਸਾਰੀ-ਸਾਰੀ ਰਾਤ ਦਾ ਜਗਰਾਤਾ ਕਰਾ ਕੇ ਕੀਰਤਨ ਕਰਾਏ ਤੇ ਮੈਨੂੰ ਇਕ ਸੰਤ ਲਗਾ ਗਿਆ ਸੀ ਕਿ ਵਿਸ਼ਨੂੰ ਜੀ ਦੀ ਉਪਾਸ਼ਨਾ ਕਰਿਆ ਕਰ, ਉਹ ਤੈਨੂੰ ਪੁੱਤਰ ਦੀ ਦਾਤ ਦੇ ਦੇਣਗੇ। ਮੇਰੀ ਝੋਲੀ ਅਜੇ ਤੱਕ ਖਾਲੀ ਹੈ, 25 ਸਾਲ ਦਾ ਲੱਗਿਆ ਹੋਇਆ ਹਾਂ। ਆਸ ਮੈਂ ਛੱਡੀ ਨਹੀਂ। ਮੇਰੀ ਉਮਰ 50 ਸਾਲ ਤੋਂ ਉਤੇ ਹੋ ਗਈ ਹੈ। ਮਹਾਰਾਜ ਕਹਿੰਦੇ, ਦੇਖ, ਫਕੀਰ ਦੀ ਹੁੰਦੀ ਹੈ ਦੁਆ, ਤੂੰ ਵੀ ਅਰਦਾਸ ਕਰ, ਅਸੀਂ ਵੀ ਅਰਦਾਸ ਕਰਦੇ ਹਾਂ। ਤੂੰ ਜਿੱਥੇ ਵਿਸ਼ਨੂੰ ਦੀ ਫੋਟੋ ਰੱਖੀ ਹੈ, ਗੁਰੂ ਨਾਨਕ ਸਾਹਿਬ ਦੀ ਰੱਖ ਲੈ। ਉਪਾਸ਼ਨਾ ਜਿਵੇਂ ਤੇਰੇ ਧਰਮ 'ਚ ਹੈ ਉਸ ਤਰ੍ਹਾਂ ਕਰੀ ਜਾਹ। ਦਸ ਮਹੀਨੇ ਬਾਅਦ ਪੁੱਤਰ ਹੋ ਗਿਆ ਸਾਧਸੰਗਤ ਜੀ। ਲੇਖ ਮਿਟਾ ਦਿਤਾ।

ਇਕ ਮਹਾਤਮਾ ਸੀ, ਜਿਹੜਾ ਕਿਲ੍ਹਾ ਹੈ ਸਮਨ ਬੁਰਜ, ਉਸ ਸ਼ਾਹੀ ਕਿਲ੍ਹੇ ਦੇ ਦਰਵਾਜ਼ੇ 'ਚ ਬੈਠਿਆ ਕਰਦੇ ਸੀ। ਮਾਨਤਾ ਬਹੁਤ ਜ਼ਬਰਦਸਤ ਸੀ। ਉਥੇ ਇਕ ਬੀਬੀ ਆਇਆ ਕਰਦੀ ਸੀ। ਸੇਵਾ ਕਰਿਆ ਕਰਦਾ ਸੀ, ਮਹਾਂਪੁਰਸ਼ ਚੰਗੀ ਤਰ੍ਹਾਂ ਉਸ ਨੂੰ ਜਾਣਦੇ ਸੀ। ਬੜੀ ਸਤਵੰਤੀ ਤੇ ਪਤੀਵਰਤਾ ਇਸਤ੍ਰੀ ਸੀ। ਇਕ ਵਾਰੀ ਉਹਦਾ ਘਰਵਾਲਾ ਦੂਰ ਵਪਾਰ ਕਰਨ ਵਾਸਤੇ ਚਲਿਆ ਗਿਆ, ਮਹਾਂਪੁਰਸ਼ਾਂ ਤੋਂ ਅਸ਼ੀਰਵਾਦ ਲੈ ਕੇ, ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰਿਓ, ਬੱਚਿਆਂ ਦੇ ਉਤੇ ਨਿਗ੍ਹਾ ਰੱਖਿਓ। ਉਸ ਦੀ ਇਸਤ੍ਰੀ ਇਕ ਦਿਨ ਕੇਸੀ ਨਹਾ ਕੇ ਕੋਠੇ ਦੇ ਉਤੇ ਖੜ੍ਹੀ ਕੇਸ ਹਰੇ ਕਰਦੀ ਸੀ। ਉਧਰੋਂ ਬਾਦਸ਼ਾਹ ਕੁਦਰਤੀ ਆਪਣੇ ਕਿਲ੍ਹੇ ਦੀ ਛੱਤ 'ਤੇ

ਚੜ੍ਹ ਗਿਆ, ਉਹਦੀ ਨਿਗ੍ਹਾ ਪੈ ਗਈ। ਮਨ ਦੇ ਅੰਦਰ ਬੁਰਿਆਈ ਉਠ ਖੜ੍ਹੀ ਕਿ ਇਹ ਮੇਰੀ ਬੇਗਮ ਚਾਹੀਦੀ ਹੈ, ਹਿੰਦੂ ਕੋਲ ਕਿਉਂ ਹੈ ਇਹ। ਬੁਲਾ ਕੇ ਕਾਜ਼ੀ ਨੂੰ ਪੁੱਛਿਆ ਕਿ ਕਾਜ਼ੀ ਸਾਹਿਬ ਉਹ ਕੌਣ ਹੈ? ਜੀ ਕੋਈ ਹਿੰਦੂ ਇਸਤ੍ਰੀ ਹੈ? ਕਹਿਣ ਲੱਗਿਆ, ਇਹ ਮੇਰੇ ਮਹਿਲਾਂ 'ਚ ਹੋਣੀ ਚਾਹੀਦੀ ਹੈ। ਵਜ਼ੀਰ ਨੂੰ ਕਹਿ ਦਿਤਾ ਕਿ ਇਸਨੂੰ ਫੜ ਕੇ ਲੈ ਆਉਣ। ਵਜ਼ੀਰ ਸਿਆਣਾ ਸੀ ਕਹਿਣ ਲੱਗਿਆ, ਮਹਾਰਾਜ! ਪਰਜਾ 'ਤੇ ਰਾਜ ਕਰਨਾ ਸੁਖਾਲਾ ਨਹੀਂ ਹੁੰਦਾ। ਪਰਜਾ ਨੂੰ ਭਰੋਸੇ 'ਚ ਲੈ ਕੇ ਰਾਜਾ ਰਾਜ ਕਰੇ ਤਾਂ ਰਾਜਾ ਬਹੁਤ ਚਿਰ ਚਲਦਾ ਹੈ। ਇਹ ਜੇ ਤੁਸੀਂ ਮੰਦ ਕਰਮ ਕਰ ਲਿਆ ਤੁਹਾਡੀ ਬਦਨਾਮੀ ਹੋ ਜਾਏਗੀ। ਕਹਿਣ ਲੱਗਿਆ, ਫੇਰ ਕੋਈ ਹੋਰ ਇਲਾਜ ਕੀ ਹੈ? ਕਹਿਣ ਲੱਗੇ, ਸਾਡੇ ਕੋਲ ਇਲਾਜ ਹੋਰ ਮੰਤ੍ਰ ਦਾ ਹੈਗਾ। ਕਾਜ਼ੀ ਕਹਿਣ ਲੱਗਿਆ, ਮੈਂ ਮੰਤਰ ਜਾਣਦਾ ਹਾਂ, ਮੇਰੇ ਕੋਲ ਮੋਹਣੀ ਮੰਤਰ ਹੈ, ਵਸੀਕਰਨ, ਇਹ ਮੈਂ ਪੜ੍ਹ ਦੇਵਾਂਗਾ, ਇਹ ਤੁਹਾਡੇ ਮੰਜੇ ਦੇ ਪਾਵੇ ਥੱਲੇ ਜਿਉਂ-ਜਿਉਂ ਮੈਂ ਦੱਬਾਂਗਾ, ਉਹ ਤਿਉਂ-ਤਿਉਂ ਏਧਰ ਨੂੰ ਆਈ ਜਾਏਗੀ। ਸਿਪਾਹੀ ਭੇਜ ਕੇ ਸੁਨੇਹਾ ਭੇਜ ਦਿਤਾ ਕਿ ਤੈਨੂੰ ਬਾਦਸ਼ਾਹ ਬੁਲਾਉਂਦਾ ਹੈ, ਉਥੇ ਜਾਣਾ ਪਵੇਗਾ ਤੈਨੂੰ। ਉਹ ਕਹਿਣ ਲੱਗੀ, ਮੈਂ ਪਤੀਵਰਤਾ ਇਸਤ੍ਰੀ ਹਾਂ, ਮੈਂ ਮਰਨਾ ਚੰਗਾ ਸਮਝਦੀ ਹਾਂ, ਆਪਣਾ ਧਰਮ ਗਵਾਉਣ ਨਾਲੋਂ। ਕਹਿੰਦਾ, ਦੇਖ ਲੈ ਫੇਰ ਤੇਰੇ ਆਦਮੀ ਨੂੰ ਮਰਵਾ ਦੇਵਾਂਗੇ, ਤੇਰੇ ਪੁੱਤਰਾਂ ਨੂੰ ਮਰਵਾ ਕੇ ਜਾਇਦਾਦ ਜ਼ਬਤ ਕਰ ਲਈ ਜਾਵੇਗੀ। ਫੇਰ ਵੀ ਤਾਂ ਨੱਠੀ ਫਿਰੇਂਗੀ। ਉਹ ਕਹਿੰਦੀ ਜੋ ਮਰਜ਼ੀ ਕਰ ਲਓ, ਮੈਂ ਇਹੋ ਜਿਹਾ ਮੰਦ ਕਰਮ ਨਹੀਂ ਕਰਨਾ। ਅਖੀਰ ਉਹ ਕਹਿ ਕੇ ਚਲੇ ਗਏ। ਏਧਰ ਇਹ ਮੰਤਰ ਪੜ੍ਹਨ ਲਗ ਗਏ। ਮੰਤਰ ਪੜ੍ਹ ਕੇ ਜਦੋਂ ਪਹਿਲੇ ਪਾਵੇ ਥੱਲੇ ਦੱਬਿਆ, ਉਹਦੇ ਮਨ 'ਚ ਖਿਆਲ ਆਇਆ ਕਿ ਕਿਤੇ ਸੱਚੀਓਂ ਨਾ ਮੇਰੇ ਪਤੀ ਨੂੰ ਮਰਵਾ ਦੇਵੇ। ਬੱਚਿਆਂ ਨੂੰ ਮਰਵਾ ਦੇਵੇ। ਇਹ ਤਾਂ ਬੜੀ ਸਮੱਸਿਆ ਹੋ ਗਈ। ਹੁਣ ਤਾਂ ਮੈਨੂੰ ਧਰਮ ਤਿਆਗਣਾ ਪੈਣਾ ਹੈ। ਜਦੋਂ ਦੂਸਰੇ ਪਾਵੇ ਥੱਲੇ ਮੰਤਰ ਉਨ੍ਹਾਂ ਨੇ ਰੱਖਿਆ ਇਹ ਵਸਤਰ ਬਦਲਣ ਲਗ ਗਈ, ਕੇਸ ਵਾਹੁੰਣ ਲਗ ਗਈ। ਜਦੋਂ ਤੀਸਰੇ ਪਾਵੇ ਥੱਲੇ ਰੱਖਿਆ, ਤਿਆਰ ਹੋ ਕੇ ਬਾਹਰ ਆ ਗਈ, ਸੋਚਦੀ ਹੈ ਜਾਵਾਂ ਕਿ ਨਾ ਜਾਵਾਂ। ਜਦੋਂ ਚੌਥੇ ਪਾਵੇ ਹੇਠਾਂ ਮੰਤਰ ਦੱਬਿਆ ਤਾਂ ਇਕ ਦਮ ਘਰੋਂ ਤੁਰ ਪਈ। ਰਸਤੇ ਵਿਚ ਸੰਤ ਸਤਿਸੰਗ ਕਰ ਰਹੇ ਸੀ, ਮਨ 'ਚ ਖਿਆਲ ਆਇਆ, ਮਸਤਕ ਨਿਵਾ ਜਾਵਾਂ, ਜਾਂਦੀ-ਜਾਂਦੀ। ਉਸ ਵੇਲੇ ਜਾ ਕੇ ਜਦੋਂ ਮਸਤਕ ਨਿਵਾਇਆ ਤਾਂ ਸੰਤ ਕਹਿੰਦੇ, ਬੇਟੀ! ਤੇਰਾ ਪਤੀ ਤਾਂ ਬਾਹਰ ਗਿਆ ਹੋਇਆ ਹੈ, ਐਨੇ ਹਾਰ-ਸ਼ਿੰਗਾਰ ਲਾ ਕੇ ਕਿੱਧਰ ਜਾ ਰਹੀ ਹੈਂ। ਇਸਨੇ ਕਿਹਾ ਕਿ ਮਹਾਰਾਜ! ਮੇਰਾ ਮਨ ਬੁਰਿਆਈ 'ਚ ਆ ਗਿਆ, ਸਾਰੀ ਗੱਲ ਦੱਸੀ। ਉਹ ਕਹਿੰਦੇ ਕਿ ਤੈਨੂੰ ਮੰਤਰ ਦੇ ਬਲ ਨਾਲ ਖਿੱਚਿਆ ਜਾ ਰਿਹਾ ਹੈ। ਉਰ੍ਹੇ ਆ, ਪੈਰ ਰੱਖੀਂ ਬੈਠੇ ਸੀ ਹੇਠਾਂ ਕੱਚੀ ਧਰਤੀ ਸੀ, ਉਥੋਂ ਚੁਟਕੀ ਭਰੀ ਮੱਥੇ 'ਤੇ ਮਲ

ਦਿਤੀ। ਕਹਿੰਦੇ, ਜਾਹ, ਮੌਜ ਕਰ। ਤੇਰੇ ਵਲ ਕੋਈ ਝਾਕ ਵੀ ਨਹੀਂ ਸਕੇਗਾ। ਕਹਿਣ ਲੱਗੀ, ਬਾਬਾ ਜੀ! ਕੀ ਗੱਲ? ਕਹਿੰਦੇ, ਤੇਰੇ ਮੱਥੇ 'ਚ ਇਕ ਲੇਖ ਲਿਖਿਆ ਹੋਇਆ ਸੀ ਤੂੰ ਪਤਿਤ ਹੋਣਾ ਸੀ ਧਰਮ ਤੋਂ, ਜਾਹ ਤੇਰਾ ਲੇਖ ਮਿਟਾ ਦਿਤਾ।

ਸੋ ਬੀਬੀ ਕਹਿਣ ਲੱਗੀ, ਪਾਤਸ਼ਾਹ! ਲੇਖ ਤਾਂ ਲਿਖੇ ਹੋਏ ਨੇ। ਕ੍ਰਿਪਾ ਕਰੋ, ਉਥੇ ਵੀ ਤੁਸੀਂ ਲਿਖਣ ਵਾਲੇ ਓਂ, ਇਥੇ ਵੀ ਤੁਸੀਂ ਲਿਖਣ ਵਾਲੇ ਓਂ। ਤੁਸੀਂ ਕ੍ਰਿਪਾ ਕਰੋ ਮੇਰੇ ਮੱਥੇ 'ਤੇ ਇਹੋ ਜਿਹਾ ਲੇਖ ਲਿਖ ਦਿਓ। ਪੜ੍ਹੋ ਪਿਆਰ ਨਾਲ –

***ਧਾਰਨਾ – ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਐਸੇ ਲੇਖ ਲਿਖਦੇ ਮਾਲਕਾ।***

ਪਾਤਸ਼ਾਹ! ਦੋਹੀਂ ਥਾਂਈਂ ਤੂੰ ਲਿਖਣਹਾਰਾ ਹੈਂ। ਮਾੜੇ ਲੇਖ ਨੇ ਮੇਰੇ ਕ੍ਰਿਪਾ ਕਰਕੇ ਸਿੱਧੇ ਕਰ ਦਿਓ। ਮਹਾਰਾਜ ਜੀ ਅੰਤਰਮੁਖ ਹੋ ਗਏ, ਨੇਤਰਾਂ 'ਚੋਂ ਜਲ ਜਾਣ ਲੱਗ ਗਿਆ ਕਿ ਬੀਬੀਆਂ ਨਾਲ ਕਿੰਨਾ ਨਜਾਇਜ਼ ਧੱਕਾ ਹੁੰਦਾ ਹੈ।

ਕਿੱਥੇ ਪੈਦਾ ਹੁੰਦੀਆਂ ਹਨ, ਕਿੱਥੇ ਜਾ ਕੇ ਸੁੱਟ ਦਿਤੀਆਂ ਜਾਂਦੀਆਂ ਹਨ। ਕਿਵੇਂ ਵਿਚਾਰੀਆਂ ਤੜਫਦੀਆਂ ਫਿਰਦੀਆਂ ਨੇ। ਬਾਬਾ ਜੀ ਮੇਰਾ ਪਤੀ ਸ਼ਰਾਬ ਪੀਂਦਾ ਹੈ, ਬਾਬਾ ਜੀ ਮੇਰੇ ਪਤੀ ਨੇ ਸਭ ਕੁਛ ਗਵਾ ਦਿਤਾ, ਜ਼ਮੀਨ ਗਹਿਣੇ ਕਰ ਦਿਤੀ, ਬੱਚੇ ਕੀ ਖਾਣਗੇ? ਪਸ਼ੂ ਵੀ ਵੇਚ ਦਿਤੇ, ਕੁਛ ਵੀ ਨਹੀਂ ਰਿਹਾ। ਲੇਖ ਹੀ ਬੜੇ ਮਾੜੇ ਲਿਖਾ ਕੇ ਲਿਆਈ ਹੈ। ਕੀ ਕਰਿਆ ਜਾਵੇ।

ਗੁਰੂ ਮਹਾਰਾਜ ਜੀ ਸਮਰੱਥ ਸੀ, ਉਸੇ ਵੇਲੇ ਮਹਾਰਾਜ ਜੀ ਨੇ ਬੀਬੀ ਨੂੰ ਕੋਲ ਬੁਲਾ ਲਿਆ। ਬੁਲਾ ਕੇ ਮਸਤਕ ਦੇ ਉਤੇ ਆਪਣਾ ਅਗੂੰਠਾ ਰੱਖ ਕੇ ਜਿਵੇਂ ਕੋਈ ਚੀਜ਼ ਮਲੀਦੀ ਹੈ ਇਸ ਤਰ੍ਹਾਂ ਲੇਖ ਮਲ ਦਿਤਾ। ਉਹ ਜਿਹੜਾ ਭਾਈ ਸਾਦਾ ਸੀ, ਉਹ ਆਪਣੇ ਲੜਕੇ ਨੂੰ ਕਹਿਣ ਲੱਗਿਆ, ਡੋਲੀ ਕਿੱਥੇ ਹੈ? ਉਹ ਕਹਿੰਦਾ, ਡੋਲੀ ਮੈਨੂੰ ਤਾਂ ਪਤਾ ਨਹੀਂ। ਕਹਿੰਦਾ, ਤੈਨੂੰ ਨਾਲ ਛੱਡਿਆ ਹੋਇਆ ਸੀ, ਤੂੰ ਘੋੜੇ 'ਤੇ ਨਾਲ ਚੜ੍ਹਿਆ ਹੋਇਆ ਸੀ, ਤੂੰ ਡੋਲੀ ਦੇ ਨਾਲ ਨਹੀਂ ਸੀ ਕੀ ਰਹਿਣਾ? ਜਾਹ, ਜਾ ਕੇ ਪਤਾ ਕਰ ਕਿੱਥੇ ਹੈ? ਉਸ ਵੇਲੇ ਵਾਪਸ ਆ ਗਿਆ, ਪੈੜ ਕੱਢੀ, ਪਤਾ ਲੱਗਿਆ ਕਿ ਉਥੇ ਗੁਰੂ ਦਾ ਦਰਬਾਰ ਹੈ ਉਥੇ ਗਈ ਹੈ। ਜਦੋਂ ਸਾਮ੍ਹਣੇ ਜਾ ਕੇ ਖੜ੍ਹ ਗਿਆ, ਮਹਾਰਾਜ ਕਹਿੰਦੇ, ਉਹਨੂੰ ਲਿਆਓ ਬੁਲਾ ਕੇ। ਸਾਮ੍ਹਣੇ ਬੁਲਾਇਆ, ਬੁਲਾ ਕੇ ਦ੍ਰਿਸ਼ਟੀ ਕਰ ਦਿਤੀ। ਨਦਰੋ ਨਦਰੀ ਨਿਹਾਲ ਕਰ ਦਿਤਾ। ਸਾਰੀ ਬੁਰਿਆਈ ਵਿਚੋਂ ਕੱਢ ਦਿਤੀ। ਨੇੜੇ ਬੁਲਾ ਲਿਆ, ਸੀਸ 'ਤੇ ਹੱਥ ਰੱਖ ਦਿਤਾ।

*ਧਾਰਨਾ - ਵਿਚੋਂ ਮਾਰ ਕੱਢੀਆਂ ਬੁਰਿਆਈਆਂ,*
*ਗੁਰਾਂ ਨੇ ਸਿਰ 'ਤੇ ਹੱਥ ਰੱਖ ਕੇ।*

*ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ*
*ਮਾਰਿ ਕਢੀਆ ਬੁਰਿਆਈਆ ॥ ਅੰਗ - 473*

ਮਾੜੇ ਲੇਖ ਸਾਰੇ ਹੀ ਮਿਟਾ ਦਿਤੇ। ਨਿਗ੍ਹਾ ਕਰ ਦਿਤੀ। ਚਰਨ ਫੜ ਲਏ ਉਸ ਨੇ। ਪਾਤਸ਼ਾਹ! ਸੁੱਤੇ ਭਾਗ ਜਾਗੇ ਨੇ, ਕ੍ਰਿਪਾ ਕਰੋ, ਕ੍ਰਿਪਾ ਕਰੋ ਮੇਰੇ ਉਤੇ। ਮਹਾਰਾਜ ਜੀ ਨੇ ਕਿਹਾ ਕਿ ਕਹੁ ਵਾਹਿਗੁਰੂ! ਕਹੁ ਵਾਹਿਗੁਰੂ! ਕਹੁ ਵਾਹਿਗੁਰੂ। ਵਾਹਿਗੁਰੂ ਕਹਿਣਾ ਕੀ ਸੀ, ਅਗੂੰਠੇ ਤੋਂ ਲੈ ਕੇ ਸਿਰ ਤੱਕ ਇਕ ਝਰਨਾਹਟ ਚੱਲੀ, ਇਕ ਚਾਨਣਾ ਹੋਇਆ, ਇਕ ਪ੍ਰਕਾਸ਼ ਹੋਇਆ, ਅਨਹਦ ਵਾਜਿਆਂ ਦੀਆਂ ਧੁਨੀਆਂ ਲਗ ਗਈਆਂ। ਪ੍ਰਕਾਸ਼ ਹੀ ਪ੍ਰਕਾਸ਼ ਹੋ ਗਿਆ। ਸਿੱਖ ਬਣਾ ਲਿਆ ਆਪ ਨੇ। ਕਹਿਣ ਲੱਗੇ, ਲੈ ਕਾਕਾ! ਇਹ ਮੇਰੀ ਪੁੱਤਰੀ ਹੈ। ਬਰਾਤ ਵੀ ਮੁੜ ਆਈ। ਪਿਉ ਹੈਰਾਨ ਹੋ ਗਿਆ, ਗੁਰੂ ਕੋਲ ਬੈਠਾ ਹੈ। ਗੁਰੂ ਮਹਾਰਾਜ ਨੇ ਉਹਦੇ ਉਤੇ ਵੀ ਕ੍ਰਿਪਾ ਕਰ ਦਿਤੀ। ਸਿੱਖੀ ਵਲ ਲਾ ਦਿਤਾ। ਸੋ ਕਿੰਨੇ ਵੱਡੇ ਸਿੱਖ ਹੋਏ, ਸਮਾਂ ਨਹੀਂ ਹੈ ਕਿ ਮੈਂ ਦਸ ਸਕਾਂ। ਘਰ ਵਿਚ ਸਿੱਖੀ ਆ ਗਈ, ਮਹਾਰਾਜ ਨੇ ਬਹੁਤ ਵਰਦਾਨ ਦਿਤੇ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਮੈਂ ਇਥੇ ਹੀ ਸਮਾਪਤ ਕਰਦਾ ਹਾਂ। ਸਾਰੇ ਪ੍ਰੇਮੀ ਜਿਹੜੇ ਹੁਣ ਤੱਕ ਨਹੀਂ ਬੋਲੇ ਉਹ ਵੀ ਆਪਣੀ ਰਸਨਾ ਪਵਿੱਤਰ ਕਰ ਲਓ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ।

# 7

# ਨਾਮ ਜਪਣ ਦੀ ਵਿਧੀ

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥ ਅੰਗ - 256*
*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - 289*

*ਧਾਰਨਾ - ਖੇਲ੍ਹੇ ਸੁਆਮੀ ਮੇਰਾ ਨਿਰਗੁਨ ਹੋ ਕੇ,*
*ਸਰਗੁਨ ਹੋ ਕੇ।*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - 290*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ ॥*
*ਅੰਗ- 537*

*ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,*
*ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥*
*ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,*
*ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥*
*ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,*
*ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥*
*ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,*
*ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥*
*ਤ੍ਵਪ੍ਰਸਾਦਿ ਕਬਿੱਤ*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਗਰਮ ਹਵਾ ਚਲ ਰਹੀ ਹੈ, ਧੁੱਪ ਹੈ। ਪਰ ਇਹ ਸਹਿਜ ਤਪ ਹੈ। ਜਿਸ ਦਾ ਫਲ ਜੇ ਨਿਰਾ ਧੁੱਪੇ ਬੈਠਿਆ ਜਾਵੇ, ਚਾਰ ਧੂਣੀਆਂ, ਚਾਰੇ ਪਾਸੇ ਲਾਈਆਂ ਜਾਣ। ਉਤੋਂ ਸੂਰਜ ਦੀ ਤਪਸ਼ ਪੂਰੀ ਤਾਕਤ ਦੇ ਨਾਲ ਪੈ ਰਹੀ ਹੋਵੇ। ਹੇਠਾਂ ਧਰਤੀ ਗਰਮ ਹੋਵੇ ਤਾਂ ਉਹਦਾ ਫਲ ਗਿਣਿਆ ਜਾਂਦੈ ਕਿ ਉਹਦਾ ਫਲ ਹੈ ਕੁਛ। ਕਿੰਨਾ ਕੁ ਫਲ ਹੈ? ਕਹਿਣ ਵਾਸਤੇ ਹੈ ਕਿ ਕੁਛ ਫਲ ਮਿਲ ਜਾਂਦੈ।

ਭਾਵਨਾ ਕੰਮ ਕਰਦੀ ਹੈ ਉਸ ਦੀ ਉਥੇ। ਲੇਕਿਨ ਜਿੱਥੇ ਆ ਕੇ ਮਹਾਰਾਜ ਨੇ ਫਲਾਂ ਦੀ ਗਿਣਤੀ ਕੀਤੀ ਹੈ, ਉਹ ਸਾਰਿਆਂ ਦੇ ਵਿਚੋਂ ਜੋ ਸ਼੍ਰੋਮਣੀ ਫਲ ਹੈ ਉਹ ਮਹਾਰਾਜ ਨੇ ਕਿਹੈ ਕਿ ਹਰੀ ਦਾ ਜਸ ਇਕ ਮਨ, ਇਕ ਚਿਤ ਹੋ ਕੇ ਜੇ ਸੰਗਤ ਕਰ ਰਹੀ ਹੋਵੇ। ਬਾਣੀ ਨੂੰ ਸੁਣੇ, ਵਿਚਾਰ ਨੂੰ ਸੁਣੇ, ਉਹਨੂੰ ਫੇਰ ਹਿਰਦੇ 'ਚ ਧਾਰ ਕੇ ਜੋ ਕਮਾਉਂਦਾ ਹੈ, ਇਰਾਦਾ ਬਣਾਉਂਦਾ ਹੈ ਕਿ ਮੈਂ ਕਮਾਉਂਗਾ, ਉਹਦੇ ਇਰਾਦੇ ਦਾ ਵੀ ਫਲ ਮਿਲ ਜਾਂਦੈ–

***ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥***

***ਅੰਗ– 546***

ਇਹਦੇ ਵਿਚ ਜਿਹੜੀ ਸ਼ਰਤ ਹੈ, ਉਹ ਹੋਰ ਥਾਂ ਦੇ ਉਤੇ ਗੁਰੂ ਮਹਾਰਾਜ ਨੇ ਖੋਲ੍ਹ ਕੇ ਦੱਸੀ ਹੋਈ ਹੈ। ਉਹ ਕਹਿੰਦੇ, ਆਉਂਦੇ ਤਾਂ ਹਨ ਸਾਰੇ –

***ਸੇਵਕ ਸਿਖ ਪੂਜਣ ਸਭਿ ਆਵਹਿ***
***ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥***
***ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ***
***ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥***

***ਅੰਗ– 669***

ਆਉਂਦੇ ਵੀ ਸਾਰੇ ਨੇ ਤੇ ਗਾਉਂਦੇ ਵੀ ਸਾਰੇ ਨੇ। ਜਿਨ੍ਹਾਂ ਨੇ ਤਾਂ ਗੁਰੂ ਦੀ ਆਗਿਆ ਨੂੰ ਸਤਿ ਕਰਕੇ ਮੰਨ ਲਿਆ, ਉਹਨਾਂ ਦਾ ਗਾਉਣਾ ਤੇ ਸੁਣਨਾ ਥਾਉਂ ਪੈ ਜਾਂਦੈ ਤੇ ਫਲ ਕਿੰਨੈ? – ***'ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥'*** ਚਿੱਤ ਬਿਰਤੀਆਂ ਇਕਾਗਰ ਕਰਕੇ ਜਦੋਂ ਅਸੀਂ ਹਰੀ ਦਾ ਜਸ ਕਰਦੇ ਹਾਂ ਉਸ ਵੇਲੇ ਸਾਨੂੰ ਕੀਤੇ ਗਏ ਅਨੇਕ ਜਗਾਂ ਦਾ ਫਲ ਪ੍ਰਾਪਤ ਹੁੰਦਾ ਹੈ। ਪ੍ਰਧਾਨ ਭਗਤੀਆਂ, ਨੌਂ ਪ੍ਰਕਾਰ ਦੀਆਂ ਨੇ –

***ਭਗਤਿ ਨਵੈ ਪਰਕਾਰਾ ॥ ਪੰਡਿਤੁ ਵੇਦੁ ਪੁਕਾਰਾ ॥***

***ਅੰਗ – 71***

ਨੌਂ ਤਰ੍ਹਾਂ ਦੀਆਂ ਭਗਤੀਆਂ ਦੇ ਅੰਦਰ ਜੋ ਸਭ ਤੋਂ ਸ਼੍ਰੋਮਣੀ ਭਗਤੀ ਕਲਜੁਗ ਦੇ ਅੰਦਰ ਜਿਸਦਾ ਫਲ ਹੁੰਦੈ, ਜਿਸਦੇ ਫਲ ਨੂੰ ਕੋਈ ਚੋਰੀ ਨਹੀਂ ਕਰ ਸਕਦਾ, ਘਟਾ ਨਹੀਂ ਸਕਦਾ, ਉਹ ਮਹਾਰਾਜ ਕਹਿੰਦੇ ਨੇ –

***ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ– 962***

ਕਲਜੁਗ ਦੇ ਵਿਚ ਪੁੰਨ ਹੀ ਗੋਬਿੰਦ ਗਾਉਣ ਦਾ ਸਭ ਤੋਂ ਜ਼ਿਆਦਾ ਮਿਲਦੈ –

***ਕਲਜੁਗ ਮਹਿ ਕੀਰਤਨੁ ਪਰਧਾਨਾ ॥***
***ਗੁਰਮੁਖਿ ਜਪੀਐ ਲਾਇ ਧਿਆਨਾ ॥***
***ਆਪਿ ਤਰੈ ਸਗਲੇ ਕੁਲ ਤਾਰੇ***

***ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ- 1076***

ਆਪ ਵੀ ਤਰਦੈ, ਕੁਲ ਨੂੰ ਵੀ ਤਾਰ ਦਿੰਦੈ, ਤੇ ਦਰਗਾਹ ਵਿਚ ਪਤ ਨਾਲ ਜਾਂਦੈ। ਲੇਕਿਨ ਇਹ ਮਿਲਦੀ ਨਹੀਂ ਹੈ। ਉਤਮ ਚੀਜ਼ ਜਿਵੇਂ ਪਾਰਸ ਲਾਇਆ ਜਾਵੇ ਅੱਠਾਂ ਧਾਤਾਂ ਨਾਲ, ਅੱਠਾਂ ਹੀ ਧਾਤਾਂ ਵਿਚ ਉਹ ਛੋਹ ਜਾਵੇ ਕਿਸੇ ਧਾਤ ਨਾਲ, ਉਸੇ ਵੇਲੇ ਸੋਨਾ ਬਣਾ ਦਿੰਦੈ। ਇਸ ਤਰ੍ਹਾਂ ਦੇ ਨਾਲ ਇਹ ਵੀ ਬਹੁਤ ਉਤਮ ਚੀਜ਼ ਹੈ, ਜਿਵੇਂ ਪਾਰਸ ਉਤਮ ਚੀਜ਼ ਹੈ। ਇਸੇ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***

***ਅੰਗ- 642***

ਕਲਜੁਗ ਦੇ ਅੰਦਰ ਆਦਮੀ ਰੋਜ਼ ਬਦਲਦੈ। ਰੋਜ਼ ਤਾਂ ਬਹੁਤ ਦੂਰ ਰਹਿ ਗਿਆ, ਆਹ ਪਲ ਹੋਰ ਹੈ, ਦੂਜੇ ਪਲ ਹੋਰ ਹੈ। ਆਹ ਘੜੀ ਹੋਰ ਹੈ, ਅਗਲੀ ਘੜੀ ਹੋਰ ਹੈ। ਉਹੀ ਆਦਮੀ ਸਵੇਰ ਵੇਲੇ ਗੁਰਦੁਆਰੇ ਜਾਂਦਾ ਹੈ, ਮੱਥਾ ਟੇਕਦਾ ਹੈ, ਬਾਣੀ ਪੜ੍ਹਦੈ, ਉਸੇ ਬੰਦੇ ਨੂੰ ਜਦੋਂ ਦਫ਼ਤਰ ਜਾ ਕੇ ਮਿਲੋ, ਉਹਦਾ ਰੂਪ ਹੋਰ ਹੈ। ਉਹੀ ਬੰਦਾ ਜਦੋਂ ਪਰਿਵਾਰ 'ਚ ਆਉਂਦੈ, ਉਹਦਾ ਰੂਪ ਹੋਰ ਹੋ ਜਾਂਦੈ। ਜਦੋਂ ਲੋਕਾਂ ਨਾਲ ਵਰਤਦੈ, ਉਥੇ ਹੋਰ ਬਦਲ ਜਾਂਦੈ। ਕਿਉਂ ਬਦਲਦੈ। ਇਹ ਬਹੁਤ ਮੁਸ਼ਕਲ ਹੈ, ਇਕ ਬਿਰਤੀ, ਸਮ ਬਿਰਤੀ ਕਲਜੁਗ ਦੇ ਅੰਦਰ ਰੱਖਣੀ, ਇਸ ਕਰਕੇ ਇਸ ਯੁੱਗ ਦੇ ਅੰਦਰ ਜੋ ਤਾਰਨ ਦਾ ਗੁਰੂ ਮਹਾਰਾਜ ਨੇ ਵਿਧਾਨ ਬੰਨ੍ਹਿਆ ਹੈ, ਉਹ ਵੀ ਬੜਾ ਜ਼ਬਰਦਸਤ ਹੈ। ਉਹ ਕਹਿੰਦੇ, ਜੇ ਇਕ ਛਿਨ ਵਾਸਤੇ ਵੀ ਤੇਰਾ ਮਨ ਇਕਾਗਰ ਹੋ ਗਿਆ –

***ਏਕ ਚਿਤ ਜਿਹ ਇਕ ਛਿਨ ਧਿਆਇਓ***
***ਕਾਲ ਫਾਸ ਕੇ ਬੀਚ ਨ ਆਇਓ।***

ਓਨਾਂ ਦੀ ਜ਼ੋਰ ਦਾ ਫਲ ਓਧਰ ਹੈ। ਕਰੋੜਾਂ, ਅਰਬਾਂ, ਖਰਬਾਂ ਗੁਣਾਂ ਜੇ ਇਕ ਚਿੱਤ ਹੋ ਜਾਵੇ। ਸੋ ਮਹਾਰਾਜ ਕਹਿੰਦੇ, ਇਹ ਦੁਰਲੱਭ ਚੀਜ਼ ਹੈ –

***ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥***

***ਅੰਗ- 642***

ਸਾਧੂ ਦੀ ਸੰਗਤ 'ਤੇ ਹਰੀ ਦਾ ਜਸ, ਕਲਜੁਗ ਦੇ ਸਾਰੇ ਕਰਮਾਂ ਦੇ ਵਿਚੋਂ ਸ਼੍ਰੋਮਣੀ ਕਰਮ ਹੈ। ਪਹਿਲੇ ਜੋ ਕਰਮ ਨੇ ਤਿੰਨ ਯੁੱਗਾਂ ਦੇ ਅੰਦਰ ਕਰਮ ਫਲ ਦਿੰਦੇ ਸੀ। ਕਲਜੁਗ ਦੇ ਅੰਦਰ ਵੀ ਫਲ ਦਿੰਦੇ ਨੇ। ਪਰ ਨਿਰੇ ਕਰਮਾਂ ਦੇ ਫਲ ਨਾਲ ਅਸੀਂ ਤਰਨਾ ਚਾਹੀਦੇ, ਫਲ ਐਨਾ ਜ਼ਿਆਦਾ ਨਹੀਂ ਹੈ, ਥੋੜ੍ਹਾ ਹੈ। ਵਰਤ ਰਖਦੇ ਹਾਂ ਅਸੀਂ, ਤੀਰਥ ਜਾਂਦੇ ਹਾਂ, ਦਾਨ ਕਰਦੇ ਹਾਂ, ਕਰਮ ਨੇ। ਪਰ ਜੇ ਜ਼ਰਾ ਕੁ ਗੁਮਾਨ ਆ ਜਾਵੇ ਕਿ ਮੈਂ ਜਾਂਦਾ ਹਾਂ ਇਹ ਲੋਕ ਨਹੀਂ ਜਾਂਦੇ। ਮੈਂ ਇਹਨਾਂ ਤੋਂ ਚੰਗਾ ਹਾਂ–

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲੁ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*

*ਅੰਗ- 1428*

ਉਹ ਨਿਸਫਲ ਹੋ ਗਿਆ। ਜੇ ਭਲਾ ਕਰਮ ਬਚ ਵੀ ਜਾਣ, ਜਮ੍ਹਾਂ ਹੋ ਗਏ ਸਾਡੇ ਕੋਲ। ਮਹਾਰਾਜ ਕਹਿੰਦੇ, ਪਿਆਰਿਓ! ਕਰਮਾਂ ਵਾਲਾ ਜਿਸ ਰਸਤੇ ਜਾਂਦੈ। ਉਹ ਰਸਤਾ ਜਮਦੂਤਾਂ ਵਾਲਾ ਰਾਹ ਹੈ। ਸੰਤਾਂ ਦਾ ਰਸਤਾ ਹੋਰ ਹੈ। ਸੰਤਾਂ ਤੋਂ ਇਹ ਰਸਤਾ ਬਹੁਤ ਦੂਰ ਰਹਿ ਜਾਂਦੈ। ਕਿਉਂਕਿ ਇਥੇ ਜਮ ਨੇੜੇ ਨਹੀਂ ਆਉਂਦੇ। ਦੁਨੀਆਂਦਾਰਾਂ ਦਾ ਜੋ ਪੁੰਨ ਤੇ ਦਾਨ ਬੀਜਦੇ ਨੇ, ਉਹਨਾਂ ਦਾ ਰਸਤਾ ਆਹੀ ਹੈ। ਮਹਾਰਾਜ ਕਹਿੰਦੇ, ਪੁੰਨਾਂ ਦੇ ਕੀਤੇ ਹੋਏ ਕਰਮ ਜਦੋਂ ਦਰਗਾਹ ਨੂੰ ਜਾਂਦੈ, ਉਸ ਵੇਲੇ ਜਿਵੇਂ ਟੋਲ ਟੈਕਸ ਹੁੰਦੈ, ਪ੍ਰਾਈਵੇਟ ਸੜਕ ਦੇ ਉਤੇ, ਅਮਰੀਕਾ ਚਲੇ ਜਾਓ, ਉਥੇ ਪ੍ਰਾਈਵੇਟ ਸੜਕਾਂ ਨੇ, ਉਹਨਾਂ ਨੇ ਹਰ 40-50 ਮੀਲ 'ਤੇ ਟੋਲ ਟੈਕਸ ਲਾਇਆ ਹੋਇਐ। ਪੈਸੇ ਦੇਵੋ ਉਥੋਂ ਲੰਘ ਜਾਈਦੈ। ਆਪਣੇ ਦੇਸ਼ ਪੁਲ ਬਣਾ ਦਿੰਦੀ ਹੈ ਸਰਕਾਰ ਨਾਲ ਟੈਕਸ ਲਾ ਦਿੰਦੀ ਹੈ ਕਿ ਪੁਲ ਦੀ ਕੀਮਤ, ਪੁਲ ਤੋਂ ਲੰਘਣ ਵਾਲਿਆਂ ਤੋਂ ਕੱਢਣੀ ਹੈ। ਉਹ ਥੋੜ੍ਹੀ-ਥੋੜ੍ਹੀ ਦੇਰ ਬਾਅਦ ਆਈ ਜਾਂਦੇ ਨੇ ਤੇ ਖੜ੍ਹੇ ਰਹੋ, ਪੈਸੇ ਦੇਵੋ, ਫੇਰ ਅੱਗੇ ਚੱਲੋ। ਇਸੇ ਤਰ੍ਹਾਂ ਦੇ ਨਾਲ ਇਹ ਜਿਹੜਾ ਜਮਜਗਾਤੀਆਂ ਦੇ ਘਾਟ ਨੇ, ਉਸ ਘਾਟ ਦੇ ਉਤੇ ਜਦੋਂ ਇਕ ਘਾਟ ਤੋਂ ਦੂਜੇ ਘਾਟ ਨੂੰ ਜਾਣੈ, ਤਾਂ ਜਿਵੇਂ ਕਿਸ਼ਤੀ ਦੇ ਉਤੇ ਬੈਠ ਕੇ ਅਸੀਂ ਲੰਘੀਏ ਕੋਈ ਨਦੀ, ਤਾਂ ਅਸੀਂ ਕਿਰਾਇਆ ਦਿੰਦੇ ਹਾਂ। ਇਸੇ ਤਰ੍ਹਾਂ ਦੇ ਨਾਲ ਉਥੇ ਸਾਨੂੰ ਕਿਰਾਇਆ ਦੇਣਾ ਪੈਂਦੈ।

ਬਹੁਤ ਸਾਰੇ ਮੱਤਾਂ ਦਾ ਖਿਆਲ ਹੈ ਕਿਉਂਕਿ ਗੁਰੂ ਮਹਾਰਾਜ ਨੇ terminology (ਪਰਿਭਾਸ਼ਕ ਸ਼ਬਦਾਵਲੀ) ਲਈ ਹੈ, ਪ੍ਰਚਲਤ ਉਹਨਾਂ ਉਹਦੀ ਵਿਆਖਿਆ ਨਹੀਂ ਕਰੀ ਕਿਉਂਕਿ ਉਹਦੀ ਵਿਆਖਿਆ ਉਹਨਾਂ ਨੇ ਪਹਿਲਾਂ ਹੀ ਕੀਤੀ ਹੋਈ ਹੈ, ਉਸ 'ਤੇ ਕਿੰਤੂ ਨਹੀਂ ਕੀਤਾ ਮਹਾਰਾਜ ਨੇ। ਉਹ ਕਹਿੰਦੇ ਠੀਕ ਹੈ ਤੁਹਾਡੀ ਗੱਲ ਮੰਨ ਲਈ। ਉਹ ਕਹਿੰਦੇ ਨੇ, 21 ਪੁਰੀਆਂ ਰਸਤੇ 'ਚ ਆਉਂਦੀਆਂ ਨੇ ਜਦੋਂ ਜਾਂਦੀ ਹੈ ਰੂਹ। ਪੁੰਨ ਤੇ ਦਾਨ ਕਰਨ ਵਾਲੀ ਤੇ ਪਾਪ ਕਰਨ ਵਾਲੀ ਰੂਹ ਇਕੋ ਰਸਤੇ ਜਾਂਦੇ ਨੇ। 21 ਪੁਰੀਆਂ ਰਾਹ ਵਿਚ ਆਉਂਦੀਆਂ ਨੇ, 21 ਘਾਟ ਆਉਂਦੇ ਨੇ ਤੇ ਉਹਨਾਂ ਘਾਟਾਂ ਦੇ ਉਤੇ ਜਗਾਤ ਲਗਦੀ ਹੈ। ਉਹ ਜਗਾਤ ਐਨੀ ਜ਼ਿਆਦਾ ਹੈ ਕਿ ਜਿਹੜੇ ਜ਼ਿੰਦਗੀ ਦੇ ਅੰਦਰ ਪੁੰਨ ਦਾਨ ਬੀਜੇ ਨੇ, ਪਹਿਲਾਂ ਤਾਂ ਫਲ ਘੱਟ ਦਿੰਦੇ ਨੇ, ਕਿਉਂਕਿ ਸਾਡੇ ਮਨ 'ਚ ਆ ਜਾਂਦੈ ਕਿ ਅਰਦਾਸਾ ਕਰੋ, ਸਭ ਨੂੰ ਪਤਾ ਲਗ ਜਾਏ ਕਿ ਮੈਂ ਐਨਾ ਦਿੱਤੈ। ਉਸ ਤੋਂ ਵੀ ਮੂਰਖ ਉਹ ਲੋਕ ਹੁੰਦੇ ਨੇ, ਜਿਹੜੇ ਕਹਿੰਦੇ ਨੇ ਕਿ ਮੇਰਾ ਪੱਥਰ ਲਾ ਦਿਓ। ਦੁਨੀਆਂ ਲੰਘੇ, ਦੇਖੇ ਕਿ ਫਲਾਣੇ ਬੰਦੇ ਨੇ ਐਨੇ ਹਜ਼ਾਰ, ਐਨੇ ਲੱਖ ਰੁਪਈਆ ਇਥੇ ਲਾਇਆ। ਉਹ ਪੁੰਨ ਬਹੁਤ ਥੋੜ੍ਹਾ ਬਚ ਜਾਂਦੈ ਕਿਉਂਕਿ ਰਾਜਸੀ ਪੁੰਨ ਨੇ, ਇਕ ਤਾਮਸੀ

ਪੁੰਨ ਨੇ, ਇਕ ਸਾਂਤਕੀ ਨੇ। ਸਾਂਤਕੀ ਤਾਂ ਕੋਈ ਨਹੀਂ ਕਰਦਾ। ਰਾਜਸੀ ਕਰਦੇ ਨੇ ਜਾਂ ਤਾਮਸੀ ਕਰਦੇ ਨੇ। ਸੋ ਉਹਦੇ ਵਿਚ ਜਿਹੜਾ ਫਲ ਥੋੜ੍ਹਾ ਬਹੁਤ ਬਚਿਆ ਹੈ ਉਹ ਜਗਾਤੀ ਲੈ ਲੈਂਦੇ ਨੇ। ਖਾਲੀ ਹੋ ਜਾਂਦੈ, ਦਰਗਾਹ ਤਕ ਜਾਂਦਾ-ਜਾਂਦਾ। ਮਹਾਰਾਜ ਕਹਿੰਦੇ -

*ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥*
*ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ*
*ਨਿਮਖ ਸਿਮਰਤ ਜਿਤੁ ਛੂਟੈ ॥*
*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥*
*ਅੰਗ- 747*

ਸੋ ਹਰੀ ਦਾ ਜਸ ਜਿਹੜਾ ਹੈ, ਪ੍ਰਭੂ ਦਾ ਧਿਆਨ ਕੀਤਾ ਹੋਇਆ, ਨਾਮ ਜਪਿਆ ਹੋਇਆ, ਮਹਾਰਾਜ ਕਹਿੰਦੇ ਜਿਥੇ ਕੋਈ ਨਹੀਂ ਸਹਾਇਤਾ ਕਰਦਾ, ਕਰਮ ਧਰਮ ਖਤਮ ਹੋ ਜਾਂਦੇ ਨੇ, ਉਥੇ ਜਪਿਆ ਹੋਇਆ ਨਾਮ ਸਹਾਇਤਾ ਕਰਦੈ। ਇਸ ਤਰ੍ਹਾਂ ਦੇ ਨਾਲ ਪੜ੍ਹੋ ਸਾਰੇ -

*ਧਾਰਨਾ - ਪਿਆਰੇ ਜੀ, ਜਿਥੇ ਨਾ ਕੋਈ ਮਾਤ ਪਿਤਾ,*
*ਉਥੇ ਨਾਮ ਨੇ ਸਹਾਇਤਾ ਕਰਨੀ।*

*ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥*
*ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥*
*ਜਹ ਮਹਾ ਭਇਆਨ ਦੂਤ ਜਮ ਦਲੈ ॥*
*ਤਹਿ ਕੇਵਲ ਨਾਮੁ ਸੰਗਿ ਤੇਰੈ ਚਲੈ ॥*
*ਜਹ ਮੁਸਕਲ ਹੋਵੈ ਅਤਿ ਭਾਰੀ ॥*
*ਹਰਿ ਕੋ ਨਾਮੁ ਖਿਨ ਮਾਹਿ ਉਧਾਰੀ ॥* *ਅੰਗ- 264*

ਰਸਤਾ ਬਦਲ ਜਾਂਦੈ, ਬੈਰੀਅਰ ਆ ਜਾਂਦੈ, ਉਸ ਤੋਂ ਵੀ ਔਖਾ ਰਸਤਾ ਆ ਜਾਂਦੈ -

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥*
*ਜਿਹ ਪੈਡੈ ਮਹਾ ਅੰਧ ਗੁਬਾਰਾ ॥*
*ਹਰਿ ਕਾ ਨਾਮੁ ਸੰਗਿ ਉਜੀਆਰਾ ॥*
*ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥*
*ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥*
*ਜਹ ਮਹਾ ਭਇਆਨ ਤਪਤਿ ਬਹੁ ਘਾਮ ॥*
*ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ॥*
*ਜਹਾ ਤ੍ਰਿਖਾ ਮਨ ਤੁਝੁ ਆਕਰਖੈ ॥*
*ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ॥ 4 ॥*

ਸੋ ਉਥੇ ਇਹ ਜਿਹੜਾ ਫਲ ਹੈ ਸਤਿਸੰਗ ਦਾ ਬਹੁਤ ਵੱਡੀ ਸਹਾਇਤਾ ਕਰਦੈ। ਸੋ ਮੈਂ ਬੇਨਤੀ ਕਰੀ ਸੀ, ਧੁੱਪ ਕੜਕ ਰਹੀ ਹੈ, ਗਰਮ ਹਵਾ ਚੱਲਣ ਲੱਗੀ ਹੋਈ ਹੈ। ਸਤਿਸੰਗ ਕਰਨਾ ਬਹੁਤ ਵੱਡਾ ਫਲ ਪ੍ਰਾਪਤ ਹੁੰਦੈ। ਚਿੱਤ ਬਿਰਤੀਆਂ ਇਕਾਗਰ ਕਰਕੇ, ਧਿਆਨ ਦੇ ਨਾਲ ਸੁਣ ਕੇ ਫੇਰ ਮਨ 'ਚ ਧਾਰਨ ਕਰਕੇ ਆਪਣਾ ਜੀਵਨ ਉਸ ਤਰ੍ਹਾਂ ਦਾ ਬਣਾਉਣਾ। ਸਾਡੇ ਕਮਜ਼ੋਰੀ ਇਥੇ ਰਹਿ ਜਾਂਦੀ ਹੈ ਕਿ ਅਸੀਂ ਸੁਣਦੇ ਵੀ ਹਾਂ, ਉਸ ਤੋਂ ਬਾਅਦ ਸਮਝਦੇ ਵੀ ਹਾਂ, ਬੜੀ ਉਮਰ ਹੋ ਗਈ ਸਤਿਸੰਗ ਕਰਦਿਆਂ ਨੂੰ ਇਥੇ 1984 'ਚ ਸ਼ੁਰੂ ਹੋਇਆ ਸੀ। ਬੜਾ ਕੁਛ ਸੁਣਿਐ ਹੈ, ਬੜਾ ਕੁਛ ਬੋਲਿਆ ਗਿਆ ਹੈ, ਬੜਾ ਕੁਛ ਸਮਝਿਆ ਗਿਆ ਹੈ। ਉਸ ਤੋਂ ਬਾਅਦ ਜੀਵਨ ਵਿਚ ਪਰਿਵਰਤਨ ਆਇਐ। ਹੌਲੀ-ਹੌਲੀ ਜਿਹੜੀ ਚੀਜ਼ ਆਵੇ ਉਹਦਾ ਪਤਾ ਨਹੀਂ ਲੱਗਿਆ ਕਰਦਾ। ਕੁਛ ਵੱਖਰਾਪਣ ਆਇਆ ਹੈ, ਕੁਛ ਚੰਗੀ ਚੀਜ਼ ਆਈ ਹੈ, ਸੁਗੰਧੀ ਵਾਲੀ ਸਾਰੇ ਜੀਵਨਾਂ 'ਚ ਆਈ ਹੈ। ਕਿਸੇ 'ਚ ਥੋੜ੍ਹੀ ਆਈ ਹੈ, ਕਿਸੇ 'ਚ ਬਹੁਤੀ ਆਈ ਹੈ, ਕਿਉਂਕਿ ਹੌਲੀ-ਹੌਲੀ ਆਈ ਹੈ, ਉਹਦਾ ਪਤਾ ਨਹੀਂ ਲਗਦਾ। ਜਿਵੇਂ ਹੌਲੀ-ਹੌਲੀ ਸਮਾਂ ਲੰਘ ਰਿਹਾ, ਪਤਾ ਹੀ ਨਹੀਂ ਲਗ ਰਿਹਾ, ਪਤਾ ਦੂਜੇ ਨੂੰ ਲਗਦੈ ਜਿਹੜਾ ਪੰਜ ਸਾਲ ਬਾਅਦ ਮਿਲਦੈ। ਕਹਿੰਦੈ ਤੂੰ ਤਾਂ ਬੜਾ ਕਮਜ਼ੋਰ ਹੋ ਗਿਆ, ਉਸ ਨੂੰ ਨਹੀਂ ਪਤਾ।

ਸੋ ਬੜਾ ਅਸਰ ਹੋਇਐ ਸੰਗਤ ਦੇ ਉਤੇ। ਕਸਰ ਜਿਸ ਥਾਂ ਦੇ ਉਤੇ ਹੈ ਉਹ ਇਹ ਹੈ ਕਿ ਜੋ ਬਚਨ ਕਹੇ ਜਾਂਦੇ ਨੇ, ਉਹਦੇ ਮੁਤਾਬਿਕ ਐਨੀ ਦ੍ਰਿੜ੍ਹਤਾ ਨਹੀਂ ਆਉਂਦੀ ਕਿ ਉਹਨਾਂ ਨੂੰ ਮੰਨ ਲਿਆ ਜਾਵੇ। ਇਥੇ ਆ ਕੇ ਰੁਕਾਵਟ ਪੈਂਦੀ ਹੈ। ਮੰਨਦੇ ਤਾਂ ਅਸੀਂ ਹਾਂ ਕਿ ਠੀਕ ਹੈ, ਪਰ ਉਹ ਕਦਮ ਨਹੀਂ ਸਾਡੇ ਤੋਂ ਪੁੱਟ ਹੁੰਦਾ ਜਿਹਦੇ ਨਾਲ ਅਸੀਂ ਜੋ ਕੁਛ ਦਸਿਆ ਗਿਆ ਹੈ, ਅਸੀਂ ਉਹਦੇ ਮੁਤਾਬਿਕ ਆਪਣਾ ਜੀਵਨ ਸੋਧ ਕੇ ਘਾਲ ਕਮਾਈ ਕਰ ਲਈਏ ਅੰਦਰ। ਉਹਦਾ ਕਾਰਨ ਕੀ ਹੈ ਕਿ ਸਾਡਾ ਵਾਹ ਪੈਂਦੈ ਬਾਹਰ। ਦੁਨੀਆਂ ਨੂੰ ਮਿਲਦੇ ਜੁਲਦੇ ਹਾਂ। ਸਾਰੀ ਸ੍ਰਿਸ਼ਟੀ ਇਕ ਸ਼ੀਸ਼ੇ 'ਚ ਆ ਗਈ। ਜਿਹਨੂੰ ਟੈਲੀਵੀਜ਼ਨ ਕਹਿੰਦੇ ਨੇ। ਸਾਰੀ ਦੁਨੀਆਂ ਦੇ ਖਿਆਲ ਉਹਦੇ ਵਿਚ ਆ ਗਏ। ਉਹ ਅਛੋਪਲੇ ਹੀ ਸਾਡੇ ਮਨ ਦੇ ਉਤੇ ਅਸਰ ਕਰਦੇ ਤੁਰੇ ਜਾਂਦੇ ਨੇ। ਜਿਹੜਾ ਕੁਛ ਅਸੀਂ ਕਰਨਾ ਸੀ ਉਸ ਇਰਾਦੇ ਨੂੰ ਉਥੇ ਹੀ ਦੱਬ ਦਿੰਦੇ ਨੇ। ਸੱਤਾਂ ਦਿਨਾਂ ਬਾਅਦ ਫੇਰ ਸਤਿਸੰਗ 'ਚ ਆਉਂਦੇ ਹਾਂ, ਫੇਰ ਉਤਸ਼ਾਹ ਉਠਦੈ, ਫੇਰ ਸਾਡਾ ਮੁਕਾਬਲਾ ਪੈਂਦੈ, ਪਹਿਲਾਂ-ਪਹਿਲਾਂ ਉਹਨਾਂ ਚੀਜ਼ਾਂ ਦੀ ਤਾਕਤ ਬਹੁਤ ਜ਼ਿਆਦਾ ਹੈ ਬਾਅਦ ਵਿਚ ਹਟ ਜਾਂਦੀ ਹੈ। ਜਦੋਂ ਢੰਗ ਆ ਜਾਂਦੈ, ਨਾਮ ਰਸ ਆ ਜਾਏ। ਸੋ ਇਸ ਤਰ੍ਹਾਂ ਦੇ ਜੋ ਸਾਡਾ ਅਸਲੀ ਮਨੋਰਥ ਹੈ, ਸੰਸਾਰ 'ਤੇ ਆਉਣ ਦਾ, ਜਿਹਨੂੰ ਬਾਰ-ਬਾਰ ਗੁਰੂ ਮਹਾਰਾਜ ਦੱਸੀ ਜਾਂਦੇ ਨੇ, ਬਾਰ-ਬਾਰ ਦੁਹਰਾਉਂਦੇ

ਨੇ। ਰੋਜ਼ ਕਹਿੰਦੇ ਨੇ ਕਿ ਤੁਸੀਂ ਨਿਤਨੇਮ ਕਰੋ-ਨਿਤਨੇਮ ਕਰੋ, ਰੋਜ਼ ਪੜ੍ਹੋ-ਰੋਜ਼ ਪੜ੍ਹੋ। ਹੁਣ ਪੜ੍ਹਨ ਦੇ ਨਾਲ ਇਕ ਨੁਕਸ ਵੀ ਬੜਾ ਜ਼ਬਰਦਸਤ ਹੈ, ਰੋਜ਼ ਪੜ੍ਹਿਆ ਜਾਵੇ, ਇਕ ਅੱਖਰ ਹੈ ਅੰਗਰੇਜ਼ੀ ਦਾ, ਉਹਨੂੰ immune (ਢੀਠ) ਕਹਿੰਦੇ ਨੇ। ਜਿਹੜਾ ਸਾਡਾ ਮਨ ਹੈ ਉਹ ਪਹਿਲਾਂ ਹੀ ਸੋਚ ਲੈਂਦੈ ਕਿ ਹੁਣ ਗੁਰੂ ਮਹਾਰਾਜ ਨੇ ਕਹਿਣੈ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- 12***

ਉਹ ਪਹਿਲਾਂ ਹੀ ਜਾਣਦੈ ਕਿ ਹੁਣ ਇਸ ਤਰ੍ਹਾਂ ਕਹਿਣਗੇ। Im-mune (ਢੀਠ) ਹੋ ਜਾਂਦੈ, ਉਹਨੂੰ serious thought (ਗੰਭੀਰ ਧਿਆਨ) ਨਹੀਂ ਦਿੰਦਾ। ਅੰਦਰ ਨਹੀਂ ਲੈ ਕੇ ਜਾਂਦਾ ਗੱਲ ਨੂੰ ਕਿ ਕੱਲ੍ਹ ਤਾਂ ਮੈਂ ਭੁੱਲ ਗਿਆ, ਇਹ ਤਾਂ ਮਹਾਰਾਜ ਅੱਜ ਫੇਰ ਕਹਿੰਦੇ ਨੇ। ਮਹਾਰਾਜ ਨੇ ਤਾਂ ਇਹ ਗੱਲ ਦੁਹਰਾਉਣੀ ਹੀ ਹੈ, ਕਰੀ ਜਾਣੀ ਹੈ, ਜਦੋਂ ਤਕ ਅਸੀਂ ਸੰਸਾਰ ਦੇ ਅੰਦਰ ਹਾਂ। ਹੁਣ ਸਾਡਾ attitude of mind (ਆਪਣਾ ਨਜ਼ਰੀਆ) ਹੈ ਕਿ ਅਸੀਂ ਇਸ ਗੱਲ ਨੂੰ ਕਿੰਨਾ ਕੁ follow (ਅਪਨਾਉਂਦੇ) ਹਾਂ, ਕਿੰਨੀ ਕੁ ਅਸੀਂ ਉਹਦੀ ਕਮਾਈ ਕਰਦੇ ਹਾਂ। ਉਹ ਕਮਾਈ ਨਾ ਕਰਨ ਕਰਕੇ, ਫੇਰ ਸਾਨੂੰ ਦੂਜੇ ਦਿਨ ਯਾਦ ਕਰਾਉਂਦੇ ਨੇ, ਤੀਜੇ ਦਿਨ ਫੇਰ ਯਾਦ ਕਰਾਉਂਦੇ ਨੇ। ਕਈ ਪ੍ਰੇਮੀ ਇਹ ਕਹਿੰਦੇ ਨੇ ਕਿ ਕੱਲ੍ਹ ਅਸੀਂ ਪੰਜਵੇਂ, ਸੱਤਵੇਂ ਸੁਣ ਲਿਆ ਸੀ ਕਿ - 'ਭਈ ਪਰਾਪਤਿ ਮਾਨੁਖ ਦੇਹੁਰੀਆ' ਬਈ ਰੋਜ਼ ਕਹਿਣ ਦੀ ਕੀ ਗੱਲ ਹੈ?

ਉਹ ਸੁਣ ਲਿਆ, ਯਾਦਦਾਸ਼ਤ ਦੀਆਂ ਗਹਿਰੀਆਂ ਤੈਹਾਂ ਵਿਚ ਚਲਿਆ ਗਿਆ। ਇਰਾਦੇ ਵਾਲੇ ਖਾਨੇ 'ਚ ਨਹੀਂ ਆਇਆ ਅਜੇ। ਜਦੋਂ ਤਕ ਉਥੇ ਨਹੀਂ ਆਉਂਦਾ। ਦ੍ਰਿੜ੍ਹ ਇਰਾਦਾ ਨਹੀਂ ਤੂੰ ਕਰਦਾ, ਓਨੀਂ ਦੇਰ ਤਕ ਤੈਨੂੰ ਪਤਾ ਨਹੀਂ ਲਗਦਾ ਕਿ -

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅੰਗ- 12***

ਇਸ ਤਰ੍ਹਾਂ ਪੜ੍ਹ ਲਓ -

***ਧਾਰਨਾ - ਇਹੋ ਤੇਰੀ ਵਾਰੀ ਹੈ, ਗੋਬਿੰਦ ਮਿਲਣੇ ਕੀ।***

ਬਿਲਕੁਲ ਸਿੱਧੀਆਂ ਲਾਈਨਾਂ ਨੇ ਦੋ, ਜਿਹਨੂੰ ਅਨਪੜ੍ਹ ਤੋਂ ਅਨਪੜ੍ਹ, ਸਾਦੇ ਤੋਂ ਸਾਦਾ ਬੰਦਾ ਬਿਲਕੁਲ ਸਹੀ ਤਰੀਕੇ ਨਾਲ ਸਮਝ ਲੈਂਦੈ ਕਿ ਵਾਰੀ ਆ ਗਈ ਰੱਬ ਨੂੰ ਮਿਲਣ ਦੀ।

***ਅਵਰਿ ਕਾਜ ਤੇਰੈ ਕਿਤੈ ਨ ਕਾਮ ॥ ਅੰਗ- 12***

ਅਗਲਾ ਆਦੇਸ਼ ਫੇਰ ਆ ਗਿਆ। ਪਿਆਰਿਆ! ਤੂੰ ਕੰਮਾਂ ਦਾ ਬਹਾਨਾ ਲਾਉਂਦੈ ਕਿ ਅਸੀਂ ਕੰਮ ਕਰਦੇ ਹਾਂ ਜੀ, ਕਿਹੜੇ ਵੇਲੇ ਜਪੀਏ?

ਮੇਰੇ ਕੋਲ, ਖਾਸ ਕਰਕੇ ਬੀਬੀਆਂ ਆਉਂਦੀਆਂ ਨੇ; ਜਦੋਂ ਮੈਂ ਕਹਾਂ ਕਿ ਐਨੇ ਪਾਠ ਕਰ ਲੈ, ਤੂੰ ਠੀਕ ਹੋ ਜਾਏਂਗਾ। ਕਹਿਣਗੀਆਂ ਕਿ ਜੀ ਬੱਚੇ ਨੇ, ਫੇਰ ਕਿਵੇਂ ਕਰਿਆ ਜਾਵੇ। ਆਹ ਫਲਾਣਾ ਹੈ, ਧਿਮਕਾ ਹੈ। ਮੈਂ ਕਹਿੰਦਾ ਕਿ ਚੰਗਾ ਚੱਲ ਫੇਰ ਸੇਵਾ ਕਰ ਲੈ। ਕਹਿੰਦੀਆਂ ਨੇ ਕਿ ਉਥੇ ਜਾ ਨਹੀਂ ਹੁੰਦਾ।

ਜਾ ਨਹੀਂ ਹੁੰਦਾ ਫੇਰ ਭਾਈ, ਕੰਮ ਕਿਵੇਂ ਬਣੇਗਾ। ਮਹਾਰਾਜ ਨੇ ਪਹਿਲਾਂ ਹੀ ਕਹਿ ਦਿਤਾ ਕਿ ਤੂੰ ਕੰਮਾਂ ਦਾ ਬਹਾਨਾ ਲਾਉਣੈ। ਜਿਹੜੇ ਕੰਮਾਂ ਬਾਰੇ ਤੂੰ ਕਹਿੰਦੈ ਉਹ ਕਿਸੇ ਵੀ ਕੰਮ ਨਹੀਂ ਆਉਣੇ। ਕੰਮ ਕੀ ਹੈ? –

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ਅੰਗ – 12***

ਸਾਧੂ ਦੀ ਸੰਗਤ 'ਚ ਜਾਹ, ਉਥੇ ਨਾਮ ਜਪ। ਇਧਰਲੀਆਂ-ਉਧਰਲੀਆਂ ਗੱਲਾਂ ਨਾ ਮਾਰ ਤੇ –

***ਸਰੰਜਾਮਿ ਲਾਗੁ ਭਵਜਲ ਤਰਨ ਕੈ ॥ ਅੰਗ – 12***

ਕਿ ਭਵਜਲ ਤਰਨਾ ਹੀ ਤਰਨਾ ਹੈ, ਇਸੇ ਜਨਮ ਦੇ ਅੰਦਰ।

***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ– 12***

ਬਾਲ-ਬੱਚਿਆਂ ਦੇ, ਪ੍ਰਾਪਰਟੀਆਂ ਦੇ, ਪਦਵੀਆਂ ਦੇ, ਗੱਲਾਂ-ਬਾਤਾਂ ਦੇ ਜਨਮ ਬਿਰਥਾ ਜਾ ਰਿਹੈ। ਰੋਜ਼ ਦਿਨ ਇਕ ਲੰਘ ਜਾਂਦੈ ਤੇ ਜਿਹੜਾ ਸਮਾਂ ਲੰਘ ਗਿਆ ਉਹ ਹੱਥ ਨਹੀਂ ਆਉਂਦਾ। ਮਹਾਰਾਜ ਕਹਿੰਦੇ, ਪਿਆਰਿਆ! ਜੇ ਤੇਰਾ ਇਰਾਦਾ ਬਣਦੈ ਤਾਂ ਤੂੰ ਹੁਣ ਤੋਂ ਹੀ ਇਰਾਦਾ ਬਣਾ ਲੈ –

***ਧਾਰਨਾ – ਨਿਸਦਿਨ ਮਹਿ ਪ੍ਰਾਨੀ,***
***ਚੇਤਨਾ ਹੈ ਤਉ ਚੇਤ ਲੈ।***

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥***
***ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥ 1 ॥***
***ਰਹਾਉ ॥***
***ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥***
***ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥ 1 ॥***
***ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥***
***ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥ 2 ॥ 1 ॥***
***ਅੰਗ– 726***

ਯਾਦ ਕਰਾਉਂਦੇ ਨੇ ਮਹਾਰਾਜ ਕਿ ਪਿਆਰਿਆ! ਇਰਾਦਾ ਬਣਾ ਲੈ। ਲੰਘਿਆ ਹੋਇਆ ਸਮਾਂ ਮੁੜ ਕੇ ਨਹੀਂ ਆਉਣਾ ਹੱਥ ਵਿਚ। ਜੋ ਲੰਘ ਗਿਆ, ਸੋ ਲੰਘ ਗਿਆ। ਪਛਤਾਵਾ ਪੱਲੇ ਪੈ ਜਾਂਦੈ ਕਿ ਬੜਾ ਸਮਾਂ ਸੀ, ਬੜੀ ਉਮਰ ਸੀ, ਗਵਾ ਦਿਤੀ –

*ਬੈਰ ਬਿਰੋਧ ਕਾਮ ਕ੍ਰੋਧ ਮੋਹ ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥ ਅੰਗ- 268*

ਸੋ ਇਸ ਤਰ੍ਹਾਂ ਦੇ ਨਾਲ ਜੋ ਸਾਡਾ ਅਸਲੀ ਮਨੋਰਥ ਹੈ। ਜੇ ਇਹਦੇ ਉਤੇ ਮਨ ਮੰਨ ਜਾਵੇ ਸਾਡਾ। ਕਿਉਂਕਿ ਮਨ ਦੇ ਨਾਲ ਹੀ ਸਬੰਧ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- 342*

ਜੇ ਤਾਂ ਮਨ ਨੇ ਸਾਥ ਨਹੀਂ ਦਿਤਾ ਤਾਂ, ਤਾਂ ਬੜੀ ਮੁਸ਼ਕਲ ਦੀ ਗੱਲ ਹੈ। ਜੇ ਮਨ ਸਾਧ ਲਿਆ, ਮੰਨ ਕਰ ਗਿਆ ਨਾਲ ਕਿ ਹਾਂ ਤੇਰੀ ਗੱਲ ਠੀਕ ਹੈ। ਫੇਰ ਗੱਲ ਬਣ ਜਾਂਦੀ ਹੈ। ਮਹਾਰਾਜ ਕਹਿੰਦੇ, ਵੱਡੀ ਤੋਂ ਵੱਡੀ ਪਦਵੀ ਪ੍ਰਾਪਤ ਹੋ ਜਾਂਦੀ ਹੈ -

*ਧਾਰਨਾ - ਪਾਵੇ ਮੋਖ ਦੁਆਰ,*
*ਜੇ ਮਨ ਮੰਨ ਜਾਏ - 2*

ਮਨ ਨਾਲ ਸਬੰਧ ਹੈ ਸਾਧਸੰਗਤ ਜੀ। ਜੇ ਤਾਂ ਮੰਨ ਗਿਆ ਫੇਰ ਤਾਂ ਸਾਡਾ ਮਿੱਤਰ ਹੈ, ਜੇ ਨਾ ਮੰਨਿਆ, ਫੇਰ ਨਹੀਂ ਇਹ ਕਾਬੂ ਕਿਸੇ ਦੇ ਵੀ ਆਇਆ ਕਰਦਾ। ਗੁਰੂ ਕ੍ਰਿਪਾ ਹੋਵੇ, ਸ਼ਬਦ ਦਾ ਬਲ ਹੋਵੇ, ਫੇਰ ਮਨ ਮੰਨਿਆ ਕਰਦੈ। ਜੇ ਮਨ ਮੰਨ ਜਾਵੇ, ਸਾਥ ਦੇ ਦੇਵੇ, ਫੇਰ ਗੱਲ ਬਣ ਜਾਇਆ ਕਰਦੀ ਹੈ। ਪੂਰਨ ਵੈਰਾਗ ਹੋਵੇ, ਵੈਰਾਗ ਦੇ ਨਾਲ ਮਨ ਮੰਨਦੈ -

*ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥*
*ਅੰਗ- 3*

ਪਿਛਲੇ ਦੀਵਾਨ ਦੇ ਵਿਚ ਬੇਨਤੀ ਕੀਤੀ ਸੀ ਕਿ ਇਕ ਲਾਹੌਰ ਦੇ ਰਹਿਣ ਵਾਲਾ ਬਹੁਤ ਵਿਦਵਾਨ, ਪੜ੍ਹਿਆ ਲਿਖਿਆ, ਵੇਦਾਂ ਸ਼ਾਸਤਰਾਂ ਦਾ ਗਿਆਤਾ, ਨਾਲ ਹਿਕਮਤ ਜਾਣਦੈ ਅੱਛੀ, ਸੁਭਾਅ ਦਾ ਬੜਾ ਚੰਗਾ ਹੈ, ਪਰਿਵਾਰ ਸਾਰਾ ਇਕ ਰਾਸ ਹੈ। ਲੜਕੇ ਨੇ ਦੋ ਤੇ ਨਾਲ ਘਰਵਾਲੀ ਹੈ। ਜੁਆਨ ਉਮਰ ਹੈ, ਪੈਸੇ ਟਕੇ ਦੀ ਕੋਈ ਘਾਟ ਨਹੀਂ। ਦੁਨੀਆਂ ਦੀਆਂ ਸਾਰੀਆਂ ਸਹੂਲਤਾਂ ਨੇ ਤੇ ਜਾ ਕੇ ਸਾਧੂਆਂ ਦੀ ਸੰਗਤ ਵੀ ਕਰਦੈ। ਪਰ ਮਨ ਸ਼ਾਂਤ ਨਹੀਂ ਹੋਇਆ। ਇਮਾਨਦਾਰ ਹੈ। ਦੇਖਦੈ ਕਿ ਉਹ ਚੀਜ਼ ਤਾਂ ਪ੍ਰਾਪਤ ਨਹੀਂ ਹੋਈ ਜੋ ਮਹਾਂਪੁਰਸ਼ ਆਪਣੇ ਵਿਖਿਆਨਾਂ 'ਚ ਕਹਿੰਦੇ ਨੇ, ਪਰ ਅਨੰਦ ਹੋ ਜਾਂਦੈ। ਮੇਰੇ ਮਨ ਨੂੰ ਤਾਂ ਅਜੇ ਭੁੱਖ ਲੱਗੀ ਪਈ ਹੈ, ਖਾਲੀਪਣਾ ਹੈ, ਉਹ ਖਾਲੀਪਣਾ ਕਿਵੇਂ ਭਰੇਗਾ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਜੀ ਦਾ ਅੰਮ੍ਰਿਤ ਰਾਏ ਨਾਮ ਦਾ ਇਕ ਕਵੀ ਸੀ, ਉਥੇ ਜਾਂਦੈ, ਉਹਦੇ ਕੋਲ ਗੱਲ ਕਰਦੈ। ਉਹ ਕਹਿਣ ਲੱਗੇ, ਦੇਖ ਪਿਆਰਿਆ! ਠੀਕ ਹੈ ਤੂੰ ਸਾਧਨ ਕਰਦੈਂ। ਪਰ ਜਿੰਨੀ ਦੇਰ ਤੱਕ ਸਮਰੱਥ ਗੁਰੂ ਨਾਲ ਮੇਲ ਨਹੀਂ ਹੁੰਦਾ, ਜਿਹੜਾ ਪੁੱਠੀਆਂ ਸਿੱਧੀਆਂ ਕਰ ਦੇਵੇ, ਟੁੱਟਿਆਂ ਨੂੰ ਜੋੜ ਦੇਵੇ, ਆਪਣੇ ਪਿਆਰ ਵਿਚ ਲਾ ਲਵੇ, ਓਨੀਂ ਦੇਰ ਤਕ ਗੱਲ ਨਹੀਂ ਬਣਿਆ ਕਰਦੀ। ਉਹਨੇ ਸਾਰਾ ਦੱਸਿਆ ਕਿ ਮੈਂ ਰਾਜ ਯੋਗ ਕਰਦਾਂ। ਬੜੇ ਵਿਸਥਾਰ ਦੇ ਨਾਲ ਪਿਛਲੇ ਦੀਵਾਨ 'ਚ ਦੋ ਢਾਈ ਘੰਟੇ ਇਹੀ ਵਿਚਾਰ ਕਰੀ ਗਏ ਸੀ ਕਿ ਰਾਜ ਯੋਗ ਕੀ ਹੁੰਦੈ? ਕਿਸ ਤਰ੍ਹਾਂ ਦੇ ਨਾਲ ਉਹਦੇ ਵਿਚ ਸਾਨੂੰ ਰਹਿਤਾਂ ਰੱਖਣੀਆਂ ਪੈਂਦੀਆਂ ਨੇ ਅੰਦਰਲੀਆਂ। ਕਿਸ ਤਰ੍ਹਾਂ ਦੇ ਨਾਲ ਅਸੀਂ ਹੌਲੀ-ਹੌਲੀ ਚੜ੍ਹਦੇ ਹਾਂ। ਆਸਣ ਕਿਹੋ ਜਿਹਾ ਹੁੰਦੈ, ਪ੍ਰਾਣਾਯਾਮ ਕਿਵੇਂ ਕੀਤਾ ਜਾਂਦੈ। ਪੂਰਕ ਕਿਵੇਂ ਹੈ, ਕੁੰਭਕ ਕਿਵੇਂ ਹੈ, ਰੇਚਕ ਕਿਵੇਂ ਹੈ, ਧਾਰਨਾ ਕੀ ਹੁੰਦੀ ਹੈ, ਧਿਆਨ ਕੀ ਹੁੰਦੈ ਸਮਾਧੀ ਕੀ ਹੁੰਦੀ ਹੈ?

ਜੇ ਢਾਈ ਸੈਕਿੰਡ ਮਨ ਟਿਕ ਜਾਵੇ, ਢਾਈ ਸੈਕਿੰਡ ਕੀ ਹੁੰਦੈ, ਮਾਮੂਲੀ ਹੈ ਤਾਂ ਇਕ ਧਾਰਨਾ ਕਹਾਉਂਦੀ ਹੈ। ਜੇ 12 ਧਾਰਨਾ ਇਕੱਠੀਆਂ ਕਰ ਲਵੇ, ਅੱਧਾ ਮਿੰਟ ਮਨ ਨੂੰ ਨਾ ਕਿਤੇ ਜਾਣ ਦੇਵੇ, ਤਾਂ ਇਕ ਧਾਰਨਾ ਪੂਰੀ ਹੋ ਜਾਇਆ ਕਰਦੀ ਹੈ। ਇਸ ਤਰ੍ਹਾਂ ਦੇ ਨਾਲ ਕੋਸ਼ਿਸ਼ ਕਰਦੇ-ਕਰਦੇ ਜਦੋਂ 12 ਧਾਰਨਾ ਪੂਰੀਆਂ ਹੋ ਜਾਣ। ਢਾਈ ਮਿੰਟ ਧਿਆਨ ਲਗਣਾ ਸ਼ੁਰੂ ਹੋ ਜਾਵੇ ਤਾਂ ਇਕ ਧਿਆਨ ਬਣਿਆ ਕਰਦੈ। 30 ਧਿਆਨ ਜੇ ਹੋ ਜਾਣ ਇਕੱਠੇ, ਤਾਂ ਇਕ ਸਮਾਧੀ ਹੋਇਆ ਕਰਦੀ ਹੈ, 75 ਮਿੰਟ ਦੀ। 75 ਮਿੰਟ ਕੋਈ ਫੁਰਨਾ ਨਾ ਆਵੇ ਕਿਸੇ ਕਿਸਮ ਦਾ, ਚਾਹੇ ਉਹ ਧਿਆਨ ਸਾਕਾਰ ਦਾ ਕਰ ਰਿਹੈ, ਚਾਹੇ ਸ਼ਬਦ ਦਾ ਕਰ ਰਿਹੈ, ਚਾਹੇ ਕੋਈ ਜਾਪ ਕਰ ਰਿਹੈ, ਮਨ ਨਾ ਜਾਵੇ, ਤਾਂ ਇਕ ਸਮਾਧੀ ਹੋ ਜਾਇਆ ਕਰਦੀ ਹੈ। ਤਿੰਨ ਘੰਟੇ ਲੰਘ ਜਾਣ ਤਾਂ ਉਹਨੂੰ ਸਮਾਧੀ ਕਹਿੰਦੇ ਨੇ। ਉਹਦੇ 'ਚ ਇਕ ਸਮਾਧੀ ਉਹ ਹੁੰਦੀ ਹੈ ਜਿਹਦੇ 'ਚ ਆਪਣਾ ਗਿਆਨ ਹੁੰਦੈ। ਉਹਨੂੰ ਸੰਪਰਗਿਆਤ ਸਮਾਧੀ ਕਹਿੰਦੇ ਨੇ। ਇਕ ਉਹ ਹੁੰਦੀ ਹੈ ਜਿਹਦੇ ਵਿਚ ਧੇਅ ਨਹੀਂ ਹੁੰਦਾ, ਸਭ ਲੀਨ ਹੋ ਜਾਂਦੈ, ਸ਼ਬਦ ਵਿਚ ਲੀਨ ਹੋਇਆ ਹੁੰਦੈ, ਆਪਣਾ ਕੋਈ ਧਿਆਨ ਨਹੀਂ, ਸੰਸਾਰ ਦਾ ਵੀ ਕੋਈ ਧਿਆਨ ਨਹੀਂ ਹੁੰਦਾ, ਕੇਵਲ ਧੇਅ ਹੈ ਅੱਗੇ। ਉਸ ਤੋਂ ਅੱਗੇ ਰਾਜਮ੍ਰੇਧ ਸਮਾਧੀ ਹੋਇਆ ਕਰਦੀ ਹੈ। ਉਹ ਲੱਗੀ ਰਹਿੰਦੀ ਹੈ, ਐਨਾ ਅਭਿਆਸ ਵਧ ਜਾਂਦੈ।

ਕਹਿਣ ਲੱਗਿਆ ਕਿ ਮੈਂ ਸਮਾਧੀ ਪਾਰ ਤਕ ਪਹੁੰਚਿਆ ਹੋਇਆਂ ਪਰ ਮਨ ਨਹੀਂ ਲਗਦਾ। ਉਹ ਕਹਿਣ ਲੱਗੇ ਕਿ ਪਿਆਰਿਆ! ਮਨ ਤਾਂ ਗੁਰੂ ਦੇ ਪਿਆਰ ਵਿਚ ਲਗਦੈ। ਆਮ ਜੇ ਅਸੀਂ ਕਹੀਏ ਕਿ ਇਨਸਾਨ ਮਿਹਨਤੀ ਸੀ; ਸਾਡੇ ਨਾਲੋਂ ਤਾਂ ਹਜ਼ਾਰਾਂ ਗੁਣਾਂ ਚੰਗਾ ਸੀ। ਸਾਨੂੰ ਤਾਂ ਇਸ ਗੱਲ ਦਾ ਪਤਾ ਹੀ ਨਹੀਂ ਹੈ। ਜਿਹੜੇ ਪ੍ਰੇਮੀ ਇਹ ਕਹਿ ਦਿੰਦੇ ਨੇ ਕਿ

ਆ ਕੇ ਜੀ! ਸਾਡਾ ਮਨ ਨਹੀਂ ਲਗਦਾ? ਮੈਂ ਕਿਹਾ, ਤੂੰ ਤਾਂ ਬਹੁਤ ਤਰੱਕੀ ਕਰ ਲਈ। ਕਿਉਂਕਿ ਜਿਹਨੂੰ ਇਹ ਪਤਾ ਲਗ ਜਾਏ ਕਿ ਮੇਰਾ ਮਨ ਨਹੀਂ ਲਗਦਾ, ਸਮਝ ਲਓ ਕਿ ਉਹ ਮਨ ਦੇ ਮਗਰ ਪੈ ਗਿਆ। ਉਹਦਾ ਲਗ ਹੀ ਜਾਏਗਾ ਹੌਲੀ-ਹੌਲੀ। ਜੁਗਤਾਂ ਹੁੰਦੀਆਂ ਨੇ ਮਹਾਂਪੁਰਸ਼ਾਂ ਕੋਲ -

***ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥***
***ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥***

***ਅੰਗ- 1373***

ਉਹਦੀ ਪਦਵੀ ਕਿੱਡੀ ਹੈ। ਮਹਾਰਾਜ ਕਹਿੰਦੇ, ਪਿਆਰਿਓ! ਉਹ ਤਾਂ ਵੱਡੇ ਤੋਂ ਵੱਡਾ ਹੈ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ 2 ॥***

***ਅੰਗ - 306***

ਨਾਮ ਜਪਾਉਣ ਵਾਲਾ, ਨਾਮ ਦੀ ਮਹਿਮਾ ਕਰਨ ਵਾਲਾ, ਨਾਮ ਦੇ ਲੜ ਲਾਉਂਦਾ ਹੈ, ਕਹਿੰਦੇ ਐਡੀ ਵੱਡੀ ਪਦਵੀ ਦਾ ਮਾਲਕ ਹੈ ਕਿ ਅਸੀਂ ਵੀ ਧੂੜ ਮੰਗਦੇ ਹਾਂ ਉਹਦੀ। ਇਹ ਕੋਈ ਅਤਿਕਥਨੀ ਤਾਂ ਨਹੀਂ ਹੈ, ਇਹ ਤਾਂ ਵਾਹਿਗੁਰੂ ਵਲੋਂ ਆਈ ਹੋਈ ਆਵਾਜ਼ ਹੈ। ਕਾਨੂੰਨ ਹੈ ਅਧਿਆਤਮਵਾਦ ਦਾ ਕਿ ਉਹਦੀ ਅਵਸਥਾ ਐਡੀ ਉੱਚੀ ਹੋ ਜਾਂਦੀ ਹੈ, ਨਾਮ ਜਿਹੜਾ ਜਪਾਉਂਦੈ। ਸੋ ਕਹਿਣ ਲੱਗਿਆ ਕਿ ਪ੍ਰੇਮੀਆਂ! ਗੁਰੂ ਦੀ ਸ਼ਰਨ ਜਾਣਾ ਪੈਣੈ ਕਿਉਂਕਿ ਸਾਡੇ ਬੁਨਿਆਦੀ ਨੁਕਸ ਨੇ, ਉਹ ਇਹ ਹੈ ਸਾਡੀ ਜਿਹੜੀ ਸੁਰਤ ਹੈ ਇਹ ਟਿਕਦੀ ਨਹੀਂ ਹੈ ਕਿਸੇ ਥਾਂ ਦੇ ਉਤੇ। ਜਿਵੇਂ ਪਾਰਾ ਨਹੀਂ ਟਿਕਦਾ, ਪਾਰੇ ਦੇ ਉਤੇ ਉਂਗਲੀ ਲਾਓ ਟਿਕਦਾ ਨਹੀਂ ਹੈ। ਜੇ ਔਸ਼ਧੀ ਦੇ ਨਾਲ ਉਹਨੂੰ ਮਾਰ ਲਿਆ ਜਾਵੇ, ਫੇਰ ਉਹ ਹਿਲਦਾ ਨਹੀਂ। ਇਵੇਂ ਜਿਵੇਂ ਕਹਿੰਦੇ ਉਹ ਸੁਰਤ ਟਿਕਦੀ ਹੈ। ਮਿਸਾਲ ਦੇ ਤੌਰ ਤੇ ਇਕ ਨੌਂ ਦਰਵਾਜ਼ਿਆਂ ਵਾਲਾ ਘਰ ਹੈ। ਇਕ ਉਹਦੇ ਵਿਚ ਕਮਰਾ ਹੈ ਜਿਸ ਵਿਚ ਬਹੁਤ ਸੁੱਖਾਂ ਦੇ ਸਾਧਨ ਨੇ। ਕੋਈ ਪੰਛੀ ਉਸ ਘਰ ਦੇ ਵਿਚਕਾਰ ਵਾਲੇ ਹਿੱਸੇ 'ਚ ਰਹਿੰਦੈ। ਉਹ ਬਾਹਰ ਨਿਕਲ ਆਇਆ। ਬਾਹਰ ਨਿਕਲ ਕੇ ਨੌਂਆਂ ਦਰਵਾਜ਼ਿਆਂ ਥਾਈਂ ਨੱਠਣਾ ਸ਼ੁਰੂ ਕਰ ਦਿਤਾ ਉਹਨੇ। ਹੁਣ ਉਹਨੂੰ ਭੁੱਲ ਗਿਆ ਕਿ ਮੇਰਾ ਘਰ ਕਿਹੜਾ ਸੀ।

ਸ਼ਹਿਦ ਦੀਆਂ ਮੱਖੀਆਂ ਬਾਹਰ ਗਈਆਂ ਹੋਈਆਂ ਨੇ ਸਵੇਰ ਵੇਲੇ। ਡੱਬੇ ਦਾ ਮੂੰਹ ਉਲਟਾ ਪਾਸੇ ਕਰ ਦਿਓ, ਮਜਾਲ ਏ ਕਿ ਕਦੇ ਕੋਈ ਮੱਖੀ ਵੜ ਜਾਵੇ, ਉਹ ਐਨੀ ਛੇਤੀ ਭੁੱਲ ਜਾਂਦੀਆਂ ਨੇ ਕਿ ਸਾਡਾ ਘਰ ਕਿਹੜਾ ਸੀ। ਜੇ ਚੁੱਕ ਕੇ ਦੋ ਡੱਬਿਆਂ ਤੋਂ ਪਰ੍ਹੇ ਰਖ ਦਿਤਾ। ਉਹਨਾਂ ਨੂੰ ਫੇਰ ਨਹੀਂ ਪਤਾ ਲਗਦਾ। ਉਥੇ ਹੀ ਫਿਰੀ ਜਾਣਗੀਆਂ ਗੇੜੇ ਕੱਢਦੀਆਂ। ਸਿਆਣਾ ਜਾਣ ਜਾਂਦੈ ਕਿ ਇਹਨਾਂ ਦਾ ਜੋ ਘਰ ਸੀ, ਉਹ ਭੁੱਲ ਗਈਆਂ ਇਹ।

ਇਸੇ ਤਰ੍ਹਾਂ ਦੇ ਨਾਲ ਸਾਡਾ ਮਨ ਰੂਪੀ ਪੰਛੀ ਹੈ ਇਹ ਬਾਹਰ ਨਿਕਲ ਆਇਆ ਆਪਣੇ ਘਰ ਤੋਂ। ਉਹ ਘਰ ਜਿਹੜਾ ਸੀ ਬਹੁਤ ਹੀ ਵਧੀਆ ਸੀ। ਮਹਾਰਾਜ ਜੀ ਜਿਹਨੂੰ ਸੋ ਘਰ ਕਹਿੰਦੇ ਨੇ, ਨਿਜ ਘਰ ਕਹਿੰਦੇ ਨੇ-

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥ 1 ॥***

***ਅੰਗ- 1291***

ਉਸ ਘਰ ਨੂੰ ਭੁੱਲ ਕੇ ਜਿਥੇ ਆਤਮ ਵਸਤੂ ਸੀ ਜਿਸ ਥਾਂ ਦੇ ਉਤੇ ਅੰਮ੍ਰਿਤ ਦਾ ਸਰੋਵਰ ਸੀ, ਆਤਮ ਤੀਰਥ ਸੀ, ਜਿੱਥੇ ਸੁਖ ਹੀ ਸੁਖ ਸੀ। ਜਿਸ ਥਾਂ ਦੇ ਬਾਰੇ ਦੱਸਿਆ ਹੀ ਨਹੀਂ ਜਾ ਸਕਦਾ। ਨਵ ਨਿਧੀ, ਅਠਾਰਾਂ ਸਿਧੀ, ਐਨੀਆਂ ਤਾਕਤਾਂ -

***ਗੁਰਦੁਆਰੈ ਲਾਇ ਭਾਵਨੀ***
***ਇਕਨਾ ਦਸਵਾ ਦੁਆਰੁ ਦਿਖਾਇਆ ॥***
***ਤਹ ਅਨੇਕ ਰੂਪ ਨਾਉ ਨਵ ਨਿਧਿ***
***ਤਿਸ ਦਾ ਅੰਤੁ ਨ ਜਾਈ ਪਾਇਆ ॥ ਅੰਗ- 922***

ਉਹ ਘਰ ਅੰਦਰ ਹੈ ਸਾਡੇ। ਲੇਕਿਨ ਬਾਹਰ ਨੂੰ ਤੁਰਨ ਦੇ ਨਾਲ ਰੁਚੀ ਬਾਹਰ ਮੁਖੀ ਹੋ ਗਈ ਕਿਉਂਕਿ ਦਰਵਾਜ਼ੇ ਬਾਹਰ ਨੂੰ ਖੁਲ੍ਹਦੇ ਨੇ। ਦਰਵਾਜ਼ੇ ਬਾਹਰ ਨੂੰ ਖੁਲ੍ਹਣ ਕਰਕੇ ਆਪਣੇ ਘਰ ਦਾ ਨਹੀਂ ਪਤਾ ਲਗਦਾ। ਇਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ -

***ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥***
***ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥***
***ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥***
***ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥***
***ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥***

***ਅੰਗ- 954***

***ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥ ਅੰਗ- 947***

ਐਸਾ ਫੁਰਮਾਨ ਹੈ ਗੁਰੂ ਮਹਾਰਾਜ ਦਾ ਕਿ ਜਿਸ ਘਰ ਨੂੰ ਤੂੰ ਭੁੱਲਿਐਂ ਪਿਆਰਿਆ! ਉਹ ਅੰਦਰ ਹੈ ਤੇਰੇ-***'ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ॥ ਬਜਰ ਕਪਾਟ ਨ ਖੁਲਨੀ...॥'*** ਤੂੰ ਨਿਕਲ ਆਇਆ ਬਾਹਰ ਤੇ ਦਰਵਾਜ਼ੇ ਹੋ ਗਏ ਬੰਦ। ਹੁਣ ਉਹ ਖੁਲ੍ਹਦੇ ਨਹੀਂ ਕਿਸੇ ਤਰੀਕੇ ਨਾਲ। ਜਦੋਂ ਗੁਰੂ ਕੋਲ ਜਾਂਦੈ ਤਾਂ ਗੁਰੂ ਕਹਿੰਦਾ ਮੈਂ ਤੈਨੂੰ ਸ਼ਬਦ ਦਿੰਦਾਂ। ਇਹਦਾ ਜਾਪ ਕਰ ਉਹ ਦਰਵਾਜ਼ੇ ਖੁਲ੍ਹ ਜਾਣਗੇ।

ਇਹਦੇ ਪ੍ਰਤੀਕ ਦੇ ਵਿਚ ਇਕ ਕਹਾਣੀ ਬਣਾਈ ਹੋਈ ਹੈ। ਉਹ

ਕਹਿੰਦੇ ਨੇ ਕਿ 40 ਚੋਰ ਸੀਗੇ। ਇਹ ਵੱਡਾ ਸਰਦਾਰ ਅਲੀ ਬਾਬਾ ਸੀ। ਪਹਾੜ ਦੇ ਵਿਚ ਇਕ ਗੁਫਾ ਸੀ ਜਿਹਨੂੰ ਮੰਤਰ ਦੇ ਨਾਲ ਦਰਵਾਜ਼ੇ ਲਗ ਜਾਇਆ ਕਰਦੇ ਸੀ। ਸਮ-ਸਮ ਕਹਿੰਦੇ ਸੀ ਉਹਦੇ ਨਾਲ ਦਰਵਾਜ਼ਾ ਬੰਦ ਹੋ ਜਾਇਆ ਕਰਦਾ ਸੀ, ਜਦੋਂ ਸਮ-ਸਮ ਕਹਿਣਾ ਦਰਵਾਜ਼ਾ ਖੁਲ੍ਹ ਜਾਣਾ। ਸ਼ਬਦ ਨਾਲ ਖੁਲ੍ਹਦਾ ਸੀ। ਉਹਦੇ ਅੰਦਰ ਕੀ ਸੀ, ਕਹਿੰਦੇ ਬੇਅੰਤ ਦੌਲਤ ਸੀ, ਹੀਰੇ ਜਵਾਹਰਾਤ ਕੁਛ ਅੰਤ ਨਹੀਂ ਸੀ – ***'ਗੁਰਦੁਆਰੈ ਲਾਇ ਭਾਵਨੀ ਇਕਨਾ ਦਸਵਾ ਦੁਆਰੁ ਦਿਖਾਇਆ ॥ ਤਹ ਅਨੇਕ ਰੂਪ ਨਾਉ ਨਵ ਨਿਧਿ ਤਿਸ ਦਾ ਅੰਤੁ ਨ ਜਾਈ ਪਾਇਆ ॥'*** ਉਥੇ ਦੀ ਅਮੀਰੀ, ਉਥੇ ਦੀਆਂ ਗੱਲਾਂ ਦਾ ਕੁਛ ਨਹੀਂ ਸੀ ਪਤਾ ਲਗਦਾ। ਸੋ ਇਕ ਪ੍ਰਤੀਕ ਹੈ ਸਿਆਣੇ ਬੰਦੇ ਦੀ ਬਣਾਈ ਹੋਈ ਕਹਾਣੀ। ਕਿਉਂਕਿ ਅੰਦਰਲੀਆਂ ਬਾਤਾਂ ਹੁੰਦੀਆਂ ਨੇ, ਸਮਝ ਨਹੀਂ ਆਉਂਦੀਆਂ, ਜਦੋਂ ਤਕ ਪ੍ਰਤੀਕ, ਜਾਂ ਕੋਈ ਚਿੱਤਰ ਸਾਡੇ ਸਾਮ੍ਹਣੇ ਕੋਈ ਖੜ੍ਹਾ ਕਰਕੇ ਨਾ ਦਸੇ।

ਸੋ ਇਵੇਂ ਜਿਵੇਂ ਦਰਵਾਜ਼ਾ ਬੰਦ ਹੋ ਗਿਆ। ਮਹਾਰਾਜ ਕਹਿੰਦੇ, ਪਿਆਰਿਆ! ਖੁਲ੍ਹਦਾ ਤਾਂ ਹੈ ਜੇ ਸਮਰੱਥ ਗੁਰੂ ਸ਼ਬਦ ਦੇ ਦੇਵੇ। ਉਸ ਸ਼ਬਦ ਦੀ ਕਮਾਈ ਕਰ ਲਵੇ ਤਾਂ ਇਹ ਦਰਵਾਜ਼ਾ ਖੁਲ੍ਹ ਜਾਏਗਾ। ਜਦੋਂ ਖੁਲ੍ਹਿਆ, ਫੇਰ ਉਥੇ ਬੜੀ ਬਚਿੱਤਰ ਚੀਜ਼ ਹੈ। ਅਨਹਦ ਵਾਜੇ, ਬਗੈਰ ਵਜਾਏ ਹੋਏ ਵਜਦੇ ਨੇ। ਆਤਮ ਸੰਗੀਤ ਅਨੇਕ ਤਰਬਾਂ, ਅਨੇਕ ਧੁਨਾਂ ਉਸ ਅਸਥਾਨ ਦੇ ਉਤੇ ਵਜ ਰਹੀਆਂ ਨੇ ਤੇ 'ਗੁਰ ਸਬਦਿ ਸੁਣੀਜੈ ॥' ਇਥੇ ਰੌਲਾ ਪੈ ਜਾਂਦੈ ਕਿ ਪਹਿਲਾਂ ਵੀ ਗੁਰ ਸ਼ਬਦ ਹੈ, ਹੁਣ ਵੀ ਗੁਰ ਸ਼ਬਦ ਹੈ। ਇਕ ਸ਼ਬਦ ਉਹ ਹੈ ਸਾਧਸੰਗਤ ਜੀ ਜਿਹਦੇ ਬਾਰੇ ਗੁਰੂ ਦਸ਼ਮੇਸ਼ ਪਿਤਾ ਤੇ ਭਾਈ ਗੁਰਦਾਸ ਜੀ ਖੋਲ੍ਹ ਕੇ ਦਸਦੇ ਨੇ। ਗੁਰੂ ਨਾਨਕ ਪਾਤਸ਼ਾਹ ਨੇ ਵੀ ਦਸਿਆ ਹੈ ਕਿ –

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥*** ***ਅੰਗ- 3***

ਇਕ ਸ਼ਬਦ ਹੋਇਆ ਸੀ, ਜਿਹਨੇ ਕਰੋੜਾਂ ਹੀ ਧਾਰਾ ਜ਼ਿੰਦਗੀ ਦੀਆਂ ਇਕ ਦਮ ਬਹਾਅ ਦਿਤੀਆਂ। ਇਹ ਨਹੀਂ ਕਿ ਹੌਲੀ-ਹੌਲੀ ਚਲਿਆ ਹੈ। ਸਾਰੇ ਪਾਸੇ ਇਕੱਠੀ ਹੀ ਇਕ ਦਮ ਪ੍ਰਗਤੀ ਹੋਣੀ ਸ਼ੁਰੂ ਹੋ ਗਈ। ਉਹ ਸ਼ਬਦ ਦੇ ਵਿਚੋਂ ਹੋਈ। ਇਸ ਤੋਂ ਹੋਰ ਸਪੱਸ਼ਟ ਮਹਾਰਾਜ ਕਹਿੰਦੇ ਨੇ –

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਉਹ ਧੁਨ ਹੈ ਜਿਹੜੀ ਸਾਰੇ ਸੰਸਾਰ ਵਿਚ ਹੁਣ ਵੀ ਪੂਰੀ ਹੋਈ ਹੈ। ਉਹ ਸ਼ਬਦ ਹਰੇਕ ਦੇ ਅੰਦਰ ਸੁਣਦਾ ਹੈ। ਕਹਿੰਦੇ, ਸਾਡੇ ਅੰਦਰ ਨਹੀਂ ਸੁਣਦਾ, ਜੇ ਉਹ ਹੋਵੇ ਤਾਂ ਮੇਰੇ ਵੀ ਸੁਣੇ, ਤੇਰੇ ਵੀ ਸੁਣੇ। ਮਹਾਰਾਜ ਕਹਿੰਦੇ, ਤਾਂ ਨਹੀਂ ਸੁਣਦਾ ਕਿਉਂਕਿ ਤੈਨੂੰ ਟੀਕਾ ਲਗ ਗਿਆ ਬੇਹੋਸ਼ੀ ਦਾ।

ਬੇਹੋਸ਼ੀ ਦਾ ਟੀਕਾ ਲੱਗਣ ਕਰਕੇ ਤੈਨੂੰ ਸ਼ਬਦ ਨਹੀਂ ਸੁਣਦਾ ਕਿਉਂਕਿ ਤੂੰ ਨਾਮਧਾਰੀ ਨਹੀਂ ਹੈਂ। ਮਾਇਆਧਾਰੀ ਹੈਂ। ਜੇ ਤੂੰ ਨਾਮਧਾਰੀ ਬਣ ਜਾਵੇਂ, ਤਾਂ ਉਹ ਸ਼ਬਦ ਸੁਣੇ। ਤੂੰ ਹੈਂ ਮਾਇਆ ਧਾਰੀ। ਨਾਮਧਾਰੀ ਹੋਣ ਦੇ ਨਾਲ ਕੀ ਹੁੰਦੈ, ਸ਼ਬਦ ਵੀ ਸੁਣਦੈ, ਅੰਦਰਲਾ ਪ੍ਰਕਾਸ਼ ਵੀ ਦਿਸਦੈ। ਮਾਇਆ ਧਾਰੀ ਹੋਣ ਨਾਲ ਕੀ ਹੁੰਦੈ? ਕਹਿੰਦੇ -

***ਮਾਇਆਧਾਰੀ ਅਤਿ ਅੰਨਾ ਬੋਲਾ ॥***
***ਸਬਦੁ ਨ ਸੁਣਈ ਬਹੁ ਰੋਲ ਘਚੋਲਾ ॥ ਅੰਗ- 313***

ਆਖਰੀ ਹੱਦ ਤਕ ਅੰਨਾ ਤੇ ਬੋਲਾ। ਅੰਦਰਲਾ ਸ਼ਬਦ ਸੁਣਦਾ ਹੀ ਨਹੀਂ ਹੈ ਜਿਹਨੂੰ ਗੁਰ ਸ਼ਬਦ ਕਹਿੰਦੇ ਨੇ। ਉਹ ਹਰ ਵਕਤ ਚਲਦੈ, ਧੁਨ ਚਲਦੀ ਹੈ -

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰ ਸਦਾਇਆ।***
***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***

***ਭਾਈ ਗੁਰਦਾਸ ਜੀ, ਵਾਰ 26/2***

ਪਾਰਾਵਾਰ ਤੋਂ ਰਹਿਤ ਏਕੰਕਾਰ, ਸਰਗੁਨ ਹੋ ਕੇ ਏਕੰਕਾਰ ਦੇ ਰੂਪ 'ਚ ਪ੍ਰਗਟ ਹੋਇਆ। ਕਿਰਿਆਸ਼ੀਲ ਹੋਇਆ, ਕਰਤਾ ਬਣਿਆ। ਹਾਜ਼ਰ ਬਣਿਆ ਹਰ ਥਾਂ ਦੇ ਉਤੇ, 'ਪੁਰਖੁ' ਬਣਿਆ। ਕਹਿੰਦੇ, ਪਹਿਲਾਂ ਚੀਜ਼ ਕੀ ਹੋਈ? ਸ਼ਬਦ ਧੁਨ ਹੋਈ। ਉਸ ਸ਼ਬਦ ਧੁਨ ਦਾ ਕੋਈ ਨਾ ਕੋਈ ਨਾਮ ਤਾਂ ਰੱਖਣਾ ਹੀ ਹੈ। ਜਿਵੇਂ 'ਏਕੰਕਾਰ' ਵੀ ਨਾਉਂ ਆਪਾਂ ਹੀ ਰੱਖਿਐ। ਇੰਗਲਿਸ਼ ਵਾਲੇ ਹੋਰ ਰੱਖ ਲੈਣਗੇ, ਅਰਬੀ ਵਾਲੇ ਹੋਰ ਰੱਖ ਲੈਣਗੇ। ਹਸਤੀ ਉਹੀ ਹੁੰਦੀ ਹੈ, ਨਾਮ ਦੇ ਵਿਚ ਫਰਕ ਹੁੰਦੈ। ਚੀਜ਼ ਉਹੀ ਹੁੰਦੀ ਹੈ। ਇਕ ਨੇ ਕਣਕ ਕਹਿ ਦਿਤਾ, ਇਕ ਨੇ ਗੇਹੂੰ ਕਹਿ ਦਿਤਾ, ਇਕ ਨੇ ਗੰਧਮ ਕਹਿ ਦਿਤਾ, ਚੀਜ਼ ਤਾਂ ਇਕੋ ਹੀ ਹੈ। ਕੋਈ ਵਾਟਰ ਮੈਲਨ ਕਹਿੰਦੈ, ਕੋਈ ਤਰਬੂਜ਼ ਕਹਿੰਦੈ, ਕੋਈ ਮਤੀਰਾ ਕਹਿੰਦੈ, ਗੱਲ ਤਾਂ ਇਕੋ ਹੀ ਹੈ। ਉਸੇ ਚੀਜ਼ ਦੇ ਨਾਉਂ ਹੁੰਦੇ ਨੇ। ਸੋ ਕਹਿੰਦੇ, ਉਹਦਾ ਨਾਉਂ ਏਕੰਕਾਰ ਹੋਇਐ। ਏਕੰਕਾਰ ਤੋਂ ਹੋਈ ਸ਼ਬਦ ਧੁਨ। ਸ਼ਬਦ ਧੁਨ ਦਾ ਨਾਉਂ ਕੀ ਰੱਖਿਆ। 'ਓਅੰਕਾਰ' ਓਮ ਦੀ ਧੁਨ ਹੋਈ। ਮਹਾਰਾਜ ਨੇ ਬਰੈਕਟ ਕਰ ਦਿਤਾ ਇਹ ਅੱਖਰ। ਉਹ ਕਹਿੰਦੇ, ਏਕੰਕਾਰ, ਓਅੰਕਾਰ ਦੋ ਬਣ ਜਾਣਗੇ। ਉਹਦਾ ਕਾਰਨ ਕੀ ਹੈ? ਬਰੈਕਟ ਇਹ ਹੈ ਕਿ ਉਹ ਸ਼ਬਦ ਪ੍ਰਮੇਸ਼ਰ ਤੋਂ ਵੱਖਰਾ ਨਹੀਂ ਹੈ। ਸ਼ਬਦ ਸੀ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਉਹ ਵਾਹਿਗੁਰੂ ਦੇ ਵਿਚ ਸੀਗਾ, ਉਹ ਵੱਖਰਾ ਨਹੀਂ ਕੀਤਾ ਜਾ ਸਕਦਾ ਕਿਸੇ ਤਰੀਕੇ ਦੇ ਨਾਲ ਇਕੋ ਰੂਪ ਹੈ। ਮਹਾਰਾਜ ਨੇ ਬਰੈਕਟ ਕਰਕੇ ੴ ਕਰ ਦਿਤਾ। ਕਹਿੰਦੇ, ਸ਼ਬਦ ਧੁਨ ਤੇ ਓਅੰਕਾਰ, ੴ ਕਿਤੇ ਵਖਰੇ-ਵਖਰੇ ਬਣਾ ਕੇ ਨਾ ਧਿਆਨ 'ਚ ਲਿਆਇਓ ਉਹ ਇਕੋ ਹੀ ਹੈ। ਉਹ ਜਿਹੜੀ ਧੁਨ ਹੈ ਮਹਾਰਾਜ ਕਹਿੰਦੇ - ***'ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ***

***ਜਗਤ ਮੋ ਰਹਾ।'*** ਉਹ ਸ਼ਬਦ ਸੁਣਦੈ, ਉਹ ਧੁਨ ਸੁਣਦੀ ਹੈ ਆਦਮੀ ਦੇ ਅੰਦਰ। ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥'*** ਕਹਿੰਦੇ, ਉਸ ਧੁਨ ਦੇ ਵਿਚ ਜਿਹੜਾ ਧਿਆਨ ਲਿਆਂਦਾ ਹੈ ਨਾ –

***ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ***
***ਗੁਰਮੁਖਿ ਅਕਥ ਕਹਾਨੀ ॥ ਅੰਗ – 879***

ਧੁਨ ਦੇ ਵਿਚ ਧਿਆਨ ਲਾ ਕੇ ਜਾਣਿਆ ਜਾਂਦੈ। ਫੇਰ ਉਥੇ ਹਨ੍ਹੇਰਾ ਨਹੀਂ ਹੈ, ਪ੍ਰਕਾਸ਼ ਹੈ। ਆਹ ਨੇਤਰ ਨਹੀਂ ਹੈਗੇ, ਇਹ ਤਾਂ ਬੰਦ ਹੋਏ-ਹੋਏ ਨੇ, ਦਿਸਦਾ ਹੀ ਨਹੀਂ ਇਹਨਾਂ ਨੂੰ। ਕੰਨ ਬੰਦ ਹੋਏ-ਹੋਏ ਨੇ, ਕੰਨਾਂ ਨੂੰ ਨਹੀਂ ਸੁਣਦਾ। ਇਹ ਸਾਰੇ ਬੰਦ ਜਦੋਂ ਹੋ ਜਾਣ 100%, ਓਨੀਂ ਦੇਰ ਤਕ ਅੰਦਰਲੇ ਨਹੀਂ ਸੁਣਿਆ ਕਰਦੇ।

ਬਹੁਤ ਐਸੀਆਂ ਸੰਪਰਦਾਵਾਂ ਨੇ ਉਹ ਕੋਸ਼ਿਸ਼ ਕਰਦੀਆਂ ਨੇ ਕਿ ਬਾਹਰਲੇ ਕੰਨ ਬੰਦ ਕਰ ਲਈਏ। ਕਈ ਤਾਂ ਕੰਨਾਂ ਵਿਚ ਮੋਮ ਪਾ ਲੈਂਦੇ ਨੇ। ਮੋਮ ਦੇ ਬਣੇ ਬਣਾਏ ਮਿਲਦੇ ਨੇ ਬਜ਼ਾਰੋਂ। ਬਈ ਬਾਹਰਲੀ ਅਵਾਜ਼ ਨਾ ਸੁਣੇ। ਕਈ ਜਿਹੜੇ ਪ੍ਰੇਮੀਆਂ ਨੇ ਅਗੂੰਠਿਆਂ ਦੇ ਨਾਲ ਬੰਦ ਕਰ ਲੈਂਦੇ ਨੇ ਕੰਨ। ਅੱਖਾਂ ਉਂਗਲੀਆਂ ਨਾਲ ਬੰਦ ਕਰ ਲੈਂਦੇ ਨੇ। ਸਵਾਸ (ਨੱਕ) ਬੰਦ ਕਰ ਲੈਂਦੇ ਨੇ ਚੀਚੀ ਉਂਗਲੀ ਦੇ ਨਾਲ। ਕਿ ਇਹ ਦਰਵਾਜ਼ੇ ਬੰਦ ਕਰ ਦੇਈਏ, ਫੇਰ ਅੰਦਰਲੀ ਆਵਾਜ਼ ਸੁਣੇਗੀ –

***ਮੂੰਦਿ ਲੀਏ ਦਰਵਾਜੇ ॥ ਬਾਜੀਅਲੇ ਅਨਹਦ ਬਾਜੇ ॥***
***ਅੰਗ– 656***

ਉਹ ਧੁਨ ਹੈ ਧੁਨ ਦੇ ਵਿਚ ਧਿਆਨ ਹੁੰਦੈ। ਉਹਨੂੰ ਅਨਹਦ ਕਹਿੰਦੇ ਨੇ। ***'ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥'*** ਇਹ ਫੇਰ ਕੀ ਹੁੰਦੈ, ਅੰਦਰਲੀ ਅੱਖ ਖੁਲ੍ਹ ਜਾਂਦੀ ਹੈ। ਉਹਨੂੰ ਦਿੱਬਯ ਅੱਖ ਕਹਿੰਦੇ ਨੇ, ਬਿਅੰਨ ਅੱਖੜੀਆਂ ਕਹਿੰਦੇ ਨੇ। ਕਈਆਂ ਨੇ ਉਹਨੂੰ ਸ਼ਿਵ ਨੇਤਰ ਕਹਿ ਦਿਤਾ। ਆਪਣੇ-ਆਪਣੇ ਨਾਉਂ ਨੇ ਰੱਖੇ ਹੋਏ। ਗੱਲ ਇਕੋ ਹੀ ਹੈ। ਉਹ ਜਦੋਂ ਨੇਤਰ ਖੁਲ੍ਹ ਜਾਂਦਾ ਹੈ, ਬਾਹਰਲਿਆਂ ਨੂੰ ਬਾਹਰ ਤਾਂ ਦੇਖਦਾ ਹੈ, ਪਰ ਉਹਨੂੰ ਅੰਦਰ ਵੀ ਦਿਸਣ ਲਗ ਗਿਆ। ਉਹ ਹੋਰ ਤਰ੍ਹਾਂ ਦੇ ਨੇਤਰ ਹੁੰਦੇ ਨੇ, ਕਹਿ ਨਹੀਂ ਸਕਦੇ ਉਹਨਾਂ ਦੇ ਬਾਰੇ, ਪ੍ਰਕਾਸ਼ ਵੀ ਬੇਅੰਤ ਹੁੰਦੈ। ਪ੍ਰਕਾਸ਼ ਦੇਖਦੈ। ਹੁਣ ਸਾਨੂੰ ਹਨ੍ਹੇਰਾ ਦਿਖਦੈ ਅੱਖਾਂ ਮੀਚਣ 'ਤੇ, ਫੇਰ ਪ੍ਰਕਾਸ਼ ਦਿਸਦੈ – ***'ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥'*** ਉਹਦੇ ਵਿਚ ਦੇਖਦੈ, ਜੇ ਕਿਤੇ ਗਹਿਰਾ ਦੇਖਣ ਲਗ ਜਾਵੇ, ਪਤਾ ਲਗ ਜਾਂਦੈ ਕਿ ਦਸ ਸਾਲ ਨੂੰ ਆਹ ਗੱਲ ਹੋਣੀ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਏਮਨਾਬਾਦ ਨੇ। ਮਰਦਾਨਾ ਪ੍ਰਸ਼ਾਦਾ ਲੈਣ ਜਾਂਦਾ ਹੈ, ਨਾਲ ਇਕ ਦੋ ਸਾਧੂ ਹੋਰ ਨੇ। ਉਥੇ ਗਏ ਤਾਂ ਉਥੇ ਉਹਨਾਂ ਲੋਕਾਂ ਨੇ ਉਹਨਾਂ ਦੀ ਬੇਇਜ਼ਤੀ ਕੀਤੀ। ਧੱਕਾ ਦੇ ਦਿਤਾ ਮਰਦਾਨੇ ਨੂੰ ਗਾਰੇ

'ਚ ਸੁੱਟ ਦਿਤਾ। ਬੜਾ ਨਿਰਾਸ ਹੋਇਆ, ਮਹਾਰਾਜ ਕੋਲ ਆ ਗਿਆ। ਕਹਿੰਦਾ, ਸੱਚੇ ਪਾਤਸ਼ਾਹ! ਇਥੋਂ ਚੱਲੋ। ਇਥੇ ਤਾਂ ਪਤਾ ਹੀ ਨਹੀਂ, ਸਾਧੂ ਦਾ ਅਦਬ ਕੀ ਹੁੰਦੈ। ਇਹਨਾਂ ਨੂੰ ਤਾਂ ਪਤਾ ਹੀ ਨਹੀਂ ਕਿ ਸਾਧੂ ਸੰਤਾਂ ਦਾ ਕਿਸ ਤਰ੍ਹਾਂ ਦੇ ਨਾਲ ਸਤਿਕਾਰ ਹੁੰਦੈ। ਇਹ ਤਾਂ ਬਹੁਤ ਹੋਰ ਕਿਸਮ ਦੇ ਬੰਦੇ ਨੇ ਮਹਾਰਾਜ। ਇਥੇ ਆਪਾਂ ਨੂੰ ਰਹਿਣਾ ਨਹੀਂ ਚਾਹੀਦਾ। ਮਹਾਰਾਜ ਅੰਤਰ ਧਿਆਨ ਹੋਏ, ਕਹਿੰਦੇ ਮਰਦਾਨਿਆਂ! ਬਾਣੀ ਆ ਰਹੀ ਹੈ। ਬਾਣੀ ਉਤਰਨੀ ਸ਼ੁਰੂ ਹੋ ਗਈ, ਸਮਾਂ ਆ ਗਿਆ। ਤੇਰ੍ਹਾਂ ਸਾਲ ਦਾ ਸਮਾਂ ਖਿੱਚ ਕੇ ਮਹਾਰਾਜ ਕੋਲ ਵਰਤਮਾਨ 'ਚ ਆ ਗਿਆ, ਜਿਹੜਾ ਭਵਿੱਖਤ ਸਮਾਂ ਸੀ। ਉਸ ਵੇਲੇ ਮਹਾਰਾਜ ਨੇ ਕਿਹਾ -

***ਜੈਸੀ ਮੈ ਆਵੈ ਖਸਮ ਕੀ ਬਾਣੀ***
***ਤੈਸੜਾ ਕਰੀ ਗਿਆਨੁ ਵੇ ਲਾਲੋ ॥*** *ਅੰਗ- 722*

ਕਹਿੰਦੇ, ਆ ਰਿਹੈ। 13 ਸਾਲ ਨੂੰ ਆ ਜਾਣਾ ਉਹਨੇ। ਕਹਿੰਦੇ, ਆ ਕੇ ਉਹਨੇ ਇਥੇ ਲੁੱਟ ਮਚਾਉਣੀ ਹੈ। ਰਾਜ ਖੋਹ ਲੈਣੈ ਇਹਨਾਂ ਦਾ -

***ਕਾਇਆ ਕਪੜੁ ਟੁਕੁ ਟੁਕੁ ਹੋਸੀ***
***ਹਿਦੁਸਤਾਨੁ ਸਮਾਲਸੀ ਬੋਲਾ ॥***
***ਆਵਨਿ ਅਠਤਰੈ ਜਾਨਿ ਸਤਾਨਵੈ***
***ਹੋਰੁ ਭੀ ਉਠਸੀ ਮਰਦ ਕਾ ਚੇਲਾ ॥*** *ਅੰਗ- 723*

ਸਾਡੀ ਗੱਲ ਅੱਜ ਦੀ ਕਹੀ ਹੋਈ, ਉਸ ਵੇਲੇ 13 ਸਾਲ ਨੂੰ ਸੰਭਾਲਣਗੇ ਇਹ। ਕਿਉਂਕਿ ਇਹ ਗਲਤ ਕਰ ਰਹੇ ਨੇ। ਇਸ ਤਰ੍ਹਾਂ ਦੀਆਂ ਹਜ਼ਾਰਾਂ ਮਿਸਾਲਾਂ ਨੇ।

ਮਾਤਾ ਜੀਤੋ ਜੀ ਬੰਦਗੀ ਕਰ ਰਹੇ ਨੇ। ਕਰਦੇ-ਕਰਦੇ ਭਵਿੱਖ ਵਾਚਣਾ ਸ਼ੁਰੂ ਕਰ ਦਿਤਾ। ਅਗਾਂਹਾਂ ਦਾ ਸਮਾਂ ਦੇਖ ਲਿਆ। ਫੇਰ ਨੇਤਰ ਬੰਦ ਕਰੇ ਫੇਰ ਓਹੀ ਦਿਸ ਰਿਹੈ। ਫੇਰ ਕਰੇ, ਫੇਰ ਓਹੀ। ਗੁਰੂ ਮਹਾਰਾਜ ਕੋਲ ਆ ਗਏ ਅੰਮ੍ਰਿਤ ਵੇਲੇ। ਮਹਾਰਾਜ ਕਹਿੰਦੇ, ਕੀ ਗੱਲ ਤੁਸੀਂ ਅੱਜ ਆਏ ਹੋਂ?

ਸੱਚੇ ਪਾਤਸ਼ਾਹ! ਆਹ ਗੱਲਾਂ ਦਿਸ ਰਹੀਆਂ ਨੇ। ਇਹ ਗੱਲ ਕੀ ਹੋਈ?

ਗੁਰੂ ਮਹਾਰਾਜ ਜੀ ਕਹਿਣ ਲੱਗੇ ਕਿ ਹਾਂ ਇਹ ਸਮਾਂ ਆਉਣ ਵਾਲਾ ਹੈ। ਸ੍ਰੀ ਅਨੰਦਪੁਰ ਸਾਹਿਬ ਛੁਟ ਜਾਏਗਾ। ਸਾਰੇ ਜਿਹੜੇ ਸਿੰਘ ਨੇ ਆਪਾਂ ਨੂੰ ਪਿਆਰ ਕਰਨ ਵਾਲੇ ਕੁੱਲ ਦੇ ਕੁੱਲ ਪ੍ਰਵਾਨ ਹੋ ਜਾਣਗੇ। ਤਿੰਨ ਬਚਣਗੇ। ਸਾਹਿਬਜ਼ਾਦੇ ਵੀ ਜਾਣਗੇ।

ਮਾਤਾ ਜੀ ਕਹਿਣ ਲੱਗੇ, ਮਹਾਰਾਜ! ਮੈਂ ਤਾਂ ਬੜਾ ਬੁਰਾ ਦੇਖਿਐ।

ਕਹਿੰਦੇ, ਇਸੇ ਤਰ੍ਹਾਂ ਹੋਣੈ। ਛੋਟੇ-ਛੋਟਿਆਂ ਨੂੰ ਨੀਹਾਂ 'ਚ ਚਿਣਦੇ

ਦੇਖਿਐ ਮਹਾਰਾਜ?

ਮਹਾਰਾਜ ਜੀ ਕਹਿਣ ਲੱਗੇ, ਇਹ ਸਭ ਇਸੇ ਤਰ੍ਹਾਂ ਹੋਣੈ।

ਕਹਿਣ ਲੱਗੇ, ਮਹਾਰਾਜ ਇਨ੍ਹਾਂ ਨੂੰ ਬਾਹਰ ਭੇਜ ਦਿਓ। ਕਾਬਲ ਕੰਧਾਰ ਭੇਜ ਦਿਓ, ਇਹਨਾਂ ਦੇ ਰਾਜ ਤੋਂ ਦੂਰ ਕਰ ਦਿਓ। ਦੱਖਣ ਵਿਚ ਰਾਜ ਸੁਤੰਤਰ ਨੇ ਉਥੇ ਭੇਜ ਦਿਓ। ਬੱਚੇ ਤਾਂ ਬਚਾ ਲਓ?

ਮਹਾਰਾਜ ਕਹਿੰਦੇ, ਇਹ ਤਾਂ ਹੋਣਾ ਹੀ ਇਵੇਂ ਹੈ, ਬਚਾਉਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਤੁਸੀਂ ਹੁਣ ਹੋਰ ਅਗਾਂਹਾਂ ਨਿਗ੍ਹਾ ਮਾਰੋ। ਉਪਰ ਚੜ੍ਹੋ, ਅਗਾਹਾਂ ਕਰ ਦਿਤਾ ਮਹਾਰਾਜ ਨੇ ਸਮਾਂ। ਕੀ ਦੇਖਦੇ ਨੇ ਕਿ ਦਰਗਾਹ ਦੇ ਵਿਚ ਜੈ-ਜੈਕਾਰ ਹੋ ਰਹੀ ਹੈ ਉਹਨਾਂ ਦੀ। ਆਦਰ ਮਿਲ ਰਿਹੈ, ਸਤਿਕਾਰ ਮਿਲ ਰਿਹੈ, ਪਰਮ ਪਦਵੀ ਪ੍ਰਾਪਤ ਹੋ ਰਹੀ ਹੈ। ਕਹਿੰਦੇ, ਐਡੀ ਵੱਡੀ ਪਦਵੀ ਇਹਨਾਂ ਨੂੰ ਮਿਲਣੀ ਹੈ। ਸੰਸਾਰ ਤੋਂ ਤਾਂ ਫੇਰ ਵੀ ਜਾਣਾ ਹੀ ਜਾਣਾ ਹੈ। ਯਾਨਿ ਉਹ ਜਿਹੜੀਆਂ ਨੇ ਅੰਦਰ ਦੇਖਣ ਤੋਂ ਪਤਾ ਲਗ ਜਾਂਦੀਆਂ ਨੇ। ਬੜਾ ਕੁਛ ਹੈ ਮਹਾਰਾਜ ਕਹਿੰਦੇ –

***ਤਹ ਅਨੇਕ ਰੂਪ ਨਾਉ ਨਵ ਨਿਧਿ***
***ਤਿਸ ਦਾ ਅੰਤੁ ਨ ਜਾਈ ਪਾਇਆ ॥ ਅੰਗ- 922***

ਐਨੀਆਂ ਬਾਤਾਂ ਨੇ ਤੇ ਬਾਹਰਲੇ ਪਾਸੇ ਜਿਹੜਾ ਹੈ ਖੁਸ਼ਕ ਮਾਮਲਾ ਹੈ ਸਾਰੀਆਂ ਦੁਖ ਦੇਣ ਵਾਲੀਆਂ ਚੀਜ਼ਾਂ ਨੇ ਸਾਰੀਆਂ। ਜਿਹਦੇ 'ਚ ਕੋਈ ਸ਼ਾਂਤੀ ਨਹੀਂ। ਇਹਦੇ ਵਿਚ ਸਾਡੀ ਸੁਰਤ ਭੁੱਲ ਗਈ ਪਿਆਰਿਓ। ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਨਉ ਘਰ ਦੇਖਿ ਜੁ ਕਾਮਨਿ ਭੂਲੀ***
***ਬਸਤੁ ਅਨੂਪ ਨ ਪਾਈ ॥***

ਇਸ ਤਰ੍ਹਾਂ ਦੇ ਨਾਲ ਸਾਡੀ ਸੁਰਤ ਗੰਧਲੇ ਮੰਡਲ ਦੇ ਵਿਚ ਰਹਿੰਦੀ ਹੈ। ਬਾਹਰ ਰਹਿੰਦੀ ਹੈ, ਅੰਦਰ ਤਾਂ ਜਾਂਦੀ ਹੀ ਨਹੀਂ ਹੈ। ਅੰਦਰ ਦਾ ਤਾਂ ਇਹਨੂੰ ਪਤਾ ਹੀ ਨਹੀਂ, ਜੇ ਅੰਦਰ ਜਾਊ ਸੌਂ ਜਾਊ। ਕਿਉਂਕਿ ਅੰਦਰ ਕੁਛ ਨਹੀਂ ਆਉਂਦਾ, ਹਨ੍ਹੇਰਾ ਦਿਸਦੈ ਅੰਦਰ। ਉਸ ਚੀਜ਼ ਦਾ ਸਾਧਨ ਨਹੀਂ ਕਰਿਆ ਜਿਹਦੇ ਨਾਲ ਅੰਦਰਲੇ ਨੈਣ ਖੁਲ੍ਹ ਜਾਣ।

ਮਹਾਰਾਜ ਕਹਿੰਦੇ, ਇਸ ਸਰੀਰ ਦੇ ਅੰਦਰ ਹੀ ਵਾਹਿਗੁਰੂ ਰਹਿੰਦੈ –

***ਕਾਇਆ ਨਗਰੁ ਨਗਰ ਗੜ ਅੰਦਰਿ ॥***
***ਸਾਚਾ ਵਾਸਾ ਪੁਰਿ ਗਗਨੰਦਰਿ ॥***
***ਅਸਥਿਰੁ ਥਾਨੁ ਸਦਾ ਨਿਰਮਾਇਲੁ***
***ਆਪੇ ਆਪੁ ਉਪਾਇਦਾ ॥ 1 ॥ ਅੰਗ- 1033***

ਮਹਾਰਾਜ ਕਹਿੰਦੇ, ਜਿਵੇਂ ਆਹ ਬਜ਼ਾਰ ਨੇ ਨਾ ਬਾਹਰ, ਇਸੇ ਤਰ੍ਹਾਂ ਦੇ ਨਾਲ ਅੰਦਰ ਰਿੱਧੀਆਂ-ਸਿੱਧੀਆਂ ਦੇ ਭੰਡਾਰੇ ਭਰੇ ਪਏ ਨੇ। ਵਰਤਣ ਨਾ ਵਰਤਣ, ਪਰ ਨਵ ਨਿਧੀਆਂ ਪਿੱਛੇ ਲੱਗੀਆਂ ਫਿਰਦੀਆਂ ਨੇ ਕਿਉਂਕਿ-

***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥*** ***ਅੰਗ- 649***

ਅੰਦਰਲੇ ਨੈਣ ਖੁਲ੍ਹ ਜਾਂਦੇ ਨੇ। ਅੰਦਰਲੀਆਂ ਚੀਜ਼ਾਂ ਦੇਖਦੇ ਨੇ।

***ਅੰਦਰਿ ਕੋਟ ਛਜੇ ਹਟਨਾਲੇ ॥*** ***ਅੰਗ- 1033***

ਸੰਭਾਲੀਆਂ ਹੋਈਆਂ ਚੀਜ਼ਾਂ ਨੇ, ਇਸ ਤਰ੍ਹਾਂ ਨਹੀਂ ਹੈ ਕਿ ਐਵੇਂ ਖਿੰਡੀਆਂ ਹੋਈਆਂ ਨੇ। ਉਹਨਾਂ ਦੀ ਸੰਭਾਲ ਵਾਸਤੇ ਅੰਦਰ ਦਰਵਾਜ਼ੇ ਬੰਦ ਕਰ ਦਿਤੇ।

***ਅੰਦਰਿ ਕੋਟ ਛਜੇ ਹਟਨਾਲੇ ॥***
***ਆਪੇ ਲੇਵੈ ਵਸਤੁ ਸਮਾਲੇ ॥***
***ਬਜਰ ਕਪਾਟ ਜੜੇ ਜੜਿ ਜਾਣੈ***
***ਗੁਰ ਸਬਦੀ ਖੋਲਾਇਦਾ ॥*** ***ਅੰਗ- 1033***

ਅੰਦਰ ਦਰਵਾਜ਼ੇ ਬੰਦ ਕਰ ਦਿਤੇ। ਜਿਹਨੂੰ ਖੋਲ੍ਹਣ ਦਾ ਸ਼ੌਂਕ ਹੈ, ਗੁਰੂ ਤੋਂ ਸ਼ਬਦ ਲੈ-ਲੈ। ਸ਼ਬਦ ਖੁਲਾਏਗਾ, ਸਾਧਨ ਕਰ ਲੈ, ਘਾਲ ਕਮਾਈ ਕਰ ਲੈ, ਸ਼ਬਦ ਦੇ ਬਲ ਦੇ ਨਾਲ ਅੰਦਰਲਾ ਗੇਟ ਖੁਲ੍ਹ ਜਾਣੈ। ਬੇਅੰਤ ਤਰੀਕਿਆਂ ਨਾਲ ਮਹਾਂਪੁਰਸ਼ ਸਮਝਾਉਂਦੇ ਨੇ। ਕੋਈ ਕਿਸੇ ਤਰੀਕੇ ਨਾਲ ਦਸਦੈ, ਕੋਈ ਕਿਸੇ ਨਾਲ ਦਸਦੈ। ਹੈ ਗੱਲ ਓਹੀ।

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥***
***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***
***ਅੰਗ- 1033***

ਜਦੋਂ ਫੇਰ ਗੁਫਾ ਵਿਚ ਦਾਖਲ ਹੁੰਦੇ, ਸਰੀਰ ਦੇ ਅੰਦਰ ਇਹ ਨੌਂ ਘਰ ਜਿਹੜੇ ਨੇ ਇਹ ਫੇਰ ਸਾਰੇ ਠਾਕੇ ਜਾਂਦੇ ਨੇ। ਜਿਵੇਂ ਸੱਪ ਲੜ ਜਾਏ, ਮੰਤਰ ਨਾਲ ਠਾਕ ਦਿੰਦੇ ਨੇ। ਜਾੜ੍ਹ ਦੁਖਦੀ ਹੋਵੇ, ਕਹਿੰਦੇ ਨੇ ਲਿਆ ਮੰਤਰ ਨਾਲ ਠਾਕ ਦਿੰਦੇ ਹਾਂ। ਇਸੇ ਤਰ੍ਹਾਂ ਦੇ ਨਾਲ ਉਹ ਜਿਹੜਾ ਸ਼ਬਦ ਹੈ ਉਹਦੇ ਨਾਲ ਨੌਂ ਘਰ ਠਾਕੇ ਜਾਂਦੇ ਨੇ। ਕਿਉਂਕਿ ਇਹ ਠਾਕ ਰਹੇ ਨੇ। ਕੁਛ ਹਾਸਲ ਨਹੀਂ ਹੋ ਰਿਹਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਬਹੁ ਰੰਗ ਤਮਾਸ਼ੇ, ਅੱਖੀਆਂ ਵੇਖ ਨਾ ਰੱਜੀਆਂ।***

ਦੇਖਦੀਆਂ ਹੀ ਦੇਖਦੀਆਂ ਨੇ, ਜਿੰਨਾਂ ਚਿਰ ਨੀਂਦ ਨਹੀਂ ਆਉਂਦੀ, ਓਨਾਂ ਚਿਰ ਦੇਖਦੀਆਂ ਨੇ। ਨੀਂਦ ਤੋਂ ਬਾਅਦ ਦੋ ਅਵਸਥਾ ਹੋਇਆ ਕਰਦੀਆਂ ਨੇ। ਇਕ ਤਾਂ ਉਹ ਅਵਸਥਾ ਹੁੰਦੀ ਹੈ, ਜਿੱਥੇ ਚੰਗੀ ਤਰ੍ਹਾਂ ਦੇ ਨਾਲ ਇਹ ਬੰਦ ਹੋ ਜਾਂਦੀਆਂ ਨੇ। ਇਕ ਉਹ ਹੁੰਦੀ ਹੈ ਜਿੱਥੇ ਮਨ ਅਜੇ

(upper layer) ਉਪਰਲੀ ਸਤਾਹ 'ਚ ਰਹਿੰਦੈ, ਡੂੰਘਾਈ (deep) 'ਚ ਨਹੀਂ ਜਾਂਦਾ। ਉਥੇ ਇਹ ਸੁਪਨਾ ਲੈਣਾ ਸ਼ੁਰੂ ਕਰ ਦਿੰਦੀਆਂ ਨੇ, ਉਥੇ ਵੀ ਦੇਖਦੀਆਂ ਨੇ। ਉਹ ਥੋੜ੍ਹਾ ਜਿਹਾ ਅੱਖਾਂ ਦਾ ਫਰਕ ਹੈ ਇਹ ਹੋਰ ਨੇ, ਉਹ ਹੋਰ ਨੇ। ਕਹਿੰਦੇ, ਰੱਜਦੀਆਂ ਨਹੀਂ ਦੇਖ-ਦੇਖ ਕੇ, ਥੱਕ ਰਹੀਆਂ ਨੇ। ਖਤਮ ਹੋ ਜਾਂਦੀਆਂ ਨੇ ਪਰ ਪੱਲੇ ਕੁਛ ਨਹੀਂ ਪੈਂਦਾ ਇਹਨਾਂ ਦੇ।

***ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।***

***ਭਾਈ ਗੁਰਦਾਸ ਜੀ, ਵਾਰ 27/9***

ਚਾਰ ਚੀਜ਼ਾਂ ਇਹ ਸੁਣਦੈ, ਹਾਸੇ ਜਾਂ ਰੋਣ ਦੀਆਂ ਗੱਲਾਂ, ਜਾਂ ਕਿਸੇ ਦੀ ਉਸਤਤ ਜਾਂ ਕਿਸੇ ਦੀ ਨਿੰਦਿਆ, ਜਾਂ ਆਪਣੀ ਨਿੰਦਿਆ। ਖਿਝੀ ਜਾਂਦੈ, ਔਖਾ ਹੁੰਦੈ। ਕਹਿੰਦੇ, ਇਹ ਵੀ ਸੁਣਦੇ ਹੀ ਸੁਣਦੇ ਚਲੇ ਜਾਂਦੇ ਨੇ, ਆਪਣਾ ਕੰਮ ਨਹੀਂ ਕਰਦੇ। ਜਿਹੜੇ ਕੰਮ ਕਰਨ ਵਾਸਤੇ ਆਇਆ ਸੀ-

***ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥***
***ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥***
***ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥***

***ਅੰਗ- 922***

ਉਹ ਬਾਣੀ ਜਿਹੜੀ ਹੈ ਜਿਹਦੇ ਬਾਰੇ ਮਹਾਰਾਜ ਕਹਿੰਦੇ, ਦੋਵੇਂ ਤਰ੍ਹਾਂ ਦੀ ਹੈ। ਉਪਰਲੀ ਤੈਹ 'ਚ, ਤਾਂ ਕਹਿੰਦੇ ਬਾਹਰੋਂ ਸੁਣਦੈ। ਜੇ ਤੂੰ ਗਹਿਰਾ ਚਲਿਆ ਗਿਆ ਤੇਰੇ ਅੰਦਰ ਫੇਰ ਬਾਣੀ ਹੈ। ਸ਼ਬਦ ਹੈ, ਐਸੀ ਧੁਨ ਹੈ ਉਹਦੀ। ਮਹਾਰਾਜ ਕਹਿੰਦੇ ਕੀ, ਕਹੀਏ -

***ਅਨਹਤ ਬਾਣੀ ਥਾਨੁ ਨਿਰਾਲਾ ॥***
***ਤਾ ਕੀ ਧੁਨਿ ਮੋਹੇ ਗੋਪਾਲਾ ॥*** ***ਅੰਗ- 186***

ਗੋਪਾਲ ਵੀ ਮੋਹਿਆ ਜਾਂਦੈ। ਬੰਦਾ ਕੀ ਹੈ। ਮਸਤ ਕਰ ਦਿੰਦੀ ਹੈ।

ਸੰਤ ਮਹਾਰਾਜ ਜੀ (ਸ੍ਰੀ ਮਾਨ ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ ਵਾਲੇ) ਆਏ ਹੋਏ ਸੀ। 10 ਸੈਕਟਰ, ਚੰਡੀਗੜ੍ਹ ਅਸੀਂ ਕੋਠੀ ਲਈ ਹੋਈ ਸੀ। ਉਥੇ ਇਕ ਵਿਦਵਾਨ ਆਇਆ। ਮਹਾਰਾਜ ਨੇ ਦੇਖ ਲਿਆ ਕਿ ਕੋਈ ਚੰਗਾ ਵਿਦਵਾਨ ਪੁਰਸ਼ ਆਇਆ ਹੈ। ਨਮਸ਼ਕਾਰ ਕਰੀ ਉਸ ਨੇ, ਹੱਥ ਜੋੜ ਕੇ ਖੜ੍ਹ ਗਿਆ। ਮਹਾਰਾਜ ਕਹਿੰਦੇ, ਦਸੋ?

ਕਹਿੰਦਾ, ਸੁਣਿਆ ਸੀ, ਸੁਣ ਨਹੀਂ ਹੋਇਆ, ਦੇਖਿਆ ਸੀ, ਦੇਖ ਨਹੀਂ ਹੋਇਆ।

ਮਹਾਰਾਜ ਜੀ ਕਹਿਣ ਲੱਗੇ, ਅਭਿਆਸ ਘੱਟ ਸੀਗਾ।

ਮੱਥਾ ਟੇਕਿਆ, ਚੁੱਪ ਕਰਕੇ ਤੁਰ ਗਿਆ। ਇਸ ਤੋਂ ਅੱਗੇ ਗੱਲ ਹੀ ਨਾ ਕਰੀ ਉਹਨੇ। ਸਾਰੇ ਦੇਖਣ ਲੱਗ ਗਏ ਕਿ ਗੱਲ ਕੀ ਬਣੀ, ਕਿਸੇ ਦੀ

ਸਮਝ 'ਚ ਨਹੀਂ ਆਈ ਗੱਲ।

ਸਾਰਿਆਂ ਨੇ ਬੇਨਤੀ ਕੀਤੀ ਮਹਾਰਾਜ! ਗੱਲ ਸਾਡੇ ਤਾਂ ਸਮਝ 'ਚ ਨਹੀਂ ਪਈ। ਇਹ ਬੰਦਾ ਐਡੀ ਦੂਰੋਂ ਆਇਆ। ਇਹ ਕਹਿੰਦਾ ਸੀ, ਮੈਂ ਹੁਸ਼ਿਆਰਪੁਰ ਤੋਂ ਆਇਆਂ, ਸਿਰਫ ਇਹੀ ਗੱਲ ਪੁੱਛਣ ਤੇ ਮੈਨੂੰ ਪਤਾ ਲੱਗਿਆ ਸੀ ਆਪ ਦੇ ਬਾਰੇ। ਮੈਂ ਕਿਹਾ ਉਥੇ ਪੁੱਛ ਕੇ ਆਵਾਂ।

ਮਹਾਰਾਜ ਜੀ ਸਾਡੇ ਵਾਸਤੇ ਤਾਂ ਇਹ ਇਕ ਮੁੰਦਾਵਣੀ ਬਣ ਗਈ। ਸਾਨੂੰ ਤਾਂ ਪਤਾ ਨਹੀਂ ਲਗ ਰਿਹਾ ਮਹਾਰਾਜ ਇਸ ਵਾਰਤਾਲਾਪ ਦਾ। ਸਾਡੀ ਸਮਝ ਤੋਂ ਬਾਹਰਲੀ ਬਾਤ ਹੈ।

ਮਹਾਰਾਜ ਕਹਿਣ ਲੱਗੇ, ਪਿਆਰਿਓ! ਇਕ ਅਵਸਥਾ ਹੈ ਆਦਮੀ ਦੇ ਅੰਦਰ। ਜਿਸ ਥਾਂ ਦੇ ਉਤੇ ਇਕ ਐਸਾ ਨਾਦ ਆਉਂਦੈ, ਉਹ ਸੁਣਿਆ ਨਹੀਂ ਜਾਂਦਾ ਆਮ ਹਾਲਤ 'ਚ। ਸਰੀਰ ਸਾਰਾ ਹੀ ਝਰਨਾਟਿਆ ਜਾਂਦੈ। ਬਹੁਤ ਅਭਿਆਸ ਹੋਵੇ ਤਾਂ ਉਹ ਸੁਣਦੈ। ਅਨਹਦ ਬਾਣੀ ਜਿਹਨੂੰ ਕਹਿੰਦੇ ਨੇ, ਅਨਹਦ ਸ਼ਬਦ ਇਹ ਹੇਠਲੀ ਬਾਤ ਹੈ, ਇਹਦੇ ਉਤੇ ਉਹ ਹੈ ਜਿਹੜਾ ਪ੍ਰਮੇਸ਼ਰ ਦੇ ਦਰ ਦੇ ਉਤੇ ਹਰ ਵਕਤ ਸੰਗੀਤ ਹੋ ਰਿਹੈ –

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***

***ਅੰਗ- 1291***

ਪਹਿਲਾਂ ਪੰਜ ਸ਼ਬਦ ਸੁਣਦੇ ਨੇ –

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥ ॥***

***ਅੰਗ- 1291***

ਅਗਲੀ ਬਾਤ ਫੇਰ ਆ ਗਈ ''ਤਾਰ ਘੋਰ ਬਾਜਿੰਤ੍ਰ ਤਹ' ਤਾਰ ਘੋਰ ਦੀ –

***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***
***ਉਲਟਿ ਕਮਲੁ ਅੰਮ੍ਰਿਤਿ ਭਰਿਆ***
***ਇਹੁ ਮਨੁ ਕਤਹੁ ਨ ਜਾਇ ॥***
***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***
***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***
***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ- 1291***

ਕਹਿੰਦੇ, ਸੁਰਤ ਇਹਦੀ ਉਥੇ ਪਹੁੰਚਦੀ ਸੀ। ਉਹ ਪ੍ਰਕਾਸ਼, ਜਿਹੜਾ ਹੈ ਉਹ ਐਨਾ ਮਿੱਠਾ ਹੈ ਤੇ ਐਨਾ ਪਿਆਰਾ ਤੇ ਐਨੀ ਝਰਨਾਹਟ ਦੇਣ

ਵਾਲਾ ਹੈ ਸਰੀਰ ਨੂੰ, ਉਹ ਐਨਰਜੀ ਦਾ ਪ੍ਰਕਾਸ਼ ਹੈ ਵਾਹਿਗੁਰੂ। ਉਹ ਐਨਰਜੀ ਜਦੋਂ ਇਹਨੂੰ ਛੂੰਹਦੀ ਹੈ ਇਹ ਸਹਿ ਨਹੀਂ ਸਕਦਾ। ਤਾਂ ਅਸੀਂ ਕਿਹਾ ਕਿ ਅਭਿਆਸ ਘੱਟ ਹੈ। ਸ਼ਬਦ ਸੁਣਦੇ ਨੇ ਅੰਦਰ, ਸਾਡੇ ਅੰਦਰ ਹੀ ਹੈ ਸ਼ਬਦ। ਮਹਾਰਾਜ ਕਹਿੰਦੇ, ਸਭ ਸੰਭਾਲਿਆ ਪਿਐ –

***ਭੀਤਰਿ ਕੋਟ ਗੁਫਾ ਘਰ ਜਾਈ ॥***
***ਨਉ ਘਰ ਥਾਪੇ ਹੁਕਮਿ ਰਜਾਈ ॥*** *ਅੰਗ- 1033*

ਜਦੋਂ ਇਸ ਗੁਫਾ 'ਚ ਜਾਂਦੇ ਹਾਂ ਤਾਂ ਨੌਂ ਘਰ ਜਿਹੜੇ ਨੇ ਉਹ ਥਾਪ ਦਿਤੇ ਜਾਂਦੇ ਨੇ। ਫੇਰ ਨਹੀਂ ਇਹ ਦੌੜਦੇ ਭੱਜਦੇ, ਇਹ ਟਿਕ ਜਾਂਦੇ ਨੇ। ਕਹਿੰਦੇ ਉਥੇ ਫੇਰ ਕੀ ਦਿਸਦੈ? –

***ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥***
*ਅੰਗ- 1033*

ਉਹ ਜਿਹਨੂੰ ਟੋਲ੍ਹਦੇ ਫਿਰਦੇ ਹਾਂ –

***ਬਾਹਰਿ ਢੂਢਨ ਤੇ ਛੂਟਿ ਪਰੇ***
***ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥*** *ਅੰਗ- 1002*

ਪਤਾ ਲਗ ਗਿਆ ਕਿ ਇਹ ਤਾਂ ਐਵੇਂ ਹੀ ਅਸੀਂ ਸਮਾਂ ਬਰਬਾਦ ਕੀਤਾ।

ਬਾਬਾ ਫਰੀਦ ਨੇ ਬਾਰ੍ਹਾਂ ਸਾਲ ਪਹਿਲਾਂ ਤਪ ਕਰਿਆ, ਬਾਰ੍ਹਾਂ ਸਾਲ ਫੇਰ ਕਰਿਆ। ਜਦੋਂ ਐਸੀ ਅਵਸਥਾ ਆ ਗਈ ਕਿ ਸਰੀਰ ਸੁੱਕ ਗਿਆ ਤੇ ਦਿਲ ਦੇ ਅੰਦਰ ਬੜੀ ਨਿਰਾਸ਼ਾ ਆਈ ਕਿ ਹੁਣ ਕੀ ਹੋਏਗਾ। ਬੇਬਸੀ ਆ ਗਈ ਤੇ ਇਸ ਤਰ੍ਹਾਂ ਫੁਰਮਾਨ ਕਰਦੇ ਨੇ–

***ਧਾਰਨਾ – ਤਨ ਸੁੱਕ ਕੇ ਹੱਡਾਂ ਦੀ ਮੁੱਠੀ ਹੋ ਗਿਆ,***
***ਅਜੇ ਵੀ ਨਾ ਰੱਬ ਬਹੁੜਿਆ।***
***ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ ॥***
***ਅਜੈ ਸੁ ਰਬੁ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ ॥***
*ਅੰਗ- 1382*

ਕੈਸੇ ਭਾਗ? ਕਿੰਨਾ ਚਿਰ ਹੋ ਗਿਆ ਇੰਤਜ਼ਾਰ ਕਰਦੇ ਨੂੰ। ਕਿੱਡਾ ਸੁੰਦਰ ਸਰੀਰ ਸੀ, ਕਿੰਨਾ ਤਕੜਾ ਸਰੀਰ ਸੀ –

***ਫਰੀਦਾ ਇਨੀ ਨਿਕੀ ਜੰਘੀਐ ਥਲ ਡੂੰਗਰ ਭਵਿਓਮ੍ਹਿ ॥***
***ਅਜੁ ਫਰੀਦੈ ਕੂਜੜਾ ਸੈ ਕੋਹਾਂ ਥੀਓਮਿ ॥***
*ਅੰਗ- 1378*

ਜਿੰਨਾਂ ਫਰੀਦ ਨੇ ਸਫਰ ਕਰਿਐ, ਜਦੋਂ ਅਸੀਂ ਪੜ੍ਹਦੇ ਹਾਂ। ਈਰਾਕ ਤੋਂ ਲੈ ਕੇ, ਉਸ ਤੋਂ ਅੱਗੇ ਟਰਕੀ ਤੋਂ ਲੈ ਕੇ ਆਸਾਮ, ਬ੍ਰਮ੍ਹਾ, ਸਾਰੇ ਜੰਗਲਾਂ 'ਚ, ਪਹਾੜਾਂ 'ਚ, ਬਾਬਾ ਫਰੀਦ ਘੁੰਮਦਾ ਰਿਹਾ। ਕਹਿੰਦਾ, ਹੁਣ

ਸਬਰ ਨਾਲ ਉਡੀਕ ਰਿਹਾਂ, ਉਡੀਕਦੇ-ਉਡੀਕਦੇ ਸਰੀਰ ਤਾਂ ਸੁੱਕ ਗਿਆ ਤੇ ਭੁਲੇਖਾ ਪੈਣ ਲਗ ਗਿਆ ਕਿ ਮੁਰਦਾ ਹੋ ਗਿਆ। ਮੁਰਦਾ ਸਮਝ ਕੇ ਕਾਂਉ ਆ ਗਏ ਤੇ ਕਾਂ ਬੜਾ ਸ਼ੈਤਾਨ ਹੁੰਦੈ, ਸਭ ਤੋਂ ਪਹਿਲਾਂ ਅੱਖ ਦੇ ਉਤੇ ਚੁੰਝ ਮਾਰ ਕੇ ਦੇਖਦੈ ਕਿ ਇਹਦੇ 'ਚ ਜਾਨ ਤਾਂ ਨਹੀਂ ਬਾਕੀ, ਕਿਤੇ ਫੜ ਹੀ ਨਾ ਲਵੇ ਤੇ ਜਦੋਂ ਆ ਕੇ ਬਾਬਾ ਫਰੀਦ ਦੇ ਮੱਥੇ 'ਤੇ ਬੈਠਦੈ। ਉਸ ਵੇਲੇ ਹੌਲੀ ਦੇ ਕੇ ਬਾਂਹ ਹਿਲਦੀ ਹੈ, ਤਾਂ ਧੀਮੀ ਆਵਾਜ਼ ਵਿਚ ਬੇਨਤੀ ਕਰਦੈ -

***ਧਾਰਨਾ - ਓ ਕਾਗਾ! ਇਹ ਦੋਏ ਨੈਣਾਂ ਮਤ ਛੇੜਿਓ,***
***ਮੈਨੂੰ ਪਿਰ ਦੇਖਣ ਦੀ ਆਸ।***
***ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥***
***ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥***

***ਅੰਗ- 1382***

ਘੋਰ ਤਪਸਿਆ, ਘੋਰ ਲਗਨ, ਸੁਕ ਗਿਆ, ਮੁਰਦਾ ਸਮਝ ਕੇ ਕਾਂਉਂ ਆ ਗਏ। ਕਹਿੰਦਾ, ਨਾ ਵੀਰਾ! ਮੈਂ ਤਾਂ ਇਹਨਾਂ ਅੱਖਾਂ ਰਾਹੀਂ ਪ੍ਰਮੇਸ਼ਰ ਨੂੰ ਦੇਖਣ ਦੀ ਆਸ ਲਾਈ ਬੈਠਾਂ। ਤੂੰ ਨਾ ਖਾਈਂ ਇਹਨਾਂ ਨੂੰ। ਹੱਦ ਹੋ ਗਈ ਤਪ ਦੀ।

ਉਸ ਵੇਲੇ ਕੋਈ ਤੱਤ ਬੇਤੇ ਮਹਾਂਪੁਰਸ਼, ਹਾਲਤ ਦੇਖੀ ਫਰੀਦ ਦੀ। ਕਹਿਣ ਲੱਗੇ, ਫਰੀਦਾ! ਕੀ ਹਾਲ ਬਣਾਇਐ ਤੈਂ?

ਕਹਿਣ ਲੱਗਿਆ -

***ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ੍ ॥***
***ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ੍ ॥***

***ਅੰਗ- 1384***

ਹੱਡ ਜਲਦੇ ਨੇ ਮੇਰੇ, ਅੰਦਰ ਲਗਨ ਲੱਗੀ ਹੈ, ਅੰਦਰ ਬਿਰਹਾ ਦੀ ਅੱਗ ਮਚ ਰਹੀ ਹੈ। ਜੇ ਮੈਂ ਥਕ ਜਾਵਾਂ ਪੈਰੀਂ ਚਲਦਾ ਤਾਂ ਸਿਰ ਦੇ ਭਾਰ ਚੱਲਾਂ, ਮੈਨੂੰ ਮਿਲ ਜਾਵੇ ਪ੍ਰਮੇਸ਼ਰ।

ਆਵਾਜ਼ ਆਈ ਕਹਿੰਦੇ ਫਰੀਦਾ! -

***ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ ॥ ਸਿਰਿ***
***ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲਿ ॥***

***ਅੰਗ- 1384***

ਜਿਹਨੂੰ ਤੂੰ ਟੋਲ੍ਹਦੈਂ ਉਹ ਤਾਂ ਤੇਰੇ ਅੰਦਰ ਬੈਠੈ-

***ਧਾਰਨਾ - ਪਿਆਰੇ ਜੰਗਲਾਂ ਦੇ ਵਿਚ ਕਾਹਨੂੰ ਢੂੰਡਦੈਂ,***
***ਖੋਜ ਮਨ ਆਪਣੇ ਨੂੰ।***
***ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥***
***ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥***

***ਅੰਗ- 1378***

24 ਸਾਲ ਬਾਬਾ ਫਰੀਦ ਦੇ ਤਪ ਕਰਦੇ ਦੇ ਲੰਘ ਗਏ। 12 ਸਾਲ ਪਹਿਲਾਂ, 12 ਸਾਲ ਲਈ ਫੇਰ ਮਾਂ ਨੇ ਭੇਜ ਦਿਤਾ, ਕੁਛ ਨਹੀਂ ਬਣਿਆ ਫਰੀਦਾ, 'ਹਨੂਸ ਦਿਲੀ ਦੂਰ ਅਸਤ।' ਅਜੇ ਨਹੀਂ ਕੁਛ ਵੀ ਬਣਿਆ, ਤੇਰੇ 'ਚ ਰਿਧੀ-ਸਿੱਧੀ ਸ਼ਕਤੀ ਆਈ ਹੈ। ਤੇਰੇ ਨਾਲੋਂ ਤਾਂ ਜ਼ਿਆਦਾ ਉਸ ਲੜਕੀ ਵਿਚ ਆ ਗਈ ਜਿਹੜੀ ਪਾਣੀ ਦੇ ਡੋਲ ਡੋਲ੍ਹਦੀ ਸੀ। ਕੀ ਖੱਟਿਆ ਤੂੰ? ਉਹ 20-22 ਸਾਲ ਦੀ ਲੜਕੀ, ਘਰ 'ਚ ਰਹਿੰਦੀ ਹੈ, ਸ਼ਕਤੀ ਉਹਦੇ 'ਚ ਕਿੰਨੀ ਦੇਖੀ ਤੂੰ। ਤੇਰਾ ਕੁਛ ਨਹੀਂ ਬਣਿਆ। ਦੁਬਾਰਾ ਫੇਰ ਚਲਿਆ ਜਾਂਦੈ। ਘੋਰ ਤਪਸਿਆ ਕੀਤੀ। ਮਹਾਂਪੁਰਸ਼ ਨੇ ਦਸਿਆ ਕਿ ਫਰੀਦਾ! ਕਾਹਨੂੰ ਜੰਗਲਾਂ 'ਚ ਫਿਰਦੈਂ। ਰੱਬ ਤੇਰੇ ਅੰਦਰ ਰਹਿੰਦੈ -

***ਹਉ ਢੂੰਢੇਂਦੀ ਸਜਣਾ ਸਜਣੁ ਮੈਡੈ ਨਾਲਿ ॥***
***ਜਨ ਨਾਨਕ ਅਲਖੁ ਨ ਲਖੀਐ ਗੁਰਮੁਖਿ ਦੇਹਿ ਦਿਖਾਲਿ ॥***

***ਅੰਗ- 1318***

ਕਿਸੇ ਗੁਰਮੁਖ ਦੀ ਸ਼ਰਨ ਪੈ। ਜਦੋਂ ਤਕ ਤੂੰ ਗੁਰਮੁਖ ਦੀ ਸ਼ਰਨ ਦੇ ਵਿਚ ਨਹੀਂ ਜਾਂਦਾ, ਓਨੀਂ ਦੇਰ ਤਕ ਤੇਰੇ ਨੇਤਰ ਅੰਦਰਲੇ ਖੁਲ੍ਹਣੇ ਨਹੀਂ ਹਨ। ਤੇਰਾ ਭਰਮ ਦੂਰ ਨਹੀਂ ਹੋਣਾ।

ਪੰਜ ਕਿਸਮ ਦਾ ਭਰਮ ਮੈਂ ਪਿਛਲੇ ਦੀਵਾਨ 'ਚ ਦਸਿਆ ਸੀ। ਉਹ ਭਰਮ ਨਹੀਂ ਕੱਟਿਆ ਜਾਣਾ ਕਿਉਂਕਿ ਨੇਤਰਾਂ ਦੇ ਵਿਚ ਅੰਧਕਾਰ ਛਾਇਆ ਹੋਇਐ। ਜਾਹ ਮੁਰਸ਼ਦੇ-ਏ-ਕਾਮਲ ਦੀ ਸ਼ਰਨ ਲੈ।

ਸੋ ਇਸ ਤਰ੍ਹਾਂ ਦੇ ਨਾਲ ਅੰਦਰ ਹੈ ਪ੍ਰਮੇਸ਼ਰ। ਉਹਨੂੰ ਤਾਂ ਦੇਖਦੇ ਨਹੀਂ ਹੈਗੇ। ਬਾਹਰ ਦੇਖਦੇ ਹਾਂ।

***ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।***

***ਭਾਈ ਗੁਰਦਾਸ ਜੀ***

ਬਾਹਰ ਝਾਕੀ ਜਾਂਦੀਆਂ ਨੇ ਦਿਨ ਰਾਤ। ਅੰਦਰ ਖੋਜ ਨਹੀਂ ਹੈ। ਅੰਦਰ ਦਾ ਪਤਾ ਨਹੀਂ ਹੈ। ਉਹ ਜਿਹੜਾ ਮੰਤਰ ਹੈ ਸਿਮ-ਸਿਮ, ਜਿਹਦੇ ਨਾਲ ਅਲੀ ਬਾਬੇ ਦੇ ਦਰਵਾਜ਼ੇ ਖੁਲ੍ਹ ਜਾਂਦੇ ਸੀ। ਉਹ ਸਮਰੱਥ ਗੁਰੂ ਤੋਂ ਪ੍ਰਾਪਤ ਹੁੰਦੇ ਨੇ। ਉਹਦੀ ਕਮਾਈ ਕਰਨ ਤੋਂ ਬਗੈਰ ਅੰਦਰਲੀ ਤਰੱਕੀ ਹੋਇਆ ਹੀ ਨਹੀਂ ਕਰਦੀ। ਕੋਈ ਤਰੀਕਾ ਨਹੀਂ ਹੋਰ, ਕੋਈ ਸਾਧਨ ਨਹੀਂ। ਜਿੰਨਾਂ ਜੀਅ ਕਰਦੈ ਪੜ੍ਹ ਲੈ, ਜਿੰਨਾ ਜੀਅ ਕਰਦੈ ਅਰਥ ਸਿੱਖ ਲੈ, ਜਿੰਨਾਂ ਜੀਅ ਕਰਦੈ, ਲੈਕਚਰ ਦੇ ਲੈ, ਵਖਿਆਨ ਕਰ ਲੈ। ਜਦੋਂ ਤਕ ਦਰ ਅੰਦਰੋਂ ਨਹੀਂ ਖੁਲ੍ਹਣਾ ਤਦ ਤਕ ਗੱਲ ਬਣਨੀ ਨਹੀਂ ਹੈ। ਇਹ ਪ੍ਰੈਕਟੀਕਲ ਹੈ। ਮਹਾਰਾਜ ਕਹਿੰਦੇ, ਅੰਦਰ ਹੈ - ***'ਭੀਤਰਿ ਕੋਟ ਗੁਫਾ ਘਰ ਜਾਈ ॥ ਨਉ ਘਰ ਥਾਪੇ ਹੁਕਮਿ ਰਜਾਈ ॥ ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥' (ਅੰਗ-1033)***

ਉਹ ਖੁਲ੍ਹਦਾ ਕਿਉਂ ਨਹੀਂ, ਵਜ੍ਹਾ ਕੀ ਹੈ? ਮਹਾਰਾਜ ਕਹਿੰਦੇ ਵਜ੍ਹਾ ਇਹ ਹੈ ਪਿਆਰਿਆ! ਯਾਦ ਕਰ ਲੈ -

***ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥***

***ਅੰਗ- 339***

ਮਹਾਰਾਜ ਕਹਿੰਦੇ, ਕਾਰਨ ਇਹ ਹੈ ਕਿ ਤੇਰੀ ਸੁਰਤ ਨੌਂ ਦਰਵਾਜ਼ਿਆਂ 'ਚ ਘੁੰਮ ਰਹੀ ਹੈ। ਜਿਹੜਾ ਤੇਰਾ ਅਸਲੀ ਘਰ ਸੀ ਉਥੇ ਦਰਵਾਜ਼ੇ ਬੰਦ ਹੋ ਗਏ। ਕਿਉਂਕਿ ਤੈਨੂੰ ਕਰੋੜਾਂ ਸਾਲ ਹੋ ਗਏ, ਮੁੜ ਕੇ ਵੜਿਆ ਹੀ ਨਹੀਂ ਹੈ ਉਸ ਘਰ 'ਚ -

***ਫਿਰਤ ਫਿਰਤ ਬਹੁਤੇ ਜੁਗ ਹਾਰਿਓ ਮਾਨਸ ਦੇਹ ਲਹੀ ॥***
***ਨਾਨਕ ਕਹਤ ਮਿਲਨ ਕੀ ਬਰੀਆ ਸਿਮਰਤ ਕਹਾ ਨਹੀ ॥***

***ਅੰਗ- 631***

ਮਹਾਰਾਜ ਕਹਿੰਦੇ ਥੋੜ੍ਹਾ ਬਹੁਤਾ ਸਮਾਂ ਨਹੀਂ, ਬਹੁਤੇ ਯੁੱਗ ਲੰਘ ਗਏ। ਤੇਰੀ ਵਾਰੀ ਆ ਗਈ ਹੁਣ ਕਿਉਂ ਨਹੀਂ ਤੂੰ ਇਸ ਰਸਤੇ ਪੈਂਦਾ ਪਿਆਰਿਆ। ਸਮਾਂ ਲੰਘ ਰਿਹੈ। ਕੁਛ ਵੀ ਤੇਰੇ ਪੱਲੇ ਨਹੀਂ ਪੈਣਾ। ਫੇਰ ਦੇਖ-ਦੇਖ ਕੇ ਥੱਕ ਜਾਏਂਗਾ, ਸੁਣ-ਸੁਣ ਕੇ ਥੱਕ ਜਾਏਂਗਾ, ਖਾ-ਖਾ ਕੇ ਥੱਕ ਜਾਏਂਗਾ। ਸੁਗੰਧੀਆਂ ਲੈ-ਲੈ ਕੇ, ਖਤਮ ਹੋ ਜਾਏਂਗਾ, ਭੋਗਾਂ ਨੂੰ ਕੋਈ ਭੋਗ ਨਹੀਂ ਸਕਦਾ, ਭੋਗ ਭੋਗਣ ਵਾਲੇ ਨੂੰ ਖਾ ਜਾਂਦੇ ਨੇ।

ਅਸਲੀ ਬਾਤ ਇਹ ਹੈ ਕਿ ਜਿਥੇ ਤੈਨੂੰ ਲਿਜਾਉਣਾ ਚਾਹੁੰਦੇ ਹਾਂ ਉਹ ਤੂੰ ਦਰਵਾਜ਼ਾ ਖੋਲ੍ਹ, ਸ਼ਬਦ ਦੀ ਕਮਾਈ ਕਰ।

ਪਿਛੇ ਮੈਗਜ਼ੀਨ ਵਿਚ ਡਾ. ਵੇਦ ਭਾਰਤੀ ਜੀ, ਡੀ.ਲਿਟ ਨੇ ਸਹਿਜ ਜਿਹਾ, ਸੁਖਾਲਾ ਜਿਹਾ ਇਕ ਲੈਕਚਰ ਦਿਤਾ ਸੀ। ਬਹੁਤ ਸੁਖਾਲਾ। ਉਹਦੇ ਵਿਚ ਯੁਕਤ ਲਿਖੀ ਹੋਈ ਹੈ ਆਪ ਨੇ ਕਿ ਕਿਵੇਂ ਇਹ ਦਰਵਾਜ਼ਾ ਖੁਲ੍ਹਦੈ। ਸੁਖਾਲੀ ਜਿਹੀ ਹੈ, ਬਹੁਤ ਹੀ ਸੁਖਾਲੀ। ਕਿਸੇ ਨੂੰ ਔਖੀ ਨਹੀਂ ਹੈ। ਬੜੇ ਅਰਾਮ ਦੇ ਨਾਲ ਹੈ। ਉਹ ਪੜ੍ਹਿਓ ਤੁਸੀਂ। ਪਤਾ ਲਗ ਜਾਏਗਾ ਕਿ ਆਪਣਾ ਘਰ ਕਿਵੇਂ ਖੋਲ੍ਹਣੈ। ਕਿਵੇਂ ਅਸੀਂ ਦਾਖਲ ਹੋ ਸਕਦੇ ਹਾਂ ਆਪਣੇ ਘਰ ਦੇ ਵਿਚ। ਕਿਉਂਕਿ ਮੁੱਦਤਾਂ ਹੋ ਗਈ। ਮੁੱਦਤਾਂ ਹੋਈਆਂ ਤਾਂ ਤਾਲਾ ਲਾ ਦਿਤਾ। ਤਾਲਾ ਲਾ ਕੇ ਅਗਾਂਹਾਂ ਕੰਮ ਕੀ ਕਰਿਆ, ਚਾਬੀਆਂ ਆਪਣੇ ਕੋਲ ਨਹੀਂ ਰੱਖੀਆਂ। ਸਮਰੱਥ ਪੁਰਸ਼ ਨੂੰ ਫੜਾ ਦਿਤੀਆਂ, ਗੁਰਮੁਖ ਪਿਆਰੇ ਨੂੰ ਜਿਹਨੂੰ ਗੁਰੂ ਕਹਿੰਦੇ ਹਾਂ, ਉਹਨੂੰ ਫੜਾ ਦਿਤੀਆਂ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***

***ਅੰਗ- 205***

***ਬਿਨੁ ਸਬਦੈ ਅੰਤਰਿ ਆਨੇਰਾ ॥***
***ਨ ਵਸਤੁ ਲਹੈ ਨ ਚੂਕੈ ਫੇਰਾ ॥***

*ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ*
*ਗੁਰੁ ਪੂਰੈ ਭਾਗਿ ਮਿਲਾਵਣਿਆ ॥ ਅੰਗ- 124*

ਜਦੋਂ ਤਕ ਉਹ ਸ਼ਬਦ ਨਹੀਂ ਪ੍ਰਾਪਤ ਹੁੰਦਾ। ਹਨ੍ਹੇਰਾ ਅੰਦਰਲਾ ਨਹੀਂ ਦੂਰ ਹੁੰਦਾ। ਨਾਮ ਵਸਤੂ ਜੋ ਹੱਦ ਤੋਂ ਜ਼ਿਆਦਾ ਕੀਮਤੀ ਹੈ ਨਾ ਤਾਂ ਉਹ ਪ੍ਰਾਪਤ ਹੁੰਦੀ ਹੈ। ਨਾਮ ਵਸਤੂ ਕਿੰਨੀ ਕੁ ਕੀਮਤੀ ਹੈ ਮਹਾਰਾਜ ਕਹਿੰਦੇ –

*ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥*
*ਜਿਨਾ ਭਾਗ ਮਥਾਹਿ ਸੇ ਨਾਨਕ ਹਰਿ ਰੰਗੁ ਮਾਣਦੋ ॥*
*ਅੰਗ- 81*

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥*
*ਸੰਤ ਕਾ ਸੰਗੁ ਵਡਭਾਗੀ ਪਾਈਐ ॥*
*ਸੰਤ ਕੀ ਸੇਵਾ ਨਾਮੁ ਧਿਆਈਐ ॥*
*ਨਾਮ ਤੁਲਿ ਕਛੁ ਅਵਰੁ ਨ ਹੋਇ ॥*
*ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ ॥ ਅੰਗ- 265*

ਉਹ ਨਾਮ ਜਿਹੜਾ ਹੈ ਐਨਾ ਕੀਮਤੀ ਹੈ ਕਿ ਜੋ ਦੁਨੀਆਂ ਦੀ ਵੱਡੀ ਤੋਂ ਵੱਡੀ ਪ੍ਰਾਪਤੀ ਹੈ, ਗੁਰੂ ਮਹਾਰਾਜ ਉਥੋਂ ਵੀ ਸਾਨੂੰ ਵਰਜ ਰਹੇ ਨੇ ਕਿ ਦੇਖੀਂ ਪਿਆਰਿਆ! ਕਿਤੇ ਨਾਮ ਨਾ ਭੁੱਲ ਜਾਈਂ –

*ਧਾਰਨਾ – ਕਿਤੇ ਭੁੱਲ ਨਾ ਜਾਈਂ ਓ ਮਨਾਂ ਨਾਮ ਨੂੰ,*
*ਮੋਤੀਆਂ ਦੇ ਮੰਦਰ ਵੇਖ ਕੇ।*

*ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥*
*ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥*
*ਅੰਗ- 14*

ਜ਼ਿਆਦਾ ਕੀਮਤੀ ਹੈ, ਦੇਖੀਂ ਮੋਤੀਆਂ ਦੇ ਮੰਦਰ ਤੈਨੂੰ ਮਿਲ ਗਏ, ਸੁਗੰਧੀਆਂ ਮਿਲ ਗਈਆਂ, ਬੜੀਆਂ ਸਹੂਲਤਾਂ ਮਿਲ ਗਈਆਂ। ਮੋਤੀਆਂ ਦੇ ਪਾਰਕ ਬਣ ਗਏ। ਪਲੰਘ ਮੋਤੀਆਂ ਦੇ ਜੜ੍ਹੇ ਹੋਏ ਮਿਲ ਗਏ –

*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥*
*ਅੰਗ- 14*

ਰਿੱਧੀਆਂ-ਸਿੱਧੀਆਂ ਮਿਲ ਗਈਆਂ। ਲੋਕਾਂ 'ਚ ਆ ਆਤੁਰ ਹੋ ਗਿਆ, ਰਾਜਸੀ ਸ਼ਕਤੀ ਪ੍ਰਾਪਤ ਹੋ ਗਈ, ਪਿਆਰਿਆ! ਜੇ ਨਾਮ ਨੂੰ ਭੁੱਲ ਗਿਆ ਨਾ, ਕੁਛ ਨਹੀਂ ਤੇਰੇ ਪੱਲੇ ਰਹਿਣਾ –

*ਧਾਰਨਾ – ਜਲ ਬਲ ਜਾਵੇ ਜਿਉੜਾ ਨਾਮ ਤੋਂ ਬਿਨਾਂ।*

*ਹਰਿ ਬਿਨੁ ਜੀਉ ਜਲਿ ਬਲਿ ਜਾਉ ॥*

***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥***

***ਅੰਗ- 14***

ਕਹਿੰਦੇ, ਐਨਾ ਭੁੱਲ ਗਿਆ ਜੀਵ, ਐਨੀ ਕੀਮਤੀ ਚੀਜ਼ ਨੂੰ, ਉਹ ਕੋਲ ਹੀ ਹੈ ਅੰਦਰ ਹੀ ਹੈ। ਲੇਕਿਨ ਬਾਹਰ ਘੁੰਮ ਰਿਹੈ ਇਹ। ਇਹ ਭੁੱਲ ਗਿਆ। ਅੱਖਾਂ ਰਾਹੀਂ ਭੁੱਲ ਗਿਆ। ਕੰਨਾਂ ਰਾਹੀਂ ਭੁੱਲ ਗਿਆ।

***ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ।***
***ਉਸਤਤਿ ਨਿੰਦਾ ਕੰਨਿ ਸੁਣਿ ਰੋਵਣਿ ਤੈ ਹਾਸੇ।***

***ਭਾਈ ਗੁਰਦਾਸ ਜੀ, ਵਾਰ 27/9***

ਸਵਾਦਾਂ 'ਚ ਭੁੱਲ ਗਿਆ -

***ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ।***
***ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ।***
***ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ।***
***ਪੀਰ ਮੁਰੀਦਾਂ ਪਿਰਹੜੀ ਸਚੀ ਰਹਰਾਸੇ।***

***ਭਾਈ ਗੁਰਦਾਸ ਜੀ, ਵਾਰ 27/9***

ਇਹਨਾਂ ਦੇ ਵਿਚੀਂ ਝਾਕਦਾ-ਝਾਕਦਾ, ਸੁਣਦਾ-ਸੁਣਦਾ, ਸਵਾਦ ਲੈਂਦਾ ਭੁੱਲ ਗਿਆ ਇਹਨੂੰ। ਕਹਿੰਦੇ ਨੌਆਂ ਘਰਾਂ 'ਚ ਭੁੱਲ ਗਈ ਕਾਮਨੀਂ। ਅਸੀਂ ਬਾਤ ਸਮਝਾਉਂਦੇ ਨੇ ਕਹਿੰਦੇ -

***ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥***
***ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥***

***ਅੰਗ- 339***

ਇਹਦੇ ਵਿਚ ਇਕ ਵਸਤ ਪਾ ਦਿਤੀ, ਉਪਮਾ ਰਹਿਤ, ਜਿਹਨੂੰ ਆਤਮਾ ਕਹਿੰਦੇ ਨੇ। ਇਹ ਛੇ ਨੇਮ ਕਰਕੇ ਬੰਨ੍ਹੀ ਹੈ। ਛੇ ਤਰੀਕਿਆਂ ਦੇ ਨਾਲ। ਰੀੜ ਦੀ ਹੱਡੀ ਦੇ ਵਿਚ ਛੇ ਗੰਢਾਂ ਦਿਤੀਆਂ ਹੋਈਆਂ ਨੇ। ਇਹਦੇ ਵਿਚ ਐਨਰਜੀ ਫਲੋਅ ਕਰਦੀ ਹੈ। ਲਾਈਫ ਐਨਰਜੀ ਉਹਦਾ ਨਾਉਂ ਹੈ। ਉਹਦੇ ਹੇਠਲੇ ਹਿੱਸੇ ਦੇ ਵਿਚ ਕੁੰਡਲਨੀ ਸ਼ਕਤੀ ਦਾ ਨਿਵਾਸ ਹੈ। ਉਹਨੂੰ ਪਹਿਲੇ ਜ਼ਮਾਨਿਆਂ ਦੇ ਅੰਦਰ ਦਰਜਾ-ਬ-ਦਰਜਾ ਪ੍ਰਾਣਾਯਾਮ ਦੇ ਨਾਲ ਭੁਜੰਗਾ ਨਾੜੀ ਹੈ ਰੀੜ ਦੀ ਹੱਡੀ ਦੇ ਅਖੀਰ ਦੇ ਉਤੇ, ਉਹਦਾ ਮੂੰਹ ਖੋਲ੍ਹਿਆ ਕਰਦੇ ਸੀ। ਉਸ ਥਾਂ ਦੇ ਉਤੇ ਮੂਲਧਾਰ ਚੱਕਰ ਹੈ। ਪ੍ਰਾਣਾਯਾਮ ਕਰਨਾ, ਲੰਮਾ ਵੱਡਾ ਪ੍ਰਾਣਾਯਾਮ। ਡੇਢ ਸੌ ਕਿਸਮ ਦਾ ਪ੍ਰਾਣਾਯਾਮ ਹੈ। ਜਿਹੜੇ ਸਾਰਾ ਕਰਦੇ ਨੇ ਬਹੁਤ ਤਜਰਬਾ ਹੁੰਦੈ ਇਹਨਾਂ ਦਾ। ਲੰਮਾ ਪ੍ਰਾਣਾਯਾਮ ਜਿਹੜਾ ਹੈ ਉਹ 84, 42 ਦਾ ਹੋਇਆ ਕਰਦੈ। 42 ਵਾਰੀ ਵਾਹਿਗੁਰੂ ਅੰਦਰ ਨੂੰ ਸਾਹ ਖਿੱਚ ਕੇ, 42 ਵਾਰੀ ਬਾਹਰ ਤੇ 84 ਵਾਰੀ ਰੋਕ ਕੇ। ਇਹਦਾ ਨਤੀਜਾ ਕੀ ਨਿਕਲਦੈ, ਜੇ ਇਕ ਹਜ਼ਾਰ ਬੰਦਾ ਲੱਗੇ, 999 ਬੰਦਾ ਪਾਗਲ ਖਾਨੇ 'ਚ ਚਲਿਆ ਜਾਏਗਾ। ਕਿਉਂਕਿ ਗਰਮੀ ਐਨੀ ਹੈ ਸਵਾਸ

ਦੀ। ਉਹਦੇ ਵਾਸਤੇ ਨਾ ਬ੍ਰਹਮਚਰੀਯ ਹੈ ਇਹਦੇ ਕੋਲ, ਨਾ ਸਰੀਰਕ ਸ਼ਕਤੀ ਹੈ, ਨਾ ਖਾਣ ਦੀ ਕੋਈ ਸ਼ਕਤੀ ਹੈ, ਜਿਹੜੀ ਕਣਕ ਅਸੀਂ ਖਾਂਦੇ ਹਾਂ, ਜਿਹੜੀ ਦੇਸੀ ਕਣਕ ਖਾਈਦੀ ਸੀ, ਉਹਦੇ ਵਿਚ 21% ਪ੍ਰੋਟੀਨ ਹੋਇਆ ਕਰਦੀ ਸੀ। ਜਿਹੜੀ ਹਾਈ ਬਰੀਡ ਦੀ ਕਣਕ ਅਸੀਂ ਖਾਂਦੇ ਹਾਂ ਇਹਦੇ ਵਿਚ 8% ਪ੍ਰੋਟੀਨ ਹੈ। ਹੁਣ ਆਪੇ ਹੀ ਦੇਖੋ, 13% ਪ੍ਰੋਟੀਨ ਹਰ ਬੁਰਕੀ ਨਾਲ ਘਟ ਜਾਂਦੀ ਹੈ ਸਾਡੇ ਅੰਦਰ। ਉਹ ਸਰੀਰ ਬਣਦਾ ਹੀ ਨਹੀਂ ਉਹੋ ਜਿਹਾ। ਜਿਹੜੇ ਪੁਰਾਣੇ ਸਰੀਰ ਸੀ। ਸੱਪ ਲੜ ਜਾਏ ਜ਼ਹਿਰ ਹੀ ਨਹੀਂ ਸੀ ਚੜ੍ਹਦੀ। ਮੱਖੀਆਂ ਲੜ ਜਾਣ, ਲੜ ਕੇ ਮਰ-ਮਰ ਗਿਰੀ ਜਾਂਦੀਆਂ ਸੀ। ਬਹੁਤ ਸ਼ਕਤੀ ਸੀ ਸਰੀਰਾਂ 'ਚ। ਵੱਡੇ ਤਕੜੇ ਸਰੀਰ ਹੁੰਦੇ ਸੀ। ਵੱਡੇ-ਵੱਡੇ ਕੰਮ ਕਰਦੇ ਸੀ।

ਐਤਕੀਂ ਮੈਂ ਪਿੰਡ ਗਿਆ, ਇਕ ਬਜ਼ੁਰਗ ਨੇ ਸੁਨੇਹਾ ਭੇਜਿਆ ਕਿ ਮੇਰੇ ਕੋਲ ਜ਼ਰੂਰ ਆਵੇ। ਸੌ ਸਾਲ ਤੋਂ ਉਪਰ ਹੋ ਗਈ ਉਹਦੀ ਉਮਰ, ਜ਼ਿਆਦਾ ਹੀ ਹੋਵੇਗੀ ਦਸ ਸਾਲ। ਉਹ ਜਦੋਂ ਜਵਾਨ ਸੀ ਉਹਨੇ ਚੱਕੀ ਦੇ ਪੁੜ ਮੋਢਿਆਂ 'ਚ ਪਾ ਕੇ ਪੌੜੀਆਂ 'ਤੇ ਚੜ੍ਹ ਕੇ ਕੋਠੇ 'ਤੇ ਰੱਖ ਦਿਤੇ, ਦਰਵਾਜ਼ੇ ਦੇ। ਜਿਸ ਵਕਤ ਉਹ ਬੁਢਾਪੇ 'ਚ ਆ ਗਿਆ। ਕਹਿੰਦਾ, ਕੋਈ ਜਵਾਨ ਪਿੰਡ 'ਚੋਂ ਨਿਤਰੋ ਤੇ ਇਹ ਮੈਂ ਲੈ ਕੇ ਚੜ੍ਹਿਆ ਸੀ, ਚੜ੍ਹਨਾ ਕਿੰਨਾ ਔਖਾ ਹੁੰਦੈ ਵਜ਼ਨ ਲੈ ਕੇ ਤੇ ਤੁਸੀਂ ਉਤਰ ਕੇ ਦਿਖਾ ਦਿਓ। ਕਿਸੇ ਨੇ ਨਹੀਂ ਹੱਥ ਪਾਇਆ। ਹੁਣ ਲਾਹੇ ਨੇ, 20-25 ਬੰਦੇ ਲੱਗੇ ਤਾਂ ਉਹ ਥੱਲੇ ਲਹੇ। ਰੱਸੇ ਪਾਏ ਵਿਚਾਲੇ। ਉਹ ਗੱਲ ਹੀ ਖਤਮ ਹੋ ਗਈ, ਕਿਉਂਕਿ ਖੁਰਾਕ ਹੀ ਨਹੀਂ ਸਾਡੀ। ਜਦੋਂ ਖੁਰਾਕ ਹੀ ਨਹੀਂ ਹੈ, ਸਾਧਨ ਅਸੀਂ ਕਿਵੇਂ ਕਰ ਲਵਾਂਗੇ, ਐਡੇ ਔਖੇ। ਪ੍ਰਾਣਾਯਾਮ ਕਰਨ ਲਗ ਜਾਈਏ, ਪਾਗਲਖਾਨੇ ਜਾ ਪਹੁੰਚਾਂਗੇ। ਦੂਸਰਾ ਬ੍ਰਹਮਚਰੀਆ ਹੈ ਹੀ ਨਹੀਂ। ਜਾਣਦੇ ਹੀ ਨਹੀਂ ਕਿ ਬ੍ਰਹਮਚਰੀਆ ਹੁੰਦਾ ਕੀ ਹੈ। ਕੋਈ ਸਰੀਰ ਐਸਾ ਨਹੀਂ ਜਿਹੜਾ ਸੁਰੱਖਿਸ਼ਤ ਹੋਵੇ। ਸਾਰੇ ਵਿਸ਼ੇ-ਵਿਕਾਰ 'ਚ ਪਏ ਹੋਏ ਆਪਣੀ ਐਨਰਜੀ ਬਰਬਾਦ ਕਰ ਰਹੇ ਨੇ। ਇਸ ਕਰਕੇ ਇਹ ਸਾਧਨ ਹੋਣੇ ਬਿਲਕੁਲ ਹਟ ਗਏ। ਸ੍ਰੀ ਗੁਰੂ ਨਾਨਕ ਸਾਹਿਬ ਜਾਣਦੇ ਸੀ ਉਹਨਾਂ ਨੇ ਸੁਖੈਨ ਸਾਧਨ ਨਾਮ ਦੇ ਲਿਆ ਦਿਤੇ ਕਿ ਪ੍ਰਾਣਾਯਾਮ ਦਾ ਖਹਿੜਾ ਛੱਡੋ ਤੁਸੀਂ। ਤੁਹਾਨੂੰ ਹੋਰ ਤਰੀਕਾ ਦਸ ਦਿੰਦੇ ਹਾਂ, ਉਹ ਤਰੀਕਾ ਬੜਾ ਸਹਿਜ ਹੈ, ਜਿਹੜਾ ਮਹਾਰਾਜ ਨੇ ਪ੍ਰਚਲਤ ਕਰਿਆ ਹੈ। ਹੈ ਪ੍ਰਾਣਾਯਾਮ ਹੀ ਉਹ ਵੀ ਲੇਕਿਨ ਨਿੱਕਾ ਜਿਹਾ ਹੈ, ਬਹੁਤਾ ਵੱਡਾ ਨਹੀਂ। ਸੋ ਉਸ ਪ੍ਰਾਣਾਯਾਮ ਦੀ ਸ਼ਕਤੀ ਦੇ ਨਾਲ ਜਿਹੜੀ ਅਪਾਨ ਵਾਯੂ ਹੈ ਸਾਡੇ 'ਚ। ਪੰਜ ਕਿਸਮ ਦੀ ਹਵਾ ਹੁੰਦੀ ਹੈ, ਪੰਜ ਕਿਸਮ ਦੀ ਐਨਰਜੀ ਹੈ ਜਿਹਨੂੰ ਪ੍ਰਾਣ ਸ਼ਕਤੀ ਕਹਿੰਦੇ ਨੇ। ਉਹ ਅਪਾਨ ਸ਼ਕਤੀ ਜਿਹੜੀ ਹੇਠਾਂ ਰਹਿੰਦੀ ਹੈ, ਉਸ ਨੂੰ ਜਾ ਕੇ ਪ੍ਰਾਣ ਦੇ ਨਾਲ, ਪ੍ਰਾਣ ਤੇ ਅਪਾਨ ਇਕੱਠਾ ਕਰਕੇ ਦੋਹਾਂ ਦਾ ਜੋੜ ਲਾ ਕੇ, ਉਹ ਜਿਹੜਾ ਉਹਦੇ

ਉਤੇ ਸੱਪ ਦੇ ਮੂੰਹ ਵਰਗਾ ਚੜ੍ਹਿਆ ਹੋਇਆ ਹੈ ਮਾਸ, ਉਹਨੂੰ ਹਟਾ ਦਿੰਦੇ ਸੀ, ਨਰਮ ਕਰ ਦਿੰਦੇ ਸੀ। ਉਹ ਨਰਮ ਕਰਕੇ, ਸਵਾਸ ਨੂੰ ਰੀੜ੍ਹ ਦੀ ਹੱਡੀ ਦੇ ਵਿਚ ਦਾਖਲ ਕਰ ਦਿੰਦੇ ਸੀ। ਉਥੇ ਹੁੰਦੇ ਸੀ ਮਾਸ ਦੇ ਟੁਕੜੇ ਜਿਹਨਾਂ ਨਾਲ ਉਹ ਬੰਦ ਸੀ, ਮਾਸ ਪਿਘਲ ਜਾਂਦਾ ਸੀ ਪ੍ਰਾਣਾਯਾਮ ਦੇ ਨਾਲ, ਉਹ ਪਿਘਲਿਆ ਹੋਇਆ ਉਪਰ ਨੂੰ ਚੜ੍ਹ ਜਾਂਦਾ ਸੀ। ਪਹਿਲਾ ਜਿਹੜਾ ਸੀ ਉਹ ਮੂਲਧਾਰ ਚੱਕਰ ਸੀ। ਦੂਸਰਾ ਜਿਹੜਾ ਸੀ ਉਹ ਸਵਾਧਿਸ਼ਠਾਨ ਚੱਕਰ ਸੀ। ਤੀਸਰਾ ਜਿਹੜਾ ਨਾਭੀ 'ਚ ਸੀਗਾ, ਉਹ ਜਿਹੜਾ ਚੱਕਰ ਸੀ ਉਹਨੂੰ ਮਣੀਪੂਰਵਕ ਚੱਕਰ ਕਹਿੰਦੇ ਨੇ। ਚੌਥਾ ਸੀਗਾ ਵਿਸ਼ੁਧ ਚੱਕਰ ਜਿੱਥੇ ਕੌਡੀ ਹੈ ਆਪਣੀ। ਪੰਜਵਾਂ ਗਲ ਦੇ ਵਿਚ ਸੀਗਾ, ਸੋ ਇਸ ਤਰ੍ਹਾਂ ਦੇ ਨਾਲ ਉਸ ਤੋਂ ਉਪਰ ਦੋਵੇਂ ਅੱਖਾਂ ਤੇ ਜਿੱਥੇ ਨੱਕ ਦੀ ਜੜ੍ਹ ਹੈ ਇਸ ਸੇਧ ਵਿਚ ਉਹ ਚੱਕਰ ਹੈ। ਉਹਨੂੰ ਆਗਿਆ ਚੱਕਰ ਕਹਿੰਦੇ ਨੇ। ਇਹ ਯੋਗੀ ਲੋਕ ਪ੍ਰਾਣਾਯਾਮ ਦੇ ਬਲ ਦੇ ਨਾਲ ਇਥੇ ਤੱਕ ਆ ਜਾਇਆ ਕਰਦੇ ਸੀ। ਕਹਿੰਦੇ - 'ਖਟ ਨੇਮ ਕਰਿ ਕੋਠੜੀ ਬਾਂਧੀ, ਬਸਤੁ ਅਨੂਪੁ ਬੀਚ ਪਾਈ ॥ ' ਇਹਦੇ ਅੰਦਰ ਉਹ ਵਸਤ ਰੱਖ ਦਿਤੀ। ਹੁਣ ਗੱਲ ਇਹ ਹੈ ਕਿ ਜੇ ਤਾਂ ਅਸੀਂ ਪ੍ਰਾਣਾਯਾਮ ਨਾਲ ਅੰਦਰ ਵੜਦੇ ਹਾਂ, ਉਹ ਤਾਂ ਕਾਮਯਾਬ ਨਹੀਂ ਹੋ ਸਕਦੇ, ਬਿਲਕੁਲ ਨਹੀਂ ਹੋ ਸਕਦੇ, ਹੁਣ ਕਰਿਆ ਕੀ ਜਾਵੇ। ਮਹਾਰਾਜ ਕਹਿੰਦੇ, ਸੁਰਤ ਨਾਲ ਕਰੋ। ਸੁਰਤ ਹੈ ਸੂਖਸ਼ਮ। ਪ੍ਰਾਣ ਹੈ ਜਿਹੜਾ ਉਹ ਹੈ ਮੋਟਾ, ਸੁਰਤ ਨੂੰ ਉਹਦੇ 'ਚ ਦਾਖਲ ਕਰੋ। ਹੇਠਾਂ ਤੋਂ ਨਾ ਕੋਸ਼ਿਸ਼ ਕਰੋ ਸਮਾਂ ਬਰਬਾਦ ਹੁੰਦੈ, ਆਗਿਆ ਚੱਕਰ 'ਚੋਂ ਕਰ ਲਓ, ਉਹਦੀ ਹੈ ਵਿਧੀ। ਸਾਰਿਆਂ ਨੂੰ ਅੱਜਕੱਲ੍ਹ ਪਤੈ, ਬੰਦਗੀ ਕਰਨ ਵਾਲਿਆਂ ਨੂੰ ਪਤੈ, ਜਿਹੜੇ ਜਾਣਦੇ ਨੇ ਕਿ ਆਹ ਤਰੀਕਾ ਹੈ, ਆਹ ਤਰੀਕੇ ਦੇ ਨਾਲ ਅਸੀਂ ਇਥੇ ਦਾਖਲ ਹੋ ਸਕਦੇ ਹਾਂ। ਉਸ 'ਚ ਜਦੋਂ ਦਾਖਲ ਹੁੰਦੇ ਹਾਂ ਤਾਂ ਫੇਰ ਅਸੀਂ ਤ੍ਰਿਕੁਟੀ 'ਚ ਪਹੁੰਚਦੇ ਹਾਂ। ਤ੍ਰਿਕੁਟੀ ਟੁੱਟ ਜਾਂਦੀ ਹੈ। ਸਹੰਸਰਾਰ ਦਲ ਰਿਧੀ-ਸਿੱਧੀ ਦਾ ਮੰਡਲ ਆ ਜਾਂਦੈ, ਜਿਥੇ ਉਹ ਪਿੱਛੇ ਲੱਗੀਆਂ ਫਿਰਦੀਆਂ ਨੇ। ਉਹ ਆਖਰੀ ਹੱਦ ਹੈ ਪ੍ਰਕ੍ਰਿਤੀ ਦੀ। ਜੇ ਤਾਂ ਉਥੇ ਫਸ ਗਿਆ ਰਿੱਧੀਆਂ-ਸਿੱਧੀਆਂ 'ਚ, ਤਮਾਸ਼ੇ ਦੇਖਣ ਲਗ ਗਿਆ, ਤਾਂ, ਤਾਂ ਰਹਿ ਗਿਆ। ਜਿਹੜਾ ਇਹਦੇ ਉਪਰ ਚੜ੍ਹ ਗਿਆ ਨਾ, ਉਹ ਕਹਿੰਦੇ ਵਸਤ ਅਨੂਪ ਜਿੱਥੇ ਹੈ ਉਥੇ ਪਹੁੰਚ ਜਾਂਦੈ। ਸੋ ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ - ***'ਖਟ ਨੇਮ ਕਰਿ ਕੋਠੜੀ ਬਾਂਧੀ ਬਸਤੁ ਅਨੂਪੁ ਬੀਚ ਪਾਈ ॥ ਕੁੰਜੀ ਕੁਲਫੁ ਪ੍ਰਾਨ ਕਰਿ ਰਾਖੇ ਕਰਤੇ ਬਾਰ ਨ ਲਾਈ ॥ ਅਬ ਮਨ ਜਾਗਤ ਰਹੁ ਰੇ ਭਾਈ ॥***
' ਹੁਣ ਚਾਹੀਦਾ ਕੀ ਹੈ? ਕਹਿੰਦੇ ਹੁਣ ਜਾਗਦਾ ਰਹਿ। ਤੇਰੇ ਉਤੇ ਮਾਇਆ ਫੇਰ ਨਾ ਹੱਲਾ ਕਰ ਦੇਵੇ। ਤੂੰ ਮੁੜ ਕੇ ਨਾ ਇਹਨਾਂ ਵਿਚ ਪੈ ਜਾਵੇਂ। ਰਿਸ਼ਤੇਦਾਰੀਆਂ 'ਚ, ਭਾਈਬੰਦੀਆਂ 'ਚ, ਜਾਇਦਾਦਾਂ 'ਚ, ਵੈਰ-ਵਿਰੋਧ 'ਚ, ਕਿਸੇ ਨੂੰ ਵੈਰੀ ਧਾਰੇਂ, ਕਿਸੇ ਨੂੰ ਮਿੱਤਰ ਧਾਰੇਂ -

***ਜਬ ਧਾਰੈ ਕੋਊ ਬੈਰੀ ਮੀਤੁ ॥***
***ਤਬ ਲਗੁ ਨਿਹਚਲੁ ਨਾਹੀ ਚੀਤੁ ॥***
***ਜਬ ਲਗੁ ਮੋਹ ਮਗਨ ਸੰਗਿ ਮਾਇ ॥***
***ਤਬ ਲਗੁ ਧਰਮੁ ਰਾਇ ਦੇਇ ਸਜਾਇ ॥*** ***ਅੰਗ- 278***

ਸਾਰੀਆਂ ਗੱਲਾਂ 'ਤੇ ਉਹਦਾ ਆਖਰੀ ਨਤੀਜਾ ਗੁਰੂ ਮਹਾਰਾਜ ਨੇ ਸੁਖਮਨੀ ਸਾਹਿਬ 'ਚ ਬਹੁਤ ਖੋਲ੍ਹ ਕੇ ਦਸਿਆ ਹੋਇਐ। ਕਿਉਂਕਿ ਉਸ ਪਾਸਿਓਂ ਖੁੰਝ ਰਿਹੈ। ਕਹਿੰਦੇ ਜਾਗਦਾ ਰਹਿ ਹੁਣ -

***ਗਾਫਲੁ ਹੋਇ ਕੈ ਜਨਮੁ ਗਵਾਇਓ ਚੋਰੁ ਮੁਸੈ ਘਰੁ ਜਾਈ ॥***
***ਅੰਗ- 339***

ਗਾਫਲ ਹੋ ਕੇ ਆਪਣਾ ਜਨਮ ਗਵਾ ਦਿਤਾ ਤੇ ਚੋਰ ਜਿਹੜੇ ਨੇ ਉਹ ਤੇਰਾ ਘਰ ਲੁੱਟਦੇ ਜਾਂਦੇ ਨੇ। ਮਹਾਰਾਜ ਖਬਰਦਾਰ ਕਰਦੇ ਨੇ ਕਿ ਪ੍ਰੇਮੀਆਂ! ਐਸਾ ਨਾ ਹੋਵੇ ਕਿ ਤੈਨੂੰ ਚੋਰ ਲੁੱਟ ਲੈਣ ਤੇ ਬਚ ਜਾ ਜੇ ਬਚ ਹੁੰਦੈ।

***ਧਾਰਨਾ - ਫਿਰਦੇ ਠਗਵਾਰੇ ਓ ਵੇਖੀਂ ਨਾ ਠੱਗਿਆ ਜਾਵੀਂ।***

ਮਹਾਰਾਜ ਕਹਿੰਦੇ ਤੂੰ ਠੱਗਾਂ 'ਚ ਘਿਰਿਆ ਪਿਐਂ-

***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥***
***ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥***
***ਅੰਗ- 1288***

ਇਹ ਤੇਰਾ ਨਾਮ ਧਨ ਠੱਗ ਰਹੇ ਨੇ -

***ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ***
***ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥***
***ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ***
***ਕੋਇ ਨ ਸੁਣੈ ਪੂਕਾਰਾ ॥*** ***ਅੰਗ- 600***

ਮਹਾਰਾਜ ਕਹਿੰਦੇ ਜਾਗਦਾ ਰਹਿ।

ਕਹਿੰਦਾ, ਮੈਂ ਤਾਂ ਜਾਗਦਾ ਹਾਂ।

ਕਹਿੰਦੇ, ਤੇਰੀਆਂ ਅੱਖਾਂ ਵੀ ਸੁੱਤੀਆਂ ਪਈਆਂ ਨੇ, ਕੰਨ ਵੀ ਸੁੱਤੇ ਪਏ ਨੇ, ਤੇਰਾ ਮਨ ਵੀ ਸੁੱਤਾ ਪਿਆ ਹੈ, ਤੇਰੀ ਜੀਭ ਵੀ ਸੁੱਤੀ ਪਈ ਹੈ।

ਕਿਵੇਂ ਮਹਾਰਾਜ?

ਮਹਾਰਾਜ ਕਹਿੰਦੇ -

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ 1 ॥***

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ 1 ॥ ਰਹਾਉ ॥*
*ਸਗਲ ਸਹੇਲੀ ਅਪਨੈ ਰਸ ਮਾਤੀ ॥*
*ਗ੍ਰਿਹ ਅਪੁਨੇ ਕੀ ਖਬਰਿ ਨ ਜਾਤੀ ॥*
*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ 2 ॥* *ਅੰਗ- 182*

ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਪੰਜਾਂ ਚੋਰਾ ਨੇ ਲੁੱਟ ਲਿਆ ਜਗ ਸਾਰਾ,***
***ਲੁੱਟਿਆ ਨਾ ਜਾਈਂ ਗਾਫਲਾ।***

ਕੋਈ ਨਹੀਂ ਛੱਡਿਆ ਇਹਨਾਂ ਨੇ। ਲੁੱਟਦੇ ਕਿਵੇਂ ਨੇ? ਇਹਦੀ ਮੈਂ ਇਕ ਮਿਸਾਲ ਬੇਨਤੀ ਕਰਦਾ ਹਾਂ।

ਬਾਬਾ ਫਰੀਦ ਜੀ, ਆਪਣੇ ਮੁਰੀਦਾਂ ਦੇ ਨਾਲ ਜਾ ਰਹੇ ਨੇ। ਬਜ਼ਾਰ ਦੇ ਅੰਦਰ ਦੀ। ਇਕ ਅਵਾਜ਼ ਦਰਵਾਜ਼ੇ ਦੇ ਕੋਲੋਂ ਆਈ। ਬਹੁਤ ਦਰਦਨਾਕ। ਮਨ ਦਰੱਵ ਗਿਆ ਤੇ ਕਹਿਣ ਲੱਗੇ, ਮਦਦ ਕਰੀਏ। ਕੌਣ ਦੁਖੀ ਹੈ ਜਿਹੜਾ ਇਹੋ ਜਿਹੀ ਦਰਦਨਾਕ ਅਵਾਜ਼ ਦੇ ਰਿਹੈ। ਬਾਬਾ ਫਰੀਦ ਨੇ ਦਰਵਾਜ਼ਾ ਖੜਕਾਇਆ। ਬਾਰ-ਬਾਰ ਦਸਤੱਕ ਦਿਤੀ ਤਾਂ ਅੰਦਰੋਂ ਇਕ ਬੀਬੀ ਬਹੁਤ ਕ੍ਰੋਧਤ ਹੋਈ-ਹੋਈ ਹੱਥ ਵਿਚ ਹੰਟਰ ਫੜਿਆ ਹੋਇਐ। ਬੜੇ ਅਭਿਮਾਨ ਦੇ ਨਾਲ ਮਹਾਤਮਾ ਦੇ ਸਾਮ੍ਹਣੇ ਆਈ। ਕਹਿੰਦੀ, ਕੀ ਗੱਲ ਹੈ? ਕਿਉਂ ਦਰਵਾਜ਼ਾ ਖੜਕਾਉਂਦੈ?

ਕਹਿਣ ਲੱਗੇ, ਬੀਬਾ! ਆਹ ਰੋਣ ਦੀ ਆਵਾਜ਼ ਕੈਸੀ ਆ ਰਹੀ ਹੈ? ਬੜੀ ਦਰਦਨਾਕ ਹੈ?

ਕਹਿੰਦੀ, ਦਰਵੇਸ ਸਾਂਈ! ਤੂੰ ਕੀ ਲੈਣੈ, ਘਰੇਗੀ ਮਸਲਿਆਂ 'ਚ ਦਖਲ ਦੇ ਕੇ।

ਕਹਿੰਦੇ, ਨਾ ਬੀਬੀ! ਕੋਈ ਕਸੂਰ ਹੈ ਤਾਂ ਦਸ? ਆਦਮੀ ਕਸੂਰ ਕਰ ਦਿੰਦੈ, ਤਾਂ ਐਨੀ ਬੇਰਹਿਮੀ ਨਾਲ ਤਾਂ ਨਹੀਂ ਮਾਰੀਦਾ, ਹੰਟਰ ਮਾਰ-ਮਾਰ ਕੇ ਪਾਗਲ ਕਰ ਦਿਤੀ ਉਹ। ਗੱਲ ਕੀ ਹੈ?

ਕਹਿਣ ਲੱਗੀ, ਤੂੰ ਕੀ ਲੈਣਾ ਹੈ, ਦਰਵੇਸ ਹੈਂ ਤੂੰ ਸਾਡੀਆ ਗੱਲਾਂ ਨੂੰ ਕੀ ਜਾਣੇ?

ਕਹਿਣ ਲੱਗੀ, ਮੈਂ ਸੁਰਮਾ ਦਿਤਾ ਸੀ ਰਗੜਨ ਵਾਸਤੇ। ਮੈਂ ਅੱਖ ਦੀ ਧਾਰ ਬਣਾਉਣੀ ਸੀ ਆਪਣੀ। ਤੈਨੂੰ ਨਹੀਂ ਦਰਵੇਸਾ ਸਮਝ ਇਹਨਾਂ ਗੱਲਾਂ ਦੀ। ਸੁੰਦਰ ਰੂਪ ਬਣਨਾ ਸੀ, ਸੁਰਮੇ ਦੇ ਵਿਚ ਇਹਦੇ ਤੋਂ ਕਣੀ ਰਹਿ ਗਈ। ਉਹ ਕਣੀ ਮੇਰੇ ਅੱਖ 'ਚ ਚਲੀ ਗਈ, ਉਹਦੇ ਨਾਲ ਮੇਰੇ

ਅੱਖ 'ਚ ਪਾਣੀ ਆ ਗਿਆ। ਆਹ ਦੇਖ ਮੇਰੀ ਅੱਖ ਦੀ ਧਾਰ ਖਰਾਬ ਹੋ ਗਈ। ਇਸ ਵਾਸਤੇ ਮੈਂ ਉਹਨੂੰ ਸਬਕ ਦੇ ਰਹੀ ਹਾਂ ਤੇ ਅਗਾਂਹਾਂ ਵਾਸਤੇ ਨਾ ਐਸਾ ਕਰੇ।

ਕਹਿਣ ਲੱਗੇ, ਬੀਬਾ! ਇਹ ਰੂਪ ਤਾਂ ਰਹਿੰਦਾ ਨਹੀਂ ਹੈ। ਇਸ ਤਰ੍ਹਾਂ ਫੁਰਮਾਨ ਹੈ -

***ਧਾਰਨਾ - ਧਨ ਜੋਬਨ ਫੁੱਲਾਂ ਦੀਆਂ ਬਾੜੀਆਂ,***
***ਖਿੜੀਆਂ ਨਾ ਸਦਾ ਰਹਿਣੀਆਂ।***

***ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥***
***ਪਬਣਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥***
***ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ ॥***
***ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥ ਅੰਗ- 23***

ਕਹਿੰਦੇ, ਬੀਬੀ! ਕਾਹਨੂੰ ਤੂੰ ਮਾਰਦੀ ਹੈ ਇਹਨੂੰ। ਇਹ ਕਿਤੇ ਜੋਬਨ ਸਦਾ ਰਹਿੰਦੇ ਹੁੰਦੇ ਨੇ?

ਕਹਿਣ ਲੱਗੀ, ਬਾਬਾ! ਇਹ ਉਪਦੇਸ਼ ਆਪਣੇ ਕੋਲ ਹੀ ਰੱਖ, ਸਾਨੂੰ ਨਹੀਂ ਲੋੜ। ਅਸੀਂ ਤੇਰੇ ਗਾਹਕ ਨਹੀਂ ਹਾਂ। ਸਾਡੇ ਜੋਬਨ ਦੇ ਗਾਹਕ ਹਜ਼ਾਰਾਂ ਬੰਦੇ ਨੇ। ਤੂੰ ਕੀ ਜਾਣਦੈਂ?

ਬਾਬਾ ਜੀ ਚੁੱਪ ਕਰਕੇ ਚਲੇ ਗਏ ਕਿ ਮੱਤ ਨਹੀਂ ਹੈ ਇਸ ਨੂੰ। ਪਸ਼ੂ ਬਿਰਤੀ ਦੀ ਔਰਤ ਹੈ। ਸਮਾਂ ਲੰਘ ਗਿਆ, ਬੜਾ ਸਮਾਂ ਲੰਘਣ ਤੋਂ ਬਾਅਦ ਇਕ ਦਿਨ ਮੁਰੀਦਾਂ ਦੇ ਨਾਲ ਆਪ ਆ ਰਹੇ ਨੇ। ਅੰਤਰ ਧਿਆਨ ਬਿਰਤੀ ਹੋਈ-ਹੋਈ ਹੈ। ਅਚਾਨਕ ਕੀ ਦੇਖਦੇ ਨੇ ਕਿ ਇਕ ਝਾੜ ਖੜੈ। ਛੋਟੇ ਝਾੜ ਜਿਹੜੇ ਬੇਰੀਆਂ ਦੇ ਹੁੰਦੇ ਨੇ। ਉਹਦੇ ਵਿਚ ਇਕ ਖੋਪਰੀ ਲਟਕ ਰਹੀ ਹੈ। ਉਸ ਖੋਪਰੀ ਦਾ ਗਰਦਨ ਤੋਂ ਉਤਲਾ ਹਿੱਸਾ ਸਾਰਾ, ਮੂੰਹ ਵੀ ਹੈ, ਅੱਖਾਂ ਵੀ ਨੇ, ਕੰਨ ਵੀ ਨੇ, ਨੱਕ ਵੀ ਐ। ਸਾਰੀਆਂ ਗਲੀਆਂ ਨੇ, ਉਹਦੇ ਵਿਚ ਆਲ੍ਹਣਾ ਪਿਆ ਹੋਇਐ। ਉਸ ਆਲ੍ਹਣੇ 'ਚੋਂ ਛੋਟੇ-ਛੋਟੇ ਬੱਚੇ ਚੁੰਝਾਂ ਕੱਢ-ਕੱਢ ਕੇ ਬਾਹਰ ਨੂੰ ਦੇਖਦੇ ਨੇ। ਬਾਬਾ ਫਰੀਦ ਜੀ ਅੰਤਰ ਧਿਆਨ ਹੋਏ ਕਿ ਕੌਣ ਹੋਇਆ ਇਹ? ਕੀ ਦੇਖਦੇ ਨੇ ਕਿ ਉਸ ਬੀਬੀ ਦੀ ਸ਼ਕਲ ਸਾਮ੍ਹਣੇ ਆ ਕੇ ਖੜ੍ਹੀ ਹੋ ਗਈ। ਕਹਿੰਦੇ, ਬੀਬਾ! ਹੁਣ ਦਸ ਉਸ ਦਿਨ ਤੂੰ ਸਾਡਾ ਕਹਿਣਾ ਨਹੀਂ ਸੀ ਮੰਨਿਆ। ਹੁਣ ਕੀ ਹਾਲਤ ਹੋ ਗਈ?-

***ਧਾਰਨਾ - ਜਿਹੜੀਆਂ ਕੱਜਲ ਰੇਖ ਨਾ ਸੀ ਸਹਿੰਦੀਆਂ,***
***ਪੰਛੀਆਂ ਨੇ ਪਾ ਲਏ ਆਲ੍ਹਣੇ।***

ਦੱਸ ਬੀਬਾ! ਉਸ ਦਿਨ ਤੂੰ ਦਰਵੇਸ਼ ਦੀ ਨਸੀਹਤ ਨਹੀਂ ਸੀ ਮੰਨੀ। ਮਾਰਦੀ ਸੀ ਗੋਲੀ ਨੂੰ, ਹੁਣ ਦਸ ਕੀਹਨੂੰ ਮਾਰੇਂਗੀ। ਤੇਰੀਆਂ ਤਾਂ ਅੱਖਾਂ ਦੇ

ਵਿਚ ਛੋਟੇ-ਛੋਟੇ ਬੱਚੇ ਚੁੰਝਾਂ ਕੱਢ-ਕੱਢ ਝਾਕਦੇ ਨੇ। ਕਿੱਧਰ ਗਿਆ ਤੇਰਾ ਜੋਬਨ। ਜੋਬਨ ਨੇ ਮੋਹ ਲਈ, ਠੱਗ ਲਈ - ***ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥ ਏਨੀ ਠਗੀਂ ਜਗੁ ਠਗਿਆ ਕਿਨੈ ਨ ਰਖੀ ਲਜ ॥'*** ਮਹਾਰਾਜ ਕਹਿੰਦੇ, ਠੱਗ ਹੁੰਦੈ ਨਾ ਬੰਦਾ। ਇਕ ਠੱਗ ਤਾਂ ਨਹੀਂ, ਸਾਰੇ ਹੀ ਠੱਗ ਪੂਰੇ ਜ਼ੋਰ ਨਾਲ ਠਗਦੇ ਨੇ। ਕਹਿੰਦੇ, ਬਚ ਜਾ-

***ਅਬ ਮਨ ਜਾਗਤ ਰਹੁ ਰੇ ਭਾਈ ॥***
***ਗਾਫਲੁ ਹੋਇ ਕੈ ਜਨਮੁ ਗਵਾਇਓ***
***ਚੋਰੁ ਮੁਸੈ ਘਰੁ ਜਾਈ ॥ 1 ॥ ਰਹਾਉ ॥***
***ਪੰਚ ਪਹਰੂਆ ਦਰ ਮਹਿ ਰਹਤੇ***
***ਤਿਨ ਕਾ ਨਹੀ ਪਤੀਆਰਾ ॥*** ***ਅੰਗ- 339***

ਜਿਹੜੇ ਤੇਰੇ ਅੱਖਾਂ, ਕੰਨ, ਪੰਜ ਪਹਿਰੇਦਾਰ ਨੇ, ਇਹ ਤੇਰੇ ਮਿੱਤਰ ਨਹੀਂ ਹਨ, ਇਹ ਤੇਰੇ ਦੁਸ਼ਮਣਾਂ ਦੇ ਨਾਲ ਮਿਲੇ ਹੋਏ ਨੇ -

***ਸੰਗਿ ਸਹਾਈ ਸੁ ਆਵੈ ਨ ਚੀਤਿ ॥***
***ਜੋ ਬੈਰਾਈ ਤਾ ਸਿਉ ਪ੍ਰੀਤਿ ॥***
***ਬਲੂਆ ਕੇ ਗ੍ਰਿਹ ਭੀਤਰਿ ਬਸੈ ॥***
***ਅਨਦ ਕੇਲ ਮਾਇਆ ਰੰਗਿ ਰਸੈ ॥***
***ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ ॥***
***ਕਾਲੁ ਨ ਆਵੈ ਮੂੜੇ ਚੀਤਿ ॥***
***ਬੈਰ ਬਿਰੋਧ ਕਾਮ ਕ੍ਰੋਧ ਮੋਹ ॥***
***ਝੂਠ ਬਿਕਾਰ ਮਹਾ ਲੋਭ ਧ੍ਰੋਹ ॥***
***ਇਆਹੂ ਜੁਗਤਿ ਬਿਹਾਨੇ ਕਈ ਜਨਮ ॥***
***ਨਾਨਕ ਰਾਖਿ ਲੇਹੁ ਆਪਨ ਕਰਿ ਕਰਮ ॥*** ***ਅੰਗ- 268***

ਕਹਿੰਦੇ, ਫੇਰ? ਇਹਨਾਂ ਦਾ ਭਰੋਸਾ ਨਾ ਕਰ। ***'ਪੰਚ ਪਹਰੂਆ ਦਰ ਮਹਿ ਰਹਤੇ ਤਿਨ ਕਾ ਨਹੀ ਪਤੀਆਰਾ ॥'*** ਇਹ ਹੁਣ ਤੇਰੇ ਮਿੱਤਰ ਨਹੀਂ, ਤੈਨੂੰ ਗਿਰਾਉਣ ਲੱਗੇ ਹੋਏ ਨੇ। ਭੁਲਾ ਰਹੇ ਨੇ। ਅਜੇ ਵੀ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਖਬਰਦਾਰ ਹੋ ਜਾ। ਤੇਰੇ ਮਿੱਤਰ ਅੰਦਰ, ਦਿੱਬ ਨੇਤਰ, ਦਿੱਬ ਕੰਨ ਨੇ, ਮਹਾਂ ਅਨੰਦ ਦੇ ਵਿਚ ਲੈ ਜਾਣਗੇ ਜੇ ਤੂੰ ਉਹਨਾਂ ਨਾਲ ਮਿੱਤਰਤਾ ਕਰ ਲਈ।

***ਚੇਤਿ ਸੁਚੇਤ ਚਿਤ ਹੋਇ ਰਹੁ ਤਉ ਲੈ ਪਰਗਾਸੁ ਉਜਾਰਾ ॥***
***ਨਉ ਘਰ ਦੇਖਿ ਜੁ ਕਾਮਨਿ ਭੂਲੀ ਬਸਤੁ ਅਨੂਪ ਨ ਪਾਈ ॥***
***ਕਹਤੁ ਕਬੀਰ ਨਵੈ ਘਰ ਮੂਸੇ ਦਸਵੈਂ ਤਤੁ ਸਮਾਈ ॥***
***ਅੰਗ- 339***

ਲੁੱਟੇ ਗਏ ਨੌਵੇਂ ਘਰ। ਜਿਥੇ ਤੱਤ ਸਮਾਇਆ ਹੋਇਆ ਸੀ, ਉਥੇ ਨਹੀਂ ਪਹੁੰਚਿਆ। ਕਹਿੰਦੇ, ਦਰਵਾਜ਼ੇ ਬੰਦ ਹੋ ਗਏ। ਬਚਨਾਂ ਦੇ ਉਤੇ

ਭਰੋਸਾ ਨਹੀਂ ਆਉਂਦਾ। ਮਨ ਮੰਨਦਾ ਨਹੀਂ ਹੈ ਹੁਣ ਅਗਾਂਹਾਂ ਸਫਰ ਕਿਵੇਂ ਕਰਿਆ ਜਾਵੇ। ਸੋ ਇਸ ਤਰ੍ਹਾਂ ਦੇ ਨਾਲ ਵੱਡਾ ਭਾਰੀ ਮੁਸ਼ਕਲ ਹੈ ਸਾਡੇ ਰਸਤੇ ਦੇ ਅੰਦਰ।

ਮੈਂ ਪਿਛਲੇ ਦੀਵਾਨ ਦੇ ਅੰਦਰ ਇਹਨਾਂ ਦਰਵਾਜ਼ਿਆਂ 'ਚੋਂ ਲੰਘਣ ਵਾਸਤੇ ਰਾਜ ਯੋਗ ਦੀ ਵਿਆਖਿਆ ਕਰੀ ਸੀ। ਉਹ ਰੁਕਾਵਟ ਕਿਹੜੀ ਹੈ? ਉਹ ਹੈ ਜਿਹਦਾ ਆਪਾਂ ਜ਼ਿਕਰ ਕਰ ਰਹੇ ਹਾਂ।

ਸੋ ਉਹ ਪ੍ਰੇਮੀ ਜਿਹੜਾ ਹੈ ਲਾਹੌਰ ਦਾ, ਸੁਜਾਨ ਰਾਇ, ਉਹ ਗੁਰੂ ਮਹਾਰਾਜ ਦਾ ਕਵੀ ਉਹਨੇ ਗੱਲਾਂ-ਗੱਲਾਂ ਦੇ ਵਿਚ ਗੁਰੂ ਮਹਾਰਾਜ ਦਾ ਪਿਆਰ ਉਹਦੇ ਹਿਰਦੇ 'ਚ ਵਸਾ ਦਿਤਾ।

ਪਿਆਰਿਆਂ! ਜੇ ਤੂੰ ਸੱਚਮੁੱਚ ਚਾਹੁੰਦੈਂ ਇਸ ਸੰਸਾਰ ਤੋਂ ਲੰਘਣਾ ਤਾਂ ਇਸ ਵੇਲੇ ਗੁਰੂ ਦਸ਼ਮੇਸ਼ ਪਿਤਾ ਤੋਂ ਬਗੈਰ ਕੋਈ ਸਮਰੱਥ ਨਹੀਂ ਹੈ। ਤੂੰ ਨਿਹਚਾ ਧਾਰ। ਉਹਨਾਂ ਦੇ ਉਤੇ ਪ੍ਰਤੀਤ ਲਿਆ। ਦੇਖੇ ਨਹੀਂ ਤੈਂ ਭਾਂਵੇਂ, ਪਰ ਜਦੋਂ ਦੇਖੇਂਗਾ ਮੇਰੀ ਗੱਲ ਬਿਲਕੁਲ ਸੱਚੀ ਲੱਗੇਗੀ। ਉਹਨਾਂ ਦੇ ਦਰ 'ਤੇ ਜਾਹ, ਉਹਨਾਂ ਦਾ ਉਪਦੇਸ਼ ਕਮਾ, ਫੇਰ ਤੂੰ ਲੰਘ ਜਾਏਂਗਾ। ਜਿਹੜੀਆਂ ਚੀਜ਼ਾਂ ਤੂੰ ਭਾਲਦੈਂ, ਉਹ ਤੇਰੇ ਕੋਲ ਹੀ ਨਹੀਂ ਆਉਣਗੀਆਂ, ਤੇਰੇ ਕੋਲ ਐਨੀਂ ਦੌਲਤ ਆ ਜਾਏਗੀ -

***ਖਾਵਹਿ ਖਰਚਹਿ ਰਲਿ ਮਿਲਿ ਭਾਈ ॥***
***ਤੋਟਿ ਨ ਆਵੈ ਵਧਦੋ ਜਾਈ ॥*** ***ਅੰਗ- 186***

ਆਪੇ ਹੀ ਨਹੀਂ ਰੱਜੇਂਗਾ, ਸੰਸਾਰ ਨੂੰ ਵੀ ਸਾਰੇ ਨੂੰ ਰਜਾ ਦੇਵੇਂਗਾ। ਸੋ ਇਸ ਤਰ੍ਹਾਂ ਦੇ ਬਚਨ ਹੁੰਦੇ ਨੇ। ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤ ਕਰਦਾਂ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ।

# 6

# ਦਰਸ਼ਨਾਂ ਦੀ ਪਿਆਸ
# (ਨਾਮ ਜੁਗਤਿ)

ਸ਼ਾਨ............................................................।

*ਸਤਿਨਾਮੁ ਸ੍ਰੀ ਵਾਹਿਗੁਰੂ,*
***ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!***
***ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥***

***ਅੰਗ - 256***

***ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥***
***ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥***

***ਅੰਗ - 289***

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***
***ਨਹੀਂ ਜਾਨ ਜਾਈ ਕਛੂ ਰੂਪ ਰੇਖੰ॥***
***ਕਹਾਂ ਬਾਸੁ ਤਾਂ ਕੋ, ਫਿਰਿ ਕਉਨ ਭੇਖੰ॥***
***ਕਹਾ ਨਾਮ ਤਾਂ ਕੈ ਕਹਾਂ ਕੈ ਕਹਾਵੈ॥***
***ਕਹਾ ਕੈ ਬਖਾਨੋ ਕਹੇ ਮੋ ਨਾ ਆਵੈ॥ ਅਕਾਲ ਉਸਤਤਿ***
***ਧਾਰਨਾ - ਚੱਕਰ ਚਿਹਨ ਬਰਨ ਰੂਪ ਤੇਰਾ,***
***ਲਖਿਆ ਨਾ ਜਾਵੇ ਵਾਹਿਗੁਰੂ।***
***ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰਿ ਪਾਤਿ ਨਹਿਨ ਜਿਹ॥***
***ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤਿ ਕਿਹ॥***
***ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜ ਕਹਿੱਜੇ॥***
***ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿੱਜੈ॥ ਜਾਪੁ ਸਾਹਿਬ***
***ਕਤਹੂੰ ਸੁਚੇਤ ਹੁਇਕੈ ਚੇਤਨਾ ਕੋ ਚਾਰ ਕੀਓ,***
***ਕਤਹੂੰ ਅਚਿੰਤ ਹੁਇਕੈ ਸੋਵਤ ਅਚੇਤ ਹੋ॥***
***ਕਤਹੂੰ ਭਿਖਾਰੀ ਹੁਇਕੈ ਮਾਂਗਤ ਫਿਰਤ ਭੀਖ,***
***ਕਹੂੰ ਮਹਾਂ ਦਾਨ ਹੁਇਕੈ ਮਾਂਗਿਓ ਧਨ ਦੇਤ ਹੋ॥***
***ਕਹੂੰ ਮਹਾਰਾਜਨ ਕੋ ਦੀਜਤ ਅਨੰਤ ਦਾਨ,***
***ਕਹੂੰ ਮਹਾਰਾਜਨ ਤੇ ਛੀਨ ਛਿਤ ਲੇਤ ਹੋ॥***
***ਕਹੂੰ ਬੇਦ ਰੀਤ, ਕਹੂੰ ਤਾ ਸਿਉ ਬਿਪ੍ਰੀਤ,***
***ਕਹੂੰ ਤ੍ਰਿਗੁਨ ਅਤੀਤ ਕਹੂੰ ਸੁਰਗੁਨ ਸਮੇਤ ਹੋ॥ ਤ੍ਵਪ੍ਰਸਾਦਿ ਕਬਿੱਤ***

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ

ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਮਹਾਰਾਜ ਨੇ ਬੜੀ ਕ੍ਰਿਪਾ ਕੀਤੀ ਹੈ ਤੇ ਬੜੀ ਦੇਰ ਤੋਂ ਬਾਅਦ ਉਡੀਕਦਿਆਂ ਨੂੰ ਬੱਦਲਾਂ ਦੇ ਦਰਸ਼ਨ ਹੋਏ ਨੇ ਤੇ ਕੁਛ ਥੋੜ੍ਹੀ ਠੰਢ ਹੋਈ ਹੈ, ਇਹ ਵੀ ਉਹਦੀ ਕ੍ਰਿਪਾ ਹੈ। ਇਸੇ ਤਰ੍ਹਾਂ ਦੇ ਨਾਲ ਜੋ ਜਗਿਆਸੂ ਹਿਰਦਾ ਹੁੰਦਾ ਹੈ ਉਸ ਦੀ ਜੋ ਅੰਤਰੀਵ ਖੇਤੀ ਹੁੰਦੀ ਹੈ ਸ਼ੁਭ ਕਰਮਾਂ ਦੀ, ਜੇ ਸਤਿਸੰਗ ਨਾ ਮਿਲੇ ਤੇ ਪ੍ਰਮੇਸ਼ਰ ਦਾ ਪਿਆਰ ਹਾਸਲ ਨਾ ਹੋਵੇ, ਗੁਰੂ ਦਾ ਪਿਆਰ ਨਾ ਮਿਲੇ ਤਾਂ ਹੌਲੀ-ਹੌਲੀ ਉਹ ਵੀ ਸੁੱਕ ਜਾਇਆ ਕਰਦੀ ਹੈ। ਜੋ ਲੋਚਾ ਵਾਲਾ ਜਗਿਆਸੂ ਹੈ ਉਹ ਦਿਨ ਰਾਤ ਪਿਆ ਇਸ ਤਰ੍ਹਾਂ ਦੇ ਨਾਲ ਇੰਤਜ਼ਾਰ ਕਰਦਾ ਹੈ ਵਾਹਿਗੁਰੂ ਜੀ ਦਾ ਜਿਸ ਤਰ੍ਹਾਂ ਦੇ ਨਾਲ ਇੱਕ ਪਿਆਸਾ ਪਪੀਹਾ ਪ੍ਰਿਹੁ-ਪ੍ਰਿਹੁ ਬੋਲਦਾ ਹੈ, ਮੀਂਹ ਪੈ ਰਿਹਾ ਹੈ। ਨਦੀਆਂ ਨਾਲੇ ਉੱਛਲ ਰਹੇ ਨੇ। ਲੇਕਿਨ ਉਹਦੀ ਆਵਾਜ਼ ਖਤਮ ਨਹੀਂ ਹੁੰਦੀ। ਕਿਉਂ ਨਹੀਂ ਹੁੰਦੀ ਕਿਉਂਕਿ ਉਹਨੂੰ ਅਜੇ ਤੱਕ ਉਸ ਨੂੰ ਉਸ ਬੂੰਦ ਦੀ ਪ੍ਰਾਪਤੀ ਨਹੀਂ ਹੋਈ ਜਿਸ ਬੂੰਦ ਨੂੰ ਸਵਾਂਤੀ ਬੂੰਦ ਕਹਿੰਦੇ ਨੇ। ਉਸ ਸਵਾਂਤੀ ਬੂੰਦ ਦੀ ਜਦੋਂ ਪ੍ਰਾਪਤੀ ਹੁੰਦੀ ਹੈ ਫੇਰ ਇੱਕ ਸਾਲ ਦੀ ਪਿਆਸ ਉਸ ਦੀ ਬੁੱਝ ਜਾਇਆ ਕਰਦੀ ਹੈ। rain bird ਕਹਿੰਦੇ ਨੇ ਉਹਨੂੰ, ਪਪੀਹਾ। ਫੇਰ ਇਹ ਚੁੱਪ ਕਰ ਜਾਂਦਾ ਹੈ, ਹੋਰ ਬੇਅੰਤ ਮੀਂਹ ਪੈਂਦਾ ਹੈ ਇਸੇ ਤਰ੍ਹਾਂ ਜੋ ਪ੍ਰਮ ਜਗਿਆਸੂ ਹੈ, ਹੋਰ ਬੇਅੰਤ ਚੀਜ਼ਾਂ ਉਹਦੇ ਆਲੇ-ਦੁਆਲੇ ਫਿਰਦੀਆਂ ਨੇ, ਪਰ ਜਦੋਂ ਤੱਕ ਪ੍ਰਮੇਸ਼ਰ ਦਾ ਮਿਲਾਪ ਨਾ ਹੋਵੇ ਤੇ ਨਾਮ ਰੂਪੀ ਸਵਾਂਤੀ ਬੂੰਦ ਉਸਨੂੰ ਪ੍ਰਾਪਤ ਨਾ ਹੋਵੇ, ਉਸਦੀ ਪਿਆਸ ਨਹੀਂ ਬੁੱਝਦੀ ਤੇ ਉਹਦੇ ਅੰਦਰ, ਜਗਿਆਸਾ ਦੇ ਅੰਦਰ ਤੜਪ ਰਹਿੰਦੀ ਹੈ, ਅੱਜ ਦੂਰ-ਦਰਾਜ਼ ਹਿੰਦੋਸਤਾਨ ਦੇ ਚੜ੍ਹਦੇ ਵਾਲੇ ਕੋਨੇ 'ਤੇ ਜਿੱਥੇ ਪਹੁੰਚਣਾ ਵੀ ਮੁਸ਼ਕਲ ਹੈ ਗੁਰੂ ਨਾਨਕ ਪਾਤਸ਼ਾਹ ਵਾਹੋ-ਦਾਹੀ ਤੁਰੇ ਜਾ ਰਹੇ ਨੇ। ਮਰਦਾਨਾ ਬਹੁਤ ਵਾਰੀ ਸ਼ਿਕਵਾ ਕਰਦਾ ਹੈ, ਕੁਛ ਮਿੱਠਾ protest (ਵਿਰੋਧ) ਕਰਦਾ ਹੈ ਕਿ ਪਾਤਸ਼ਾਹ! ਕਿੰਨੀ ਦੇਰ ਹੋ ਗਈ ਚਲਦਿਆਂ ਨੂੰ ਜੰਗਲ ਹੀ ਜੰਗਲ, ਕੋਈ ਬਸਤੀ ਨਹੀਂ ਆਉਂਦੀ, ਜੇ ਬਸਤੀ ਆਉਂਦੀ ਹੈ ਕਿਤੇ ਠੱਗਾਂ ਨਾਲ ਵਾਹ ਪੈਂਦਾ ਹੈ, ਕਿਤੇ ਚੋਰਾਂ ਨਾਲ ਪੈਂਦਾ ਹੈ, ਕਿਤੇ ਜਾਦੂਗਰਾਂ ਨਾਲ ਵਾਹ ਪੈਂਦਾ ਹੈ ਇਹ ਕਿਹੜੇ ਦੇਸ਼ 'ਚ ਆਪ ਆ ਗਏ। ਕਹਿੰਦੇ, ਮਰਦਾਨਿਆਂ! ਦੇਖ ਕਰਤਾਰ ਦੀ ਰਜ਼ਾ ਜਿੱਧਰ ਲਿਜਾ ਰਿਹਾ ਹੈ, ਆਪਾਂ ਚੱਲ ਰਹੇ ਹਾਂ। ਪਾਤਸ਼ਾਹ! ਤੂੰ ਤਾਂ ਜਾਣਦਾ ਹੈਂ ਕੀ ਕਰਨ ਵਾਸਤੇ ਜਾ ਰਿਹਾ ਹੈਂ, ਮੈਨੂੰ ਤਾਂ ਭਲਾ ਉਹ ਅੱਖਾਂ ਨਹੀਂ ਮਿਲੀਆਂ ਜਿਹਦੇ ਨਾਲ ਮੈਂ ਦੇਖ ਲਵਾਂ। ਮਹਾਰਾਜ ਕਹਿਣ ਲੱਗੇ ਮਰਦਾਨਿਆਂ! ਦੋ ਪਿਆਸੀਆਂ ਰੂਹਾਂ ਵਿਲਕ ਰਹੀਆਂ ਨੇ ਪ੍ਰਮੇਸ਼ਰ ਦੇ ਦਰਸ਼ਨ ਵਾਸਤੇ ਉਥੇ ਨਿਰੰਕਾਰ ਆਪਾਂ ਨੂੰ ਲਿਜਾ ਰਹੇ ਨੇ ਤੇ ਓਧਰਲੇ ਪਾਸੇ ਅੰਮ੍ਰਿਤ ਵੇਲਾ ਹੋ ਆਇਆ, ਗੁਰਸਿੱਖਾਂ ਦੇ, ਤੜਪ ਵਾਲਿਆਂ ਦੇ ਉੱਠਣ ਦਾ ਮੌਕਾ -

***ਭਿੰਨੀ ਰੈਨੜੀਐ ਚਾਮਕਨਿ ਤਾਰੇ ॥***

*ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ॥ ਅੰਗ - 459*

ਜਿਨ੍ਹਾਂ ਦੇ ਅੰਦਰ ਖਿੱਚ ਪਈ ਹੋਈ ਹੈ -

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ ਓ ਦਿਨੇ ਰਾਤ ਪਏ ਵਹਿੰਦੇ।***

ਨੇਹੁੰ ਵਾਲੇ ਨੈਣ ਸੌਂਇਆਂ ਨਹੀਂ ਕਰਦੇ -

***ਇਕੋ ਲਗਨ ਲਗੀ ਲਈ ਜਾਂਦੀ ਹੈ ਟੋਰ ਅਨੰਤ ਉਨ੍ਹਾਂ ਦੀ।***
***ਵਸਲੋਂ ਉਰੇ ਮੁਕਾਮ ਨ ਕੋਈ ਸੋ ਚਾਲ ਪਏ ਨਿਤ ਰਹਿੰਦੇ।***

ਮਿਲਾਪ ਤੋਂ ਉਰਲੇ ਪਾਸੇ ਉਨ੍ਹਾਂ ਨੂੰ ਕੋਈ ਧੀਰਜ ਨਹੀਂ ਹੁੰਦੀ ਤੇ ਨਾ ਠਹਿਰਨ ਦਾ ਥਾਉਂ ਹੁੰਦਾ। ਉਹ ਦੋ ਜਗਿਆਸੂ ਉਸ ਦੇਸ਼ ਦਾ ਜੋ ਰਾਜਾ ਸੀ ਉਸ ਦਾ ਇੱਕ ਭਾਣਜਾ ਤੇ ਇੱਕ ਗਰੀਬ ਕਿਰਤੀ ਸਿੰਘ, ਜੋ ਹੱਡ ਭੰਨਵੀਂ ਮਿਹਨਤ ਕਰਕੇ ਰੋਟੀ ਖਾਂਦਾ ਹੈ, ਦੱਸਾਂ ਨੌਹਾਂ ਦੀ ਕਿਰਤ ਕਰਦਾ ਹੈ। ਉਨ੍ਹਾਂ ਦੋਹਾਂ ਦੇ ਮਨ ਵਿੱਚ ਲੋਚਾ ਲੱਗੀ ਹੋਈ ਹੈ, ਬੜੀ ਵਾਰੀ ਇਕੱਠੇ ਹੁੰਦੇ, ਸਤਿਸੰਗ ਕਰਦੇ ਨੇ ਤੇ ਪ੍ਰਭੂ ਦੇ ਮਿਲਾਪ ਦੀਆਂ ਗੱਲਾਂ ਕਰਦੇ ਨੇ ਪਰ ਹਾਲਾਂ ਤੱਕ ਉਨ੍ਹਾਂ ਦੀ ਲੋਚਾ ਪੂਰੀ ਨਹੀਂ ਹੋਈ। ਨਾ ਲੋਚਾ ਪੂਰੀ ਹੋਣ ਕਰਕੇ ਉਨ੍ਹਾਂ ਦੇ ਅੰਦਰ ਇਸ ਭਾਵ ਦਾ ਪ੍ਰਗਟਾਵਾ ਹੁੰਦਾ ਹੈ -

***ਧਾਰਨਾ - ਮੈਂ ਆਸਾਂ ਕਰਦਾ ਜੀ,***
***ਕਦੋਂ ਗਲ ਲਾਵੋਂਗੇ।***

***ਗੁਰਮੁਖਿ ਪਿਆਰੇ ਆਇ ਮਿਲੁ ਮੈ ਚਿਰੀ ਵਿਛੁੰਨੇ ਰਾਮ ਰਾਜੇ ॥***
***ਮੇਰਾ ਮਨੁ ਤਨੁ ਬਹੁਤੁ ਬੈਰਾਗਿਆ ਹਰਿ ਨੈਣ ਰਸਿ ਭਿੰਨੇ ॥***
***ਮੈ ਹਰਿ ਪ੍ਰਭੁ ਪਿਆਰਾ ਦਸਿ ਗੁਰੁ ਮਿਲਿ ਹਰਿ ਮਨੁ ਮੰਨੇ ॥***
***ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥ ਅੰਗ - 449***
***ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥***
***ਹਉ ਤੁਮਰੀ ਕਰਉ ਨਿਤ ਆਸ***
***ਪ੍ਰਭ ਮੋਹਿ ਕਬ ਗਲਿ ਲਾਵਹਿਗੇ ॥ 1 ॥ ਰਹਾਉ ॥***
***ਹਮ ਬਾਰਿਕ ਮੁਗਧ ਇਆਨ ਪਿਤਾ ਸਮਝਾਵਹਿਗੇ ॥***
***ਸੁਤੁ ਖਿਨੁ ਖਿਨੁ ਭੂਲਿ ਬਿਗਾਰਿ ਜਗਤ ਪਿਤ ਭਾਵਹਿਗੇ ॥***
***ਅੰਗ - 1321***

ਬੈਰਾਗ ਕਰ ਰਹੇ ਨੇ ਦੋਵੇਂ ਕਿ ਕੀ ਪਤਾ ਇਸ ਜੀਵਨ ਦੇ ਅੰਦਰ ਪ੍ਰਮੇਸ਼ਰ ਦੀ ਪ੍ਰਾਪਤੀ ਹੋਵੇ ਜਾਂ ਨਾ ਹੋਵੇ। ਕੋਈ ਐਸਾ ਪਿਆਰਾ ਆਵੇ ਕਿ ਨਾ ਆਵੇ ਜਿਹੜਾ ਸਾਨੂੰ ਦਸ ਦੇਵੇ ਤੇ ਹਰੀ ਦੇ ਨਾਲ ਸਾਡਾ ਮਿਲਾਪ ਹੋ ਜਾਵੇ, ਨਾਲ ਸਾਡਾ ਮਨ ਮੰਨ ਜਾਵੇ। ਬੜਾ ਘਾਟਾ ਪੈ ਗਿਆ, ਸਾਧੂ ਬੇਅੰਤ ਫਿਰਦੇ ਨੇ ਪਰ ਪ੍ਰਮੇਸ਼ਰ ਤੋਂ ਭੁੱਲ ਗਏ, ਕੋਈ ਤੰਤਰ ਮੰਤਰ ਕਰ ਰਿਹਾ ਹੈ। ਕੋਈ ਜੰਤ੍ਰ ਮੰਤ੍ਰ ਕਰ ਰਿਹਾ ਹੈ ਸਿੱਧੀਆਂ ਦੇ ਵਿੱਚ ਭੁੱਲੇ ਹੋਏ ਨੇ ਫਰੇਬ ਰਚੇ ਹੋਏ ਨੇ, ਜਾਲ ਵਿਛਾਏ ਹੋਏ ਨੇ ਜਿਵੇਂ ਪੰਛੀਆਂ ਨੂੰ ਫੜਦਾ ਹੈ ਜਾਲ ਵਿਛਾ ਕੇ ਬੱਧਕ, ਉਸੇ ਤਰ੍ਹਾਂ ਦੇ ਨਾਲ ਗੱਲ ਹੋ ਰਹੀ ਹੈ ਤੇ

ਉਤੋਂ ਧਾਰਮਕ ਬਣੇ ਹੋਏ ਨੇ। ਵਸਤਰ ਪਹਿਨੇ ਹੋਏ ਨੇ ਦੂਰੋਂ ਦੇਖ ਕੇ ਲਗਦਾ ਹੈ ਸਾਧੂ ਹੈ, ਪਰ ਅੰਦਰੋਂ ਅਸਾਧੂ ਹੈ, ਸਾਧੂਪੁਣੇ ਦਾ ਤਾਂ ਨਾਮ ਨਿਸ਼ਾਨ ਵੀ ਨੇੜੇ ਨਹੀਂ, ਆਪਣੀਆਂ ਗਰਜ਼ਾਂ ਦੇ ਵਾਸਤੇ, ਆਪਣੀ ਪ੍ਰਭਤਾ ਦੇ ਵਾਸਤੇ ਤੇ ਆਪਣੀ ਰੋਟੀ ਪਾਣੀ ਦੇ ਵਾਸਤੇ ਅਨੇਕਾਂ ਕਿਸਮ ਦੇ ਭੇਖ ਧਾਰ ਕੇ ਲੋਕਾਂ ਨੂੰ ਗਲਤ ਰਸਤੇ ਪਾਉਂਦੇ ਫਿਰਦੇ ਨੇ। ਮਿਲ ਨਹੀਂ ਰਿਹਾ ਤੇ ਉਸ ਵੇਲੇ ਝੰਡਾ ਪੁੱਛਦਾ ਹੈ ਕਹਿਣ ਲੱਗਿਆ, ਇੰਦ੍ਰਸੈਣ! ਕੋਈ ਸਾਧੂ ਮਿਲੇਗਾ ਕਿ ਨਹੀਂ। ਉਮਰਾ ਬੀਤ ਗਈ ਹੈ ਤੇ ਕਾਲ ਦਾ ਕੋਈ ਭਰੋਸਾ ਨਹੀਂ। ਕਹਿਣ ਲੱਗਿਆ, ਭਾਈ ਝੰਡੇ! ਕਦੇ ਕਦੇ ਮੈਨੂੰ ਜਦ ਬਚਨ ਕਰਦੇ ਨੂੰ ਇਹ ਭਾਸਦਾ ਹੈ ਜਿਸ ਤਰ੍ਹਾਂ ਹੁੱਸੜ ਪੈਣ ਤੋਂ ਬਾਅਦ, ਵੱਟ ਪੈਣ ਤੋਂ ਬਾਅਦ ਮੀਂਹ ਆ ਜਾਇਆ ਕਰਦਾ ਹੈ, ਐਸ ਤਰ੍ਹਾਂ ਦੀ ਆਪਣੀ ਹਾਲਤ ਹੋ ਗਈ ਹੈ ਹੁਣ ਕੋਈ ਨਾ ਕੋਈ ਪ੍ਰਮੇਸ਼ਰ ਦੀ ਮਿਹਰ ਹੋਵੇਗੀ ਤੇ ਕਿਸੇ ਪੂਰਨ ਸਾਧੂ ਦੇ ਦਰਸ਼ਨ ਹੋਣਗੇ। ਕਹਿਣ ਲੱਗੇ, ਜੋ ਰਾਜ ਮਹਿਲਾਂ 'ਚ ਆਇਆ ਹੋਇਆ ਹੈ ਉਹ ਕਿਹੋ ਜਿਹਾ ਹੈ? ਕਹਿਣ ਲੱਗੇ, ਉਹ ਤਾਂਤਰੀ ਹੈ। ਚਿਲ੍ਹੇ ਕੱਟੇ ਹੋਏ ਨੇ ਉਸਨੇ, ਉਹਨੂੰ ਰੂਹਾਨੀਅਤ ਦਾ ੳ, ਅ ਵੀ ਨਹੀਂ ਆਉਂਦਾ। ਬਿਰਤੀ ਵਿਸ਼ੇ ਵਿਕਾਰਾਂ ਤੋਂ ਉੱਚੀ ਨਹੀਂ ਹੋਈ। ਮਾਇਆਵੀ ਖੇਡਾਂ ਦੇ ਵਿੱਚ ਲੱਗਿਆ ਹੋਇਆ ਹੈ, ਨਾਟਕਾਂ ਚੇਟਕਾਂ 'ਚ। ਮੰਤਰੀ ਦੇ ਓਲਾਦ ਨਹੀਂ ਸੀ ਹੁੰਦੀ ਤੇ ਏਸਨੇ ਇੱਕ ਸੁਆਹ ਦੀ ਚੁਟਕੀ ਦੇ ਦਿੱਤੀ, ਚੇਟਕੀ ਸੀ ਤੇ ਉਹਦੇ ਓਲਾਦ ਹੋ ਗਈ। ਉਹ ਰਾਜਾ ਜੀ ਭਲੋ ਰਿਹਾ ਹੈ ਕਿ ਬਹੁਤ ਵੱਡੇ ਮਹਾਂਪੁਰਸ਼ ਨੇ ਤੁਸੀਂ ਇਨ੍ਹਾਂ ਨੂੰ ਗੁਰੂ ਧਾਰਨ ਕਰ ਲਓ ਤੇ ਇਨ੍ਹਾਂ ਦਾ ਜੋ ਮੱਤ ਹੈ ਉਹ ਰਾਜ ਦਾ ਮੱਤ ਹੋ ਜਾਣਾ ਚਾਹੀਦਾ ਹੈ। ਕਹਿਣ ਲੱਗਿਆ, ਮੈਂ ਉਨ੍ਹਾਂ ਨੂੰ ਸਮਝਾਇਆ ਕਿ ਇਹ ਸਾਧੂ ਨਹੀਂ ਹੈ, ਉਹ ਤਾਂਤਰੀ ਹੈ, ਚੇਟਕੀ ਹੈ, ਨਾਟਕੀ ਹੈ, ਸਾਧੂ ਦੇ ਕੋਲ ਹੋਰ ਚੀਜ਼ ਹੁੰਦੀ ਹੈ –

***ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥***

***ਅੰਗ – 520***

ਉਨ੍ਹਾਂ ਕੋਲ ਜੀਅ ਦਾਨ ਹੋਇਆ ਕਰਦਾ ਹੈ, ਇਹ ਜੀਅ ਦਾਨ ਤੋਂ ਖਾਲੀ ਹੈ।

***ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥***
***ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥***

***ਅੰਗ – 749***

ਇਹ ਹਰੀ ਦੀ ਬਾਤ ਨਹੀਂ ਕਰਦਾ, ਬਿਭੂਤੀਆਂ ਦੀ ਬਾਤ ਕਰਦਾ ਹੈ, ਇਹਦੇ ਕੋਲ ਜਾ ਕੇ ਸ਼ਾਂਤੀ ਨਹੀਂ ਆਉਂਦੀ, ਮਨ ਟਿਕਦਾ ਨਹੀਂ ਹੈ, ਮਨ ਦੇ ਅੰਦਰ ਵਿਕਾਰ ਪੈਦਾ ਹੁੰਦੇ ਨੇ। ਮਾਇਆ ਦੀਆਂ ਖੇਡਾਂ ਦੇਖਣ ਨੂੰ ਜੀਅ ਕਰਦਾ ਹੈ। ਸੋ ਇਸ ਕਰਕੇ ਭਾਈ ਝੰਡਾ ਇਸੇ ਕਰਕੇ ਮੈਂ ਬੇਨਤੀ ਕਰਦਾ ਹਾਂ ਕੋਈ ਸੱਚਾ ਨਹੀਂ ਆ ਰਿਹਾ। ਬੜਾ ਮੁਸ਼ਕਲ ਹੋ ਰਿਹਾ ਹੈ

ਤੇ ਮੈਨੂੰ ਤਾਂ ਐਸ ਤਰ੍ਹਾਂ ਲਗਦਾ ਹੈ ਕਿ ਸਾਰੇ ਸੰਸਾਰ ਦੇ ਉਤੇ ਕੀ ਰਾਜਸੀ ਖੇਤਰ, ਕੀ ਧਾਰਮਕ ਹੈ, ਕੀ ਵਪਾਰਕ ਹੈ, ਕੀ ਭਾਈਚਾਰਕ ਹੈ, ਕੀ ਪਰਿਵਾਰਕ ਹੈ, ਸੱਚ ਦਾ ਨਾਮ ਨਿਸ਼ਾਨ ਹੀ ਖਤਮ ਹੁੰਦਾ ਤੁਰਿਆ ਜਾ ਰਿਹਾ ਹੈ ਤੇ ਕੂੜ ਦੀ ਮੱਸਿਆ ਦਾ ਪਰਮ ਅਧਿਕਾਰ ਸੰਸਾਰ ਦੇ ਉਤੇ ਛਾ ਰਿਹਾ ਹੈ, ਬੜਾ ਮੁਸ਼ਕਲ ਹੋ ਗਿਆ ਹੈ। ਕੋਈ ਤਾਰਨ ਦਾ ਸਵਾਲ ਨਹੀਂ ਹੁੰਦਾ, ਕੋਈ ਗੁਰੂ ਨੇ ਉਹ ਚੇਲਿਆਂ ਦੇ ਕੋਲ ਜਾ ਕੇ ਨਾਚਦੇ ਨੇ, ਰਾਸਾਂ ਪਾਉਂਦੇ ਨੇ, ਰੂਪ ਧਾਰਦੇ ਨੇ ਮਹਾਂਪੁਰਸ਼ਾਂ ਦਾ, ਉੱਚੀ-ਉੱਚੀ ਗਾਉਂਦੇ ਨੇ, ਕੋਈ ਯੋਧਿਆਂ ਦੀ ਵਾਰਾਂ ਗਾ ਰਹੇ ਨੇ, ਕੋਈ ਮਾਇਆ ਇਕੱਠੀ ਕਰ ਰਹੇ ਨੇ। ਸੱਚ ਤਾਂ ਅਲੋਪ ਹੁੰਦਾ ਜਾ ਰਿਹਾ ਹੈ ਤੇ ਕੀਹਦੇ ਉਤੇ ਵਿਸ਼ਵਾਸ਼ ਕਰਿਆ ਜਾਵੇ, ਇਸ ਤਰ੍ਹਾਂ ਦੇ ਨਾਲ ਭਾਵ ਪ੍ਰਗਟ ਕਰਦੇ ਨੇ–

*ਧਾਰਨਾ – ਸਾਰੇ ਕੂੜ ਦਾ ਹੋ ਗਿਆ ਵਰਤਾਰਾ,*
*ਸੱਚ ਵਾਲਾ ਕਾਲ ਪੈ ਗਿਆ।*

*ਸਚਿ ਕਾਲੁ ਕੂੜੁ ਵਰਤਿਆ ਕਲਿ ਕਾਲਖ ਬੇਤਾਲ ॥*
*ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥*
*ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥*
*ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥*
*ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥*
*ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ 1 ॥ ਮঃ 1 ॥*
*ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥*
*ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥*
*ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥*
*ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥*
*ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥*
*ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ ॥*
*ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ ॥*
*ਜਤੀ ਸਦਾਵਹਿ ਜੁਗਤਿ ਨ ਜਾਣਹਿ ਛਡਿ ਬਹਹਿ ਘਰ ਬਾਰੁ ॥*
*ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥*
*ਪਤਿ ਪਰਵਾਣਾ ਪਿਛੈ ਪਾਈਐ ਤਾ ਨਾਨਕ ਤੋਲਿਆ ਜਾਪੈ ॥*

*ਅੰਗ – 469*

ਕਹਿਣ ਲੱਗੇ, ਭਾਈ ਝੰਡਾ! ਕਿਤੇ ਵੀ ਸੱਚ ਦਾ ਕਿਨਾਰਾ ਨਜ਼ਰ ਨਹੀਂ ਆ ਰਿਹਾ। ਹਰ ਥਾਂ ਦੇ ਉਤੇ ਝੂਠ ਹੀ ਝੂਠ ਹੈ, ਭਗਤੀ ਦੇ ਵਿੱਚ ਕੋਈ ਪਿਆ ਨਹੀਂ ਹੋਇਆ, ਦਿਖਾਵਾ ਹੱਦ ਤੋਂ ਜ਼ਿਆਦਾ ਹੈ ਕਿੱਥੋਂ ਆਸ ਕਰੀਏ, ਪਤਾ ਨਹੀਂ ਆਪਣਾ ਜਨਮ ਇਸੇ ਤਰ੍ਹਾਂ ਲੰਘ ਜਾਣਾ ਹੈ ਤੇ ਫੇਰ ਕਹਿਣ ਲੱਗਿਆ, ਇੰਦ੍ਰਸੈਣ, ਭਾਈ ਝੰਡਾ! ਪਰ ਆਸ ਮਨ 'ਚੋਂ ਨਹੀਂ ਜਾਂਦੀ ਤੇ ਸੁਣਿਆ ਸੀ ਉਡਦੀ-ਉਡਦੀ ਗੱਲ ਕਿ ਇੱਕ ਸਾਧੂ ਉਤਰ ਪੱਛਮ ਤੋਂ ਸੰਸਾਰ ਦੇ ਅੰਦਰ ਭਾਲ-ਭਾਲ ਕੇ ਟੁੱਟੀਆਂ ਹੋਈਆਂ ਰੂਹਾਂ ਨੂੰ ਕਿਨਾਰੇ ਲਾ ਰਿਹਾ ਹੈ ਤੇ ਉਸਨੇ ਨੂਰਸ਼ਾਹ ਦਾ ਕੁਫਰਗੜ੍ਹ ਤੋੜਿਆ। ਵਾਹਿਗੁਰੂ

ਸੁਣ ਲਵੇ, ਪ੍ਰਭੂ ਸੁਣ ਲਵੇ, ਸਾਡੀ ਪੁਕਾਰ ਪ੍ਰਵਾਨ ਪੈ ਜਾਵੇ, ਬਾਬੀਹੇ ਵਾਲੀ ਕੂਕ ਉਹਦੇ ਦਰ 'ਤੇ ਮਨਜ਼ੂਰ ਹੋ ਜਾਵੇ ਤੇ ਭੇਜ ਦੇਵੇ ਕੋਈ ਆਪਣਾ, ਸਾਡੇ ਕੋਲ ਤਰਲਾ ਹੀ ਤਰਲਾ ਹੈ –

*ਧਾਰਨਾ – ਪ੍ਰੀਤਮ ਮੇਰਾ ਪਿਆਰਾ ਕੋਈ ਆਣ ਕੇ ਮਿਲਾਵੇ।*
*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ 1 ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥ 1 ॥ ਰਹਾਉ ॥*
*ਜੇ ਸੁਖੁ ਦੇਹਿ ਤ ਤੁਝਹਿ ਅਰਾਧੀ*
*ਦੁਖਿ ਭੀ ਤੁਝੈ ਧਿਆਈ॥ 2 ॥*
*ਜੇ ਭੁਖ ਦੇਹਿ ਤ ਇਤ ਹੀ ਰਾਜਾ*
*ਦੁਖ ਵਿਚਿ ਸੂਖ ਮਨਾਈ ॥ 3 ॥*
*ਤਨੁ ਮਨੁ ਕਾਟਿ ਕਾਟਿ ਸਭੁ ਅਰਪੀ*
*ਵਿਚਿ ਅਗਨੀ ਆਪੁ ਜਲਾਈ ॥ 4 ॥*
*ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥ 5 ॥*
*ਨਾਨਕੁ ਗਰੀਬੁ ਢਹਿ ਪਇਆ ਦੁਆਰੈ*
*ਹਰਿ ਮੇਲਿ ਲੈਹੁ ਵਡਿਆਈ ॥* *ਅੰਗ – 757*

ਦਿਲ 'ਚੋਂ ਆਵਾਜ਼ ਉੱਠ ਰਹੀ ਹੈ, ਜਿਸਨੂੰ ਲੋਚਾ ਲੱਗੀ ਹੁੰਦੀ ਹੈ ਪ੍ਰਭੂ ਦੇ ਮਿਲਣ ਦੀ, ਉਹ ਨਾ ਸੁੱਖ ਦੀ ਪਰਵਾਹ ਕਰਦਾ ਹੈ ਨਾ ਦੁੱਖ ਦੀ ਪਰਵਾਹ ਕਰਦਾ ਹੈ, ਨਾ ਭੁੱਖ ਤੋਂ ਡਰਦਾ ਹੈ, ਨਾ ਕਿਸੇ ਰਿਆਇਤ 'ਚ ਆਉਂਦਾ ਹੈ, ਜਿਸ ਤਰ੍ਹਾਂ ਵੀ *' ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ ॥'* ਰੁੱਖੀਆਂ ਦੇ ਦੇ ਤਾਂ ਵੀ ਪ੍ਰਸੰਨ ਹਾਂ, ਨਾ ਦੇ ਤਾਂ ਵੀ ਪ੍ਰਸੰਨ ਹਾਂ। ਭੁੱਖ ਦੇ ਵਿੱਚ ਵੀ ਪ੍ਰਸੰਨ ਤੇ ਦੁੱਖ ਦੇ ਵਿੱਚ ਵੀ ਪ੍ਰਸੰਨ ਪਰ ਮੈਨੂੰ ਮੇਰਾ ਪਿਆਰਾ ਮਿਲਾ ਦੇ। ਸੱਚੇ ਜਗਿਆਸੂ ਦੇ ਮਨ ਦੀ ਇਹ ਲੋਚਾ ਹੋਇਆ ਕਰਦੀ ਹੈ, ਜੇ ਇਹ ਨਿਭ ਜਾਵੇ, ਕਿਸੇ ਦੇ ਹਿਰਦੇ ਵਿੱਚ ਐਸੀ ਲੋਚਾ ਪੈਦਾ ਹੋ ਜਾਵੇ, ਫੇਰ ਪ੍ਰਮੇਸ਼ਰ ਵਲੋਂ ਇੰਤਜ਼ਾਮ ਹੈ ਸਾਧਸੰਗਤ ਜੀ। ਉਨ੍ਹਾਂ ਨੇ ਸੰਸਾਰ ਦੇ ਉਧਾਰ ਦਾ ਇੰਤਜ਼ਾਮ ਕਰਿਆ ਹੋਇਆ ਹੈ, ਉਹ ਆਪਣੇ ਮਹਾਂਪੁਰਖ ਭੇਜਦੇ ਨੇ, ਗੁਰਮੁਖ ਪਿਆਰੇ ਭੇਜਦੇ ਨੇ, ਜਿਨ੍ਹਾਂ ਦਾ ਕੰਮ ਹੀ ਇਹੀ ਹੁੰਦਾ ਹੈ ਕਿ ਟੁੱਟਿਆਂ ਹੋਇਆ ਨੂੰ ਪ੍ਰਮੇਸ਼ਰ ਦੇ ਨਾਲ ਮਿਲਾ ਦੇਣਾ –

*ਧਾਰਨਾ – ਟੁੱਟੀਆਂ ਰੂਹਾਂ ਨੂੰ ਜੋੜਨ ਸਾਈਂ ਪਿਆਰੇ,*
*ਜੀਅ ਦਾਨ ਦਿੰਦੇ ਆਣ ਕੇ।*
*ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥*
*ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥*
*ਅੰਗ – 749*

ਪ੍ਰਮੇਸ਼ਰ ਵਲੋਂ ਆਪਣਾ ਸਰੂਪ, ਮੁਕਤ ਆਤਮਾ ਉਨ੍ਹਾਂ ਨੂੰ ਭੇਜਿਆ ਜਾਂਦਾ ਹੈ ਕਿ ਸੰਸਾਰ ਵਿੱਚ ਜਾਓ ਤੇ ਜੋ ਟੁੱਟੀਆਂ ਹੋਈਆਂ ਰੂਹਾਂ ਵਿਲਕਦੀਆਂ ਨੇ ਮੇਰੇ ਦਰਸ਼ਨਾਂ ਵਾਸਤੇ, ਮੇਰੇ ਮਿਲਾਪ ਵਾਸਤੇ, ਜਾਓ ਉਨ੍ਹਾਂ ਨੂੰ ਸਹੀ ਰਸਤਾ ਦੱਸੋ। ਕਹਿੰਦੇ ਭਾਈ ਝੰਡਾ! ਜ਼ਰੂਰ ਕੋਈ ਆਏਗਾ ਪੂਰਾ ਤੇ ਦਿਖਾ ਦਏਗਾ।

ਪੂਰੇ ਦੀ ਕੀ ਨਿਸ਼ਾਨੀ ਹੁੰਦੀ ਹੈ? ਕੋਈ ਨਿਸ਼ਾਨੀ ਵੀ ਹੁੰਦੀ ਹੈ? ਮਹਾਰਾਜ ਕਹਿੰਦੇ ਹਾਂ, ਭਾਈ। ਅੰਦਰੋਂ ਹੀ ਪ੍ਰਮੇਸ਼ਰ ਦੇ ਦਰਸ਼ਨ ਕਰਾ ਦਿੰਦਾ ਹੈ ਜਿਹੜਾ ਪੂਰਾ ਹੁੰਦਾ ਹੈ। ਜਿਹੜਾ ਅਧੂਰਾ ਹੁੰਦਾ ਹੈ ਉਸ ਤੋਂ ਨਹੀਂ ਹੁੰਦਾ ਤੇ ਉਹਦੀ ਨਿਸ਼ਾਨੀ ਹੈ -

***ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ ॥***
***ਅੰਗ - 1291***

ਜਿਹੜਾ ਸਰੀਰ ਦੇ ਵਿੱਚ ਪ੍ਰਮੇਸ਼ਰ ਜਿਸ ਥਾਂ ਦੇ ਉਤੇ ਰਹਿੰਦਾ ਹੈ, ਰਹਿੰਦਾ ਤਾਂ ਸਾਰੇ ਹੀ ਹੈ, ਪਰ ਇੱਕ ਥਾਂ ਦੇ ਉਤੇ ਉਹਦੇ ਦਰਸ਼ਨ ਹੁੰਦੇ ਨੇ। ਜਿਸਨੂੰ ਗਗਨਮੰਡਲ ਕਹਿੰਦੇ ਨੇ, ਸੁੰਨ ਮੰਡਲ ਕਹਿੰਦੇ ਨੇ, ਦਸਮ ਦੁਆਰ ਕਹਿੰਦੇ ਨੇ। ਉਥੇ ਜਿਹੜਾ ਪਹੁੰਚਾ ਦੇਵੇ ਸੁਰਤ ਨੂੰ ਤੇ ਦਰਸ਼ਨ ਕਰਾ ਦੇਵੇ ਕਹਿੰਦੇ ਉਹ ਸਤਿਗੁਰੂ ਹੋਇਆ ਕਰਦਾ ਹੈ -

***ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ ॥***
***ਅੰਗ - 1291***

ਉਹ ਧੁਨ ਹੋ ਰਹੀ ਹੈ, ਧੁਨਕਾਰ, ਪੰਜਾਂ ਸ਼ਬਦਾਂ ਦੀ ਤੇ ਉਥੇ ਨਿਸ਼ਾਨੀ ਸ਼ਬਦ ਦੀ ਹੈ -

***ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥***
***ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ ॥***
***ਅੰਗ - 1291***

ਸੱਚਾ ਤਖਤ ਜੋ ਹੈ ਅੰਦਰ ਹੀ ਬੰਦੇ ਦੇ, ਉਸ ਥਾਂ ਦੇ ਉਤੇ ਉਸ ਪ੍ਰਭੂ ਦੇ ਦਰਸ਼ਨ ਕਰਾ ਦਿੰਦੇ ਨੇ -

***ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥***
***ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥***
***ਅੰਗ - 1291***

ਸਾਰੀਆਂ ਵਾਸ਼ਨਾਵਾਂ ਮਨ ਵਿੱਚ ਸਮਾਅ ਜਾਣਗੀਆਂ, ਖਤਮ ਹੋ ਜਾਣਗੀਆਂ, ਅਫੁਰ ਅਵਸਥਾ ਪ੍ਰਾਪਤ ਹੋ ਜਾਏਗੀ, ਜਦੋਂ ਮਨੋ ਨਾਸ਼ ਹੋ ਜਾਏ। ਵਾਸ਼ਨਾ ਖ੍ਹੈ ਹੋ ਜਾਵੇ ਤੇ ਤਤ੍ਵ ਦਾ ਗਿਆਨ ਹੋ ਜਾਵੇ ਉਸ ਵੇਲੇ ਮਿਲਾਪ ਹੋ ਜਾਇਆ ਕਰਦਾ ਹੈ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***
***ਅੰਗ - 1291***

ਫੇਰ ਅਵਸਥਾ ਇਹ ਹੁੰਦੀ ਹੈ ਕਿ ਆਪਣੇ ਆਪ ਅੱਖਾਂ ਵੀ ਨਾਮ ਜਪਦੀਆਂ ਨੇ, ਕੰਨ ਵੀ ਨਾਮ ਜਪਦੇ ਨੇ, ਸਾਰਾ ਸਰੀਰ ਨਾਮ ਜਪਦਾ ਹੈ, ਰੋਮ-ਰੋਮ ਨਾਮ ਜਪਦਾ ਹੈ, ਰਸਨਾ ਵੀ ਜਪਦੀ ਹੈ, ਹਰ ਥਾਂ 'ਤੇ ਨਾਮ ਹੀ ਜਪਿਆ ਜਾਂਦਾ ਹੈ ਕਿਉਂਕਿ ਨਾਮ ਇਹਦੇ ਵਿੱਚ ਪਰੀਪੂਰਨ ਹੈ। ਉਹ ਅੱਖ ਖੁੱਲ੍ਹ ਜਾਂਦੀ ਹੈ ਉਹ ਦਿੱਬਯ ਕੰਨ ਖੁਲ੍ਹ ਜਾਂਦੇ ਨੇ ਜਿਹੜੇ ਨਾਮ ਨੂੰ ਸਰਵਣ ਕਰਦੇ ਨੇ। ਪੰਛੀ ਬੋਲਦੇ ਨੇ ਲੇਕਿਨ ਦਿੱਬਯ ਕੰਨ ਜਿਹਦੇ ਖੁਲ੍ਹ ਗਏ ਉਹਨੂੰ ਪੰਛੀਆਂ ਦੇ ਬੋਲਣ ਵਿੱਚ ਵੀ ਪ੍ਰਮੇਸ਼ਰ ਦਾ ਨਾਮ ਸੁਣਦਾ ਹੈ। ਕੋਈ ਚੀਜ਼ ਬੋਲਦੀ ਹੈ -

***ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥***

***ਅੰਗ- 1420***

ਤੇ ਹਰ ਥਾਂ ਦੇ ਉਤੇ ਬਗੈਰ ਜਾਪ ਕਰਨ 'ਤੇ ਜਾਪ ਹੋ ਰਿਹਾ ਹੈ ਪ੍ਰਮੇਸ਼ਰ ਦਾ। ਉਹਦਾ ਫਲ ਕੀ ਹੁੰਦਾ ਹੈ -

***ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥***

***ਅੰਗ - 1291***

ਜਿਸ ਥਾਂ ਤੋਂ ਆਇਆ ਹੈ ਉਹਦੇ ਵਿੱਚ ਸਮਾਅ ਜਾਂਦਾ ਹੈ -

***ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥***

***ਅੰਗ - 1291***

ਆਪਣੇ ਘਰ ਦੇ ਅੰਦਰ ਵਾਸਾ ਹੋ ਜਾਂਦਾ ਹੈ ਗੁਰੂ ਦੇ ਰਾਹੀਂ, ਗੁਰਮੁਖ ਦੇ ਰਾਹੀਂ -

***ਸਬਦੁ ਖੋਜਿ ਇਹੁ ਘਰੁ ਲਹੈ ਨਾਨਕੁ ਤਾ ਕਾ ਦਾਸੁ ॥***

***ਅੰਗ - 1291***

ਸ਼ਬਦ ਦੀ ਖੋਜ ਕਰਕੇ ਇਸ ਘਰ ਦੀ ਪ੍ਰਾਪਤੀ ਹੁੰਦੀ ਹੈ। ਮਹਾਰਾਜ ਕਹਿੰਦੇ, ਜਿਹਨੂੰ ਇਹ ਪ੍ਰਾਪਤੀ ਹੋ ਗਈ, ਮੈਂ ਉਹਦਾ ਦਾਸ ਹਾਂ। ਮਹਾਰਾਜ ਤਾਂ ਇਸ ਤੋਂ ਵੀ ਥੱਲੇ ਬਹੁਤਿਆਂ ਨੂੰ ਕਹਿੰਦੇ ਨੇ ਕਿ ਅਸੀਂ ਉਹਦੇ ਦਾਸ ਹਾਂ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥*** ***ਅੰਗ - 306***

ਸੋ ਕਹਿਣ ਲੱਗੇ, ਭਾਈ ਝੰਡਾ! ਜ਼ਰੂਰ ਆਪਣੀ ਅਰਜ਼ੋਈ ਨੂੰ ਸੁਣਿਆ ਜਾਵੇਗਾ ਤੇ ਆਪਣੀ ਆਸ ਨੂੰ ਫਲ ਲੱਗੇਗਾ ਤੇ ਮੈਨੂੰ ਐਸ ਤਰ੍ਹਾਂ ਪਰਤੀਤ ਹੁੰਦਾ ਹੈ ਜੋ ਐਡੇ ਦੂਰ-ਦਰਾਜ਼ ਤੋਂ ਸਫਰ ਕੱਟ ਕੇ ਪਹੁੰਚਿਆ ਹੈ ਜ਼ਰੂਰ ਸਾਡੇ ਕੋਲ ਪਹੁੰਚੇਗਾ।

ਏਧਰ ਗੁਰੂ ਨਾਨਕ ਪਾਤਸ਼ਾਹ ਬਿਸ਼ੀਅਰ ਦੇਸ਼ ਦੇ ਵਿੱਚ ਪਹੁੰਚ ਜਾਂਦੇ ਨੇ, ਦੋ ਖਿਆਲ ਨੇ ਕਿ ਇੱਕ ਤਾਂ ਲੰਕਾ ਦੇ ਨੇੜੇ ਹੈ, ਇਕਨਾ ਦਾ ਹੈ ਕਿ ਆਸਾਮ ਦੇ ਨੇੜੇ ਹੈ। ਕਿਤੇ ਵੀ ਹੋਵੇ, ਮਹਾਰਾਜ ਉਸ ਥਾਂ ਪਹੁੰਚਦੇ

ਨੇ ਤੇ ਉਥੇ ਪਹੁੰਚ ਕੇ ਮਰਦਾਨਾ ਕਹਿਣ ਲੱਗਿਆ ਸੱਚੇ ਪਾਤਸ਼ਾਹ! ਤਿੰਨ ਦਿਨ ਹੋ ਗਏ ਭੁੱਖਿਆਂ ਨੂੰ ਕਿਸੇ ਨੇ ਜਲ ਨਹੀਂ ਪੁੱਛਿਆ, ਪਾਣੀ ਨਹੀਂ ਪੁੱਛਿਆ। ਇਹ ਅਜੀਬ ਦੇਸ਼ ਦੇ ਵਿੱਚ ਲੈ ਆਏ, ਆਪਣੇ ਤਾਂ ਕੋਈ ਨੇੜੇ ਨਹੀਂ ਆਉਂਦਾ। ਜਿੱਥੇ ਆਪਾਂ ਖੜ੍ਹ ਜਾਂਦੇ ਹਾਂ ਮੈਂ ਦੇਖਿਆ ਹੈ ਕਿ ਉਥੇ ਲੋਕ ਆਪਣੇ ਤੁਰਨ ਤੋਂ ਬਾਅਦ ਪੋਚਾ ਦਿੰਦੇ ਨੇ ਕਿਉਂਕਿ ਸਮਝ ਨਹੀਂ ਰਹੇ ਬੜੇ ਮੂੜ੍ਹ ਦੇਸ਼ ਵਿੱਚ ਆ ਗਏ। ਮੈਨੂੰ ਭੁੱਖ ਲੱਗੀ ਹੋਈ ਹੈ, ਕ੍ਰਿਪਾ ਕਰੋ ਮੈਂ ਸ਼ਹਿਰ ਵਿੱਚ ਜਾਵਾਂ। ਕਹਿੰਦੇ ਮਰਦਾਨਿਆਂ! ਸ਼ਹਿਰ ਦਾ ਹਾਲ ਤਾਂ ਤੂੰ ਜਾਣਦਾ ਹੀ ਹੈਂ ਉਹ ਤਾਂ ਕਿਸੇ ਨੇ ਨਹੀਂ ਤੈਨੂੰ ਪ੍ਰਸ਼ਾਦਾ ਦੇਣਾ। ਇਹ ਜਿਹੜਾ ਦੇਸ਼ ਹੈ ਬਹੁਤ ਕੱਟੜ ਦੇਸ਼ ਦੇ ਵਿੱਚ ਆਪਾਂ ਆ ਗਏ ਹਾਂ। ਤੂੰ ਜਾਹ ਜੇ ਪ੍ਰਸ਼ਾਦ ਪਾਣੀ ਛੱਕਣਾ ਹੈ ਇੱਥੇ ਬਖਸ਼ੀ ਹੋਈ ਰੂਹ ਹੈ ਪ੍ਰਮੇਸ਼ਰ ਦੀ। ਕਹਿੰਦਾ ਮਹਾਰਾਜ ਉਹਦਾ ਨਾਉਂ?

ਕਹਿੰਦੇ, ਉਹਦਾ ਨਾਉਂ ਝੰਡਾ ਹੈ। ਉਹਦੇ ਪਿਤਾ ਦਾ ਨਾਉਂ ਪਾਖਰ ਹੈ। ਪੁੱਛ ਕੇ ਚਲਿਆ ਜਾਈਂ ਤੇ ਉਹ ਪ੍ਰਸ਼ਾਦ ਪਾਣੀ ਦਾ ਬੰਦੋਬਸਤ ਕਰ ਦਏਗਾ। ਉਸ ਵੇਲੇ ਪੁੱਛਦਾ ਪੁਛਾਉਂਦਾ ਜਦੋਂ ਜਾਂਦਾ ਹੈ ਤਾਂ ਉਸ ਵੇਲੇ ਮੱਥੇ ਪੜ੍ਹਦੇ ਜਾਂਦਾ ਹੈ। ਇਨ੍ਹਾਂ ਨੂੰ ਦੇਖਦੇ ਨੇ ਨੱਕ ਚਾੜ੍ਹ ਲੈਂਦੇ ਨੇ। ਮਰਦਾਨੇ ਨੂੰ ਦੇਖ ਕੇ ਕਿ ਇਹ ਕਿਹੜਾ ਭੇਖ ਹੈ, ਐਹੋ ਜਿਹਾ ਤਾਂ ਅਸੀਂ ਦੇਖਿਆ ਹੀ ਨਹੀਂ ਕੋਈ ਭੇਖ ਵਾਲਾ, ਪਤਾ ਨਹੀਂ ਹਿੰਦੂ ਨੇ, ਪਤਾ ਨਹੀਂ ਮੁਸਲਮਾਨ ਨੇ, ਪਤਾ ਨਹੀਂ ਇਹ ਹਿੰਦੂ ਮੁਸਲਮਾਨ ਰਲਵੇਂ ਨੇ। ਕੋਈ ਗੱਲ ਕਰਨ ਨੂੰ ਤਿਆਰ ਨਹੀਂ ਦੇਖ ਕੇ ਹੀ ਨੱਕ ਵੱਟਦਾ ਹੈ, ਮਰਦਾਨਾ ਕਿਸੇ ਨੂੰ ਨਹੀਂ ਪੁੱਛਦਾ। ਚਲਦੇ-ਚਲਦੇ ਇੱਕ ਖਿੜੇ ਮੱਥੇ ਵਾਲਾ, ਬੁੱਲ੍ਹਾਂ 'ਤੇ ਮੁਸਕਰਾਹਟ ਵਾਲਾ ਜਿਹਦੇ ਨੈਣਾਂ ਦੇ ਵਿੱਚ ਤੇਜ਼ ਸੀ, ਕੋਈ ਖੁਸ਼ੀ ਸੀ, ਉਹ ਪਛਾਣ ਲਿਆ ਇਸਨੇ ਤੇ ਉਹਦੇ ਨਾਲ ਤਿੰਨ ਚਾਰ ਸਾਥੀ ਨੇ ਤੇ ਦੋ ਤਿੰਨ ਦਾਸ ਨੇ, ਚਾਕਰ ਨੇ। ਉਸ ਵੇਲੇ ਅੱਗੇ ਹੋਇਆ ਕਹਿਣ ਲੱਗਿਆ, ਮਹਾਰਾਜ! ਕ੍ਰਿਪਾ ਕਰੋ, ਮੈਨੂੰ ਭਾਈ ਝੰਡੇ ਦਾ ਘਰ ਦੱਸੋ, ਜੋ ਪਾਖਰ ਦਾ ਲੜਕਾ ਹੈ। ਨਿਰੰਕਾਰ ਦੇ ਨਾਮ 'ਤੇ। ਕਹਿਣ ਲੱਗੇ, ਪਿਆਰਿਆ! ਤੂੰ ਨਿਰੰਕਾਰ ਦਾ ਨਾਮ ਲਿਆ ਹੈ, ਇੱਥੇ ਤਾਂ ਕੋਈ ਲੈਂਦਾ ਨਹੀਂ, ਚੱਲ ਮੈਂ ਨਿਰੰਕਾਰ ਦੇ ਨਾਮ ਵਾਲੇ ਨੂੰ ਝੰਡੇ ਪਾਸ ਲੈ ਚੱਲਾਂ। ਚਾਕਰ ਕਹਿਣ ਲੱਗੇ ਕਿ ਅਸੀਂ ਲੈ ਜਾਂਦੇ ਹਾਂ। ਉਹ ਕਹਿੰਦੇ ਨਹੀਂ ਮੈਂ ਆਪ ਜਾਵਾਂਗਾ, ਇਹਨੇ ਨਿਰੰਕਾਰ ਦਾ ਨਾਮ ਲਿਆ ਹੈ ਮੇਰਾ ਹਿਰਦਾ ਖਿੜ ਗਿਆ। ਕਿਉਂਕਿ ਜਦੋਂ ਹਿਰਦਾ ਖਿੜ ਜਾਵੇ ਨਾਮ ਲੈਣ 'ਤੇ ਚਾਹੇ ਕੋਈ ਅੱਲਾਹ ਦਾ ਨਾਮ ਲੈਂਦਾ, ਚਾਹੇ ਰਾਮ ਦਾ ਲੈਂਣਾ ਹੈ ਚਾਹੇ ਨਿਰੰਕਾਰ ਕਹਿੰਦਾ ਹੈ, ਚਾਹੇ ਵਾਹਿਗੁਰੂ ਕਹਿੰਦਾ ਹੈ; ਮਹਾਰਾਜ ਕਹਿੰਦੇ -

***ਨਾਉ ਸੁਣਿ ਮਨੁ ਰਹਸੀਐ ......................॥ ਅੰਗ - 468***

ਜਿਹਦਾ ਨਾਉਂ ਸੁਣਦੇ ਸਾਰ ਪ੍ਰਮੇਸ਼ਰ ਦਾ ਮਨ ਵਿੱਚ ਖੇੜਾ ਆ

ਜਾਵੇ, ਕਹਿੰਦੇ ਉਹ ਸੱਚੇ ਦੇ ਨੇੜੇ ਹੋਇਆ ਕਰਦਾ ਹੈ, ਸੱਚ ਨੂੰ ਜਾਣ ਲੈਂਦਾ ਹੈ। ਨਾਉਂ ਲੈਣ 'ਤੇ ਹੀ ਖਿੜ ਜਾਣਾ ਕਿ ਮੇਰੇ ਪਿਆਰੇ ਦਾ ਨਾਉਂ ਲਿਆ ਹੈ ਇਹਨੇ। ਕੁਦਰਤੀ ਬਾਤ ਹੁੰਦੀ ਹੈ ਜਿਹਦੇ ਨਾਲ ਪਿਆਰ ਹੋ ਜਾਏ, ਉਹਦਾ ਨਾਉਂ ਲੈ ਲਏ ਜੇ ਕੋਈ ਆ ਕੇ, ਬਹੁਤ ਚੰਗਾ ਲਗਦਾ ਹੈ, ਫੇਰ ਉਸ ਤੋਂ ਉਹਦੀਆਂ ਗੱਲਾਂ ਪੁੱਛਦੇ ਹਾਂ ਕਿ ਕੀ ਹਾਲ ਹੈ ਉਹਦਾ। ਜੇ ਉਹ ਇੱਕ ਵਾਰੀ ਗੱਲ ਮੁਕਾ ਦਏਗਾ ਫੇਰ ਅਸੀਂ ਦੂਜੀ ਵਾਰੀ ਪੁੱਛਦੇ ਹਾਂ, ਜੇ ਰਾਤ ਰਹਿ ਪਿਆ ਸਾਡੇ ਕੋਲ ਸਾਰੀ ਰਾਤ ਕਰ ਦੇਵਾਂਗੇ, ਓਹੀ ਗੱਲ ਮੁੜ-ਮੁੜ ਪੁੱਛੀ ਜਾਵਾਂਗੇ। ਫੇਰ ਉਹਨੇ ਕੀ ਕਿਹਾ।

ਉਹ ਗੱਲ ਬਾਰ-ਬਾਰ ਪਿਆਰੀ ਲਗਦੀ ਹੈ। ਮਹਾਰਾਜ ਕਹਿੰਦੇ, ਉਹਦੀ ਭੇਟਾ ਕੀ ਹੁੰਦੀ ਹੈ -

***ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਦੀਜੈ ॥***
***ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ ॥***

***ਅੰਗ - 558***

ਸੋ ਭਾਈ ਝੰਡੇ ਦੇ ਕੋਲ ਆ ਗਿਆ, ਕਹਿਣ ਲੱਗੇ, ਭਾਈ ਝੰਡਾ ਇਹ ਨਿਰੰਕਾਰ ਦਾ ਪਿਆਰਾ ਕੋਈ ਆਇਆ ਹੈ। ਧੰਨਭਾਗ ਇਸ ਸ਼ਹਿਰ ਵਿੱਚ ਕਿਸੇ ਨੇ ਨਿਰੰਕਾਰ ਦਾ ਨਾਮ ਲਿਆ ਹੈ ਤੇ ਤੈਨੂੰ ਮਿਲਣਾ ਚਾਹੁੰਦਾ ਹੈ। ਆਦਰ ਦੇ ਕੇ ਉਸ ਨੇ ਬਿਠਾਲਿਆ ਕਹਿੰਦੇ ਦੱਸੋ ਕਿਵੇਂ ਆਏ? ਤੁਸੀਂ ਮੈਨੂੰ ਜਾਣਦੇ ਓਂ? ਕਹਿੰਦੇ ਮੈਂ ਤਾਂ ਨਹੀਂ ਜਾਣਦਾ ਲੇਕਿਨ ਮੇਰਾ ਮਾਲਕ ਜਾਣਦਾ ਹੈ।

ਕਹਿੰਦੇ ਹੈਂ! ਮੈਨੂੰ ਗਰੀਬ ਨੂੰ ਕੋਈ ਬਾਹਰ ਜਾਣਦਾ ਹੈ? ਕਿਸ ਦੇਸ਼ ਤੋਂ ਆਏ ਓਂ?

ਕਹਿੰਦੇ, ਅਸੀਂ ਉਸ ਦੇਸ਼ ਤੋਂ ਆਏ ਹਾਂ ਜਿੱਥੇ ਸੱਤ ਦਰਿਆ ਵਹਿੰਦੇ ਨੇ ਤੇ ਜਿਹਨੂੰ ਸਪਤਸਿੰਧੂ ਕਹਿੰਦੇ ਨੇ ਪਰ ਗਲਤੀ ਨਾਲ ਉਸਨੂੰ ਪੰਜਾਬ ਕਹਿਣ ਲੱਗ ਗਏ। ਪੰਜ ਆਬ ਨਹੀਂ ਹੈ ਉਹ ਸੱਤ ਆਬ ਹੈ। ਸਿੰਧ ਤੋਂ ਲੈ ਕੇ ਜਮਨਾ ਤੱਕ। ਉਹਨੂੰ ਸਪਤਸਿੰਧੂ ਕਹਿੰਦੇ ਸੀ, ਯੂਨਾਨੀ ਉਹਨੂੰ ਹਫਤ ਹਿੰਦੂ ਕਹਿੰਦੇ ਸੀ, ਜਿੱਥੋਂ ਏਸ ਦੇਸ਼ ਦੇ ਵਾਸੀਆਂ ਦਾ ਨਾਮ ਹਿੰਦੂ ਪਿਆ ਹੈ ਕਿਉਂਕਿ ਸਿੰਧ ਪਾਣੀ ਨੂੰ ਕਹਿੰਦੇ ਨੇ, ਸਪਤਸਿੰਧੂ ਇਹ ਕਹਿੰਦੇ ਸੀ, ਸੱਤ ਦਰਿਆਵਾਂ ਵਾਲਾ, ਸੱਤ ਪਾਣੀਆਂ ਵਾਲਾ ਦੇਸ਼, ਬੜਾ ਸੁੰਦਰ ਦੇਸ਼ ਏਸ ਥਾਂ 'ਤੇ ਆ ਕੇ ਰਿਸ਼ੀਆਂ ਮੁਨੀਆਂ ਨੇ ਚਾਰੇ ਵੇਦਾਂ ਦਾ ਉਚਾਰਨ ਕੀਤਾ, ਸਿਮ੍ਰਤੀਆਂ ਬਣੀਆਂ, ਉਪਨਿਸ਼ਦਾਂ ਬਣੀਆਂ ਤੇ ਬੜਾ ਪਿਆਰਾ ਦੇਸ਼, ਏਸੇ ਦੇਸ਼ ਦੇ ਅੰਦਰ ਕ੍ਰਿਸ਼ਨ ਮਹਾਰਾਜ ਨੇ ਗੀਤਾ ਉਚਾਰਨ ਕਰੀ, ਸੋ ਕਹਿਣ ਲੱਗੇ, ਮੈਂ ਉਸ ਦੇਸ਼ ਤੋਂ ਆਇਆ ਹਾਂ।

ਕਹਿੰਦਾ, ਨਾਮ?

ਕਹਿੰਦੇ, ਮੇਰਾ ਨਾਂ ਤਾਂ ਮਰਦਾਨਾ ਹੈ।

ਭਾਈ ਮਰਦਾਨਾ! ਮੈਂ ਤਾਂ ਉਥੇ ਕਿਸੇ ਨੂੰ ਨਹੀਂ ਜਾਣਦਾ।

ਕਹਿੰਦੇ, ਮੈਂ ਵੀ ਨਹੀਂ ਜਾਣਦਾ ਤੈਨੂੰ। ਲੇਕਿਨ ਮੇਰਾ ਮਾਲਕ ਜਾਣਦਾ ਹੈ।

ਕਹਿਣ ਲੱਗੇ, ਉਹ ਕੌਣ ਨੇ?

ਕਹਿਣ ਲੱਗਿਆਂ, ਉਨ੍ਹਾਂ ਦਾ ਨਾਉਂ ਨਾਨਕ ਨਿਰੰਕਾਰੀ ਹੈ, ਲੇਕਿਨ ਗਲਤੀ ਨਾਲ ਲੋਕ ਨਾਨਕ ਤਪਾ ਵੀ ਕਹਿ ਦਿੰਦੇ ਨੇ, ਮੂਰਖ ਲੋਕ। ਉਹ ਨਿਰੰਕਾਰ ਦੀ ਜੋਤ ਪ੍ਰਗਟ ਹੋਈ ਹੈ, ਮਨੁੱਖ ਸਰੀਰ ਦੇ ਅੰਦਰ। ਤੇ ਰੁਕੀਆਂ ਹੋਈਆਂ ਰੂਹਾਂ, ਜਿਹੜੇ ਥੱਕ ਗਏ ਨੇ, ਜਿਨ੍ਹਾਂ ਨੂੰ ਕੋਈ ਕਿਨਾਰਾ ਨਹੀਂ ਲੱਭ ਰਿਹਾ, ਕਹਿੰਦੇ ਉਨ੍ਹਾਂ ਨੂੰ ਜੋੜਨ ਵਾਸਤੇ ਉਹ ਆਏ ਨੇ। ਕਹਿਣ ਲੱਗੇ, ਭਾਈ ਮਰਦਾਨਾ! ਇੱਕ ਕੋਈ ਸਾਧੂ ਇਸ ਦੇਸ਼ ਵਿੱਚ ਆਇਆ ਸੀ ਤੇ ਉਹਨੇ ਨੂਰਸ਼ਾਹ ਦਾ ਕੁਫਰ ਗੜ੍ਹ ਤੋੜਿਆ ਹੈ। ਕਹਿਣ ਲੱਗਿਆ, ਹਾਂ, ਓਹੀ ਨੇ ਉਹ। ਕਹਿੰਦਾ, ਧੰਨ ਭਾਗ ਮੈਨੂੰ ਦਰਸ਼ਨ ਹੋਏ ਤੇ ਸੇਵਾ ਦੱਸੋ।

ਕਹਿਣ ਲੱਗੇ, ਦੇਖੋ! ਮੈਨੂੰ ਤਾਂ ਭੁੱਖ ਲਗਦੀ ਹੈ ਤੇ ਮੇਰੇ ਮਾਲਕ ਨੂੰ ਭੁੱਖ ਨਹੀਂ ਲਗਦੀ। ਮੈਂ ਇਸ ਰਾਜ਼ ਨੂੰ ਨਹੀਂ ਸਮਝ ਸਕਦਾ ਕਿ ਉਹਨੂੰ ਭੁੱਖ ਕਿਉਂ ਨਹੀਂ ਲਗਦੀ ਪਤਾ ਨਹੀਂ ਤਾਂ ਉਹ ਨਾਮ ਦੇ ਆਧਾਰ 'ਤੇ ਰਹਿੰਦੇ ਨੇ, ਪਤਾ ਨਹੀਂ ਕੀਰਤਨ ਦੇ ਆਧਾਰ 'ਤੇ ਰਹਿੰਦੇ ਨੇ, ਇਹ ਵੀ ਨਹੀਂ ਮੈਨੂੰ ਪਤਾ ਉਨ੍ਹਾਂ ਦੇ ਬਹੁਤ ਸਾਰੇ ਪ੍ਰੇਮੀ ਨੇ ਜਿਹੜੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਅਰਦਾਸ ਕਰਦੇ ਨੇ ਤੇ ਭੋਗ ਲਵਾਉਂਦੇ ਨੇ।

ਗੁਰੂ ਤੀਸਰੇ ਪਾਤਸ਼ਾਹ, ਇੱਕ ਵਾਰੀ ਲੰਗਰ ਦੇ ਅੰਦਰ ਛੱਤੀ ਪ੍ਰਕਾਰ ਦੇ ਭੋਜਨ ਬਣੇ। ਗੁਰਸਿੱਖਾਂ ਦੇ ਮਨ ਵਿੱਚ ਆਇਆ ਕਿ ਅੱਜ ਇੱਕ ਥਾਲ ਗੁਰੂ ਤੀਸਰੇ ਪਾਤਸ਼ਾਹ ਦੇ ਕੋਲ ਲੈ ਚੱਲੀਏ ਤੇ ਉਨ੍ਹਾਂ ਨੂੰ ਬੇਨਤੀ ਕਰੀਏ ਕਿ ਪਾਤਸ਼ਾਹ! ਤੁਸੀਂ ਕਦੇ ਤਾਂ ਲੰਗਰ ਦਾ ਪ੍ਰਸ਼ਾਦਾ ਛਕ ਲਿਆ ਕਰੋ ਤੇ ਓਗਰਾ ਖਾਂਦੇ ਓਂ, ਉਹ ਵੀ ਲੂਣ ਤੋਂ ਬਗੈਰ।

ਮਹਾਰਾਜ ਕਹਿੰਦੇ, ਪ੍ਰੇਮੀਓ! ਪ੍ਰਸ਼ਾਦਾ ਤਾਂ ਅਸੀਂ ਛਕਦੇ ਹਾਂ ਸਾਨੂੰ ਸੂਖਸ਼ਮ ਤੌਰ 'ਤੇ ਪਹੁੰਚ ਜਾਂਦਾ ਹੈ ਸਾਰਾ, ਆਧਾਰ ਉਸੇ ਦਾ ਰਹਿੰਦਾ ਹੈ ਸਾਨੂੰ। ਅਸੀਂ ਤਾਂ ਕੇਵਲ ਮੂੰਹ ਦਾ ਸਵਾਦ ਬਦਲਣ ਵਾਸਤੇ ਨਮਕ ਰਹਿਤ ਓਗਰਾ ਖਾਂਦੇ ਹਾਂ।

ਕਹਿਣ ਲੱਗੇ, ਮਹਾਰਾਜ! ਇਹ ਗੱਲ ਸਾਡੇ ਸਮਝ ਵਿੱਚ ਨਹੀਂ ਆਈ।

ਕਹਿੰਦੇ, ਹੁਣੇ ਅਸੀਂ ਪ੍ਰਸ਼ਾਦਾ ਛਕ ਕੇ ਹਟੇ ਹਾਂ ਲੰਗਰ ਦਾ, ਤੁਸੀਂ

ਅਰਦਾਸ ਨਹੀਂ ਸੀ ਕਰੀ ਕਹਿੰਦੇ ਕਰੀ ਸੀ। ਮਹਾਰਾਜ ਕਹਿੰਦੇ ਜਲ ਲਿਆਓ, ਅਜੇ ਤਾਂ ਅਸੀਂ ਹੱਥ ਵੀ ਨਹੀਂ ਧੋਤੇ, ਪ੍ਰਸ਼ਾਦਾ ਛਕ ਕੇ। ਉਸ ਵੇਲੇ ਜਦੋਂ ਆਪ ਨੇ ਕੁਰਲਾ ਕਰਿਆ, ਕੀ ਦੇਖਦੇ ਨੇ ਜੋ ਲੰਗਰ 'ਚ ਪਦਾਰਥ ਬਣੇ ਸੀ ਉਹ ਸਾਰੇ ਅੰਸ ਪਾਣੀ 'ਚ ਆ ਗਏ। ਕਹਿਣ ਲੱਗੇ, ਆਹ ਆਧਾਰ ਹੈ। ਜਦੋਂ ਕੋਈ ਪਿਆਰ ਦੇ ਨਾਲ ਸ਼ੁੱਧ ਬਣਾ ਕੇ ਅਰਦਾਸ ਕਰਦਾ ਹੈ, ਉਹ ਪ੍ਰਸ਼ਾਦ ਸਾਨੂੰ ਪਹੁੰਚਦਾ ਹੈ ਉਹਦੀ ਅੰਸ। ਏਸੇ ਕਰਕੇ ਬੇਨਤੀ ਕਰੀ ਜਾਂਦੀ ਹੈ ਕਿ ਭਾਈ! ਡਾਲਡੇ ਦਾ ਕੜਾਹ ਪ੍ਰਸ਼ਾਦ ਨਾ ਕਦੇ ਬਣਾਇਓ, ਭੁੱਲ ਕੇ ਵੀ। ਚਾਹ ਦੀ ਨਾ ਅਰਦਾਸ ਕਰਿਓ, ਚਾਹ ਦੇ ਵਿੱਚ ਪਤਾ ਨਹੀਂ ਕਿਹੜੇ ਕੈਮੀਕਲ ਪੈਂਦੇ ਨੇ, ਗੁਰੂ ਨੂੰ ਨਾ ਪਿਲਾਇਓ ਚਾਹ, ਕੋਈ ਨਹੀਂ ਸੀ ਚਾਹ ਪੀਂਦਾ ਹੁੰਦਾ। ਜਾਣਦੇ ਹੀ ਨਹੀਂ ਸੀ ਕਿ ਚਾਹ ਕੀ ਹੁੰਦੀ ਹੈ। ਇਹ ਤਾਂ ਬਿਮਾਰੀ ਹੁਣੇ ਹੀ ਚੱਲੀ ਹੈ ਥੋੜ੍ਹੇ ਜਿਹੇ ਸਾਲਾਂ 'ਚ, ਸਾਡੇ ਦੇਖਦੇ-ਦੇਖਦੇ। ਪਰ ਇਹਨੇ ਐਨਾ ਨੁਕਸਾਨ ਕਰ ਦਿੱਤਾ ਸਿਹਤ ਦਾ ਕਿ ਬਿਮਾਰੀਆਂ ਹੀ ਬਿਮਾਰੀਆਂ ਪੈਦਾ ਕਰ ਦਿੱਤੀਆਂ। ਜਿਹੜੀ ਸਿਹਤ ਸਾਡੀ ਬਚਪਨ ਵੇਲੇ ਹੁੰਦੀ ਸੀ, ਸਾਰੇ ਹੀ ਬੰਦੇ ਠੀਕ ਸੀ, ਕੋਈ ਬੀਮਾਰ ਹੀ ਨਹੀਂ ਸੀ ਹੁੰਦਾ, ਹਸਪਤਾਲ ਤਾਂ ਹੁੰਦੇ ਹੀ ਨਹੀਂ ਸੀਗੇ। ਪਟਿਆਲੇ ਦੇ ਰਾਜ ਵਿੱਚ ਤਿੰਨ ਜਾਂ ਚਾਰ ਹਸਪਤਾਲ ਸੀ ਸਾਰੇ ਵਿੱਚ। ਕੋਈ ਬਿਮਾਰ ਨਹੀਂ ਸੀ ਹੁੰਦਾ, ਵੱਧ ਤੋਂ ਵੱਧ ਬਿਮਾਰੀ ਕੀ ਹੁੰਦੀ ਬੁਖਾਰ ਚੜ੍ਹਦਾ ਹੁੰਦਾ ਤੇ ਜਾਂ ਪਲੇਗ ਪੈ ਗਈ, ਜਾਂ ਕੋਈ ਹੋਰ ਚੀਜ਼ ਇਹੋ ਜਿਹੀ ਆ ਗਈ ਉਨ੍ਹਾਂ 'ਚ ਲੋਕ ਬੀਮਾਰ ਹੁੰਦੇ ਸੀ, ਓਸ ਤਰ੍ਹਾਂ ਨਹੀਂ ਸੀ ਬੀਮਾਰ ਹੁੰਦੇ। ਸਰੀਰ ਬਿਲਕੁਲ ਤੰਦਰੁਸਤ ਸੀਗੇ। ਇਹਦਾ ਵੀ ਸਿੱਧਾ ਇਲਾਜ ਸੀ, ਬੁਖਾਰ ਚੜ੍ਹ ਗਿਆ, ਤੇਈਆ ਚੜ੍ਹ ਗਿਆ ਤਾਂ ਉਹਨੂੰ ਕਹਿ ਦਿੰਦੇ ਸੀ ਕਿ ਸਣ ਦੇ ਖੇਤ 'ਚ ਜਾ ਕੇ ਪੈ ਜਾ। ਉਥੇ ਪੈ ਜਾ ਕੱਪੜਾ ਲੈ ਕੇ। ਆਪੇ ਹੀ ਜਿਹੜੀ ਜ਼ਹਿਰ ਹੈ ਤੇਰੇ ਅੰਦਰ ਉਹ ਗਰਮੀ ਨਾਲ, ਮੁੜ੍ਹਕੇ ਨਾਲ ਨਿਕਲ ਜਾਏਗੀ। ਵੱਧ ਤੋਂ ਵੱਧ ਹੁੰਦਾ ਹੈ ਕਿ ਇੱਕ ਪਿੰਡ 'ਚ ਪਾਧਾ ਹੁੰਦਾ ਹੈ, ਇੱਕ ਪੁੜੀ ਦੇ ਦਿੰਦਾ ਸੀ ਉਹਦੇ ਨਾਲ ਰਾਜ਼ੀ ਹੋ ਜਾਂਦੇ ਸੀ। ਬਿਮਾਰ ਨਹੀਂ ਸੀ ਹੋਇਆ ਕਰਦੇ, ਇਹ ਜਦੋਂ ਦਾ ਚਾਹ ਤੇ ਡਾਲਡਾ ਆਇਆ ਹੈ ਇਹਨੇ ਬਿਮਾਰੀਆਂ ਨਾਲ ਲੈ ਆਂਦੀਆਂ। ਜਿੰਨੇ ਜੀਅ ਕਰਦਾ ਹੈ, ਪੀ.ਜੀ.ਆਈ ਵਰਗੇ ਹਸਪਤਾਲ ਬਣਾ ਲਓ, ਮਨੁੱਖ ਰਾਜ਼ੀ ਨਹੀਂ ਹੋਏਗਾ, ਜਦੋਂ ਤੱਕ ਇਹਦੀ ਖੁਰਾਕ ਨਹੀਂ ਸਹੀ ਹੁੰਦੀ। ਜਦੋਂ ਤੱਕ ਇਹਦੇ ਵਿਚਾਰ ਸਹੀ ਨਹੀਂ ਹੁੰਦੇ, ਜਦੋਂ ਤੱਕ ਇਹਦੇ ਆਚਾਰ ਸਹੀ ਨਹੀਂ ਹੁੰਦੇ, ਜਦੋਂ ਤੱਕ ਇਹਦੀ ਪੁਸ਼ਾਕ ਸਹੀ ਨਹੀਂ ਹੁੰਦੀ। ਐਸੇ ਕੱਪੜੇ ਪਾਉਣ ਨੂੰ ਮਿਲਦੇ ਨੇ ਕਿ ਚਮੜੀ ਹੀ ਗਲ ਜਾਂਦੀ ਹੈ। ਹਵਾ ਪਾਰ ਨਹੀਂ ਹੁੰਦੀ, ਗਰਮੀ ਪਾਰ ਨਹੀਂ ਹੁੰਦੀ ਇਹ ਕੁਦਰਤ ਦਾ ਨਿਯਮ ਸੀ, ਉਹਨੂੰ ਸਾਰੇ ਨੂੰ ਬਦਲ ਕੇ ਰੱਖ ਦਿੱਤਾ ਕੱਪੜਿਆਂ ਨੇ, ਐਨੀ ਤਪਸ਼ ਪੈ ਜਾਂਦੀ ਹੈ ਇਨ੍ਹਾਂ ਦੇ ਉਤੇ, ਗਰਮ ਹੋ ਜਾਂਦੇ ਨੇ। ਜਿਹੜੇ ਚਮੜੀ ਨੂੰ ਖਰਾਬ ਕਰ ਦਿੰਦੇ ਨੇ, ਪਸੀਨਾ

ਬਾਹਰ ਨੂੰ ਆਉਂਦਾ ਹੈ, ਬਾਹਰ ਨੂੰ ਨਹੀਂ ਕੱਢਦੇ ਆਪੇ ਭਿੱਜ ਜਾਂਦੇ ਨੇ। ਬਾਹਰ ਆਉਂਦਾ ਹੀ ਨਹੀਂ। ਸੋ ਇਸ ਤਰ੍ਹਾਂ ਦੇ ਜਦੋਂ ਅਸੀਂ ਗਲਤ ਕੰਮ ਕਰਨ ਲਗ ਜਾਂਦੇ ਹਾਂ। ਦੁਕਾਨਾਂ ਤੋਂ ਲੈ ਆਉਂਦੇ ਹਾਂ, ਉਥੇ ਕੋਈ ਬਣਾਏ ਹੋਏ ਨੇ ਖਾਣ ਵਾਸਤੇ ਨਮਕੀਨ ਜਿਹੀਆਂ ਚੀਜ਼ਾਂ, ਦੇਖਦੇ ਤਾਂ ਨਹੀਂ ਕਿ ਬਣਾਉਣ ਵਾਲਾ ਕੌਣ ਹੈ। ਜਾ ਕੇ ਦੇਖਿਓ ਕਦੇ ਕਿ ਜਿੱਥੇ ਬਣਦਾ ਹੈ ਕਿ ਉਹ ਥਾਂ ਤਾਂ ਸਾਨੂੰ ਦਿਖਾਓ ਕਿ ਸੋਧ ਨਾਲ ਬਣਾਉਂਦੇ ਕਿ ਐਵੇਂ ਹੀ ਬਣਾਉਂਦੇ ਓਂ। ਸਿਗਰਟਾਂ ਪੀਂਦੇ ਨੇ ਧੂੰਆਂ ਵਿੱਚ ਹੀ ਸੁੱਟੀ ਜਾਂਦੇ ਨੇ, ਉਤੋਂ ਸੁਆਹ ਦੀ ਚੁਟਕੀ ਮਾਰਦੇ ਨੇ ਉਹ ਵਿੱਚ ਗਿਰ ਜਾਂਦੀ ਹੈ, ਹੁਣ ਕਿਵੇਂ ਖਾ ਲਓਂਗੇ ਤੁਸੀਂ? ਭੋਗ ਲਵਾ ਲਓਂਗੇ ਉਹਨੂੰ। ਨਾ ਇਹੋ ਜਿਹੀ ਗੱਲ ਨਾ ਕਰਿਆ ਕਰੋ, ਡਾਲਡੇ ਦੀ ਬਣੀ ਚੀਜ਼ ਨੂੰ ਨਾ ਭੋਗ ਲਵਾਇਆ ਕਰੋ, ਮਠਿਆਈਆਂ ਬਣੀਆਂ ਹੋਈਆਂ ਨੂੰ, ਸਿੱਧਾ ਹੀ ਕਹਿ ਦਿਆ ਕਰੋ ਕਿ ਪ੍ਰਵਾਨ ਕਰ ਲਓ। ਸਾਡਾ ਵੀ ਧਰਵਾਸ ਜਿਹਾ ਸਾਨੂੰ ਹੋ ਜਾਏਗਾ, ਭੋਗ ਜੇ ਲਵਾਉਣਾ ਹੈ ਤਾਂ ਸਿਰਫ ਸ਼ੁੱਧ ਪ੍ਰਸ਼ਾਦੇ ਨੂੰ ਜਿਹੜਾ ਸੋਧ ਨਾਲ ਬਣਾਇਆ ਹੈ ਤੇ ਕੜਾਹ ਪ੍ਰਸ਼ਾਦ। ਮਰਦਾਨਾ ਕਹਿਣ ਲੱਗਿਆ, ਭਾਈ ਝੰਡਾ! ਪਤਾ ਨਹੀਂ ਉਹ ਅਰਦਾਸਾ ਦੇ ਵਿੱਚ ਜਿਹੜੇ ਭੋਗ ਲਵਾਉਂਦੇ ਨੇ ਉਹਦਾ ਆਧਾਰ ਹੈ ਲੇਕਿਨ ਮੈਂ ਐਸਾ ਵੀ ਸੁਣਿਆ ਹੈ ਕਿ ਜਦੋਂ ਬੰਦਗੀ ਕਰਦੇ-ਕਰਦੇ ਇੱਕ ਥਾਂ ਐਸਾ ਹੈ ਜਿੱਥੇ ਨਾ ਨੀਂਦ ਹੈ ਨਾ ਭੁੱਖ ਹੈ, ਨਾ ਦੁੱਖ ਹੈ। ਕੋਈ ਚੀਜ਼ ਨਹੀਂ ਹੈ। ਉਹ ਨਾਮ ਦਾ ਆਧਾਰ ਕਹਿੰਦੇ ਨੇ, ਹਰੀ ਦੇ ਜਸ ਦਾ ਆਧਾਰ ਕਹਿੰਦੇ ਨੇ, ਮਹਾਰਾਜ ਦਾ ਫੁਰਮਾਨ ਹੈ ਕਿ -

***ਗੁਰਮੁਖਿ ਅੰਤਰਿ ਸਹਜੁ ਹੈ ਮਨੁ ਚੜਿਆ ਦਸਵੈ ਆਕਾਸਿ ॥***
***ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥***
***ਨਾਨਕ ਦੁਖੁ ਸੁਖੁ ਵਿਆਪਤ ਨਹੀ ਜਿਥੈ ਆਤਮ ਰਾਮ ਪ੍ਰਗਾਸੁ ॥***

***ਅੰਗ - 1414***

ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਪ੍ਰਸ਼ਾਦਾ ਬਣਾਉਂਦਾ ਹਾਂ, ਤੂੰ ਬੈਠ ਤੂੰ ਛਕ ਲੈ। ਕਹਿਣ ਲੱਗਿਆ, ਮੈਂ ਤਾਂ ਨਹੀਂ ਛਕਦਾ ਕਿਉਂਕਿ ਮੇਰਾ ਮਾਲਕ ਪਹਿਲਾਂ ਛਕੇ ਫੇਰ ਮੈਂ ਛੱਕਾਂਗਾ। ਕਹਿੰਦਾ, ਧੰਨ ਹੈ ਭਾਈ ਤੇਰੇ ਨਿਹਚੇ ਨੂੰ। ਪ੍ਰਸ਼ਾਦਾ ਤਿਆਰ ਹੋ ਜਾਂਦਾ ਹੈ ਲੈ ਕੇ ਜਾਂਦੇ ਨੇ ਤੇ ਜਦੋਂ ਜਾ ਕੇ ਮਹਾਰਾਜ ਦੇ ਅੱਗੇ ਪ੍ਰਸ਼ਾਦਾ ਰੱਖ ਦਿੱਤਾ ਤਾਂ ਉਸ ਵੇਲੇ ਮਹਾਰਾਜ ਕਹਿਣ ਲੱਗੇ, ਭਾਈ ਝੰਡਾ! ਇਹ ਪ੍ਰਸ਼ਾਦਾ ਕਿਸ ਤੋਂ ਲੈ ਕੇ ਆਇਆ ਹੈਂ ਤੂੰ। ਸੋਝੀ ਵਾਲਾ ਸੀ, ਮੂਰਖ ਹੁੰਦਾ, ਅਗਿਆਨੀ ਹੁੰਦਾ, ਉਹਨੇ ਕਹਿਣਾ ਸੀ ਘਰੋਂ ਹੀ ਲਿਆਇਆ ਹਾਂ ਮੈਂ ਆਪਣੇ। ਸੋਝੀ ਵਾਲਾ ਸੀ, ਮੂਰਖ ਹੁੰਦਾ, ਅਗਿਆਨੀ ਹੁੰਦਾ ਉਹਨੇ ਕਹਿਣਾ ਸੀ ਕਿ ਮੈਂ ਘਰੋਂ ਹੀ ਲਿਆਇਆ ਹਾਂ ਮਹਾਰਾਜ, ਆਪਣੇ ਘਰੋਂ ਹੀ।

ਸੋਝੀ ਵਾਲਾ ਸੀ ਕਹਿਣ ਲੱਗਿਆ ਮਹਾਰਾਜ! ਪ੍ਰਸ਼ਾਦਾ ਮੈਂ ਪ੍ਰਮੇਸ਼ਰ

ਦਾ ਦਿੱਤਾ ਹੋਇਆ ਲੈ ਕੇ ਆਇਆ ਹਾਂ।

ਮਹਾਰਾਜ ਕਹਿੰਦੇ, ਭਾਈ ਝੰਡਾ! ਤੂੰ ਪ੍ਰਮੇਸ਼ਰ ਨੂੰ ਜਾਣਦਾ ਹੈਂ?

ਕਹਿੰਦਾ, ਜੀ ਇਹ ਜਾਣਦਾ ਹਾਂ ਕਿ ਸਾਰੇ ਪਰੀਪੂਰਨ ਹੈ ਉਹ।

ਕਹਿੰਦੇ, ਫੇਰ ਘਬਰਾਅ ਕਿਹੜੀ ਗੱਲ ਦਾ ਪੈਂਦਾ ਹੈ ਤੈਨੂੰ। ਘਬਰਾਉਂਦੇ ਕਿਹੜੀ ਗੱਲ ਤੋਂ ਹੋਂ ਤੁਸੀਂ? ਖੇੜਾ ਕਿਉਂ ਨਹੀਂ ਹੈ?

ਸੋਚਣ ਲੱਗ ਗਿਆ ਕਿ ਅਸੀਂ ਘਬਰਾਅ ਜਾਂਦੇ ਹਾਂ, ਸਾਨੂੰ ਮਹਿਸੂਸ ਨਹੀਂ ਹੁੰਦਾ, ਅਸੀਂ ਤਾਂ ਉਹਦੇ ਮਿਲਣ ਵਾਸਤੇ ਤਾਂਘਦੇ ਹਾਂ, ਜੇ ਜਾਣਦੇ ਹੋਈਏ, ਜਾਣਦੇ ਉਹਨੂੰ ਹਾਂ ਜਿਹੜਾ ਮਿਲਿਆ ਹੋਵੇ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸੁਣਿਆ ਹੈ ਪਰਮੇਸ਼ਰ ਬਾਰੇ, ਲੇਕਿਨ ਜਾਣਿਆ ਨਹੀਂ ਹੈ। ਪਰ ਇੱਕ ਗੱਲ ਹੈਗੀ ਕਿ ਮਨ ਦੇ ਅੰਦਰ ਲੋਚਾ ਲੱਗੀ ਰਹਿੰਦੀ ਹੈ ਹਰ ਵਕਤ। ਮਿਲਣ ਦੀ ਲੋਚਾ ਰਹਿੰਦੀ ਹੈ। ਮਹਾਰਾਜ ਕਹਿਣ ਲੱਗੇ ਕਿ ਭਾਈ ਧੰਨ ਹੋਂ ਤੁਸੀਂ। ਜਿਹਦੇ ਮਨ ਦੇ ਅੰਦਰ ਲੋਚਾ ਵੀ ਲੱਗੀ ਰਹੇ, ਤਰਲਾ ਵੀ ਲੈਂਦਾ ਰਹੇ, ਮਿਲਿਆ ਨਹੀਂ ਪ੍ਰਮੇਸ਼ਰ, ਉਹ ਵੀ ਕਹਿੰਦੇ ਬੰਦਾ ਚੰਗਾ ਹੈ ਕਿਉਂਕਿ ਗੁਆਚਿਆ ਨਹੀਂ ਹੈ ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਦਰਸ ਪਿਆਸਾ ਜਿਸ ਜਨ ਕੋ ਪ੍ਰਭ।***
***ਨਾਨਕ ਤਾ ਕੈ ਬਲਿ ਬਲਿ ਜਾਸਾ।***

ਭਾਈ ਝੰਡਾ ਧੰਨ ਹੋ ਤੁਸੀਂ। ਤੁਹਾਨੂੰ ਜੇ ਨਹੀਂ ਮਿਲਿਆ, ਨਹੀਂ ਪਛਾਣ ਹੋਈ ਤਾਂ ਲੋਚਾ ਤਾਂ ਲੱਗੀ ਰਹਿੰਦੀ ਹੈ ਨਾ, ਕਹਿੰਦਾ ਹਾਂ ਪਾਤਸ਼ਾਹ! ਲੋਚਾ ਲੱਗੀ ਰਹਿੰਦੀ ਹੈ ਉਹਦੇ ਆਸਰੇ ਦਿਨ ਕੱਟ ਰਹੇ ਹਾਂ। ਮਹਾਰਾਜ ਕਹਿੰਦੇ, ਜਿਹਦੇ ਅੰਦਰ ਲੋਚਾ ਨਹੀਂ ਨਾ ਲੱਗੀ ਹੋਈ, ਜਿਹਦੇ ਅੰਦਰ ਖਿੱਚ ਨਹੀਂ ਹੈ, ਜਿਹਦੇ ਅੰਦਰ ਪ੍ਰਭੂ ਦਾ ਪਿਆਰ ਨਹੀਂ ਹੈ, ਕਹਿੰਦੇ ਉਹ ਕਿੰਨਾ ਹੀ ਚੰਗਾ ਕਿਉਂ ਨਾ ਹੋਵੇ-

***ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥***
***ਅੰਗ - 253***

ਇੱਕ ਬੰਦੇ ਦੇ ਵਿੱਚ ਪੰਜ ਸਿਫਤਾਂ ਇਕੱਠੀਆਂ ਹੋਣ। ਹੋਣ ਵੀ ਆਖਰੀ ਹੱਦ ਤੱਕ, ਧਨੀ ਵੀ ਬਹੁਤ ਹੋਵੇ, ਸੁੰਦਰ ਹੋਵੇ, ਸ਼ਕਤੀ ਹੋਵੇ, ਰਾਜਸੀ ਸ਼ਕਤੀ ਹੋਵੇ ਤੇ ਗੱਲਾਂਬਾਤਾਂ ਕਰਨ ਵਾਲਾ ਗਿਆਨੀ ਹੋਵੇ ਲੇਕਿਨ ਜੇ ਉਹਦੇ ਅੰਦਰ ਖਿੱਚ ਨਹੀਂ ਹੈ ਤਾਂ ਮਹਾਰਾਜ ਕਹਿੰਦੇ ਉਹ -

***ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥***
***ਅੰਗ - 253***

***ਧਾਰਨਾ - ਮੁਰਦੇ ਸਮਾਨ ਹੈ ਬਿਰਹਾ ਨਾ ਜਿਸ ਤਨ ਹੋਵੇ।***
***ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥***
***ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ ॥***

***ਅੰਗ - 1379***

ਜਿਹਦੇ ਅੰਦਰ ਖਿੱਚ ਨਹੀਂ ਪੈਦਾ ਹੁੰਦੀ ਦਰਸ਼ਨਾਂ ਦੀ, ਪ੍ਰਮੇਸ਼ਰ ਨੂੰ ਮਿਲਣ ਦੀ ਕਹਿੰਦੇ ਉਹ ਬੰਦਾ ਨਹੀਂ ਹੈ, ਉਹ ਮੁਰਦਾ ਤੁਰਿਆ ਫਿਰਦਾ ਹੈ। ਬਲਿਹਾਰ ਜਾਂਦੇ ਹਾਂ ਭਾਈ ਝੰਡਾ, ਤੁਹਾਡੇ ਹਿਰਦੇ ਦੇ ਅੰਦਰ ਖਿੱਚ ਤਾਂ ਕਾਇਮ ਹੈ ਨਾ। ਦਰਸ਼ਨ ਦੀ ਪਿਆਸ ਦੀ ਲੋਚਾ ਤਾਂ ਲੱਗੀ ਹੋਈ ਹੈ ਨਾ। ਪਿਆਸ ਲੱਗੀ ਹੋਈ ਹੈ ਦਰਸ਼ਨਾਂ ਦੀ। ਬਲਿਹਾਰ ਜਾਂਦੇ ਹਾਂ ਤੁਹਾਡੇ ਤੋਂ। ਜਾਣਿਆਂ ਨਹੀਂ ਫੇਰ ਪ੍ਰਮੇਸ਼ਰ, ਕਹਿੰਦੇ ਨਾ ਪਾਤਸ਼ਾਹ! ਜਿਵੇਂ ਅੱਜ ਤੁਸੀਂ ਜੋ ਆਪ ਫੁਰਮਾਨ ਕੀਤਾ ਸਾਡੀ ਤਾਂ ਅੱਜ ਜਾਗ ਖੁਲ੍ਹ ਗਈ, ਅਸੀਂ ਪ੍ਰਮੇਸ਼ਰ ਜਾਣਿਆ ਨਹੀਂ ਸੱਚਮੁੱਚ ਨਹੀਂ ਜਾਣਿਆ। ਸੁਣਿਆ ਹੋਇਆ ਹੈ ਸਤਿਸੰਗ ਦੇ ਵਿੱਚ ਗੱਲਾਂਬਾਤਾਂ ਕਰਦਿਆਂ ਦੇ, ਲੇਕਿਨ ਜਾਣ ਨਹੀਂ ਸਕੇ ਉਹ। ਮਹਾਰਾਜ ਕਹਿੰਦੇ ਭਾਈ ਝੰਡਾ ਜਿਹੜਾ ਜਾਣ ਜਾਂਦਾ ਹੈ, ਉਹਨੂੰ ਘਬਰਾਹਟ ਨਹੀਂ ਹੁੰਦੀ ਕਿਉਂਕਿ ਉਹ ਤਾਂ ਨਾਲ ਹੈ ਹਰ ਵਕਤ, ਅੰਦਰ ਰਹਿੰਦਾ ਹੈ ਕੋਲ ਰਹਿੰਦਾ ਹੈ ਤੇ ਉਹਦੇ ਸਰੂਪ ਨੂੰ ਸਮਝੋ ਪਹਿਲਾਂ। ਨਿਹਚਾ ਕਰੋ, ਨਿਹਚੇ ਵਿੱਚ ਆਓ। ਬਿਨਾਂ ਜਾਣਨ ਤੋਂ ਜੇ ਭਜਨ ਕਰਦਾ ਹੈ ਆਦਮੀ ਤਾਂ ਆਦਮੀ ਦੇ ਅੰਦਰ ਇੱਕ ਨਿਰਜਿੰਦ ਸੁੰਨ ਹੁੰਦੀ ਹੈ। ਉਹਦੇ 'ਚ ਖਿੱਚ ਨਹੀਂ ਹੁੰਦੀ ਉਸ ਸੁੰਨ ਦੇ ਅੰਦਰ, ਕਸ਼ਿਸ਼ ਨਹੀਂ ਹੋਇਆ ਕਰਦੀ। ਉਹਦੇ 'ਚ ਐਵੇਂ ਜਾ ਕੇ ਸੁਰਤ ਟਿਕ ਜਾਂਦੀ ਹੈ। ਬਹੁਤ ਲੋਕ, ਬਹੁਤ ਜਗਿਆਸੂ ਇੱਥੇ ਧੋਖਾ ਖਾਂਦੇ ਨੇ। ਕਹਿੰਦੇ ਜੀ ਮੇਰੀ ਸੁਰਤੀ ਇੱਥੇ ਇਕਾਗਰ ਹੋ ਗਈ, ਤੁੰਦਰਾ ਨੀਂਦ ਪੈ ਜਾਂਦੀ ਹੈ ਉਥੇ ਜਾਂ ਫੇਰ ਜੇ ਜਾਗ੍ਰਤ ਵੀ ਹੈ ਤਾਂ ਪ੍ਰਮੇਸ਼ਰ ਸਨਮੁੱਖ ਨਹੀਂ ਹੁੰਦਾ। ਇੱਕ ਸੁੰਨ ਹੋ ਜਾਂਦੀ ਹੈ ਸਨਮੁੱਖ, ਬਹੁਤਿਆਂ ਨੇ ਇੱਥੇ ਹੀ ਆ ਕੇ ਆਪਣਾ ਸਫਰ ਬੰਦ ਕਰ ਦਿੱਤਾ, ਗੁਰੂ ਨਾਨਕ ਜਦੋਂ ਜੋਗੀਆਂ ਨੂੰ ਮਿਲਦੇ ਨੇ ਉਸ ਵੇਲੇ ਗੁਰੂ ਨਾਨਕ ਨੇ ਕਿਹਾ ਗੋਰਖਨਾਥ ਜੀ! ਜਿਸ ਸੁੰਨ ਨੂੰ ਤੁਸੀਂ ਕਹਿੰਦੇ ਓਂ, ਸਾਡੀ ਸੁੰਨ ਦਾ ਉਹ ਮਤਲਬ ਨਹੀਂ ਹੈ. ਸਾਡੀ ਸੁੰਨ ਹੈ ਅਨਹਤ ਸੁੰਨ -

***ਅਨਹਤ ਸੁੰਨਿ ਰਤੇ ਸੇ ਕੈਸੇ ॥***
***ਜਿਸ ਤੇ ਉਪਜੇ ਤਿਸ ਹੀ ਜੈਸੇ ॥*** ***ਅੰਗ - 943***

ਉਹ ਤਾਂ ਜਾਗਰਤ ਹੈ, ਉਹ ਤਾਂ ਹਸਤੀ ਹੈ ਤੇ ਉਸ ਵੇਲੇ ਮਹਾਰਾਜ ਜੀ ਫੁਰਮਾਨ ਕਰਨ ਲੱਗੇ ਕਿ ਭਾਈ ਝੰਡਾ! ਉਹਦੇ ਸਰੂਪ ਨੂੰ ਪਛਾਣ। ਉਹਦਾ ਸਰੂਪ ਸਤਿ ਹੈ, ਉਹਦਾ ਨਾਮ ਜੋ ਹੈ ਸਤਿਨਾਮ। ਸਤਿ ਜਿਹੜਾ ਹੈ ਉਹ ਹਰ ਵਕਤ ਹਾਜ਼ਰ ਨਾਜ਼ਰ ਹੈ, ਕਦੇ ਵੀ ਨਹੀਂ ਗਾਇਬ ਹੁੰਦਾ। ਜੇ ਓਹਲੇ ਹੁੰਦਾ ਹੈ ਤਾਂ ਅਸੀਂ ਉਹਨੂੰ ਜਾਣਿਆ ਨਹੀਂ ਹੈ। ਸੂਰਜ ਦੀ ਧੁੱਪ ਵਿੱਚ ਖੜ੍ਹੇ ਹੋਈਏ, ਤੇ ਸੂਰਜ ਨੂੰ ਅਸੀਂ ਜਾਣ ਗਏ ਨਾ ਕਿ ਸਾਡੇ ਉਤੇ ਉਹਦੀ ਕਿਰਨਾਂ ਦੀ ਗਰਮੀ ਪੈ ਰਹੀ ਹੈ ਤੇ ਅਸੀਂ ਧੁੱਪੇ ਖੜ੍ਹੇ ਹਾਂ। ਅੰਦਰ ਬੈਠੇ ਅਸੀਂ ਸੂਰਜ ਨੂੰ ਜਾਨਣ ਦਾ ਯਤਨ ਕਰੀਏ, ਹਨ੍ਹੇਰ ਗਵਾਰ

ਦੇ ਅੰਦਰ, ਉਥੇ ਨਹੀਂ ਹੁੰਦਾ, ਕਿਉਂਕਿ ਸੂਰਜ ਦੇ ਸਾਮ੍ਹਣੇ ਨਹੀਂ ਆਏ। ਮਨ ਨੂੰ ਹਰ ਵਕਤ ਸਾਮ੍ਹਣੇ ਰੱਖੋ। ਨਿਹਚੇ ਵਿੱਚ ਆਓ, ਜਦੋਂ ਨਿਹਚੇ ਵਿੱਚ ਆਓ, ਜਦੋਂ ਨਿਹਚੇ ਵਿੱਚ ਆਓਂਗੇ, ਉਸ ਵੇਲੇ ਅਸੀਂ ਉਹਨੂੰ ਜਾਣਾਂਗੇ। ਸੋ ਨਿਹਚਾ ਉਸਦਾ ਇਹ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਹਾਜ਼ਰਾ ਹਜ਼ੂਰ ਹੈ ਨੇੜੇ ਤੋਂ ਨੇੜੇ ਪ੍ਰਭ ਜੀ।***

ਭਾਈ ਝੰਡਾ! ਉਹ ਜੋ ਸਤਿ ਰੂਪ ਵਾਹਿਗੁਰੂ ਹੈ, ਜਿਹੜਾ ਕਦੇ ਵੀ ਅਸਤਿ ਨਹੀਂ ਹੁੰਦਾ, ਦੂਰ ਨਹੀਂ ਹੁੰਦਾ ਕਹਿੰਦੇ ਉਹ ਨੇੜੇ ਤੋਂ ਨੇੜੇ ਹੈ ਕਿ –

***ਕਿ ਜਾਹਰ ਜਹੂਰ ਹੈਂ॥ ਕਿ ਹਾਜਰ ਹਜੂਰ ਹੈਂ॥***
***ਹਮੇਸੁਲ ਸਲਾਮ ਹੈਂ॥ ਸਮਸਤੁਲ ਕਲਾਮ ਹੈਂ॥ ਜਾਪੁ ਸਾਹਿਬ***

ਤੇ ਇਸ 'ਹੈ' ਭਾਵ ਵਿੱਚ ਆ ਕਿ ਮੇਰੇ ਨਾਲ ਹੈ ਵਾਹਿਗੁਰੂ ਫੇਰ ਉਹਦਾ ਜੋ ਸਰੂਪ ਹੈ ਉਸਨੂੰ ਧਿਆਨ 'ਚ ਵਸਾ।

***ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ***
***ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥***

ਕਿਸੇ ਨਾਲ ਵੈਰ ਨਹੀਂ, ਕਿਸੇ ਤੋਂ ਡਰ ਨਹੀਂ, ਫੇਰ ਉਹ ਸਾਰਿਆਂ ਦੇ ਵਿੱਚ ਰਹਿੰਦਾ ਹੈ ਤੇ ਕਰਤਾ ਹੈ। ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ ਆਪ ਹੀ ਹੈ, ਕਿਸੇ ਬ੍ਰਹਮਾ, ਵਿਸ਼ਨੂੰ, ਮਹੇਸ਼ ਨੇ ਸ੍ਰਿਸ਼ਟੀ ਬਣਾਈ, ਕਿਸੇ ਆਦਿ ਸ਼ਕਤੀ ਨੇ ਨਹੀਂ ਬਣਾਈ, ਆਦਿ ਸ਼ਕਤੀ ਉਸੇ ਵਾਹਿਗੁਰੂ ਨੂੰ ਕਹਿੰਦੇ ਨੇ। ਨਾਉਂ ਰੱਖ ਲਏ, ਕਿਸੇ ਨੇ ਭਵਾਨੀ ਰੱਖ ਲਿਆ, ਕਿਸੇ ਨੇ ਕਾਲੀ ਰੱਖ ਲਿਆ, ਲੇਕਿਨ ਸਾਰੀ ਆਦਿ ਸ਼ਕਤੀ ਵਾਹਿਗੁਰੂ ਆਪ ਹੀ ਹੈ ਵਾਹਿਗੁਰੂ, ਉਹ ਕਰਨ ਕਾਰਨ ਸਮਰੱਥ ਹੈ। ਉਹਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ ਕਿਸੇ ਦੀ ਮਦਦ ਦੀ ਲੋੜ ਨਹੀਂ ਹੈ। ਇਸ ਕਰਕੇ ਉਹ ਕਰਤਾ ਹੈ, ਉਹ ਨਾਮ ਰੂਪ ਹੈ, ਸ਼ਕਤੀ ਰੂਪ ਹੋ ਕੇ ਸਾਰਿਆਂ ਦੇ ਅੰਦਰ ਪਰੀਪੂਰਨ ਹੈ ਸ਼ਬਦ ਰੂਪ ਹੋ ਕੇ –

***ਪ੍ਰਥਮ ਓਅੰਕਾਰ ਤਿਨ ਕਹਾ ਸੋ ਧੁਨ ਪੂਰ ਜਗਤ ਮੋ ਰਹਾ।***

ਉਹ ਤੇਰੇ ਅੰਦਰ ਧੁਨ ਰੂਪ ਕੇ ਤੇਰੇ ਸਾਰੇ ਸਰੀਰ ਦੀ ਕ੍ਰਿਆ ਨੂੰ ਕਰਾ ਰਿਹਾ ਹੈ ਸ਼ਬਦ ਰੂਪ ਹੋ ਕੇ, ਉਹ ਫੇਰ ੧ਓ ਹੈ, ਇੱਕੋ ਹੀ ਹੈ।

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ***

ਉਹ ਇੱਕੋ ਰੂਪ ਅਨੇਕਾਂ ਰੂਪਾਂ 'ਚ ਪਸਰਿਆ ਹੋਇਆ ਹੈ–

***ਪਸਰਿਓ ਆਪਿ ਹੋਇ ਅਨਤ ਤਰੰਗ ॥***
***ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ ਅੰਗ – 275***
***ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥***
***ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥***

*ਅੰਗ - 463*

ਆਪਣੇ ਆਪ ਹੀ ਓਸਨੇ, ਆਪਣੇ ਆਪ 'ਚੋਂ ਸਾਜਿਆ ਤੇ ਆਪੇ ਹੀ ਓਅੰਕਾਰ ਦਾ ਪਸਾਰਾ ਕੀਤਾ। ਜਿਸ ਤੋਂ ਕੁਦਰਤ, ਦੂਸਰੀ ਚੀਜ਼ ਸਾਮ੍ਹਣੇ ਆ ਗਈ। ਕਹਿਣ ਲੱਗੇ, ਉਹ ਕਿਸੇ ਤੋਂ ਡਰਦਾ ਨਹੀਂ ਹੈ, ਕਿਸੇ ਨਾਲ ਵੈਰ ਨਹੀਂ ਹੈ। ਕਾਲ ਦਾ ਉਹਦੇ ਉਤੇ ਅਸਰ ਨਹੀਂ ਹੁੰਦਾ, ਅਕਾਲ ਮੂਰਤਿ ਉਹ ਹਸਤੀ ਹੈ। 'ਅਜੂਨੀ' ਜੂਨ 'ਚ ਨਹੀਂ ਆਉਂਦਾ, ਸੁਤੇ ਪ੍ਰਕਾਸ਼ ਹੈ 'ਸੈਭੰ'। 'ਗੁਰਪ੍ਰਸਾਦਿ' ਗੁਰੂ ਪੂਰਾ ਹੋਵੇ ਉਹਦੀ ਕ੍ਰਿਪਾ ਹੋ ਜਾਵੇ, ਉਹਦੇ ਕਰਕੇ ਉਹ ਪ੍ਰਗਟ ਹੁੰਦਾ ਹੈ। ਗੁਰੂ ਦੇ ਹੱਥ ਚਾਬੀ ਦੇ ਦਿੱਤੀ -

***ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ ॥***
***ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ ॥***
*ਅੰਗ - 205*

***ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ ਨ ਚੂਕੈ ਫੇਰਾ ॥***
***ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ***
***ਗੁਰੁ ਪੂਰੈ ਭਾਗਿ ਮਿਲਾਵਣਿਆ ॥*** *ਅੰਗ - 124*

ਕਹਿਣ ਲੱਗੇ, ਭਾਈ ਝੰਡਾ! ਐਸਾ ਜੋ ਵਾਹਿਗੁਰੂ ਹੈ, ਉਹਦਾ ਧਿਆਨ ਹਿਰਦੇ 'ਚ ਪਰਪੱਕ ਹੋਣਾ ਚਾਹੀਦਾ ਹੈ ਤੇ ਇਸ ਮੂਰਤ ਦਾ ਧਿਆਨ ਹਿਰਦੇ ਦੇ ਵਿੱਚ ਪਰਪੱਕ ਰੂਪ ਦੇ ਵਿੱਚ ਕਰਨਾ ਚਾਹੀਦਾ ਹੈ -

***ਧਾਰਨਾ - ਧਰੀਏ ਮਨ ਵਿੱਚ ਧਿਆਨ ਗੁਰਾਂ ਦੀ ਮੂਰਤ ਦਾ।***

ਐਸਾ ਜੋ ਹਰੀ ਹੈ ਉਸ ਦੀ ਮੂਰਤ ਦਾ ਧਿਆਨ ਧਰ ਭਾਈ ਝੰਡੇ। ਉਹਦੀ ਮੂਰਤ ਹੈ, ਉਹਦੇ ਬਾਰੇ ਜੋ ਹੁਣ ਤੈਨੂੰ ਦੱਸਿਆ ਉਹ ਹਾਜ਼ਰਾ ਹਜ਼ੂਰ ਹੈ, ਹਰ ਥਾਂ ਦੇ ਉਤੇ, ਸਭ ਥਾਂ ਦੇ ਉਤੇ ਪਰੀਪੂਰਨ ਹੈ। ਏਕੰਕਾਰ ਹੈ ਤੇ ਓਅੰਕਾਰ ਹੋ ਕੇ ਉਸ ਤੋਂ ਸ੍ਰਿਸ਼ਟੀ ਪ੍ਰਗਟ ਹੋਈ ਹੈ, ਉਹ ਸਤਿ ਹੈ, ਨਾਮ ਰੂਪ ਹੈ, ਕਰਤਾ ਪੁਰਖ ਹੈ, ਨਿਰਭਉ, ਨਿਰਵੈਰ ਹੈ, ਅਕਾਲ ਮੂਰਤਿ ਅਜੂਨੀ ਸੈਭੰ ਹੈ, ਐਸਾ ਜੋ ਪ੍ਰਮੇਸ਼ਰ ਹੈ ਉਹ ਹਰੀ ਦੀ ਮੂਰਤ ਦਾ ਜਦੋਂ ਤੂੰ ਧਿਆਨ ਧਰੇਂਗਾ ਇਹ ਧਿਆਨ ਤੇਰੇ ਹਿਰਦੇ ਵਿੱਚ ਪੱਕ ਜਾਏਗਾ -

***ਜੀਵਨ ਮੈ ਜਲ ਮੈ ਥਲ ਮੈ, ਸਭ ਰੂਪਨ ਮੈ ਸਭ ਭੂਪਨ ਮਾਹੀਂ॥***
***ਸੂਰਜ ਮੈ ਸਸਿ ਮੈ ਨਭ ਮੈ,ਜੱਹ ਹੇਰੌ ਤਹਾਂ ਚਿਤ ਲਾਇ ਤਹਾ***
***ਹੀ॥ਪਾਵਕ ਮੈ ਅਰੁ ਪੌਨ ਹੂੰ ਮੈ,ਪ੍ਰਿਥਵੀ ਤਲ ਮੈਂ ਸੁ ਕਹਾਂ ਨਹਿ***
***ਜਾਂਹੀ॥ਬਯਾਪਕ ਹੈ ਸਭ ਹੀ ਕੇ ਬਿਖੈ,***
***ਕਛੁ ਪਾਹਨ ਮੇ ਪਰਮੇਸੂਰ ਨਾਹੀ॥*** ***ਤ੍ਰਿਆ ਚਰਿਤ***
***ਕਹੂੰ ਫੂਲ ਹ੍ਵੈ ਕੈ ਭਲੇ ਰਾਜ ਫੂਲੇ॥ ਕਹੂੰ ਭਵਰ ਹ੍ਵੈ ਕੈ ਭਲੀ ਭਾਂਤਿ***
***ਭੂਲੇ॥ ਕਹੂੰ ਪਵਨ ਹ੍ਵੈ ਕੈ ਭਲੀ ਭਾਂਤਿ ਐਸੇ॥***
***ਕਹੇ ਮੋ ਨ ਆਵੈ ਕਥੋਂ ਤਾਹਿ ਕੈਸੇ॥ ਕਹੂੰ ਨਾਦ ਹ੍ਵੈ ਕੈ ਭਲੀ ਭਾਂਤਿ***
***ਬਾਜੇ॥ ਕਹੂੰ ਪਾਰਧੀ ਹ੍ਵੈ ਧਰੇ ਬਾਨ ਰਾਜੇ॥ ਕਹੂੰ ਮ੍ਰਿਗ ਹ੍ਵੈ ਕੈ ਭਲੀ***
***ਭਾਂਤਿ ਮੋਹੇ॥ ਕਹੂੰ ਕਾਮੁਕੀ ਜਿਉ ਧਰੇ ਰੂਪ ਸੋਹੇ॥***

***ਭੁਜੰਗ ਪ੍ਰਯਾਤ ਛੰਦ***

ਗੁਰੂ ਦਸਵੇਂ ਪਾਤਸ਼ਾਹ ਨੇ ਏਸ ਏਕੰਕਾਰ ਦੀ ਵਿਆਖਿਆ ਕਰਦੇ ਹੋਏ ਫੁਰਮਾਨ ਕੀਤਾ ਹੈ ਕਿ -

***ਜੀਵਨ ਮੈ ਜਲ ਮੈ ਥਲ ਮੈ, ਸਭ ਰੂਪਨ ਮੈ ਸਭ ਭੂਪਨ ਮਾਹੀਂ॥***

ਦੋ ਤਰ੍ਹਾਂ ਦਾ ਗਿਆਨ ਹੁੰਦਾ ਹੈ, ਇੱਕ ਗਿਆਨ ਹੁੰਦਾ ਹੈ ਮਨ ਦਾ ਕਿ ਜਾਣ ਲਿਆ ਕਿ ਪ੍ਰਮੇਸ਼ਰ ਹੈ, ਮੇਰੇ ਅੰਦਰ ਹੈ, ਓਸ ਤੋਂ ਸ੍ਰੇਸ਼ਟ ਗਿਆਨ ਹੁੰਦਾ ਹੈ ਕਿ ਅੰਦਰ ਪ੍ਰਮੇਸ਼ਰ ਦਾ ਰੂਪ ਦੇਖ ਲਿਆ। ਲੇਕਿਨ ਜੋ ਆਖਰੀ ਗਿਆਨ ਹੈ ਉਹ ਇਹ ਹੈ ਕਿ ਸਾਰੇ ਹੀ ਪਾਸੇ ਜਿਧਰ ਨੂੰ ਵੀ ਨਿਗ੍ਹਾ ਜਾਂਦੀ ਹੈ -

***ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥***
***ਹਰਿ ਬਿਨੁ ਅਵਰੁ ਨ ਦੇਖਹੁ ਕੋਈ ਨਦਰੀ ਹਰਿ ਨਿਹਾਲਿਆ ॥***
***ਅੰਗ - 922***

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ***
***ਤੂੰਹੀ ਤੂੰਹੀ ਮੋਹਿਨਾ ॥*** ***ਅੰਗ - 407***

ਇੱਕ ਤੋਂ ਬਗੈਰ ਦੂਜਾ ਨਜ਼ਰ ਹੀ ਨਹੀਂ ਆਉਂਦਾ -

***ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥***
***ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ।***
***(ਸ਼ਬਦ ਹਜ਼ਾਰੇ ਪਾਤਸ਼ਾਹੀ 10)***

ਕਹਿੰਦੇ ਉਹ ਸਾਰੇ ਹੀ ਹੈ ਭਾਈ। ਸੂਰਜ, ਧਰਤੀ, ਜਿਧਰ ਵੀ ਮੈਂ ਚਿੱਤ ਲਾ ਕੇ ਦੇਖਦਾ ਹਾਂ ਉਥੇ ਹੀ ਵਾਹਿਗੁਰੂ ਹੈ। ਅੱਗ ਵਿੱਚ ਵੀ ਹੈ। ਕਬੀਰ ਸਾਹਿਬ ਨੇ ਦੇਖਿਆ ਜਦ ਜਲ ਰਿਹਾ ਸੀ ਘਰ ਸਾਰਾ। ਕਬੀਰ ਸਾਹਿਬ ਨੂੰ ਅੱਗ 'ਚ ਬਿਠਾਲ ਦਿੱਤਾ, ਉਸ ਵੇਲੇ ਕਹਿੰਦੇ ਕੀ ਨੇ ਕਿ ਹੇ ਪ੍ਰਭੂ! ਤੂੰਹੀਂ ਅੱਗ ਰੂਪ ਹੋਇਆ ਹੋਇਆ ਹੈਂ। ਤੂੰ ਹੀਂ ਪਾਣੀ ਰੂਪ ਹੋਇਆ ਹੋਇਆ ਹੈਂ ਤੇ ਅੱਗ ਨੇ ਜਾਲਿਆ ਤਾਂ ਨਾ -

***ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।***
***ਭਾਈ ਗੁਰਦਾਸ ਜੀ 10/2***

ਇਸੇ ਤਰ੍ਹਾਂ ਪ੍ਰਹਿਲਾਦ ਨੇ ਜਾਣ ਲਿਆ ਸੀ। ਜਿਹਨੇ ਜਾਣ ਲਿਆ ਜਿਹਦਾ ਨਿਹਚਾ ਪਰਪੱਕ ਹੋ ਗਿਆ, ਉਹ ਪ੍ਰਮੇਸ਼ਰ ਹੀ ਹੈ ਸਾਰੇ। ਸਾਰੀ ਪ੍ਰਕ੍ਰਿਤੀ ਪ੍ਰਮੇਸ਼ਰ ਰੂਪ ਹੋ ਕੇ ਉਹਨੂੰ ਨਜ਼ਰ ਆਉਂਦੀ ਹੈ। ਪ੍ਰਿਥਵੀ ਦੇ ਥੱਲੇ ਜਿੱਥੇ ਉਬਲਦਾ ਹੈ ਲਾਵਾ, ਕਿਤੇ ਫੁੱਲ ਹੋ ਫੁੱਲਿਆ ਹੋਇਆ ਹੈ, ਕਿਤੇ ਭਵਰਾ ਹੋ ਕੇ ਫੁੱਲ ਦੇ ਨਸ਼ੇ ਵਿੱਚ ਹੈ, ਕਿਤੇ ਹਵਾ ਹੋ ਕੇ ਐਨਾ ਤੇਜ ਵਗ ਰਿਹਾ ਹੈ, ਮੈਂ ਉਸਨੂੰ ਕਹਿੰਦੇ ਕਿਵੇਂ ਕਹਾਂ। ਕਿਤੇ ਵਾਜੇ ਦਾ ਰੂਪ ਬਣਿਆ, ਕਿਤੇ ਢੋਲਕ ਦਾ ਰੂਪ ਬਣ ਕੇ ਆਵਾਜ਼ ਦੇ ਰਿਹਾ ਹੈ। ਕਿਸੇ

ਥਾਂ ਦੇ ਉਤੇ ਤੀਰ ਕਮਾਨ ਰਾਇਫਲਾਂ ਲੈ ਕੇ ਗੋਲੀਆਂ ਚਲਾ ਰਿਹਾ ਹੈ। ਕਿਤੇ ਸੁੰਦਰ ਮਿਰਗ ਹੋ ਕੇ ਅੱਖਾਂ ਨੂੰ ਮੋਹ ਰਿਹਾ ਹੈ, ਕਿਤੇ ਇਸਤ੍ਰੀ ਹੋ ਕੇ ਸੋਹਣਾ ਰੂਪ ਦਿਖਾ ਕੇ ਮੋਹ ਰਿਹਾ ਹੈ।

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾਂ ਬਾਂਸ ਤਾ ਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾ ਕੋ ਕਹਾ ਕੈ ਕਹਾਵੈ॥*
*ਕਹਾ ਮੈਂ ਬਖਾਨੋ ਕਹੇ ਮੋ ਨ ਆਵੈ॥* ***ਭੁਜੰਗ ਪ੍ਰਯਾਤ ਛੰਦ***

ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਪ੍ਰਮੇਸ਼ਰ ਨੂੰ ਜਾਨਣ ਵਾਲਾ ਉਹਦੀ 'ਹੈ' ਨੂੰ ਜਦੋਂ ਧਾਰਨ ਕਰਦਾ ਹੈ ਤਾਂ ਭਾਈ ਝੰਡੇ ਉਹ ਹਰ ਥਾਂ ਦੇ ਉਤੇ ਹੈ। ਇਹਦਾ 'ਹੈ' ਦਾ ਧਿਆਨ, 'ਸਤਿ' ਦਾ ਧਿਆਨ ਜਦੋਂ ਪਰਿਪੱਕ ਹੋ ਜਾਂਦਾ ਹੈ, ਉਸ ਵੇਲੇ ਮਨ ਦੀ ਭੁੱਲ ਦੂਰ ਹੋ ਜਾਇਆ ਕਰਦੀ ਹੈ। ਹੌਲੀ-ਹੌਲੀ ਹੁੰਦੀ ਹੈ ਇਹ, ਜਦੋਂ ਲਿਵ ਲਗ ਜਾਂਦੀ ਹੈ, ਫੇਰ ਉਹਦਾ ਸਰੂਪ ਹਰ ਵਕਤ ਰਹਿੰਦਾ ਹੈ।

ਨਾਮਦੇਵ ਚੰਦੇ ਛਾਪ ਰਿਹਾ ਹੈ, ਉਸ ਵੇਲੇ ਤ੍ਰਿਲੋਚਨ ਭਗਤ ਦੇ ਮਨ ਵਿੱਚ ਆਈ ਕਿ ਨਾਮਦੇਵ ਜੀ ਨੂੰ ਪ੍ਰਮੇਸ਼ਰ ਛੇਤੀ-ਛੇਤੀ ਦਰਸ਼ਨ ਦਿੰਦੇ ਨੇ ਤੇ ਮੈਂ ਵੀ ਦੇਖਾਂ ਕਿ ਉਹਦੀ ਭਗਤੀ ਕਰਨ ਦਾ ਤਰੀਕਾ ਕਿਹੜਾ ਹੈ। ਸੋ ਨਾਮਦੇਵ ਜੀ ਕੋਲ ਆਇਆ ਤੇ ਅੱਗੇ ਉਹ ਚੰਦੇ ਛਾਪ ਰਹੇ ਸੀ। ਬੇਅੰਤ ਗਾਹਕ ਖੜ੍ਹੇ ਸੀ, ਸਾਝਰੇ ਤੋਂ ਲੱਗੇ ਹੋਏ ਸੀ ਰਾਤ ਤੱਕ ਦਾ ਪ੍ਰੋਗਰਾਮ ਉਨ੍ਹਾਂ ਨੇ ਦੇ ਦਿੱਤਾ ਕਿ ਭਾਈ! ਤੂੰ ਐਨੇ ਵਜੇ ਲੈ ਜਾਈਂ, ਐਨੇ ਵਜੇ ਲੈ ਜਾਂਈਂ। ਸਿਆਲ ਦਾ ਪਾਲਾ ਪੈਂਦਾ ਸੀ, ਕੋਈ ਕਹਿੰਦਾ ਸੀ ਕਿ ਭਗਤ ਜੀ! ਮੈਂ ਛੇਤੀ ਰਜਾਈ ਭਰਾਉਣੀ ਹੈ। ਕੋਈ ਕਹਿੰਦਾ ਸੀ ਕਿ ਮੈਂ ਚੰਦਾ ਸਿਉਂਣਾ ਹੈ, ਸਾਰਿਆ ਨਾਲ ਗੱਲਾਂ ਕਰੀ ਜਾਂਦਾ ਸੀ। ਉਸ ਵੇਲੇ ਭੁਲੇਖਾ ਪਿਆ ਤ੍ਰਿਲੋਚਨ ਨੂੰ, ਉਹਨੇ ਇੱਕ ਤਾਅਨਾ ਮਾਰਿਆ -

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ ਅੰਗ - 1375*

ਇਹ ਕਹਿੰਦਾ ਚੰਦੇ ਠਾਪੀ ਜਾਂਦਾ ਹੈਂ ਤੇ ਤੂੰ ਪ੍ਰਮੇਸ਼ਰ ਦਾ ਨਾਮ ਨਹੀਂ ਜਪਦਾ। ਨਾਮਦੇਵ ਦੀ ਅਵਸਥਾ ਦਾ ਨਹੀਂ ਸੀ ਪਤਾ ਕਿ ਨਾਮਦੇਵ ਤਾਂ ਅੱਖਾਂ ਨਾਲ ਵੀ ਨਾਮ ਜਪਦਾ ਹੈ, ਹੱਥਾਂ ਨਾਲ ਵੀ ਨਾਮ ਜਪਦਾ ਹੈ, ਕੰਨਾਂ ਨਾਲ ਵੀ ਨਾਮ ਜਪਦਾ ਹੈ, ਰਸਨਾ ਨਾਲ ਵੀ ਨਾਮ ਜਪਦਾ ਹੈ। ਸਵਾਸ ਨਾਲ ਵੀ ਨਾਮ ਜਪਦਾ ਹੈ ਜਿਹਦੇ ਅੰਦਰ ਨਾਮ ਚਲ ਪਵੇ, ਉਹ ਕਦੇ ਵੀ ਨਾਮ ਦੀ ਧੁਨ ਬੰਦ ਨਹੀਂ ਹੋਇਆ ਕਰਦੀ। ਹਰ ਵਕਤ ਚਲਦਾ ਹੈ। ਮਿਹਨਤ ਕਰਕੇ ਦੇਖ ਲਓ ਲਗਾਤਾਰ ਜਪ ਤੇ ਅੰਦਰਲੇ ਸੰਸਕਾਰ ਹੋ ਜਾਣ ਸ਼ੁੱਧ। ਫੇਰ ਨਾਮ ਦੀ ਧੁਨ ਅੰਦਰ ਰੋਮ-ਰੋਮ 'ਚ ਟਿਕ ਜਾਂਦੀ ਹੈ। ਕੋਈ ਕੰਮ ਕਰੀ ਜਾਓ ਨਾਮ ਆਪਣੇ ਆਪ ਹੀ ਜਪ ਹੁੰਦਾ ਹੈ। ਉਸ ਵੇਲੇ

ਨਾਮਦੇਵ ਜੀ ਨੇ ਉਸਨੂੰ ਸਮਝਾਉਣ ਵਾਸਤੇ ਇਸ ਤਰ੍ਹਾਂ ਉਚਾਰਨ ਕਰਿਆ –

*ਧਾਰਨਾ – ਚਿਤ ਹਰੀ ਦੇ ਨਾਮ ਨਾਲ ਲਾਈਏ,*
*ਹੱਥੀਂ ਪੈਰੀਂ ਕੰਮ ਕਰੀਏ।*
*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥*

*ਅੰਗ – 1375*

*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*

*ਅੰਗ – 1375*

ਤਿਲੋਚਨ ਜੀ! ਚਿੱਤ ਨੇ ਲੱਗਣਾ ਹੈ, ਹੱਥਾਂ ਪੈਰਾਂ ਨੇ ਕੰਮ ਕਰਨਾ ਹੈ। ਸੋ ਚਿੱਤ ਦਾ ਕੰਮ ਹੈ ਸਾਰਾ, ਜੇ ਚਿੱਤ ਨਹੀਂ ਕੰਮ ਕਰਦਾ, ਚਿੱਤ ਨਾਮ ਦਾ ਸਾਥ ਨਹੀਂ ਦੇ ਰਿਹਾ, ਕਹਿੰਦੇ ਫੇਰ ਐਸੇ ਹੀ ਬੈਠ-ਬੈਠ ਕੇ ਨਾਮ ਜਪਣਾ ਉਹਦਾ ਕੋਈ ਬਹੁਤਾ ਫਲ ਨਹੀਂ ਹੋਇਆ ਕਰਦਾ। ਸਾਰੀ ਗੱਲ ਚਿੱਤ ਦੀ ਹੈ। ਚਿੱਤ ਮੇਰਾ ਜੋ ਹੈ ਪ੍ਰਮੇਸ਼ਰ ਨਾਲ ਲੱਗਿਆ ਹੋਇਆ ਹੈ ਤੇ ਹੱਥਾਂ ਪੈਰਾਂ ਨਾਲ ਮੈਂ ਕੰਮ ਕਰਦਾ ਹਾਂ।

ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਭਾਈ ਝੰਡਾ! ਉਹਦੀ ਯਾਦ ਹਿਰਦੇ ਵਿੱਚ ਵਸਾਉਣੀ ਚਾਹੀਦੀ ਹੈ। ਕਹਿਣ ਲੱਗਿਆ, ਸੱਚੇ ਪਾਤਸ਼ਾਹ! ਯਾਦ ਵਸਾਉਣ ਵਾਸਤੇ ਤਾਂ ਅਸੀਂ ਅੰਮ੍ਰਿਤ ਵੇਲੇ ਉੱਠ ਕੇ ਬੈਠਦੇ ਹਾਂ। ਮਹਾਰਾਜ ਕਹਿੰਦੇ, ਇਹ ਬੈਠਣ ਵਿੱਚ ਫਰਕ ਹੈ। ਪਹਿਲਾਂ ਤਾਂ ਤੁਹਾਡਾ ਸਮਾਂ ਮਨ ਨੂੰ ਰੋਕਣ 'ਚ ਲਗ ਜਾਂਦਾ ਹੈ, ਕਾਫੀ ਸਮਾਂ, ਮਨ ਨੂੰ ਰੋਕਦੇ ਹਾਂ, ਮਨ ਸੰਸਕਾਰਾਂ ਵਲ ਨੂੰ ਦੌੜਦਾ ਹੈ ਕਿਉਂਕਿ ਅੰਦਰ ਸੰਸਕਾਰ ਭਰੇ ਪਏ ਨੇ ਤੇ ਮੁੜ-ਮੁੜ ਖਿਆਲ ਪੈਦਾ ਹੁੰਦੇ ਨੇ, ਤਰਲੇ ਲੈਂਦਿਆਂ ਸਮਾਂ ਲੰਘ ਜਾਂਦਾ ਹੈ ਤੇ ਕੁਛ ਕਾਰੋਬਾਰ 'ਚ ਲੰਘ ਜਾਂਦਾ ਹੈ। ਕੁਛ ਗੱਲਾਂਬਾਤਾਂ ਕਰਦਿਆਂ ਦਾ ਲੰਘ ਜਾਂਦਾ ਹੈ। ਭਾਈ ਝੰਡਾ! ਨਾਮ ਤਾਂ ਕੋਈ ਵਿਰਲਾ-ਵਿਰਲਾ ਪੁਰਸ਼ ਜਪਦਾ ਹੈ। ਹਿਰਦੇ ਵਿੱਚ ਤਾਂ ਯਾਦ 'ਹੈ' ਭਾਵ ਹੋਏਗਾ ਜੇ ਪ੍ਰਮੇਸ਼ਰ ਦਾ ਨਾਮ ਜਪਿਆ ਜਾਵੇ। ਕਹਿਣ ਲੱਗਿਆ, ਮਹਾਰਾਜ! ਤਰਲਾ ਤਾਂ ਬਹੁਤ ਲੈਂਦੇ ਹਾਂ, ਪਤਾ ਨਹੀਂ ਕੀ ਗੱਲ ਹੈ ਫੇਰ ਭੁੱਲ ਪੈ ਜਾਂਦੀ ਹੈ, ਓਨਾਂ ਚਿਰ ਯਾਦ ਰਹਿੰਦਾ ਹੈ ਜਦੋਂ ਚੌਂਕੜਾ ਮਾਰ ਕੇ ਬੈਠੇ ਹਾਂ ਫੇਰ ਨਹੀਂ ਯਾਦ ਰਹਿੰਦਾ, ਫੇਰ ਭੁੱਲੇ ਰਹਿੰਦੇ ਹਾਂ, ਕਾਰੋਬਾਰ ਯਾਦ ਰਹਿੰਦਾ ਹੈ। ਪ੍ਰਮੇਸ਼ਰ ਕਦੇ-ਕਦੇ ਜਿਵੇਂ ਬਿਜਲੀ ਲਸ਼ਕਦੀ ਹੈ ਐਸ ਤਰ੍ਹਾਂ ਯਾਦ ਆ ਜਾਂਦਾ ਹੈ। ਧਿਆਨ ਕਦੇ-ਕਦੇ ਚਲਿਆ ਜਾਂਦਾ ਹੈ ਫੇਰ ਉਹਦਾ ਅਸੀਂ ਥੋੜ੍ਹਾ ਜਿਹਾ ਨਾਮ ਜਪ ਲੈਂਦੇ ਹਾਂ। ਐਨੇ ਨੂੰ ਫੇਰ ਕੋਈ ਕੰਮ ਮਨ ਨੂੰ ਆ ਕੇ ਘੇਰ ਲੈਂਦਾ ਹੈ।

ਪਾਤਸ਼ਾਹ! ਇਹ ਵਿਸ਼ਲੇਸ਼ਣ ਮਨ ਦਾ ਤੁਸੀਂ ਸਹੀ ਕੀਤਾ ਹੈ, ਪਰ ਹੁਣ ਕਰਿਆ ਕੀ ਜਾਵੇ ਇਹਦੇ ਵਾਸਤੇ, ਆਪ ਕ੍ਰਿਪਾ ਕਰਕੇ ਸਾਨੂੰ ਕੋਈ ਰਾਹ ਦੱਸੋ। ਮਹਾਰਾਜ ਕਹਿਣ ਲੱਗੇ ਕਿ ਦੇਖੋ ਜਿੰਨੇ ਵੀ ਵੱਡੇ-ਵੱਡੇ ਬੰਦੇ ਸੰਸਾਰ 'ਤੇ ਹੋਏ ਨੇ ਉਨ੍ਹਾਂ ਨੇ ਕੁਛ ਯਾਦ ਕੀਤਾ ਹੈ, ਬਾਰ-ਬਾਰ ਰੱਟ ਕੇ ਯਾਦ ਕੀਤਾ ਹੈ, ਬੱਚੇ ਦੇਖੋ ਪੜ੍ਹਦੇ ਨੇ, ਬੱਚੇ ਨੂੰ ਨਹੀਂ ਪਤਾ ਕਿ 81 ਕਿੰਨੇ ਹੁੰਦੇ ਨੇ, 96 ਕਿੰਨੇ ਹੁੰਦੇ ਨੇ, 108 ਕਿੰਨੇ ਹੁੰਦੇ ਨੇ। ਲੇਕਿਨ ਮਾਸਟਰ ਉਹਦੇ ਯਾਦ ਕਰਵਾ ਦਿੰਦਾ ਹੈ, ਨੌਂ ਨਾਏਂ 81, ਬਾਰ੍ਹਾਂ ਅੱਠ 96, ਕਹਿੰਦੇ ਬਾਰ੍ਹਾਂ ਅੱਠ 96-96 ਕਰਦੇ ਉਹਦੀ ਯਾਦ ਵਿੱਚ 96 ਬਹਿ ਜਾਂਦੇ ਨੇ। ਕਹਿੰਦੇ ਸਾਇਕੋਲੋਜੀ ਹੈ, ਇਸੇ ਤਰ੍ਹਾਂ ਦੇ ਨਾਲ ਜਦ ਅਸੀਂ ਨਾਮ ਜਪਦੇ ਹਾਂ, ਬਾਰ-ਬਾਰ ਉਸ ਵੇਲੇ ਸਾਡੇ ਅੰਦਰ ਬਹਿ ਜਾਂਦਾ ਹੈ ਪ੍ਰਮੇਸ਼ਰ ਦਾ ਨਾਮ। ਸਾਡੇ ਮਹਾਰਾਜ ਨੇ ਮਨ ਦੀ ਜਿਹੜੀ ਹੇਠਲੀ ਪੜਤ ਹੈ, ਸਾਇਕੋਲੋਜਿਸ਼ਟ ਤਾਂ ਕਹਿੰਦੇ ਨੇ ਕਿ ਇੱਕ ਤਾਂ ਜਾਗਰਤ ਮਨ ਹੈ ਇੱਕ ਅਰਧ ਚੇਤਨ ਮਨ ਹੈ, ਇੱਕ unconscious (ਬੇਹੋਸ਼) ਮਨ ਹੈ, ਮਹਾਰਾਜ ਕਹਿੰਦੇ ਮਨ ਸਾਰਾ ਨਹੀਂ ਹੈ, ਜਿੰਨਾਂ ਤੁਹਾਨੂੰ ਵਾਹ ਪੈਂਦਾ ਹੈ, ਮਨ ਨੂੰ ਆਪਣੇ ਆਪ ਦਾ ਹੀ ਨਹੀਂ ਪਤਾ ਕਿ ਮੈਂ ਕੀ ਹਾਂ। ਮਨ ਅੰਦਰ ਨੂੰ ਜਾ ਕੇ ਨਹੀਂ ਆਪਣੇ ਆਪ ਨੂੰ ਪਛਾਨਣ ਦਾ ਯਤਨ ਕਰਦਾ। ਬਾਹਰ ਨੂੰ ਦੇਖਦਾ ਹੈ, ਬਾਹਰਲੇ ਸਰੀਰ ਨੂੰ ਕਹਿੰਦਾ ਹੈ ਮੈਂ ਹਾਂ, ਅੰਦਰ ਤਾਂ ਜਾਂਦਾ ਨਹੀਂ। ਇਹਦੇ ਅੰਦਰਲੇ ਪਾਸੇ ਜਿਹਨੂੰ ਮਹਾਰਾਜ ਤਲਹੀਅਲ ਕਹਿੰਦੇ ਨੇ, ਮਨ ਦਾ ਹੀ ਹਿੱਸਾ ਹੈ ਉਹ। ਉਹਦੇ 'ਚ ਭੰਡਾਰਾ ਪਿਆ ਹੈ, ਪੂਰਾ ਭਰਿਆ ਪਿਆ ਹੈ ਉਹ, ਸੰਸਕਾਰਾਂ ਨਾਲ ਭਰਿਆ ਹੋਇਆ ਹੈ, ਉਹ ਸੰਸਕਾਰਾਂ ਨੂੰ ਕੱਢਣ ਵਾਸਤੇ ਸਾਨੂੰ ਮਨ ਨੂੰ ਨਾਮ ਦੀ ਧਾਰ ਦੇ ਅੱਗੇ ਕਰਨਾ ਪੈਣਾ ਹੈ। ਬਾਣੀ ਪੜ੍ਹਨੀ ਪੈਣੀ ਹੈ ਲਗਾਤਾਰ, ਨਾਮ ਜਪਣਾ ਪੈਣਾ ਹੈ, ਉਹਦੇ ਨਾਲ ਸਾਨੂੰ ਅਧਿਆਸ ਹੋਣਾ ਹੈ ਪੱਕਣਾ ਹੈ ਇਹ, ਪਹਿਲਾਂ ਪ੍ਰਮੇਸ਼ਰ ਦਾ ਨਾਮ ਪੱਕੇਗਾ, ਫੇਰ ਉਹਦਾ ਹੈ ਭਾਵ ਪੱਕਦਾ ਜਾਏਗਾ, ਜਿਉਂ-ਜਿਉਂ ਸੰਸਕਾਰ ਸਭ ਦੇ ਸ਼ੁੱਧ ਹੋਣ ਜਾਣ, ਇਸੇ ਕਰਕੇ ਮਹਾਰਾਜ ਜੀ ਨੇ ਐਸਾ ਫੁਰਮਾਨ ਕੀਤਾ ਹੈ -

***ਧਾਰਨਾ - ਬਾਰੰ ਬਾਰ, ਬਾਰ ਪ੍ਰਭ ਜਪੀਐ।***

***ਬਾਰੰ ਬਾਰ ਬਾਰ ਪ੍ਰਭੁ ਜਪੀਐ ॥***
***ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਅੰਗ - 286***
***ਰਸਨਾ ਜਪੀਐ ਏਕੁ ਨਾਮ ॥***
***ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥ ਰਹਾਉ ॥***
***ਕਟੀਐ ਤੇਰਾ ਅਹੰ ਰੋਗੁ ॥ ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ ॥***
***ਅੰਗ - 211***

ਰਸਨਾ ਦਾ ਨਾਮ, ਮਹਾਰਾਜ ਕਹਿੰਦੇ ਬਾਰ-ਬਾਰ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਦੇ ਹੀ ਚਲੇ ਚੱਲੋ। ਨਤੀਜਾ ਕੀ ਹੋਏਗਾ ਕਿ ਜਦੋਂ

ਅਸੀਂ ਨਾਮ ਜਪਦੇ ਰਹਾਂਗੇ, ਥੋੜ੍ਹਾ ਜਿਹਾ ਜਪਣ ਤੋਂ ਨਹੀਂ ਹੁੰਦਾ ਸਾਧਸੰਗਤ ਜੀ। ਕਿਉਂਕਿ ਅੰਦਰ ਸਾਡਾ ਸੰਸਕਾਰਾਂ ਜਿਹੜਾ ਹੈ ਨਾ ਤਲਹੀਅਲ ਜਿਹਨੂੰ ਮਹਾਰਾਜ ਕਹਿੰਦੇ ਨੇ, ਅੰਦਰਲਾ ਖਜ਼ਾਨਾ ਹੈ ਸੰਸਕਾਰਾਂ ਦਾ ਉਹ ਭਰਿਆ ਪਿਆ ਹੈ ਲਬਾ-ਲਬ, ਨੱਕੋ-ਨੱਕ, ਕਰੋੜਾਂ ਜਨਮਾਂ ਦੇ ਸੰਸਕਾਰ ਉਹਦੇ ਵਿੱਚ ਪਏ ਨੇ ਤੇ ਅਸੀਂ ਜਦੋਂ ਬਾਰ-ਬਾਰ ਜਪਾਂਗੇ, ਮਹਾਰਾਜ ਕਹਿੰਦੇ ਫੇਰ ਅੰਮ੍ਰਿਤ ਤੇਰੇ ਅੰਦਰ ਪ੍ਰਗਟ ਹੋ ਜਾਏਗਾ -

***ਰਸਨਾ ਨਾਮੁ ਸਭੁ ਕੋਈ ਕਹੈ ॥***
***ਸਤਿਗੁਰੁ ਸੇਵੇ ਤਾ ਨਾਮੁ ਲਹੈ ॥*** ***ਅੰਗ - 1262***

ਗੁਰੂ ਤੋਂ ਬਗੈਰ ਜਪਿਆ ਹੋਇਆ ਨਾਮ ਫਲੀਭੂਤ ਨਹੀਂ ਹੋਇਆ ਕਰਦਾ, ਕਿਉਂਕਿ ਗੁਰੂ ਜੁਗਤ ਨਾਲ ਨਾਮ ਜਪਾਉਂਦਾ ਹੈ। ਫੇਰ ਫਲ ਪ੍ਰਾਪਤ ਹੁੰਦਾ ਹੈ -

***ਬੰਧਨ ਤੋੜੇ ਮੁਕਤਿ ਘਰਿ ਰਹੈ ॥***
***ਗੁਰ ਸਬਦੀ ਅਸਥਿਰੁ ਘਰਿ ਬਹੈ ॥*** ***ਅੰਗ - 1262***

ਬੰਧਨ ਤੋੜ ਦਿੰਦਾ ਹੈ, ਮੁਕਤੀ ਦੇ ਘਰ 'ਚ ਵਾਸਾ ਹੋ ਜਾਂਦਾ ਹੈ। ਸੋ ਐਸਾ ਜੋ ਪ੍ਰਮੇਸ਼ਰ ਹੈ -

***ਰਸਨਾ ਜਪਤੀ ਤੂਹੀ ਤੂਹੀ ॥***
***ਮਾਤ ਗਰਭ ਤੁਮ ਹੀ ਪ੍ਰਤਿਪਾਲਕ***
***ਮ੍ਰਿਤ ਮੰਡਲ ਇਕ ਤੁਹੀ ॥ 1 ॥ ਰਹਾਉ ॥***
***ਤੁਮਹਿ ਪਿਤਾ ਤੁਮ ਹੀ ਫੁਨਿ ਮਾਤਾ***
***ਤੁਮਹਿ ਮੀਤ ਹਿਤ ਭ੍ਰਾਤਾ ॥***
***ਤੁਮ ਪਰਵਾਰ ਤੁਮਹਿ ਆਧਾਰਾ ਤੁਮਹਿ ਜੀਅ ਪ੍ਰਾਨਦਾਤਾ ॥ 1 ॥***
***ਤੁਮਹਿ ਖਜੀਨਾ ਤੁਮਹਿ ਜਰੀਨਾ ਤੁਮ ਹੀ ਮਾਣਿਕ ਲਾਲਾ ॥***
***ਤੁਮਹਿ ਪਾਰਜਾਤ ਗੁਰ ਤੇ ਪਾਏ ਤਉ ਨਾਨਕ ਭਏ ਨਿਹਾਲਾ ॥***
***ਅੰਗ - 1215***

ਸੋ ਕਹਿਣ ਲੱਗੇ, ਇਸ ਤੋਂ ਬਾਅਦ ਰਸਨਾ ਨਾਲ ਜਪਦੇ-ਜਪਦੇ ਜਦੋਂ ਰਸਨਾ ਦਾ ਨਾਮ ਸਿੱਧ ਹੋ ਜਾਏਗਾ। ਉਸ ਵੇਲੇ ਆਪਣੇ ਆਪ ਨਾਮ ਨੇ ਅੱਗੇ ਚੱਲ ਪੈਣਾ ਹੈ। ਅੱਗੇ ਕਿੱਥੇ ਜਾਏਗਾ, ਮਹਾਰਾਜ ਕਹਿੰਦੇ ਉਹ ਸਵਾਸ 'ਤੇ ਸਵਾਰ ਹੋ ਜਾਂਦਾ ਹੈ, ਸਵਾਸ 'ਤੇ ਜਦੋਂ ਸਵਾਰ ਹੋ ਗਿਆ ਮਨ ਰੁਕ ਜਾਏਗਾ ਕਿਉਂਕਿ ਮਨ ਵੀ ਸਵਾਸ 'ਤੇ ਹੀ ਸਵਾਰ ਹੋ ਕੇ ਨੱਠਦਾ ਹੈ, ਸਾਹ ਰੋਕ ਲਓ, ਕੋਈ ਕੰਮ ਕਰਨਾ ਹੋਵੇ ਬੀਬੀ ਨੇ ਸੂਈ 'ਚ ਧਾਗਾ ਪਾਉਣਾ ਹੋਵੇ ਸਾਹ ਰੋਕ ਲਵੇ, ਉਸੇ ਵੇਲੇ ਪੈ ਜਾਏਗਾ, ਨਿਸ਼ਾਨਾ ਮਾਰਨਾ ਹੈ ਗੁਲਜ਼ਰੀ 'ਚ, ਸਾਹ ਰੋਕ ਕੇ ਘੋੜਾ ਦੱਬ ਦੇਵੇ ਤਾਂ, ਤਾਂ ਨਿਸ਼ਾਨਾ ਲਗਦਾ ਹੈ ਥਾਂ, ਜੇ ਸਾਹ ਲਵੇ ਫੇਰ ਨਹੀਂ ਲਗਦਾ। ਕਿਉਂਕਿ ਮਨ ਨਾਲ ਦੀ ਨਾਲ ਨੱਠਦਾ ਹੈ, ਦੌੜਿਆ ਹੀ ਫਿਰਦਾ ਹੈ। ਇੱਕ ਸਕਿੰਟ ਵਾਸਤੇ ਵੀ ਇਹ ਨਹੀਂ ਟਿਕਦਾ। ਸੋ ਮਹਾਰਾਜ ਕਹਿੰਦੇ ਸਵਾਸ ਦੇ ਉਤੇ ਨਾਮ ਲੈ

ਲਓ, ਜਦੋਂ ਸਵਾਸ ਦੇ ਉਤੇ ਨਾਮ ਚੜ੍ਹ ਗਿਆ ਤੇ ਫੇਰ ਮਨ ਨੂੰ ਵਿਹਲ ਨਹੀਂ ਮਿਲਦੀ। ਮਨ ਤਾਂ ਦੌੜਦਾ ਹੈ ਜੇ ਵਿਚਾਲੇ ਵਿੱਥ ਪਵੇ ਨਾਮ ਦੇ। ਜਦੋਂ ਅਸੀਂ ਪਹਿਲਾਂ ਜਪਦੇ ਹਾਂ, ਰਸਨਾ ਦੇ ਨਾਲ ਉਹਦੇ 'ਚ ਵੀ ਵਿੱਥ ਨਾ ਪੈਣ ਦਿਓ। ਨਾਲ ਦੀ ਨਾਲ ਜਪੀ ਜਾਓ, ਇੱਕ ਵਾਰੀ ਵਾਹਿਗੁਰੂ ਕਿਹਾ ਨਾਲ ਹੀ ਦੂਜੀ ਵਾਰੀ ਕਹਿ ਦਿੱਤਾ, ਵਿਚਾਲੇ ਵਿੱਥ ਨਾ ਪੈਣ ਦਿਓ, ਜਦੋਂ ਵਿਚਾਲੇ ਵਿੱਥ ਪਏਗੀ, ਉਥੇ ਮਨ ਨੇ ਦੌੜਨਾ ਹੈ। ਉਹ ਫੇਰ ਜਿਹੜਾ ਦੂਸਰਾ ਹੈ, ਮਹਾਰਾਜ ਕਹਿੰਦੇ ਫੇਰ ਸਵਾਸ ਦੇ ਨਾਲ ਸਿਮਰਨ ਕਰੋ। ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਸਾਸ-ਸਾਸ ਦੇ ਗੇੜੇ ਜਪ ਲਓ ਵਾਹਿਗੁਰੂ।***

ਜਿਨ੍ਹਾਂ ਪ੍ਰੇਮੀਆਂ ਨੂੰ ਸ਼ੌਂਕ ਹੈ, ਸਵਾਸ ਅੰਦਰ ਨੂੰ ਜਾਂਦਾ ਹੈ, ਸਵਾਸ ਬਾਹਰ ਨੂੰ ਜਾਂਦਾ ਹੈ, ਭਰਿਆ ਹੋਇਆ ਜਾਂਦਾ ਹੈ ਨਾਮ ਦੇ ਨਾਲ। ਜੈਸੀ ਅਵਸਥਾ ਹੁੰਦੀ ਹੈ ਐਸੀ ਹੀ ਜੁਗਤੀ ਮਹਾਂਪੁਰਸ਼ ਉਹਦੀ ਪ੍ਰਾਕ੍ਰਿਤੀ ਤੇ ਉਹਦੀ ਲਗਨ ਦੇਖ ਕੇ ਮਦਦ ਕਰ ਦਿੰਦੇ ਨੇ ਉਹਦੀ ਕਿ ਤੂੰ ਐਸ ਤਰ੍ਹਾਂ ਜਪ। ਕਿਸੇ ਨੂੰ ਕਿਸੇ ਤਰੀਕੇ ਨਾਲ, ਕਿਸੇ ਨੂੰ ਕਿਸੇ ਤਰੀਕੇ ਨਾਲ, ਸਾਰਿਆਂ ਦਾ ਇੱਕ ਤਰੀਕਾ ਨਹੀਂ ਹੋਇਆ ਕਰਦਾ। ਕਿਸੇ ਦਾ ਮਨ ਛੇਤੀ ਟਿਕ ਜਾਂਦਾ ਹੈ, ਬਹੁਤ ਦੇਰ ਟਿਕਿਆ ਰਹਿੰਦਾ ਹੈ, ਉਹਨੂੰ ਹੋਰ ਜੁਗਤ ਦਸਦੇ ਨੇ, ਇੱਕ ਦਾ ਮਨ ਛਾਲਾਂ ਮਾਰਦਾ ਹੈ ਉਹਨੂੰ ਹੋਰ ਤਰ੍ਹਾਂ ਦਸਦੇ ਨੇ ਕਿ ਤੂੰ ਐਸ ਤਰ੍ਹਾਂ ਜਪ, ਆਹ ਮਦਦ ਕਰ ਇਹਦੇ ਨਾਲ ਤੇਰਾ ਮਨ ਟਿਕ ਜਾਏਗਾ। ਸੋ ਮਹਾਰਾਜ ਫੁਰਮਾਨ ਕਰਦੇ ਨੇ ਕਿ –

***ਸਾਸਿ ਸਾਸਿ ਸਿਮਰਹੁ ਗੋਬਿੰਦ ॥***
***ਮਨ ਅੰਤਰ ਕੀ ਉਤਰੈ ਚਿੰਦ ॥*** ***ਅੰਗ – 295***
***ਜਿਹ ਪ੍ਰਸਾਦਿ ਤੁਝੁ ਕੋ ਨ ਪਹੂਚੈ ॥***
***ਮਨ ਸਾਸਿ ਸਾਸਿ ਸਿਮਰਹੁ ਪ੍ਰਭ ਊਚੇ ॥*** ***ਅੰਗ – 270***

ਕੋਈ ਸਵਾਸ ਬਿਰਥਾ ਨਾ ਜਾਣ ਦਿਓ –

***ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ ॥***
***ਅੰਗ – 980***

ਜਿਹੜਾ ਗੁਰੂ ਤੋਂ ਪ੍ਰਾਪਤ ਹੋਇਆ ਨਾਮ ਹੈ, ਕਹਿੰਦੇ ਜਿੰਨੇ ਸਵਾਸ ਨੇ ਚੌਵੀ ਹਜ਼ਾਰ ਸਵਾਸ, ਉਨ੍ਹਾਂ ਦੇ ਵਿੱਚ ਮੈਂ ਹਰ ਸਵਾਸ ਦੇ ਵਿੱਚ ਨਾਮ ਦੀ ਸੰਭਾਲ ਕਰਦਾ ਹਾਂ।

***ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥***
***ਅੰਗ – 980***

ਦੇਖੋ ਕਿਹੋ ਜਿਹੀ ਗੱਲ ਮਹਾਰਾਜ ਨੇ ਕਹਿ ਦਿੱਤੀ, ਫਿਕਰ ਕਰੋ ਇੱਥੇ, ਬੜੀ ਫਿਕਰ ਦੀ ਬਾਤ ਹੈ ਸਾਧਸੰਗਤ ਜੀ! ਆਪਾਂ ਸਾਰਿਆਂ ਲਈ। ਚੌਵੀ ਹਜ਼ਾਰ ਸਵਾਸ ਰੋਜ਼ ਆਉਂਦਾ ਹੈ। ਪਝੱਤਰ ਸਾਲ ਦੀ ਉਮਰ

ਵਾਲੇ ਨੂੰ 66 ਕਰੋੜ 44 ਲੱਖ ਸਵਾਸ ਆਇਆ ਕਰਦੇ ਨੇ। ਮਹਾਰਾਜ ਕਹਿੰਦੇ, ਸਾਰਿਆਂ ਨਾਲ ਨਾਮ ਜਪੋ। ਪਹਿਲੇ ਜਿਹੜੇ ਸਾਡੇ ਬਚਪਨ ਦੇ ਲੰਘ ਗਏ ਉਹ ਤਾਂ ਸਾਡੇ ਹੱਥ ਨਹੀਂ ਆਉਂਦੇ, ਲੇਕਿਨ ਕੋਈ ਭਾਗਾਂ ਵਾਲੇ ਧਰੂੰ ਵਰਗੇ ਵੀ ਹੈਗੇ, ਜਿਨ੍ਹਾਂ ਨੂੰ ਬਚਪਨ ਵਿੱਚ ਲਗਨ ਲੱਗ ਗਈ ਤੇ ਸੋਝੀ ਆ ਗਈ। ਉਹ ਸਵਾਸ ਬਿਰਥਾ ਨਹੀਂ ਜਾਣ ਦਿੰਦੇ। ਮਹਾਰਾਜ ਕਹਿੰਦੇ - 'ਸਾਸ ਸਾਸ ਸਾਸ ਹੈ ਜੇਤੇ......।' ਧਿਆਨ ਦੇਵੋ ਇਸ ਚੀਜ਼ ਵਲ, ਸ਼ਰਧਾ 'ਚ ਆਓ ਏਸ ਗੱਲ ਨੂੰ ਮੰਨ ਲਓ। ਮਦਦ ਲਓ ਗੁਰੂ ਮਹਾਰਾਜ ਦੀ ਕਿ ਸੱਚੇ ਪਾਤਸ਼ਾਹ! ਤੁਸੀਂ ਕੀ ਕਿਹਾ ਹੈ। ਅਸੀਂ ਤਾਂ ਨਹੀਂ ਤੇਰੀ ਇਹ ਗੱਲ ਮੰਨਦੇ। ਅਸੀਂ ਤੇਰੀ ਗੱਲ ਨਹੀਂ ਮੰਨਦੇ, ਤਾਂ ਤੇਰਾ ਤੇ ਸਾਡਾ ਸਬੰਧ ਟੁੱਟ ਗਿਆ ਕਿਉਂਕਿ ਅਸੀਂ ਤਾਂ ਆਪਣੇ ਮਨ ਦੀ ਗੱਲ ਮੰਨਦੇ ਹਾਂ। ਤੇਰੀ ਥੋੜ੍ਹੀ ਜਿਹੀ ਮੰਨਦੇ ਹਾਂ। ਸੌ ਦੇ ਵਿਚੋਂ ਦੋ ਕੁ % ਤਾਂ ਮੰਨ ਲੈਂਦੇ ਹਾਂ। ਜੇ ਤਾਂ ਐਨੀ ਕੁ ਸਿੱਖੀ ਪ੍ਰਵਾਨ ਹੈ, ਤਾਂ ਤਾਂ ਅਸੀਂ ਤੇਰੇ ਸਿੱਖ ਹਾਂ, ਮਹਾਰਾਜ ਕਹਿੰਦੇ ਦੇਖ, ਗੁਰੂ ਦੀ ਮੱਤ ਤੂੰ ਦੇਖ -

***ਗੁਰ ਕੀ ਮਤਿ ਤੂੰ ਲੇਹਿ ਇਆਨੇ ॥*** ***ਅੰਗ - 288***

ਇਆਨਿਆਂ ਗੁਰੂ ਦੀ ਮੱਤ ਧਾਰਨ ਕਰ। ਆਪਣੀ ਮਤ ਨਾ ਵਿੱਚ ਲਿਆ ਕਿ ਮੈਂ ਘੰਟਾ ਨਾਮ ਜਪ ਲੈਂਦਾ ਹਾਂ, ਅੱਧਾ ਘੰਟਾ ਨਾਮ ਜਪ ਲੈਂਦਾ ਹਾਂ। ਬਾਕੀ ਦੇ ਕਿੱਧਰ ਗਏ ਤੇਰੇ ਸਵਾਸ? ਕਹਿੰਦੇ ਜੀ, ਹਰ ਵਕਤ ਵੀ ਨਾਮ ਜਪਿਆ ਜਾ ਸਕਦਾ ਹੈ?

ਹਾਂ, ਹਰ ਵਕਤ ਨਾਮ ਜਪ ਹੋ ਸਕਦਾ ਹੈ, ਮਿਹਨਤ ਕਰ ਲਓ, ਕੋਈ ਸਵਾਸ ਬਿਰਥਾ ਨਹੀਂ ਜਾਂਦਾ। ਫੇਰ ਆਪਣੇ ਆਪ ਨਾਮ ਜਪ ਹੁੰਦਾ ਹੈ। ਆਟੋਮੈਟਿਕ ਹੋ ਜਾਂਦਾ ਹੈ, ਜਦੋਂ ਆਟੋਮੈਟਿਕ ਹੋ ਗਿਆ ਫੇਰ ਸਾਨੂੰ ਕਾਹਦਾ ਫਿਕਰ ਹੈ, ਨਾਮ ਤਾਂ ਉੱਭਲ ਵਾਂਗੂੰ ਅੰਦਰੋਂ ਨਿਕਲਣ ਲੱਗ ਜਾਂਦਾ ਹੈ ਆਪੇ ਹੀ। ਗੱਲ ਕਰਨ ਲੱਗ ਗਏ, ਸੁਰਤ 'ਚ ਨਾਮ ਚਲਿਆ ਗਿਆ। ਚੁੱਪ ਕਰ ਗਏ, ਕੰਠ ਵਿੱਚ ਨਾਮ ਆਪਣੇ ਆਪ ਚੱਲ ਪੈਂਦਾ ਹੈ। ਪੜ੍ਹਨ ਲੱਗ ਗਏ, ਹਿਰਦੇ 'ਚ ਨਾਮ ਆਪਣੇ ਆਪ ਹੀ ਉੱਭਲ ਵਾਂਗੂੰ ਉੱਠੀ ਜਾਂਦਾ ਹੈ, ਨਾਭੀ 'ਚ ਉੱਠੀ ਜਾਂਦਾ ਹੈ, ਸੋ ਨਾਮ ਤਾਂ ਹਰ ਵਕਤ ਆਦਮੀ ਦੇ ਅੰਦਰ ਚਲਦਾ ਹੈ, ਸਿਰਫ ਮਿਹਨਤ ਕਰਨ ਦੀ ਲੋੜ ਹੈ। ਮਹਾਰਾਜ ਕਹਿੰਦੇ -

***ਸਾਸ ਸਾਸ ਸਾਸ ਹੈ ਜੇਤੇ ਮੈ ਗੁਰਮਤਿ ਨਾਮੁ ਸਮ੍ਾਰੇ ॥***
***ਸਾਸੁ ਸਾਸੁ ਜਾਇ ਨਾਮੈ ਬਿਨੁ ਸੋ ਬਿਰਥਾ ਸਾਸੁ ਬਿਕਾਰੇ ॥***
***ਅੰਗ - 980***

ਉਹ ਕਹਿੰਦੇ ਬਿਰਥਾ ਚਲਿਆ ਗਿਆ ਸਵਾਸ, ਬੇਕਾਰ ਹੋ ਗਿਆ ਕਿਸੇ ਲੇਖੇ 'ਚ ਨਾ ਆਇਆ ਉਹ ਸਵਾਸ। ਸੋ ਇਸ ਕਰਕੇ ਨਾਮ ਵਲ ਜਦੋਂ ਅਸੀਂ ਧਿਆਨ ਦੇਵਾਂਗੇ, ਫੇਰ ਸਾਡਾ ਜੀਵਨ ਮੰਤਰ ਸਾਨੂੰ ਪ੍ਰਾਪਤ

ਹੁੰਦਾ ਹੈ। ਮਹਾਰਾਜ ਕਹਿੰਦੇ, ਜਦੋਂ ਐਨੀ ਤੀਬਰਤਾ ਦੇ ਨਾਲ, ਐਨੀ ਦ੍ਰਿੜ੍ਹਤਾ ਦੇ ਨਾਲ ਭਾਈ ਝੰਡਿਆ ਨਾਮ ਜਪੇਂਗਾ, ਫੇਰ ਇਹ ਨਾਮ ਅੰਦਰ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਸਾਰੇ ਸਰੀਰ ਦੇ ਵਿੱਚ ਰਮ ਜਾਂਦਾ ਹੈ। ਰੋਮ-ਰੋਮ 'ਚ ਰਮ ਜਾਂਦਾ ਹੈ -

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥* *ਅੰਗ - 941*

ਜਿੰਨੀਆਂ ਆਵਾਜ਼ਾਂ ਆਉਂਦੀਆਂ ਨੇ ਸਾਰੀਆਂ ਦੇ ਵਿਚੋਂ ਨਾਮ ਸੁਣਨ ਲਗ ਜਾਂਦਾ ਹੈ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - 1265*

ਮਿਹਨਤ ਕਰਕੇ ਦੇਖ ਲਓ ਇਹ ਬਾਣੀ ਐਵੇਂ ਨਹੀਂ ਬਣਾਈ ਹੋਈ, ਕੋਈ ਕਵਿਤਾ ਨਹੀਂ ਹੈ ਕਿ ਤੁਕ ਨਾਲ ਤੁਕ ਜੋੜਨੀ ਹੈ। ਇਹ ਪਰਖ ਕੇ ਅਕਾਲ ਪੁਰਖ ਦੀ ਬਾਣੀ ਹੈ। ਅਕਾਲ ਪੁਰਖ ਨੇ, ਗੁਰੂਆਂ ਨੇ ਆਪਣੇ ਉਪਰ ਪਰਖ ਕੇ ਇਹ ਬਚਨ ਕਹੇ ਨੇ। ਗੁਰੂ ਮਹਾਰਾਜ ਕਹਿੰਦੇ ਜਿੰਨੀ ਕੁਦਰਤ ਹੈ, ਜਿੰਨੇ ਵਣ ਨੇ, ਜਿੰਨੇ ਤ੍ਰਿਣ ਨੇ, ਜਿੰਨੀ ਧਰਤੀ ਹੈ, ਜਿੰਨੇ ਦਰਿਆ ਨੇ, ਜਿੰਨੀਆਂ ਹਵਾਵਾਂ ਨੇ, ਸੂਰਜ, ਚੰਦ, ਤਾਰੇ ਜੋ ਕੁਛ ਵੀ ਤੁਹਾਨੂੰ ਨਜ਼ਰ ਆਉਂਦਾ ਹੈ ਇਹ ਸਾਰੇ ਨਾਮ ਜਪਦੇ ਨੇ।

ਇੱਕ ਵਾਰੀ ਸੰਤ ਬਾਬਾ ਗੁਰਬਚਨ ਸਿੰਘ ਜੀ, ਭਿੰਡਰਾਂਵਾਲੇ ਮਹਾਂਪੁਰਸ਼ ਸ਼੍ਰੀ ਮਾਨ ਸੰਤ ਬਾਬਾ ਸੁੰਦਰ ਸਿੰਘ ਜੀ ਨੂੰ ਕਹਿਣ ਲੱਗੇ, ਮਹਾਰਾਜ! ਇਸ ਤੁਕ ਦਾ ਅਨੁਭਵ ਨਹੀਂ ਹੁੰਦਾ ਜਿਹੜੀ ਮਹਾਰਾਜ ਨੇ ਕਹਿ ਦਿੱਤੀ ਕਿ ਵਣ ਤ੍ਰਿਣ ਸਾਰੇ ਨਾਮ ਜਪਦੇ ਨੇ ਤੇ ਆਪ ਕ੍ਰਿਪਾ ਕਰੋ। ਕਹਿਣ ਲੱਗੇ, ਗੁਰਬਚਨ ਸਿੰਘ! ਕੰਧ ਨੂੰ ਲਾ ਕੰਨ। ਕੰਧ ਨੂੰ ਲਾਇਆ, ਕੰਧ ਦੇ ਵਿਚੋਂ ਆਵਾਜ਼ ਆ ਰਹੀ ਹੈ। ਕਹਿੰਦੇ, ਦਰਵਾਜ਼ੇ ਨੂੰ ਲਾ, ਦਰਵਾਜ਼ੇ ਨੂੰ ਲਾਇਆ ਦਰਵਾਜ਼ੇ 'ਚੋਂ ਆਉਂਦੀ ਹੈ, ਦਰਖਤ ਨੂੰ ਲਾਇਆ ਦਰਖਤ 'ਚੋਂ ਨਾਮ ਦੀ ਆਵਾਜ਼ ਆ ਰਹੀ ਹੈ। ਕਹਿੰਦੇ, ਨਾਮ ਇਹੀ ਹੈ ਜਿਹਦੇ ਆਸਰੇ ਸਭ ਚੀਜ਼ਾਂ ਖੜ੍ਹੀਆਂ ਨੇ -

*ਨਾਮ ਕੇ ਧਾਰੇ ਸਗਲੇ ਜੰਤ ॥*
*ਨਾਮ ਕੇ ਧਾਰੇ ਖੰਡ ਬ੍ਰਹਮੰਡ ॥* *ਅੰਗ - 284*

ਲੇਕਿਨ ਸੁਣਨ ਦੀ ਸਥਿਤੀ 'ਚ ਹੋਣਾ ਚਾਹੀਦਾ ਹੈ ਆਦਮੀ। ਜਦੋਂ ਸੁਣਨ ਦੀ ਸਥਿਤੀ 'ਚ ਆ ਜਾਂਦਾ ਹੈ ਨਾਮ ਦੀ 'ਚ। ਉਸ ਵੇਲੇ ਜਿਹੜਾ ਮਨ ਹੈ ਇਹ ਬਹੁਤ ਉੱਚਾ ਗਿਆ ਹੁੰਦਾ ਹੈ, ਫੇਰ ਉਹ ਮੰਨ ਜਾਇਆ ਕਰਦਾ ਹੈ। ਪਹਿਲਾਂ ਸਰਵਣ ਹੁੰਦਾ ਹੈ ਫੇਰ ਮੰਨਨ ਹੁੰਦਾ ਹੈ। ਸੋ ਮਹਾਰਾਜ ਕਹਿੰਦੇ, ਇਹ ਨਾਮ ਦੇ ਵਿਚ ਧਿਆਨ ਦੇਵੋ ਭਾਈ। ਉਠਦੇ ਬੈਠਦੇ, ਸੌਂਵਦੇ, ਜਾਗਦੇ ਪ੍ਰਮੇਸ਼ਰ ਦਾ ਨਾਮ ਉਚਾਰਨ ਕਰੋ -

***ਧਾਰਨਾ - ਊਠਤ, ਬੈਠਤ, ਸੋਵਤ, ਜਾਗਤ,***
***ਜਪ ਲੈ ਨਾਮ ਵਾਹਿਗੁਰੂ।***

ਉਠਦੇ, ਬੈਠਦੇ, ਸੌਂਦੇ, ਜਾਗਦੇ -

***ਪ੍ਰਭ ਕਿਰਪਾ ਤੇ ਹਰਿ ਹਰਿ ਧਿਆਵਉ ॥***
***ਪ੍ਰਭੂ ਦਇਆ ਤੇ ਮੰਗਲੁ ਗਾਵਉ ॥***
***ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ***
***ਸਗਲ ਅਵਰਦਾ ਜੀਉ ॥ ਅੰਗ - 101***

ਨਾਮ ਧਿਆਵੋ -

***ਜਿਨਿ ਤੇਰੀ ਮਨ ਬਨਤ ਬਨਾਈ ॥***
***ਊਠਤ ਬੈਠਤ ਸਦ ਤਿਸਹਿ ਧਿਆਈ ॥ ਅੰਗ - 270***
***ਊਠਤ ਬੈਠਤ ਸੋਵਤ ਨਾਮ ॥***
***ਕਹੁ ਨਾਨਕ ਜਨ ਕੈ ਸਦ ਕਾਮ ॥ ਅੰਗ - 286***

ਬੜਾ ਔਖਾ ਕਹਿ ਦਿੱਤਾ ਮਹਾਰਾਜ ਜੀ ਨੇ। ਮਿਹਨਤ ਕਰਕੇ ਅਸੀਂ ਉੱਠਦੇ ਵੀ ਧਿਆ ਲਵਾਂਗੇ, ਬੈਠਦੇ ਵੀ ਧਿਆ ਲਵਾਂਗੇ, ਹੁਣ ਸੌਂਦੇ ਹੋਏ ਮਹਾਰਾਜ ਕਹਿੰਦੇ, ਹੁਣ ਸੌਂਦੇ ਵੀ ਨਾਮ ਜਪੋ। ਹੁਣ ਇਹ ਗੱਲ ਸਮਝ 'ਚ ਨਹੀਂ ਆ ਸਕਦੀ। ਬੜੀ ਔਖੀ ਹੈ ਇਹ ਗੱਲ ਸਮਝ 'ਚ ਆਉਣੀ। ਲੇਕਿਨ ਸਾਧਸੰਗਤ ਜੀ! ਇੱਕ ਅਵਸਥਾ ਐਸੀ ਹੈ ਜੋ ਮੈਂ ਪਿੱਛੇ ਜ਼ਿਕਰ ਕਰਿਆ ਸੀ -

***ਤਿਥੈ ਊਂਘ ਨ ਭੁਖ ਹੈ .........॥ ਅੰਗ - 1414***

ਉਥੇ ਨੀਂਦ ਨਹੀਂ ਹੈਗੀ, ਇਹ ਕਿਸੇ-ਕਿਸੇ ਵਿਰਲੇ-ਵਿਰਲੇ ਗੁਰਮੁਖ ਨੂੰ ਇਹ ਅਵਸਥਾ ਪ੍ਰਾਪਤ ਹੁੰਦੀ ਹੈ। ਇੱਕ ਮੈਂ ਟੇਪ ਸੁਣ ਰਿਹਾ ਸੀ ਉਹਦੇ ਵਿੱਚ ਮਹਾਤਮਾ ਕਹਿ ਰਹੇ ਸੀ ਕਿ ਬੰਦਾ ਐਸ ਤਰ੍ਹਾਂ ਨਾਮ ਜਪਦਾ ਹੈ ਜਿਵੇਂ ਬੱਚਾ ਸੁੱਤਾ ਪਿਆ ਦੁੱਧ ਚੁੰਘ ਰਿਹਾ ਹੁੰਦਾ ਹੈ। ਨਾ ਇਹ ਨਹੀਂ ਗੱਲ। ਉਹਦੇ ਵਿੱਚ ਪੂਰਨ ਜਾਗ੍ਰਤ ਹੁੰਦੀ ਹੈ, ਕੋਈ ਅਧੂਰੀ ਜਿਹੀ ਨਹੀਂ ਹੁੰਦੀ। ਬੱਚੇ ਨੂੰ ਨਹੀਂ ਪਤਾ ਕਿ ਮੈਂ ਦੁੱਧ ਚੁੰਘਦਾ ਹਾਂ। ਉਹ ਅੱਧ ਜਾਗਦਾ ਜਿਹਾ ਹੋ ਕੇ ਦੁੱਧ ਚੁੰਘ ਲੈਂਦਾ ਹੈ ਮਾਂ ਦਾ। ਨੀਂਦ ਤਾਂ ਹੋਈ ਹੀ, ਜਦੋਂ ਘੂਕ ਨੀਂਦ ਸੁੱਤਾ ਪਿਆ ਸੀ ਕੀ ਜਦ ਦੁੱਧ ਚੁੰਘ ਲੈਂਦਾ ਹੈ ਉਹ? ਨਹੀਂ ਜਦ ਨਹੀਂ, ਥੋੜ੍ਹਾ ਜਿਹਾ ਜਗਾਉਣਾ ਪੈਂਦਾ ਹੈ ਉਹਨੂੰ। ਲੇਕਿਨ ਇਹ ਅਵਸਥਾ ਐਸੀ ਹੈ ਇਸ ਦਾ ਬੜਾ ਭਾਰਾ ਭੁਲੇਖਾ ਪੈਂਦਾ ਹੈ। ਬੜੇ ਮਹਾਂਪੁਰਸ਼ਾਂ ਨੇ ਮਿਹਨਤਾਂ ਹਾਸਲ ਕਰੀਆਂ ਨੇ ਇਸ ਗੱਲ ਨੂੰ ਹਾਂਸਲ ਕਰਨ ਵਾਸਤੇ ਕਿ ਮਹਾਰਾਜ ਦਾ ਹੁਕਮ ਹੈ ਕਿ ਸੁੱਤੇ ਪਏ ਵੀ ਨਾਮ ਜਪੋ। ਜਿੰਨਾਂ ਚਿਰ ਸੁੱਤੇ ਪਏ ਨਾਮ ਨਹੀਂ ਜਪਦੇ, ਓਨਾਂ ਚਿਰ ਜਾਪ ਅਧੂਰਾ ਹੈ। ਲੇਕਿਨ ਇੱਕ ਅਵਸਥਾ ਆਉਂਦੀ ਹੈ ਐਸੀ, ਜਿਸ ਵਕਤ ਆਦਮੀ ਸਰੀਰ ਤਾਂ ਸੌਂ ਜਾਂਦਾ ਹੈ ਲੇਕਿਨ ਸੁਰਤ ਨਹੀਂ ਸੌਂਦੀ। ਸੁਰਤ ਜਾਗਦੀ ਰਹਿੰਦੀ ਹੈ ਅੰਦਰ। ਕਿਉਂਕਿ ਸੁਰਤ ਤਾਂ ਥੱਕਦੀ ਨਹੀਂ, ਸੁਰਤ ਨੇ ਕੀ ਸੌਣਾ ਹੈ। ਸਰੀਰ

ਥੱਕਦਾ ਹੈ, ਦਿਮਾਗ ਥੱਕਦਾ ਹੈ ਸੌਂ ਜਾਂਦਾ ਹੈ। ਇਸ ਤੋਂ ਉਤੇ ਇੱਕ ਅਵਸਥਾ ਹੈ ਜਿੱਥੇ ਨੀਂਦ ਹੈ ਹੀ ਨਹੀਂ ਬਿਲਕੁਲ ਵੀ, ਗੁਰਮੁਖ ਜਾਗਦੇ ਨੇ ਮਹਾਰਾਜ ਕਹਿੰਦੇ, ਮਨਮੁਖ ਸੌਂਦੇ ਨੇ। ਮਿਹਨਤ ਕਰਦੇ-ਕਰਦੇ, ਕਰਦੇ-ਕਰਦੇ ਉਹ ਅਵਸਥਾ ਆ ਜਾਂਦੀ ਹੈ ਜਿੱਥੇ ਏਸ ਗੱਲ ਦੀ ਸੋਝੀ ਪੈਂਦੀ ਹੈ। ਬਹੁਤ ਸਾਰੇ ਮਹਾਂਪੁਰਸ਼ ਜਦੋਂ ਸੌਂ ਜਾਂਦੇ ਨੇ ਪੂਰਾ ਨਿਤਨੇਮ ਕਰ ਲੈਂਦੇ ਨੇ, ਸਾਰੀਆਂ ਹੀ ਬਾਣੀਆਂ ਅਰ ਉਹ ਜਦੋਂ ਸੌਂਦੇ ਹੋਏ ਕੀਰਤਨ ਕਰਦਾ ਹੈ ਕੋਈ। ਕੀਰਤਨ ਵੀ ਕਰ ਲੈਂਦਾ ਹੈ ਅਰ ਇਸ ਤੋਂ ਵਧੀਆ ਕਰੇਗਾ, ਜਿਹੜਾ ਜਾਗਦੇ ਹੋਏ ਕਰਦਾ ਹੈ, ਰਸ ਵੀ ਉਹਦੇ 'ਚ ਬਹੁਤਾ ਹੋਏਗਾ ਤੇ ਸੁਰ ਵੀ ਉਹਦੇ ਵਿੱਚ ਬਿਲਕੁਲ ਸੁੱਧ ਹੋਏਗੀ। ਕੀਰਤਨ ਵੀ ਕਰ ਸਕਦਾ ਹੈ, ਪੂਰੀ ਬਾਣੀ ਵੀ ਪੜ੍ਹ ਸਕਦਾ ਹੈ ਅਰ ਬਾਣੀ ਸੁੱਧ ਪੜ੍ਹੇਗਾ ਇਹ ਨਹੀਂ ਕਿਤੇ ਗਲਤੀ ਕਰ ਦੇਵੇ। ਭੋਰਾ ਜਿੰਨੀ ਵੀ ਗਲਤੀ ਨਹੀਂ ਹੁੰਦੀ, ਯਾਦਦਾਸ਼ਤ ਸਾਡੀ ਹੁਣ ਹੈ ਇਹਨੂੰ ਮਹਾਰਾਜ ਹਉਮੈ ਦੀ ਸੁਰਤ ਕਹਿੰਦੇ ਨੇ। ਇਹਦੇ ਵਿੱਚ ਰਲੀ ਹੋਈ ਹੈ ਭੁੱਲ, ਅਸੀਂ ਭੁੱਲ ਜਾਂਦੇ ਹਾਂ। ਉਹਦੇ ਵਿੱਚ ਨਹੀਂ ਭੁੱਲਦੇ। ਸੋ ਜਦੋਂ ਉਹ ਅਵਸਥਾ ਆ ਜਾਂਦੀ ਹੈ, ਐਸੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਇਹ ਕੋਈ ਮਨ ਕਥੀ ਬਾਤ ਨਹੀਂ ਹੈ, ਇਹ ਪ੍ਰਤੱਖ ਬਾਤ ਹੈ ਕਿ ਓਸ ਵੇਲੇ ਆਦਮੀ ਨਾਮ ਜਪਦਾ ਹੈ ਸਰੀਰ ਸੌਂ ਜਾਂਦਾ ਹੈ, ਸੌਂ ਲਏ ਜਿੰਨਾਂ ਸੌਣਾ ਹੈ, ਘੰਟਾ ਸੌਂ ਲਏ, ਦੋ ਘੰਟੇ ਸੌਂ ਲਏ, ਕਿਉਂਕਿ ਇਹ ਕਾਰਖਾਨਾ ਹੈ, ਕਾਰਖਾਨੇ ਨੂੰ ਥੋੜ੍ਹਾ ਬਹੁਤਾ ਆਰਾਮ ਚਾਹੀਦਾ ਹੈ। ਲੇਕਿਨ ਜਦੋਂ ਸੁਰਤ ਜਾਗ ਪੈਂਦੀ ਹੈ -

***ਮਿਟਿਓ ਅੰਧੇਰੁ ਮਿਲਤ ਹਰਿ ਨਾਨਕ***
***ਜਨਮ ਜਨਮ ਕੀ ਸੋਈ ਜਾਗੀ ॥*** ***ਅੰਗ - 204***

ਜਨਮਾਂ-ਜਨਮਾਂਤਰਾਂ ਦੀ ਸੁੱਤੀ ਹੋਈ ਸੁਰਤ ਜਦੋਂ ਜਾਗਦੀ ਹੈ, ਉਸ ਵੇਲੇ ਫੇਰ ਇਹਨੂੰ ਨੀਂਦ ਨਹੀਂ ਆਉਂਦੀ, ਨੀਂਦ ਪੈਂਦੀ ਨਹੀਂ ਇਹਦੇ ਉਤੇ। ਜੇ ਨੀਂਦ ਪਵੇ ਇੱਥੇ ਫਰਕ ਪੈ ਜਾਂਦਾ ਹੈ ਗੱਲ ਦਾ। ਇਹ ਪੈਂਦਾ ਹੈ ਕਿ ਜਿਹੜਾ ਬ੍ਰਹਮਗਿਆਨ ਹੈ ਜਿਹਨੂੰ ਸੁਪਨਾ ਆ ਜਾਵੇ, ਸੁਪਨੇ 'ਚ ਦੌੜਿਆ ਫਿਰਦਾ ਹੈ, ਕੋਈ ਮਗਰ ਪੈ ਜਾਵੇ, ਉਹ ਗਿਆਨ ਪਰਪੱਕ ਨਹੀਂ ਹੈ ਅਧੂਰਾ ਗਿਆਨ ਹੈ, ਗਿਆਨ ਪਰਪੱਕ ਉਹ ਹੁੰਦਾ ਹੈ ਜੋ ਸੁਪਨੇ ਵਿੱਚ ਵੀ ਉਹਨੂੰ ਪਤਾ ਹੈ ਕਿ ਵਾਹਿਗੁਰੂ ਦੀ ਹਾਜ਼ਰੀ 'ਚ ਆਪਣੇ ਸਰੂਪ ਨੂੰ ਪਛਾਣਦਾ ਹੈ। ਸੁੱਤਾ ਹੋਇਆ ਵੀ। ਓਸ ਵੇਲੇ ਪਰਪੱਕ ਗਿਆਨ ਹੋਇਆ ਕਰਦਾ ਹੈ। ਉਹ ਜਿਹੜਾ ਨਾਮ ਹੈ ਉਹਦੇ ਬਾਰੇ ਮਹਾਰਾਜ ਫੁਰਮਾਨ ਕਰਦੇ ਨੇ। ਜੇ ਨਾਮ ਜਪਦੇ ਹੋਣ, ਕਦੇ ਵੀ ਨਾ ਕਹਿੰਦੇ -

***ਊਠਤ ਬੈਠਤ ਸੋਵਤ ਜਾਗਤ ਹਰਿ ਧਿਆਈਐ......॥***
***ਅੰਗ - 101***

ਕਦੇ ਸੌਂਦਾ ਬੰਦਾ ਨਹੀਂ ਧਿਆ ਸਕਦਾ ਫੇਰ ਅਸੀਂ ਤਾਂ ਗਲਤ ਹੋ ਗਏ। ਸੋ ਇਹ ਅਵਸਥਾ ਆ ਜਾਂਦੀ ਹੈ, ਮਹਾਰਾਜ ਕਹਿੰਦੇ ਇਹ ਅਵਸਥਾ

ਓਸ ਵੇਲੇ ਆਉਂਦੀ ਹੈ ਭਾਈ ਝੰਡਿਆ! ਇਹ ਨਾਮ ਜਪਦੇ-ਜਪਦੇ, ਜਦੋਂ ਨਾਮ ਸੰਸਕਾਰਾਂ ਦੇ ਮੰਡਲ ਵਿੱਚ ਜਾਂਦਾ ਹੈ, ਓਸ ਵੇਲੇ ਇਹ ਨਾਮ ਸੁਰਤ ਨੂੰ ਉੱਚੀ ਚੁੱਕੀਂ ਜਾਂਦਾ ਹੈ। ਇਹਦੇ ਵਿਚੋਂ ਵਿਕਾਰਾਂ ਦਾ ਖਾਤਮਾ ਹੋਣ ਲਗ ਜਾਂਦਾ ਹੈ। ਵਿਕਾਰਾਂ ਦਾ ਖਾਤਮਾ ਹੋ ਕੇ ਮੈਲ ਜਨਮਾਂ-ਜਨਮਾਂਤਰਾਂ ਦੀ ਨਿਕਲਣੀ ਸ਼ੁਰੂ ਹੋ ਜਾਂਦੀ ਹੈ, ਇਸ ਤਰ੍ਹਾਂ ਨਿਕਲਦੀ ਹੈ ਜਿਵੇਂ ਕੋਈ ਟਿਊਬਵੈੱਲ ਹੈ ਉਹਦਾ ਚੁਬੱਚਾ ਕੱਪੜੇ ਧੋ ਕੇ, ਸਾਬਣ ਵਾਲਾ ਪਾਣੀ ਕਰ ਦਿੱਤਾ, ਉਹ ਸਾਰਾ ਪਾਣੀ ਕੱਢੋ ਤਾਂ ਸਾਫ ਹੁੰਦਾ ਹੈ, ਉਸ ਤੋਂ ਸੁਖਾਲਾ ਤਰੀਕਾ ਇਹ ਹੈ ਕਿ ਬਟਨ ਦੱਬ ਦਿਓ, ਟਿਊਬਵੈੱਲ ਚੱਲ ਪਵੇ, ਆਪੇ ਹੀ ਗੰਦੇ ਪਾਣੀ ਨੂੰ ਬਾਹਰ ਕੱਢ ਦਏਗਾ, ਸ਼ੁੱਧ ਪਾਣੀ ਵਿੱਚ ਰਹਿ ਜਾਏਗਾ। ਇਸੇ ਤਰ੍ਹਾਂ ਨਾਮ ਦੀ ਧਾਰ ਜਦੋਂ ਲਗਾਤਾਰੀ ਅੰਤਸ਼ਕਰਣ 'ਚ ਪੈਂਦੀ ਹੈ, ਉਸ ਵੇਲੇ ਮੈਲ ਦੂਰ ਹੋ ਜਾਂਦੀ ਹੈ ਜਦੋਂ ਸਾਰੇ ਸੰਸਕਾਰ ਮੁੱਕ ਗਏ, ਉਸ ਵੇਲੇ ਨਾਮ ਨਾਲ ਭਰ ਜਾਂਦਾ ਹੈ, ਫੇਰ ਨਾਮ ਭੁੱਲਦਾ ਨਹੀਂ ਹੈ, ਸੌਂਦਾ ਵੀ ਨਾਮ ਜਪਦਾ ਹੈ ਤੇ ਉਨਮਨੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ, ਸਦਾ ਹੀ ਖੇੜਾ ਰਹਿੰਦਾ ਹੈ, ਖਿੜਿਆ ਰਹਿੰਦਾ ਹੈ ਮਨ -

*ਨਾਨਕ ਭਗਤਾ ਸਦਾ ਵਿਗਾਸੁ ॥*
*ਸੁਣਿਐ ਦੂਖ ਪਾਪ ਕਾ ਨਾਸੁ ॥* *ਅੰਗ - 2*

ਉਹਨੂੰ ਉਨਮਨੀ ਅਵਸਥਾ ਕਹਿੰਦੇ ਨੇ, ਉਨਮਨੀ ਅਵਸਥਾ ਜਦੋਂ ਆਉਂਦੀ ਹੈ ਦੁਨੀਆਂ ਦੇ ਲੋਕਾਂ ਦੀ ਪਰਵਾਹ ਖਤਮ ਹੋ ਜਾਂਦੀ ਹੈ। ਫੇਰ ਉਹ ਕਿਸੇ ਦੀ ਪਰਵਾਹ ਨਹੀਂ ਕਰਦੇ -

*ਜਾ ਕਾ ਕਹਿਆ ਦਰਗਹ ਚਲੈ ॥*
*ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥* *ਅੰਗ - 186*

ਮੂਰਖ ਉਹ ਹੁੰਦਾ ਹੈ, ਸਾਧੂ ਵੀ ਬਣ ਜਾਵੇ ਤੇ ਦੁਨੀਆਂ ਦੀਆਂ ਆਸਾਂ ਰੱਖੀਂ ਬੈਠਾ ਹੋਵੇ। ਆਹ ਗੱਲ ਨਹੀਂ, ਇਹਨੂੰ ਜੇ ਰਾਜਨੀਤੀ ਵਾਲਾ ਕਹੇ ਕਿ ਨਹੀਂ ਜੀ, ਰਾਜਨੀਤੀ ਵਰਤ ਲਓ। ਨਾ ਇਹ ਗੱਲ ਫਰਕ ਹੈ, ਪ੍ਰਮੇਸ਼ਰ ਨਾਲ ਨਹੀਂ ਜੁੜਿਆ ਉਹ ਬੰਦਾ। ਗਰਜ ਨਾਲ ਜੁੜਿਆ ਹੋਇਆ ਹੈ, ਆਪਣੀ ਚਲਾਕੀ ਨਾਲ ਜੀਉਣਾ ਚਾਹੁੰਦਾ ਹੈ, ਵਾਹਿਗੁਰੂ ਦੇ ਦਰ 'ਤੇ ਪਰਵਾਨ ਨਹੀਂ ਉਹ ਰੂਹ, ਜਿਹੜੀ ਚਲਾਕੀ ਨਾਲ ਜੀਉਣਾ ਚਾਹੁੰਦੀ ਹੈ, ਉਹ ਤਾਂ ਉਨਮਨੀ ਅਵਸਥਾ 'ਚ ਪਹੁੰਚਦਾ ਹੈ, ਵਾਹਿਗੁਰੂ ਜਦ ਇੱਕ ਸਕਿੰਟ ਵੀ ਨਹੀਂ ਹਟਦਾ ਜਿਹਦੀ ਵਾਹਿਗੁਰੂ ਨਾਲ ਪ੍ਰੀਤ ਪੈ ਗਈ ਉਹ ਦੁਨੀਆਂ ਨੂੰ ਨਿਗ੍ਹਾ ਥੱਲੇ ਲਿਆਉਂਦਾ ਹੈ? ਉਹ ਤਾਂ ਮਹਾਰਾਜ ਇਹ ਅਵਸਥਾ ਦਸਦੇ ਨੇ -

*ਧਾਰਨਾ - ਬੇਪਰਵਾਹ ਸਦਾ ਰੰਗ ਹਰਿ ਕੇ,*
*ਜਾ ਕੋ ਪਾਖੁ ਸੁਆਮੀ ਜੀ।*
*ਸੰਤਨ ਅਵਰ ਨ ਕਾਹੂ ਜਾਨੀ ॥*

***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥***

***ਅੰਗ - 711***

ਜਿਹਦਾ ਪੱਖ ਵਾਹਿਗੁਰੂ ਕਰੇ ਉਹਨੂੰ ਕੀਹਦੀ ਪਰਵਾਹ ਹੈ, ਪ੍ਰਹਿਲਾਦ ਨੇ ਪਰਵਾਹ ਕਰੀ ਸਾਰੀ state (ਰਾਜ) ਦੀ ਨਹੀਂ ਕਰੀ। ਬੇਅੰਤ ਮਹਾਂਪੁਰਖਾਂ ਦੀਆਂ ਐਸੀਆਂ ਮਿਸਾਲਾਂ ਨੇ, ਉਨ੍ਹਾਂ ਨੇ ਨਹੀਂ ਪਰਵਾਹ ਕਰੀ ਕਿਉਂਕਿ ਅਵਸਥਾ ਉਨ੍ਹਾਂ ਨੂੰ ਪ੍ਰਾਪਤ ਹੋ ਗਈ -

***ਪ੍ਰਭ ਕੀ ਆਗਿਆ ਆਤਮ ਹਿਤਾਵੈ ॥***
***ਜੀਵਨ ਮੁਕਤਿ ਸੋਊ ਕਹਾਵੈ ॥ ਤੈਸਾ ਹਰਖੁ ਤੈਸਾ ਉਸੁ ਸੋਗੁ ॥***
***ਸਦਾ ਅਨੰਦੁ ਤਹ ਨਹੀ ਬਿਓਗੁ ॥***
***ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥***
***ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥***
***ਤੈਸਾ ਮਾਨੁ ਤੈਸਾ ਅਭਿਮਾਨੁ ॥***
***ਤੈਸਾ ਰੰਕੁ ਤੈਸਾ ਰਾਜਾਨੁ ॥ ਜੋ ਵਰਤਾਏ ਸਾਈ ਜੁਗਤਿ ॥***
***ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥***

***ਅੰਗ - 275***

ਉਹ ਬੇਪਰਵਾਹ ਹੋਇਆ ਕਰਦੇ ਨੇ, ਵਾਹਿਗੁਰੂ ਨਾਲ ਸੁਰਤ ਜੁੜੀ ਹੁੰਦੀ ਹੈ -

***ਰੰਗਿ ਹਸਹਿ ਰੰਗਿ ਰੋਵਹਿ ਚੁਪ ਭੀ ਕਰਿ ਜਾਹਿ ॥***
***ਪਰਵਾਹ ਨਾਹੀ ਕਿਸੈ ਕੇਰੀ ਬਾਝੁ ਸਚੇ ਨਾਹ ॥ ਅੰਗ - 473***

ਪਿਆਰ ਵਿੱਚ ਹੱਸਦੇ ਨੇ, ਪਿਆਰ ਵਿੱਚ ਰੋਂਦੇ ਨੇ, ਬੇਪਰਵਾਹ ਵੀ ਰਹਿੰਦੇ ਨੇ -

ਇਸ ਕਰਕੇ ਹੀ -

***ਭਗਤਾ ਤੈ ਸੈਸਾਰੀਆ ਜੋੜੁ ਕਦੇ ਨ ਆਇਆ ॥ ਅੰਗ - 145***

ਫੇਰ ਜੋੜ ਨਹੀਂ ਆਇਆ, ਉਹ ਤਾਂ ਬੇਪਰਵਾਹ ਜ਼ਿੰਦਗੀ 'ਚ ਰਹਿੰਦਾ ਹੈ। ਮੇਰੇ ਨਾਲ ਹੀ ਆ ਜਾਂਦੇ ਨੇ, ਦੋਸਤ ਮਿੱਤਰ ਆ ਜਾਂਦੇ ਨੇ, ਰਿਸ਼ਤੇਦਾਰ ਆ ਜਾਂਦੇ ਨੇ, ਉਹ ਕਹਿੰਦੇ ਨੇ ਸਾਡੀ ਪਰਵਾਹ ਕਰੇ, ਉਹਨੂੰ ਪਰਵਾਹ ਕਿਸੇ ਦੀ ਵੀ ਨਹੀਂ ਹੁੰਦੀ ਸਿਵਾਏ ਵਾਹਿਗੁਰੂ ਤੋਂ -

***ਜਾ ਕਾ ਕਹਿਆ ਦਰਗਹ ਚਲੈ ॥***
***ਸੋ ਕਿਸ ਕਉ ਨਦਰਿ ਲੈ ਆਵੈ ਤਲੈ ॥ ਅੰਗ - 186***

ਉਹ ਕਿਸੇ ਨੂੰ ਨਿਗ੍ਹਾ ਥੱਲੇ ਨਹੀਂ ਲਿਆਉਂਦਾ, ਜਿਹਦਾ ਕਹਿਆ ਹੋਇਆ ਦਰਗਾਹ 'ਚ ਵੀ ਮੰਨਿਆ ਜਾਂਦਾ ਹੈ, ਧਰਮਰਾਜਾ ਵੀ ਮੰਨਦਾ ਹੈ, ਬਿਹੁ ਮਾਤਾ ਵੀ ਮੰਨਦੀ ਹੈ, ਦੇਵਤੇ ਵੀ ਸਾਰੇ ਮੰਨਦੇ ਨੇ।

ਬਾਬੇ ਫਰੀਦ ਨੂੰ ਇੱਕ ਵਾਰੀ ਦਰਸ਼ਨ ਕਰਨ ਆਇਆ ਬਾਦਸ਼ਾਹ। ਜਦੋਂ ਦੇਖਿਆ ਇਹ ਤਾਂ ਡੇਲ੍ਹੇ ਖਾ ਕੇ ਗੁਜ਼ਾਰਾ ਕਰਦੇ ਨੇ, ਬਾਬੇ ਫਰੀਦ

ਨੇ ਮਾਇਆ ਨੇੜੇ ਨਹੀਂ ਸੀ ਲੱਗਣ ਦਿੱਤੀ। ਇੱਕ ਚਾਦਰ ਦੇ ਵਿੱਚ ਰਹਿੰਦਾ ਹੁੰਦਾ ਉਹ ਵੀ ਪਾਟੀ ਹੋਈ ਚਾਦਰ ਸੀ, ਜੇ ਕਿਸੇ ਨੇ ਕਹਿਣਾ ਕਿ ਬਾਬਾ ਜੀ! ਚਾਦਰ ਲੈ ਲਓ, ਕਹਿੰਦੇ ਹਾਲੇ ਗੁਜ਼ਾਰਾ ਚੱਲੀ ਜਾਂਦਾ ਹੈ ਇਹਦੇ ਨਾਲ। ਉਹ ਜਗੀਰ ਦੇਣ ਲੱਗਿਆ ਮੁਲਤਾਨ ਦੀ ਕਿ ਆਹ ਮੈਂ ਦੇ ਦਿੰਦਾ ਹਾਂ, ਇਹਦਾ ਮਾਮਲਾ ਤੁਹਾਡੇ ਕੋਲ ਆਇਆ ਕਰੇਗਾ, ਇਹਦੇ ਨਾਲ ਲੰਗਰ ਚਲਾਓ। ਉਹ ਕਹਿੰਦੇ, ਪਾਤਸ਼ਾਹ! ਇਹ ਲੰਗਰ ਅੱਲਾਹ ਤਾਲਾ ਦਾ ਹੈ ਉਹਦੇ ਵਲੋਂ ਚੱਲ ਰਿਹਾ ਹੈ। ਉਹ ਸਾਰੀ ਸ੍ਰਿਸ਼ਟੀ ਦਾ ਲੰਗਰ ਉਹਦੇ ਵਲੋਂ ਚੱਲ ਰਿਹਾ ਹੈ, ਤੂੰ ਤਾਂ ਨਹੀਂ ਨਾ ਕਿਸੇ ਦਾ ਚਲਾ ਰਿਹਾ। ਨਾ ਐਵੇਂ ਸਾਨੂੰ ਅਲਸੇਟਿਆਂ 'ਚ ਪਾਵੇਂਗਾ, ਸਾਨੂੰ ਨਹੀਂ ਲੋੜ। ਪਰਵਾਹ ਨਹੀਂ ਕਰਦੇ। ਨਿਜ਼ਾਮੂਦੀਨ ਅਉਲੀਆ ਸੀ ਦਿੱਲੀ ਦੇ ਬਾਦਸ਼ਾਹ ਜ਼ੋਰ ਲਾ ਰਹੇ ਕਿ ਅਸੀਂ ਦਰਸ਼ਨ ਕਰਨੇ ਨੇ, ਉਹ ਕਹਿੰਦੇ ਮੇਰੀ ਦਰਗਾਹ ਦੇ ਵਿੱਚ ਬਾਦਸ਼ਾਹ ਨਹੀਂ ਆ ਸਕਦਾ। ਗਰੀਬ ਭੁੱਖਾ, ਨੰਗਾ ਆ ਸਕਦਾ ਹੈ, ਨਹੀਂ ਬਾਦਸ਼ਾਹ ਵੜਨ ਦਿੱਤੇ। ਗਿਆਸੂਦੀਨ ਬਲਬਨ ਨੇ ਜ਼ੋਰ ਲਾਇਆ ਕਿ ਇਸਨੂੰ ਮੈਂ ਆਪਣੇ ਪਰਿਵਾਰ 'ਚ ਹਾਜ਼ਰ ਕਰਨਾ ਹੈ, ਬਥੇਰਾ ਜ਼ੋਰ ਲਾਇਆ ਜਿਸ ਵਕਤ ਇਹਨੇ ਹੁਕਮ ਦੇ ਦਿੱਤਾ ਕਿ ਫੜ ਕੇ ਲਿਆਓ। ਜੇ ਨਾ ਆਇਆ ਇਹਨੂੰ ਕਤਲ ਕਰ ਦੇਣਾ ਹੈ। ਇਨ੍ਹਾਂ ਨੂੰ ਆ ਕੇ ਦੱਸਿਆ, ਕਹਿੰਦੇ ਇਹਦੀ ਕੀ ਤਾਕਤ ਹੈ ਕੁਛ ਨਹੀਂ। ਐਨੇ ਨੂੰ ਖਬਰ ਆ ਗਈ, ਬੰਗਾਲ 'ਚ ਗੜਬੜ ਹੋ ਗਈ, ਫੌਜਾਂ ਲੈ ਕੇ ਚਲਿਆ ਗਿਆ। ਲੜਾਈ ਸਾਲ ਭਰ ਤੋਂ ਬਾਅਦ ਜਿੱਤ ਕੇ ਆਇਆ, ਮਨੋ ਨਾ ਗੱਲ ਕੱਢੀ। ਕਹਿਣ ਲੱਗਿਆ, ਮੈਂ ਕੱਲ੍ਹ ਨੂੰ ਦਿੱਲੀ ਪਹੁੰਚ ਜਾਣਾ ਹੈ ਜਸ਼ਨ ਮਨਾ ਰਹੇ ਸੀ ਬਾਹਰ ਕਿ ਉਹ ਸਾਰਿਆਂ ਨਾਲੋਂ ਪਹਿਲਾਂ ਲਾਈਨ 'ਚ ਖੜ੍ਹਾ ਹੋ ਗਿਆ। ਉਹਨੂੰ ਆ ਕੇ ਦੱਸਿਆ ਕਿ ਮਹਾਰਾਜ! ਕੱਲ੍ਹ ਨੂੰ ਪੂਰਨਮਾਸ਼ੀ ਹੈ ਤੇ ਸਾਰੇ ਜਿੰਨੇ ਵੀ ਸੰਤ ਨੇ ਸਾਧੂ ਨੇ ਸਾਰਿਆਂ ਉਹਦਾ ਸਵਾਗਤ ਕਰਨਾ ਹੈ ਤੇ ਤੁਹਾਡੇ ਵਾਸਤੇ ਸਖਤ ਹੁਕਮ ਹੋਇਆ ਕਿ ਤੁਸੀਂ ਵੀ ਉਥੇ ਹੋਣੇ ਚਾਹੀਦੇ ਓਂ। ਉਸ ਵੇਲੇ ਆਪ ਨੇ ਕਿਹਾ ਕਿ ਅਜੇ ਤਾਂ ਬੜੀ ਦੂਰ ਹੈ, ਕਹਿੰਦੇ ਮਹਾਰਾਜ ਉਹਨੇ ਤਾਂ ਹੁਣ function (ਸਮਾਰੋਹ) ਕਰਨਾ ਹੈ ਸਵੇਰੇ ਹੀ ਆ ਜਾਣਾ ਹੈ। ਉਹ ਕਹਿਣ ਲੱਗੇ, ਹਨੂਜ਼ ਦਿੱਲੀ ਦੂਰ ਅਸਤ' ਜਦ ਦਾ ਚੱਲਿਆ ਹੋਇਆ ਹੈ ਅਜੇ ਦਿੱਲੀ ਦੂਰ ਹੈ। ਉਹ ਕੀ ਹੋਇਆ ਜਦੋਂ 10-11 ਵੱਜੇ, ਅੱਗ ਲੱਗ ਗਈ ਅਚਾਨਕ ਮੰਡਪ ਨੂੰ। ਮੰਡਪ ਸਾਰਿਆਂ ਦੇ ਉਤੇ ਹੀ ਗਿਰ ਗਿਆ, ਕਿੰਨੇ ਹੀ ਮਰ ਗਏ ਵਿੱਚ, ਵਿੱਚ ਹੀ ਇਹ ਬਾਦਸ਼ਾਹ ਮਰ ਗਿਆ। ਸੋ ਪਰਵਾਹ ਨਹੀਂ ਹੋਇਆ ਕਰਦੀ -

***ਸੰਤਨ ਅਵਰ ਨ ਕਾਹੂ ਜਾਨੀ ॥***
***ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥***
***ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ ॥***
***ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥***

*ਰੋਗ ਸੋਗ ਦੂਖ ਜਰਾ ਮਰਾ ਹਰਿ ਜਨਹਿ ਨਹੀ ਨਿਕਟਾਨੀ ॥*
*ਨਿਰਭਉ ਹੋਇ ਰਹੇ ਲਿਵ ਏਕੈ ਨਾਨਕ ਹਰਿ ਮਨੁ ਮਾਨੀ ॥*
*ਅੰਗ - 711*

ਇਹ ਹੰਕਾਰ ਨਹੀਂ ਹੋਇਆ ਕਰਦਾ, ਇਹ ਬੇਪਰਵਾਹੀ ਸਵੈ-ਮਾਨ ਹੋਇਆ ਕਰਦਾ ਹੈ ਸਾਧੂਆਂ ਦਾ। ਸਾਧੂ ਨਿਮਰਤਾ ਦੇ ਨਾਲ ਚਾਹੇ ਕਿੱਤੇ ਬੈਠੇ ਰਹਿਣ ਲੇਕਿਨ ਅੰਦਰੋਂ ਨਹੀਂ ਉਹ ਕਿਸੇ ਦੇ ਦਬਾਅ ਨੂੰ ਝੱਲਿਆ ਕਰਦੇ। ਅੰਦਰੋਂ ਬੇਪਰਵਾਹ ਹੁੰਦੇ ਨੇ। ਕੋਈ ਪਰਵਾਹ ਨਹੀਂ ਹੋਇਆ ਕਰਦੀ ਉਨ੍ਹਾਂ, ਮੌਜ ਦੇ ਮਾਲਕ ਹੋਇਆ ਕਰਦੇ ਨੇ।

ਮਹਾਰਾਜ ਕਹਿਣ ਲੱਗੇ, ਭਾਈ ਝੰਡਾ! ਐਸੀ ਅਵਸਥਾ ਆ ਜਾਂਦੀ ਹੈ ਫੇਰ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਇਹ ਅਵਸਥਾ ਆ ਗਈ ਬੇਪਰਵਾਹੀ ਦੀ, ਫੇਰ ਰੱਬ ਦੇ ਦਰਵਾਜ਼ੇ 'ਤੇ ਆਸਾ ਤੇ ਅੰਦੇਸਾ ਦੇ ਦਰਵਾਜ਼ੇ ਜਿਹੜੇ ਜੜ੍ਹੇ ਹੋਏ ਨੇ, ਉਹ ਟੁੱਟ ਜਾਇਆ ਕਰਦੇ ਨੇ -

*ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - 877*

ਕਹਿੰਦੇ ਮਾਇਆ ਐਨੀ ਡੂੰਘੀ ਹੈ ਉਥੇ, ਜਲ ਤੱਕ ਪਾਣੀ ਹਾਂਡੇ ਮਾਇਆ ਦੀ ਖਾਹੀ ਹੈ। ਕਹਿੰਦੇ ਇਹ ਖਾਹੀ ਜਿਹੜੀ ਹੈ ਇਹ ਵਿੱਥ ਦੀ ਖਾਈ ਹੈ, ਕਾਲ ਦੀ ਖਾਹੀ ਹੈ, ਇਹ ਵਿੱਥ ਦੀ ਖਾਹੀ ਜਦੋਂ ਵਾਹਿਗੁਰੂ ਦਾ ਨਾਮ ਜਿਉਂ-ਜਿਉਂ ਜਪਾਂਗੇ, ਇੱਕ ਘੰਟਾ ਜਪਿਆ ਫੇਰ ਦੋ ਘੰਟੇ ਜਪਿਆ ਫੇਰ ਤਿੰਨ ਜਪਿਆ, ਹੌਲੀ-ਹੌਲੀ ਜਦੋਂ ਚੌਵੀ ਘੰਟੇ ਹੋ ਜਾਏਗਾ। ਇਹ ਪੁਲ ਜਿਹਾ ਬਣ ਜਾਏਗਾ ਵਾਹਿਗੁਰੂ ਦੇ ਕੋਲ ਜਾਣ ਦਾ। ਇਹ ਜਹਾਜ਼ ਫੇਰ ਪੂਰਾਂ ਦੇ ਪੂਰ, ਆਪ ਵੀ ਲੰਘੇਗਾ ਤੇ ਪੂਰਾਂ ਦੇ ਪੂਰ ਨੂੰ ਲੰਘਾਉਂਦਾ ਚਲਿਆ ਜਾਂਦਾ ਹੈ। ਡੂੰਘੀ ਮਾਇਆ ਦੀ ਖਾਈ ਨੂੰ ਪਾਰ ਕਰਨ ਵਾਸਤੇ ਨਾਮ ਦਾ ਜਹਾਜ਼ ਹੈ -

*ਧਾਰਨਾ - ਸਾਡੇ ਗੁਰਾਂ ਨੇ ਜਹਾਜ਼ ਬਣਾਇਆ,*
*ਆਵਹੁ ਸਿੰਘੋ ਪਾਰ ਲੰਘੀਏ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*
*ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ।*

ਨਾਮ ਦਾ ਜਹਾਜ਼ ਜਦੋਂ ਅਸੀਂ ਇਹਦੇ ਚੜ੍ਹ ਜਾਵਾਂਗੇ, ਫੇਰ ਮਾਇਆ ਦੀ ਜਿਹੜੀ ਖਾਈ ਹੈ, ਉਹ ਪਾਰ ਹੋ ਕੇ -

*..........ਸਤ ਕੈ ਆਸਣਿ ਪੁਰਖੁ ਰਹੈ ॥ ਅੰਗ - 877*

ਉਥੇ ਅਸੀਂ ਪਹੁੰਚ ਜਾਵਾਂਗੇ।

*ਦੂਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥* *ਅੰਗ - 877*

ਸੋ ਭਾਈ ਝੰਡਾ! ਜਦੋਂ ਯਾਦ ਲਗਾਤਾਰੀ ਹੋ ਜਾਏਗੀ, ਨਾਮ ਦੀ ਰੌ ਅੰਦਰ ਲਗਾਤਾਰੀ ਚੱਲ ਜਾਏਗੀ, ਉਸ ਵੇਲੇ ਅੰਤਸ਼ਕਰਣ ਨਿਰਮਲ ਹੋ ਜਾਏਗਾ ਤੇ ਉਹਦੇ ਵਿੱਚ ਵਾਹਿਗੁਰੂ ਹੈ ਗੁਣਾਂ ਦਾ ਭਰਿਆ ਹੋਇਆ। ਫੇਰ ਉਸ ਅੰਤਸ਼ਕਰਣ ਦੇ ਵਿੱਚ ਗੁਣ ਆ ਜਾਣਗੇ। ਗੁਣਾਂ ਨਾਲ -

*ਵਿਣੁ ਗੁਣ ਕੀਤੇ ਭਗਤਿ ਨ ਹੋਇ ॥* *ਅੰਗ - 4*

ਜਿੰਨਾਂ ਚਿਰ ਗੁਣਾਂ ਦਾ ਪ੍ਰਵੇਸ਼ ਅੰਤਸ਼ਕਰਣ 'ਚ ਨਹੀਂ ਹੁੰਦਾ ਤੇ ਅਉਗਣ ਨਹੀਂ ਨਿਕਲਦੇ ਓਨੀਂ ਦੇਰ ਤੱਕ ਨਾਮ ਨਹੀਂ ਚੱਲਿਆ ਕਰਦਾ। ਸੋ ਵਿਕਾਰ ਨਿਕਲ ਜਾਣਗੇ, ਗੁਣ ਆ ਜਾਣਗੇ ਤੇ ਜਦੋਂ ਗੁਣ ਆ ਗਏ ਤੇ ਗੁਣੀ ਵੀ ਨਾਲ ਆ ਜਾਂਦਾ ਹੈ। ਗੁਣਾਂ ਦੇ ਵਿੱਚ ਇਹ ਗੁਣੀ ਸਮਾਇਆ ਹੋਇਆ ਹੈ, ਗੁਣ ਆ ਜਾਣਗੇ, ਅਹਿੰਸਾ ਆ ਜਾਏਗੀ, ਸਤਿ ਆ ਜਾਏਗਾ, ਚੋਰੀ ਛੁਟ ਜਾਏਗੀ, ਬ੍ਰਹਮਚਰੀਆ ਆ ਜਾਏਗਾ, ਧੀਰਜ ਆ ਜਾਏਗੀ, ਖਿਮਾ ਆ ਜਾਏਗੀ, ਹਿਰਦਾ ਕੋਮਲ ਹੋ ਜਾਏਗਾ, ਪਵਿੱਤਰਤਾ ਆ ਜਾਏਗੀ, ਸੰਤੋਖ ਆ ਜਾਏਗਾ, ਆਸਤਕ ਬੁੱਧੀ ਆ ਜਾਏਗੀ, ਦਾਨ ਦੀ ਰੁਚੀ ਆ ਜਾਏਗੀ, ਗੁਰੂ ਸਿਧਾਂਤ ਦੇ ਉਤੇ ਵਿਸ਼ਵਾਸ਼ ਆ ਜਾਏਗਾ। ਗੁਰੂ ਸ਼ਬਦ ਅਨੁਸਾਰ ਜੀਵਨ ਚੱਲ ਪਏਗਾ, ਸਾਂਤਕੀ ਬਿਰਤੀ ਹੋ ਜਾਏਗੀ, ਨਿਤਨੇਮ ਦੇ ਵਿੱਚ ਪੱਕਾ ਹੋ ਜਾਏਗਾ ਤੇ ਭੁੱਖੇ ਵਾਸਤੇ ਹੋਮ ਕਰੇਗਾ, ਲੰਗਰ ਬਣਾਏਗਾ। ਤਨ ਹੰਗਤਾ ਖਤਮ ਹੋ ਜਾਏਗੀ, ਜਦੋਂ ਗੁਣਾਂ ਦਾ ਨਿਵਾਸ ਹੋ ਗਿਆ, ਗੁਣ ਵਾਹਿਗੁਰੂ ਵਿੱਚ ਨੇ ਸਮਝ ਲਓ ਵਾਹਿਗੁਰੂ ਵਿੱਚ ਉਹਦਾ ਨਿਵਾਸ ਹੋ ਗਿਆ। ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ, ਪਹਿਲਾਂ ਸੁਣੋ। ਫੇਰ ਇਹਨੂੰ ਮੰਨੋ, ਫੇਰ ਮੰਨ ਕੇ ਮਨ ਦੇ ਵਿੱਚ ਇਸ ਦਾ ਪਿਆਰ ਪੈਦਾ ਕਰੋ-

*ਸੁਣਿਆ ਮੰਨਿਆ ਮਨਿ ਕੀਤਾ ਭਾਉ ॥*
*ਅੰਤਰਗਤਿ ਤੀਰਥਿ ਮਲਿ ਨਾਉ ॥* *ਅੰਗ - 4*

ਏਸ ਅੰਤਸ਼ਕਰਣ ਦੇ ਵਿੱਚ ਫੇਰ ਇਸ਼ਨਾਨ ਕਰੋ। ਇਹ ਫੇਰ ਨਾਮ ਹੈ ਜਿਹੜਾ ਜਦੋਂ ਹਿਰਦੇ 'ਚ ਵਸ ਜਾਏਗਾ, ਫੇਰ ਕੀ ਹੋਏਗਾ, ਜਦੋਂ ਨੇਤਰ ਬੰਦ ਕਰੋਂਗੇ ਉਸ ਸੁੰਦਰਤਾ ਦੇ ਦਰਸ਼ਨ ਹੋਣਗੇ, ਜਿਹਦੇ ਵਾਸਤੇ ਅਸੀਂ ਕਦੇ ਸੋਚ ਨਹੀਂ ਸਕਦੇ ਤੇ ਵਾਹਿਗੁਰੂ ਨੂੰ ਸੁੰਦਰ ਕਿਹਾ ਹੈ -

*ਸੁੰਦਰੁ ਕਹਹੁ ਮਿਲੈ ਕਿਤੁ ਗਲੀ ॥* *ਅੰਗ - 527*

ਕਿਹੜੀਆਂ ਗੱਲਾਂ ਨੇ ਜਿਨ੍ਹਾਂ ਦੇ ਨਾਲ ਮੇਰਾ ਸੁੰਦਰ ਮਿਲ ਜਾਵੇ। ਕਿਉਂਕਿ ਵਾਹਿਗੁਰੂ ਦੀ ਸੁੰਦਰਤਾ ਆਦਮੀ ਦੇ ਅੰਦਰ ਆ ਜਾਂਦੀ ਹੈ, ਫੇਰ ਉਹ ਹੁਲਾਰੇ ਮਾਰਦਾ ਹੈ ਫੇਰ ਉਹ ਸਹੀ ਨਹੀਂ ਜਾਂਦੀ, ਸੁੰਦਰਤਾ ਐਸੀ ਹੈ। ਬਹੁਤ ਸੁੰਦਰ ਚੀਜ਼ ਹੈ, ਆਦਮੀ ਦਾ ਰੋਮ-ਰੋਮ ਖਿੜ ਜਾਂਦਾ ਹੈ।

ਇੱਕ ਵਾਰੀ ਦੇਖ ਲਵੇ, ਮਹੀਨਿਆਂ ਬੱਧੀ ਉਸ ਸੁੰਦਰਤਾ ਦਾ ਨਸ਼ਾ ਨਹੀਂ ਉਤਰਦਾ। ਸੋ ਕਹਿੰਦੇ, ਫੇਰ ਉਹਦਾ ਮਨ ਤਨ ਸਾਰਾ ਸੁੰਦਰ ਹੋ ਜਾਂਦਾ ਹੈ। ਖਿੱਚ ਉਹਦੇ 'ਚ ਪੈਦਾ ਹੋ ਜਾਂਦੀ ਹੈ ਤੇ ਮਨ ਦੇ ਅੰਦਰ ਹਰ ਵਕਤ ਚਾਓ ਭਰਿਆ ਰਹਿੰਦਾ ਹੈ, ਟਿਕਦਾ ਨਹੀਂ ਮਨ –

***ਸਤਿ ਸੁਹਾਣੁ ਸਦਾ ਮਨਿ ਚਾਉ ॥ ਅੰਗ – 4***

ਸੋ ਇਹ ਜਿਹੜਾ ਸਾਰਾ ਹੀ ਯਤਨ ਹੈ ਫੇਰ ਉਹਨੂੰ ਪ੍ਰਮੇਸ਼ਰ ਹਰ ਥਾਂ ਦੇ ਉਤੇ ਜਦੋਂ ਉਹਦਾ ਭਾਵ ਪੱਕ ਗਿਆ ਕਿ ਮੇਰੇ ਨਾਲ ਹੈ ਹਾਜ਼ਰਾ ਹਜ਼ੂਰ ਹੈ, ਜਾਹਰਾ ਜ਼ਹੂਰ ਹੈ, ਮੇਰੇ ਨਾਲ ਹੈ –

***ਜਹ ਜਹ ਪੇਖਉ ਤਹ ਹਜ਼ੂਰਿ ਦੂਰਿ ਕਤਹੁ ਨ ਜਾਈ ॥***
***ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥***
***ਅੰਗ – 677***

ਫੇਰ ਉਹਦੇ ਅੰਦਰ ਇੱਕ ਚਾਓ ਪੈਦਾ ਹੋ ਜਾਏਗਾ। ਜੇ ਤਾਂ ਸੁੰਨ ਨੂੰ ਰੱਬ ਮੰਨ ਲਿਆ, ਖਾਲੀ ਥਾਉਂ ਨੂੰ ਤਾਂ, ਤਾਂ ਨਹੀਂ ਆਏਗਾ, ਇਹ ਤਾਂ ਸੁੰਨ ਹੈ। ਜੇ ਸੁੰਨ ਦੇ ਹੇਠਾਂ ਜਿਹੜੀ ਹਸਤੀ ਕੰਮ ਕਰ ਰਹੀ ਹੈ ਉਹਦੇ ਨਾਲ ਜੇ ਸੰਪਰਕ ਨਾਮ ਜਪ ਕੇ ਜੁੜ ਗਿਆ, ਫੇਰ ਖੇੜਾ ਆ ਜਾਏਗਾ –

***ਸਤਿ ਸੁਹਾਣੁ ਸਦਾ ਮਨਿ ਚਾਉ ॥ ਅੰਗ – 4***

ਮਹਾਰਾਜ ਕਹਿੰਦੇ, ਸਦਾ ਮਨ ਵਿੱਚ ਚਾਓ ਰਹਿੰਦਾ ਹੈ, ਸੋ ਇਹ ਜਿੰਨਾਂ ਵੀ ਸਾਰੀ ਗੱਲਬਾਤ ਕਰੀ ਹੈ ਝੰਡਿਆ! ਇਹਨੂੰ ਨਾਮ ਕਹਿੰਦੇ ਹਾਂ, ਮੰਤਰ ਦੇ ਜਾਪ ਤੋਂ ਲੈ ਕੇ ਇੱਥੇ ਦੀ ਪਰਤੀਤੀ ਤੱਕ ਵਣਾਂ, ਤ੍ਰਿਣਾਂ 'ਚ ਹਰ ਥਾਂ –

***ਸੋ ਅੰਤਰਿ ਸੋ ਬਾਹਰਿ ਅਨੰਤ ॥***
***ਘਟਿ ਘਟਿ ਬਿਆਪਿ ਰਹਿਆ ਭਗਵੰਤ ॥***
***ਧਰਨਿ ਮਾਹਿ ਆਕਾਸ ਪਇਆਲ ॥***
***ਸਰਬ ਲੋਕ ਪੂਰਨ ਪ੍ਰਤਿਪਾਲ ॥ ਅੰਗ – 294***

ਇਹ ਥਾਂ ਦੇ ਉਤੇ, ਵਣਾਂ 'ਚ, ਜੰਗਲਾਂ 'ਚ, ਪੌਣ 'ਚ, ਪਾਣੀ 'ਚ, ਪਹਾੜਾਂ 'ਚ, ਪਰਬਤਾਂ 'ਚ, ਜਿੱਧਰ ਵੀ ਦੇਖਦਾ ਹੈ ਜਦੋਂ ਪ੍ਰਮੇਸ਼ਰ ਦੇ ਦਰਸ਼ਨ ਹੋਣ ਲੱਗ ਜਾਣ, ਦਿਖੇ ਕਹਿੰਦੇ ਇਹਨੂੰ ਨਾਮ ਕਹਿੰਦੇ ਹਾਂ ਅਸੀਂ। ਇਹਨੂੰ ਨਾਮ ਦੀ ਪ੍ਰਾਪਤੀ ਕਹਿੰਦੇ ਹਾਂ। ਇਹ ਨਾਮ ਦੀ ਸੋਝੀ ਆਦਮੀ ਦੇ ਅੰਦਰ ਹੈ।

***ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥***
***ਦੇਹੀ ਮਹਿ ਇਸ ਕਾ ਬਿਸ੍ਰਾਮੁ ॥***
***ਸੁੰਨ ਸਮਾਧਿ ਅਨਹਤ ਤਹ ਨਾਦ ॥***
***ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ – 293***

ਐਨਾ ਜਦ ਹੋ ਗਿਆ, ਝੰਡਾ ਕਿਸੇ ਰੰਗ ਵਿੱਚ ਬੈਠ ਗਿਆ। ਲੇਕਿਨ

ਉਹਦੇ ਅੰਦਰ ਫੁਰਨਾ ਆ ਗਿਆ ਕਿ ਮਹਾਰਾਜ ਨੂੰ ਮੈਂ ਤਾਂ ਪ੍ਰਸ਼ਾਦਾ ਹੀ ਨਹੀਂ ਪੁੱਛਿਆ। ਮਰਦਾਨੇ ਨੂੰ ਮਹਾਰਾਜ ਨੇ ਦੇ ਦਿੱਤਾ। ਮਰਦਾਨਿਆਂ! ਤੈਨੂੰ ਭੁੱਖ ਲਗਦੀ ਹੈ ਤੂੰ ਛਕ ਲੈ।

ਮਹਾਰਾਜ! ਆਪ ਪ੍ਰਸ਼ਾਦਾ ਛੱਕੋ।

ਕਹਿੰਦੇ, ਝੰਡਿਆ! ਤੂੰ ਛਕ ਲੈ। ਤੂੰ ਸਾਡਾ ਮਹਿਮਾਨ ਹੈਂ ਤੈਨੂੰ ਪਹਿਲਾਂ ਛਕਾਉਣਾ ਹੈ। ਲੇਕਿਨ ਅਜੇ ਇੱਕ ਹੋਰ ਨੂੰ ਛਕਾਉਣਾ ਹੈ ਪ੍ਰਸ਼ਾਦਾ ਛਕ ਲੈ।

ਕਹਿੰਦਾ, ਮਹਾਰਾਜ! ਜਿਹਨੂੰ ਹੋਰ ਨੂੰ ਛਕਾਉਣਾ ਹੈ ਉਹ ਕੌਣ ਹੈ?

ਕਹਿੰਦੇ, ਜਾਹ, ਬੁਲਾ ਕੇ ਲਿਆ ਇੰਦਰਸੈਣ ਨੂੰ।

ਕਹਿੰਦਾ, ਸੱਚੇ ਪਾਤਸ਼ਾਹ! ਇਹ ਵਣ ਹੈ, ਜੰਗਲ ਹੈ, ਆਪ ਕ੍ਰਿਪਾ ਕਰੋ, ਦਾਸ ਦੇ ਗ੍ਰਿਹ ਨੂੰ ਪਵਿੱਤਰ ਕਰੋ।

ਮਹਾਰਾਜ ਜੀ ਬਚਨ ਮੰਨ ਲੈਂਦੇ ਨੇ ਤੇ ਝੰਡੇ ਦੇ ਘਰ ਆ ਗਏ। ਜਾਹ ਕਹਿੰਦੇ, ਲੈ ਕੇ ਆ। ਉਸ ਵੇਲੇ ਗਿਆ, ਜਾ ਕੇ ਉਹਨੇ ਇੰਦਰਸੈਣ ਨੂੰ ਦੱਸਿਆ। ਕਹਿੰਦਾ, ਇੰਦਰਸੈਣ! ਵਾਹਿਗੁਰੂ ਆ ਗਿਆ, ਵਾਹਿਗੁਰੂ, ਪ੍ਰਭੂ ਆ ਗਿਆ। ਮੈਂ ਤਾਂ ਨਿਹਾਲ ਹੋ ਗਿਆ, ਦਸ ਨਹੀਂ ਸਕਦਾ। ਸਾਰੇ ਭਰਮ ਭੁਲੇਖੇ ਮੇਰੇ ਦੂਰ ਹੋ ਗਏ। ਨਾਲੇ ਤੁਰਿਆ ਆਉਂਦਾ ਹੈ, ਜਿੰਨੇ ਬਚਨ ਗੁਰੂ ਨਾਨਕ ਪਾਤਸ਼ਾਹ ਨੇ ਕਰੇ ਸੀ, ਸਾਂਭ-ਸਾਂਭ ਕੇ ਹਿਰਦੇ 'ਚ ਰੱਖੇ ਹੋਏ ਸੀ। ਇੱਕ-ਇੱਕ ਬਚਨ ਕਰਦਾ ਆਉਂਦਾ ਹੈ। ਇੰਦਰਸੈਣ ਝੂੰਮਣ ਲੱਗ ਗਿਆ, ਕਹਿੰਦੇ ਝੰਡਿਆ! ਤੂੰ ਤਾਂ ਭਾਗਾਂ ਵਾਲਾ ਹੋ ਗਿਆ, ਤੈਨੂੰ ਤਾਂ ਹੋ ਗਏ ਦਰਸ਼ਨ। ਕਹਿਣ ਲੱਗੇ –

***ਪੂਰਬ ਕਰਮ ਅੰਕੁਰ ਜਬ ਪ੍ਰਗਟੇ***
***ਭੇਟਿਓ ਪੁਰਖੁ ਰਸਿਕ ਬੈਰਾਗੀ ॥ ਮਿਟਿਓ ਅੰਧੇਰੁ ਮਿਲਤ ਹਰਿ***
***ਨਾਨਕ ਜਨਮ ਜਨਮ ਕੀ ਸੋਈ ਜਾਗੀ ॥ਅੰਗ – 204***

ਰਸਕ ਬੈਰਾਗੀ ਦਾ ਮੇਲ ਤਾਂ ਹੁੰਦਾ ਹੈ ਜੇ ਕਰਮ ਜਾਗ ਪੈਣ ਸੁੱਤੇ ਹੋਏ। ਉਸ ਵੇਲੇ ਬਚਨ ਕਰਦੇ-ਕਰਦੇ ਮਹਾਰਾਜ ਦੀ ਹਜ਼ੂਰੀ 'ਚ ਆ ਗਏ। ਇੰਦਰਸੈਣ ਨੇ ਵੀ ਨਮਸ਼ਕਾਰ ਕਰੀ, ਝੰਡੇ ਨੇ ਡੰਡਉਤ ਬੰਦਨ ਕਰੀ।

ਉਸ ਵੇਲੇ ਮਹਾਰਾਜ ਜੀ ਨੇ ਕਿਹਾ ਕਿ ਇੰਦਰਸੈਣ! ਦੱਸ ਕੀ ਤੇਰੇ ਮਨ ਦੇ ਅੰਦਰ ਪੁੱਛ ਹੈ? ਜੋ ਪੁੱਛਣਾ ਹੈ ਪੁੱਛ ਕਿਉਂਕਿ ਤੂੰ ਵੀ ਝੰਡੇ ਦਾ ਸਾਥੀ ਹੈਂ, ਜਿਸ ਜਹਾਜ਼ 'ਤੇ ਝੰਡਾ ਬਿਠਾਇਆ ਹੈ ਉਸੇ ਵਿੱਚ ਤੂੰ ਵੀ ਬੈਠਣਾ ਹੈ। ਦੱਸ ਕੀ ਚਾਹੁੰਦਾ ਹੈਂ। ਝੰਡੇ ਨੂੰ ਨਹੀਂ ਸੀ ਪਤਾ ਕਿ ਗੁਰੂ ਨਾਨਕ ਪਾਤਸ਼ਾਹ ਨੇ ਕਿਹੜਾ ਪ੍ਰਸ਼ਾਦਾ ਛਕਾਉਣਾ ਹੈ। ਉਸ ਵੇਲੇ ਇੰਦਰਸੈਣ ਕਹਿਣ ਲੱਗਿਆ, ਮਹਾਰਾਜ! ਸਰੂਪ ਦਾ ਗਿਆਨ ਨਹੀਂ ਹੁੰਦਾ। ਸਤਿ

ਚਿੱਤ ਅਨੰਦ ਦਾ ਗਿਆਨ ਨਹੀਂ ਹੁੰਦਾ। ਮਹਾਰਾਜ ਕਹਿੰਦੇ, ਝੰਡੇ ਨੇ ਤੈਨੂੰ ਸਾਰੀਆਂ ਗੱਲਾਂ ਦੱਸ ਦਿੱਤੀਆਂ ਨੇ, ਸਾਨੂੰ ਦੁਬਾਰਾ ਦੱਸਣ ਦੀ ਲੋੜ ਨਹੀਂ ਹੈ ਤੇ ਹੁਣ ਬਚਨ ਇਹ ਹੈ ਕਿ ਉਹ ਜਿਹੜਾ ਪ੍ਰਮੇਸ਼ਰ ਹੈ ਉਹਦੇ ਵਿੱਚ ਮੈਂ ਦਾ ਪੜਦਾ ਹੈ, ਉਹ ਸਾਰੇ ਵਸਦਾ ਹੈ –

***ਹਉ ਹਉ ਭੀਤਿ ਭਇਓ ਹੈ ਬੀਚੋ***
***ਸੁਨਤ ਦੇਸਿ ਨਿਕਟਾਇਓ ॥***
***ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥***

***ਅੰਗ – 624***

ਆਹ ਹਉਮੈ ਦਾ ਪੜਦਾ ਹੈ ਇਸ ਤਰ੍ਹਾਂ ਪੜ੍ਹ ਲਓ –

***ਧਾਰਨਾ – ਹਰਿ ਜੀ ਸਾਰੀਆਂ ਘਟਾਂ ਵਿੱਚ ਵਸਦਾ,***
***ਪੜਦਾ ਪੈ ਗਿਆ ਹਉਮੈ ਦਾ।***

ਵਾਹਿਗੁਰੂ ਸਾਰਿਆਂ ਦੇ ਅੰਦਰ ਵਸਦਾ ਹੈ ਕੋਈ ਥਾਂ ਐਸਾ ਨਹੀਂ ਜਿਸ ਥਾਂ ਦੇ ਉਤੇ ਪ੍ਰਮੇਸ਼ਰ ਨਹੀਂ ਲੇਕਿਨ ਆਦਮੀ ਦਾ ਅੰਦਰ ਜਿਹੜਾ ਮੈਂ ਭਾਵ ਹੋ ਗਿਆ ਇਹਦਾ ਪੜਦਾ ਪੈ ਗਿਆ। ਸੋ ਇਸ ਤਰ੍ਹਾਂ ਦੇ ਨਾਲ ਇੱਕ ਗਿਆਨ ਤਾਂ ਹੁੰਦਾ ਹੈ ਮਨ ਦਾ, ਉਹ ਕਹਿੰਦਾ ਹੈ ਕਿ ਵਾਹਿਗੁਰੂ ਸਾਰੇ ਪਰੀਪੂਰਨ ਹੈ –

***ਏਕੋ ਏਕੁ ਕਹੈ ਸਭੁ ਕੋਈ ਹਉਮੈ ਗਰਬੁ ਵਿਆਪੈ ॥***
***ਅੰਤਰਿ ਬਾਹਰਿ ਏਕੁ ਪਛਾਣੈ ਇਉ ਘਰੁ ਮਹਲੁ ਸਿਞਾਪੈ ॥***

***ਅੰਗ – 930***

ਜਿਹੜਾ ਪਛਾਣ ਲੈਂਦਾ ਹੈ ਉਹ ਤਾਂ ਗਿਆਨਵਾਨ ਹੈ ਜਿਹੜਾ ਕਹਿੰਦਾ ਹੀ ਕਹਿੰਦਾ ਹੈ ਹਉਮੈ ਵਿੱਚ ਉਹ ਕਹਿੰਦੇ ਮਨ ਦਾ ਗਿਆਨ ਹੋਇਆ ਕਰਦਾ ਹੈ –

***ਪ੍ਰਭੁ ਨੇੜੈ ਹਰਿ ਦੂਰਿ ਨ ਜਾਣਹੁ ਏਕੋ ਸ੍ਰਿਸਟਿ ਸਬਾਈ ॥***
***ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕੁ ਸਮਾਈ ॥***

***ਅੰਗ – 930***

ਇੰਦਰਸੈਣ ਕਹਿਣ ਲੱਗਿਆ ਕਿ ਮਹਾਰਾਜ! ਬੜੇ ਦਿਨਾਂ ਦੀ ਸਾਡੇ ਮਨ ਵਿੱਚ ਚਾਹ ਹੈ ਕਿ ਆਹ ਜਿਹੜੀ ਦਵੈਸ਼ ਪੈ ਗਈ, ਹਉਮੈ ਪੈ ਗਈ, ਇਹਨੂੰ ਹਿਰਦੇ 'ਚੋਂ ਜਾਲ ਦਿਓ ਮਹਾਰਾਜ। ਸਾਨੂੰ ਗਿਆਨ ਦਾ ਦਾਨ ਦਿਓ। ਕਰੋੜਾਂ ਹੀ ਜਨਮ ਬੀਤ ਗਏ ਭੁੱਲਿਆਂ ਹੋਇਆਂ ਨੂੰ। ਨਿਜ ਸਰੂਪ ਨੂੰ ਭੁੱਲ ਕੇ ਜਨਮ ਬੀਤ ਗਏ। ਮਹਾਰਾਜ ਕਹਿਣ ਲੱਗੇ ਇੰਦਰਸੈਨ! ਸਾਨੂੰ ਦੱਛਣਾ ਦਿਓ। ਜੋ ਕੁਛ ਤੁਹਾਡੇ ਕੋਲ ਹੈ ਉਹ ਸਾਨੂੰ ਦੱਛਣਾ ਕਰ ਦਿਓ। ਉਸ ਵੇਲੇ ਝੰਡਾ ਵੀ ਤੇ ਭਾਈ ਇੰਦਰਸੈਨ ਨੇ ਵੀ, ਦੋਹਾਂ ਨੇ ਪ੍ਰਤੱਗਿਆ ਕਰ ਲਈ ਹੇ ਸੱਚੇ ਪਾਤਸ਼ਾਹ! ਸਾਡੀ ਜਾਇਦਾਦ, ਘਰ ਪੈਸਾ, ਟਕਾ, ਵਸਤਰ ਜੋ ਚੀਜ਼ ਸਾਡੇ ਕੋਲ ਹੈ ਅਸੀਂ ਤੁਹਾਡੇ ਚਰਨਾਂ 'ਚ ਭੇਟਾ ਕਰ

ਦਿੰਦੇ ਹਾਂ।

ਮਹਾਰਾਜ ਕਹਿਣ ਲੱਗੇ, ਹੁਣ ਤੁਹਾਡੇ ਕੋਲ ਕੀ ਰਹਿ ਗਿਆ ਪ੍ਰੇਮੀਓਂ?

ਕਹਿਣ ਲੱਗੇ, ਮਹਾਰਾਜ! ਹੁਣ ਤਾਂ ਕੁਛ ਨਹੀਂ ਰਿਹਾ। ਹੁਣ ਤਾਂ ਸਰੀਰ ਰਹਿ ਗਿਆ ਕਹਿੰਦੇ ਚੰਗਾ ਫੇਰ ਇਹ ਵੀ ਸਾਨੂੰ ਭੇਟਾ ਕਰ ਦਿਓ। ਉਸ ਵੇਲੇ ਸਾਰਿਆਂ ਨੇ ਸਰੀਰ ਭੇਟਾ ਕਰ ਦਿੱਤਾ। ਕਹਿੰਦੇ ਹੁਣ ਕੀ ਰਹਿ ਗਿਆ? ਕਹਿੰਦੇ, ਮਹਾਰਾਜ! ਪ੍ਰਾਣ, ਸੂਖਸ਼ਮ ਸਰੀਰ ਰਹਿ ਗਿਆ। ਕਹਿੰਦੇ, ਉਹਦੇ 'ਚ ਪ੍ਰਾਣ ਹੁੰਦੇ ਨੇ, ਪੰਜ ਗਿਆਨ ਇੰਦਰੇ, ਪੰਜ ਕਰਮ ਇੰਦਰੇ, ਤੇ ਮਨ, ਚਿੱਤ, ਬੁੱਧ ਹੁੰਦਾ ਹੈ ਤੇ ਮੈਂ ਭਾਵ ਹੁੰਦਾ ਹੈ। ਇਹ ਸਰੀਰ ਵੀ ਸਾਨੂੰ ਭੇਟਾ ਕਰ ਦਿਓ।

ਕਹਿੰਦੇ, ਸੱਚੇ ਪਾਤਸ਼ਾਹ! ਉਹ ਵੀ ਭੇਟਾ ਕਰ ਦਿੱਤਾ। ਹੁਣ ਪੁੱਛੋ ਕੀ ਪੁੱਛਦੇ ਓਂ।

ਪੁੱਛਣ ਲੱਗੇ, ਮਹਾਰਾਜ! ਕਹਿੰਦੇ, ਕੀ ਫੁਰਨਾ ਕਰ ਰਹੇ ਓਂ।

ਕਹਿੰਦੇ, ਮਹਾਰਾਜ! ਪੁੱਛਣ ਵਾਸਤੇ ਆਪ ਨੇ ਹੁਕਮ ਕਰਿਆ ਹੈ, ਕਹਿੰਦੇ ਮਨ ਦਾ ਸੁਭਾਅ ਹੁੰਦਾ ਹੈ ਫੁਰਨਾ ਕਰਨਾ। ਮਨ ਜਦੋਂ ਸਾਨੂੰ ਦੇ ਦਿੱਤਾ, ਹੁਣ ਫੁਰਨਾ ਕਿਹੜੀ ਗੱਲ ਦਾ ਕਰਦੇ ਓਂ। ਗੱਲ ਨਿਬੇੜ ਦਿੱਤੀ ਮਹਾਰਾਜ ਜੀ ਨੇ। ਮਨ ਦੇ ਦਿੱਤਾ।

***ਮਨੁ ਬੇਚੈ ਸਤਿਗੁਰ ਕੈ ਪਾਸਿ ॥***
***ਤਿਸੁ ਸੇਵਕ ਕੇ ਕਾਰਜ ਰਾਸਿ ॥ ਅੰਗ - 286***

ਮਹਾਰਾਜ ਕਹਿਣ ਲੱਗੇ, ਹੁਣ ਪੁੱਛੋ ਕੀ ਪੁੱਛਦੇ ਓਂ। ਉਸ ਵੇਲੇ ਵਿਚਾਰ ਕਰਨ ਲੱਗ ਗਏ ਕਿ ਕੀ ਪੁੱਛੀਏ ਮਨ ਤਾਂ ਅਸੀਂ ਦੇ ਦਿੱਤਾ? ਮਹਾਰਾਜ ਕਹਿੰਦੇ ਕੀ ਕਰਦੇ ਓਂ, ਨਿਰਣਾ ਕਰਦੇ ਓਂ?

ਕਹਿੰਦੇ, ਇਹ ਬੁੱਧੀ ਦਾ ਧਰਮ ਹੋਇਆ ਕਰਦਾ, ਬੁੱਧੀ ਸਾਨੂੰ ਤੁਸੀਂ ਦੇ ਚੁੱਕੇ ਓਂ ਤੇ ਅੰਤਸ਼ਕਰਣ ਵੀ ਤੁਸੀਂ ਦੇ ਚੁੱਕੇ ਓਂ? ਹੁਣ ਦੇਖੋ ਕੀ ਬਚਦਾ ਹੈ ਤੁਹਾਡੇ ਕੋਲ?

ਉਸ ਵੇਲੇ ਕਹਿਣ ਲੱਗੇ, ਮਹਾਰਾਜ! ਸਾਡੇ ਕੋਲ ਹੋਰ ਤਾਂ ਕੁਛ ਨਹੀਂ ਬਚਦਾ ਇਕ ਮੈਂ ਭਾਵ ਬਚਿਆ ਹੋਇਆ ਹੈ, ਮੈਂ ਇੰਦਰਸੈਣ, ਮੈਂ ਝੰਡਾ। ਇਹ ਭਾਵ ਹੈ ਸਰੀਰ ਦੇ ਦਿੱਤਾ ਤੁਹਾਨੂੰ, ਸਭ ਕੁਛ ਦੇ ਦਿੱਤਾ ਲੇਕਿਨ ਮੈਂ ਬਚੀ ਹੋਈ ਹੈ। ਮਹਾਰਾਜ ਕਹਿੰਦੇ, ਇਹ ਜਿਹੜੀ 'ਮੈਂ' ਹੈ ਇਹੀ ਸਾਰੀ ਪੁਆੜੇ ਦੀ ਜੜ੍ਹ ਹੈ। ਆਹ ਮੈਂ ਨੇ ਸੰਸਾਰ ਮਾਰ ਲਿਆ, ਇਹਨੂੰ ਵੀ ਦੇ ਦਿਓ ਇਹ ਵਾਧੂ ਚੀਜ਼ ਹੈ। ਦੋ ਮੈਂ ਨੇ -

***ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ ॥***
***ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ ॥ ਅੰਗ - 550***

ਇਹ ਵੀ ਮੈਂ ਸਾਨੂੰ ਦੇ ਦਿਓ ਜਿਹੜੀ ਝੂਠੀ ਹੈ। ਇਸ ਤੋਂ ਪਰ੍ਹੇ ਹੁਣ ਦੇਖੋ ਕੀ ਹੈ?

ਉਸ ਵੇਲੇ ਮਹਾਰਾਜ ਜੀ ਐਸ ਤਰ੍ਹਾਂ ਫੁਰਮਾਨ ਕਰਦੇ ਨੇ –

***ਧਾਰਨਾ – ਹਉਂ–ਹਉਂ ਮੈਂ ਮੈਂ ਜੀ,***
***ਵਿਚਹੁ ਖੋਵੈ, ਵਿਚਹੁ ਖੋਵੈ।***
***ਦੂਜਾ ਮੇਟੈ ਏਕੋ ਹੋਵੈ।***

***ਹਉ ਹਉ ਮੈ ਮੈ ਵਿਚਹੁ ਖੋਵੈ ॥ ਦੂਜਾ ਮੇਟੈ ਏਕੋ ਹੋਵੈ ॥***
***ਅੰਗ – 943***

***ਬਿਨੁ ਹਉ ਤਿਆਗਿ ਕਹਾ ਕੋਊ ਤਿਆਗੀ ॥ ਅੰਗ – 1140***

ਮਹਾਰਾਜ ਕਹਿੰਦੇ, ਇਹ ਵੀ ਦੇ ਦਿਓ, ਜਿਹੜੀ ਮੰਨੀਂ ਬੈਠੇ ਓਂ ਮੈਂ, ਜਦੋਂ ਮੈਂ ਦੇ ਦਿੱਤੀ, ਬਾਕੀ ਕੀ ਰਹਿ ਗਿਆ ਸਾਧਸੰਗਤ ਜੀ! ਆਪੇ ਹੀ ਸੋਚੋ। ਜਿਹੜੇ ਨਾਲ–ਨਾਲ ਗਏ ਨੇ ਵਿਚਾਰ ਦੇ, ਦੇਖ ਲਓ ਬਾਕੀ ਕੀ ਰਹਿੰਦਾ ਹੈ, ਸੋਚ ਕੇ ਦੇਖ ਲਓ। ਕੁਛ ਵੀ ਬਾਕੀ ਨਹੀਂ ਰਹਿੰਦਾ ਇੱਕ ਸਾਖੀ ਪਦ ਰਹਿ ਜਾਂਦਾ ਹੈ, ਕੁਛ ਗਿਆਨ ਜਿਹਾ ਬਾਕੀ ਬਚ ਜਾਂਦਾ ਹੈ ਕੁਛ ਸਾਖੀ ਪਦ। ਅਨੰਦ 'ਚ ਹੋ ਗਏ ਹੁਣ ਬੋਲਦੇ ਨਹੀਂ ਹਨ। ਨੇਤਰ ਬੰਦ ਹੋ ਗਏ, ਸਤਿ ਚਿੱਤ ਅਨੰਦ ਦੇ ਵਿੱਚ ਵਾਸਾ ਹੋ ਗਿਆ। ਪਹਿਰ ਲੰਘ ਗਿਆ, ਦੋ ਪਹਿਰ ਲੰਘ ਗਏ। ਮਹਾਰਾਜ ਨੇ ਸਾਵਧਾਨ ਕਰੇ ਦ੍ਰਿਸ਼ਟੀ ਕਰ ਦਿੱਤੀ, ਹੁਣ ਬੋਲੇ ਕੌਣ, ਉਹ ਤਾਂ ਦੇ ਚੁੱਕੇ ਮੈਂ ਗੁਰੂ ਸਾਹਿਬ ਨੂੰ। ਮਨ ਦੇ ਚੁੱਕੇ, ਬੁੱਧੀ ਦੇ ਚੁੱਕੇ ਜਿਹਨੇ ਵਿਚਾਰ ਕਰਨਾ ਸੀ ਕਿ ਉਠੀਏ ਰੋਟੀ ਖਾਈਏ। ਮਨ ਨੇ ਫੁਰਨਾ ਕਰਨਾ ਸੀ, ਉਨ੍ਹਾਂ ਨੇ ਕਹਿਣਾ ਸੀ ਦਿਨ ਚੜ੍ਹ ਗਿਆ ਤੇ ਅੰਤਸ਼ਕਰਣ ਨੇ ਮਹਿਸੂਸ ਕਰਨਾ ਸੀ, ਉਹਨੇ ਇਹ ਸਾਰੀਆਂ ਚੀਜ਼ਾਂ ਤਾਂ ਗੁਰੂ ਮਹਾਰਾਜ ਨੂੰ ਦੇ ਦਿੱਤੀਆਂ, ਈਮਾਨਦਾਰੀ ਨਾਲ ਤੇ ਹੁਣ ਬਾਕੀ ਕੀ ਰਹਿ ਗਿਆ। ਬਾਕੀ ਕੀ ਰਹਿਣਾ ਸੀ, ਕਹਿੰਦੇ ਦੇ ਦੇਵੇ ਨਾ ਸਭ ਕੁਛ, ਫੇਰ ਉਹ ਪ੍ਰਮੇਸ਼ਰ ਦਾ ਹੀ ਰੂਪ ਹੋ ਜਾਇਆ ਕਰਦਾ ਹੈ। ਦੂਸਰਾ ਮਿਟ ਜਾਇਆ ਕਰਦਾ ਹੈ ਸੋ ਸਾਖੀ ਪਦ 'ਚ ਆ ਗਏ। ਮਹਾਰਾਜ ਕਹਿੰਦੇ ਪ੍ਰੇਮੀਓ! ਇਹ ਤੁਹਾਡਾ ਸਰੂਪ ਹੈ ਜਿਹਨੂੰ ਤੁਹਾਡਾ ਸਰੂਪ ਕਹਿੰਦੇ ਨੇ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥ ਅੰਗ – 441***

ਬੋਲਦੇ ਨਹੀਂ ਹਨ। ਮਹਾਰਾਜ ਕਹਿੰਦੇ ਲਓ, ਨਾ ਤੁਹਾਡੀ ਜਾਇਦਾਦ ਦੀ ਸਾਨੂੰ ਲੋੜ ਹੈ, ਨਾ ਤੁਹਾਡੇ ਮਨ ਦੀ ਲੋੜ ਹੈ, ਨਾ ਬੁੱਧੀ ਦੀ ਲੋੜ ਹੈ, ਨਾ ਸੂਖਸ਼ਮ ਸਰੀਰ ਦੀ ਲੋੜ ਹੈ, ਲਓ ਤੁਹਾਨੂੰ ਅਸੀਂ ਵਾਪਸ ਦਿੰਦੇ ਹਾਂ। ਹੁਣ ਜਿਹੜਾ ਬਚਨ ਕਰਿਆ ਹੈ ਕਿਉਂਕਿ ਤੁਸੀਂ ਸਾਨੂੰ ਚੀਜ਼ਾਂ ਦੇ ਚੁੱਕੇ ਓਂ, ਵਾਧੂ ਚੀਜ਼ਾਂ ਤੁਹਾਡੀਆਂ ਚੁੱਕੀਂ ਨਹੀਂ ਫਿਰਨੀਆਂ ਤੁਹਾਨੂੰ ਵਾਪਸ ਕਰਦੇ ਹਾਂ ਦੁਨੀਆਂ ਵਿੱਚ ਗੁਜ਼ਾਰਾ ਕਰਨ ਵਾਸਤੇ, ਸੰਸਾਰ ਦੀ ਯਾਤਰਾ ਵੀ ਕਰੋ ਲੇਕਿਨ ਮਨ ਚਿੱਤ ਇਹ ਸਭ ਗੁਰੂ ਦੇ ਜਾਨਣਾ ਹੈ ਤੇ ਗੁਰੂ ਦਾ ਨਾਮ

ਜਪੋ। ਇਸ ਭਾਵ 'ਚ ਜਿਹੜਾ ਤੁਸੀਂ ਹੁਣ ਦੇਖਿਆ ਹੈ ਇਹਦੇ ਵਿੱਚ ਰਹੋ, ਨਮਸ਼ਕਾਰਾਂ ਕਰ ਦਿੱਤੀਆਂ ਦੋਹਾਂ ਨੇ, ਪਾਤਸ਼ਾਹ! ਜਨਮਾਂ-ਜਨਮਾਂਤਰਾਂ ਦੇ ਭੁੱਲੇ ਹੋਏ, ਆਪ ਨੇ ਰਸਤੇ ਪਾ ਦਿੱਤਾ, ਆਪ ਦੀ ਮਹਾਨ ਕ੍ਰਿਪਾ ਹੈ। ਕਹਿੰਦੇ, ਕੀ ਨਜ਼ਰ ਆਉਂਦਾ ਹੈ। ਪਾਤਸ਼ਾਹ! ਜੋ ਕੁਛ ਤੁਸੀਂ ਦਿਖਾਇਆ ਹੈ ਉਹ ਸਾਨੂੰ ਨਜ਼ਰ ਆਉਂਦਾ ਹੈ।

*ਧਾਰਨਾ - ਅੱਖਾਂ ਨਾਲ ਓ ਵੇਖ ਲਿਆ,*
*ਜਿਹੜਾ ਰੱਬ ਨਾ ਕਿਸੇ ਨੂੰ ਦਿਸਿਆ ਪਿਆਰਿਓ।*

*ਹਰਿ ਕੇ ਸੰਤ ਸੁਣਹੁ ਜਨ ਭਾਈ*
*ਹਰਿ ਸਤਿਗੁਰ ਕੀ ਇਕ ਸਾਖੀ ॥*
*ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ*
*ਤਿਨਿ ਜਨਿ ਲੈ ਹਿਰਦੈ ਰਾਖੀ ॥ ਹਰਿ ਅੰਮ੍ਰਿਤ ਕਥਾ ਸਰੇਸਟ*
*ਊਤਮ ਗੁਰ ਬਚਨੀ ਸਹਜੇ ਚਾਖੀ ॥ ਤਹ ਭਇਆ ਪ੍ਰਗਾਸੁ*
*ਮਿਟਿਆ ਅੰਧਿਆਰਾ ਜਿਉ ਸੂਰਜ ਰੈਣਿ ਕਿਰਾਖੀ ॥*
*ਅਦਿਸਟੁ ਅਗੋਚਰੁ ਅਲਖੁ ਨਿਰੰਜਨੁ*
*ਸੋ ਦੇਖਿਆ ਗੁਰਮੁਖਿ ਆਖੀ ॥ ਅੰਗ - 87*

ਨਮਸ਼ਕਾਰਾਂ ਕਰੀ ਜਾਂਦੇ ਨੇ ਹੇ ਪ੍ਰਭੂ! ਆਪ ਨੇ ਉਸ ਪ੍ਰਭੂ ਨੂੰ ਜਿਹੜਾ ਵੱਡੇ-ਵੱਡੇ ਤਪ ਕਰਨ ਤੋਂ ਬਾਅਦ, ਤਪਸਵੀਆਂ ਨੂੰ ਜਪ ਕਰਨ ਤੋਂ ਬਾਅਦ ਜਪੀਆਂ ਨੂੰ ਨਹੀਂ ਦਿਸਦਾ, ਉਹਦੇ ਆਪ ਨੇ ਦਰਸ਼ਨ ਕਰਾ ਦਿੱਤੇ। ਮਹਾਰਾਜ ਕਹਿੰਦੇ, ਦੇਖੋ ਇਸ ਤੋਂ ਅੱਗੇ ਇੱਕ ਮੰਜ਼ਿਲ ਹੋਰ ਹੈ। ਦਰਸ਼ਨ ਤਾਂ ਤੁਹਾਨੂੰ ਹੋ ਗਏ ਪ੍ਰਮੇਸ਼ਰ ਨੇ ਤੁਹਾਨੂੰ ਅਜੇ ਆਪਣੇ ਨਾਲ ਨਹੀਂ ਮਿਲਾਇਆ। ਉਹ ਨਦਰ ਦਾ ਕ੍ਰਿਸ਼ਮਾ ਹੋਏਗਾ, ਉਹਦੀ ਨਦਰਿ ਹੋਏਗੀ।

*ਨਾਨਕ ਨਦਰੀ ਨਦਰਿ ਨਿਹਾਲ ॥ ਅੰਗ - 8*

ਸੋ ਇਸ ਤਰ੍ਹਾਂ ਕ੍ਰਿਤਾਰਥ ਕੀਤੇ। ਕਹਿੰਦੇ ਦੇਖੋ ਜੋ ਆਪਾਂ ਬਾਤਚੀਤ ਕਰੀ ਹੈ, ਇਹ ਤੁਸੀਂ ਭੁੱਲ ਜਾਓਗੇ ਜੇ ਤੁਸੀਂ ਸਾਧਨ ਨਾ ਕਰਿਆ। ਇਕੱਠੇ ਹੋ ਕੇ ਨਾਮ ਜਪਣਾ, ਬੰਦਗੀ ਹਰ ਵਕਤ ਕਰਦੇ ਰਹਿਣਾ, ਸਤਿਸੰਗ ਕਰਦੇ ਰਹਿਣਾ ਤੇ ਇਹਹੋ ਅਨੰਦ ਤੁਹਾਨੂੰ ਪ੍ਰਾਪਤ ਹੋਇਆ ਹੈ ਹੁਣ ਆਪ ਦੇ ਕੋਲ ਨਾ ਰੱਖੋ, ਆਹ ਮੰਜੀ 'ਤੇ ਬੈਠ ਭਾਈ ਤੂੰ ਇੰਦਰਸੈਣ! ਸੱਚੇ ਪਾਤਸ਼ਾਹ! ਇਹ ਜ਼ਿੰਮੇਵਾਰੀ ਮੇਰੇ ਤੋਂ ਨਹੀਂ ਹੋ ਸਕਦੀ ਕਿਉਂਕਿ ਮੈਂ ਬੇਪਰਵਾਹ ਜਿਹਾ ਬੰਦਾ ਹਾਂ, ਕ੍ਰਿਪਾ ਕਰੋ ਤੁਸੀਂ ਇਹਨੂੰ ਝੰਡੇ ਨੂੰ ਬਖਸ਼ੋ। ਮਹਾਰਾਜ ਨੇ ਝੰਡੇ ਨੂੰ ਗੱਦੀ ਦਿੱਤੀ, ਭਾਈ ਝੰਡਾ! ਆਹ ਇਲਾਕੇ 'ਚ ਲੋਕਾਂ ਦੇ ਬੰਦ ਨੇਤਰ ਤੂੰ ਖੋਲ੍ਹਣੇ ਨੇ। ਤੂੰ ਪ੍ਰਭੂ ਦਾ ਮਿਲਾਪ ਕਰਾਉਣਾ ਹੈ, ਦੁਨੀਆਂ ਅੰਧਕਾਰ 'ਚ ਫਸਦੀ ਹੈ ਇਸ ਤਰ੍ਹਾਂ ਮਹਾਰਾਜ ਜੀ ਨੇ ਇਨ੍ਹਾਂ ਦੋ ਸਿੱਕਦੀਆਂ ਰੂਹਾਂ ਨੂੰ ਜੋ ਪਪੀਹੇ ਵਾਂਗੂੰ ਪ੍ਰਿਹੁ-ਪ੍ਰਿਹੁ ਕਰਦੇ ਸੀ ਉਨ੍ਹਾਂ ਦਾ ਉਧਾਰ ਕੀਤਾ।

ਸੋ ਆਪਾਂ ਵੀ ਸੁਣਿਆ ਹੈ, ਜਿੰਨਾਂ ਕੁ ਸੁਣਿਆ ਹੈ ਇਹਨੂੰ ਯਾਦ

ਰੱਖਣ ਦੀ ਕੋਸ਼ਿਸ਼ ਕਰੋ, ਰਸਤਾ ਹੈ ਇਹ, ਗਾਡੀ ਰਾਹ ਇਹਦੇ 'ਚ ਰੌਲਾ-ਗੌਲਾ ਨਹੀਂ ਕੋਈ ਵੀ। ਇਸ ਰਸਤੇ 'ਤੇ ਚੱਲੋ ਜਿਨ੍ਹਾਂ ਨੂੰ ਸ਼ੌਂਕ ਹੈ। ਨਾਮ ਜਪੋ, ਜਪਦੇ-ਜਪਦੇ ਆਪੇ ਹੀ ਰਸਤਾ ਲੱਭਦਾ ਹੈ। ਜੇ ਅਸੀਂ ਕਹੀਏ ਕਿ ਇਸ ਤੋਂ ਅਗਾਂਹਾਂ ਮੈਨੂੰ ਦੱਸੋ, ਅਗਾਂਹਾਂ ਕੀ ਦੱਸਣਾ ਹੈ, ਅਗਾਹਾਂ ਤੈਨੂੰ ਰਸਤਾ ਆਪੇ ਹੀ ਲੱਭਣਾ ਹੈ, ਸਤਿਸੰਗ 'ਚ ਆ, ਸਤਿਸੰਗ 'ਚ ਸਭ ਬਚਨ ਆਪੇ ਹੀ ਹੋ ਜਾਇਆ ਕਰਦੇ ਨੇ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ, ਉਹਦੇ ਵਿੱਚ ਸਾਰੇ ਹੀ ਬਚਨ ਨੇ ਜਿੱਥੇ ਭੁਲੇਖਾ ਪਵੇ, ਸ਼ੰਕਾ ਪਵੇ, ਉਥੇ ਜਿਨ੍ਹਾਂ ਨੇ ਜਾਣਿਆ ਹੈ ਉਨ੍ਹਾਂ ਨੂੰ ਪੁੱਛ ਲਈਂ ਕਿ ਤੂੰ ਇਹ ਤਾਂ ਲੰਘ ਚੁੱਕਿਆ ਹੈ। ਉਹ ਅਵਸਥਾ ਇੱਕੋ ਹੀ ਹੈ ਇਹ, ਦੋ ਨਹੀਂ ਹੈ, ਜਾਪ ਤੋਂ ਲੈ ਕੇ ਰਸਨਾ ਤੋਂ, realization (ਪ੍ਰਾਪਤੀ) ਤੱਕ ਇੱਕੋ ਹੀ ਯੂਨਿਟ ਹੈ ਦੋ ਨਹੀਂ ਹੈਗੇ, ਫਰਕ ਨਹੀਂ ਪੈਂਦਾ ਕਿ ਇੱਥੋਂ ਬਦਲ ਗਈ। ਆਪਣੀ ਚਾਲ ਹੀ ਚਲਦੀ ਹੈ ਇਹ ਚੀਜ਼। ਜਿਵੇਂ ਇੱਕ ਫਿਲਮ ਹੈ ਇਹ, ਪੂਰੀ ਫਿਲਮ ਹੈ ਇਹਨੇ ਚੱਲੀ ਜਾਣਾ ਹੈ ਇਸ ਤਰ੍ਹਾਂ ਹੀ ਨਾਮ ਦੀ ਫਿਲਮ ਹੈ, ਨਾਮ ਦੀ ਕਮਾਈ ਹੈ। ਜਦੋਂ ਨਾਮ ਦੀ ਕਮਾਈ ਕਰਾਂਗੇ, ਪਹਿਲਾਂ ਆਪਣੇ 'ਚ ਸ਼ੁਭ ਗੁਣ ਪੈਦਾ ਕਰੋ, ਮਾੜੀਆਂ ਚੀਜ਼ਾਂ ਨੂੰ ਛੱਡੋ, ਮਾੜੀਆਂ ਤਾਂ ਛੱਡ ਹੋਣਗੀਆਂ, ਜਦੋਂ ਚੰਗੀਆਂ ਸਾਡੇ ਹਿਰਦੇ 'ਚ ਭਰਨੀਆਂ ਸ਼ੁਰੂ ਹੋ ਜਾਣਗੀਆਂ, ਨਾਮ ਦੀ ਰੌ ਚੱਲੇਗੀ, ਉਸ ਵੇਲੇ ਸਾਡਾ ਜੀਵਨ ਸੁਧਰ ਕੇ ਜਿਸ ਕੰਮ ਨੂੰ ਆਏ ਹਾਂ ਉਸਦਾ ਸਾਨੂੰ ਲਾਹਾ ਪ੍ਰਾਪਤ ਹੋ ਜਾਏਗਾ। ਉਹ ਵਾਹਿਗੁਰੂ ਜਿਹਦਾ ਚੱਕ੍ਰ ਨਹੀਂ, ਚਿਹਨ ਨਹੀਂ, ਬਰਨ ਨਹੀਂ, ਜਾਤ ਨਹੀਂ, ਪਾਤ ਨਹੀਂ, ਉਹ ਪ੍ਰਤੱਖ ਅੱਖਾਂ ਦੇ ਸਾਮ੍ਹਣੇ ਆ ਜਾਏਗਾ। ਉਹ ਅੱਖ ਖੁਲ੍ਹ ਜਾਏਗੀ -

***ਗੁਰਹਿ ਦਿਖਾਇਓ ਲੋਇਨਾ ॥ 1 ॥ ਰਹਾਉ ॥***
***ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ॥***
***ਅੰਗ - 407***

ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਤੇ ਗੁਰ ਸਤੋਤਰ 'ਚ ਬੋਲੋ।

ਅਰਦਾਸ, ਹੁਕਮਨਾਮਾ।



ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ

ਗੁਰੂ ਨਾਨਕ ਪਾਰਬ੍ਰਹਮ ਪ੍ਰਮੇਸ਼ਰ ਨੇ ਤੇ ਸਾਡੇ ਨਾਲ ਰਹਿੰਦੇ ਨੇ, ਭਟਕਣ ਦੀ ਲੋੜ ਨਹੀਂ ਹੈ ਕਿ ਓਸ ਤੀਰਥ 'ਤੇ ਜਾਵਾਂਗੇ ਓਥੇ ਗੁਰੂ ਦਸਵੇਂ ਪਾਤਸ਼ਾਹ ਮਿਲਣਗੇ। ਕਿੰਨਿਆਂ ਦੇ ਵਿਚਾਰ ਨੇ ਇਹ। ਤੀਰਥ ਆਪਣੇ ਥਾਉਂ ਹੁੰਦਾ ਹੈ, ਮਹੱਤਤਾ ਰਖਦੇ ਨੇ। ਓਥੇ ਗੁਰੂਆਂ ਨੇ ਕੌਤਕ ਕੀਤੇ ਹੁੰਦੇ ਨੇ, ਉਹ ਧਰਤੀ ਪਵਿੱਤਰ ਹੁੰਦੀ ਹੈ। ਜੇ ਕਿਸੇ ਦੇ ਇਹ ਖਿਆਲ ਵਿਚ ਹੋਵੇ ਕਿ ਓਥੇ ਗੁਰੂ ਮਹਾਰਾਜ, ਗੁਰੂ ਦਸਵੇਂ ਪਾਤਸ਼ਾਹ ਰਹਿੰਦੇ ਨੇ। ਕਿੰਨੇ ਹੀ ਖਿਆਲ ਨੇ, ਮੈਂ ਸੁਣਦਾ ਰਹਿੰਦਾ ਹਾਂ। ਕਹਿੰਦੇ ਜੀ, ਗੁਰੂ ਸਾਹਿਬ ਹਜ਼ੂਰ ਸਾਹਿਬ ਰਹਿੰਦੇ ਨੇ। ਚੁੱਪ ਕਰ ਜਾਈਦਾ ਹੈ। ਕਈ ਕਹਿੰਦੇ ਨੇ ਜੀ ਗੁਰੂ ਸਾਹਿਬ ਹੇਮਕੁੰਟ ਬਰਫਾਂ 'ਤੇ ਰਹਿੰਦੇ ਨੇ। ਗੁਰੂ ਗ੍ਰੰਥ ਸਾਹਿਬ ਨੂੰ ਪੁੱਛੋ ਕਿ ਗੁਰੂ ਕਿੱਥੇ ਰਹਿੰਦਾ ਹੈ? ਕਬੀਰ ਸਾਹਿਬ ਕਹਿੰਦੇ ਕਿ ਮੈਨੂੰ ਵੀ ਇਸੇ ਤਰ੍ਹਾਂ ਭੁਲੇਖਾ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ। ਕਹਿੰਦੇ ਮੈਂ ਹੱਜ ਕਰਨ ਵਾਸਤੇ ਤਿਆਰੀ ਕਰ ਲਈ, ਕਿ ਜੇ ਉਥੇ ਰਹਿੰਦਾ ਹੈ ਚਲੋ ਚੱਲ ਕੇ ਮਿਲਦੇ ਹਾਂ। ਕਬੀਰ ਸਾਹਿਬ ਨੂੰ ਤਾਂ ਕੋਈ ਹਿੰਦੂ ਕਹਿੰਦਾ ਸੀ, ਨਾ ਮੁਸਲਮਾਨ ਕਹਿੰਦਾ ਸੀ, ਉਹ ਕਹਿੰਦੇ ਸੀ ਕਿ ਅਸੀਂ ਦੋਵੇਂ ਨਹੀਂ ਹੈਗੇ ਅਸੀਂ ਤਾਂ ਮਨੁੱਖ ਹਾਂ। ਤਿਆਰੀ ਕਰ ਲਈ ਤੇ ਜਿਸ ਵਕਤ ਤੁਰ ਕੇ ਸ਼ਹਿਰ ਤੋਂ ਬਾਹਰ ਨੂੰ ਗਏ। ਕਬੀਰ ਸਾਹਿਬ ਕਹਿੰਦੇ ਅੱਗੇ ਮੈਂ ਕੀ ਦੇਖਦਾ ਹਾਂ ਕਿ ਮੈਨੂੰ ਰੱਬ ਮਿਲ ਗਿਆ ਤਾਂ ਮੇਰੇ ਨਾਲ ਅੱਗੇ ਤਾਂ ਪਿਆਰ ਨਾਲ ਗੱਲ ਕਰਦਾ ਹੁੰਦਾ ਸੀ, ਅੱਜ ਮੇਰੇ ਬਹੁਤ ਨਰਾਜ਼ ਹੋ ਗਿਆ, ਮੈਨੂੰ ਬੁਰੀਆਂ ਭਲੀਆਂ ਗੱਲਾਂ ਕਹਿਣੀਆਂ ਸ਼ੁਰੂ ਕਰ ਦਿਤੀਆਂ ਤੇ ਮੇਰੇ ਨਾਲ ਲੜਾਈ ਕਰ ਲਈ। ਕਹਿੰਦੇ ਕਿਹੜੀ ਗੱਲ ਦੀ ਲੜਾਈ ਕਰ ਲਈ ਕਿ ਤੂੰ ਮੱਕੇ ਨੂੰ ਜਾ ਰਿਹਾ ਹੈਂ। ਕਹਿੰਦੇ ਨਹੀਂ ਉਨ੍ਹਾਂ ਨੇ ਮੇਰੇ ਨਾਲ ਇੱਕ ਲੜਾਈ ਕਰੀ :-

ਕਬੀਰ ਹਜ ਕਾਬੇ ਹਉ ਜਾਇ ਥਾ ਆਗੈ ਮਿਲਿਆ ਖੁਦਾਇ ॥
ਸਾਂਈ ਮੁਝ ਸਿਉ ਲਰਿ ਪਰਿਆ ਤੁਝੈ ਕਿਨ੍ਹਿ ਫੁਰਮਾਈ ਗਾਇ ॥ ਅੰਗ-1375

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ